**Reo-Bankowned Properties**
From San Jose to Sacramento
JASSI GILL Broker/Owner
510-304-9292
**Refinance Now**
@ZERO COST
Call Sukhi Gill:510-207-9067
CA DRE Lic.#01180969

Jassi Gill
CA DRE# 00966763

**Hardeep S. Rai**
ਇੰਮੀਗਰੇਸ਼ਨ ਵਕੀਲ
Attorney-at-Law
• ਨੌਵੀਂ ਸਰਕਟ ਕੋਰਟ • ਬੋਰਡ ਆਫ ਇੰਮੀਗ੍ਰੇਸ਼ਨ ਅਪੀਲਾਂ
• ਇੰਮੀਗ੍ਰੇਸ਼ਨ ਕੋਰਟ ਦੇ ਕੇਸ • ਫੈਮਿਲੀ ਪਟੀਸ਼ਨਾਂ
• ਲੇਬਰ ਦੇ ਕੇਸ • ਡਿਪੋਰਟੇਸ਼ਨ ਦੇ ਕੇਸ • ਅਮੈਰਿਕਨ ਅੰਬੈਸੀ ਦੇ ਕੇਸ • ਬੈਂਕਰਪਸੀ
SAN FRANCISCO
TEL: 415.693.9131
FAX. 415.693.9135
rai@hsrai.com
www.hsrai.com
SAN JOSE
TEL: 408.280.1111
FAX. 408.280.1212

**Kuldip Singh Dhariwal**
Attorney At Law
ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
Tel : (510) 744-1280
Fax: (510) 744-4192

ਕੁਲਦੀਪ ਸਿੰਘ ਧਾਰੀਵਾਲ
3100 Mowry Ave. #303, Fremont, CA 94538
E-mail: kuldipdhariwal@yahoo.com

Twelfth Year in Publication
ਕੈਲੇਫੋਰਨੀਆ ਐਡੀਸ਼ਨ
Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 12, Issue 29, July 16, 2011 — 20451 N Plum Grove Rd. Palatine, IL 60074 — Ph:847-359-0746, Fax:847-705-9388



*ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਅਤੇ ਰਾਸ਼ਟਰਪਤੀ ਪ੍ਰਤਿਭਾ ਪਾਟਿਲ ਨਵੇਂ ਮੰਤਰੀਆਂ ਨਾਲ।*

## ਕੇਂਦਰੀ ਵਜ਼ਾਰਤ 'ਚੋਂ ਸੱਤ ਮੰਤਰੀਆਂ ਦੀ ਛੁੱਟੀ, ਅੱਠ ਨਵੇਂ ਚਿਹਰੇ ਸ਼ਾਮਲ

**ਨਵੀਂ ਦਿੱਲੀ (ਪੰਜਾਬ ਟਾਈਮਜ਼ ਬਿਊਰੋ):** ਭ੍ਰਿਸ਼ਟਾਚਾਰ ਨਾਲ ਦਾਗਦਾਰ ਹੋਈ ਆਪਣੀ ਵਜ਼ਾਰਤ ਨੂੰ ਨਵੇਂ ਰੰਗ 'ਚ ਰੰਗਣ ਦੀ ਕੋਸ਼ਿਸ਼ ਵਿਚ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਅੱਠ ਬਿਲਕੁਲ ਨਵੇਂ ਚਿਹਰੇ ਸਾਹਮਣੇ ਲਿਆਂਦੇ ਹਨ ਅਤੇ ਇਸ ਦੇ ਨਾਲ ਹੀ ਸੱਤ ਮੰਤਰੀਆਂ ਤੋਂ ਕੁਰਸੀ ਖੋਹ ਲਈ ਹੈ। ਉਂਝ, ਵਿਚਾਰਨ ਵਾਲਾ ਮੁੱਦਾ ਇਹ ਵੀ ਹੈ ਕਿ ਇਹ ਰੱਦੋਬਦਲ ਤਾਂ ਭ੍ਰਿਸ਼ਟਾਚਾਰ ਦੇ ਦਾਗ ਧੋਣ ਲਈ ਕਰਨ ਦਾ ਦਾਅਵਾ ਕੀਤਾ ਗਿਆ ਹੈ ਪਰ ਪ੍ਰਧਾਨ ਮੰਤਰੀ ਨੇ ਭਾਈਵਾਲ ਪਾਰਟੀ ਡੀ.ਐਮ.ਕੇ. ਲਈ ਅਜੇ ਵੀ ਦੋ ਸੀਟਾਂ ਖਾਲੀ ਰੱਖੀਆਂ ਹਨ ਜਿਸ ਦੇ ਦੋ ਮੰਤਰੀਆਂ ਨੂੰ ਭ੍ਰਿਸ਼ਟਾਚਾਰ ਕਾਰਨ ਹੀ ਅਸਤੀਫਾ ਦੇਣਾ ਪਿਆ ਸੀ। ਇਨ੍ਹਾਂ ਵਿਚੋਂ ਤਾਂ ਇਕ ਸਾਬਕਾ ਮੰਤਰੀ ਏ. ਰਾਜਾ ਤਿਹਾੜ ਜੇਲ੍ਹ ਵਿਚ ਬੰਦ ਹੈ। ਇਸੇ ਪਾਰਟੀ

### ਡੀ.ਐਮ.ਕੇ. ਲਈ ਅਜੇ ਵੀ ਦੋ ਸੀਟਾਂ ਖਾਲੀ ਰੱਖੀਆਂ

ਦੀ ਸੰਸਦ ਮੈਂਬਰ ਕਾਨੀਮੋੜੀ ਵੀ ਭ੍ਰਿਸ਼ਟਾਚਾਰ ਕਾਰਨ ਇਸੇ ਜੇਲ੍ਹ ਅੰਦਰ ਹੈ।

ਬਾਰਾਂ ਜੁਲਾਈ ਨੂੰ ਕੀਤੇ ਇਸ ਫੇਰਬਦਲ ਦੌਰਾਨ ਹਟਾਏ ਗਏ ਮੰਤਰੀਆਂ ਵਿਚ ਮਨੋਹਰ ਸਿੰਘ ਗਿੱਲ (ਅੰਕੜੇ ਤੇ ਪ੍ਰੋਗਰਾਮ ਲਾਗੂ ਕਰਨ ਸਬੰਧੀ ਮੰਤਰਾਲਾ), ਬੀ.ਕੇ. ਹੰਦੀਕ (ਡੀ.ਓ.ਐਨ.ਈ.ਆਰ.), ਕਾਂਤੀਲਾਲ ਭੂਰੀਆ (ਕਬਾਇਲੀ ਮਾਮਲੇ), ਮੁਰਲੀ ਦਿਓੜਾ (ਕਾਰਪੋਰੇਟ ਮਾਮਲੇ) ਤੇ ਦਇਆਨਿਧੀ ਮਾਰਨ (ਕੱਪੜਾ ਮੰਤਰੀ) ਸ਼ਾਮਲ ਹਨ। ਇਹ ਸਾਰੇ ਕੈਬਨਿਟ ਮੰਤਰੀ ਸਨ। ਰਾਜ ਮੰਤਰੀਆਂ ਵਿਚੋਂ ਸਟੀਲ ਤੇ ਪੇਂਡੂ ਵਿਕਾਸ ਮੰਤਰੀਆਂ ਕ੍ਰਮਵਾਰ ਏ. ਸਈ ਪ੍ਰਤਾਪ ਤੇ ਅਰੁਨ ਯਾਦਵ ਨੂੰ ਵੀ ਹਟਾ ਦਿੱਤਾ ਗਿਆ ਹੈ।

ਜੈਰਾਮ ਰਮੇਸ਼ ਤੋਂ ਵਾਤਾਵਰਨ ਅਤੇ ਵੀਰੱਪਾ ਮੋਇਲੀ ਤੋਂ ਕਾਨੂੰਨ ਵਿਭਾਗ ਵਾਪਸ ਲੈ ਲਏ ਗਏ ਹਨ। ਜੈਰਾਮ ਰਮੇਸ਼ ਨੂੰ ਤਰੱਕੀ ਦੇ ਕੇ ਕੈਬਨਿਟ ਅਹੁਦੇ 'ਤੇ ਲਾ ਦਿੱਤਾ ਗਿਆ ਹੈ ਜਦਕਿ ਵੀਰੱਪਾ ਮੋਇਲੀ ਨੂੰ ਹਟਾ ਕੇ ਉਨ੍ਹਾਂ ਦੀ ਥਾਂ ਸਲਮਾਨ ਖੁਰਸ਼ੀਦ ਨੂੰ ਕਾਨੂੰਨ ਮੰਤਰੀ ਲਿਆ ਗਿਆ ਹੈ। ਕਈ ਮੰਤਰੀਆਂ ਕੋਲ ਅਹਿਮ ਮਹਿਕਮਿਆਂ ਦਾ ਵਧੀਕ ਚਾਰਜ ਵੀ ਰਹੇਗਾ। ਵੀਰੱਪਾ ਮੋਇਲੀ ਨੂੰ ਕਾਰਪੋਰੇਟ ਮਾਮਲਿਆਂ ਦਾ ਮਹਿਕਮਾ ਦਿੱਤਾ ਗਿਆ ਹੈ।

ਡਾ. ਮਨਮੋਹਨ ਸਿੰਘ ਨੇ ਚਾਰ ਵੱਡੇ ਮਹਿਕਮੇ ਵਿੱਤ, ਗ੍ਰਹਿ, ਰੱਖਿਆ ਅਤੇ ਵਿਦੇਸ਼

*(ਬਾਕੀ ਸਫਾ 6 'ਤੇ)*

*ਪੰਜਾਬ ਵਿਧਾਨ ਸਭਾ ਚੋਣਾਂ ਦਸੰਬਰ 'ਚ?*

## ਚੋਣ ਕਮਿਸ਼ਨ ਚੋਣਾਂ ਦੀ ਤਿਆਰੀ ਵਿਚ ਜੁਟਿਆ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਦਾ ਬਿਗਲ ਵੱਜ ਚੁੱਕਾ ਹੈ ਤੇ ਸਾਰੀਆਂ ਸਿਆਸੀ ਪਾਰਟੀਆਂ ਨੇ ਅਗਾਮੀ 'ਜੰਗ' ਲਈ 'ਮਸ਼ਕਾਂ' ਸ਼ੁਰੂ ਕਰ ਦਿੱਤੀਆਂ ਹਨ। ਮੌਜੂਦਾ ਵਿਧਾਨ ਸਭਾ ਦਾ ਕਾਰਜਕਾਲ ਭਾਵੇਂ ਫਰਵਰੀ 'ਚ ਖ਼ਤਮ ਹੋਣਾ ਹੈ ਪਰ ਚੋਣ ਕਮਿਸ਼ਨ ਨੇ ਇਹ ਚੋਣਾਂ ਦਸੰਬਰ 'ਚ ਕਰਾਉਣ ਦੇ ਸੰਕੇਤ ਦਿੱਤੇ ਹਨ।

ਚੋਣ ਕਮਿਸ਼ਨ ਵੱਲੋਂ ਵਿੱਢੀਆਂ ਜੰਗੀ ਪੱਧਰ 'ਤੇ ਤਿਆਰੀਆਂ ਕਾਰਨ ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਵਿਧਾਨ ਸਭਾ ਦਸੰਬਰ 'ਚ ਹੀ ਹੋ ਸਕਦੀਆਂ ਹਨ। ਦੂਜੇ ਪਾਸੇ ਸੱਤਾਧਾਰੀ ਅਕਾਲੀ-ਭਾਜਪਾ ਗੱਠਜੋੜ ਸਰਕਾਰ ਨੇ ਵੀ ਹੁਣ ਸਾਢੇ ਚਾਰ ਸਾਲਾਂ ਦੇ ਵਿੱਤੀ ਸੋਕੇ ਨੂੰ ਖ਼ਤਮ ਕਰਦਿਆਂ ਜਨਤਾ ਨੂੰ ਵਿਕਾਸ ਕਾਰਜਾਂ ਦੇ ਨਾਂ 'ਤੇ ਗੱਫੇ ਵੰਡਣੇ ਸ਼ੁਰੂ ਕਰ ਦਿੱਤੇ ਹਨ। ਇਸ ਦੇ ਨਾਲ ਹੀ ਸਾਰੀਆਂ ਸਿਆਸੀ ਧਿਰਾਂ ਵੱਲੋਂ ਚੋਣ ਸਮਝੌਤੇ ਕਰਨ ਲਈ ਚਾਰਾਜੋਈ ਸ਼ੁਰੂ ਕਰ ਦਿੱਤੀ ਹੈ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਤਾਂ ਐਲਾਨ ਕੀਤਾ ਹੈ ਕਿ ਕਾਂਗਰਸ ਨੂੰ ਹਰਾਉਣ ਲਈ ਉਹ ਕਿਸੇ ਵੀ ਪਾਰਟੀ ਨਾਲ ਹੱਥ ਮਿਲਾਉਣ ਲਈ ਤਿਆਰੀ ਹਨ।

ਸਿਆਸੀ ਮਾਹਿਰਾਂ ਅਨੁਸਾਰ ਫਰਵਰੀ ਮਹੀਨੇ ਹੋਣ ਵਾਲੀਆਂ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਦਸੰਬਰ ਮਹੀਨੇ ਹੀ ਕਰਵਾਏ ਜਾਣ ਦੀ ਚਰਚਾ ਸੱਚ ਸਾਬਤ ਹੋ ਸਕਦੀ ਹੈ। ਚੋਣ ਕਮਿਸ਼ਨ ਵੱਲੋਂ ਤਿਆਰੀਆਂ 'ਚ ਲਿਆਂਦੀ ਜਾ ਰਹੀ ਤੇਜ਼ੀ ਇਸ ਗੱਲ ਦਾ ਵੱਡਾ ਸੰਕੇਤ ਸਮਝਿਆ ਜਾ ਰਿਹਾ ਹੈ। ਪੰਜਾਬ ਵਿਧਾਨ ਸਭਾ ਦਾ ਗਠਨ ਪਹਿਲੀ ਮਾਰਚ ਤੱਕ ਹੋਣਾ ਜ਼ਰੂਰੀ ਹੈ। ਚੋਣ ਕਮਿਸ਼ਨ ਇਸ ਤੋਂ ਛੇ ਮਹੀਨੇ ਪਹਿਲਾਂ ਤੱਕ ਜਦ ਚਾਹੇ ਚੋਣ ਕਰਵਾ ਸਕਦਾ ਹੈ, ਤੇ ਪੰਜਾਬ ਪਹਿਲੀ ਸਤੰਬਰ ਤੋਂ ਚੋਣ ਜ਼ਾਬਤੇ ਅਧੀਨ ਆ ਜਾਵੇਗਾ। ਫਿਰ ਜਿਸ ਦਿਨ ਚੋਣ ਪ੍ਰਕਿਰਿਆ ਦਾ ਐਲਾਨ ਕਰ ਦਿੱਤਾ ਗਿਆ ਤਾਂ ਉਸ ਦਿਨ ਤੋਂ ਆਦਰਸ਼ ਚੋਣ ਜ਼ਾਬਤਾ ਲਾਗੂ ਹੋ ਜਾਵੇਗਾ।

ਸੂਤਰਾਂ ਦਾ ਕਹਿਣਾ ਹੈ ਕਿ ਫਰਵਰੀ ਮਹੀਨੇ ਸਕੂਲੀ ਬੱਚਿਆਂ ਦੇ ਇਮਤਿਹਾਨ ਹੁੰਦੇ ਹਨ ਤੇ ਚੋਣਾਂ ਦਾ ਰੌਲਾ-ਰੱਪਾ ਵੀ ਬੱਚਿਆਂ ਦੀ ਪੜ੍ਹਾਈ ਵਿਚ ਵਿਘਨ ਪਾਵੇਗਾ। ਇਸ ਬਾਰੇ ਚੋਣ ਕਮਿਸ਼ਨ ਤੱਕ ਕਈ ਰਿਪੋਰਟਾਂ ਗਈਆਂ ਹਨ। ਦੂਜਾ ਵੱਡਾ ਕਾਰਨ ਇਹ ਹੈ ਕਿ ਪੰਜਾਬ ਅਤੇ ਉਤਰਾਂਚਲ ਵਿਧਾਨ ਸਭਾ ਚੋਣਾਂ ਇਕੋ ਸਮੇਂ ਫਰਵਰੀ ਵਿਚ ਹਨ ਤੇ ਉੱਤਰ ਪ੍ਰਦੇਸ਼ ਵਿਧਾਨ ਸਭਾ ਦੀਆਂ ਚੋਣਾਂ ਅਪਰੈਲ ਮਹੀਨੇ ਹੋਣੀਆਂ ਹਨ। ਕਾਂਗਰਸ ਵੱਲੋਂ ਇਸ ਵਾਰ ਉੱਤਰ ਪ੍ਰਦੇਸ਼ ਚੋਣਾਂ ਨੂੰ ਵੱਕਾਰ ਦਾ ਸਵਾਲ ਬਣਾਇਆ ਜਾ ਰਿਹਾ ਹੈ। ਕਾਂਗਰਸ ਦੇ ਆਗੂ ਰਾਹੁਲ ਗਾਂਧੀ ਨੇ ਉੱਤਰ ਪ੍ਰਦੇਸ਼ ਨੂੰ ਆਪਣੀਆਂ ਸਰਗਰਮੀਆਂ ਦਾ ਮੁੱਖ ਕੇਂਦਰ ਬਣਾ ਰੱਖਿਆ ਹੈ। ਸੂਤਰਾਂ ਅਨੁਸਾਰ ਕਾਂਗਰਸ ਹਾਈਕਮਾਨ ਕੋਲ ਇਹ ਰਿਪੋਰਟਾਂ ਪੁੱਜ ਰਹੀਆਂ ਹਨ ਕਿ ਉਤਰਾਂਚਲ ਅਤੇ ਪੰਜਾਬ ਵਿਚ ਕਾਂਗਰਸ ਦੀ ਜਿੱਤ ਯਕੀਨੀ ਹੈ। ਕਾਂਗਰਸ ਹਾਈਕਮਾਨ ਦਾ ਮੰਨਣਾ ਹੈ ਕਿ ਦੋਵਾਂ ਰਾਜਾਂ ਵਿਚ ਪਾਰਟੀ ਦੀ ਜਿੱਤ ਉੱਤਰ ਪ੍ਰਦੇਸ਼ ਅੰਦਰ ਵੀ ਪਾਰਟੀ ਨੂੰ ਤਕੜਾ ਹੁਲਾਰਾ ਦੇਵੇਗੀ ਤੇ ਮੀਡੀਏ ਵਿਚ ਵੀ ਇਹ ਗੱਲ ਉਭਰ ਸਕੇਗੀ ਕਿ ਵੱਡੇ-ਵੱਡੇ ਸਕੈਂਡਲਾਂ ਤੇ ਹੋਰ ਕਈ ਬੇਨਿਯਮੀਆਂ ਦੇ ਬਾਵਜੂਦ ਉੱਤਰੀ ਭਾਰਤ ਦੇ ਲੋਕ ਕਾਂਗਰਸ ਨੂੰ ਪਹਿਲ ਦਿੰਦੇ ਹਨ।

*(ਬਾਕੀ ਸਫਾ 6 'ਤੇ)*

**REAL ESTATE & HOME LOANS**

Low Interest Rate
3.5% Down Payment
Free Credit Report
Free Pre-Approval
Successful Shortsale ਲਈ ਅੱਜ ਹੀ ਕਾਲ ਕਰੋ!
AMAN HUNDAL
Broker / Associate
Century 21
209.918.6464
ahundal@c21mm.com

Fresh Sweets, Snacks & Food
Catering with portable Tandoor
for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ
**Raja SWEETS & CATERING**
AUTHORIZED CATERER FOR MAJOR 5-STAR HOTELS
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh for your next Party 1-866-FOR RAJA www.RajaSweets.com

Law Offices Of
**Manpreet S. Gahra**
ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
ਬਿਜ਼ਨਸ ਲਾਅ

Manpreet S.Gahra
Attorney At Law
Berkeley Office
2161 Shattuck Ave. #304, Berkeley
Ph. 510-841-4582, Fax: 510-217-6847
Sacramento Office
Call For Appointments
Ph. 916-924-1617
Email:manpreet@gahralaw.com


ਨਵੀਂ ਉਮੀਦ ਨਵਾਂ ਇਨਕਲਾਬ, ਆਓ ਸਿਰਜੀਏ ਨਵਾਂ ਪੰਜਾਬ
ਆਓ ਪੰਜਾਬ ਦੀ ਦਸ਼ਾ ਤੇ ਦਿਸ਼ਾ ਸੁਧਾਰਣ ਲਈ ਤੇ ਆਪਣੇ ਉਜੜੇ ਘਰਾਂ ਨੂੰ ਮੁੜ ਵਸਾਉਣ ਲਈ ਮਿਲ ਕੇ ਹੰਭਲਾ ਮਾਰੀਏ
PEOPLE'S PARTY OF PUNJAB
ਨਵੇਂ ਇਨਕਲਾਬ ਦੇ ਮੋਢੀ ਸ. ਮਨਪ੍ਰੀਤ ਸਿੰਘ ਬਾਦਲ ਦੇ ਵਿਚਾਰ ਸੁਣਨ ਲਈ ਪਹੁੰਚੋ
(ਸੈਕਰਾਮੈਂਟੋ) Friday, 29th July, 2011
Time : 6.00 P.M.
Performing Arts Center
Sheldon High School, 8333 Kingsbridge Drive
Sacramento, CA 95826
For more information call :
Gulinder Gill 916-844-6310
Kuldip Dhaliwal 510-889-5964
Balwinder S. (LALI) Dhanoa 510-224-7380
Dr. Jaglar Singh Sandhu 408-489-4558
(ਬੇਅ-ਏਰੀਆ) Saturday, 30th July, 2011
Time : 10.00 A.M.
Golden peacock palace.
24989 Santa Clara st. Hayward
Ca. 94544, Hall Tel. No. 510-732-2625
For more information call :
Dr. Jaglar Singh Sandhu 408-489-4559
Balwinder S. (LALI) Dhanoa 510-224-7380
Kuldip Dhaliwal 510-889-5964
Gulinder Gill 916-844-5310
(ਬੇਕਰਸਫੀਲਡ) Saturday, 30th July, 2011
Time : 6.00 P.M.
Kern County Fairgrounds 1142
South P. Street Bakersfield, CA. 93307
For more information call :
(ਫਰਿਜ਼ਨੋ) Sunday, 31st July, 2011
Time : 5:00 P.M.
Fresno County Peace Officers Park,
7776 N Weber Ave Fresno, CA 93722
For more information call :
Hakam S Dhillon 559-304-8696
Ranjit S Gill 559-709-9599
Dr Ajit S Khera 559-389-4740
Paul Dhaliwal 559-942-6999
(ਸਿਆਟਲ) Tuesday, 9th August, 2011
Time : 6.30 P.M.
Seattle
IKEA Performing Arts Centre
400 S Second Street, Renton, WA 98057
For more information call :
Ranjit Singh Pamma 206-769-4927
Rajinder Rai 425-876-9770
ਪਰਵਾਸੀ ਪੰਜਾਬੀਆਂ ਨੂੰ ਸਾਡਾ ਨਿੱਘਾ ਸੱਦਾ ਹੈ
Manpreet Singh Badal
ਬਚਾਉ ਪ੍ਰਵਾਸੀਓ ਪੰਜਾਬ ਆਪਣਾ, ਮਨਪ੍ਰੀਤ ਬਾਦਲ ਦਾ ਹੈ ਏਹੀਉ ਆਖਣਾ
Party Co-ordinator : BHAGWANT MANN, Tel. : 011-91-9815923450

# ਗੁਰਦੁਆਰਾ ਸੈਨ ਹੋਜ਼ੇ ਪ੍ਰਬੰਧਕ ਕਮੇਟੀ ਦੇ ਸਾਰੇ 21 ਮੈਂਬਰਾਂ ਦੀ ਚੋਣ ਹੋਵੇਗੀ

**ਸੈਨ ਹੋਜ਼ੇ (ਬਿਊਰੋ):** ਗੁਰਦੁਆਰਾ ਸੈਨ ਹੋਜ਼ੇ ਦੀ ਪ੍ਰਬੰਧਕ ਕਮੇਟੀ ਦੇ ਸਾਰੇ 21 ਮੈਂਬਰਾਂ ਦੀ ਚੋਣ ਹੁਣ ਦੁਬਾਰਾ ਹੋਵੇਗੀ। ਅਜਿਹਾ ਕੈਲੀਫੋਰਨੀਆ ਸੁਪੀਰੀਅਰ ਕੋਰਟ, ਸੈਨ ਹੋਜ਼ੇ ਦੇ ਹੁਕਮਾਂ ਅਨੁਸਾਰ ਹੋਵੇਗਾ। ਇੱਥੇ ਜ਼ਿਕਰਯੋਗ ਹੈ ਕਿ ਆਲੀਸ਼ਾਨ ਗੁਰਦੁਆਰਾ ਸੈਨ ਹੋਜ਼ੇ ਵਿਚ ਬੇਸ਼ਕ ਅਜੇ ਤਿੰਨ ਜੁਲਾਈ ਨੂੰ ਹੀ ਚਾਰ ਮੈਂਬਰਾਂ ਦੀਆਂ ਚੋਣਾਂ ਹੋਈਆਂ ਸਨ ਅਤੇ ਪ੍ਰਬੰਧਕ ਕਮੇਟੀ 'ਤੇ ਕਾਬਜ਼ ਧਿਰ ਦੇ ਚਾਰੇ ਮੈਂਬਰ ਵੱਡੇ ਫਰਕ ਨਾਲ ਜਿੱਤ ਗਏ ਹਨ। ਵਿਰੋਧੀ ਧਿਰ ਦੇ ਆਗੂਆਂ ਨੇ ਇਨ੍ਹਾਂ ਚੋਣਾਂ ਨੂੰ ਰੁਕਾਉਣ ਦੀ ਕੋਸ਼ਿਸ਼ ਵੀ ਕੀਤੀ ਸੀ ਪਰ ਮਾਣਯੋਗ ਜੱਜ ਨੇ ਚੋਣਾਂ ਨੂੰ ਹਰੀ ਝੰਡੀ ਦੇ ਦਿੱਤੀ ਸੀ ਅਤੇ ਨਾਲ ਹੀ ਤਿੰਨ ਜੁਲਾਈ ਦੀ ਜਨਰਲ ਬਾਡੀ ਤੋਂ ਬਾਅਦ ਅਦਾਲਤ ਵਿਚ ਆਉਣ ਲਈ ਹੁਕਮ ਕੀਤਾ ਸੀ। ਪਿਛਲੇ ਹਫ਼ਤੇ ਜਦ ਪੰਜ ਜੁਲਾਈ ਨੂੰ ਦੋਹਾਂ ਧਿਰਾਂ ਦੇ ਵਕੀਲ ਅਦਾਲਤ ਵਿਚ ਪਹੁੰਚੇ ਤਾਂ ਜੱਜ ਨੇ ਦੋਹਾਂ ਧਿਰਾਂ ਦੇ ਵਕੀਲਾਂ ਦੀਆਂ ਬਾਤਾਂ ਸੁਣਨ ਤੋਂ ਬਾਅਦ ਦੋਹਾਂ ਧਿਰਾਂ ਨੂੰ ਆਦੇਸ਼ ਦਿੱਤੇ ਕਿ ਠੀਕ ਇਹੀ ਹੈ ਕਿ ਉਹ ਆਪਸ ਵਿਚ ਮਿਲ ਕੇ ਕਿਸੇ ਨਤੀਜੇ ਪਹੁੰਚ ਜਾਣ। ਦੋਹਾਂ ਧਿਰਾਂ ਦੀ ਆਪਸੀ ਸਹਿਮਤੀ ਨਾਲ 1993 ਵਾਲੇ ਬਾਈਲਾਜ ਨੂੰ ਆਧਾਰ ਬਣਾ ਕੇ ਸਾਰੇ 21 ਮੈਂਬਰਾਂ ਦੀ ਚੋਣ ਨਵੇਂ ਸਿਰਿਓਂ ਕਰਵਾਉਣ ਪ੍ਰਤੀ ਸਹਿਮਤੀ ਹੋ ਗਈ ਹੈ।

ਮੌਜੂਦਾ ਪ੍ਰਬੰਧਕ ਕਮੇਟੀ ਇਕ ਮਹੀਨੇ ਦੇ ਅੰਦਰ ਅਦਾਲਤ ਨੂੰ ਚੋਣ ਪ੍ਰਕਿਰਿਆ ਦਾ ਬਿਓਰਾ ਸੌਂਪੇਗੀ। ਇੱਥੇ ਜ਼ਿਕਰਯੋਗ ਹੈ ਕਿ ਸੁਧਾਰ ਕਮੇਟੀ ਨੇ ਰਿਸੀਵਰ ਲਾਉਣ ਅਤੇ ਕਮੇਟੀ ਨੂੰ ਹਟਾਉਣ ਦੀ ਮੰਗ ਕੀਤੀ ਸੀ ਪਰ ਮਾਣਯੋਗ ਜੱਜ ਨੇ ਇਸ ਨੂੰ ਨਾ-ਮਨਜ਼ੂਰ ਕਰ ਦਿੱਤਾ। ਜੇ ਮਾਣਯੋਗ ਜੱਜ ਸੁਧਾਰ ਕਮੇਟੀ ਦੀ ਗੱਲ ਮੰਨ ਲੈਂਦਾ ਤਾਂ ਸੈਨ ਹੋਜੇ ਗੁਰੂਘਰ ਦਾ ਲੱਖਾਂ ਡਾਲਰਾਂ ਦਾ ਨੁਕਸਾਨ ਹੋ ਜਾਣਾ ਸੀ।

ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਜੇ ਮੌਜੂਦਾ ਪ੍ਰਬੰਧਕ ਇਸ ਕੰਮ ਨੂੰ ਟਰਾਇਲ 'ਤੇ ਲੈ ਜਾਂਦੇ ਅਤੇ ਅਪੀਲ ਦਰ ਅਪੀਲ ਕਰਦੇ ਰਹਿੰਦੇ ਜਿਵੇਂ ਫਰੀਮਾਂਟ ਵਿਚ ਜੰਡੀ-ਚੇਲਾ ਗਰੁਪ ਨੇ ਕੀਤਾ ਸੀ ਤਾਂ ਸਹਿਜੇ ਹੀ ਚਾਰ ਸਾਲ ਤੋਂ ਨੇੜੇ ਚੋਣਾਂ ਨਹੀਂ ਸੀ ਹੋ ਸਕਣੀਆਂ। ਇਸ ਤਰ੍ਹਾਂ ਕਰਨ ਨਾਲ ਜਿੱਥੇ ਗੁਰੂਘਰ ਦਾ ਲੱਖਾਂ ਡਾਲਰ ਖਰਾਬ ਹੋਣਾ ਸੀ, ਉਥੇ ਲੱਖਾਂ ਡਾਲਰ ਵਿਰੋਧੀਆਂ ਨੂੰ ਵੀ ਲਾਉਣੇ ਪੈਣੇ ਸਨ ਅਤੇ ਅਦਾਲਤੀ ਚੱਕਰਵਿਊ ਵਿਚ ਸਿੱਖ ਭਾਈਚਾਰੇ ਦੀ ਬੇਇਜ਼ਤੀ ਵਾਧੂ ਹੋਣੀ ਸੀ ਪਰ ਪ੍ਰਬੰਧਕਾਂ ਨੇ ਸਿਆਣਪ ਦਿਖਾਉਂਦਿਆਂ ਚੋਣਾਂ ਦੀ ਸਹਿਮਤੀ ਦੇ ਕੇ ਜਿੱਥੇ ਗੁਰੂਘਰ ਨੂੰ ਇਕ ਲੰਬੇ ਅਤੇ ਖ਼ਰਚੀਲੇ ਚੱਕਰ ਤੋਂ ਬਚਾ ਲਿਆ ਹੈ, ਉਥੇ ਗੁਰੂਘਰ ਦੇ ਹਿਤੂਆਂ ਦੀ ਮੋਹਰਲੀ ਕਤਾਰ ਵਿਚ ਖੜ੍ਹੇ ਹੋਣ ਦਾ ਮਾਣ ਵੀ ਪ੍ਰਾਪਤ ਕਰ ਲਿਆ ਹੈ।

## ਸੰਗਤ ਨੂੰ ਅਦਾਲਤੀ ਖੱਜਲ-ਖੁਆਰੀ ਤੋਂ ਬਚਾਇਆ-ਪ੍ਰਬੰਧਕਾਂ ਦਾ ਦਾਅਵਾ

ਪ੍ਰਬੰਧਕਾਂ ਦੇ ਇਕ ਬੁਲਾਰੇ ਨੇ ਕਿਹਾ ਹੈ ਕਿ ਉਹ ਵਿਰੋਧੀ ਧਿਰ ਵਾਂਗ ਘਟੀਆ ਸਿਆਸਤ ਨਹੀਂ ਖੇਡਦੇ, ਉਹ ਕੰਮ ਅਤੇ ਸੇਵਾ ਵਿਚ ਯਕੀਨ ਕਰਦੇ ਹਨ। ਸੰਗਤ ਦੇ ਸਹਿਯੋਗ ਨਾਲ ਗੁਰੂ ਘਰ ਦਾ ਆਲੀਸ਼ਾਨ ਨਿਰਮਾਣ ਇਸ ਗੱਲ ਦਾ ਜ਼ਿੰਦਾ-ਜਾਗਦਾ ਸਬੂਤ ਹੈ। ਮੌਜੂਦਾ ਕਮੇਟੀ ਦਾ ਦਾਅਵਾ ਹੈ ਕਿ ਵਿਰੋਧੀ ਧਿਰ ਨੇ ਗੁਰੂਘਰ ਦੀ ਇਮਾਰਤ ਦਾ ਲੋਨ ਰੁਕਵਾਉਣ ਲਈ ਬੜਾ ਹੀ ਘਿਨਾਉਣਾ ਅਪਰਾਧ ਕੀਤਾ ਹੈ ਜਿਸ ਨੂੰ ਸੰਗਤ ਕਦੇ ਬਖ਼ਸ਼ੇਗੀ ਨਹੀਂ। ਉਨ੍ਹਾਂ ਕਿਹਾ ਕਿ ਉਹ ਸੰਗਤ ਦਾ ਫਤਵਾ ਝੋਲੀ ਪਵਾਉਣ ਲਈ ਤਿਆਰ ਹਨ।

**ਹਾਸੋ-ਹੀਣੀ ਬਿਆਨਬਾਜ਼ੀ:** ਗੁਰਦੁਆਰਾ ਸੈਨ ਹੋਜ਼ੇ ਦੇ ਪ੍ਰਬੰਧਕਾਂ ਨੇ ਪਿਛਲੇ ਹਫ਼ਤੇ ਸੁਧਾਰ ਕਮੇਟੀ ਦਾ ਪੱਖ ਪੂਰਨ ਵਾਲੀ ਇਥੋਂ ਦੀ ਇਕ ਪੰਜਾਬੀ ਅਖ਼ਬਾਰ ਵੱਲੋਂ ਛਾਪੀ ਗਈ ਇਕ ਖਬਰ ਨੂੰ ਹਾਸੋ-ਹੀਣੀ ਕਰਾਰ ਦਿੱਤਾ ਹੈ। ਇਸ ਬਾਰੇ ਟਿੱਪਣੀ ਕਰਦਿਆਂ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਇਕ ਮੈਂਬਰ ਸਰਬਜੋਤ ਸਿੰਘ ਸਵੱਦੀ ਨੇ ਕਿਹਾ ਹੈ, "ਸਾਡੇ ਵੱਲੋਂ ਸੱਦੀ ਜਨਰਲ ਬਾਡੀ ਦੀ ਮੀਟਿੰਗ ਨੂੰ ਇਹ ਅਖਬਾਰ ਅਖੌਤੀ ਮੀਟਿੰਗ ਕਹਿ ਰਿਹਾ ਹੈ ਪਰ ਉਸ ਵਿਚ ਕੀਤੇ ਫੈਸਲੇ ਨੂੰ ਅਖ਼ਬਾਰ ਦਰੁਸਤ ਮੰਨਦਾ ਹੈ। ਉਨ੍ਹਾਂ ਵਿੰਅਗ ਕਰਦਿਆਂ ਕਿਹਾ ਕਿ ਇਹ ਸੁਧਾਰ ਕਮੇਟੀ ਅਤੇ ਅਖ਼ਬਾਰ ਦੇ ਦੋਹਰੇ ਮਾਪਦੰਡਾਂ ਦੀ ਵਧੀਆ ਉਦਾਹਰਣ ਹੈ। ਅਖ਼ਬਾਰ ਕਹਿੰਦਾ ਹੈ ਕਿ ਸੰਗਤ ਦੀ ਬਹੁਸੰਮਤੀ ਨੇ ਕਮੇਟੀ ਭੰਗ ਕਰਾ ਦਿੱਤੀ ਪਰ ਇਹ ਗੱਲ ਕਿੰਨੀ ਹਾਸੋ-ਹੀਣੀ ਹੈ। ਜੇ ਸੁਧਾਰ ਕਮੇਟੀ ਦੀ ਹੀ ਬਹੁਸੰਮਤੀ ਹੁੰਦੀ ਤਾਂ ਉਹ ਚੋਣ ਵੀ ਜਿੱਤ ਜਾਂਦੀ। ਇਥੋਂ ਹੀ ਸੰਗਤ ਨੂੰ ਅੰਦਾਜ਼ਾ ਲਾ ਲੈਣਾ ਚਾਹੀਦਾ ਹੈ ਕਿ ਇਹ 'ਸੁਧਾਰਕ' ਕਿੰਨਾ ਕੁ ਸੱਚ ਬੋਲਦੇ ਹਨ?"

ਗੁਰੂਘਰ ਦੀ ਮੀਡੀਆ ਕਮੇਟੀ ਨੇ ਦੋਸ਼ ਲਾਇਆ ਕਿ ਸੁਧਾਰਕਾਂ ਨੇ ਸਹੁੰ ਹੀ ਖਾ ਲਈ ਹੈ ਕਿ ਸੱਚ ਬੋਲਣਾ ਹੀ ਨਹੀਂ। ਉਨ੍ਹਾਂ ਕਿਹਾ ਕਿ ਇਸ ਅਖ਼ਬਾਰ ਦਾ ਦਾਅਵਾ ਹੈ ਕਿ 400 ਦੇ ਕਰੀਬ ਹਿੰਦੂ ਵੋਟ ਬਣੀ ਹੈ ਅਤੇ 300 ਦੇ ਕਰੀਬ ਪ੍ਰਬੰਧਕ ਕਮੇਟੀ ਨੂੰ ਵੋਟ ਪਈ ਹੈ। ਕਿੰਨੀ ਹਾਸੋਹੀਣੀ ਗੱਲ ਹੈ। ਸੱਚ ਤਾਂ ਇਹ ਹੈ ਕਿ 2009 ਤੱਕ ਬਣੀਆਂ 3500 ਵੋਟਾਂ ਵਿਚੋਂ ਸਿਰਫ਼ 89 ਨਾਮ ਹੀ ਅਜਿਹੇ ਹਨ ਜਿਹੜੇ ਰਵਾਇਤੀ ਸਿੱਖ ਸੰਗਤ ਨਾਲ ਮੇਲ ਨਹੀਂ ਖਾਂਦੇ। ਉਨ੍ਹਾਂ ਬਾਰੇ ਜਦੋਂ ਜਸਵੰਤ ਸਿੰਘ ਨੂੰ ਇਤਰਾਜ਼ ਲਿਖਣ ਲਈ ਕਿਹਾ ਤਾਂ ਉਨ੍ਹਾਂ ਦਾ ਜਵਾਬ ਸੀ, "ਇਥੇ ਕੁਝ ਗਲਤ ਹੈ ਪਰ ਜੇ ਪ੍ਰਬੰਧਕ ਕਮੇਟੀ ਇਸ ਨੂੰ ਮਨਜ਼ੂਰ ਕਰਦੀ ਹੈ ਤਾਂ ਸਾਨੂੰ ਕੋਈ ਇਤਰਾਜ਼ ਨਹੀਂ।" ਭਾਵ ਉਹ 89 ਵੋਟਰਾਂ 'ਤੇ ਪ੍ਰਕਿਰਿਆ ਦੇਣ ਤੋਂ ਵੀ ਕੰਨੀ ਕਤਰਾ ਗਏ। ਹਕੀਕਤ ਇਹ ਹੈ ਕਿ ਰਵਾਇਤੀ ਸਿੱਖਾਂ ਦੇ ਨਾਲ-ਨਾਲ ਗੁਰੂਘਰਾਂ ਵਿਚ ਅਜਿਹੇ ਅਨੇਕਾਂ ਸ਼ਰਧਾਲੂ ਹਨ ਜਿਹੜੇ ਸਿੱਖ ਤਾਂ ਹਨ ਪਰ ਉਹ ਆਪਣੇ ਪਿਤਾ-ਪੁਰਖਿਆਂ ਵਾਲੇ ਨਾਮ ਨਹੀਂ ਛੱਡਦੇ।

ਗੁਰੂਘਰ ਦੀ ਕਮੇਟੀ ਦਾ ਦਾਅਵਾ ਹੈ ਕਿ ਹਿੰਦੂ ਵੋਟਾਂ ਦੀ ਦੁਹਾਈ ਸਿਰਫ਼ ਗੰਦੀ ਰਾਜਨੀਤੀ ਹੈ। ਸਿੱਖੀ ਵਿਚ ਇਹ ਵੀ ਕਿਤੇ ਨਹੀਂ ਲਿਖਿਆ ਕਿ ਕੋਈ ਸ਼ਰਧਾਲੂ ਭਾਵੇਂ ਹਿੰਦੂ ਹੀ ਹੋਵੇ, ਗੁਰੂ ਘਰ ਦਾ ਸੇਵਕ ਨਹੀਂ ਹੋ ਸਕਦਾ। ਹਕੀਕਤ ਵਿਚ ਅਜਿਹਾ ਕੁਝ ਵੀ ਨਹੀਂ ਜਿਹੜਾ ਚੋਣ ਨਤੀਜਿਆਂ ਨੂੰ ਪ੍ਰਭਾਵਤ ਕਰ ਸਕੇ।

ਇਸੇ ਦੌਰਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਉਤੇ ਕਾਬਜ਼ ਧੜੇ ਨੇ ਕਿਹਾ ਹੈ ਕਿ ਦੁਬਾਰਾ ਚੋਣ ਹੋਣ ਨਾਲ ਗੁਰੂਘਰ 'ਤੇ ਮਾਲੀ ਖਰਚੇ ਦਾ ਬਹੁਤ ਬੋਝ ਪਵੇਗਾ ਜਿਸ ਦੀ ਸਾਰੀ ਜ਼ਿੰਮੇਵਾਰੀ ਵਿਰੋਧੀ ਧਿਰ ਦੀ ਹੋਵੇਗੀ ਜੋ ਪਿਛਲੇ ਦਿਨੀਂ ਹੀ ਚੋਣ ਹਾਰ ਚੁੱਕੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਹੋਠੀ, ਬਾਠ ਅਤੇ ਨਾਹਲ ਧੜੇ ਨੇ ਇਕੱਠੇ ਹੋ ਕੇ ਚਾਰ ਮੈਂਬਰਾਂ ਦੀ ਚੋਣ ਲੜੀ ਸੀ। ਬਿਆਨ ਵਿਚ ਕਿਹਾ ਗਿਆ ਹੈ ਕਿ ਇਕ ਪਾਸੇ ਨਾਹਲ, ਹੋਠੀ, ਬਾਠ ਧੜਾ ਚੋਣਾਂ ਲੜ ਰਿਹਾ ਸੀ; ਦੂਜੇ ਪਾਸੇ, ਅਦਾਲਤ ਵਿਚ 21 ਮੈਂਬਰਾਂ ਦੀ ਚੋਣ ਕਰਵਾਉਣ ਲਈ ਚਾਰਜੋਈ ਵੀ ਕਰ ਰਿਹਾ ਸੀ। ਇਹ ਹੈ ਇਨ੍ਹਾਂ ਦਾ ਦੂਹਰਾ ਕਿਰਦਾਰ। ਫਿਰ ਇਹ ਗੁਰੂਘਰ ਲਈ ਕਿੰਨੇ ਕੁ ਸੁਹਿਰਦ ਹਨ?

ਸੈਨ ਹੋਜ਼ੇ ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਵਲੋਂ ਜਾਰੀ ਬਿਆਨ ਵਿਚ ਕਿਹਾ ਗਿਆ ਹੈ, "ਅਸੀ ਤਾਂ ਗੁਰੂਘਰ ਦੇ ਫਾਇਦੇ ਲਈ ਹੀ ਇਹ ਸਿਸਟਮ ਬਣਾਉਣ ਦੀ ਗੱਲ ਕੀਤੀ ਸੀ ਕਿ ਸਾਰੇ ਕੰਮ ਨਿਰੰਤਰ ਚਲਦੇ ਵੀ ਰਹਿਣ ਅਤੇ ਕਮੇਟੀ ਦੇ ਮੈਂਬਰ ਵੀ ਬਦਲਦੇ ਰਹਿਣ, ਕਿਉਂਕਿ ਇਕ ਦਮ ਕਮੇਟੀ ਬਦਲਣ ਨਾਲ ਅਧੂਰੇ ਪਏ ਕੰਮ ਰੁਕ ਜਾਂਦੇ ਹਨ। ਗੁਰੂ ਘਰ ਦੇ ਲੋਨ ਦਾ ਕੀ ਬਣੇਗਾ? ਠੇਕੇਦਾਰਾਂ ਦੇ ਰਹਿੰਦੇ ਬਿੱਲ ਕੌਣ ਦੇਵੇਗਾ? ਸੋਲਰ ਸਿਸਟਮ ਦਾ ਕੰਮ ਜ਼ੋਰਾਂ 'ਤੇ ਚਲ ਰਿਹਾ ਹੈ। ਗੁਰੂ ਨਾਨਕ ਪਗਡੰਡੀ ਬਣਨ ਜਾ ਰਹੀ ਹੈ ਪਰ ਵਿਰੋਧੀ ਧਿਰ ਟਿੰਡ ਵਿਚ ਪਾਏ ਕਾਨੇ ਵਾਂਗ ਆਪਣੇ ਜ਼ਿਦ ਵਾਲੇ ਰਵੱਈਏ 'ਤੇ ਅੜੀ ਰਹੀ। ਬੇਅ-ਏਰੀਏ ਦੇ ਸਤਿਕਾਰ ਯੋਗ ਸਿੱਖ ਆਗੂਆਂ ਨੇ ਇਨ੍ਹਾਂ ਦੇ ਘਰ-ਘਰ ਜਾ ਕੇ ਮਨਾਉਣ ਦੀ ਕੋਸ਼ਿਸ਼ ਕੀਤੀ ਪਰ ਇਹ ਟਸ ਤੋਂ ਮਸ ਨਹੀ ਹੋਏ ਸਗੋਂ ਅਖਬਾਰਾਂ ਵਿਚ ਪ੍ਰਬੰਧਕਾਂ ਖਿਲਾਫ ਟਿੱਚਰਾਂ ਭਰੀਆਂ ਖ਼ਬਰਾਂ ਲਾਉਂਦੇ ਰਹੇ। ਇਥੋਂ ਤੱਕ ਕਿ ਮਾਣਯੋਗ ਜੱਜ ਨੇ ਵੀ ਆਪਸ ਵਿਚ ਮਿਲ-ਬੈਠ ਕੇ ਕੋਈ ਹੱਲ ਕੱਢਣ ਦੀ ਗੱਲ ਕਹੀ ਸੀ ਪਰ ਵਿਰੋਧੀ ਧਿਰ ਨੇ ਉਸ ਗੱਲ ਦੀ ਵੀ ਕੋਈ ਪ੍ਰਵਾਹ ਨਹੀਂ ਕੀਤੀ, ਸਗੋ ਰਿਸੀਵਰ ਲਾਉਣ ਦੀ ਮੰਗ ਕਰਦੇ ਰਹੇ।

ਬਿਆਨ ਵਿਚ ਕਿਹਾ ਗਿਆ ਹੈ ਕਿ ਸੰਗਤ ਜਾਣਦੀ ਹੈ ਕਿ ਅਗਰ ਰਿਸੀਵਰ ਲੱਗ ਜਾਂਦਾ ਹੈ ਤਾਂ ਗੁਰੂਘਰ 'ਤੇ ਖਰਚੇ ਦਾ ਕਿੰਨਾ ਬੋਝ ਪੈਣਾ ਸੀ ਅਤੇ ਗੁਰੂਘਰ ਦੀ 65,800 ਦੀ ਕਿਸ਼ਤ ਕਿਵੇਂ ਦਿੱਤੀ ਜਾਣੀ ਸੀ? ਅਗਰ ਵਿਰੋਧੀ ਧਿਰ ਨੇ ਅਦਾਲਤ ਦੇ ਫੈਸਲੇ ਦੀ ਉਡੀਕ ਕਰਨੀ ਸੀ ਤਾਂ ਫਿਰ ਚੋਣਾਂ ਕਿਉਂ ਲੜੀਆਂ? ਸੰਗਤ ਦਾ ਸਮਾਂ ਕਿਉਂ ਖਰਾਬ ਕੀਤਾ ਅਤੇ ਗੁਰੂਘਰ ਦਾ ਇੰਨਾ ਖਰਚਾ ਕਿਉਂ ਕਰਵਾਇਆ? ਅਸੀਂ ਚੋਣਾਂ ਲੜਨ ਲਈ ਵੀ ਤਿਆਰ ਹਾਂ। ਪਹਿਲਾਂ ਵੀ ਸਿੱਖ ਸੰਗਤ ਨੇ ਸਾਡੇ ਕੀਤੇ ਕੰਮਾਂ ਨੂੰ ਦੇਖ ਕੇ ਜਿੱਤ ਸਾਡੀ ਝੋਲੀ ਵਿਚ ਪਾਈ ਹੈ, ਅੱਗੇ ਤੋਂ ਵੀ ਸਾਨੂੰ ਸਿੱਖ ਸੰਗਤ ਤੇ ਵਿਸ਼ਵਾਸ ਹੈ ਕਿ ਸੰਗਤ ਜਿੱਤ ਸਾਡੀ ਝੋਲੀ ਵਿੱਚ ਹੀ ਪਾਏਗੀ।"

# ਕਪੂਰਥਲਾ ਜ਼ਿਲ੍ਹੇ 'ਚ ਸ਼੍ਰੋਮਣੀ ਅਕਾਲੀ ਦਲ ਦਾ 'ਸਫਾਇਆ'

## ਸਾਬਕਾ ਮੰਤਰੀ ਸਣੇ ਸੀਨੀਅਰ ਆਗੂਆਂ ਮਨਪ੍ਰੀਤ ਨਾਲ ਹੱਥ ਮਿਲਾਇਆ

**ਜਲੰਧਰ:** ਜ਼ਿਲ੍ਹਾ ਕਪੂਰਥਲਾ 'ਚ ਸ਼੍ਰੋਮਣੀ ਅਕਾਲੀ ਦਲ (ਬ) ਦਾ ਤਕਰੀਬਨ 'ਸਫਾਇਆ' ਹੋ ਗਿਆ ਹੈ। ਸਾਬਕਾ ਟਰਾਂਸਪੋਰਟ ਮੰਤਰੀ ਤੇ ਸ਼੍ਰੋਮਣੀ ਅਕਾਲੀ ਦਲ ਦੇ ਜ਼ਿਲ੍ਹਾ ਦਿਹਾਤੀ ਪ੍ਰਧਾਨ



*ਮਨਪ੍ਰੀਤ ਸਿੰਘ ਬਾਦਲ ਆਪਣੀ ਪਾਰਟੀ 'ਚ ਨਵੇਂ ਸ਼ਾਮਲ ਆਗੂਆਂ ਨੂੰ ਜੀ ਆਇਆਂ ਕਹਿੰਦੇ ਹੋਏ*

ਰਘਬੀਰ ਸਿੰਘ, ਕਪੂਰਥਲਾ ਦੀ ਨਗਰ ਕੌਂਸਲ ਦੇ ਪ੍ਰਧਾਨ ਐਡਵੋਕੇਟ ਪਰਮਜੀਤ ਸਿੰਘ, ਸੱਤ ਕੌਂਸਲਰ, ਜ਼ਿਲ੍ਹਾ ਸ਼ਹਿਰੀ ਦੇ ਪ੍ਰਧਾਨ ਜਸਵਿੰਦਰ ਸਿੰਘ ਬਤਰਾ ਸਮੇਤ ਹੋਰ ਬਹੁਤ ਸਾਰੇ ਅਹੁਦੇਦਾਰ ਪਾਰਟੀ ਛੱਡ ਕੇ ਮਨਪ੍ਰੀਤ ਸਿੰਘ ਬਾਦਲ ਦੀ ਪੀਪਲਜ਼ ਪਾਰਟੀ ਆਫ ਪੰਜਾਬ ਵਿਚ ਸ਼ਾਮਲ ਹੋ ਗਏ ਹਨ। ਇਸ ਤਰ੍ਹਾਂ ਸ਼੍ਰੋਮਣੀ ਅਕਾਲੀ ਦਲ ਬਾਦਲ ਨੂੰ ਦੋਆਬੇ 'ਚ ਸਭ ਤੋਂ ਵੱਡਾ ਝਟਕਾ ਲੱਗਾ ਹੈ।

ਮਨਪ੍ਰੀਤ ਬਾਦਲ ਨੇ ਆਪਣੇ ਤਾਏ ਪ੍ਰਕਾਸ਼ ਸਿੰਘ ਬਾਦਲ ਤੇ ਤਾਏ ਦੇ ਪੁੱਤ ਸੁਖਬੀਰ ਬਾਦਲ ਨੂੰ ਦੋਆਬੇ ਦੇ ਤਿੰਨ ਜ਼ਿਲ੍ਹਿਆਂ ਵਿਚ ਤਕੜਾ ਝਟਕਾ ਦਿੱਤਾ ਹੈ। ਇਸ ਤੋਂ ਪਹਿਲਾਂ ਮਨਪ੍ਰੀਤ ਬਾਦਲ ਜਲੰਧਰ ਛਾਉਣੀ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਵਿਧਾਇਕ ਜਗਬੀਰ ਬਰਾੜ ਨੂੰ ਆਪਣੇ ਨਾਲ ਪੱਕੇ ਤੌਰ 'ਤੇ ਜੋੜਨ 'ਚ ਕਾਮਯਾਬ ਰਹੇ ਤੇ ਜਲੰਧਰ ਤੋਂ ਹੀ ਐਸ.ਐਸ. ਬੋਰਡ ਦੇ ਮੈਂਬਰ ਤੇ ਸ਼੍ਰੋਮਣੀ ਕਮੇਟੀ ਦੇ ਮੈਂਬਰ ਗੁਰਮੀਤ ਸਿੰਘ ਦਾਦੂਵਾਲ ਨੂੰ ਵੀ ਉਨ੍ਹਾਂ ਨੇ ਆਪਣੇ ਨਾਲ ਤੋਰ ਲਿਆ। ਹੁਸ਼ਿਆਰਪੁਰ ਜ਼ਿਲ੍ਹੇ ਤੋਂ ਉਨ੍ਹਾਂ ਨੇ ਸਾਬਕਾ ਸੰਸਦ ਮੈਂਬਰ ਵਰਿੰਦਰ ਸਿੰਘ ਬਾਜਵਾ ਸਮੇਤ ਬਹੁਤ ਸਾਰੇ ਆਗੂਆਂ ਨੂੰ ਆਪਣੀ ਪਾਰਟੀ 'ਚ ਸ਼ਾਮਲ ਕਰ ਲਿਆ। ਮਨਪ੍ਰੀਤ ਬਾਦਲ ਦੀ ਅੱਖ ਹੁਣ ਨਵਾਂ ਸ਼ਹਿਰ ਜ਼ਿਲ੍ਹੇ 'ਤੇ ਦੱਸੀ ਜਾਂਦੀ ਹੈ।

ਸ. ਰਘਬੀਰ ਸਿੰਘ ਡੇਰਾ ਬਿਆਸ ਦੇ ਮੁਖੀ ਦੇ ਨੇੜਲੇ ਰਿਸ਼ਤੇਦਾਰਾਂ 'ਚੋਂ ਹਨ ਤੇ ਡੇਰਾ ਬਿਆਸ ਦਾ ਕਪੂਰਥਲਾ ਜ਼ਿਲ੍ਹੇ ਵਿਚ ਵੱਡਾ ਪ੍ਰਭਾਵ ਹੈ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਸ. ਰਘਬੀਰ ਸਿੰਘ ਨੂੰ ਹਰ ਵਾਰ ਟਿਕਟ ਇਸ ਕਰਕੇ ਦਿੰਦੇ ਆ ਰਹੇ ਸਨ ਕਿ ਉਹ ਡੇਰਾ ਬਿਆਸ ਮੁਖੀ ਦੇ ਰਿਸ਼ਤੇਦਾਰਾਂ 'ਚੋਂ ਹਨ। ਰਘਬੀਰ ਸਿੰਘ 1997 'ਚ ਚੋਣ ਜਿੱਤੇ, 2002 ਦੀਆਂ ਚੋਣਾਂ ਦੌਰਾਨ ਉਹ ਹਾਰ ਗਏ ਤੇ ਫਿਰ ਕਪੂਰਥਲੇ ਦੀ ਉਪ ਚੋਣ ਦੌਰਾਨ ਵੀ ਉਹ ਚੋਣ ਹਾਰ ਗਏ ਸਨ ਤੇ 2007 ਦੀਆਂ ਚੋਣਾਂ ਵੀ ਰਘਬੀਰ ਸਿੰਘ ਬੁਰੀ ਤਰ੍ਹਾਂ ਹਾਰ ਗਏ ਸਨ। ਤਿੰਨ ਵਾਰ ਲਗਾਤਾਰ ਹਾਰਨ ਦੇ ਬਾਵਜੂਦ ਸ. ਬਾਦਲ ਵੱਲੋਂ ਉਨ੍ਹਾਂ ਨੂੰ ਟਿਕਟ ਇਸੇ ਕਰਕੇ ਦਿੱਤੀ ਜਾਂਦੀ ਸੀ ਕਿ ਉਨ੍ਹਾਂ ਦੀ ਡੇਰੇ ਨਾਲ ਨੇੜਤਾ ਹੈ।

ਕਪੂਰਥਲਾ ਵਿਧਾਨ ਸਭਾ ਹਲਕੇ 'ਚ ਆਦਮਪੁਰ ਤੋਂ ਵਿਧਾਇਕ ਸਰਬਜੀਤ ਸਿੰਘ ਮੱਕੜ ਦੀ ਦਖਲਅੰਦਾਜ਼ੀ ਕਾਰਨ ਸ. ਰਘਬੀਰ ਸਿੰਘ ਤੇ ਉਸ ਦੇ ਹਮਾਇਤੀ ਦੁਖੀ ਸਨ। ਆਦਮਪੁਰ ਹਲਕਾ ਰਾਖਵਾਂ ਹੋਣ ਕਾਰਨ ਸਰਬਜੀਤ ਸਿੰਘ ਮੱਕੜ ਕਪੂਰਥਲਾ ਵਿਧਾਨ ਸਭਾ ਹਲਕੇ ਤੋਂ ਚੋਣ ਲੜਨ ਲਈ ਹੱਥ-ਪੈਰ ਮਾਰ ਰਿਹਾ ਹੈ। ਇਥੇ 12 ਜੁਲਾਈ ਨੂੰ ਸਾਬਕਾ ਵਿਧਾਇਕ ਜਗਬੀਰ ਸਿੰਘ ਬਰਾੜ ਦੇ ਗ੍ਰਹਿ ਵਿਖੇ ਮਨਪ੍ਰੀਤ ਸਿੰਘ ਬਾਦਲ ਦੀ ਹਾਜ਼ਰੀ 'ਚ ਰਘਬੀਰ ਸਿੰਘ ਨੇ ਸ਼੍ਰੋਮਣੀ ਅਕਾਲੀ ਦਲ ਨੂੰ ਅਲਵਿਦਾ ਕਹਿ ਕੇ ਪੀਪਲਜ਼ ਪਾਰਟੀ ਆਫ ਪੰਜਾਬ ਦਾ ਪੱਲਾ ਫੜ ਲਿਆ ਲਈ। ਇਸ ਮੌਕੇ ਸ. ਰਘਬੀਰ ਸਿੰਘ ਨੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ 'ਤੇ ਤਿੱਖੇ ਹਮਲੇ ਕੀਤੇ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਪਕੜ ਪਾਰਟੀ ਤੋਂ ਢਿੱਲੀ ਪੈ ਗਈ ਹੈ ਤੇ ਹੁਣ ਉਨ੍ਹਾਂ ਦੇ ਹੱਥ-ਵੱਸ ਕੁਝ ਨਹੀਂ ਰਿਹਾ। ਉਨ੍ਹਾਂ ਕਿਹਾ ਕਿ ਪਾਰਟੀ 'ਚ 'ਫਾਈਵ ਸਟਾਰ ਕਲਚਰ' ਆ ਗਿਆ ਹੈ।

ਉਨ੍ਹਾਂ ਕਿਹਾ ਕਿ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਪੰਜ ਤਾਰਾ ਹੋਟਲ 'ਚ ਆ ਕੇ ਰਾਤਾਂ ਠਹਿਰਦੇ ਹਨ ਜਿਥੇ ਆਮ ਅਕਾਲੀ ਵਰਕਰ ਦਾ ਜਾਣਾ ਹੀ ਮੁਸ਼ਕਲ ਹੁੰਦਾ ਹੈ। ਉਨ੍ਹਾਂ ਕਿਹਾ ਕਿ ਅਕਾਲੀ ਦਲ ਨੂੰ ਛੱਡਣ ਪਿੱਛੇ ਸਰਬਜੀਤ ਸਿੰਘ ਮੱਕੜ ਕੋਈ ਕਾਰਨ ਨਹੀਂ ਹੈ ਸਗੋਂ ਪਾਰਟੀ ਆਪਣੇ ਸਿਧਾਂਤਾਂ ਤੇ ਵਿਚਾਰਾਂ ਤੋਂ ਥਿੜਕ ਗਈ ਹੈ ਜਿਸ ਕਰਕੇ ਉਸ ਨੂੰ ਅਲਵਿਦਾ ਕਹਿ ਦਿੱਤਾ ਹੈ। ਪੀਪਲਜ਼ ਪਾਰਟੀ ਆਫ ਪੰਜਾਬ 'ਚ ਸ਼ਾਮਲ ਹੋਣ ਵਾਲਿਆਂ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਛੇ ਬਲਾਕ ਸੰਮਤੀ ਮੈਂਬਰਾਂ 'ਚੋਂ ਚਾਰ ਮੈਂਬਰ ਸਮੇਤ ਸੰਮਤੀ ਦੀ ਚੇਅਰਪਰਸਨ ਕਮਲਜੀਤ ਕੌਰ, ਸੁਰਿੰਦਰਪਾਲ ਸਿੰਘ ਖਾਲਸਾ, ਹਰਨੇਕ ਸਿੰਘ, ਸ੍ਰੀਮਤੀ ਮਧੂ ਸਵਿਤਾ ਚੌਧਰੀ, ਸੁਖਵਿੰਦਰ ਸਿੰਘ, ਸ਼ਮਿੰਦਰ ਕੌਰ, ਛੱਜਾ ਸਿੰਘ, ਸੁਰਜੀਤ ਸਿੰਘ (ਸਾਰੇ ਕੌਂਸਲਰ), ਇਸਤਰੀ ਅਕਾਲੀ ਦਲ ਦੀ ਇੰਚਾਰਜ ਗੁਰਬਖਸ਼ ਕੌਰ, ਮੈਂਬਰ ਜਨਰਲ ਕੌਂਸਲ ਦਵਿੰਦਰ ਸਿੰਘ ਢਪੱਈ, ਦਬੁਰਜੀ ਦੇ ਸਰਪੰਚ ਹੰਸ ਰਾਜ ਦੁੱਗਲ, ਭੁੱਲਰ ਦੇ ਸਰਪੰਚ ਗੁਰਿੰਦਰਜੀਤ ਸਿੰਘ, ਜ਼ਿਲ੍ਹਾ ਪ੍ਰੀਸ਼ਦ ਮੈਂਬਰ ਦਲਵਿੰਦਰ ਸਿੰਘ ਸਿੱਧੂ, ਜਨਰਲ ਸਕੱਤਰ ਜਗਜੀਤ ਸਿੰਘ ਸ਼ੰਮੀ ਤੇ ਹਰਜੀਤ ਸਿੰਘ ਕਾਕਾ, ਮੀਤ ਪ੍ਰਧਾਨ ਅਮਰਜੀਤ ਸਿੰਘ ਸਹਿਗਲ ਤੇ ਯਸ਼ਪਾਲ ਨਾਹਰ, ਮੈਂਬਰ ਮਾਰਕੀਟ ਕਮੇਟੀ ਦਰਸ਼ਨ ਸਿੰਘ ਸਿੱਧੂ ਤੇ ਹੋਰ ਆਗੂ ਸ਼ਾਮਲ ਸਨ।

ਇਸੇ ਦੌਰਾਨ ਮਨਪ੍ਰੀਤ ਬਾਦਲ ਨੇ ਕਿਹਾ ਕਿ ਉਨ੍ਹਾਂ ਨੇ ਭਾਰਤ ਦੇ ਚੋਣ ਕਮਿਸ਼ਨ ਨੂੰ ਚਿੱਠੀ ਲਿਖ ਦਿੱਤੀ ਹੈ ਕਿ ਪੰਜਾਬ ਦੇ ਪੁਲੀਸ ਮੁਖੀ ਤੇ ਮੁੱਖ ਮੰਤਰੀ ਦੇ ਪ੍ਰਿੰਸੀਪਲ ਸਕੱਤਰ ਨੂੰ ਚੋਣ ਲੜਨ ਤੋਂ ਰੋਕਣ ਲਈ ਕਾਰਵਾਈ ਕੀਤੀ ਜਾਵੇ ਕਿਉਂਕਿ ਉੱਚ ਅਹੁਦਿਆਂ 'ਤੇ ਰਹਿੰਦਿਆਂ ਇਹ ਨਿਰਪੱਖ ਕੰਮ ਨਹੀਂ ਕਰ ਸਕਦੇ।

## ਭਾਈ ਗੁਰਮੀਤ ਸਿੰਘ ਖਾਲਸਾ ਵੱਲੋਂ ਸੈਨ ਹੋਜ਼ੇ ਗੁਰੂਘਰ ਪ੍ਰਬੰਧਕ ਕਮੇਟੀ ਦੀ ਜ਼ੋਰਦਾਰ ਹਮਾਇਤ

**ਸੈਨ ਹੋਜ਼ੇ (ਬਿਊਰੋ):** ਗੁਰਦੁਆਰਾ ਫਰੀਮਾਂਟ ਦੇ ਸਾਬਕਾ ਪ੍ਰਧਾਨ ਭਾਈ ਗੁਰਮੀਤ ਸਿੰਘ ਖਾਲਸਾ ਨੇ ਇਥੋਂ ਛਪਦੇ ਅਖਬਾਰ 'ਅੰਮ੍ਰਿਤਸਰ ਟਾਈਮਜ਼' ਦੇ ਪਿਛਲੇ ਹਫ਼ਤੇ ਦੇ ਅੰਕ ਵਿਚ ਛਪੇ ਇਕ ਮਜਮੂਨ ਉਤੇ ਤਿੱਖੀ ਪ੍ਰਤੀਕ੍ਰਿਆ ਜਾਹਰ ਕਰਦਿਆਂ ਕਿਹਾ ਹੈ ਕਿ ਉਹ ਗੁਰਮਤਿ ਅਸੂਲਾਂ ਦੇ ਧਾਰਨੀ ਹਨ ਅਤੇ ਪੂਰੀ ਤਰ੍ਹਾਂ ਪੰਥਕ ਹਨ ਤੇ ਚੰਗੀ ਤਰ੍ਹਾਂ ਵਾਕਫ ਹਨ ਕਿ ਖਾਲਸਾ ਸ਼ਬਦ ਦੇ ਕੀ ਅਰਥ ਹਨ ਅਤੇ ਕਿਸੇ ਅਖਬਾਰ ਵਿਸ਼ੇਸ਼ ਜਾਂ ਕਿਸੇ ਵਿਅਕਤੀ ਵਿਸ਼ੇਸ਼ ਤੋਂ ਉਨ੍ਹਾਂ ਨੂੰ ਇਸ ਬਾਰੇ ਗਿਆਨ ਲੈਣ ਦੀ ਕੋਈ ਲੋੜ ਨਹੀਂ। ਗੁਰਦੁਆਰਾ ਫਰੀਮਾਂਟ 'ਤੇ ਕਾਬਜ਼ ਇਕ ਧੜੇ ਦੇ ਆਗੂਆਂ ਅਤੇ ਅਖ਼ਬਾਰ ਦੇ ਪ੍ਰਬੰਧਕਾਂ ਨੂੰ ਚਿਤਾਵਨੀ ਦਿੰਦਿਆਂ ਉਨ੍ਹਾਂ ਕਿਹਾ ਕਿ ਇਹ ਅਖ਼ਬਾਰ ਆਪਣੇ ਨਿੱਜੀ ਅਤੇ ਸੌੜੇ ਸਿਆਸੀ ਹਿੱਤਾਂ ਲਈ ਫਰਜ਼ੀ ਨਾਂਵਾਂ 'ਤੇ ਘਟੀਆ ਚਿੱਠੀਆਂ ਛਾਪਣੀਆਂ ਬੰਦ ਕਰੇ। ਯਾਦ ਰਹੇ ਕਿ ਕਿਸੇ ਸਰਬਜੀਤ ਸਿੰਘ ਦੇ ਨਾਮ ਹੇਠ ਛਾਪੀ ਗਈ ਚਿੱਠੀ ਵਿਚ ਕਿਹਾ ਗਿਆ ਹੈ ਕਿ ਭਾਈ ਗੁਰਮੀਤ ਸਿੰਘ ਤੇ ਰਾਮ ਸਿੰਘ ਅਤੇ ਉਨ੍ਹਾਂ ਦੇ ਹਮਾਇਤੀ ਸੈਨ ਹੋਜ਼ੇ ਗੁਰੂਘਰ ਦੀ ਕਮੇਟੀ ਦੀ ਮਦਦ ਕਰਦੇ ਹੋਣ ਕਰਕੇ ਪੰਥਕ ਨਹੀਂ ਹਨ।

ਭਾਈ ਗੁਰਮੀਤ ਸਿੰਘ ਨੇ ਬਿਆਨ ਜਾਰੀ ਰੱਖਦਿਆਂ ਕਿਹਾ ਕਿ ਹੈ ਕਿ ਖਾਲਸਾ ਦਾ ਕੀ ਮਤਲਬ ਹੈ, ਉਹ ਚੰਗੀ ਤਰ੍ਹਾਂ ਜਾਣਦੇ ਹਨ ਅਤੇ ਫਰੀਮਾਂਟ ਦੀ ਸੰਗਤ ਵੀ ਭਲੀ-ਭਾਂਤ ਜਾਣਦੀ ਹੈ। ਇਤਿਹਾਸ ਗਵਾਹ ਹੈ ਕਿ ਗੁੰਡਾਗਰਦੀ ਕਰਨ ਵਾਲੇ ਅਨਸਰਾਂ ਅਤੇ ਗਲਤ ਧੰਦਿਆਂ ਰਾਹੀਂ ਕੌਮ ਦੀ ਬਦਨਾਮੀ ਕਰਾਉਣ ਵਾਲੇ ਲੋਕਾਂ ਨੂੰ ਉਹ ਹਮੇਸ਼ਾ ਮੂੰਹ-ਤੋੜ ਜਵਾਬ ਦਿੰਦੇ ਰਹੇ ਹਨ। ਉਨ੍ਹਾਂ ਕਿਹਾ ਕਿ ਸੈਨ ਹੋਜ਼ੇ ਗੁਰੂਘਰ ਦੇ ਪ੍ਰਬੰਧਕਾਂ ਦੀ ਹਮਾਇਤ 'ਤੇ ਆਉਣਾ ਨੇਕ ਕੰਮ ਹੈ। ਉਹ ਜਾਣਦੇ ਹਨ ਕਿ ਅਖੌਤੀ ਗੁਰਦੁਆਰਾ ਸੁਧਾਰ ਕਮੇਟੀ ਦੀ ਪਿੱਠ ਪਿੱਛੇ ਛੁਪਿਆ ਲਾਣਾ ਅਸਲ ਵਿਚ ਉਹ ਹੈ ਜਿਨ੍ਹਾਂ ਕਦੇ ਕਿਸੇ ਕਾਇਦੇ ਕਾਨੂੰਨ ਦੀ ਪ੍ਰਵਾਹ ਨਹੀਂ ਕੀਤੀ। ਫਰੀਮਾਂਟ ਗੁਰੂਘਰ ਵਿਚ ਸਿਲੈਕਸ਼ਨ ਸਿਸਟਮ ਦੀਆਂ ਧੱਜੀਆਂ ਉਡਾ ਕੇ ਗੁਰੂਘਰ 'ਤੇ ਉਮਰ ਭਰ ਲਈ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ। ਸਾਡੇ ਵੱਲੋਂ ਕੀਤੀ ਅਣਥਕ ਜਦੋਜਹਿਦ ਤੋਂ ਬਾਅਦ ਲਿਆਂਦੇ ਇਲੈਕਸ਼ਨ ਪ੍ਰਾਸੈਸ ਨੂੰ ਵੀ ਹਾਈਜੈਕ ਕਰ ਲਿਆ ਗਿਆ।

ਉਨ੍ਹਾਂ ਕਿਹਾ ਕਿ ਉਹ ਜਾਣਦੇ ਹਨ ਕਿ ਸੈਨ ਹੋਜ਼ੇ ਗੁਰੂਘਰ ਵੱਲ ਵਧਦੇ ਇਸ ਟੋਲੇ ਦੇ ਨਾਪਾਕ ਹੱਥਾਂ ਨੂੰ ਰੋਕਣਾ ਸਮੇਂ ਦੀ ਵੱਡੀ ਲੋੜ ਹੈ। ਗੁਰੂਘਰ ਦੀ ਕਮੇਟੀ ਨੇ ਆਲੀਸ਼ਾਨ ਗੁਰੂਘਰ ਦਾ ਨਿਰਮਾਣ ਕਰਕੇ ਕਾਬਿਲੇ ਤਾਰੀਫ਼ ਕੰਮ ਕੀਤਾ ਹੈ ਅਤੇ ਸੰਗਤ ਉਨ੍ਹਾਂ ਦੀ ਰਿਣੀ ਹੈ ਪਰ ਕੁਝ ਲੋਕ ਨਿੱਜੀ ਰੰਜਿਸ਼ਾਂ ਕਾਰਨ ਮਰਿਆਦਾ ਦੀ ਦੁਹਾਈ ਦੇ ਕੇ ਪ੍ਰਬੰਧ ਨੂੰ ਹਥਿਆਉਣਾ ਚਾਹੁੰਦੇ ਹਨ ਅਤੇ ਫਰੀਮਾਂਟ ਵਿਚ ਖਰੂਦੀ ਟੋਲੇ ਦੇ ਹੱਥ-ਠੋਕੇ ਬਣਦੇ ਜਾ ਰਹੇ ਹਨ।

ਭਾਈ ਖਾਲਸਾ ਨੇ ਕਿਹਾ ਕਿ ਉਨ੍ਹਾਂ ਪ੍ਰਬੰਧਕਾਂ ਨਾਲ ਪੰਥਕ ਮਰਿਆਦਾ ਬਾਰੇ ਗੱਲ ਕੀਤੀ ਹੈ ਅਤੇ ਪ੍ਰਬੰਧਕ ਮਰਿਆਦਾ ਸਬੰਧੀ ਜਾਗਰੂਕ ਹਨ। ਮਾੜੀ-ਮੋਟੀਆਂ ਤਰੁੱਟੀਆਂ ਠੀਕ ਕਰਨ ਦੇ ਉਹ ਇਛੁੱਕ ਹਨ। ਦੂਸਰੇ ਪਾਸੇ ਉਹ ਲੋਕ ਹਨ ਜਿਨ੍ਹਾਂ ਦਾ ਗੁਰੂਘਰ ਨੂੰ ਬਣਾਉਣ ਵਿਚ ਕੋਈ ਬਹੁਤਾ ਯੋਗਦਾਨ ਨਹੀਂ, ਪਰ ਮਰਿਆਦਾ ਦੇ ਨਾਮ 'ਤੇ ਸੰਗਤ ਨੂੰ ਗੁੰਮਰਾਹ ਕਰਕੇ ਪ੍ਰਬੰਧਕ ਕਮੇਟੀ 'ਤੇ ਕਾਬਜ਼ ਹੋਣਾ ਚਾਹੁੰਦੇ ਹਨ। ਉਨ੍ਹਾਂ ਸੰਗਤ ਨੂੰ ਪੁਰਜ਼ੋਰ ਅਪੀਲ ਕੀਤੀ ਕਿ ਮੌਜੂਦਾ ਪ੍ਰਬੰਧਕਾਂ ਦੇ ਕੰਮ ਨੂੰ ਦੇਖਦਿਆਂ ਉਨ੍ਹਾਂ ਦੇ ਮੋਢੇ ਨਾਲ ਮੋਢਾ ਲਾ ਕੇ ਖੜ੍ਹਨਾ ਚਾਹੀਦਾ ਹੈ ਅਤੇ ਗੁਰੂ ਘਰ ਨੂੰ ਗਲਤ ਹੱਥਾਂ ਵਿਚ ਜਾਣ ਤੋਂ ਰੋਕਣਾ ਚਾਹੀਦਾ ਹੈ।

# ਰਾਜੋਆਣਾ ਵੱਲੋਂ ਸਜ਼ਾ ਮੁਆਫ਼ੀ ਲਈ ਕੇਂਦਰ ਨੂੰ ਅਪੀਲ ਕਰਨ ਦਾ ਵਿਰੋਧ

**ਪਟਿਆਲਾ:** ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਕੇਸ 'ਚ ਫਾਂਸੀ ਦੀ ਸਜ਼ਾ ਦਾ ਸਾਹਮਣਾ ਕਰ ਰਹੇ ਸ. ਬਲਵੰਤ ਸਿੰਘ ਰਾਜੋਆਣਾ ਨੇ ਕੌਮ ਨੂੰ ਕਿਹਾ ਹੈ ਕਿ ਉਸ ਦੀ ਸਜ਼ਾ ਮੁਆਫ਼ੀ ਲਈ ਕੇਂਦਰ ਸਰਕਾਰ ਨੂੰ ਅਪੀਲ ਨਾ ਕੀਤੀ ਜਾਵੇ। ਉਨ੍ਹਾਂ ਨੂੰ ਇਕ ਕੇਸ 'ਚ ਇੱਥੇ ਵਧੀਕ ਸੈਸ਼ਨ ਜੱਜ ਵਿਵੇਕ ਪੁਰੀ ਦੀ ਅਦਾਲਤ 'ਚ ਪੇਸ਼ ਕੀਤਾ ਗਿਆ ਜਿਥੇ ਉਨ੍ਹਾਂ ਦੀ ਅਗਲੀ ਪੇਸ਼ੀ 26 ਜੁਲਾਈ 'ਤੇ ਪਾ ਦਿੱਤੀ ਗਈ।

ਪੇਸ਼ੀ ਭੁਗਤਣ ਤੋਂ ਬਾਅਦ ਰਾਜੋਆਣਾ ਨੇ ਕਿਹਾ ਕਿ ਉਹ ਅੰਮ੍ਰਿਤ ਦੀ ਦਾਤ ਪ੍ਰਾਪਤ ਕਰ ਕੇ ਪੂਰੀ ਤਰ੍ਹਾਂ ਚੜ੍ਹਦੀਕਲਾ ਵਿਚ ਹੈ। ਉਨ੍ਹਾਂ ਅਪੀਲ ਕੀਤੀ ਕਿ ਉਨ੍ਹਾਂ ਦੀ ਫ਼ਾਂਸੀ ਦੀ ਸਜ਼ਾ ਮੁਆਫੀ ਲਈ ਕਿਸੇ ਰਾਸ਼ਟਰਪਤੀ ਜਾਂ ਪ੍ਰਧਾਨ ਮੰਤਰੀ ਕੋਲ ਅਪੀਲ ਨਾ ਕੀਤੀ ਜਾਵੇ ਕਿਉਂਕਿ ਖ਼ਾਲਸਾ ਕਦੇ ਵੀ ਕਿਸੇ ਤੋਂ ਭੀਖ ਨਹੀਂ ਮੰਗਦਾ ਸਗੋਂ ਹਮੇਸ਼ਾ ਸਿੱਖ ਪੰਥ ਦੀ ਝੋਲੀ ਵਿਚ ਸ਼ਹਾਦਤਾਂ ਪਾਉਣ ਲਈ ਤਿਆਰ ਰਹਿੰਦਾ ਹੈ। ਉਨ੍ਹਾਂ ਕਿਹਾ ਕਿ ਸਾਡਾ ਇਤਿਹਾਸ ਕੁਰਬਾਨੀਆਂ ਨਾਲ ਭਰਿਆ ਹੋਇਆ ਹੈ ਇਸ ਲਈ ਉਸ ਨੂੰ ਉਸ ਦਿਨ ਦੀ ਉਡੀਕ ਰਹੇਗੀ ਜਦੋਂ ਉਸ ਨੂੰ ਫਾਂਸੀ ਦੇਣ ਵਾਲਾ ਦਿਨ ਮੁਕਰਰ ਹੋਵੇਗਾ। ਬਲਵੰਤ ਸਿੰਘ ਰਾਜੋਆਣਾ ਨੂੰ ਉਸ ਦੇ ਦੋਵੇਂ ਪਿੰਡ ਰਾਜੋਆਣਾ ਕਲਾਂ ਤੇ ਰਾਜੋਆਣਾ ਖੁਰਦ ਤੇ ਤੁਗਲ ਪਿੰਡ ਦੇ ਲੋਕ ਵੱਡੀ ਗਿਣਤੀ 'ਚ ਮਿਲਣ ਆਏ ਹੋਏ ਸਨ।

ਆਪਣੇ ਪਿੰਡ ਵਾਸੀਆਂ ਨਾਲ ਗੱਲਬਾਤ ਕਰਦਿਆਂ ਰਾਜੋਆਣਾ ਨੇ ਕਿਹਾ ਕਿ ਉਹ ਆਪਣੇ ਪਿੰਡ ਦਾ ਨਾਂ ਸੁਨਹਿਰੀ ਅੱਖਰਾਂ 'ਚ ਲਿਖ ਕੇ ਜਾਵੇਗਾ। ਉਹ ਹੇਮਸ਼ਾ ਹੀ ਚੜ੍ਹਦੀਕਲਾ 'ਚ ਰਿਹਾ ਹੈ। ਉਨ੍ਹਾਂ ਇਕ ਪੱਤਰ ਵੀ ਪੱਤਰਕਾਰਾਂ ਨੂੰ ਵੰਡਿਆ ਜਿਸ ਦਾ ਸਾਰ ਅੰਸ਼ ਇਹ ਹੈ ਕਿ ਕਾਂਗਰਸ ਸਰਕਾਰ ਨੇ ਹਰਿਮੰਦਰ ਸਾਹਿਬ 'ਤੇ ਤੋਪਾਂ ਚਲਾਈਆਂ। ਉਨ੍ਹਾਂ ਕਿਹਾ ਕਿ ਮੁਆਫ਼ੀ ਉਹ ਮੰਗਦਾ ਹੈ ਜਿਸ ਨੇ ਗਲਤੀ ਕੀਤੀ ਹੋਵੇ। ਕਾਂਗਰਸੀ ਸਰਕਾਰ ਨੇ 1984 'ਚ ਸਾਜਿਸ਼ ਤਹਿਤ ਸਿੱਖ ਕਤਲੇਆਮ ਕਰਾਇਆ ਤੇਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਢਹਿ-ਢੇਰੀ ਕੀਤਾ। ਪੱਤਰ 'ਚ ਕਿਹਾ ਗਿਆ ਹੈ ਕਿ ਸੰਤ ਜਰਨੈਲ ਸਿੰਘ ਖਾਲਸਾ ਦੀ ਸ਼ਹਾਦਤ ਤੋਂ ਸ਼ੁਰੂ ਹੋਇਆ ਸਿੱਖ ਸੰਘਰਸ਼ ਦਾ ਦੌਰ ਪ੍ਰੋ. ਭੁੱਲਰ ਦੇ ਰੂਪ 'ਚ ਦਿੱਲੀ ਦੇ ਪੈਰਾਂ 'ਚ ਰੁਲਦਾ ਤੇ ਤਰਲੇ ਕੱਢਦਾ ਨਜ਼ਰ ਆ ਰਿਹਾ ਹੈ। ਉਨ੍ਹਾਂ ਸਿੱਖ ਕੌਮ ਦੇ ਆਗੂਆਂ ਨੂੰ ਅਪੀਲ ਕੀਤੀ ਕਿ ਉਹ ਕੌਮ ਨੂੰ ਇਸ ਹਾਸੋਹੀਣੀ ਹਾਲਤ 'ਚੋਂ ਕੱਢਣ। ਉਨ੍ਹਾਂ ਸਪਸ਼ਟ ਕਿਹਾ ਕਿ ਮੇਰੀ ਫਾਂਸੀ ਦੀ ਮੁਆਫ਼ੀ ਲਈ ਕਿਸੇ ਰਾਸ਼ਟਰਪਤੀ ਤੇ ਪ੍ਰਧਾਨ ਮੰਤਰੀ ਨੂੰ ਕੋਈ ਰਹਿਮ ਦੀ ਅਪੀਲ ਨਾ ਕੀਤੀ ਜਾਵੇ।



*ਪੇਸ਼ੀ ਦੌਰਾਨ ਬਲਵੰਤ ਸਿੰਘ ਰਾਜੋਆਣਾ ਆਪਣੀ ਭੈਣ ਨੂੰ ਮਿਲਦਾ ਹੋਇਆ*




## ਕਾਲਕਾ ਮੇਲ ਪਟੜੀ ਤੋਂ ਲੱਥਣ ਨਾਲ 80 ਮੌਤਾਂ

**ਫਤਹਿਪੁਰ:** ਉੱਤਰੀ-ਕੇਂਦਰੀ ਰੇਲਵੇ ਦੇ ਵੱਡੇ ਹਾਵੜਾ-ਦਿੱਲੀ ਸੈਕਸ਼ਨ 'ਤੇ 10 ਜੁਲਾਈ ਨੂੰ ਇਸ ਸਾਲ ਦੀ ਸਭ ਤੋਂ ਵੱਡੀ ਰੇਲ ਦੁਰਘਟਨਾ ਵਿਚ ਮਾਲਵਾ ਰੇਲਵੇ ਸਟੇਸ਼ਨ ਨੇੜੇ ਹਾਵੜਾ-ਕਾਲਕਾ ਮੇਲ ਦੇ 15 ਡੱਬੇ ਪਟੜੀ ਤੋਂ ਲਹਿ ਜਾਣ ਕਾਰਨ 80 ਤੋਂ ਵੱਧ ਵਿਅਕਤੀਆਂ ਦੀ ਮੌਤ ਹੋ ਗਈ ਤੇ 200 ਹੋਰ ਜ਼ਖ਼ਮੀ ਹੋ ਗਏ। ਰਿਪੋਰਟਾਂ ਮੁਤਾਬਕ ਐਕਸਪ੍ਰੈਸ ਰੇਲਗੱਡੀ ਜਿਹੜੀ ਪੱਛਮੀ ਬੰਗਾਲ ਵਿਚ ਹਾਵੜਾ ਤੋਂ ਦਿੱਲੀ ਵੱਲ ਜਾ ਰਹੀ ਸੀ, ਮਾਲਵ ਸਟੇਸ਼ਨ ਨੇੜੇ ਰੇਲ ਪਟੜੀ ਤੋਂ ਹੇਠਾਂ ਉੱਤਰ ਗਈ। ਰੇਲਗੱਡੀ ਦੇ 15 ਡੱਬਿਆਂ ਚੋਂ 10 ਡੱਬੇ ਟੁੱਟ ਭੱਜ ਗਏ।

ਉੱਤਰੀ ਕੇਂਦਰੀ ਰੇਲਵੇ ਦੇ ਜਨਰਲ ਮੈਨੇਜਰ ਐਚ.ਸੀ. ਜੋਸ਼ੀ ਨੇ ਦੱਸਿਆ ਕਿ ਰੇਲਵੇ ਕਮਿਸ਼ਨਰ ਸੁਰੱਖਿਆ ਨੂੰ ਘਟਨਾ ਦੀ ਜਾਂਚ ਕਰਨ ਦਾ ਹੁਕਮ ਦਿੱਤਾ ਹੈ। ਸ੍ਰੀ ਜੋਸ਼ੀ ਨੇ ਦੱਸਿਆ ਕਿ ਘਟਨਾ ਸਮੇਂ ਰੇਲਗੱਡੀ 108 ਕਿਲੋਮੀਟਰ ਪ੍ਰਤੀ ਘੰਟਾ ਦੀ ਰਫਤਾਰ ਨਾਲ ਦੌੜ ਰਹੀ ਸੀ ਜਿਹੜੀ ਕਿ ਇਸ ਦੀ ਪੂਰੀ ਰਫਤਾਰ ਹੈ। ਫਤਹਿਪੁਰ ਦੇ ਪੁਲਿਸ ਕਪਤਾਨ ਰਾਮ ਭਰੋਸੇ ਨੇ ਦੱਸਿਆ ਕਿ ਮ੍ਰਿਤਕਾਂ ਵਿਚ ਔਰਤਾਂ ਤੇ ਬੱਚੇ ਸ਼ਾਮਲ ਹਨ। ਕੁਝ ਡੱਬੇ ਤਾਂ ਹਾਦਸੇ ਕਾਰਨ ਉਲਟ ਗਏ ਤੇ ਕੁਝ ਮਲਬੇ ਦਾ ਢੇਰ ਬਣ ਗਏ। ਇੰਜਣ ਦੇ ਪਿੱਛੇ ਲੱਗਾ ਖਚਾਖਚ ਭਰਿਆ ਆਮ ਡੱਬਾ ਸਭ ਤੋਂ ਵੱਧ ਪ੍ਰਭਾਵਿਤ ਹੋਇਆ ਹੈ।

# ਵਿਦੇਸ਼ੀ ਟੈਲੀਕਾਮ ਕੰਪਨੀ ਨੂੰ 7000 ਕਰੋੜ ਦਾ ਜੁਰਮਾਨਾ

**ਨਵੀਂ ਦਿੱਲੀ:** ਐਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਨੇ ਟੈਲੀਕਾਮ ਫਰਮ ਐਟੀਸਾਲਾਟ ਡੀ.ਬੀ. 'ਤੇ 2-ਜੀ ਸਪੈਕਰਮ ਵੰਡ ਘੁਟਾਲੇ 'ਚ ਫੇਮਾ ਦੀ ਉਲੰਘਣਾ ਦੇ ਵੱਖ-ਵੱਖ ਦੋਸ਼ਾਂ ਤਹਿਤ 7000 ਕਰੋੜ ਰੁਪਏ ਜੁਰਮਾਨਾ ਠੋਕਿਆ ਹੈ। ਫੇਮਾ (ਐਫ.ਈ.ਐਮ.ਏ.) ਦੀ ਅਵੱਗਿਆ ਕੀਤੇ ਜਾਣ 'ਤੇ ਕਾਰਵਾਈ ਕਰਨ ਵਾਲੀ ਸਮਰੱਥ ਅਥਾਰਟੀ (ਕੰਪੀਟੈਂਟ ਅਡਜੂਡੀਕੇਟਿੰਗ ਅਥਾਰਿਟੀ (ਸੀ.ਏ.ਏ.) ਅੱਗੇ ਦਾਇਰ ਸ਼ਿਕਾਇਤ 'ਚ ਈ.ਡੀ. ਨੇ ਕਿਹਾ ਹੈ ਕਿ ਕੰਪਨੀ ਵੱਲੋਂ ਦੇਸ਼ ਦੇ ਅੰਦਰ ਤੇ ਦੇਸ਼ ਤੋਂ ਬਾਹਰ ਵਿਦੇਸ਼ੀ ਮੁਦਰਾ ਤਬਾਦਲਾ ਨਿਯਮਾਂ ਦੀ ਉਲੰਘਣਾ ਦੇ ਸ਼ੱਕ ਦੇ ਆਧਾਰ 'ਤੇ ਇਸ ਨੂੰ ਜੁਰਮਾਨਾ ਕੀਤਾ ਜਾ ਚੁੱਕਿਆ ਹੈ। ਈ.ਡੀ. ਦੇ ਵਿਸ਼ੇਸ਼ ਡਾਇਰੈਕਟਰ ਬਾਲੇਸ਼ ਕੁਮਾਰ ਨੇ ਦਿੱਲੀ ਜ਼ੋਨ ਦੇ ਜਾਂਚ ਅਧਿਕਾਰੀ ਰਾਜੇਸ਼ਵਰ ਸਿੰਘ ਵੱਲੋਂ ਕੀਤੀ ਜਾਂਚ ਦੇ ਆਧਾਰ 'ਤੇ ਜੁਰਮਾਨੇ ਦੇ ਹੁਕਮਾਂ ਨੂੰ ਮਨਜ਼ੂਰੀ ਦਿੱਤੀ। ਈ.ਡੀ. ਦੇ ਸੂਤਰਾਂ ਅਨੁਸਾਰ ਐਟੀਸਾਲਾਟ ਡੀ.ਬੀ. ਜੋ ਯੂ.ਏ.ਈ. ਦੀ ਐਟੀਸਾਲਾਟ ਤੇ ਡੀ.ਬੀ. ਰਿਐਲਟਰ ਗਰੁੱਪ ਦਾ ਸਾਂਝਾ ਉੱਦਮ ਹੈ, ਨੂੰ 30 ਦਿਨ ਦਾ ਸਮਾਂ ਦੇ ਕੇ ਇਹ ਸਪਸ਼ਟ ਕਰਨ ਲਈ ਕਿਹਾ ਗਿਆ ਸੀ ਕਿ ਇਸ ਨੂੰ 7000 ਕਰੋੜ ਰੁਪਏ ਦਾ ਜੁਰਮਾਨਾ ਕਿਉਂ ਨਾ ਕੀਤਾ ਜਾਵੇ।

ਈ.ਡੀ. ਨੂੰ ਵਿਦੇਸ਼ੀ ਮੁਦਰਾ ਤਬਾਦਲੇ ਦੇ ਪ੍ਰਬੰਧਨ ਸਬੰਧੀ ਐਕਟ (ਫੇਮਾ) ਦੀ ਕੰਪਨੀ ਵੱਲੋਂ ਕਈ ਫਰੰਟਾਂ 'ਤੇ ਉਲੰਘਣਾ ਦਾ ਪਤਾ ਲੱਗਾ ਸੀ।ਜਿਸ ਵਿਚ ਕੰਪਨੀ ਵੱਲੋਂ ਵਿਦੇਸ਼ਾਂ ਤੋਂ ਲਏ ਫੰਡਾਂ ਬਾਰੇ ਨਿਰਧਾਰਤ ਸਮੇਂ 'ਚ ਰਿਜ਼ਰਵ ਬੈਂਕ ਨੂੰ ਜਾਣਕਾਰੀ ਨਾ ਦੇਣਾ ਸ਼ਾਮਲ ਹੈ।

ਐਟੀਸਾਲਾਟ ਇਕ ਵਿਦੇਸ਼ੀ ਭਾਈਵਾਲ ਹੈ ਜਿਸ ਦੀ ਐਟੀਸਾਲਾਟ ਡੀ.ਬੀ. (ਸਾਬਕਾ ਸਵਾਨ ਟੈਲੀਕਾਮ) 'ਚ 45 ਫੀਸਦੀ ਹਿੱਸੇਦਾਰੀ ਹੈ। ਏਜੰਸੀ ਨੇ ਪਹਿਲਾਂ ਸ਼ਾਹਿਦ ਬਲਵਾ ਦੀ ਪ੍ਰਮੋਟ ਕੀਤੀ ਕੰਪਨੀ ਸਵਾਨ ਟੈਲੀਕਾਮ 'ਤੇ 3608 ਕਰੋੜ ਰੁਪਏ ਤੱਕ ਫੇਮਾ ਦੀ ਉਲੰਘਣਾ ਦੇ ਦੋਸ਼ ਲਾਏ ਸਨ।

ਈ.ਡੀ. ਨੇ ਸਵਾਨ ਟੈਲੀਕਾਮ ਵਿਰੁੱਧ ਕੀਤੀ ਸ਼ਿਕਾਇਤ 'ਚ ਕਿਹਾ ਸੀ ਕਿ ਕੰਪਨੀ ਨੇ ਵਿਦੇਸ਼ੀ ਨਿਵੇਸ਼ਕਾਂ ਤੇ ਰੈਜ਼ੀਡੈਂਟ ਨਿਵੇਸ਼ਕਾਂ ਨੂੰ ਇਸ ਸਮਝੌਤੇ ਤਹਿਤ ਸ਼ੇਅਰ ਇਸ਼ੂ ਕੀਤੇ ਸਨ ਤੇ ਵਿਦੇਸ਼ੀ ਨਿਵੇਸ਼ਕਾਂ ਨੂੰ ਅਜਿਹੀ ਕੀਮਤ 'ਤੇ ਇਹ ਸ਼ੇਅਰ ਜਾਰੀ ਕੀਤੇ ਗਏ ਕਿ ਜਿਸ ਨਾਲ ਐਫ.ਆਈ. ਪੀ.ਬੀ. (ਫਾਰੇਇਨ ਇਨਵੈਸਟਮੈਂਟ ਪ੍ਰਮੋਸ਼ਨ ਬੋਰਡ) ਭਾਰਤ ਸਰਕਾਰ ਦੀ ਆਗਿਆ ਲੈਣ ਦੀ ਲੋੜ ਹੀ ਨਾ ਪਵੇ।

# 'ਭਵ ਸਾਗਰ ਗ੍ਰੰਥ' ਬਾਰੇ ਪੜਚੋਲ ਕਮੇਟੀ ਬਣਾਉਣ ਦਾ ਫੈਸਲਾ ਰੱਦ

**ਚੰਡੀਗੜ੍ਹ:** ਸੁਪਰੀਮ ਕੋਰਟ ਨੇ ਪੰਜਾਬ ਹਰਿਆਣਾ ਹਾਈ ਕੋਰਟ ਦਾ ਉਹ ਹੁਕਮ ਰੱਦ ਕਰ ਦਿੱਤਾ ਹੈ ਜਿਸ ਵਿਚ ਬਾਬਾ ਪਿਆਰਾ ਸਿੰਘ ਭਨਿਆਰਾਂ ਵੱਲੋਂ ਲਿਖੇ ਵਿਵਾਦਗ੍ਰਸਤ 'ਭਵ ਸਾਗਰ ਸਮੁੰਦਰ ਅਮਰਬਾਣੀ ਗ੍ਰੰਥ' ਦੀ ਘੋਖ ਕਰਨ ਬਾਰੇ ਮਾਹਰਾਂ ਦੀ ਪੰਜ ਮੈਂਬਰੀ ਕਮੇਟੀ ਕਾਇਮ ਕਰਨ ਲਈ ਕਿਹਾ ਗਿਆ ਸੀ।

ਚੇਤੇ ਰਹੇ ਕਿ ਪੰਜਾਬ ਸਰਕਾਰ ਨੇ ਸਤੰਬਰ 2001 ਵਿਚ ਵਿਵਾਦਗ੍ਰਸਤ ਧਾਰਮਿਕ ਪੁਸਤਕ 'ਤੇ ਪਾਬੰਦੀ ਲਾ ਦਿੱਤੀ ਸੀ ਜਿਸ ਨੂੰ ਬਾਬਾ ਭਨਿਆਰਾਂ ਨੇ ਹਾਈ ਕੋਰਟ ਵਿਚ ਚੁਣੌਤੀ ਦਿੱਤੀ ਸੀ ਤੇ ਸਰਕਾਰ ਨੂੰ ਨਵੇਂ ਸਿਰਿਓਂ ਹੁਕਮ ਜਾਰੀ ਕਰਨ ਲਈ ਕਿਹਾ ਗਿਆ ਸੀ। ਸਰਕਾਰ ਨੇ 15 ਦਸੰਬਰ, 2008 ਨੂੰ ਨਵਾਂ ਨੋਟੀਫਿਕੇਸ਼ਨ ਜਾਰੀ ਕਰਕੇ ਪੁਸਤਕ 'ਤੇ ਮੁੜ ਪਾਬੰਦੀ ਲਾ ਦਿੱਤੀ ਸੀ। ਬਾਬਾ ਭਨਿਆਰਾਂ ਨੇ ਦੂਜੇ ਨੋਟੀਫਿਕੇਸ਼ਨ ਨੂੰ ਵੀ ਚੁਣੌਤੀ ਦਿੱਤੀ। ਉਸ ਦੀ ਅਰਜ਼ੀ 'ਤੇ ਸੁਣਵਾਈ ਕਰਦਿਆਂ ਹਾਈ ਕੋਰਟ ਨੇ ਇਸ ਕਿਤਾਬ ਦੀ ਪੜਚੋਲ ਲਈ ਕਮੇਟੀ ਕਾਇਮ ਕਰਨ ਦਾ ਫੈਸਲਾ ਸੁਣਾਇਆ ਜਿਸ ਵਿਚ ਦੋ ਸਿੱਖੀ ਦੇ ਮਾਹਰ ਤੇ ਦੋ ਹਿੰਦੂ ਮੱਤ ਦੇ ਮਾਹਰ ਸ਼ਾਮਲ ਕਰਨ ਤੇ ਪੰਜਵਾਂ ਮੈਂਬਰ ਬਾਬਾ ਭਨਿਆਰਾਂ ਵੱਲੋਂ ਨਾਮਜ਼ਦ ਕਰਨ ਲਈ ਕਿਹਾ ਸੀ।

ਇਸ 'ਤੇ ਪੰਜਾਬ ਸਰਕਾਰ ਨੇ ਹਾਈ ਕੋਰਟ ਵਿਚ ਇਸ ਆਧਾਰ 'ਤੇ ਨਵੇਂ ਫੈਸਲੇ ਲਈ ਅਰਜ਼ੀ ਦਾਇਰ ਕੀਤੀ ਕਿ ਸ਼੍ਰੋਮਣੀ ਕਮੇਟੀ ਵੱਲੋਂ ਮਾਹਰਾਂ ਦੀ ਸਿਫਾਰਸ਼ ਕਰਨ ਤੋਂ ਇਨਕਾਰ ਕੀਤਾ ਗਿਆ ਕਿਉਂਕਿ ਉਹ ਭਨਿਆਰਾਂ ਵਾਲੇ ਨੂੰ ਪਹਿਲਾਂ ਹੀ ਪੰਥ ਵਿਚੋਂ ਛੇਕ ਚੁੱਕੀ ਹੈ। ਹਾਈ ਕੋਰਟ ਨੇ ਆਪਣਾ ਫੈਸਲਾ ਬਦਲਣ ਤੋਂ ਇਨਕਾਰ ਕਰ ਦਿੱਤਾ ਤੇ 20 ਅਗਸਤ, 2010 ਨੂੰ ਸੁਣਾਏ ਆਪਣੇ ਪਹਿਲੇ ਫੈਸਲੇ ਨੂੰ ਹੀ ਦ੍ਰਿੜ੍ਹਾਇਆ। ਪੰਜਾਬ ਸਰਕਾਰ ਨੇ ਹਾਈ ਕੋਰਟ ਦੇ ਫੈਸਲੇ ਖ਼ਿਲਾਫ਼ ਸੁਪਰੀਮ ਕੋਰਟ ਵਿਚ ਅਪੀਲ ਦਾਇਰ ਕੀਤੀ ਸੀ ਜਿਸ 'ਤੇ ਰਾਜ ਸਰਕਾਰ ਵੱਲੋਂ ਅਪਰਾਜਿਤਾ ਸਿੰਘ ਤੇ ਕੁਲਦੀਪ ਸਿੰਘ ਬੈਂਚ ਸਾਹਮਣੇ ਪੇਸ਼ ਹੋਏ।

## ਉਲ਼ਫਾ ਵੱਲੋਂ ਗੋਲੀਬੰਦੀ ਦਾ ਐਲਾਨ

**ਗੁਹਾਟੀ:** ਆਸਾਮ ਵਿਚ ਗੱਲਬਾਤ ਪੱਖੀ ਉਲ਼ਫ਼ਾ ਧੜੇ ਦੇ ਚੇਅਰਮੈਨ ਅਰਬਿੰਦ ਰਾਜਖੋਵਾ ਨੇ ਗੱਲਬਾਤ ਲਈ ਸਾਜ਼ਗਾਰ ਮਾਹੌਲ ਸਿਰਜਣ ਲਈ ਇਕਪਾਸੜ ਗੋਲੀਬੰਦੀ ਦਾ ਐਲਾਨ ਕਰ ਦਿੱਤਾ ਹੈ। ਸ੍ਰੀ ਰਾਜਖੋਵਾ ਨੇ ਮੀਡੀਆ ਨੂੰ ਭੇਜੀ ਈਮੇਲ ਵਿਚ ਕਿਹਾ ਕਿ ਚੱਲ ਰਹੇ ਵਿਵਾਦ ਨੂੰ ਲੈ ਕੇ ਆਸਾਮ ਦੇ ਲੋਕਾਂ ਦੀ ਸ਼ਾਂਤੀਪੂਰਨ ਹੱਲ ਦੀ ਇੱਛਾ ਨੂੰ ਜਾਣਦਿਆਂ ਤੇ ਇਸ ਦਾ ਸਤਿਕਾਰ ਕਰਦਿਆਂ ਜਨਰਲ ਕੌਂਸਲ ਨੇ ਭਾਰਤ ਸਰਕਾਰ ਨਾਲ ਰਾਜਨੀਤਕ ਵਿਚਾਰ-ਚਰਚਾ ਸ਼ੁਰੂ ਕਰਨ ਦਾ ਫੈਸਲਾ ਕੀਤਾ ਹੈ।

ਹਰ ਤਰ੍ਹਾਂ ਦੀ ਕਾਨੂੰਨੀ ਸਹਾਇਤਾ ਲਈ ਇਕੋ ਇਕ ਭਰੋਸੇਯੋਗ ਨਾਂ

ਜਸਪ੍ਰੀਤ ਸਿੰਘ
ਅਟਾਰਨੀ ਐਟ ਲਾਅ

*ਰਿਫਿਊਜੀ ਸਟੇਅ *ਵਿਆਹ ਦੇ ਕੇਸ
*ਸਿਟੀਜ਼ਨਸ਼ਿਪ *ਡਿਪੋਰਟੇਸ਼ਨ *ਬਿਜਨੈਸ ਵੀਜ਼ਾ
*ਇੰਪਲਾਇਮੈਂਟ ਸਬੰਧੀ ਸਪਾਂਸਰਸ਼ਿਪ
*ਐਡਾਪਸ਼ਨ ਆਦਿ ਦੇ ਕੇਸਾਂ ਲਈ ਸੰਪਰਕ ਕਰੋ
ਲੋਨ ਮੋਡੀਫਿਕੇਸ਼ਨ ਲਈ ਵੀ ਕਾਲ ਕਰੋ



Attorny At Law

Law Offices Of Jaspreet Singh

4491 W. Shaw Ave., Suite 300 B (Near Costco) Fresno, CA 93722 Ph: 559-271-5511

44790 S. Grimmer Blvd. #204 Fremont CA-94538 Ph:510-657-6444 Fax: 510-657-6443

2945 W. Capitol Ave, Sacramento CA-95691 Ph: 916-372-4448 Fax: 916-372-4440

ATM's & Credit Card Terminals at Lowest Prices! No Hidden Fees.

Merchant Accounts-Grocery, Motels, Limos/Taxis, Gas stations.

Credit card terminals -Verifone, Hypercom...


Transfer existing CC processing to us for lower rates.

99% approved same day. We specialize in high risk businesses.

ATMs – TRANAX/TRITON/WRG, starting at $69/mo.*
(Perfect for retail stores, hotels, gas stations, etc.)

Need Money? We provide cash advance against credit card processing with NO collateral or personal guarantee.

Online Data Corp. is a registered ISO/MSP of Wells Fargo Bank N.A.
*Credit restrictions apply.




Call SAGAR HANDA at: 773-416-8526
or 773-935-VISA, SagarATM@yahoo.com

www.GoldCoastATM.com

FREE CREDIT CARD TERMINAL!

# ਮਨਪ੍ਰੀਤ ਬਾਦਲ ਦੇ ਉਤਰੀ ਅਮਰੀਕਾ ਦੌਰੇ ਦੀਆਂ ਤਿਆਰੀਆਂ ਜੰਗੀ ਪੱਧਰ 'ਤੇ

**ਫਰੀਮਾਂਟ (ਬਿਊਰੋ):** ਪੰਜਾਬ ਪੀਪਲਜ਼ ਆਫ ਪੰਜਾਬ ਦੇ ਪ੍ਰਧਾਨ ਮਨਪ੍ਰੀਤ ਸਿੰਘ ਬਾਦਲ ਵੱਲੋਂ 29 ਜੁਲਾਈ ਤੋਂ ਉਤਰੀ ਅਮਰੀਕਾ ਦੇ ਸ਼ੁਰੂ ਕੀਤੇ ਜਾ ਰਹੇ ਦੌਰੇ ਦੀਆਂ ਤਿਆਰੀਆਂ ਜੰਗੀ ਪੱਧਰ 'ਤੇ ਕੀਤੀ ਜਾ ਰਹੀਆਂ ਹਨ। ਉਨ੍ਹਾਂ ਦੀ ਇਸ ਫੇਰੀ ਨੂੰ ਕਾਮਯਾਬ ਕਰਨ ਲਈ ਪਾਰਟੀ ਦੇ ਸੀਨੀਅਰ ਆਗੂ ਕੁਸ਼ਲਦੀਪ ਸਿੰਘ ਢਿੱਲੋਂ ਨਿਊਯਾਰਕ ਪੁੱਜ ਗਏ ਹਨ ਅਤੇ ਭਗਵੰਤ ਮਾਨ 22 ਜੁਲਾਈ ਨੂੰ ਲਾਸ ਏਂਜਲਸ ਪੁੱਜ ਰਹੇ ਹਨ। ਸ੍ਰੀ ਕੁਸ਼ਲਦੀਪ ਸਿੰਘ ਢਿੱਲੋਂ ਅਤੇ ਸ੍ਰੀ ਭਗਵੰਤ ਮਾਨ ਕੈਲੀਫੋਰਨੀਆ ਵਿਚ ਹੋ ਰਹੀਆਂ ਤਿਆਰੀ ਮੀਟਿੰਗਾਂ ਵਿਚ ਹਿੱਸਾ ਲੈਣਗੇ।

ਇਹ ਬਿਆਨ ਜਾਰੀ ਜਾਰੀ ਕਰਦਿਆਂ ਸ੍ਰੀ ਕੁਲਦੀਪ ਸਿੰਘ ਧਾਲੀਵਾਲ ਨੇ ਦੱਸਿਆ ਕਿ ਲੰਘੇ ਐਤਵਾਰ ਸੈਕਰਾਮੈਂਟੋ, ਫਰੀਮਾਂਟ, ਬੇਕਰਸਫੀਲਡ ਅਤੇ ਸਿਆਟਲ ਵਿਚ ਤਿਆਰੀ ਵਾਸਤੇ ਮੀਟਿੰਗਾਂ ਕੀਤੀਆਂ ਗਈਆਂ। ਫਰੀਮਾਂਟ ਅਤੇ ਸੈਕਰਾਮੈਂਟੋ ਵਿਚ ਹੋਈਆਂ ਮੀਟਿੰਗਾਂ ਦੀ ਪ੍ਰਧਾਨਗੀ ਡਾ. ਜਗਤਾਰ ਸਿੰਘ ਸੰਧੂ ਅਤੇ ਗੁਲਿੰਦਰ ਸਿੰਘ ਗਿੱਲ ਨੇ ਕੀਤੀ। ਇਨ੍ਹਾਂ ਮੀਟਿੰਗਾਂ ਵਿਚ ਸ਼ਾਮਲ ਹੋਣ ਵਾਲਿਆਂ ਵਿਚ ਹਰਵਿੰਦਰ ਸਿੰਘ ਗਿੱਲ, ਜੰਗ ਬਦੇਸ਼ਾ, ਅਜੇਪਾਲ ਢਿੱਲੋਂ, ਸੁੱਖੀ ਚਾਹਲ, ਹਰਪੀਤ ਢਿੱਲੋਂ, ਲਾਲੀ ਧਨੋਆ, ਮਦਨ ਸ਼ਰਮਾ, ਬਲਵਿੰਦਰ ਸਿੰਘ ਡੁਲਕੂ ਅਤੇ ਗੁਰਦੀਪ ਸਿੰਘ ਗਿੱਲ ਸ਼ਾਮਲ ਹੋਏ।

ਸ੍ਰੀ ਧਾਲੀਵਾਲ ਨੇ ਦੱਸਿਆ ਕਿ ਸਿਆਟਲ ਵਿਚ ਹੋਈ ਮੀਟਿੰਗ ਵਿਚ ਰਣਜੀਤ ਸਿੰਘ ਪੰਮਾ, ਕਮਲਜੀਤ ਗਰੇਵਾਲ, ਹਾਕਮ ਸਿੰਘ ਢਿੱਲੋਂ, ਰਣਜੀਤ ਸਿੰਘ ਗਿੱਲ, ਮਹਿੰਦਰ ਸੋਹਲ, ਕਰਨੈਲ ਸਿੰਘ ਕੈਲ, ਮੋਹਣ ਯੋਧਾਂ, ਕਰਨੈਲ ਸਿੰਘ ਧਨੌਲਾ, ਬਾਜਵਾ ਅਤੇ ਸੁੱਖ ਸ਼ਾਮਲ ਹੋਏ।। ਇਸੇ ਤਰ੍ਹਾਂ ਬੇਕਸਫੀਲਡ ਵਿਚ ਹੋਈ ਮੀਟਿੰਗ ਵਿਚ ਗੁਰਪਾਲ ਬੱਬੂ, ਰਾਜ ਮੱਲ੍ਹੀ, ਪਰਮਜੀਤ ਦੁਸਾਂਝ, ਅਮਰੀਕ ਧਾਲੀਵਾਲ, ਪਿੰਦਰ ਢਿੱਲੋਂ ਅਤੇ ਬਲਵਿੰਦਰ ਬਰਾੜ ਸ਼ਾਮਲ ਹੋਏ।

ਸ੍ਰੀ ਧਾਲੀਵਾਲ ਨੇ ਦੱਸਿਆ ਕਿ ਮੀਟਿੰਗਾਂ ਦੀਆਂ ਰਿਪੋਰਟਾਂ ਬੜੀਆਂ ਉਤਸ਼ਾਹਜਨਕ ਆ ਰਹੀਆਂ ਹਨ ਅਤੇ ਪੰਜਾਬੀ ਭਾਈਚਾਰਾ ਸ੍ਰੀ ਮਨਪ੍ਰੀਤ ਸਿੰਘ ਬਾਦਲ ਦੀ ਉਡੀਕ ਬੇਸਬਰੀ ਨਾਲ ਕਰ ਰਿਹਾ ਹੈ। ਉਨ੍ਹਾਂ ਦਾਅਵਾ ਕੀਤਾ ਕਿ ਸ੍ਰੀ ਮਨਪ੍ਰੀਤ ਬਾਦਲ ਦੀ ਇਹ ਫੇਰੀ ਇਤਿਹਾਸ ਸਿਰਜੇਗੀ। ਜਿੰਨਾ ਹੁੰਗਾਰਾ ਉਨ੍ਹਾਂ ਦੇ ਵਿਚਾਰ ਸੁਣਨ ਲਈ ਪਰਵਾਸੀ ਪੰਜਾਬੀਆਂ ਵੱਲੋਂ ਦਿੱਤਾ ਜਾ ਰਿਹਾ ਹੈ, ਉਸ ਤੋਂ ਅਨੁਮਾਨ ਲਾਇਆ ਜਾ ਸਕਦਾ ਹੈ ਕਿ ਹੁਣ ਤੱਕ ਉਤਰੀ ਅਮਰੀਕਾ ਦੇ ਦੌਰੇ 'ਤੇ ਆਏ ਪੰਜਾਬ ਦੇ ਆਗੂਆਂ ਨਾਲੋਂ ਮਨਪ੍ਰੀਤ ਬਾਦਲ ਦੀ ਆਮ ਮੌਕੇ ਹੋ ਰਹੇ ਇਕੱਠ ਅਗਲੇ-ਪਿਛਲੇ ਸਾਰੇ ਰਿਕਾਰਡ ਤੋੜ ਦੇਣਗੇ। ਸ੍ਰੀ ਧਾਲੀਵਾਲ ਨੇ ਪਰਵਾਸੀ ਪੰਜਾਬੀਆਂ ਨੂੰ ਪਰਿਵਾਰਾਂ ਸਮੇਤ ਪਹੁੰਚਣ ਦੀ ਅਪੀਲ ਕੀਤੀ ਹੈ।

# ਡਾ. ਮਨਮੋਹਨ ਸਿੰਘ ਵੱਲੋਂ ਦੱਖਣੀ ਏਸ਼ੀਆ ਨੂੰ ਆਪਣੇ ਕਾਜ ਆਪ ਸੰਵਾਰਨ ਦਾ ਸੁਨੇਹਾ

**ਨਵੀਂ ਦਿੱਲੀ:** ਅਤਿਵਾਦ ਨੂੰ ਕੈਂਸਰ ਕਰਾਰ ਦਿੰਦਿਆਂ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਕਿਹਾ ਕਿ ਜੇ ਇਸ ਨੂੰ ਫੈਲਣ ਤੋਂ ਨਾ ਰੋਕਿਆ ਗਿਆ ਤਾਂ ਦੱਖਣੀ ਏਸ਼ੀਆ ਦੇ ਸਾਰੇ ਦੇਸ਼ ਹੀ ਇਸ ਦੀ ਮਾਰ ਹੇਠ ਆ ਜਾਣਗੇ ਤੇ ਇਸ ਅਲਾਮਤ ਤੋਂ ਨਿਜਾਤ ਪਾਉਣ ਲਈ ਇਨ੍ਹਾਂ ਸਾਰੇ ਦੇਸ਼ਾਂ ਨੂੰ ਮਿਲ ਕੇ ਹੰਭਲਾ ਮਾਰਨਾ ਪਵੇਗਾ।

ਸਾਰਕ ਦੇਸ਼ਾਂ ਦੇ ਸਪੀਕਰਾਂ ਤੇ ਕਾਨੂੰਨਸਾਜ਼ਾਂ ਦੀ ਐਸੋਸੀਏਸ਼ਨ ਦੀ ਪੰਜਵੀਂ ਕਾਨਫਰੰਸ ਦਾ ਉਦਘਾਟਨ ਕਰਦਿਆਂ ਪ੍ਰਧਾਨ ਮੰਤਰੀ ਨੇ ਕਿਹਾ ਕਿ ਅਤਿਵਾਦ ਦੀ ਅਲਾਮਤ ਸਾਰੇ ਸਮਾਜਾਂ 'ਤੇ ਭਾਰੀ ਪੈ ਰਹੀ ਹੈ। ਇਹ ਉਹ ਕੈਂਸਰ ਹੈ ਜਿਸ ਨੂੰ ਜੇ ਨਾ ਰੋਕਿਆ ਗਿਆ ਤਾਂ ਇਹ ਸਾਰਿਆਂ ਨੂੰ ਨਿਗਲ ਲਵੇਗਾ। ਦੱਖਣੀ ਏਸ਼ੀਆ ਉਦੋਂ ਤੱਕ ਆਪਣੀ ਪੂਰੀ ਸਮਰੱਥਾ ਨੂੰ ਇਸਤੇਮਾਲ ਨਹੀਂ ਕਰ ਸਕਦਾ, ਜਿੰਨੀ ਦੇਰ ਤੱਕ ਖਿੱਤੇ ਅੰਦਰਲੇ ਮਤਭੇਦ ਸ਼ਾਂਤਮਈ ਢੰਗ ਨਾਲ ਨਹੀਂ ਸੁਲਝਾਏ ਜਾਂਦੇ ਤੇ ਆਪਣੇ ਮਸਲੇ ਆਪ ਸੁਲਝਾਉਣ ਦਾ ਸੱਭਿਆਚਾਰ ਵਿਕਸਤ ਨਹੀਂ ਕੀਤਾ ਜਾਂਦਾ। ਦੂਜੇ, ਸਾਡੇ ਲਈ ਸਾਡੇ ਮਸਲੇ ਹੱਲ ਨਹੀਂ ਕਰ ਸਕਦੇ। ਇਸ ਕਾਨਫਰੰਸ ਵਿਚ ਭਾਰਤ ਸਣੇ ਅਫਗਾਨਿਸਤਾਨ, ਬੰਗਲਾਦੇਸ਼, ਭੂਟਾਨ, ਸ੍ਰੀਲੰਕਾ, ਪਾਕਿਸਤਾਨ, ਮਾਲਦੀਵ ਤੇ ਨੇਪਾਲ ਦੇ ਸਪੀਕਰ ਤੇ ਕਾਨੂੰਨਸਾਜ਼ ਨੇ ਹਿੱਸਾ ਲਿਆ।

ਪ੍ਰਧਾਨ ਮੰਤਰੀ ਨੇ ਕਿਹਾ ਕਿ ਖਿੱਤੇ ਦੀ ਸਾਂਝੀ ਸੱਭਿਅਤਾ ਤੇ ਸਾਂਝੀ ਵਿਰਾਸਤ ਹੈ ਜੋ ਕਈ ਸਦੀਆਂ ਪੁਰਾਣੀ ਹੈ। ਉਨ੍ਹਾਂ ਕਿਹਾ ਕਿ ਅਸੀਂ ਆਪਣੇ ਬਹੁਵਾਦ ਤੇ ਧਰਮ, ਭਾਸ਼ਾ ਤੇ ਸੱਭਿਆਚਾਰ ਦੀ ਵਿਭਿੰਨਤਾ ਦਾ ਜਸ਼ਨ ਮਨਾਉਂਦੇ ਹਾਂ ਤੇ ਏਕਤਾ ਵਿਚੋਂ ਆਪਣੀ ਮਜ਼ਬੂਤੀ ਲੱਭਦੇ ਹਾਂ। ਸਾਨੂੰ ਸਾਰਿਆਂ ਨੂੰ ਦਰਪੇਸ਼ ਸਾਂਝੀਆਂ ਵੰਗਾਰਾਂ ਨਾਲ ਸਿੱਝਣ ਲਈ ਇਕਸੁਰ ਹੋ ਕੇ ਬੋਲਣ ਦੀ ਜਾਚ ਸਿੱਖਣੀ ਚਾਹੀਦੀ ਹੈ।

ਪ੍ਰਧਾਨ ਮੰਤਰੀ ਨੇ ਕਿਹਾ ਕਿ ਦੱਖਣੀ ਏਸ਼ੀਆ ਦੁਨੀਆਂ ਦਾ ਸਭ ਤੋਂ ਵੱਧ ਜਵਾਨ ਵਸੋਂ ਵਾਲਾ ਖਿੱਤਾ ਹੈ ਤੇ ਨੌਜਵਾਨ ਚੰਗੇਰੇ ਭਵਿੱਖ ਦੇ ਹੱਕਦਾਰ ਹਨ। ਉਨ੍ਹਾਂ ਕਿਹਾ, "ਅਸੀਂ ਆਪਣੇ ਅਮੀਰ ਭੂਗੋਲ ਦਾ ਲਾਹਾ ਤਾਂ ਹੀ ਉਠਾ ਸਕਾਂਗੇ ਜੇ ਅਸੀਂ ਆਪਣੇ ਨੌਜਵਾਨਾਂ ਨੂੰ ਸਹੀ ਕਿਸਮ ਦੇ ਹੁਨਰ ਨਾਲ ਲੈਸ ਕਰਾਂਗੇ ਤੇ ਉਨ੍ਹਾਂ ਦੀ ਊਰਜਾ ਨੂੰ ਉਤਪਾਦਕ ਪਾਸੇ ਲਾਵਾਂਗੇ। ਮੰਦਭਾਵਨਾ ਤੇ ਬੇਗਾਨਗੀ ਅਸਹਿਣਸ਼ੀਲਤਾ, ਹਿੰਸਾ ਤੇ ਦਹਿਸ਼ਤਵਾਦ ਲਈ ਜ਼ਰਖੇਜ਼ ਭੂਮੀ ਸਿੱਧ ਹੁੰਦੀ ਹੈ ਜੋ ਸਾਡੇ ਸਮਾਜਾਂ ਲਈ ਖ਼ਤਰਾ ਬਣਦੇ ਹਨ ਤੇ ਸਮਾਜਿਕ ਤਾਣੇ-ਬਾਣੇ ਨੂੰ ਕਮਜ਼ੋਰ ਬਣਾਉਂਦੇ ਹਨ।"


## Truck For Sale

**2007 Freightliner Columbia Truck For Sale**
**Miles:8 Lac,10 Thousands**
**Also One Reefer For Sale,**
**Model:2000, Good Condition**

**Contact:Gogi Ghumman (916) 257-7865**


## ਪੱਤਰਕਾਰ ਨੀਟਾ ਮਾਛੀਕੇ ਵਲੋਂ ਸਪਸ਼ਟੀਕਰਨ

**ਫਰਿਜ਼ਨੋ (ਬਿਊਰੋ):** ਪੱਤਰਕਾਰ ਨੀਟਾ ਮਾਛੀਕੇ ਨੇ ਕੁਝ ਪੰਜਾਬੀ ਅਖਬਾਰਾਂ ਵਿਚ ਪੰਜਾਬੀ ਪ੍ਰੈਸ ਕਲੱਬ ਦੀ ਤਰਫੋਂ ਪੀਪਲਜ਼ ਪਾਰਟੀ ਆਫ ਪੰਜਾਬ ਦੇ ਆਗੂ ਸ. ਮਨਪ੍ਰੀਤ ਸਿੰਘ ਬਾਦਲ ਵਲੋਂ ਕੁਝ ਪੱਤਰਕਾਰਾਂ ਨਾਲ ਕਥਿਤ ਦੁਰਵਿਹਾਰ ਦੀ ਨਿੰਦਾ ਸਬੰਧੀ ਛਪੀ ਖਬਰ ਵਿਚ ਆਪਣਾ ਨਾਂ ਵਰਤੇ ਜਾਣ ਦੀ ਨਿਖੇਧੀ ਕੀਤੀ ਹੈ। ਉਨ੍ਹਾਂ ਪੰਜਾਬ ਟਾਈਮਜ਼ ਨੂੰ ਭੇਜੇ ਇਕ ਬਿਆਨ ਵਿਚ ਕਿਹਾ ਹੈ ਕਿ ਮੇਰਾ ਨਾਂ ਮੇਰੀ ਮਰਜ਼ੀ ਤੋਂ ਬਿਨਾ ਸ਼ਾਮਲ ਕੀਤਾ ਗਿਆ ਹੈ। ਉਨ੍ਹਾਂ ਦਾ ਇਸ ਖਬਰ ਨਾਲ ਕੋਈ ਸਬੰਧ ਨਹੀਂ।

ਬਿਆਨ ਵਿਚ ਸ੍ਰੀ ਨੀਟਾ ਮਾਛੀਕੇ ਨੇ ਇਹ ਵੀ ਕਿਹਾ ਹੈ ਕਿ ਉਹ ਨਿਜੀ ਤੌਰ 'ਤੇ ਸ. ਮਨਪ੍ਰੀਤ ਸਿੰਘ ਬਾਦਲ ਦੇ ਹਮਾਇਤੀ ਹਨ ਅਤੇ ਉਨ੍ਹਾਂ ਦਾ ਸਤਿਕਾਰ ਕਰਦੇ ਹਨ।

## ਪਰਵਾਸੀ ਪੰਜਾਬੀਆਂ ਦੀਆਂ ਜ਼ਮੀਨਾਂ ਵੇਚਣ ਬਾਰੇ ਨੋਟਿਸ

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਹਾਈਕੋਰਟ ਵੱਲੋਂ ਬਾਹਰਲੇ ਦੇਸ਼ਾਂ ਵਿਚ ਜਾਣ ਵਾਲੇ ਵਿਅਕਤੀਆਂ ਦੀਆਂ ਜ਼ਮੀਨਾਂ ਜਾਅਲੀ ਬੰਦੇ ਖੜ੍ਹੇ ਕਰਕੇ ਵੇਚਣ ਦੇ ਮਾਮਲੇ ਵਿਚ ਚੰਡੀਗੜ੍ਹ ਪ੍ਰਸ਼ਾਸਨ ਸਮੇਤ ਪੰਜਾਬ ਤੇ ਹਰਿਆਣਾ ਸਰਕਾਰਾਂ ਨੂੰ ਮਿਤੀ 14 ਅਕਤੂਬਰ ਲਈ ਨੋਟਿਸ ਜਾਰੀ ਕੀਤਾ ਗਿਆ ਹੈ। ਇਥੇ ਇਹ ਦੱਸਣਯੋਗ ਹੈ ਕਿ ਗੁੜਗਾਉਂ ਦੇ ਪ੍ਰਸ਼ਾਸਨਿਕ ਜੱਜ ਐਮ.ਐਮ. ਕੁਮਾਰ ਨੂੰ ਸ੍ਰੀ ਮਲਿਕ ਵੱਲੋਂ ਇਕ ਪੱਤਰ ਲਿਖ ਕੇ ਇਹ ਗੱਲ ਧਿਆਨ ਕੇਂਦਰਿਤ ਕੀਤੀ ਗਈ ਕਿ ਜੋ ਲੋਕ ਦੋ-ਤਿੰਨ ਸਾਲ ਲਈ ਜਾਂ ਇਸ ਤੋਂ ਵੱਧ ਸਮੇਂ ਲਈ ਬਾਹਰਲੇ ਦੇਸ਼ਾਂ ਵਿਚ ਜਾਂਦੇ ਹਨ, ਉਨ੍ਹਾਂ ਤੋਂ ਬਾਅਦ ਉਨ੍ਹਾਂ ਦੀਆਂ ਜਾਇਦਾਦਾਂ ਨੂੰ ਜਾਅਲੀ ਵਿਅਕਤੀ ਖੜ੍ਹੇ ਕਰਕੇ ਵੇਚ ਦਿੱਤਾ ਜਾਂਦਾ ਹੈ। ਉਨ੍ਹਾਂ ਇਸ ਪੱਤਰ ਰਾਹੀਂ ਹਾਈਕੋਰਟ ਵੱਲੋਂ ਮੰਗ ਕੀਤੀ ਗਈ ਸੀ ਕਿ ਅਜਿਹੇ ਲੋਕਾਂ ਦੀ ਜਾਇਦਾਦਾਂ ਦੀ ਸੁਰੱਖਿਆ ਲਈ ਕੋਈ ਕਾਨੂੰਨ ਬਣਾਉਣ ਦੀ ਲੋੜ ਹੈ।

## ਸੰਸਦ ਮੈਂਬਰਾਂ ਨੂੰ ਵਿਕਾਸ ਲਈ ਮਿਲਣਗੇ 5 ਕਰੋੜ

**ਨਵੀਂ ਦਿੱਲੀ:** ਸੰਸਦ ਮੈਂਬਰਾਂ ਦੇ ਹਲਕਿਆਂ ਵਿਚ ਵਿਕਾਸ ਕਾਰਜਾਂ ਲਈ ਸਕੀਮ ਤਹਿਤ ਸਰਕਾਰ ਨੇ ਸਾਲਾਨਾ ਫੰਡ ਦੋ ਕਰੋੜ ਰੁਪਏ ਤੋਂ ਵਧਾ ਕੇ ਪੰਜ ਕਰੋੜ ਰੁਪਏ ਕਰ ਦਿੱਤਾ ਹੈ।

ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੀ ਪ੍ਰਧਾਨਗੀ ਹੇਠ ਹੋਈ ਕੈਬਨਿਟ ਦੀ ਮੀਟਿੰਗ ਦੀ ਕਾਰਵਾਈ ਬਾਰੇ ਜਾਣਕਾਰੀ ਦਿੰਦਿਆਂ ਸੂਚਨਾ ਤੇ ਪ੍ਰਸਾਰਨ ਮੰਤਰੀ ਅੰਬਿਕਾ ਸੋਨੀ ਨੇ ਕਿਹਾ, 'ਮੈਂਬਰ ਪਾਰਲੀਮੈਂਟ ਲੋਕਲ ਏਰੀਆ ਡਿਵੈਲਪਮੈਂਟ ਸਕੀਮ ਤਹਿਤ 2011-12 ਤੋਂ ਹਰੇਕ ਸੰਸਦ ਮੈਂਬਰ ਲਈ ਸਾਲਾਨਾ ਬਜਟ ਦੋ ਕਰੋੜ ਰੁਪਏ ਤੋਂ ਵਧਾ ਕੇ ਪੰਜ ਕਰੋੜ ਰੁਪਏ ਕਰਨ ਦਾ ਫੈਸਲਾ ਕੀਤਾ ਗਿਆ ਹੈ।'




Amandeep Singh
**Ph:916-712-2735**
DRE#01357217

## Buy a Home With Zero Cash! No Money Down!

**For FREE list of properties and pre-recorded information on how "NO MONEY DOWN" Program Work.**
**Govt. Loans, USDA, VA, Down Assistance Program and many more. Call Toll Free:1-888-450-6603 ID#4074**



**$169,000**
**Rancho Cordova - $645 Payment**
Quite street. Bright living & family room. Perfect home. Private Shaded backyard. Cozy fireplace.
**FREE INFO: 1-888-450-6603**
ID#4230



**$199,000**
**Elk Grove - $806 Payment**
Great School. Cul-de-sac. Ready to move. Clean. Family Home. Safe Neighborhood
**FREE INFO: 1-888-450-6603**
ID#4243



**$149,000**
**Sacramento – $604 Payment**
Open floor plan. First time homebuyer. Bank Owned. Clean. Less than Rent. Beautiful
**FREE INFO: 1-888-450-6603**
ID#4241



**$139,900**
**Vintage – $566 Payment**
Great deal for home buyer. Walking distance to school, park, shopping plazas. Desirable location. Family Home.
**FREE INFO: 1-888-450-6603**
ID#4234



**179,900**
**Vintage – $728 Payment**
4 Beds. 3 Car garage. Quite Street. Private backyard. Eat in Kitchen. Near school & par. Great Home. Bright rooms
**FREE INFO: 1-888-450-6603**
ID#4242



**$99,000**
**Sacramento – $405 Payment**
Safe Neighborhood. Investor dream. Easy access to highway. Great School. Open floor plan. RV access.
**FREE INFO: 1-888-450-6603**
ID#4247



**$189,000**
**Elk Grove – $765 Payment**
2 story. Separate family living room. Desirable location. Great Area. Beautiful. Tree lined streets.
**FREE INFO: 1-888-450-6603**
ID#4240



**$120,000**
**Sacramento – $479**
Nice 4 bedroom 2 bath house. Clean. Family room. Desirable location. Private back yard.
**FREE INFO: 1-888-450-6603**
ID#4244



**$149,000**
**Sacramento**
Preferable area. Quite Street. Open lay out. Good neighborhood. Lively, Walking distance to park.
**FREE INFO: 1-888-450-6603**
ID#4246



**$240,000**
**Elk Grove – $953**
5 Beds. Preferable location. Quite area. Tree lined street. Hardwood Floors. Formal Dining. Granite Counters
**FREE INFO: 1-888-450-6603**
ID#4238



**$168,000**
**Natomas - $667**
2 Story. Beautiful area. Newer homes. Club house. Walking trails. Remodel kitchen. Bright rooms.
**FREE INFO: 1-888-450-6603**
ID#4245




**For Short Sale I received over $4,500**
**FREE** cash back money when we did our short sale. Both my first, second loans, utility bills and property taxes were forgiven by the lenders. Mike and family

**Get Free list of Homes at www.statewideteam.net**

**Punjab Times**
**Established in 2000**
**11th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**

**Editor:**
Amolak Singh Jammu
**Astt. Editor:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Prof. Kulwant S. Romana

**California Bureau:**
Mann Mandeep
Bureau Chief
661-889-1927
Shiara Dhindsa
Photographer
661-703-6664
Charanjit Singh Pannu
408-608-4961

**Honorary Directors**
**Community Relations:**
Pritam S. Grewal
408-406-0703
Kuljeet Singh
510-284-9580

**Distributed in:**
California, Illinois, Indiana, Michigan, Wisconsin, Ohio, Iowa, Missisipi, Arkansas, Texas, Nevada, Virginia, Oregon, Arizona, Georgia, Florida, Massachusettes, Washington, New York, Missouri

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 85 ਡਾਲਰ,**
**ਪੰਜ ਸਾਲ ਲਈ: 400 ਡਾਲਰ**

ਨੋਟ: ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਕੇਂਦਰੀ ਵਜ਼ਾਰਤ 'ਚੋਂ ਸੱਤ ਮੰਤਰੀਆਂ ਦੀ ਛੁੱਟੀ

ਮਾਮਲਿਆਂ ਨੂੰ ਨਹੀਂ ਛੇੜਿਆ ਤੇ ਟੈਲੀਕਾਮ ਅਤੇ ਸ਼ਹਿਰੀ ਹਵਾਬਾਜ਼ੀ ਸਮੇਤ ਚਾਰ ਮੰਤਰੀਆਂ ਦਾ ਵਧੀਕ ਚਾਰਜ ਹੀ ਰੱਖਿਆ ਹੈ। ਵਾਤਾਵਰਣ ਬਾਰੇ ਮੁੱਦਿਆਂ 'ਤੇ ਵਧੇਰੇ ਸਰਗਰਮੀ ਕਾਰਨ ਸਦਾ ਵਿਵਾਦਗ੍ਰਸਤ ਰਹੇ ਜੈਰਾਮ ਰਮੇਸ਼ ਨੂੰ ਹੁਣ ਕੇਂਦਰੀ ਪੇਂਡੂ ਵਿਕਾਸ ਮੰਤਰੀ ਲਾਇਆ ਗਿਆ ਹੈ। ਵਿਲਾਸਰਾਓ ਦੇਸ਼ਮੁਖ ਸਾਇੰਸ ਤੇ ਤਕਨਾਲੋਜੀ ਤੇ ਅਰਥ ਸਾਇੰਸਿਜ਼ ਦੇ ਮੰਤਰੀ ਹੀ ਹੋਣਗੇ।

ਸੁਪਰੀਮ ਕੋਰਟ 'ਚ ਸਰਕਾਰ ਨੂੰ ਕਈ ਵਾਰ ਕਈ ਮੁੱਦਿਆਂ 'ਤੇ ਝੱਲਣੀ ਪਈ ਸ਼ਰਮਿੰਦਗੀ ਕਾਰਨ ਵੀਰੱਪਾ ਮੋਇਲੀ ਤੋਂ ਕਾਨੂੰਨ ਮੰਤਰਾਲਾ ਲੈ ਲਿਆ ਗਿਆ ਹੈ। ਤ੍ਰਿਣਮੂਲ ਕਾਂਗਰਸ ਦੇ ਆਗੂ ਦਿਨੇਸ਼ ਤ੍ਰਿਵੇਦੀ ਨੂੰ ਕੈਬਨਿਟ ਮੰਤਰੀ ਬਣਾ ਕੇ ਰੇਲਵੇ ਮੰਤਰਾਲਾ ਦੇ ਦਿੱਤਾ ਗਿਆ ਹੈ। ਬੇਨੀ ਪ੍ਰਸਾਦ ਵਰਮਾ ਨੂੰ ਸਟੀਲ ਲਈ ਕੈਬਨਿਟ ਮੰਤਰੀ ਲਾ ਦਿੱਤਾ ਗਿਆ ਹੈ। ਪਹਿਲਾਂ ਉਨ੍ਹਾਂ ਕੋਲ ਇਸੇ ਮੰਤਰਾਲੇ ਦਾ ਰਾਜ ਮੰਤਰੀ ਵਜੋਂ ਆਜ਼ਾਦਾਨਾ ਚਾਰਜ ਸੀ।

ਇਸ ਫੇਰਬਦਲ ਨਾਲ ਮੰਤਰੀਆਂ ਦੀ ਕੇਂਦਰੀ ਕੌਂਸਲ 'ਚ ਹੁਣ 60 ਮੰਤਰੀ ਹੋ ਗਏ ਹਨ। ਨਵੇਂ ਚਿਹਰਿਆਂ 'ਚੋਂ ਜੈਅੰਤੀ ਨਟਰਾਜਨ ਨੂੰ ਵਾਤਾਵਰਨ ਤੇ ਜੰਗਲਾਤ, ਡਿਬਰੂਗੜ੍ਹ ਦੇ ਸੰਸਦ ਮੈਂਬਰ ਪਵਨ ਸਿੰਘ ਘਾਟੋਵਾਰ ਨੂੰ ਡੀ.ਓ.ਐਨ.ਈ.ਆਰ., ਤ੍ਰਿਣਮੂਲ ਕਾਂਗਰਸ ਦੇ ਆਗੂ ਸੁਦੀਪ ਬੰਦੋਪਾਧਿਆਏ ਨੂੰ ਸਿਹਤ ਤੇ ਪਰਿਵਾਰ ਭਲਾਈ, ਅਲਵਰ ਦੇ ਸੰਸਦ ਮੈਂਬਰ ਜਤਿੰਦਰ ਸਿੰਘ ਨੂੰ ਗ੍ਰਹਿ, ਮਿਲਿੰਦ ਦਿਓੜਾ ਨੂੰ ਸੰਚਾਰ ਤੇ ਆਈ.ਟੀ. ਤੇ ਰਾਜੀਵ ਸ਼ੁਕਲਾ ਨੂੰ ਪਾਰਲੀਮਾਨੀ ਮਾਮਲਿਆਂ ਦਾ ਰਾਜ ਮੰਤਰੀ ਲਾਇਆ ਗਿਆ ਹੈ। ਇਸ ਕਵਾਇਦ 'ਚ ਸ੍ਰੀਕਾਂਤ ਜੇਨਾ ਤੇ ਗੁਰੂਦਾਸ ਕਾਮਤ ਰਾਜ ਮੰਤਰੀਆਂ ਵਜੋਂ ਆਜ਼ਾਦਾਨਾ ਚਾਰਜ ਲੈ ਕੇ ਵੀ ਖੁਸ਼ ਨਹੀਂ ਜਾਪੇ। ਇਸੇ ਕਰਕੇ ਉਹ ਅਹੁਦੇ ਦੀ ਸਹੁੰ ਚੁੱਕਣ ਲਈ ਰਾਸ਼ਟਰਪਤੀ ਭਵਨ ਵੀ ਨਹੀਂ ਪੁੱਜੇ। ਬਾਅਦ ਵਿਚ ਗੁਰੂਦਾਸ ਕਾਮਤ ਨੇ ਤਾਂ ਰੋਸ ਵਜੋਂ ਅਸਤੀਫਾ ਵੀ ਦੇ ਦਿੱਤਾ।



*ਸੋਨੀਆ ਗਾਂਧੀ ਦੇ ਪੈਰੀਂ ਹੱਥ ਲਾਉਣ ਲਈ ਅਹੁਲ ਰਿਹਾ ਇਕ ਨਵਾਂ ਮੰਤਰੀ*

ਇਸ ਵੱਡੇ ਫੇਰਬਦਲ ਦੇ ਬਾਵਜੂਦ ਕੱਪੜਾ ਤੇ ਜਲ ਸਰੋਤ ਮਹਿਕਮਿਆਂ ਦੇ ਵਧੀਕ ਚਾਰਜ ਅਜੇ ਵੀ ਆਨੰਦ ਸ਼ਰਮਾ ਤੇ ਪੀ.ਕੇ. ਬਾਂਸਲ ਨੂੰ ਦਿੱਤੇ ਗਏ ਹਨ। ਸ਼ਰਮਾ ਕੋਲ ਵਣਜ ਤੇ ਬਾਂਸਲ ਕੋਲ ਪਾਰਲੀਮਾਨੀ ਮਾਮਲਿਆਂ ਦੇ ਮਹਿਕਮੇ ਹਨ।

ਮਾਨਵ ਸਰੋਤ ਵਿਕਾਸ ਮੰਤਰੀ ਕਪਿਲ ਸਿੱਬਲ, ਟੈਲੀਕਾਮ ਮਹਿਕਮੇ ਦਾ ਵਧੀਕ ਚਾਰਜ ਸੰਭਾਲਦੇ ਰਹਿਣਗੇ ਜਦਕਿ ਓਵਰਸੀਜ਼ ਇੰਡੀਅਨ ਅਫੇਅਰਜ਼ ਮੰਤਰੀ ਵਾਇਲਾਰ ਰਵੀ ਸ਼ਹਿਰੀ ਹਵਾਬਾਜ਼ੀ ਮਹਿਕਮੇ ਦਾ ਵਧੀਕ ਚਾਰਜ ਵੀ ਰੱਖਣਗੇ। ਆਂਧਰਾ ਪ੍ਰਦੇਸ਼ ਤੋਂ ਸੰਸਦ ਮੈਂਬਰ ਕਿਸ਼ੋਰ ਚੰਦਰ ਦਿਓ ਪਹਿਲੀ ਵਾਰ ਕੇਂਦਰੀ ਮੰਤਰੀ ਬਣੇ ਹਨ ਤੇ ਜੈਪਾਲ ਰੈਡੀ ਮਗਰੋਂ ਉਹ ਰਾਜ ਦੇ ਦੂਜੇ ਮੰਤਰੀ ਹਨ। ਸ਼ਿਪਿੰਗ ਤੇ ਰੇਲਵੇ ਲਈ ਰਾਜ ਮੰਤਰੀ ਮੁਕੁਲ ਰਾਏ ਜਿਨ੍ਹਾਂ ਨੇ ਰੇਲ ਹਾਦਸੇ ਵਾਲੀ ਥਾਂ ਪੁੱਜਣ ਦੀ ਪ੍ਰਧਾਨ ਮੰਤਰੀ ਦੀ ਹਦਾਇਤ ਦੀ ਅਵੱਗਿਆ ਕੀਤੀ ਸੀ, ਤੋਂ ਰੇਲਵੇ ਮਹਿਕਮਾ ਵਾਪਸ ਲੈ ਲਿਆ ਗਿਆ ਹੈ।

ਉਧਰ, ਵਜ਼ਾਰਤ ਵਿਚ ਸ਼ਾਮਲ ਨਾ ਕੀਤੇ ਜਾਣ ਤੋਂ ਨਾਖੁਸ਼ ਰਾਜ ਮੰਤਰੀ ਗੁਰੂਦਾਸ ਕਾਮਤ ਨੇ ਇਹ ਕਹਿੰਦਿਆਂ ਅਸਤੀਫ਼ਾ ਦੇ ਦਿੱਤਾ ਕਿ ਉਹ ਪਾਰਟੀ ਲਈ ਕੰਮ ਕਰਨਾ ਚਾਹੁੰਦੇ ਹਨ। 57 ਸਾਲਾ ਕਾਮਤ ਨੇ ਆਪਣਾ ਅਸਤੀਫ਼ਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਸੌਂਪਿਆ। ਕਾਮਤ ਮੁੰਬਈ ਤੋਂ ਪੰਜ ਸਾਲ ਐਮ.ਪੀ. ਰਹਿ ਚੁੱਕੇ ਹਨ। ਪ੍ਰਧਾਨ ਮੰਤਰੀ ਨੇ ਆਖਿਆ ਹੈ ਕਿ ਮੰਤਰੀ ਮੰਡਲ 'ਚ ਇਹ ਫੇਰਬਦਲ 2014 'ਚ ਹੋਣ ਵਾਲੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਦਾ ਆਖਰੀ ਫੇਰਬਦਲ ਹੈ ਪਰ 'ਕੁਲੀਸ਼ਨ ਧਰਮ' ਨਿਭਾਉਂਦਿਆਂ ਡੀ.ਐਮ.ਕੇ. ਨੂੰ ਮੌਕਾ ਦੇਣ ਲਈ ਦੋ ਸੀਟਾਂ ਇਸ ਦੇ ਲਈ ਖਾਲੀ ਰੱਖੀਆਂ ਹਨ।

ਪੰਜਾਬ ਨੂੰ ਨੁਮਾਇੰਦਗੀ ਨਾ ਮਿਲੀ: ਇਸ ਵਾਰ ਪੰਜਾਬ ਨੂੰ ਵਜ਼ਾਰਤ ਵਿਚ ਹੋਰ ਨੁਮਾਇੰਦਗੀ ਮਿਲਣ ਦੀ ਬੜੀ ਚਰਚਾ ਸੀ। ਲੋਕ ਸਭਾ ਮੈਂਬਰ ਰਵਨੀਤ ਸਿੰਘ ਬਿੱਟੂ ਨੂੰ ਵਜ਼ਾਰਤ ਵਿਚ ਥਾਂ ਮਿਲਣ ਦੇ ਆਸਾਰ ਸਨ ਪਰ ਅਜਿਹਾ ਨਹੀਂ ਹੋ ਸਕਿਆ।

ਆਖਰੀ ਫੇਰਬਦਲ?: ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਆਖਿਆ ਹੈ ਕਿ ਇਹ ਫੇਰ-ਬਦਲ 2014 'ਚ ਹੋਣ ਵਾਲੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਦਾ ਆਖਰੀ ਫੇਰਬਦਲ ਹੈ। ਉਂਝ, ਉਹ ਆਪਣੇ ਇਸ ਬਿਆਨ ਨੂੰ ਬਹੁਤਾ ਸਪਸ਼ਟ ਨਹੀਂ ਕਰ ਸਕੇ।

# ਪੰਜਾਬ ਵਿਧਾਨ ਸਭਾ ਚੋਣਾਂ ਦਸੰਬਰ ਮਹੀਨੇ ਵਿਚ?

*(ਸਫਾ ਇਕ ਦੀ ਬਾਕੀ)*

ਚੋਣ ਕਮਿਸ਼ਨ ਦੇ ਕੰਮ 'ਚ ਆ ਰਹੀ ਤੇਜ਼ੀ ਵੀ ਚੋਣਾਂ ਸਮੇਂ ਤੋਂ ਪਹਿਲਾਂ ਕਰਵਾਏ ਜਾਣ ਦਾ ਵੱਡਾ ਸੰਕੇਤ ਮੰਨਿਆ ਜਾ ਰਿਹਾ ਹੈ। ਤਿੰਨ ਸਾਲਾਂ ਤੋਂ ਵੱਧ ਠਹਿਰ ਵਾਲੇ ਤੇ ਆਪਣੇ ਪਿਤਰੀ ਜ਼ਿਲ੍ਹੇ ਵਿਚ ਤਾਇਨਾਤ ਸਾਰੇ ਅਧਿਕਾਰੀਆਂ ਦੇ 15 ਜੁਲਾਈ ਤੱਕ ਤਬਾਦਲੇ ਕਰਨ ਦੀ ਤਾਰੀਖ ਮਿਥ ਦਿੱਤੀ ਗਈ ਹੈ। ਇਸ ਦੇ ਨਾਲ ਹੀ ਚੋਣਾਂ ਦੀਆਂ ਤਿਆਰੀਆਂ ਦੇ ਨਿਰੀਖਣ ਲਈ ਚੋਣ ਕਮਿਸ਼ਨ ਦੀ ਟੀਮ 14 ਜੁਲਾਈ ਨੂੰ ਚੰਡੀਗੜ੍ਹ ਆਈ। ਚੋਣ ਕਮਿਸ਼ਨ ਵੱਲੋਂ ਜੁਲਾਈ-ਅਗਸਤ ਮਹੀਨੇ ਵਿਚ ਹੀ ਜੇਕਰ ਸਭ ਜ਼ਰੂਰੀ ਪ੍ਰਬੰਧ ਤੇ ਤਿਆਰੀਆਂ ਮੁਕੰਮਲ ਕਰ ਲਈਆਂ ਜਾਂਦੀਆਂ ਤਾਂ ਫਿਰ ਰਾਜ ਸਰਕਾਰਾਂ ਅਜਿਹਾ ਇਤਰਾਜ਼ ਵੀ ਨਹੀਂ ਕਰ ਸਕਦੀਆਂ ਕਿ ਉਨ੍ਹਾਂ ਨੇ ਅਜੇ ਤਿਆਰੀਆਂ ਮੁਕੰਮਲ ਨਹੀਂ ਕੀਤੀਆਂ।

ਇਸ ਵਾਰ ਖਾਸ ਗੱਲ ਇਹ ਹੈ ਕਿ ਪੰਜਾਬ ਵਿਧਾਨ ਸਭਾ ਚੋਣਾਂ ਵਿਚ ਭਾਵੇਂ ਗਿਣਤੀ ਦੇ ਮਹੀਨੇ ਹੀ ਰਹਿ ਗਏ ਹਨ ਪਰ ਕਿਸੇ ਵੀ ਸਿਆਸੀ ਧਿਰ ਕੋਲ ਅਜੇ ਤੱਕ ਕੋਈ ਉਭਰਵਾਂ ਮੁੱਦਾ ਨਹੀਂ ਜੋ ਲੋਕਾਂ ਨੂੰ ਖਿੱਚਣ ਵਾਲਾ ਹੋਵੇ। ਅਕਾਲੀ-ਭਾਜਪਾ ਗਠਜੋੜ, ਕਾਂਗਰਸ ਤੇ ਨਵੀਂ ਬਣੀ ਪੀਪਲਜ਼ ਪਾਰਟੀ ਆਫ ਪੰਜਾਬ ਵੱਲੋਂ ਭਾਵੇਂ ਸਿਆਸੀ ਸਰਗਰਮੀਆਂ ਤੇਜ਼ ਕਰ ਦਿੱਤੀਆਂ ਗਈਆਂ ਹਨ ਪਰ ਉਭਰਵੇਂ ਮੁੱਦਿਆਂ ਦੀ ਅਣਹੋਂਦ ਕਾਰਨ ਕਿਸੇ ਵੀ ਧਿਰ ਦੇ ਹੱਕ 'ਚ ਲਹਿਰ ਬਣਨ ਵਾਲੀ ਗੱਲ ਕਿਧਰੇ ਨਜ਼ਰ ਨਹੀਂ ਆ ਰਹੀ। ਤਿੰਨਾਂ ਮੁੱਖ ਧਿਰਾਂ ਦੀ ਸਰਗਰਮੀ, ਪ੍ਰੋਗਰਾਮਾਂ ਅਤੇ ਲੋਕਾਂ ਦੇ ਰੁਝਾਨ ਤੋਂ ਇਹੀ ਅੰਦਾਜ਼ਾ ਲੱਗ ਰਿਹਾ ਹੈ ਕਿ ਇਸ ਵਾਰ ਕਿਸੇ ਇਕ ਧਿਰ ਦੇ ਹੱਕ 'ਚ ਹਵਾ ਵਾਲੀ ਗੱਲ ਦੀ ਬਹੁਤੀ ਗੁੰਜਾਇਸ਼ ਨਹੀਂ।

ਮੁੱਦਿਆਂ ਤੇ ਮਸਲਿਆਂ ਦੇ ਨਾਲ ਇਕ ਹੋਰ ਗੱਲ ਇਹ ਹੈ ਕਿ ਇਸ ਵਾਰ ਸਿਆਸੀ ਨੇਤਾਵਾਂ ਵਿਚ ਖਿੱਚ ਦਾ ਕਾਰਨ ਬਣਨ ਵਾਲੀ ਕੋਈ ਨਵੀਂ ਸ਼ਖਸੀਅਤ ਵੀ ਸ਼ਾਮਲ ਨਹੀਂ ਸਗੋਂ ਸਾਰੇ ਚਿਹਰੇ ਪੁਰਾਣੇ ਹੀ ਹਨ। ਸ. ਮਨਪ੍ਰੀਤ ਸਿੰਘ ਬਾਦਲ ਭਾਵੇਂ ਅਕਾਲੀ ਦਲ ਤੋਂ ਵੱਖ ਹੋ ਕੇ ਪੀਪਲਜ਼ ਪਾਰਟੀ ਦੇ ਆਗੂ ਵਜੋਂ ਉਭਰੇ ਹਨ ਪਰ ਪੰਜਾਬ ਦੀ ਸਿਆਸਤ 'ਚ ਉਹ ਵੀ ਕਾਫੀ ਪੁਰਾਣੇ ਹਨ। ਸੰਨ 2002 ਦੀਆਂ ਚੋਣਾਂ ਸਮੇਂ ਕੈਪਟਨ ਅਮਰਿੰਦਰ ਸਿੰਘ ਦੀ ਸ਼ਖਸੀਅਤ ਦਾ ਨਵਾਂ ਜਲਵਾ ਸੀ ਤੇ ਉਨ੍ਹਾਂ ਵੱਲੋਂ ਭ੍ਰਿਸ਼ਟਾਚਾਰ ਵਿਰੁੱਧ ਉੱਚੀ ਆਵਾਜ਼ 'ਚ ਦਿੱਤੇ ਹੋਕੇ ਦਾ ਵੀ ਲੋਕਾਂ ਦੇ ਮਨਾਂ 'ਚ ਡੂੰਘਾ ਪ੍ਰਭਾਵ ਪਿਆ ਸੀ ਤੇ ਸੰਗਤ ਦਰਸ਼ਨ ਦੀ ਮੁਹਿੰਮ ਰਾਹੀਂ ਚੰਗਾ ਰਸੂਖ ਬਣਾਉਣ ਦੇ ਬਾਵਜੂਦ ਅਕਾਲੀ ਦਲ ਅਤੇ ਸ. ਪ੍ਰਕਾਸ਼ ਸਿੰਘ ਬਾਦਲ ਕਾਂਗਰਸ ਦੀ ਚੜ੍ਹਤ ਨੂੰ ਨਹੀਂ ਰੋਕ ਸਕੇ ਸਨ।

ਪੀਪਲਜ਼ ਪਾਰਟੀ ਆਫ ਪੰਜਾਬ ਦੇ ਪ੍ਰਧਾਨ ਮਨਪ੍ਰੀਤ ਸਿੰਘ ਬਾਦਲ ਸਾਊ ਅਤੇ ਇਮਾਨਦਾਰ ਬਿਰਤੀ ਵਾਲੇ ਸਮਝੇ ਜਾ ਰਹੇ ਹਨ। ਅਕਾਲੀ ਦਲ ਤੋਂ ਵੱਖ ਹੋ ਕੇ ਰਾਜ ਅੰਦਰ ਸਾਫ ਰਾਜਨੀਤੀ ਦੀਆਂ ਕੀਤੀਆਂ ਗੱਲਾਂ ਨਾਲ ਲੋਕਾਂ ਖਾਸਕਰ ਦਰਮਿਆਨ ਵਰਗ ਦਾ ਵੱਡਾ ਹਿੱਸਾ ਫਿਲਹਾਲ ਉਨ੍ਹਾਂ ਤੋਂ ਪ੍ਰਭਾਵਿਤ ਹੋਇਆ ਹੈ।

# ਮਜੀਠੀਏ ਨੇ ਯੂਥ ਦਲ ਦੀ ਕਮਾਨ ਸੰਭਾਲੀ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨੂੰ ਪਾਰਟੀ ਦੇ ਯੂਥ ਵਿੰਗ ਦਾ ਪ੍ਰਧਾਨ ਬਣਾ ਦਿੱਤਾ ਹੈ। ਸ. ਬਾਦਲ ਨੇ ਯੂਥ ਵਿੰਗ ਦੇ ਜਥੇਬੰਦਕ ਢਾਂਚੇ ਸਬੰਧੀ ਫੈਸਲਾ ਲੈਣ ਦੇ ਅਧਿਕਾਰ ਵੀ ਸ. ਮਜੀਠੀਆ ਨੂੰ ਦਿੱਤੇ ਹਨ।

ਨਿਯੁਕਤੀ ਤੋਂ ਬਾਅਦ ਸ. ਮਜੀਠੀਆ ਨੇ ਕਿਹਾ ਹੈ ਕਿ ਅਕਾਲੀ-ਭਾਜਪਾ ਸਰਕਾਰ ਸਮੇਂ ਪੰਜਾਬ ਦਾ ਚੁਤਰਫਾ ਵਿਕਾਸ ਹੋਇਆ ਹੈ ਤੇ ਯੂਥ ਅਕਾਲੀ ਦਲ ਸਰਕਾਰ ਦੀਆਂ ਪ੍ਰਾਪਤੀਆਂ ਨੂੰ ਧੜੱਲੇ ਨਾਲ ਲੋਕਾਂ 'ਚ ਲੈ ਕੇ ਜਾਵੇਗਾ। ਪੰਜਾਬ ਦੇ ਇਤਿਹਾਸ ਵਿਚ ਇਹ ਪਹਿਲੀ ਵਾਰ ਹੋਇਆ ਹੈ ਕਿ ਗਠਜੋੜ ਸਰਕਾਰ ਨੇ 75 ਹਜ਼ਾਰ ਬੇਰੁਜ਼ਗਾਰ ਨੌਜਵਾਨਾਂ ਨੂੰ ਨੌਕਰੀਆਂ ਦਿੱਤੀਆਂ ਹਨ ਤੇ ਇਹ ਭਰਤੀ ਨਿਰੋਲ ਯੋਗਤਾ ਦੇ ਆਧਾਰ 'ਤੇ ਕੀਤੀ ਗਈ ਹੈ। ਨੌਜਵਾਨਾਂ ਲਈ ਰੁਜ਼ਗਾਰ ਦਾ ਮਸਲਾ ਸਭ ਤੋਂ ਵੱਡਾ ਤੇ ਅਹਿਮ ਹੈ ਤੇ ਇਸ ਮਾਮਲੇ ਵਿਚ ਅਕਾਲੀ-ਭਾਜਪਾ ਦੀ ਕਾਰਗੁਜ਼ਾਰੀ ਸ਼ਾਨਦਾਰ ਹੈ।

ਉਨ੍ਹਾਂ ਕਿਹਾ ਕਿ ਬੁਨਿਆਦੀ ਢਾਂਚੇ ਦੀ ਉਸਾਰੀ ਤੋਂ ਲੈ ਕੇ ਬਠਿੰਡਾ ਦੇ ਤੇਲ ਸੋਧਕ ਕਾਰਖਾਨੇ, ਨਵੇਂ ਪੁਲਾਂ, ਪਿੰਡਾਂ ਦੇ ਹਰ ਤਰ੍ਹਾਂ ਦੇ ਵਿਕਾਸ, ਖੇਡਾਂ ਤੇ ਹਰ ਤਰ੍ਹਾਂ ਦੇ ਵਿਕਾਸ 'ਚ ਅੱਜ ਪੰਜਾਬ ਦੇਸ਼ ਦਾ ਮੋਹਰੀ ਸੂਬਾ ਬਣ ਰਿਹਾ ਹੈ। ਇਸ ਵਿਕਾਸ ਨਾਲ ਲੋਕਾਂ ਲਈ ਰੁਜ਼ਗਾਰ ਦੇ ਮੌਕੇ ਵੀ ਖੁੱਲ੍ਹੇ ਹਨ ਤੇ ਸੂਬਾ ਤਰੱਕੀ ਦੇ ਰਾਹ ਤੁਰਿਆ ਹੈ। ਯੂਥ ਅਕਾਲੀ ਦਲ 'ਚ ਪਿਛਲੇ ਸਮੇਂ ਦੌਰਾਨ ਜਥੇਬੰਦਕ ਢਾਂਚੇ ਦੀ ਅਣਹੋਂਦ ਕਾਰਨ ਆਈ ਨਿਰਾਸ਼ਾ ਬਾਰੇ ਸ. ਮਜੀਠੀਆ ਨੇ ਕਿਹਾ ਕਿ ਜਥੇਬੰਦਕ ਢਾਂਚੇ 'ਚ ਦੇਰੀ ਕਾਰਨ ਥੋੜ੍ਹੀ ਬਹੁਤ ਕਮਜ਼ੋਰੀ ਦਿਖੀ ਹੋਵੇਗੀ ਪਰ ਪਿਛਲੇ ਦਿਨਾਂ 'ਚ ਯੂਥ ਦਲ ਵੱਲੋਂ ਕੀਤੀਆਂ ਰੈਲੀਆਂ 'ਚ ਹੋਏ ਇਕੱਠ ਇਹ ਸਾਬਤ ਕਰਦੇ ਹਨ ਕਿ ਨੌਜਵਾਨ ਯੂਥ ਅਕਾਲੀ ਦਲ ਦੀ ਅਗਵਾਈ 'ਚ ਸਰਗਰਮ ਹੋਣ ਲਈ ਤਿਆਰ ਹਨ।

# ਕਨਿਸ਼ਕ ਕਾਂਡ ਪੀੜਤਾਂ ਵੱਲੋਂ ਮੁਆਵਜ਼ੇ ਦੀ ਪੇਸ਼ਕਸ਼ ਰੱਦ

**ਟੋਰਾਂਟੋ:** ਕਨਿਸ਼ਕ ਹਵਾਈ ਜਹਾਜ਼ ਬੰਬ ਕਾਂਡ ਵਿਚ ਮਰਨ ਵਾਲੇ 329 ਵਿਅਕਤੀਆਂ ਦੇ ਪਰਿਵਾਰਾਂ ਨੇ ਇਸ ਸਬੰਧੀ ਕੈਨੇਡਾ ਸਰਕਾਰ ਵੱਲੋਂ ਯਕਮੁਸ਼ਤ ਮੁਆਵਜ਼ੇ ਦੀ ਕੀਤੀ ਗਈ ਪੇਸ਼ਕਸ਼ ਨੂੰ ਰੱਦ ਕਰ ਦਿੱਤਾ ਹੈ। ਉਨ੍ਹਾਂ ਪ੍ਰਤੀ ਮ੍ਰਿਤਕ 24 ਹਜ਼ਾਰ ਡਾਲਰ ਮੁਆਵਜ਼ੇ ਨੂੰ 'ਅਪਮਾਨਜਨਕ' ਕਰਾਰ ਦਿੱਤਾ ਹੈ। ਇਸ ਯਕਮੁਸ਼ਤ ਅਦਾਇਗੀ ਦੀ ਪੇਸ਼ਕਸ਼ ਬੀਤੇ ਹਫ਼ਤੇ ਟੋਰਾਂਟੋ ਵਿਚ ਹੋਈ ਮੀਟਿੰਗ ਵਿੱਚ ਕੀਤੀ ਗਈ ਸੀ ਜਿਸ ਵਿਚ ਤਕਰੀਬਨ 40 ਪੀੜਤ ਪਰਿਵਾਰਾਂ ਨੇ ਨਿੱਜੀ ਤੌਰ 'ਤੇ ਜਾਂ ਵੀਡੀਓ ਕਾਨਫਰੰਸਿੰਗ ਰਾਹੀਂ ਸ਼ਿਰਕਤ ਕੀਤੀ। ਕੈਨੇਡੀਅਨ ਸਰਕਾਰ ਨੇ ਇਸ 24 ਹਜ਼ਾਰ ਡਾਲਰ ਪ੍ਰਤੀ ਵਿਅਕਤੀ ਮੁਆਵਜ਼ੇ ਦੀ ਪੇਸ਼ਕਸ਼ ਇਸ ਬਾਰੇ ਕਾਇਮ ਏਅਰ ਇੰਡੀਆ ਜਾਂਚ ਕਨਿਸ਼ਕ ਦੀਆਂ ਸਿਫਾਰਸ਼ਾਂ ਮੁਤਾਬਕ ਕੀਤੀ ਜਿਸ ਦੇ ਮੁਖੀ ਕੈਨੇਡਾ ਦੇ ਸਾਬਕਾ ਚੀਫ਼ ਜਸਟਿਸ ਜੌਹਨ ਮੇਜਰ ਸਨ।

ਕਨਿਸ਼ਕ ਬੰਬ ਕਾਂਡ 23 ਜੂਨ, 1985 ਨੂੰ ਵਾਪਰਿਆ ਸੀ। ਏਅਰ ਇੰਡੀਆ ਦਾ ਇਹ ਹਵਾਈ ਜਹਾਜ਼ ਮਾਂਟਰੀਅਲ (ਕੈਨੇਡਾ) ਤੋਂ ਨਵੀਂ ਦਿੱਲੀ ਲਈ ਰਵਾਨਾ ਹੋਇਆ ਸੀ ਤੇ ਆਇਰਲੈਂਡ ਲਾਗੇ ਆਸਮਾਨ ਵਿਚ ਧਮਾਕੇ ਦਾ ਸ਼ਿਕਾਰ ਹੋ ਕੇ ਸਮੁੰਦਰ ਵਿੱਚ ਡਿੱਗ ਪਿਆ ਸੀ। ਦੇਸ਼ ਦੀ ਇਸ ਸਭ ਤੋਂ ਭਿਆਨਕ ਅਤਿਵਾਦੀ ਵਾਰਦਾਤ ਵਿਚ 329 ਵਿਅਕਤੀ ਮਾਰੇ ਗਏ ਸਨ ਜਿਨ੍ਹਾਂ ਵਿਚੋਂ ਬਹੁਤੇ ਭਾਰਤੀ ਸਨ।

ਹਾਦਸੇ ਵੇਲੇ ਜਹਾਜ਼ ਚਲਾ ਰਹੇ ਪਾਇਲਟ ਨਰੇਂਦਰ ਦੇ ਪੁੱਤਰ ਅਨਿਲ ਹਾਂਸ ਨੇ ਇਸ ਬਾਰੇ ਕਿਹਾ, "ਸਾਨੂੰ ਬਹੁਤ ਗੁੱਸਾ ਆ ਰਿਹਾ ਹੈ। ਇਹ ਬਹੁਤ ਅਪਮਾਨਜਨਕ ਵੀ ਹੈ। ਆਖਰ ਉਨ੍ਹਾਂ ਇਹ ਰਕਮ (24 ਹਜ਼ਾਰ ਡਾਲਰ) ਲਿਆਂਦੀ ਕਿੱਥੋਂ ਹੈ?"

ਗ਼ੌਰਤਲਬ ਹੈ ਕਿ ਕੈਨੇਡੀਅਨ ਸੁਰੱਖਿਆ ਏਜੰਸੀਆਂ ਨੂੰ ਇਸ ਹਮਲੇ ਦੇ ਖ਼ਦਸ਼ੇ ਬਾਰੇ ਕਈ ਖੁਫੀਆ ਰਿਪੋਰਟਾਂ ਮਿਲੀਆਂ ਸਨ ਪਰ ਉਨ੍ਹਾਂ ਸਾਰੀਆਂ ਰਿਪੋਰਟਾਂ ਨੂੰ ਨਜ਼ਰਅੰਦਾਜ਼ ਕਰ ਦਿੱਤਾ ਗਿਆ ਸੀ। ਸ੍ਰੀ ਹਾਂਸ ਨੇ ਇਹ ਵੀ ਦੋਸ਼ ਲਾਇਆ ਕਿ ਕੈਨੇਡੀਅਨ ਸਰਕਾਰ ਵੱਲੋਂ ਪੀੜਤਾਂ ਨਾਲ 'ਪ੍ਰਸ਼ਾਸਕੀ ਤ੍ਰਿਸਕਾਰ' ਵਾਲਾ ਵਿਹਾਰ ਕੀਤਾ ਗਿਆ, ਤੇ ਇਸ ਲਈ ਘੱਟੋ-ਘੱਟ ਮੁਆਫ਼ੀ ਜ਼ਰੂਰ ਮੰਗੀ ਜਾਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਹਾਲਾਂਕਿ ਉਹ ਪੈਸੇ ਲਈ ਨਹੀਂ ਸਗੋਂ ਇਨਸਾਫ਼ ਲਈ ਲੜ ਰਹੇ ਹਨ ਪਰ ਤਾਂ ਵੀ ਇੰਨੀ ਰਕਮ ਦੇਣ ਦੇ ਐਲਾਨ ਨੇ ਉਨ੍ਹਾਂ ਨੂੰ ਦੁਖੀ ਕੀਤਾ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

ਬੀਬੀ ਨਵਦੀਪ ਕੌਰ (ਡਾ.)
ਸ੍ਰੀ ਸੰਨੀ ਧੂੜ (ਮਿਸ਼ੀਗਨ)
ਪ੍ਰੋ ਜੋਗਿੰਦਰ ਸਿੰਘ ਰਮਦੇਵ
ਸ. ਸਵਰਨਜੀਤ ਸਿੰਘ ਢਿਲੋਂ
ਸ. ਅਮੋਲਕ ਸਿੰਘ ਗਾਖਲ
ਸ. ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ

ਸ. ਬਲਵਿੰਦਰ ਸਿੰਘ ਸੰਧੂ
ਸ. ਹਰਜੀਤ ਸਿੰਘ ਸਾਹੀ
ਸ੍ਰੀ ਸਰਵਣ ਸਿੰਘ ਟਿਵਾਣਾ
ਸ. ਜੈਦੇਵ ਸਿੰਘ ਭੱਠਲ
ਸ. ਸ਼ਮਸ਼ੇਰ ਸਿੰਘ ਬੋਪਾਰਾਏ
ਸ. ਜਗਦੀਸ਼ਰ ਸਿੰਘ ਕਲੇਰ (ਮਿਲਵਾਕੀ)

ਸ. ਦਰਸ਼ਨ ਸਿੰਘ ਦਰੜ
ਸ. ਰਾਜਿੰਦਰ ਸਿੰਘ ਬੈਂਸ
ਸ. ਮਨਦੀਪ ਸਿੰਘ ਭੂਰਾ
ਸ੍ਰੀ ਗੁਰਿੰਦਰ ਸਿੰਘ ਗਿੱਲ
ਸ੍ਰੀ ਹੈਪੀ ਹੀਰ

## ਮਮਤਾ ਵੱਲੋਂ ਮਾਓਵਾਦੀਆਂ ਨੂੰ ਹਥਿਆਰ ਸੁੱਟਣ ਦੀ ਸਲਾਹ

**ਨਯਾਗ੍ਰਾਮ:** ਜੰਗਲ ਮਹਿਲ ਖੇਤਰ ਦੇ ਮਾਓਵਾਦੀਆਂ ਦੇ ਦਬਦਬੇ ਵਾਲੇ ਤਿੰਨ ਜ਼ਿਲ੍ਹਿਆਂ ਨੂੰ ਵਿਸ਼ੇਸ਼ ਪੈਕੇਜ ਦੇਣ ਦਾ ਆਪਣਾ ਵਾਅਦਾ ਪੁਗਾਉਂਦਿਆਂ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ 12 ਜੁਲਾਈ ਨੂੰ ਇਥੇ ਪੁੱਜੀ ਤੇ ਖੇਤਰ ਲਈ ਬਹੁਤ ਸਾਰੇ ਵਿਕਾਸ ਕਾਰਜਾਂ ਦਾ ਐਲਾਨ ਕਰਦਿਆਂ ਨਕਸਲੀਆਂ ਨੂੰ ਅਪੀਲ ਕੀਤੀ ਕਿ ਜੇਕਰ ਉਨ੍ਹਾਂ ਨੇ ਲੜਨਾ ਹੀ ਹੈ ਤਾਂ ਆਪਣੇ ਦੇਸ਼ ਦੀ ਖਾਤਰ ਲੜਨ। ਉਨ੍ਹਾਂ ਕਿਹਾ ਕਿ ਹਿੰਸਾ ਕਿਸੇ ਵੀ ਰੂਪ 'ਚ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

ਮੁੱਖ ਮੰਤਰੀ ਬਣਨ ਮਗਰੋਂ ਬਾਗ਼ੀਆਂ ਦੇ ਇਸ ਗੜ੍ਹ 'ਚ ਪਹਿਲੀ ਵਾਰ ਫੇਰੀ ਪਾਉਂਦਿਆਂ ਮਮਤਾ ਬੈਨਰਜੀ ਨੇ ਇਕ ਵੱਡੇ ਆਰਥਿਕ ਪੈਕੇਜ ਦਾ ਐਲਾਨ ਕੀਤਾ ਜਿਸ 'ਚ ਵਧੇਰੇ ਜ਼ੋਰ ਸਿੱਖਿਆ ਤੇ ਰੁਜ਼ਗਾਰ 'ਤੇ ਦਿੱਤਾ ਗਿਆ ਹੈ। ਪੱਛਮੀ ਮਿਦਨਾਪੁਰ ਜ਼ਿਲ੍ਹੇ 'ਚ ਇਕ ਜਨਤਕ ਰੈਲੀ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਹੁਣ ਜੰਗਲ ਮਹਿਲ 'ਚ ਖੂਨ-ਖਰਾਬਾ ਨਹੀਂ ਹੋਏਗਾ। ਨਕਸਲੀਆਂ ਦਾ ਨਾਂ ਲਏ ਬਿਨਾਂ ਉਨ੍ਹਾਂ ਕਿਹਾ ਕਿ ਜੇਕਰ ਬੰਦੂਕਾਂ ਲੈ ਕੇ ਆਪਣੇ ਹੀ ਭਰਾਵਾਂ ਵਿਰੁੱਧ ਲੜਨ ਵਾਲੇ ਦੇਸ਼ ਲਈ ਲੜਨ ਤਾਂ ਇਸ ਨਾਲ ਦੇਸ਼ ਦਾ ਤੇ ਹੋਰਾਂ ਦਾ ਵੀ ਫਾਇਦਾ ਹੋਏਗਾ। ਉਨ੍ਹਾਂ ਕਿਹਾ ਕਿ ਅਸਲ 'ਚ ਅਜਿਹਾ ਕਰਕੇ ਵਿਕਾਸ 'ਚ ਅੜਿੱਕਾ ਪਾਇਆ ਜਾ ਰਿਹਾ ਹੈ ਜਦਕਿ ਇਸ ਲਈ ਅਮਨ ਜ਼ਰੂਰੀ ਹੈ।

## ਹਾਮਿਦ ਕਰਜ਼ਈ ਦੇ ਭਰਾ ਦੀ ਹੱਤਿਆ

**ਕੰਧਾਰ:** ਅਫਗਾਨਿਸਤਾਨ ਦੇ ਰਾਸ਼ਟਰਪਤੀ ਹਾਮਿਦ ਕਰਜ਼ਈ ਦੇ ਮਤਰੇਏ ਛੋਟੇ ਭਰਾ ਅਹਿਮਦ ਵਲੀ ਕਰਜ਼ਈ ਦੀ ਉਨ੍ਹਾਂ ਦੇ ਘਰ ਵਿਚ ਹੀ ਉਨ੍ਹਾਂ ਦੇ ਅੰਗ-ਰੱਖਿਅਕ ਨੇ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ। ਅਫਗਾਨਿਸਤਾਨ ਵਿਚ ਕਾਫੀ ਪ੍ਰਭਾਵਸ਼ਾਲੀ ਮੰਨੇ ਜਾਣ ਵਾਲੇ ਵਲੀ ਨਾਲ ਕਈ ਵਿਵਾਦ ਜੁੜੇ ਹੋਏ ਸਨ। ਉਨ੍ਹਾਂ ਦਾ ਕਤਲ ਕੰਧਾਰ ਵਿਚ ਰਾਸ਼ਟਰਪਤੀ ਹਾਮਿਦ ਕਰਜ਼ਈ ਲਈ ਵੱਡਾ ਨੁਕਸਾਨ ਮੰਨਿਆ ਜਾ ਰਿਹਾ ਹੈ। ਕੰਧਾਰ ਤਾਲਿਬਾਨ ਦਾ ਗੜ੍ਹ ਹੈ ਤੇ ਅਫਗਾਨਿਸਤਾਨ ਵਿਚ ਕਦੇ ਇਕ ਦਹਾਕੇ ਤੱਕ ਰਹਿਣ ਮਗਰੋਂ ਨਾਟੋ ਦੀ ਫੌਜ ਉੱਥੋਂ ਨਿਕਲਣ ਦੀ ਤਿਆਰੀ ਕਰ ਰਹੀ ਹੈ। ਵਲੀ ਦੀ ਕੀਤੀ ਗਈ ਹੱਤਿਆ ਦੇ ਕਾਰਨਾਂ ਦਾ ਪਤਾ ਨਹੀਂ ਲੱਗ ਸਕਿਆ ਪਰ ਤਾਲਿਬਾਨ ਨੇ ਇਸ ਦੀ ਜ਼ਿੰਮੇਵਾਰੀ ਲੈ ਲਈ ਹੈ। ਮੌਕੇ 'ਤੇ ਮੌਜੂਦ ਇਕ ਵਿਅਕਤੀ ਨੇ ਦੱਸਿਆ ਕਿ ਜਦੋਂ ਵਲੀ ਆਪਣੇ ਘਰ ਵਿਚ ਮਹਿਮਾਨ ਨੂੰ ਮਿਲ ਰਹੇ ਸਨ ਤਾਂ ਉਨ੍ਹਾਂ ਦੇ ਨਿੱਜੀ ਅੰਗ-ਰੱਖਿਅਕ ਨੇ ਏ.ਕੇ. 47 ਨਾਲ ਗੋਲੀ ਉਨ੍ਹਾਂ ਦੇ ਸਿਰ 'ਤੇ ਤੇ ਦੂਜੀ ਛਾਤੀ ਵਿਚ ਮਾਰ ਦਿੱਤੀ।

# ਸੁਪਰੀਮ ਕੋਰਟ ਵਲੋਂ ਮਾਇਆਵਤੀ ਨੂੰ ਕਰਾਰਾ ਝਟਕਾ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਉੱਤਰ ਪ੍ਰਦੇਸ਼ ਦੀ ਮੁੱਖ ਮੰਤਰੀ ਮਾਇਆਵਤੀ ਨੂੰ ਕਰਾਰ ਝਟਕਾ ਦਿੰਦਿਆਂ ਕਿਸਾਨਾਂ ਦੀ ਜ਼ਮੀਨ ਵਾਪਸ ਕਰਨ ਲਈ ਕਿਹਾ ਹੈ। ਅਦਲਾਤ ਨੇ ਗਰੇਟਰ ਨੋਇਡਾ 'ਚ ਕਿਸਾਨਾਂ ਦੀ ਜ਼ਮੀਨ ਦਾ ਐਕਵਾਇਰ ਕੀਤੇ ਜਾਣਾ ਰੱਦ ਕਰਦਿਆਂ 10 ਲੱਖ ਰੁਪਏ ਜੁਰਮਾਨਾ ਗਰੇਟਰ ਨੋਇਡਾ ਇੰਡਸਟਰੀਅਲ ਡਿਵੈਲਪਮੈਂਟ ਅਥਾਰਟੀ ਨੂੰ ਲਾਇਆ ਹੈ ਤੇ ਆਦੇਸ਼ ਦਿੱਤੇ ਹਨ ਕਿ ਇਹ ਕਿਸਾਨਾਂ ਤੇ ਪੇਂਡੂਆਂ ਦੀ ਜ਼ਮੀਨ ਉਨ੍ਹਾਂ ਨੂੰ ਮੋੜ ਦੇਵੇ। ਅਦਾਲਤ ਨੇ ਸਖ਼ਤ ਟਿੱਪਣੀ ਕਰਦਿਆਂ ਕਿਹਾ ਕਿ ਯੂ.ਪੀ. ਸਰਕਾਰ ਕਿਸਾਨਾਂ ਦੀਆਂ ਭਾਵਨਾਵਾਂ ਨਹੀਂ ਸਮਝ ਰਹੀ।

ਅਸਲ 'ਚ ਸੁਪਰੀਮ ਕੋਰਟ ਨੇ ਅਲਾਹਾਬਾਦ ਹਾਈ ਕੋਰਟ ਦਾ ਫੈਸਲਾ ਹੀ ਬਹਾਲ ਰੱਖਿਆ ਹੈ ਜਿਸ 'ਚ ਕਿਸਾਨਾਂ ਦੀ 156 ਹੈਕਟੇਅਰ ਜ਼ਮੀਨ ਐਕਵਾਇਰ ਕਰਨ ਦਾ ਅਮਲ ਰੱਦ ਕਰ ਦਿੱਤਾ ਗਿਆ ਸੀ। ਉੱਤਰ ਪ੍ਰਦੇਸ਼ ਸਰਕਾਰ ਇਹ ਜ਼ਮੀਨ ਬਿਲਡਰਾਂ ਨੂੰ ਦੇ ਰਹੀ ਸੀ। ਜਸਟਿਸ ਜੀ.ਐਸ. ਸਿੰਘਵੀ ਤੇ ਏ.ਕੇ. ਗਾਂਗੁਲੀ 'ਤੇ ਆਧਾਰਤ ਡਵੀਜ਼ਨਲ ਬੈਂਚ ਨੇ ਕਿਹਾ ਕਿ ਗਨਾਈਡਾ ਨੇ ਉਸ ਮੰਤਵ ਦੀ ਪੂਰੀ ਉਲੰਘਣਾ ਕਰਦਿਆਂ ਇਹ ਜ਼ਮੀਨ ਬਿਲਡਰਾਂ ਨੂੰ ਦੇ ਦਿੱਤੀ ਜਿਸ ਨਾਲ ਇਹ ਐਕਵਾਇਰ ਕੀਤੀ ਗਈ ਸੀ। ਬੈਂਚ ਨੇ ਕਿਹਾ ਕਿ ਇਸ ਨੇ ਹਾਈ ਕੋਰਟ ਦੇ ਫੈਸਲੇ 'ਚ ਦਖਲ-ਅੰਦਾਜ਼ੀ ਦੀ ਬਿਲਕੁਲ ਲੋੜ ਨਹੀਂ ਸਮਝੀ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਜ਼ਮੀਨ ਐਕਵਾਇਰ ਕਰਨ ਲਈ 'ਜ਼ਰੂਰੀ' ਸ਼ਬਦ ਵਰਤਣਾ 'ਪੂਰੀ ਤਰ੍ਹਾਂ ਸੱਤਾਂ ਦੇ ਸ਼ਾਮਲ ਮੁਜ਼ਾਹਰੇ ਦੀ ਤਸਵੀਰ' ਸੀ। ਅਦਾਲਤ ਨੇ ਇਹ ਫੈਸਲਾ ਗਨਾਈਡਾ ਤੇ ਸੁਪਰਟੈਕ ਤੇ ਅਮਰਪਾਲੀ ਰਿਅਲ ਐਸਟੇਟ ਡਿਵੈਲਪਰ ਤੇ ਬਿਲਡਰਾਂ ਦੀ ਪਟੀਸ਼ਨ 'ਤੇ ਕੀਤਾ।




ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

National Truck Driving School

ਸੈਕਰਾਮੈਂਟੋ, ਕੈਲੀਫੋਰਨੀਆ
ਜੋਰਦਾਰ ਮੰਗ 'ਤੇ ਹੁਣ ਯੂਬਾ ਸਿਟੀ ਲੋਕੇਸ਼ਨ ਵੀ ਸ਼ੁਰੂ

ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਦਾ ਵੀ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



Call For Special Price

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-383-2785

4585 Pell Dr. Secramento CA, 95838

Short Sale Specialist

We Can Sell Your Home
in Short Sale at No Cost to You



Sohanpreet (Sam) Chahal
CA Lic. 01504071
Realtor/Notary Public
email:samchahal@hotmail.com

For Buying & Selling
Residential
And For Loans
Call: Sohanpreet 'Sam' Chahal
@916-612-5773
Serving from Bay Area to Sacramento

Call for free listing of
Reo-Bankowned Properties

Multi-Million Dollars Producer-2007, 2008 & 2009

ਜੇਕਰ ਤੁਸੀਂ ਪਹਿਲੀ ਵਾਰ ਘਰ ਖਰੀਦ ਰਹੇ ਹੋ ਜਾਂ ਫਿਰ ਵੱਡਾ ਘਰ ਅਪਗਰੇਡ ਕਰ ਰਹੇ ਹੋ, ਜਾਂ ਤੁਸੀਂ ਇਨਵੈਸਟਮੈਂਟ ਪ੍ਰਾਪਰਟੀ ਲੈਣਾ ਚਾਹੁੰਦੇ ਹੋ ਤਾਂ ਅੱਜ ਹੀ ਕਾਲ ਕਰੋ

Golden State Realty

Sacramento Office: 8695 Territorial Way, Elk Grove CA 95624
Tel: 916-612-5773 Fax: 916-689-5707

# ਖੂਬ ਭਰਿਆ ਡਿਟਰਾਇਟ ਦਾ ਚੌਥਾ ਸਾਲਾਨਾ ਖੇਡ ਮੇਲਾ

**ਪ੍ਰਿੰ. ਸਰਵਣ ਸਿੰਘ, ਰਾਜ ਸਿਆਨ**

**ਡਿਟਰਾਇਟ, ਮਿਸ਼ੀਗਨ:** ਨੌਂ ਜੁਲਾਈ ਦਾ ਦਿਨ ਡਿਟਰਾਇਟ ਵਾਸੀਆਂ ਦੇ ਨਾਂ ਰਿਹਾ। ਲੱਗਦੇ ਰਹਿਣ ਖ਼ੁਸ਼ੀ ਦੇ ਮੇਲੇ ਮਿਲਦੀਆਂ ਰਹਿਣ ਵਧਾਈਆਂ। ਪੰਜਾਬ ਸਪੋਰਟਸ ਐਂਡ ਕਲਚਰਲ ਐਸੋਸੀਏਸ਼ਨ, ਮਿਸ਼ੀਗਨ ਵੱਲੋਂ ਇਥੇ ਕੈਂਟਨ ਸਿਟੀ ਦੇ ਇੰਡੀਪੈਂਡੈਂਸ ਪਾਰਕ ਵਿਚ ਚੌਥਾ ਪੰਜਾਬੀ ਖੇਡ ਮੇਲਾ ਕਰਵਾਇਆ ਗਿਆ। ਇਹ ਐਸੋਸੀਏਸ਼ਨ 2008 ਵਿਚ ਬਣੀ ਸੀ ਅਤੇ ਉਦੋਂ ਤੋਂ ਹੀ ਹਰ ਸਾਲ ਕੈਂਟਨ ਸਿਟੀ ਵਿਚ ਖੇਡ ਮੇਲਾ ਕਰਵਾ ਰਹੀ ਹੈ।

ਕਬੱਡੀ ਓਪਨ ਦਾ ਫਾਈਨਲ ਗੁਰੂ ਨਾਨਕ ਸਿੱਖ ਸੁਸਾਇਟੀ ਸਿਨਸਿਨੈਟੀ ਅਤੇ ਸ਼ੇਰੇ ਪੰਜਾਬ ਸਪੋਰਟਸ ਸੁਸਾਇਟੀ, ਓਹਾਇਓ ਦੀਆਂ ਟੀਮਾਂ ਵਿਚਾਲੇ ਹੋਇਆ ਅਤੇ 5100 ਦਾ ਪਹਿਲਾ ਇਨਾਮ ਗੁਰੂ ਨਾਨਕ ਸਿੱਖ ਸੁਸਾਇਟੀ ਸਿਨਸਿਨੈਟੀ ਅਤੇ ਦੂਜਾ 3100 ਡਾਲਰ ਦਾ ਇਨਾਮ ਸ਼ੇਰੇ ਪੰਜਾਬ ਸਪੋਰਟਸ ਸੁਸਾਇਟੀ ਦੇ ਹਿੱਸੇ ਆਇਆ। ਵਾਲੀਵਾਲ ਵਿਚ ਵਿੰਡਸਰ ਯੈਲੋ ਕਲੱਬ ਨੇ 1200 ਡਾਲਰ ਦਾ ਪਹਿਲਾ ਅਤੇ ਸ਼ਿਕਾਗੋ ਦੀ ਟੀਮ ਨੇ 800 ਡਾਲਰ ਦਾ ਦੂਜਾ ਇਨਾਮ ਜਿੱਤਿਆ। ਕਬੱਡੀ ਅੰਡਰ 21 ਵਿਚੋਂ ਟੋਰਾਂਟੋ ਦੀ ਟੀਮ ਨੇ 2100 ਡਾਲਰ ਦਾ ਪਹਿਲ ਅਤੇ ਮਿਸ਼ੀਗਨ ਦੀ ਟੀਮ ਨੇ 1100 ਡਾਲਰ ਦਾ ਦੂਜਾ ਇਨਾਮ ਹਾਸਲ ਕੀਤਾ। ਇਸ ਤੋਂ ਇਲਾਵਾ ਸੌਕਰ, ਅਥਲੈਟਿਕਸ ਅਤੇ ਔਰਤਾਂ ਤੇ ਬੱਚਿਆਂ ਦੇ ਮੁਕਾਬਲੇ ਵੀ ਕਰਵਾਏ ਗਏ।



ਡੰਕਨ ਰੋਡ 'ਤੇ ਜਾਂਦਿਆਂ ਤਕਰੀਬਨ ਇਕ ਮੀਲ ਤੋਂ ਪਤਾ ਲੱਗ ਰਿਹਾ ਸੀ ਕਿ ਇਥੇ ਪੰਜਾਬੀਆਂ ਦਾ ਬਹੁਤ ਵੱਡਾ ਇਕੱਠ ਹੋਵੇਗਾ ਕਿਉਂਕਿ ਸਾਰੀਆਂ ਸੜਕਾਂ 'ਤੇ ਪੰਜਾਬੀਆਂ ਦੇ ਖੰਡੇ ਦੇ ਸਟਿੱਕਰ ਅਤੇ ਪੰਜਾਬੀ ਨਾਂਵਾਂ ਦੀਆਂ ਪਲੇਟਾਂ ਵਾਲੀਆਂ ਕਾਰਾਂ ਨਜ਼ਰ ਆ ਰਹੀਆਂ ਸਨ। ਪ੍ਰਬੰਧਕਾਂ ਵੱਲੋਂ ਪਾਰਕ ਦੇ ਗੇਟ 'ਤੇ ਵੱਡਾ ਬੈਨਰ ਅਤੇ ਗੁਬਾਰੇ ਲਗਾਏ ਗਏ ਸਨ ਤਾਂ ਜੋ ਪਾਰਕ ਲੱਭਣ ਵਿਚ ਆਸਾਨੀ ਰਹੇ। ਸਭ ਤੋਂ ਵਧੀਆ ਗੱਲ ਇਹ ਸੀ ਕਿ ਸੀਨੀਅਰ ਸਿਟੀਜ਼ਨ ਅਤੇ ਸਪਾਂਸਰਾਂ ਲਈ ਵੱਖਰੇ ਟੈਂਟ, ਕੁਰਸੀਆਂ ਅਤੇ ਟੇਬਲਾਂ ਸਮੇਤ ਲਗਾਏ ਗਏ ਸਨ। ਕਰਨ ਗਿੱਲ, ਕਰਮਬੀਰ ਸਿੰਘ, ਰਾਜ ਜਾਮਾਰਾਏ ਤੇ ਜਸਵਿੰਦਰ ਧਾਲੀਵਾਲ ਹੋਰੀਂ ਆਪਣੇ ਸਾਥੀਆਂ ਨਾਲ ਮੇਲੇ ਦੇ ਪ੍ਰਬੰਧ ਵਿਚ ਜੁਟੇ ਹੋਏ ਸਨ। ਦਿਨ ਧੁੱਪ ਵਾਲਾ ਸੀ।

ਲਾਊਡ ਸਪੀਕਰ ਤੋਂ ਗੀਤ ਗੂੰਜ ਰਹੇ ਸਨ। ਗੁਰਦਾਸ ਮਾਨ ਦਾ ਛੜਿਆਂ ਦੀ ਸਰਦਾਰੀ ਵਾਲਾ ਤਵਾ ਲੱਗਿਆ ਹੋਇਆ ਸੀ। ਬੱਚਿਆਂ ਦੀਆਂ ਦੌੜਾਂ ਲੱਗ ਰਹੀਆਂ ਸਨ ਅਤੇ ਬਾਬੇ ਦੌੜਾਂ ਲਾਉਣ ਲਈ ਜੁੱਸੇ ਗਰਮਾ ਰਹੇ ਸਨ। ਇਕ ਪਾਸੇ ਸੌਕਰ ਖੇਡੀ ਜਾ ਰਹੀ ਸੀ ਤੇ ਦੂਜੇ ਪਾਸੇ ਵਾਲੀਬਾਲ। ਚਾਹਾਂ ਰਿੱਝ ਰਹੀਆਂ ਸਨ, ਪਕੌੜੇ ਤਲੇ ਜਾ ਰਹੇ, ਜਲੇਬੀਆਂ ਨਿਕਲ ਰਹੀਆਂ ਤੇ ਦਾਲਾਂ ਭਾਜੀਆਂ ਨੂੰ ਤੜਕੇ ਲੱਗ ਰਹੇ ਸਨ। ਮੇਲੇ ਦੀਆਂ ਮਹਿਕਾਂ ਹਵਾ 'ਚ ਤਾਰੀ ਸਨ। ਮੈਦਾਨ ਦੇ ਇਕ ਪਾਸੇ ਕੁਝ ਬੂਥਾਂ ਵਿਚ ਮਨਿਆਰੀ ਦਾ ਸਮਾਨ ਸਜਾਇਆ ਹੋਇਆ ਸੀ। ਕੁਝ ਇੰਸ਼ੋਰੈਂਸ ਵਾਲਿਆਂ ਦੇ ਬੂਥ ਸਨ। ਸਿੱਖੀ ਨਾਲ ਸੰਬੰਧਿਤ ਸਾਹਿਤ ਵੰਡਿਆ ਜਾ ਰਿਹਾ ਸੀ। ਸ਼ਿਕਾਗੋ ਤੋਂ ਕੇ.ਕੇ. ਪੰਮਾ ਲੋਕਾਂ ਨੂੰ ਜਲੇਬੀਆਂ ਅਤੇ ਪਕੌੜਿਆਂ ਨਾਲ ਧੰਨ-ਧੰਨ ਕਰਵਾ ਰਿਹਾ ਸੀ।

ਮੇਲੇ ਸੰਬੰਧੀ ਇਕ ਬੁਕਲੈਟ ਤਿਆਰ ਕੀਤੀ ਗਈ ਸੀ ਜਿਸ ਦੇ ਟਾਈਟਲ 'ਤੇ ਲਿਖਿਆ ਸੀ-ਜਿੱਤ ਦੇ ਨਿਸ਼ਾਨ ਸਦਾ ਲਾਏ ਜਾਂਦੇ ਝੰਡੇ ਨਾਲ। ਹੇਠਾਂ ਲਿਖਿਆ ਸੀ-ਚਾਰ ਹੀ ਤਰੀਕਿਆਂ ਨਾਲ ਬੰਦਾ ਕਰੇ ਕੰਮ ਸਾਰੇ, ਸ਼ੌਂਕ ਨਾਲ, ਪਿਆਰ ਨਾਲ, ਲਾਲਚ ਜਾਂ ਡੰਡੇ ਨਾਲ। ਰਾਜ ਸੰਧੂ ਤੇ ਹਰਪ੍ਰੀਤ ਸਿੰਘ ਵਿਸ਼ੇਸ਼ ਮਹਿਮਾਨ ਸਨ।

ਕਬੱਡੀ ਦੇ ਮੈਚ ਸ਼ੁਰੂ ਹੋਏ ਤਾਂ ਸੁਖਚੈਨ ਬਰਾੜ ਮਾਈਕ ਤੋਂ ਕਬੱਡੀਆਂ ਪਾਉਣ ਲੱਗਾ। ਉਹਦੇ ਪਹਿਲੇ ਬੋਲ ਮਾਈਆਂ ਨੂੰ ਮੱਥਾ ਟੇਕਣ ਤੇ ਮੇਲੀਆਂ ਨੂੰ ਜੀ ਆਇਆਂ ਕਹਿਣ ਦੇ ਸਨ। ਫਿਰ ਉਹ ਆਪਣੇ ਅਸਲੀ ਰੰਗ 'ਚ ਆ ਗਿਆ। ਮੇਲੇ 'ਚ ਆਇਆਂ ਨੂੰ ਕਹਿਣ ਲੱਗਾ, "ਇਨ੍ਹਾਂ ਮੁਲਕਾਂ 'ਚ ਘਰ ਆਲੀ ਤੋਂ ਛੁੱਟੀ ਲੈਣੀ ਇਓਂ ਈ ਐਂ ਜਿਵੇਂ ਇੰਡੀਆ 'ਚ ਠਾਣਿਓਂ ਛੁੱਟਣਾ ਹੋਵੇ!"

ਕੁਮੈਂਟਰੀ ਦਾ ਭਗਵੰਤ ਮਾਨ ਸੁਖਚੈਨ ਬਰਾੜ ਬਰੈਂਪਟਨ ਦਾ ਵਸਨੀਕ ਹੈ ਪਰ ਰਹਿੰਦਾ ਬਹੁਤਾ ਟਰੱਕ ਉਤੇ ਹੈ। ਨਾਲੇ ਟਰੱਕ ਵਾਹੀ ਜਾਂਦੈ ਨਾਲੇ ਟੱਪੇ ਜੋੜੀ ਜਾਂਦੈ। ਉਸ ਨੂੰ ਕਬੱਡੀ ਦੇ ਮੈਚਾਂ ਦੀ ਕੁਮੈਂਟਰੀ ਕਰਨ, ਹਸਾਉਣੀਆਂ ਗੱਲਾਂ ਸੁਣਾਉਣ ਤੇ ਸ਼ੇਅਰੋ ਸ਼ੇਅਰੀ ਦਾ ਸ਼ੌਂਕ ਹੈ। ਡਿਟਰਾਇਟ ਵਾਲੇ ਉਸ ਨੂੰ ਹਰ ਸਾਲ ਮੇਲੇ 'ਤੇ ਸੱਦਦੇ ਹਨ ਤੇ ਉਹ ਹਰ ਵਾਰ ਹਾਸਿਆਂ ਦਾ ਛੱਟਾ ਦਿੰਦਾ ਮੇਲਾ ਲੁੱਟ ਲਿਜਾਂਦੈ। ਜਦੋਂ ਉਹ ਨੂੰਹਾਂ ਸੱਸਾਂ ਦੇ ਟੋਟਕੇ ਸੁਣਾਉਂਦੈ ਤਾਂ ਆਪਣੀ ਘਰ ਵਾਲੀ ਨੂੰ ਵੀ ਨਹੀਂ ਬਖਸ਼ਦਾ। ਮਾਈਆਂ ਬੀਬੀਆਂ ਉਹਦੀਆਂ ਗੱਲਾਂ ਸੁਣ ਕੇ ਵਧੇਰੇ ਈ ਖ਼ੁਸ਼ ਹੁੰਦੀਐਂ। ਉਹ ਚੁੰਨੀ ਦੇ ਲੜ ਉਹਲੇ ਹੱਸਦੀਆਂ ਕਹਿੰਦੀਐਂ-ਟੁੱਟ ਪੈਣਾ ਸੁਣਾਉਂਦਾ ਤਾਂ ਸੱਚੀਐਂ!

ਜਿਹੜੇ ਦਾਨੀ ਮੇਲੇ ਲਈ ਮਾਇਆ ਦੇਈ ਜਾਂਦੇ ਉਨ੍ਹਾਂ ਨੂੰ ਬਰਾੜ ਵਡਿਆਈ ਜਾਂਦਾ-ਦਾਨੀ ਤੇ ਭਗਤ ਸੂਰਮੇ ਮਾਵਾਂ ਨਿੱਤ ਨਿੱਤ ਨੀ ਜੰਮਦੀਆਂ। ਵਿਚੇ ਕਹਿ ਦਿੰਦਾ-ਜੇਬ ਕਤਰੇ ਨਿੱਤ ਜੰਮੀ ਜਾਂਦੇ ਆ।

ਕਬੱਡੀ ਦਾ ਪਹਿਲਾ ਮੈਚ ਛੋਟੇ ਬੱਚਿਆਂ ਦਰਮਿਆਨ ਕਰਾਇਆ ਗਿਆ। ਕਬੱਡੀ ਦੇ ਮੈਚ ਲਗਾਤਾਰ ਚੱਲਦੇ ਰਹੇ। ਕੁਝ ਜੂਨੀਅਰ ਟੀਮਾਂ ਸਨ ਤੇ ਕੁਝ ਓਪਨ ਟੀਮਾਂ ਸਨ। ਜਦੋਂ ਮੈਚ ਰੁਕਦਾ ਤਾਂ ਮਿਊਜ਼ਿਕ ਚੱਲ ਪੈਂਦਾ-ਹਰ ਕੋਈ ਆਸ਼ਕ ਹੋਇਆ ਫਿਰਦਾ ਮੇਰੀ ਅੱਖ ਮਸਤਾਨੀ ਦਾ...। ਸੰਦੇਸ਼ ਦਿੱਤਾ ਜਾਂਦਾ ਕਿ ਬੱਚਿਆਂ ਨੂੰ ਗੁਰਮੁਖੀ ਅੱਖਰ ਜ਼ਰੂਰ ਸਿਖਾਓ। ਜੇ ਉਹ ਗੁਰਮੁਖੀ ਅੱਖਰ ਸਿੱਖਣਗੇ ਤਦ ਹੀ ਗੁਰੂ ਗਰੰਥ ਸਾਹਿਬ ਦੇ ਲੜ ਲੱਗਣਗੇ। ਇਕ ਖਿਡਾਰੀ ਦੇ ਡੌਲੇ ਉਤੇ ਸ਼ੇਰ ਖੁਣਿਆਂ ਹੋਇਆ ਸੀ। ਬਰਾੜ ਨੇ ਜਾਣਕਾਰੀ ਦਿੱਤੀ ਕਿ ਇਹ ਸੱਤ ਸੌ ਡਾਲਰ 'ਚ ਪਿਐ। ਸੱਤ ਸੌ ਦੇ ਰੁਪਈਏ ਬਣਾਈਏ ਤਾਂ ਗਿਣਦਿਆਂ ਬੁੜ੍ਹੇ ਦਾ ਥੁੱਕ ਮੁੱਕ ਜਾਂਦੈ!

ਜੂਨੀਅਰ ਟੀਮਾਂ ਦੇ ਪਹਿਲੇ ਮੈਚ ਵਿਚ ਹਰਜੀਤ ਕਲੱਬ ਟੋਰਾਂਟੋ ਦੀ ਟੀਮ ਨੇ ਮੀਰੀ ਪੀਰੀ ਸਪੋਰਟਸ ਕਲੱਬ ਇੰਡੀਆਨਾ ਦੀ ਟੀਮ ਨੂੰ ਹਰਾ ਦਿੱਤਾ। ਦੂਜਾ ਮੈਚ ਸ਼ਿਕਾਗੋ ਤੇ ਮਿਸ਼ੀਗਨ ਦੀਆਂ ਟੀਮਾਂ ਵਿਚਕਾਰ ਬੜਾ ਖਹਿ ਕੇ ਹੋਇਆ। ਸੀਨੀਅਰ ਟੀਮਾਂ ਦੇ ਪਹਿਲੇ ਕਬੱਡੀ ਮੈਚ ਵਿਚ ਸਿਨਸਿਨੈਟੀ ਦੀ ਟੀਮ ਨੇ ਕਲੀਵਲੈਂਡ ਦੀ ਟੀਮ ਨੂੰ ਹਰਾ ਦਿੱਤਾ। ਸੌਕਰ ਤੇ ਵਾਲੀਬਾਲ ਦੇ ਮੈਚਾਂ ਦੁਆਲੇ ਵੀ ਕੁਝ ਦਰਸ਼ਕ ਖੜ੍ਹੇ ਸਨ ਪਰ ਬਹੁਤਾ 'ਕੱਠ ਕਬੱਡੀ ਦੇ ਮੈਚਾਂ ਦੁਆਲੇ ਸੀ। ਦਾਇਰੇ ਦੁਆਲੇ ਪੀਲੀ ਪੱਟੀ ਲਾਈ ਹੋਈ ਸੀ ਤਾਂ ਜੋ ਦਰਸ਼ਕ ਦਾਇਰੇ ਅੰਦਰ ਨਾ ਜਾਣ। ਜਦੋਂ ਮੈਦਾਨ ਖਾਲੀ ਹੁੰਦਾ ਤਾਂ ਸੁਖਚੈਨ ਬਰਾੜ ਹੱਸਣ ਹਸਾਉਣ ਦੀਆਂ ਗੱਲਾਂ ਸੁਣਾਉਣ ਲੱਗ ਪੈਂਦਾ। ਅਖੇ ਜਦੋਂ ਕੋਈ ਮੁੰਡਾ ਰਫੂਜ਼ੀ ਬਣ ਕੇ ਆਉਂਦਾ ਤਾਂ ਉਹਦੀ ਭੂਆ ਵੀ ਉਹਨੂੰ ਊਈਂ ਸਮਝਦੀ ਐ। ਪਰ ਜਦੋਂ ਪੱਕਾ ਹੋ ਜਾਂਦਾ ਤਾਂ ਕਹਿੰਦੀ ਐ-ਸਾਕ ਤੈਨੂੰ ਮੈਂ ਈ ਕਰਾਊਂ। ਤਦੇ ਗੁਰਦਾਸ ਮਾਨ ਦਾ ਗਾਣਾ ਗੂੰਜਣ ਲੱਗਾ-ਕੀ ਖੱਟਿਆ ਮੈਂ ਤੇਰੀ ਹੀਰ ਬਣ ਕੇ। ਬਰਾੜ ਕਹਿਣ ਲੱਗਾ, "ਰਾਂਝਾ ਕਿਹੜਾ ਡੀਸੀ ਲੱਗ ਗਿਆ ਸੀ। ਉਹ ਵੀ ਮਹੀਆਂ ਈ ਚਾਰਦਾ ਰਿਹਾ।"

ਕਬੱਡੀ ਦੇ ਚਾਰ ਮੈਚ ਜੂਨੀਅਰ ਟੀਮਾਂ ਦਰਮਿਆਨ ਖੇਡੇ ਗਏ ਤੇ ਚਾਰ ਮੈਚ ਸੀਨੀਅਰ ਟੀਮਾਂ ਵਿਚਕਾਰ ਹੋਏ। ਜੂਨੀਅਰ ਟੀਮਾਂ ਦਾ ਫਾਈਨਲ ਮੈਚ ਹਰਜੀਤ ਕਲੱਬ ਟੋਰਾਂਟੋ ਤੇ ਧਾਰਨੀ ਪਟਰੋਲੀਅਮ ਸਿਨਸਿਨੈਟੀ ਦੀ ਬਣਾਈ ਟੀਮ ਵਿਚਕਾਰ ਹੋਇਆ ਜੋ ਹਰਜੀਤ ਕਲੱਬ ਦੀ ਟੀਮ ਨੇ ਜਿੱਤ ਲਿਆ। ਹਰਜੀਤ ਕਲੱਬ ਵੱਲੋਂ ਗੱਗੂ, ਜੀਵਨ, ਅਰਸ਼, ਸੁੱਖੀ, ਰਵੀ ਤੇ ਵਰਿੰਦਰ ਨੇ ਬੜੀ ਵਧੀਆ ਖੇਡ ਵਿਖਾਈ। ਇਨ੍ਹਾਂ ਵਿਚ ਅੰਗਰੇਜ਼ ਬਿੱਲਾ ਤੇ ਸਵਰਨ ਬਾਰੇਵਾਲੀਏ ਦੇ ਪੁੱਤਰ ਵੀ ਖੇਡ ਰਹੇ ਸਨ।



ਕਬੱਡੀ ਦੇ ਫਾਈਨਲ ਮੈਚ ਤੋਂ ਪਹਿਲਾਂ ਸਟੇਜ ਉਤੇ ਤੇ ਫਿਰ ਕਬੱਡੀ ਦੇ ਦਾਇਰੇ ਵਿਚ ਕੁੜੀਆਂ ਨੇ ਗਿੱਧਾ ਪਾਇਆ। ਮੁੰਡਿਆਂ ਦੀ ਟੀਮ ਨੇ ਭੰਗੜਾ ਪਾ ਕੇ ਦਰਸ਼ਕਾਂ ਦਾ ਦਿਲ ਮੋਹ ਲਿਆ। ਮੇਲਾ ਜੋਬਨ ਉਤੇ ਆ ਗਿਆ। ਦੋ ਕੁੜੀਆਂ ਨੇ ਬੁੜ੍ਹੇ ਬੁੜ੍ਹੀ ਦਾ ਰੋਲ ਅਦਾ ਕੀਤਾ। ਇਕ ਸੱਜਣ ਨੇ ਕਵੀਸ਼ਰੀ ਕੀਤੀ। ਹਜ਼ਾਰ ਤੋਂ ਵੱਧ ਦਰਸ਼ਕ ਹਾਜ਼ਰ ਸਨ। ਮਜਾਲ ਕੀ ਕਿਸੇ ਨੇ ਕੋਈ ਬੋਲ ਕਬੋਲ ਬੋਲਿਆ ਹੋਵੇ।

ਫਿਰ ਕਬੱਡੀ ਦਾ ਫਾਈਨਲ ਮੈਚ ਖੇਡਿਆ ਗਿਆ ਜੋ ਅਮਨਦੀਪ ਧਾਰਨੀ ਤੇ ਉਹਦੇ ਦੋਸਤਾਂ ਦੀ ਬਣਾਈ ਟੀਮ ਗੁਰੂ ਨਾਨਕ ਸਿੱਖ ਸੁਸਾਇਟੀ ਸਿਨਸਿਨੈਟੀ ਅਤੇ ਜਸਦੇਵ ਸਿੰਘ ਤੇ ਅਮਰੀਕ ਹੋਰਾਂ ਦੀ ਬਣਾਈ ਟੀਮ ਸ਼ੇਰੇ ਪੰਜਾਬ ਸਪੋਰਟਸ ਸੁਸਾਇਟੀ ਸਿਨਸਿਨੈਟੀ ਦੀਆਂ ਟੀਮਾਂ ਵਿਚਕਾਰ ਹੋਇਆ। ਦੋਹਾਂ ਟੀਮਾਂ ਵਿਚ ਕਹਿੰਦੇ ਕਹਾਉਂਦੇ ਖਿਡਾਰੀ ਖੇਡ ਰਹੇ ਸਨ। ਕਿੰਦਾ ਬਿਹਾਰੀਪੁਰੀਆ, ਸੰਦੀਪ ਗੁਰਦਾਸਪੁਰੀਆ, ਬਲਜੀਤ ਸੈਦੋਕੇ, ਰਵੀ ਸਰਾਏ, ਡੌਂਟੇ, ਦੁੱਲਾ, ਤਾਰੀ, ਰਾਣਾ ਭੰਡਾਲ, ਮੰਨਾ, ਮਾਵੀ, ਗੋਰਾ, ਕਾਲਾ, ਭੀਮਾ ਤੇ ਹੋਰਨਾਂ ਖਿਡਾਰੀਆਂ ਨੇ ਕਬੱਡੀ ਦੇ ਚੰਗੇ ਜੌਹਰ ਵਿਖਾਏ। ਸਿਨਸਿਨੈਟੀ ਤੋਂ ਆਏ ਗੁਰਵਿੰਦਰ ਢਿੱਲੋਂ ਤੇ ਅਮਨਦੀਪ ਧਾਰਨੀ ਹੋਰਾਂ ਨੇ ਰੇਡਾਂ ਤੇ ਜੱਫਿਆਂ ਉਤੇ ਖਿਡਾਰੀਆਂ ਦੀ ਡਾਲਰਾਂ ਨਾਲ ਹੌਂਸਲਾ ਅਫਜ਼ਾਈ ਕੀਤੀ। ਧਾਰਨੀ ਹੋਰਾਂ ਦੀ ਟੀਮ ਨੇ ਫਾਈਨਲ ਮੈਚ 38-25 ਅੰਕਾਂ ਉਤੇ ਜਿੱਤ ਲਿਆ।



ਮੁਖ ਸਟੇਜ ਤੋਂ ਕਰਨ ਗਿੱਲ ਆਏ ਦਰਸ਼ਕਾਂ ਅਤੇ ਸਪਾਂਸਰਾਂ ਦਾ ਵਾਰੀ-ਵਾਰੀ ਧੰਨਵਾਦ ਕਰ ਰਹੇ ਸਨ ਜਦਕਿ ਗਰਾਊਂਡ ਵਿਚ ਸੁਖਚੈਨ ਸਿੰਘ ਬਰਾੜ ਅਤੇ ਪ੍ਰਿੰਸੀਪਲ ਸਰਵਣ ਸਿੰਘ ਕੁਮੈਂਟਰੀ ਦੇ ਰਹੇ ਸਨ। ਸ. ਸੁਖਚੈਨ ਸਿੰਘ ਬਰਾੜ ਦੀ ਕੁਮੈਂਟਰੀ ਵੀ ਵਧੀਆ ਗਾਣਿਆਂ ਅਤੇ ਹਾਸਾ ਭਰਪੂਰ ਸ਼ਾਇਰੀ ਤੋਂ ਘੱਟ ਨਹੀਂ ਹੁੰਦੀ ਅਤੇ ਪ੍ਰਿੰਸੀਪਲ ਸਰਵਣ ਸਿੰਘ ਨੂੰ ਜਿਵੇਂ ਕਬੱਡੀ ਦੇ ਇਕੱਲੇ-ਇਕੱਲੇ ਖਿਡਾਰੀ ਬਾਰੇ ਹਰ ਖਬਰ ਹੁੰਦੀ ਹੈ। ਕੈਲਮਜ਼ੂ ਤੋਂ ਨਰਿੰਦਰ ਸਿੰਘ ਮੁੰਦਰ ਰੈਫਰੀ ਵਜੋਂ ਸੇਵਾ ਵਿਚ ਹੱਥ ਵਟਾ ਰਹੇ ਸਨ।

ਸਾਹੀਵਾਲ ਦੇ ਅਮਜਦ ਚੌਧਰੀ ਹੋਰੀਂ ਆਪਣੇ ਭਾਈਚਾਰੇ ਦੇ ਪੱਚੀ ਤੀਹ ਸੱਜਣਾਂ ਨੂੰ ਪੰਜਾਬੀ ਮੇਲਾ ਵਿਖਾਉਣ ਲਿਆਏ ਸਨ। ਤੋਖੀ ਐਟਮ ਬੰਬ ਨਾਲ ਕਬੱਡੀ ਖੇਡਦਾ ਸੋਹਣ ਸਿੰਘ ਵੀ ਹਾਜ਼ਰ ਸੀ। ਸ਼ਬਦਾਂ ਦਾ ਖੋਜੀ ਬਲਜੀਤ ਬਾਸੀ ਜਲੇਬੀਆਂ ਮੁੱਕੀਆਂ ਤੋਂ ਆਇਆ ਸੀ। ਘਰ ਵਾਲੀ ਨਾਲ ਹੁੰਦੀ ਤਾਂ ਜਲੇਬੀਆਂ ਨਿਕਲਦੀਆਂ ਨੂੰ ਪੁੱਜ ਜਾਂਦਾ। ਬਰਾੜ ਬੋਲੀ ਜਾਂਦਾ ਸੀ, "ਇਕ ਪ੍ਰੇਮਿਕਾ ਆਪਣੇ ਪ੍ਰੇਮੀ ਨੂੰ ਕਹਿੰਦੀ, ਮੈਨੂੰ ਤੇਰੀਆਂ ਅੱਖਾਂ 'ਚੋਂ ਸਾਰੀ ਦੁਨੀਆ ਦਿਸਦੀ ਐ। ਘੁਮਿਆਰ ਦਾ ਗਧਾ ਗੁਆਚਿਆ ਹੋਇਆ ਸੀ। ਉਹ ਕਹਿਣ ਲੱਗਾ, ਬੀਬੀ ਵੇਖ ਕੇ ਦੱਸੀਂ ਮੇਰਾ ਗਧਾ ਕਿਥੇ ਐ?"

ਸਾਰੀਆਂ ਖੇਡਾਂ ਦੇ ਮੁਕਾਬਲੇ ਸਮਾਪਤ ਹੋ ਗਏ ਤਾਂ ਸੁਰਿੰਦਰ ਸ਼ਿੰਦੇ ਦਾ ਅਖਾੜਾ ਲਾਇਆ ਗਿਆ। ਤਦ ਤਕ ਕੁਝ ਮੇਲੀ ਗੇਲੀ ਗੁਲਾਬੀ ਜਿਹੇ ਹੋ ਗਏ ਸਨ। ਸਕਿਉਰਿਟੀ ਦਾ ਪ੍ਰਬੰਧ ਇਸ ਕਰਕੇ ਨਹੀਂ ਸੀ ਕੀਤਾ ਕਿ ਭਾਈਚਾਰੇ ਦਾ ਪਰਿਵਾਰਕ ਮੇਲਾ ਹੈ ਤੇ ਵਾਧੂ ਖਰਚ ਕਾਹਦੇ ਲਈ ਕਰਨੈ? ਸ਼ਿੰਦਾ ਨੋਕ ਵਾਲੇ ਖੁੱਸੇ, ਪੀਲਾ ਚਾਦਰਾ ਤੇ ਕੁੜਤਾ, ਰੰਗ ਬਰੰਗੀ ਜੈਕਟ ਤੇ ਪੀਲੇ ਪਰਨੇ ਨਾਲ ਸਜਿਆ ਹੋਇਆ ਸੀ। ਉਸ ਨੇ ਧਾਰਮਿਕ ਗੀਤ ਗਾਉਣ ਦੀ ਥਾਂ ਮਾਂਵਾਂ ਠੰਢੀਆਂ ਛਾਵਾਂ ਵਾਲੇ ਗੀਤ ਨਾਲ ਗਾਉਣਾ ਸ਼ੁਰੂ ਕੀਤਾ। ਉਹਦਾ ਇਕ ਇਕ ਸ਼ਬਦ ਦਿਲਾਂ ਦੀਆਂ ਡਾਇਰੀਆਂ ਉਤੇ ਨੋਟ ਕਰਨ ਵਾਲਾ ਸੀ। ਉਸ ਨੇ ਇਕ ਗੀਤ ਵਿਚ ਰੂਸੀਆਂ, ਰੁਮਾਨੀਆਂ, ਇਰਾਨੀਆਂ, ਜਪਾਨੀਆਂ, ਅਮਰੀਕਨਾਂ, ਹਿੰਦੋਸਤਾਨੀਆਂ ਗੱਲ ਕੀ ਵੱਖ ਵੱਖ ਮੁਲਕਾਂ ਦੇ ਲੋਕਾਂ ਦੀ ਵਿਸ਼ੇਸ਼ਤਾ ਦੱਸੀ। ਜੂਆ ਹਾਰਨਾ ਵੀ ਮਾੜਾ ਤੇ ਜੂਆ ਜਿੱਤਣਾ ਵੀ ਮਾੜਾ ਕਿਹਾ।

ਜਦੋਂ ਸ਼ਿੰਦੇ ਦਾ ਅਖਾੜਾ ਜੋਬਨ ਉਤੇ ਸੀ ਤੇ ਦਰਸ਼ਕ ਪੂਰਾ ਅਨੰਦ ਮਾਣ ਰਹੇ ਸਨ ਤਾਂ ਦੋ ਜਣੇ ਸਟੇਜ ਉਤੇ ਚੜ੍ਹ ਕੇ ਨੱਚਣ ਲੱਗੇ। ਪ੍ਰਬੰਧਕਾਂ ਨੇ ਉਨ੍ਹਾਂ ਨੂੰ ਸਟੇਜ ਤੋਂ ਥੱਲੇ ਉਤਰਨ ਲਈ ਕਿਹਾ ਪਰ ਉਹ ਮੂਡ ਵਿਚ ਸਨ ਜਿਸ ਕਰਕੇ ਨਾ ਉਤਰੇ। ਸ਼ਿੰਦੇ ਦੀ ਬੇਨਤੀ ਵੀ ਨਾ ਮੰਨੀ ਗਈ। ਜਦੋਂ ਉਨ੍ਹਾਂ ਨੂੰ ਮੱਲੋਮੱਲੀ ਉਤਾਰਿਆ ਗਿਆ ਤਾਂ ਅਖਾੜੇ 'ਚ ਬਦਮਜ਼ਗੀ ਪੈਦਾ ਹੋ ਗਈ। ਸ਼ਿੰਦੇ ਨੇ ਇਥੇ ਹੀ ਗਾਉਣਾ ਬੰਦ ਕਰਨਾ ਬਿਹਤਰ ਸਮਝਿਆ। ਮੇਲਾ ਸਾਰਾ ਦਿਨ ਬਹੁਤ ਵਧੀਆ ਚੱਲਿਆ ਸੀ ਪਰ ਆਖ਼ਰੀ ਮੌਕੇ ਬਦਸ਼ਗਨੀ ਹੋ ਗਈ। ਪ੍ਰਬੰਧਕਾਂ ਨੂੰ ਸੋਚਣਾ ਪਵੇਗਾ ਕਿ ਪੰਜਵਾਂ ਪੰਜਾਬੀ ਖੇਡ ਮੇਲਾ ਕਿਵੇਂ ਮਨਾਉਣਾ ਹੈ?

ਕਲੱਬ ਦੇ ਇਕ ਬੁਲਾਰੇ ਕਰਨ ਗਿੱਲ ਨੇ ਦੱਸਿਆ ਕਿ ਐਸੋਸੀਏਸ਼ਨ ਨੇ 2008 ਵਿਚ ਪਹਿਲਾ ਖੇਡ ਮੇਲਾ 10,000 ਡਾਲਰ ਨਾਲ ਸ਼ੁਰੂ ਕੀਤਾ ਸੀ। ਅੱਜ ਮੇਲੇ ਦਾ ਬਜਟ 75,000 ਡਾਲਰ ਤੋਂ ਵੀ ਉਪਰ ਪਹੁੰਚ ਗਿਆ ਹੈ ਜਿਸ ਦਾ ਸਿਹਰਾ ਸਪਾਂਸਰਾਂ, ਖੇਡ ਐਸੋਸੀਏਸ਼ਨਾਂ ਅਤੇ ਪੰਜਾਬੀਆਂ ਨੂੰ ਜਾਂਦਾ ਹੈ। ਇਸ ਖੇਡ ਮੇਲੇ ਦੇ ਮੁੱਖ ਮਹਿਮਾਨ ਸ. ਚੈਨ ਸਿੰਘ ਸੰਧੂ ਆਪਣੇ ਕਾਰੋਬਾਰੀ ਰੁਝੇਵਿਆਂ ਕਾਰਨ ਪਹੁੰਚ ਨਹੀਂ ਸਕੇ। ਉਨ੍ਹਾਂ ਦੀ ਥਾਂ ਕੈਂਟਨ ਸ਼ਹਿਰ ਦੇ ਮੇਅਰ ਨੇ ਮੁੱਖ ਮਹਿਮਾਨ ਦੀ ਥਾਂ ਸ਼ਿਰਕਤ ਕੀਤੀ।

ਉਨ੍ਹਾਂ ਤੋਂ ਇਲਾਵਾ ਪ੍ਰਬੰਧਕਾਂ ਦੀ ਸੇਵਾ ਕਰਨ ਗਿੱਲ, ਕਰਮਬੀਰ ਸਿੰਘ, ਅਰਜਨ ਗਿੱਲ, ਜਸਵਿੰਦਰ ਧਾਲੀਵਾਲ, ਰਾਜ ਜਾਮਾਰਾਏ, ਅਮਰਜੀਤ ਗਿੱਲ, ਰਾਜ ਨਿੱਜਰ, ਰਵਿੰਦਰ ਥਿੰਦ, ਅਮਰੀਕ ਰਾਏ, ਸੁਖਵੰਤ ਗਿੱਲ, ਸੁਖਦੇਵ ਸੇਖੋਂ, ਮਨਪ੍ਰੀਤ ਗਿੱਲ ਅਤੇ ਕੇਵਲ ਗਿੱਲ ਕੀਤੀ।

ਮੇਲੇ ਦੌਰਾਨ ਡਾਇਮੰਡ ਸਪਾਂਸਰਾਂ ਵਿਚ ਜੇਰੌਇ ਸਿੰਘ, ਰਾਜ ਸੰਧੂ, ਦਰਸ਼ਨ ਗਰੇਵਾਲ, ਬੌਬ ਪਟੇਲ ਤੇ ਹਰਪ੍ਰੀਤ ਸਿੰਘ; ਗੋਲਡ ਸਪਾਂਸਰਾਂ ਵਿਚ ਡਾ. ਸਈਦ ਤਾਜ, ਗੋਲਡੀ ਗਰੇਵਾਲ, ਕਰਮਬੀਰ ਸਿੰਘ, ਪਿੰਡ ਪ੍ਰੋਡਕਸ਼ਨ, ਗਾਰਗੀ ਗਿੱਲ ਤੇ ਰਤਨ ਸੇਖੋਂ ਅਤੇ ਸਪੋਰਟਰਾਂ ਵਿਚ ਹਰਪਾਲ ਸਿੰਘ ਟਾਂਡਾ, ਨਰਿੰਦਰ ਮੁੰਦਰ, ਸਤਿੰਦਰ ਸੁਸਾਣਾ, ਦਰਸ਼ਨ ਬਸਰਾਓਂ, ਬਿਕਰਮ ਸਿੰਘ, ਲਵਦੀਪ ਦੁਲਤ ਸ਼ਾਮਲ ਸਨ। ਇਨ੍ਹਾਂ ਤੋਂ ਇਲਾਵਾ ਓਹਾਇਓ ਤੋਂ ਹਰਜੀਤ ਢਿਲੋਂ, ਇਕਬਾਲ ਬੋਪਾਰਾਏ, ਮਹਿੰਦਰ ਭੇਲਾ, ਲਾਡਾ ਢਿਲੋਂ ਅਤੇ ਅੰਮ੍ਰਿਤਪਾਲ ਗਰੇਵਾਲ ਨੇ ਵੀ ਮੇਲੇ ਵਿਚ ਯੋਗਦਾਨ ਪਾਇਆ। ਮੇਲੇ ਦੌਰਾਨ ਜੋਗਾ ਸਿੰਘ ਵਿੰਡਸਰ ਕੈਨੇਡਾ, ਮਨਜੀਤ ਅਤੇ ਗੁਰਦੇਵ ਸਿੰਘ ਹਾਜ਼ਰ ਸਨ। ਗਾਇਕ ਸੁਰਿੰਦਰ ਸ਼ਿੰਦਾ ਨੇ ਵੀ ਮੇਲੇ ਵਿਚ ਰੰਗ ਬੰਨ੍ਹਿਆ।

***ਤਸਵੀਰਾ: ਸਿਆਨ ਵੀਡੀਓ***



# ਸਾਕਾ ਨੀਲਾ ਤਾਰਾ ਯਾਦਗਾਰ-ਪੰਥਕ ਜਥੇਬੰਦੀਆਂ ਨੇ ਖ਼ੁਦ ਕਮਾਨ ਸੰਭਾਲੀ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦਾ ਢਿੱਲਮੱਠ ਤੋਂ ਖ਼ਫਾ ਪੰਥਕ ਜਥੇਬੰਦੀਆਂ ਨੇ ਸਾਕਾ ਨੀਲਾ ਤਾਰਾ ਦੀ ਯਾਦਗਾਰ ਬਣਾਉਣ ਲਈ ਖ਼ੁਦ ਕਮਾਨ ਸੰਭਾਲ ਲਈ ਹੈ। ਸ਼੍ਰੋਮਣੀ ਕਮੇਟੀ ਨੇ ਪੰਜ ਮੈਂਬਰੀ ਕਮੇਟੀ ਕਾਇਮ ਕੀਤੀ ਹੋਈ ਹੈ ਪਰ ਇਸ ਕਮੇਟੀ ਵੱਲੋਂ ਹੁਣ ਤੱਕ ਕੋਈ ਕਾਰਵਾਈ ਨਹੀਂ ਕੀਤੀ ਗਈ ਜਿਸ ਤੋਂ ਖ਼ਫਾ ਹੋ ਕੇ ਵੱਖ-ਵੱਖ ਸਿੱਖ ਜਥੇਬੰਦੀਆਂ ਨੇ ਇਸ ਮਾਮਲੇ ਬਾਰੇ ਆਪਣੇ ਪੱਧਰ 'ਤੇ ਚਾਰ ਮੈਂਬਰੀ ਕਮੇਟੀ ਬਣਾ ਲਈ ਹੈ। ਇਹ ਚਾਰ ਮੈਂਬਰੀ ਕਮੇਟੀ ਯਾਦਗਾਰ ਉਸਾਰਨ ਬਾਰੇ ਆਪਣੀ ਪਲੇਠੀ ਤਜਵੀਜ਼ ਛੇ ਅਗਸਤ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਸੌਂਪੇਗੀ।

ਇਹ ਕਮੇਟੀ ਸਿੱਖ ਜਥੇਬੰਦੀਆਂ ਦਲ ਖਾਲਸਾ, ਖਾਲਸਾ ਐਕਸ਼ਨ ਕਮੇਟੀ, ਅਕਾਲੀ ਦਲ ਪੰਚ ਪ੍ਰਧਾਨੀ ਤੇ ਪੰਥਕ ਸੇਵਾ ਲਹਿਰ ਵੱਲੋਂ ਬਣਾਈ ਗਈ ਹੈ। ਇਸ ਚਾਰ ਮੈਂਬਰੀ ਕਮੇਟੀ ਵਿਚ ਸਾਬਕਾ ਆਈ.ਐਸ. ਅਧਿਕਾਰੀ ਗੁਰਤੇਜ ਸਿੰਘ, ਸਾਬਕਾ ਪੀ.ਸੀ.ਐਸ. ਅਧਿਕਾਰੀ ਏ.ਆਰ. ਦਰਸ਼ੀ, ਪੰਥਕ ਵਿਦਵਾਨ ਅਜਮੇਰ ਸਿੰਘ ਤੇ ਮਨੁੱਖੀ ਅਧਿਕਾਰਾਂ ਬਾਰੇ ਕਾਰਕੁਨ ਪ੍ਰੋ. ਜਗਮੋਹਨ ਸਿੰਘ ਸ਼ਾਮਲ ਹਨ। ਇਸ ਕਮੇਟੀ ਨੂੰ 'ਸਾਕਾ ਦਰਬਾਰ ਸਾਹਿਬ 1984 ਯਾਦਗਾਰੀ ਕਮੇਟੀ' ਦਾ ਨਾਂ ਦਿੱਤਾ ਗਿਆ ਹੈ। ਇਸ ਵਿਚ ਸ਼ਾਮਲ ਚਾਰੇ ਵਿਦਵਾਨ ਕਿਸੇ ਨਾ ਕਿਸੇ ਰੂਪ ਵਿਚ ਸਾਕਾ ਨੀਲਾ ਤਾਰਾ ਨਾਲ ਜੁੜੇ ਹੋਏ ਹਨ।



*ਪੰਥਕ ਜਥੇਬੰਦੀਆਂ ਵੱਲੋਂ ਬਣਾਈ ਕਮੇਟੀ ਦੇ ਮੈਂਬਰ ਜਾਣਕਾਰੀ ਦਿੰਦੇ ਹੋਏ।*

ਇਸ ਕਮੇਟੀ ਨੇ 12 ਜੁਲਾਈ ਨੂੰ ਸ੍ਰੀ ਹਰਿਮੰਦਰ ਸਾਹਿਬ ਸਮੂਹ ਦਾ ਦੌਰਾ ਕੀਤਾ ਤੇ ਯਾਦਗਾਰ ਉਸਾਰਨ ਲਈ ਸੰਭਾਵਿਤ ਥਾਂਵਾਂ ਦੀ ਘੋਖ ਕੀਤੀ। ਸ੍ਰੀ ਹਰਿਮੰਦਰ ਸਾਹਿਬ ਦੇ ਦੌਰੇ ਸਮੇਂ ਇਨ੍ਹਾਂ ਦੇ ਨਾਲ ਬਾਬਾ ਬਲਜੀਤ ਸਿੰਘ ਦਾਦੂਵਾਲ, ਸ. ਹਰਪਾਲ ਸਿੰਘ ਚੀਮਾ, ਕੰਵਰਪਾਲ ਸਿੰਘ, ਭਾਈ ਮੋਹਕਮ ਸਿੰਘ ਤੇ ਸਰਬਜੀਤ ਸਿੰਘ ਹਾਜ਼ਰ ਸਨ। ਉਨ੍ਹਾਂ ਮੈਂਬਰਾਂ ਨੇ ਦੱਸਿਆ ਕਿ 27 ਸਾਲ ਪਹਿਲਾਂ ਵਾਪਰੇ ਸਾਕਾ ਨੀਲਾ ਤਾਰਾ ਦੇ ਵਧੇਰੇ ਨਿਸ਼ਾਨ ਖ਼ਤਮ ਕਰ ਦਿੱਤੇ ਗਏ ਹਨ ਪਰ ਕੁਝ ਨਿਸ਼ਾਨ ਅਜੇ ਵੀ ਬਾਕੀ ਹਨ ਜਿਨ੍ਹਾਂ ਨੂੰ ਸੰਭਾਲਣ ਦੀ ਲੋੜ ਹੈ।

ਉਨ੍ਹਾਂ ਦੱਸਿਆ ਕਿ ਕਮੇਟੀ ਨੇ ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਚ ਕੁਝ ਥਾਂਵਾਂ ਦੀ ਚੋਣ ਕੀਤੀ ਹੈ ਜਿਥੇ ਸਾਕਾ ਨੀਲਾ ਤਾਰਾ ਦੀ ਯਾਦਗਾਰ ਉਸਾਰੀ ਜਾ ਸਕਦੀ ਹੈ। ਇਸ ਕਮੇਟੀ ਨੇ ਮੰਜੀ ਸਾਹਿਬ ਦੀਵਾਨ ਹਾਲ ਤੇ ਲੰਗਰ ਘਰ ਵਿਚਾਲੇ ਪਾਰਕ ਵਾਲੀ ਥਾਂ, ਰਾਮਗੜ੍ਹੀਆ ਬੁੰਗਾ ਦੇ ਨਾਲ ਪਰਕਰਮਾ ਵਿਚ ਖਾਲੀ ਥਾਂ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਨੇੜੇ ਥਾਂਵਾਂ ਦਾ ਮੁਆਇਨਾ ਕੀਤਾ। ਉਨ੍ਹਾਂ ਕਿਹਾ ਕਿ ਸਾਕਾ ਨੀਲਾ ਤਾਰਾ ਦੀ ਯਾਦਗਾਰ ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਚ ਹੀ ਬਣਨੀ ਚਾਹੀਦੀ ਹੈ ਕਿਉਂਕਿ ਇਸ ਤੋਂ ਪਹਿਲਾਂ ਵੀ ਗੁਰੂ ਘਰ ਦੀ ਰਾਖੀ ਕਰਨ ਵਾਲਿਆਂ ਦੀਆਂ ਯਾਦਗਾਰਾਂ ਇਥੇ ਸਮੂਹ ਵਿੱਚ ਮੌਜੂਦ ਹਨ। ਇਸ ਦੀ ਦਿੱਖ ਤੇ ਆਕਾਰ ਕਿਸ ਤਰ੍ਹਾਂ ਦਾ ਹੋਵੇਗਾ ਤੇ ਇਸ ਨੂੰ ਕਿਸ ਥਾਂ 'ਤੇ ਸਥਾਪਿਤ ਕੀਤਾ ਜਾਣਾ ਚਾਹੀਦਾ ਹੈ, ਇਸ ਬਾਰੇ ਕਮੇਟੀ ਵੱਲੋਂ ਸਿੱਖ ਸੰਗਤਾਂ ਤੇ ਮਾਹਰਾਂ ਦੀ ਰਾਏ ਲਈ ਜਾਵੇਗੀ। ਇਹ ਰਾਏ ਦੇ ਆਧਾਰ 'ਤੇ ਹੀ ਕਮੇਟੀ ਵੱਲੋਂ ਆਪਣੀ ਤਜਵੀਜ਼ ਤਿਆਰ ਕਰਕੇ ਛੇ ਅਗਸਤ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਹਿਬਾਨ ਨੂੰ ਸੌਂਪ ਦਿੱਤੀ ਜਾਵੇਗੀ।

ਕਮੇਟੀ ਮੈਂਬਰ ਪ੍ਰੋ. ਜਗਮੋਹਨ ਸਿੰਘ ਨੇ ਦੱਸਿਆ ਕਿ ਸਿੱਖ ਸੰਗਤਾਂ ਦੀ ਇਸ ਬਾਰੇ ਰਾਏ ਇਕੱਤਰ ਕਰਨ ਲਈ ਆਧੁਨਿਕ ਸੰਚਾਰ ਮਾਧਿਅਮ ਦੀ ਵਰਤੋਂ ਕੀਤੀ ਜਾਵੇਗੀ। ਇੰਟਰਨੈੱਟ ਤੇ ਅਖ਼ਬਾਰਾਂ ਰਾਹੀਂ ਲੋਕਾਂ ਕੋਲੋਂ ਰਾਏ ਮੰਗੀ ਜਾਵੇਗੀ। ਵੱਖ-ਵੱਖ ਸ਼ਹਿਰਾਂ ਵਿਚ ਮੀਟਿੰਗਾਂ ਕੀਤੀਆਂ ਜਾਣਗੀਆਂ, ਦੇਸ਼ ਵਿਦੇਸ਼ ਦੀਆਂ ਸਿੱਖ ਸੰਗਤਾਂ ਤੇ ਗੁਰਦੁਆਰਾ ਕਮੇਟੀਆਂ ਨੂੰ ਇਸ ਬਾਰੇ ਆਪਣੀ ਰਾਏ ਭੇਜਣ ਦੀ ਅਪੀਲ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਕਮੇਟੀ ਵੱਲੋਂ ਤਿਆਰ ਕੀਤੀ ਤਜਵੀਜ਼ ਸੰਗਤਾਂ ਦੀ ਰਾਏ ਦੀ ਤਰਜਮਾਨੀ ਕਰਦੀ ਹੋਵੇਗੀ। ਉਨ੍ਹਾਂ ਕਿਹਾ ਕਿ ਚਾਰ ਮੈਂਬਰੀ ਕਮੇਟੀ ਵੱਲੋਂ ਇਹ ਤਜਵੀਜ਼ ਦੇ ਕੇ ਸ਼੍ਰੋਮਣੀ ਕਮੇਟੀ ਦਾ ਕੰਮ ਸੌਖਾਲਾ ਕੀਤਾ ਜਾ ਰਿਹਾ ਹੈ। ਇਸ ਬਾਰੇ ਉਹ ਸ਼੍ਰੋਮਣੀ ਕਮੇਟੀ ਵੱਲੋਂ ਕਾਇਮ ਪੰਜ ਮੈਂਬਰੀ ਕਮੇਟੀ ਨਾਲ ਵੀ ਸੰਪਰਕ ਕਰਨਗੇ। ਉਨ੍ਹਾਂ ਸਪੱਸ਼ਟ ਕੀਤਾ ਕਿ ਇਹ ਕਮੇਟੀ ਸਿਰਫ਼ ਸਹਿਯੋਗ ਲਈ ਬਣਾਈ ਗਈ ਹੈ ਨਾ ਕਿ ਉਸ ਕਮੇਟੀ ਦੇ ਬਰਾਬਰ ਹੈ। ਉਨ੍ਹਾਂ ਕਿਹਾ ਕਿ ਜੇਕਰ ਸ਼੍ਰੋਮਣੀ ਕਮੇਟੀ ਵੱਲੋਂ ਤਜਵੀਜ਼ 'ਤੇ ਕੋਈ ਕਾਰਵਾਈ ਨਾ ਕੀਤੀ ਗਈ ਤਾਂ ਪੰਥਕ ਜਥੇਬੰਦੀਆਂ ਇਹ ਮਾਮਲਾ ਲੋਕਾਂ ਦੀ ਕਚਹਿਰੀ ਵਿਚ ਲੈ ਕੇ ਜਾਣਗੀਆਂ।

## ਜੂਲੀਆ ਅਸਾਂਜ ਵੱਲੋਂ ਸਪੁਰਦਗੀ ਦੇ ਹੁਕਮਾਂ ਨੂੰ ਚੁਣੌਤੀ

ਲੰਡਨ: ਵਿਕੀਲੀਕਸ ਦੇ ਬਾਨੀ ਜੂਲੀਆ ਅਸਾਂਜ ਨੇ ਜਿਣਸੀ ਛੇੜਛਾੜ ਦੇ ਇਕ ਮਾਮਲੇ 'ਚ ਆਪਣੀ ਸਵੀਡਨ ਨੂੰ ਸਪੁਰਦਗੀ ਨੂੰ ਲੰਡਨ ਹਾਈ ਕੋਰਟ 'ਚ ਚੁਣੌਤੀ ਦਿੱਤੀ ਹੈ। ਉਸ ਨੇ ਇਨ੍ਹਾਂ ਦੋਸ਼ਾਂ ਨੂੰ ਕਾਨੂੰਨੀ ਤੌਰ 'ਤੇ ਨੁਕਸਦਾਰ ਕਰਾਰ ਦਿੱਤਾ ਹੈ।

ਮੀਡੀਆ ਰਿਪੋਰਟ ਅਨੁਸਾਰ ਅਸਾਂਜ ਦੇ ਵਕੀਲਾਂ ਨੇ ਬੇਲਮਾਰਸ਼ ਮੈਜਿਸਟਰੇਟ ਦੀ ਅਦਾਲਤ ਦੇ ਉਸ ਫੈਸਲੇ ਨੂੰ ਚੁਣੌਤੀ ਦਿੱਤੀ ਹੈ ਜਿਸ 'ਚ ਕਿਹਾ ਗਿਆ ਸੀ ਕਿ ਉਸ ਦੀ ਸਪੁਰਦਗੀ ਦੀ ਕਾਰਵਾਈ ਹੋ ਜਾਣੀ ਚਾਹੀਦੀ ਹੈ। 40 ਸਾਲਾ ਅਸਾਂਜ ਲਈ ਪੇਸ਼ ਬੇਨ ਐਮਰਸਨ ਨੇ ਅਦਾਲਤ ਨੂੰ ਦੱਸਿਆ ਕਿ ਯੂਰਪੀ ਗ੍ਰਿਫਤਾਰੀ ਵਾਰੰਟ (ਈ.ਏ.ਡਬਲਿਊ.) ਜਿਸ ਦੇ ਆਧਾਰ 'ਤੇ ਉਨ੍ਹਾਂ ਦੇ ਮੁਵੱਕਿਲ ਨੂੰ ਬੰਦੀ ਬਣਾਇਆ ਹੋਇਆ ਹੈ, ਇਹ ਨੁਕਸਦਾਰ ਹੈ। ਇਸ 'ਚ ਕਥਿਤ ਸਰੀਰਕ ਛੇੜਛਾੜ ਦੀ ਕਾਰਵਾਈ ਨੂੰ 'ਨਿਰਪੱਖ, ਸਹੀ ਤੇ ਵਾਜਬ' ਢੰਗ ਨਾਲ ਨਹੀਂ ਬਿਆਨਿਆ ਗਿਆ। ਉਨ੍ਹਾਂ ਕਿਹਾ ਕਿ ਅਸਾਂਜ ਇੰਗਲੈਂਡ ਤੇ ਸਵੀਡਨ ਦੇ ਕਾਨੂੰਨਾਂ ਵਿਚਾਲੇ 'ਫਿਲਾਸਫੀ ਭਰੇ ਤੇ ਨਿਆਂਇਕ ਅਣਜੋੜ' ਦਾ ਸ਼ਿਕਾਰ ਹੋਇਆ ਹੈ।


# Convenience Store For Lease to Buy

**Convenience store in Woodburn (Oregon) area with two rentals, Apt. & 5 bedroom house+3 separate lots included in the sale. Good location, no competition. The owner will carry the contract with down payment.**

**For more info. call Sukhi @ 503-367-2614**

**ਕਨਵੀਨੀਐਂਸ ਸਟੋਰ ਲੀਜ਼ ਆਧਾਰ 'ਤੇ ਵਿਕਾਊ ਹੈ**

ਓਰੇਗਾਨ ਸਟੇਟ ਵਿਚ ਵੁਡਬਰਨ ਇਲਾਕੇ ਵਿਚ ਬਹੁਤ ਹੀ ਵਧੀਆ ਲੋਕੇਸ਼ਨ। ਸਟੋਰ ਦੇ ਨਾਲ ਦੋ ਰੈਂਟਲ ਪ੍ਰਾਪਰਟੀਆਂ-ਅਪਾਰਟਮੈਂਟ ਬਿਲਡਿੰਗ ਅਤੇ 5 ਬੈਡਰੂਮ ਦੇ ਘਰ ਤੋਂ ਇਲਾਵਾ ਤਿੰਨ ਵੱਖਰੇ ਲਾਟ ਵੀ ਸ਼ਾਮਲ ਹਨ। ਮਾਲਕ ਡਾਊਨ ਪੇਮੈਂਟ ਲੈ ਕੇ ਲੈਂਡ ਕੰਟਰੈਕਟ ਕਰਨ ਲਈ ਤਿਆਰ, ਵਧੀਆ ਲੋਕੇਸ਼ਨ, ਕੋਈ ਕੰਪੀਟੀਸ਼ਨ ਨਹੀਂ।

**ਹੋਰ ਜਾਣਕਾਰੀ ਲਈ ਕਾਲ ਕਰੋ:503-367-2614**



FARMERS INSURANCE GROUP
Symbol of Superior Service

**FARMERS®**

**Now at new location: 2774 Aborn Road , San Jose, CA 95121**

**ਆਪਣੀ ਕਾਰ ਜਾਂ ਆਪਣੇ ਘਰ ਦੀ ਇੰਸ਼ੋਰੈਂਸ ਕਵਰੇਜ ਬਾਰੇ ਤੁਹਾਡੇ ਮਨ ਵਿਚ ਕੋਈ ਸਵਾਲ ਹੈ? ਬਿਨਾਂ ਝਿਜਕ ਸਾਨੂੰ ਕਾਲ ਕਰੋ।**

***"Call for a review of any of your insurance policies or to get a quote"***
***Totally Free and No Obligation to buy from us!!***



**Satwant Singh**
**Insurance Agent**
**License # OH11256**

***Auto *Home *Life *Business *Workers Compensation**

**Call for consultation**

**Ph: 408-771-2438**

***408-580-6063, 408-687-7566***

**Fax: 408-273-6001**

**ssingh6@farmeragent.com**

*ਪਾਲਿਸੀ (ਅਤੇ ਪ੍ਰਾਸਪੈਕਟਸ, ਜਿਥੇ ਲਾਗੂ ਹੋਵੇ) ਸਿਰਫ ਅੰਗ੍ਰੇਜ਼ੀ ਵਿਚ ਉਪਲਬਧ ਹੈ। ਝਗੜੇ ਦੀ ਸੂਰਤ ਵਿਚ ਇਹੋ ਰੂਪ ਸਹੀ ਮੰਨਿਆ ਜਾਏਗਾ।*

***Call us to know about special discounts for nurses, teachers, engineers, pharmacists, doctors and more professionals to get low prices.****

*"Discounts apply to selected property and casualty coverages, perils, and policy types only and may vary by state and eligibility. To the extent permitted by law, applicants are individually underwritten; not all applicants may qualify."



# Reliable and Experienced Real Estate Professional

**ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ**

**ਗੁਰਬੰਸ ਸਿੰਘ ਗਿੱਲ ਫੋਨ: 209-815-1869**

***Bay Area *Tracy *Manteca * Lathrop * Weston Ranch *Stockton *Lodi *Elk Grove *Sacramento *Modesto *Turlock *Brentwood *Antioch *Oakley *Discovery Bay**

**We Specialize in Bankowned, Foreclosure and Short Sale Homes**

**ਜੇ ਤੁਸੀਂ ਆਪਣਾ ਘਰ ਸ਼ਾਰਟਸੇਲ 'ਤੇ ਵੇਚਣਾ ਚਾਹੁੰਦੇ ਹੋ**

**If you want to sell your house in shortsale, first call 209-815-1869**
***We are certified Home Afordable Foreclosure Alternative (HAFA) specilist in shortsale of homes.***



**Gurbans Singh Gill**
**Realtor**
**13 Years Experiance in Real Estate**
**e-mail: gurbans@gotracy.com**
**Fax: 209-836-0706**
**www.gotracy.com**

**Rent 'ਤੇ ਘਰ ਲੈਣਾ ਹੋਵੇ ਜਾਂ Rent 'ਤੇ ਘਰ ਦੇਣਾ ਹੋਵੇ**

REALTY WORLD®
Millennium

**Gurbans Gill 209-815-1869**

# ਪ੍ਰੋ. ਭੁੱਲਰ ਦੀ ਸਜ਼ਾ ਘਟਾਉਣ ਬਾਰੇ ਸੁਪਰੀਮ ਕੋਰਟ ਵੱਲੋਂ ਨੋਟਿਸ

## ਕੇਂਦਰ ਤੇ ਦਿੱਲੀ ਸਰਕਾਰਾਂ ਕੋਲੋਂ ਜਵਾਬ ਤਲਬ

**ਨਵੀਂ ਦਿੱਲੀ (ਪੰਜਾਬ ਟਾਈਮਜ਼ ਬਿਊਰੋ):** ਸੁਪਰੀਮ ਕੋਰਟ ਨੇ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਸਜ਼ਾ-ਏ-ਮੌਤ ਨੂੰ ਉਮਰ ਕੈਦ ਵਿਚ ਬਦਲਣ ਲਈ ਕੇਂਦਰ ਸਰਕਾਰ ਤੇ ਦਿੱਲੀ ਸਰਕਾਰ ਨੂੰ ਨੋਟਿਸ ਜਾਰੀ ਕਰਦਿਆਂ ਆਪਣਾ ਪੱਖ ਅਦਾਲਤ ਅੱਗੇ ਪੇਸ਼ ਕਰਨ ਲਈ ਕਿਹਾ ਹੈ। ਜ਼ਿਕਰਯੋਗ ਹੈ ਕਿ ਪ੍ਰੋ. ਭੁੱਲਰ ਦੀ ਪਤਨੀ ਨਵਨੀਤ ਕੌਰ ਨੇ ਸੁਪਰੀਮ ਕੋਰਟ ਵਿਚ ਅਰਜ਼ੀ ਦਾਇਰ ਕੀਤੀ ਹੈ ਕਿ ਉਸ ਦੇ ਪਤੀ ਦੀ ਸਜ਼ਾ-ਏ-ਮੌਤ ਨੂੰ ਉਮਰ ਕੈਦ ਵਿਚ ਬਦਲਿਆ ਜਾਵੇ। ਉਨ੍ਹਾਂ ਅਰਜ਼ੀ ਵਿਚ ਕਿਹਾ ਕਿ ਪ੍ਰੋ. ਭੁੱਲਰ ਦੀ ਮਾਨਸਿਕ ਹਾਲਤ ਖਰਾਬ ਹੈ ਤੇ ਜੇ ਉਸ ਨੂੰ ਫਾਂਸੀ ਦਿੱਤੀ ਜਾਂਦੀ ਹੈ ਤਾਂ ਇਹ ਇਕ ਗੈਰ-ਮਨੁੱਖੀ ਕਾਰਵਾਈ ਹੋਵੇਗੀ ਤੇ ਭਾਰਤੀ ਸੰਵਿਧਾਨ ਦੀ ਧਾਰਾ 21 ਦੀ ਉਲੰਘਣਾ ਹੋਵੇਗੀ।

ਉਨ੍ਹਾਂ ਕਿਹਾ ਕਿ ਪ੍ਰੋ. ਭੁੱਲਰ ਇਸ ਸਮੇਂ ਆਪਣਾ ਮਾਨਸਿਕ ਸੰਤੁਲਨ ਗਵਾ ਚੁੱਕਾ ਹੈ ਤੇ ਕਈ ਵਾਰ ਖੁਦਕੁਸ਼ੀ ਕਰਨ ਬਾਰੇ ਸੋਚ ਚੁੱਕਾ ਹੈ। ਸੁਪਰੀਮ ਕੋਰਟ ਦੇ ਜਸਟਿਸ ਜੀ.ਐਸ. ਸਿੰਘਵੀ ਤੇ ਜਸਟਿਸ ਐਚ.ਐਲ. ਦੱਤਾ 'ਤੇ ਅਧਾਰਤ ਬੈਂਚ ਅੱਗੇ ਨਵਨੀਤ ਕੌਰ ਦੇ ਵਕੀਲ ਕੇ.ਟੀ.ਐਸ. ਤੁਲਸੀ ਨੇ ਕਿਹਾ ਕਿ ਪ੍ਰੋ. ਭੁੱਲਰ ਦੀ ਮਾਨਸਿਕ ਹਾਲਤ ਬਾਰੇ ਨੈਸ਼ਨਲ ਇੰਸਟੀਚਿਊਟ ਆਫ ਮੈਂਟਲ ਹੈਲਥ ਤੋਂ ਸਿੱਧੇ ਤੌਰ 'ਤੇ ਰਿਪੋਰਟ ਮੰਗੀ ਜਾਵੇ। ਅਦਾਲਤ ਨੇ ਇਸ ਦਲੀਲ ਨੂੰ ਖਾਰਜ ਕਰਦਿਆਂ ਕੇਂਦਰ ਤੇ ਦਿੱਲੀ ਸਰਕਾਰ ਨੂੰ ਨੋਟਿਸ ਜਾਰੀ ਕੀਤੇ ਹਨ ਤੇ ਦੋ ਹਫਤਿਆਂ ਵਿਚ ਆਪਣਾ ਪੱਖ ਅਦਾਲਤ ਅੱਗੇ ਪੇਸ਼ ਕਰਨ ਲਈ ਕਿਹਾ ਹੈ।

ਪ੍ਰੋ. ਭੁੱਲਰ ਨੂੰ 25 ਅਗਸਤ, 2001 ਨੂੰ ਟਾਡਾ ਅਦਾਲਤ ਨੇ ਫਾਂਸੀ ਦੀ ਸਜ਼ਾ ਸੁਣਾਈ ਸੀ। ਉਸ 'ਤੇ ਦੋਸ਼ ਹੈ ਕਿ 10 ਸਤੰਬਰ 1993 ਨੂੰ ਦਿੱਲੀ ਵਿਖੇ ਹੋਏ ਬੰਬ ਧਮਾਕੇ ਦਾ ਉਹ ਮੁੱਖ ਦੋਸ਼ੀ ਹੈ। ਇਸ ਧਮਾਕੇ ਵਿਚ ਯੂਥ ਕਾਂਗਰਸ ਪ੍ਰਧਾਨ ਮਨਿੰਦਰਜੀਤ ਸਿੰਘ ਬਿੱਟਾ ਜ਼ਖਮੀ ਹੋ ਗਿਆ ਸੀ। ਪ੍ਰੋ. ਭੁੱਲਰ ਵੱਲੋਂ ਇਸ ਸਜ਼ਾ-ਏ-ਮੌਤ ਬਾਰੇ ਰਾਸ਼ਟਰਪਤੀ ਨੂੰ ਰਹਿਮ ਦੀ ਅਪੀਲ ਕੀਤੀ ਗਈ ਸੀ। ਬੀਤੀ 25 ਮਈ ਨੂੰ ਰਾਸ਼ਟਰਪਤੀ ਪ੍ਰਤਿਭਾ ਪਾਟਿਲ ਨੇ ਇਹ ਅਪੀਲ ਖਾਰਜ ਕਰ ਦਿੱਤੀ ਸੀ। ਰਾਸ਼ਟਰਪਤੀ ਵੱਲੋਂ ਅਪੀਲ ਦੀ ਸੁਣਵਾਈ ਵਿਚ ਲੱਗੇ 8 ਸਾਲਾਂ ਕਾਰਨ ਭੁੱਲਰ ਨੇ ਆਪਣਾ ਮਾਨਸਿਕ ਸੰਤੁਲਨ ਗਵਾ ਦਿੱਤਾ ਤੇ ਉਸ ਦੀ ਪਤਨੀ ਨੇ ਅਦਾਲਤ ਨੂੰ ਦੱਸਿਆ ਕਿ ਜੇ ਕਿਸੇ ਮਨੋਰੋਗੀ ਵਿਅਕਤੀ ਨੂੰ ਫਾਂਸੀ ਦਿੱਤੀ ਜਾਂਦੀ ਹੈ ਤਾਂ ਇਹ ਸੰਵਿਧਾਨ ਦੀ ਧਾਰਾ 20 ਦੀ ਉਲੰਘਣਾ ਹੋਵੇਗੀ।

ਪ੍ਰੋ. ਭੁੱਲਰ ਦੀ ਸਜ਼ਾ ਮੁਆਫ਼ੀ ਦੀ ਅਪੀਲ ਰੱਦ ਕਰਨ ਬਾਰੇ ਜਾਰੀ ਰਾਸ਼ਟਰਪਤੀ ਦੇ ਫਰਮਾਨ ਖ਼ਿਲਾਫ਼ ਉਨ੍ਹਾਂ ਦੀ ਪਤਨੀ ਨਵਨੀਤ ਕੌਰ ਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸੁਪਰੀਮ ਕੋਰਟ ਵਿੱਚ ਅਰਜ਼ੀ ਦਾਖਲ ਕੀਤੀ ਸੀ।

ਸਾਂਝੇ ਤੌਰ 'ਤੇ ਦਾਖਲ ਕੀਤੀ ਇਸ ਅਰਜ਼ੀ ਵਿਚ ਭੁੱਲਰ ਦੀ ਫਾਂਸੀ ਦੀ ਸਜ਼ਾ ਤਬਦੀਲ ਕਰਾਉਣ ਲਈ 50 ਆਧਾਰ ਗਿਣਾਏ ਗਏ ਹਨ। ਇਨ੍ਹਾਂ 'ਚੋਂ ਮੁੱਖ ਨੁਕਤਾ ਇਹ ਹੈ ਕਿ ਭੁੱਲਰ ਦੀ ਰਹਿਮ ਦੀ ਅਪੀਲ ਦਾ ਨਿਬੇੜਾ ਕਰਨ ਵਿਚ 5700 ਦਿਨਾਂ ਦੀ ਦੇਰੀ ਹੋਣ ਤੇ ਤਿਹਾੜ ਜੇਲ੍ਹ ਵਿਚ ਉਸ ਨੂੰ ਲੰਮਾ ਚਿਰ ਤਨਹਾ ਕੈਦ ਰੱਖਣ ਕਾਰਨ ਉਹ ਮਾਨਸਿਕ ਰੋਗੀ ਬਣ ਗਿਆ ਹੈ।

ਜਨਹਿਤ ਪਟੀਸ਼ਨ ਦੇ ਰੂਪ ਵਿਚ ਦਾਖਲ ਕੀਤੀ ਇਸ ਅਰਜ਼ੀ ਵਿਚ ਕਿਹਾ ਗਿਆ ਹੈ ਕਿ ਕਿਸੇ ਮਾਨਸਿਕ ਰੋਗੀ ਨੂੰ ਫਾਂਸੀ ਦੇਣੀ ਭਾਰਤ ਦੇ ਸੰਵਿਧਾਨ ਦੀ ਧਾਰਾ 21 (ਜੀਵਨ ਤੇ ਨਿੱਜੀ ਆਜ਼ਾਦੀ ਦੇ ਬੁਨਿਆਦੀ ਹੱਕ) ਦੀ ਉਲੰਘਣਾ ਤੇ ਇਕ ਅਣਮਨੁੱਖੀ ਕਾਰਵਾਈ ਮੰਨੀ ਜਾਵੇਗੀ। ਪਟੀਸ਼ਨ ਵਿਚ ਕਿਹਾ ਗਿਆ ਹੈ ਕਿ ਸਰਕਾਰ ਨੇ ਖੁਦ ਮੰਨਿਆ ਸੀ ਕਿ ਭੁੱਲਰ ਨੂੰ ਦਿੱਲੀ ਨੇੜਲੇ ਇੰਸਟੀਚਿਊਟ ਆਫ ਹਿਊਮਨ ਬਿਹੇਵੀਅਰ ਐਂਡ ਅਲਾਈਡ ਸਾਇੰਸਿਜ਼ (ਆਈ.ਐਚ.ਬੀ.ਏ.ਐਸ.) ਵਿਚ ਦਾਖਲ ਕਰਾਇਆ ਗਿਆ ਸੀ। ਇਸ ਤੋਂ ਇਲਾਵਾ ਦੇਸ਼ ਵਿਚ ਇਹ ਅਜਿਹਾ ਪਹਿਲਾ ਕੇਸ ਹੋਵੇਗਾ ਜਿੱਥੇ ਸੁਪਰੀਮ ਕੋਰਟ ਦੇ ਦੋ ਫਾੜ ਫਤਵੇ ਦੇ ਬਾਵਜੂਦ ਮੌਤ ਦੀ ਸਜ਼ਾ ਅਮਲ 'ਚ ਲਿਆਂਦੀ ਜਾ ਰਹੀ ਹੈ। ਲਾਅ ਕਮਿਸ਼ਨ ਨੇ ਅਕਤੂਬਰ 2003 ਵਿਚ ਆਪਣੀ 187ਵੀਂ ਰਿਪੋਰਟ ਵਿਚ ਸਿਫਾਰਸ਼ ਕੀਤੀ ਸੀ ਕਿ ਮੌਤ ਦੀ ਸਜ਼ਾ ਦਾ ਫੈਸਲਾ ਪੰਜ ਮੈਂਬਰੀ ਬੈਂਚ ਵੱਲੋਂ ਹੀ ਸੁਣਾਇਆ ਜਾਣਾ ਚਾਹੀਦਾ ਹੈ। ਨਵਨੀਤ ਕੌਰ ਨੇ ਕਿਹਾ ਕਿ ਪਿਛੇ ਜਿਹੇ ਉਹ ਜਦੋਂ ਆਈ.ਐਚ.ਬੀ.ਏ.ਐਸ. ਵਿਚ ਉਸ ਨੂੰ ਮਿਲੀ ਸੀ ਤਾਂ ਉਸ ਨੇ ਭੋਰਾ ਕੁ ਮੁਸਕਰਾਉਣ ਤੋਂ ਇਲਾਵਾ ਕੋਈ ਗੱਲ ਸਾਂਝੀ ਨਾ ਕੀਤੀ ਤੇ 2003 ਵਿਚ ਉਸ ਨੂੰ ਸਜ਼ਾ ਸੁਣਾਏ ਜਾਣ ਤੋਂ ਬਾਅਦ ਉਸ ਦੀ ਹਾਲਤ ਹੋਰ ਖਰਾਬ ਹੁੰਦੀ ਰਹੀ। ਪਟੀਸ਼ਨ ਵਿਚ ਜ਼ਿਕਰ ਕੀਤਾ ਗਿਆ ਹੈ ਕਿ ਮੌਤ ਦੀ ਸਜ਼ਾ ਦੀ ਉਡੀਕ ਬੇਹੱਦ ਤਕਲੀਫ਼ਦੇਹ ਤੇ ਮਾਨਸਿਕ ਤਸ਼ੱਦਦ ਹੈ ਜੋ ਸੰਵਿਧਾਨ ਦੀ ਧਾਰਾ 14, 19 ਤੇ 21 ਤਹਿਤ ਅੰਕਿਤ ਬੁਨਿਆਦੀ ਹੱਕਾਂ ਦੀ ਸਪਸ਼ਟ ਉਲੰਘਣਾ ਹੈ। ਪਟੀਸ਼ਨ ਮੁਤਾਬਕ ਰਾਸ਼ਟਰਪਤੀ ਕੋਲ ਜਿਨ੍ਹਾਂ 30 ਵਿਅਕਤੀਆਂ ਦੀਆਂ ਰਹਿਮ ਦੀਆਂ ਅਪੀਲਾਂ ਪਈਆਂ ਸਨ, ਉਨ੍ਹਾਂ 'ਚੋਂ ਭੁੱਲਰ ਦੀ ਅਪੀਲ ਦਾ ਅਠਾਰਵਾਂ ਨੰਬਰ ਸੀ ਪਰ ਉਸ ਨੂੰ ਵਾਰੀ ਤੋਂ ਪਹਿਲਾਂ ਹੀ ਰੱਦ ਕਰ ਦਿੱਤਾ ਗਿਆ ਤੇ ਇਸ ਦਾ ਕੋਈ ਕਾਰਨ ਵੀ ਨਹੀਂ ਦੱਸਿਆ ਗਿਆ। ਭੁੱਲਰ ਵੱਲੋਂ ਆਪਣੀ ਮੌਤ ਦੀ ਸਜ਼ਾ ਨੂੰ ਉਮਰ ਕੈਦ 'ਚ ਤਬਦੀਲ ਕਰਾਉਣ ਲਈ 23 ਮਈ ਨੂੰ ਪਾਈ ਪਟੀਸ਼ਨ 'ਤੇ ਸੁਪਰੀਮ ਕੋਰਟ ਵੱਲੋਂ ਨੋਟਿਸ ਜਾਰੀ ਕਰਨ ਤੋਂ ਦੋ ਦਿਨਾਂ ਬਾਅਦ ਹੀ ਉਸ ਦੀ ਰਹਿਮ ਦੀ ਅਪੀਲ 'ਤੇ ਇਹ ਫੈਸਲਾ ਸੁਣਾ ਦਿੱਤਾ ਗਿਆ।

## ਪੱਛਮੀ ਬੰਗਾਲ 'ਚ ਮਾਓਵਾਦੀ ਮੁੜ ਸਰਗਰਮ

ਨਵੀਂ ਦਿੱਲੀ: ਖੁਫ਼ੀਆ ਰਿਪੋਰਟਾਂ ਅਨੁਸਾਰ ਪੱਛਮੀ ਬੰਗਾਲ 'ਚ ਸਾਂਝੇ ਸੁਰੱਖਿਆ ਅਪਰੇਸ਼ਨ ਸਿਰਿਓਂ ਹੀ ਖ਼ਤੋਤ 'ਚ ਆ ਜਾਣ ਕਾਰਨ ਮਾਓਵਾਦੀ ਮੁੜ ਇਕੱਠੇ ਹੋਣ ਲੱਗੇ ਹਨ ਤੇ ਇਸ ਪੂਰਬੀ ਸੂਬੇ 'ਚ ਆਪਣਾ ਕਾਡਰ ਨਵੇਂ ਸਿਰਿਓਂ ਭਰਤੀ ਕਰਨ ਲੱਗੇ ਹਨ।

ਗ੍ਰਹਿ ਮੰਤਰਾਲੇ ਨੂੰ ਪੱਛਮੀ ਬੰਗਾਲ ਦੇ ਤਿੰਨ ਜ਼ਿਲ੍ਹਿਆਂ ਪੱਛਮੀ ਮਿਦਨਾਪੁਰ, ਬਾਂਕੁਰਾ ਤੇ ਪੁਰੂਲੀਆ ਤੋਂ ਮਿਲੀਆਂ ਰਿਪੋਰਟਾਂ ਅਨੁਸਾਰ ਨਕਸਲੀ ਕਾਫੀ ਵੱਡੀ ਗਿਣਤੀ ਨੌਜਵਾਨਾਂ ਨੂੰ ਆਪਣੇ ਨਾਲ ਲਾਉਣ ਤੇ ਹਥਿਆਰਬੰਦ ਸਿਖਲਾਈ ਲਈ ਭਰਤੀ ਕਰਨ 'ਚ ਸਮਰੱਥ ਹੋ ਗਏ ਹਨ। ਮਮਤਾ ਬੈਨਰਜੀ ਦੇ ਮੁੱਖ ਮੰਤਰੀ ਬਣਨ ਮਗਰੋਂ ਮਾਓਵਾਦੀਆਂ ਨੇ ਆਪਣੀ ਭਰਤੀ ਮੁਹਿੰਮ ਤੇ ਸਰਗਰਮੀਆਂ ਤੇਜ਼ ਕਰ ਦਿੱਤੀਆਂ ਹਨ ਕਿਉਂਕਿ ਉਸ ਦੀ ਸਰਕਾਰ ਉਨ੍ਹਾਂ ਨਾਲ ਗੱਲਬਾਤ ਦੇ ਹੱਕ 'ਚ ਹੈ ਤੇ ਇਸ ਨੇ ਬਾਗ਼ੀਆਂ ਵਿਰੁੱਧ ਸਾਰੇ ਅਪਰੇਸ਼ਨ ਠੱਪ ਹੀ ਕਰ ਦਿੱਤੇ ਹਨ। ਇਹ ਵੀ ਰਿਪੋਰਟਾਂ ਹਨ ਕਿ ਪੱਛਮੀ ਬੰਗਾਲ ਦੇ ਇਹ ਤਿੰਨ ਜ਼ਿਲ੍ਹੇ ਨਕਸਲੀਆਂ ਲਈ ਮੀਟਿੰਗ ਕੇਂਦਰ ਤੇ ਪਨਾਹਗਾਹ ਬਣ ਗਏ ਹਨ ਤੇ ਉਹ ਇੱਥੋਂ ਉੜੀਸਾ-ਝਾਰਖੰਡ ਤੇ ਬਿਹਾਰ 'ਚ ਵੀ ਸਰਗਰਮੀਆਂ ਚਲਾ ਰਹੇ ਹਨ। ਇਹ ਵੀ ਪਤਾ ਲੱਗਾ ਹੈ ਕਿ ਨਕਸਲੀਆਂ ਦੇ ਸਮਰਥਕਾਂ ਵੱਲੋਂ 'ਪਿੰਡ ਸੁਰੱਖਿਆ ਦਸਤੇ' ਬਣਾਏ ਜਾ ਰਹੇ ਹਨ ਤੇ ਕਈ ਪਿੰਡਾਂ 'ਚ ਕਾਰੋਬਾਰੀਆਂ ਤੇ ਸੀ.ਪੀ.ਐਮ. ਦੇ ਹਮਾਇਤੀਆਂ ਨੂੰ ਫਿਰੌਤੀਆਂ ਦੇ ਨੋਟਿਸ ਮਿਲ ਰਹੇ ਹਨ।

ਕੇਂਦਰੀ ਸੁਰੱਖਿਆ ਏਜੰਸੀਆਂ, ਤ੍ਰਿਣਮੂਲ ਕਾਂਗਰਸ ਸਰਕਾਰ ਦੀ 46 'ਸਿਆਸੀ ਕੈਦੀਆਂ' ਨੂੰ ਰਿਹਾਅ ਕਰਨ ਦੀ ਤਜਵੀਜ਼ 'ਤੇ ਕਾਫੀ ਫਿਕਰਮੰਦ ਹਨ ਜਿਨ੍ਹਾਂ 'ਚੋਂ ਬਹੁਤੇ ਮਾਓਵਾਦੀਆਂ ਦੇ ਹਮਦਰਦ ਹਨ। ਏਜੰਸੀਆਂ ਦਾ ਕਹਿਣਾ ਹੈ ਕਿ ਇਸ ਨਾਲ ਨਕਸਲੀਆਂ ਨੂੰ ਮੁੜ ਸੰਗਠਤ ਹੋਣ ਲਈ ਵਧੇਰੇ ਮੌਕਾ ਤੇ ਹੌਸਲਾ ਮਿਲੇਗਾ।

# ਖੋਖਰ ਵੱਲੋਂ ਸੱਜਣ ਕੁਮਾਰ ਨੂੰ ਬਚਾਉਣ ਦੇ ਯਤਨ

**ਨਵੀਂ ਦਿੱਲੀ:** 1984 ਦੇ ਸਿੱਖ ਕਤਲੇਆਮ ਦੇ ਮੁਕੱਦਮੇ 'ਚ ਸ਼ਾਮਲ ਕਾਂਗਰਸ ਦੇ ਸਾਬਕਾ ਸੰਸਦ ਮੈਂਬਰ ਸੱਜਣ ਕੁਮਾਰ ਨਾਲ ਦੋਸ਼ਾਂ ਦਾ ਸਾਹਮਣਾ ਕਰ ਰਹੇ ਕਿਸ਼ਨ ਖੋਖਰ ਨੇ ਅਦਾਲਤ ਵਿਚ ਬਿਆਨ ਦਿੱਤਾ ਹੈ ਕਿ ਸੱਜਣ ਕੁਮਾਰ ਨੇ ਨਾ ਹੀ ਉਸ ਨੂੰ ਤੇ ਨਾ ਹੀ ਕਿਸੇ ਤਰ੍ਹਾਂ ਦੀ ਭੀੜ ਨੂੰ ਸਿੱਖਾਂ 'ਤੇ ਹਮਲੇ ਕਰਨ ਲਈ ਉਕਸਾਇਆ ਸੀ। ਕਿਸ਼ਨ ਖੋਖਰ ਦਿੱਲੀ ਦੇ ਸਾਬਕਾ ਕੌਂਸਲਰ ਬਲਵੰਤ ਖੋਖਰ ਦਾ ਭਰਾ ਹੈ।

ਵਧੀਕ ਸੈਸ਼ਨ ਜੱਜ ਸੁਨੀਤਾ ਗੁਪਤਾ ਨੇ ਪੇਸ਼ੇ ਵਜੋਂ ਡਰਾਈਵਰ ਕਿਸ਼ਨ ਖੋਖਰ ਦੇ ਬਿਆਨ ਕਲਮਬੰਦ ਕੀਤੇ। ਉਸ ਨੇ ਕਿਹਾ ਕਿ ਇਹ ਗਲਤ ਹੈ ਕਿ ਸੱਜਣ ਕੁਮਾਰ ਨੇ ਉਸ ਨੂੰ ਤੇ ਹੋਰਾਂ ਮੁਲਜ਼ਮਾਂ ਨੂੰ 1984 ਵਿਚ ਸਿੱਖਾਂ ਨੂੰ ਮਾਰਨ ਲਈ ਉਕਸਾਇਆ। ਸਾਬਕਾ ਕੌਂਸਲਰ ਬਲਵਾਨ ਖੋਖਰ ਜੋ ਸੱਜਣ ਕੁਮਾਰ ਤੇ ਚਾਰ ਹੋਰਾਂ ਨਾਲ ਕੇਸ 'ਚ ਮੁਲਜ਼ਮ ਹਨ, ਨੇ ਐਡੀਸ਼ਨਲ ਸੈਸ਼ਨ ਜੱਜ ਸੁਨੀਤਾ ਗੁਪਤਾ ਦੀ ਅਦਾਲਤ 'ਚ ਗਵਾਹੀ ਦੌਰਾਨ ਦੱਸਿਆ ਕਿ ਇਹ ਕਹਿਣਾ ਗਲਤ ਹੈ ਕਿ ਸੱਜਣ ਕੁਮਾਰ ਪੁਲੀਸ ਦੇ ਇਕ ਵਾਹਨ 'ਚ ਚੜ੍ਹ ਕੇ ਇਲਾਕੇ 'ਚ ਆਇਆ ਸੀ ਤੇ ਉਸ ਨੇ ਭੀੜ ਨੂੰ ਭਾਸ਼ਣ ਦਿੱਤਾ ਸੀ। ਉਸ ਨੇ ਇਸ ਗੱਲੋਂ ਵੀ ਇਨਕਾਰ ਕੀਤਾ ਕਿ ਸੱਜਣ ਕੁਮਾਰ ਸਿੱਖਾਂ ਨੂੰ ਮਾਰਨ ਲਈ ਭੀੜ ਨੂੰ ਭੜਕਾ ਰਿਹਾ ਸੀ। ਉਸ ਨੇ ਇਨਕਾਰ ਕੀਤਾ ਕਿ ਸੱਜਣ ਕੁਮਾਰ ਨੇ ਕਦੇ ਭੀੜ ਨੂੰ ਭੜਕਾ ਕੇ ਸਾਰੇ ਸਿੱਖਾਂ ਨੂੰ ਮਾਰਨ ਲਈ ਕਿਹਾ ਸੀ ਕਿਉਂਕਿ ਉਨ੍ਹਾਂ ਨੇ ਉਸ ਦੀ (ਸੱਜਣ ਦੀ) ਮਾਂ (ਇੰਦਰਾ ਗਾਂਧੀ) ਨੂੰ ਮਾਰ ਦਿੱਤਾ ਸੀ। ਜ਼ਿਕਰਯੋਗ ਹੈ ਕਿ ਇਸ ਕੇਸ 'ਚ ਮੌਕੇ ਦੇ ਤਿੰਨ ਗਵਾਹਾਂ- ਨਿਰਪ੍ਰੀਤ ਕੌਰ, ਜੋਗਿੰਦਰ ਸਿੰਘ ਤੇ ਜਗਦੀਸ਼ ਕੌਰ ਨੇ ਖੋਖਰ ਦੇ ਵਿਰੁੱਧ ਬਿਆਨ ਦਿੱਤੇ ਸਨ।

ਖੋਖਰ ਨੇ ਕਿਹਾ ਕਿ ਦੰਗਿਆਂ ਦੌਰਾਨ ਉਸ ਨੇ ਛੇ ਸਿੱਖ ਪਰਿਵਾਰਾਂ ਨੂੰ ਪਨਾਹ ਦਿੱਤੀ, ਖਾਣਾ ਦਿੱਤਾ ਤੇ ਉਨ੍ਹਾਂ ਨੂੰ ਦੱਖਣ ਏਅਰਫੋਰਸ ਦੇ ਗੁਰਦੁਆਰੇ ਵੀ ਲੈ ਕੇ ਗਿਆ। ਖੋਖਰ ਨੇ ਇਸ ਤੋਂ ਵੀ ਨਾ ਕੀਤੀ ਕਿ ਉਹ ਇਕ ਹੋਰ ਮੁਲਜ਼ਮ ਮਹਿੰਦਰ ਯਾਦਵ ਨਾਲ ਰਲ ਕੇ ਨਿਰਪ੍ਰੀਤ ਕੌਰ ਦੇ ਪਿਤਾ ਨੂੰ ਇਕ ਸਕੂਟਰ 'ਤੇ ਲੈ ਕੇ ਗਿਆ ਸੀ ਤੇ ਮਗਰੋਂ ਇਕ ਪੁਲੀਸ ਵਾਲੇ ਤੋਂ ਮਾਚਿਸ ਲੈ ਕੇ ਉਸ ਨੂੰ ਜਿਉਂਦੇ ਨੂੰ ਸਾੜ ਦਿੱਤਾ ਸੀ।ਇਸ ਦੇ ਨਾਲ ਹੀ ਮੁਲਜ਼ਮ ਸਾਬਕਾ ਵਿਧਾਇਕ ਮਹਿੰਦਰ ਯਾਦਵ ਨੇ ਅਦਾਲਤ ਵਿਚ ਕਿਹਾ ਕਿ ਉਹ ਬੇਕਸੂਰ ਹੈ ਤੇ ਉਸ ਦੇ ਰਾਜਨੀਤਕ ਜੀਵਨ ਨੂੰ ਬਰਬਾਦ ਕਰਨ ਦੀ ਇਹ ਸਾਜ਼ਿਸ਼ ਹੈ। ਯਾਦਵ ਨੇ ਵਧੀਕ ਸੈਸ਼ਨ ਜੱਜ ਸੁਨੀਤਾ ਗੁਪਤਾ ਨੂੰ ਕਿਹਾ ਕਿ ਉਹ 1984 ਸਿੱਖ ਕਤਲੇਆਮ ਵਿਚ ਸ਼ਾਮਲ ਨਹੀਂ ਸੀ। ਉਨ੍ਹਾਂ ਕਿਹਾ ਉਸ ਨੂੰ 1984 ਸਿੱਖ ਕਤਲੇਆਮ ਦੇ ਇਕ ਹੋਰ ਮਾਮਲੇ ਵਿਚ ਸਥਾਨਕ ਅਦਾਲਤ ਪਹਿਲਾਂ ਹੀ ਬਰੀ ਕਰ ਚੁੱਕੀ ਹੈ। ਇਸ ਮਾਮਲੇ 'ਚ ਚਾਰ ਗਵਾਹਾਂ, ਨਿਰਪਜੀਤ ਕੌਰ, ਜੋਗਿੰਦਰ ਸਿੰਘ, ਜਗਦੀਸ਼ ਕੌਰ ਤੇ ਜਗਸ਼ੇਰ ਸਿੰਘ ਨੇ ਯਾਦਵ ਵਿਰੁੱਧ ਗਵਾਹੀ ਦਿੱਤੀ ਹੈ ਤੇ ਅਦਾਲਤ ਵਿਚ ਉਸ ਦੀ ਪਛਾਣ ਕੀਤੀ ਹੈ।

# ਸਰਨਾ ਵੱਲੋਂ ਰਾਸ਼ਟਰਪਤੀ ਨੂੰ ਮੰਗ ਪੱਤਰ

**ਨਵੀਂ ਦਿੱਲੀ:** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਦੀ ਅਗਵਾਈ ਵਿਚ ਸਿੱਖ ਆਗੂਆਂ ਦਾ ਵਫਦ ਪ੍ਰੋ. ਭੁੱਲਰ ਦੀ ਫਾਂਸੀ ਦੀ ਸਜ਼ਾ ਬਹਾਲ ਰੱਖੇ ਜਾਣ ਦੇ ਫੈਸਲੇ 'ਤੇ ਪੁਨਰ-ਵਿਚਾਰ ਕਰਨ ਦੀ ਮੰਗ ਬਾਬਤ ਸਿੱਖ ਜਗਤ ਦੀਆਂ ਭਾਵਨਾਵਾਂ ਰਾਸ਼ਟਰਪਤੀ ਤਕ ਪਹੁੰਚਾਉਣ ਲਈ ਉਨ੍ਹਾਂ ਦੇ ਪ੍ਰਿੰਸੀਪਲ ਸਕੱਤਰ ਫਰਨਾਂਡੀਜ਼ ਨੂੰ ਮਿਲਿਆ।

ਵਫਦ 'ਚ ਦਿੱਲੀ ਗੁਰਦੁਆਰਾ ਕਮੇਟੀ ਦੇ ਸਾਬਕਾ ਪ੍ਰਧਾਨ ਹਰਵਿੰਦਰ ਸਿੰਘ ਸਰਨਾ, ਜਨਰਲ ਸਕੱਤਰ ਗੁਰਮੀਤ ਸਿੰਘ ਸ਼ੰਟੀ, ਇੰਟਰਨੈਸ਼ਨਲ ਪੰਜਾਬੀ ਸਿਵਿਲ ਸੁਸਾਇਟੀ ਦੇ ਪ੍ਰਧਾਨ ਰਘੁਬੀਰ ਸਿੰਘ ਜੌੜਾ, ਅਕਾਲ ਤਖ਼ਤ ਦੇ ਸਾਬਕਾ ਜਥੇਦਾਰ ਭਾਈ ਜਸਬੀਰ ਸਿੰਘ ਰੋਡੇ ਸ਼ਾਮਲ ਸਨ। ਵਫਦ ਨੇ ਪ੍ਰੋ. ਭੁੱਲਰ ਦੀ ਫਾਂਸੀ ਦੀ ਸਜ਼ਾ ਮਾਫ਼ ਕੀਤੇ ਜਾਣ ਦੀ ਮੰਗ ਨੂੰ ਲੈ ਕੇ ਵੈਨਕੂਵਰ (ਕੈਨੇਡਾ) ਦੇ 42 ਹਜ਼ਾਰ ਸਿੱਖਾਂ, ਤਕਰੀਬਨ ਪੰਜ ਸੌ ਸਿੱਖ ਜਥੇਬੰਦੀਆਂ, ਪੰਚਾਇਤਾਂ ਤੇ ਸ਼੍ਰੋਮਣੀ ਅਕਾਲੀ ਦਲ ਦਿੱਲੀ ਯੂਥ ਵਿੰਗ ਦੀ ਪੰਜਾਬ ਤੇ ਦਿੱਲੀ ਈਕਾਈ ਦੇ ਮੁਖੀਆਂ ਤੇ ਵਰਕਰਾਂ ਵੱਲੋਂ ਆਪਣੇ ਖ਼ੂਨ ਨਾਲ ਕੀਤੇ ਦਸਤਖ਼ਤਾਂ ਨਾਲ ਰਾਸ਼ਟਰਪਤੀ ਦੇ ਨਾਂ ਭੇਜੇ ਗਏ ਮੰਗ-ਪੱਤਰ ਉਨ੍ਹਾਂ ਨੂੰ ਸੌਂਪੇ।

ਸ. ਸਰਨਾ ਨੇ ਸ੍ਰੀ ਫਰਨਾਂਡੀਜ਼ ਨੂੰ ਦੱਸਿਆ ਕਿ ਪ੍ਰੋ. ਭੁੱਲਰ ਦੀ ਫਾਂਸੀ ਦੀ ਸਜ਼ਾ ਮੁਆਫ ਕੀਤੇ ਜਾਣ ਦੇ ਮਜ਼ਬੂਤ ਆਧਾਰ ਹਨ ਜਿਨ੍ਹਾਂ ਬਾਰੇ ਸ਼ਾਇਦ ਰਾਸ਼ਟਰਪਤੀ ਨੂੰ ਅਨਜਾਣ ਰੱਖਿਆ ਗਿਆ ਹੈ। ਉਨ੍ਹਾਂ ਕਿਹਾ ਕਿ ਜਦੋਂ ਜਰਮਨ ਤੋਂ ਪ੍ਰੋ. ਭੁੱਲਰ ਨੂੰ ਭਾਰਤ ਲਿਆਂਦਾ ਗਿਆ ਸੀ ਤਾਂ ਭਾਰਤ ਸਰਕਾਰ ਵੱਲੋਂ ਉਥੋਂ ਦੀ ਅਦਾਲਤ ਨੂੰ ਭਰੋਸਾ ਦੁਆਇਆ ਗਿਆ ਸੀ ਕਿ ਯੂਰਪੀ ਦੇਸ਼ਾਂ ਦੇ ਕਾਨੂੰਨਾਂ ਦਾ ਸਨਮਾਨ ਕਾਇਮ ਰੱਖਦਿਆਂ ਪ੍ਰੋ. ਭੁੱਲਰ ਨੂੰ ਮੌਤ ਦੀ ਸਜ਼ਾ ਨਹੀਂ ਦਿੱਤੀ ਜਾਏਗੀ। ਪ੍ਰੋ. ਭੁੱਲਰ ਦੀ ਅਪੀਲ ਦੀ ਸੁਣਵਾਈ ਕਰਨ ਵਾਲੀ ਸੁਪਰੀਮ ਕੋਰਟ ਦੀ ਬੈਂਚ ਦਾ ਫੈਸਲਾ ਵੀ ਸਰਬਸੰਮਤੀ ਨਾਲ ਨਹੀਂ।ਕੀਤਾ ਗਿਆ ਸੀ।

# ਸੁਪਰੀਮ ਕੋਰਟ ਵੱਲੋਂ ਹਾਂਸੀ-ਬੁਟਾਣਾ ਵਿਵਾਦ 'ਤੇ ਕੇਂਦਰ ਦੀ ਖਿਚਾਈ

**ਨਵੀਂ ਦਿੱਲੀ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਤੇ ਹਰਿਆਣਾ ਦੇ ਪਾਣੀਆਂ ਦੇ ਝਗੜੇ ਨੂੰ ਹੱਲ ਕਰਨ ਲਈ ਕੁਝ ਵੀ ਨਾ ਕਰਨ ਉਤੇ ਕੇਂਦਰ ਸਰਕਾਰ ਦੀ ਖਿਚਾਈ ਕਰਦਿਆਂ ਸੁਪਰੀਮ ਕੋਰਟ ਨੇ ਸੁਝਾਅ ਦਿੱਤਾ ਹੈ ਕਿ ਹਾਂਸੀ-ਬੁਟਾਣਾ ਨਹਿਰ ਬਾਰੇ ਵਿਵਾਦ ਨੂੰ ਟ੍ਰਿਬਿਊਨਲ ਹਵਾਲੇ ਕਰ ਦਿੱਤਾ ਜਾਣਾ ਚਾਹੀਦਾ ਹੈ। ਸੁਪਰੀਮ ਕੋਰਟ ਦੇ ਜੱਜਾਂ ਜਸਟਿਸ ਜੇ.ਐਮ. ਪੰਚਾਲ ਤੇ ਜਸਟਿਸ ਐਚ.ਐਲ. ਗੋਖਲੇ ਨੇ ਕਿਹਾ ਕਿ ਸੁਪਰੀਮ ਕੋਰਟ ਪਹਿਲਾਂ ਹੀ ਕਾਵੇਰੀ ਦਰਿਆ ਦੇ ਪਾਣੀਆਂ ਬਾਰੇ ਕੇਸ ਵਿਚ ਸਾਫ ਕਰ ਚੁੱਕਿਆ ਹੈ ਕਿ ਅੰਤਰਰਾਜੀ ਪਾਣੀ ਵਿਵਾਦਾਂ ਨੂੰ ਟ੍ਰਿਬਿਊਨਲਾਂ ਵੱਲੋਂ ਹੱਲ ਕੀਤਾ ਜਾਣਾ ਚਾਹੀਦਾ ਹੈ।

ਹਾਂਸੀ-ਬੁਟਾਣਾ ਨਹਿਰ ਵਿਵਾਦ ਬਾਰੇ ਅਦਾਲਤ ਨੇ ਕਿਹਾ ਕਿ ਕੇਂਦਰ ਨੇ ਇਸ ਬਾਰੇ ਖਾਮੋਸ਼ੀ ਧਾਰੀ ਹੋਈ ਹੈ ਤੇ ਵਿਵਾਦ ਨੂੰ ਵੱਡਾ ਬਣਨ ਦਿੱਤਾ ਜਾ ਰਿਹਾ ਹੈ। ਬੈਂਚ ਨੇ ਨਾਲ ਹੀ ਕਿਹਾ ਕਿ ਮੌਜੂਦਾ ਹਾਲਤ ਜਿਉਂ ਦੀ ਤਿਉਂ (ਸਟੇਟਸ ਕੋ) ਰੱਖਦਿਆਂ ਮਾਮਲੇ ਨੂੰ ਟ੍ਰਿਬਿਊਨਲ ਹਵਾਲੇ ਕਰ ਦਿੱਤਾ ਜਾਵੇ। ਇਕ ਵਾਰ ਤਾਂ ਅਦਾਲਤ ਨੇ ਇਹ ਵੀ ਕਹਿ ਦਿੱਤਾ ਕਿ ਇਸ ਬਾਰੇ ਕੇਂਦਰ ਦੀ ਚੁੱਪ ਕਾਰਨ ਹੀ ਵਿਵਾਦ ਉਲਝ ਕੇ 'ਇਥੋਂ ਤੱਕ' ਪਹੁੰਚਿਆ ਹੈ। ਇਸ ਮੌਕੇ ਪਟੀਸ਼ਨਰ ਪੰਜਾਬ ਵੱਲੋਂ ਸੀਨੀਅਰ ਵਕੀਲ ਹਰੀਸ਼ ਸਾਲਵੇ ਪੇਸ਼ ਹੋਏ। ਪੰਜਾਬ ਨੇ ਹੀ



2007 ਵਿਚ ਹਰਿਆਣਾ ਨੂੰ ਹਾਂਸੀ-ਬੁਟਾਣਾ ਨਹਿਰ ਉਸਾਰਨ ਤੋਂ ਰੋਕਣ ਲਈ ਸੁਪਰੀਮ ਕੋਰਟ ਦਾ ਬੂਹਾ ਖੜਕਾਇਆ ਸੀ।

ਸ੍ਰੀ ਸਾਲਵੇ ਨੇ ਕਿਹਾ ਕਿ ਉਨ੍ਹਾਂ ਦੇ ਮੁਵੱਕਿਲ ਨੂੰ ਸਟੇਟਸ ਕੋ ਪ੍ਰਵਾਨ ਹੋਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਚਾਹੁੰਦਾ ਹੈ ਕਿ ਹਰਿਆਣਾ ਵੱਲੋਂ ਨਹਿਰ ਦੇ ਨਾਲ ਘੱਗਰ ਬੰਨ੍ਹ ਦੀ ਮਜ਼ਬੂਤੀ (ਕੰਧ ਦੀ ਉਸਾਰੀ) ਕਰਨੀ ਬੰਦ ਕਰ ਦਿੱਤੀ ਜਾਵੇ ਪਰ ਪੰਜਾਬ ਦੇ ਇਤਰਾਜ਼ ਦੇ ਬਾਵਜੂਦ ਹਰਿਆਣਾ ਮੁੱਖ ਭਾਖੜਾ ਨਹਿਰ ਵਿਚੋਂ ਹਾਂਸੀ-ਬੁਟਾਣਾ ਨਹਿਰ ਰਾਹੀਂ ਪਾਣੀ ਲੈਣਾ ਚਾਹੁੰਦਾ ਹੈ।

ਇਸ ਦੇ ਨਾਲ ਹੀ ਦੋਵਾਂ ਪੰਜਾਬ ਤੇ ਹਰਿਆਣਾ ਦੇ ਵਕੀਲਾਂ ਨੇ ਕਿਹਾ ਕਿ ਉਹ ਇਸ ਵਿਵਾਦ ਨੂੰ ਟ੍ਰਿਬਿਊਨਲ ਹਵਾਲੇ ਕਰਨ ਦੇ ਅਦਾਲਤ ਦੇ ਸੁਝਾਅ ਨੂੰ ਆਪਣੇ ਮੁਵੱਕਿਲਾਂ ਤੱਕ ਪਹੁੰਚਾ ਦੇਣਗੇ ਤੇ ਫੇਰ ਅਦਾਲਤ ਨੂੰ ਉਨ੍ਹਾਂ ਦੇ ਹੁੰਗਾਰੇ ਬਾਰੇ ਜਾਣੂ ਕਰਵਾਉਣਗੇ। ਹਰਿਆਣਾ ਵੱਲੋਂ ਪੇਸ਼ ਹਵਾ ਸਿੰਘ ਹੁੱਡਾ ਤੇ ਸੀਨੀਅਰ ਵਕੀਲ ਅਲਤਾਫ ਅਹਿਮਦ ਨੇ ਕਿਹਾ ਕਿ ਪੰਜਾਬ ਦਾ ਮੁੱਖ ਮੁਕੱਦਮਾ ਟ੍ਰਿਬਿਊਨਲ ਦੇ ਘੇਰੇ ਵਿਚ ਆਉਂਦਾ ਹੈ। ਪੰਜਾਬ ਨੇ ਕਿਹਾ ਕਿ ਉਹ ਬੰਨ੍ਹ ਨੂੰ ਮਜ਼ਬੂਤ ਕਰਨ ਦੀ ਕਾਰਵਾਈ ਬਾਰੇ ਹਰਿਆਣਾ ਦੇ ਹਲਫਨਾਮੇ ਦੇ 'ਤਕਨੀਕੀ ਪੱਖਾਂ' ਬਾਰੇ ਜਵਾਬ ਦਾਖਲ ਕਰਨਾ ਚਾਹੁੰਦਾ ਹੈ। ਬੈਂਚ ਨੇ ਇਸ ਮੌਕੇ ਕੇਂਦਰੀ ਜਲ ਕਮਿਸ਼ਨ ਦੀ ਪਾਣੀਆਂ ਬਾਰੇ ਵਿਵਾਦ ਬਾਰੇ ਰਿਪੋਰਟ ਪੇਸ਼ ਕਰਨ ਲਈ ਕਿਹਾ। ਹਰਿਆਣਾ ਨੇ ਕਿਹਾ ਕਿ ਪੰਜਾਬ ਪਹਿਲਾਂ ਹੀ ਇਸ ਰਿਪੋਰਟ ਬਾਰੇ ਆਪਣੇ ਇਤਰਾਜ਼ ਦਾਖਲ ਕਰ ਚੁੱਕਿਆ ਹੈ ਕਿਉਂਕਿ ਕਮਿਸ਼ਨ ਨੇ ਉਸ ਦੇ ਸਟੈਂਡ ਦੀ ਆਇਦ ਨਹੀਂ ਕੀਤੀ।

## ਹਾਂਸੀ-ਬਟਾਣਾ ਵਿਵਾਦ ਲਈ ਬਾਦਲ ਜ਼ਿੰਮੇਵਾਰ: ਕੈਪਟਨ ਅਮਰਿੰਦਰ



**ਚੰਡੀਗੜ੍ਹ:** ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਹਰਿਆਣਾ ਕੋਲੋਂ ਹਾਂਸੀ-ਬੁਟਾਣਾ ਨਹਿਰ ਦੇ ਨਾਲ-ਨਾਲ ਕੰਧ ਬਣਾਉਣ ਤੋਂ ਰੋਕਣ 'ਚ ਨਾਕਾਮ ਰਹਿਣ ਦਾ ਦੋਸ਼ ਕੇਂਦਰ ਸਿਰ ਮੜਣ ਦੀ ਅਲੋਚਨਾ ਕੀਤੀ ਹੈ। ਉਨ੍ਹਾਂ ਕਿਹਾ ਕਿ ਜੇ ਇਸ ਕੰਧ ਕਾਰਨ ਪੰਜਾਬ ਵਿਚ ਹੜ੍ਹ ਆਉਂਦੇ ਹਨ ਤਾਂ ਇਸ ਦੇ ਜ਼ਿੰਮੇਵਾਰ ਸ. ਬਾਦਲ ਹੋਣਗੇ ਕਿਉਂਕਿ ਉਹ ਸੂਬੇ ਦੇ ਮੁੱਖ ਮੰਤਰੀ ਹਨ ਤੇ ਇਸ ਮਾਮਲੇ ਵਿਚ ਸਿੱਧੀ ਕਾਰਵਾਈ ਕਰਨਾ ਉਨ੍ਹਾਂ ਦੀ ਜ਼ਿੰਮੇਵਾਰੀ ਹੈ।

ਕੈਪਟਨ ਨੇ ਕਿਹਾ ਕਿ ਆਪਣੀ ਗਲਤੀਆਂ ਦੇ ਦੂਜਿਆਂ ਉਪਰ ਇਲਜ਼ਾਮ ਲਾਉਣੇ ਸ. ਬਾਦਲ ਦੀ ਪੁਰਾਣੀ ਆਦਤ ਹੈ। ਉਨ੍ਹਾਂ ਸ. ਬਾਦਲ ਨੂੰ ਯਾਦ ਕਰਵਾਇਆ ਕਿ ਉਹ ਉਨ੍ਹਾਂ ਨੂੰ ਸਿੱਧੀ ਕਾਰਵਾਈ ਕਰਨ ਤੇ ਨਹਿਰ ਦੇ ਨਾਲ-ਨਾਲ ਪੱਕੀ ਕੰਧ ਦੇ ਨਿਰਮਾਣ 'ਤੇ ਹਾਈਕੋਰਟ ਕੋਲੋਂ ਸਟੇਅ ਲੈਣ ਲਈ ਕਹਿੰਦੇ ਆ ਰਹੇ ਹਨ ਪਰ ਉਹ ਮਹਿਜ਼ ਚਿੱਠੀਆਂ ਲਿਖਣ ਦੀ ਰਸਮੀ ਕਾਰਵਾਈ ਹੀ ਕਰਨ ਤਕ ਸੀਮਤ ਹਨ। ਉਨ੍ਹਾਂ ਨੇ ਕਿਹਾ ਕਿ ਸ. ਬਾਦਲ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ 'ਤੇ ਦੋਸ਼ ਲਾਉਣ ਦੀ ਕੋਸ਼ਿਸ਼ ਕਰਕੇ ਇਸ ਮਾਮਲੇ ਨੂੰ ਸਿਆਸੀ ਰੰਗ ਦੇਣਾ ਚਾਹੁੰਦੇ ਹਨ।

# ਖੇਤਰੀ ਭਾਸ਼ਾਵਾਂ 'ਚ ਹੋਵੇਗੀ ਯੂ.ਪੀ.ਐਸ.ਸੀ. ਦੀ ਇੰਟਰਵਿਊ

**ਨਵੀਂ ਦਿੱਲੀ:** ਕੇਂਦਰੀ ਲੋਕ ਸੇਵਾ ਕਮਿਸ਼ਨ (ਯੂ.ਪੀ.ਐਸ.ਸੀ.) ਨੇ ਫੈਸਲਾ ਕੀਤਾ ਹੈ ਕਿ ਜਿਹੜੇ ਉਮੀਦਵਾਰ ਸਿਵਲ ਸੇਵਾਵਾਂ ਦੇ ਲਿਖਤੀ ਇਮਤਿਹਾਨ ਵਿਚ ਹਿੰਦੀ ਤੋਂ ਇਲਾਵਾ ਹੋਰ ਕੋਈ ਖੇਤਰੀ ਭਾਸ਼ਾ ਚੁਣਦੇ ਹਨ ਉਹ ਇੰਟਰਵਿਊ ਵੀ ਅੰਗਰੇਜ਼ੀ, ਹਿੰਦੀ ਜਾਂ ਉਸ ਚੁਣੀ ਹੋਈ ਭਾਸ਼ਾ ਵਿਚ ਦੇ ਸਕਣਗੇ।

ਮਾਹਿਰ ਕਮੇਟੀ ਦੀਆਂ ਸਿਫਾਰਸ਼ਾਂ ਮੁਤਾਬਕ ਇੱਥੋਂ ਤਕ ਕਿ ਉਹ ਉਮੀਦਵਾਰ ਜਿਹੜੇ ਅੰਗਰੇਜ਼ੀ ਵਿਚ ਇਮਤਿਹਾਨ ਦਿੰਦੇ ਹਨ ਹੁਣ ਇੰਟਰਵਿਊ ਲਈ ਅੰਗਰੇਜ਼ੀ, ਹਿੰਦੀ ਜਾਂ ਹੋਰ ਕੋਈ ਖੇਤਰੀ ਭਾਸ਼ਾ ਚੁਣ ਸਕਦੇ ਹਨ ਜਿਹੜੀ ਉਨ੍ਹਾਂ ਦੇ ਭਾਰਤੀ ਭਾਸ਼ਾ ਦੇ ਲਾਜ਼ਮੀ ਪੇਪਰ ਲਈ ਚੁਣੀ ਹੋਵੇਗੀ।

ਇਹ ਗੱਲ ਬੰਬਈ ਹਾਈ ਕੋਰਟ ਵਿਚ ਦਿੱਤੇ ਇਕ ਹਲਫ਼ਨਾਮੇ ਵਿਚ ਯੂ.ਪੀ.ਐਸ.ਸੀ. ਨੇ ਕਹੀ ਹੈ। ਕਮਿਸ਼ਨ ਨੇ ਇਹ ਹਲਫ਼ਨਾਮਾ ਆਈ.ਏ.ਐਸ. ਪ੍ਰੀਖਿਆ ਦੇ ਉਮੀਦਵਾਰ ਚਿਤਰੰਜਨ ਕੁਮਾਰ ਵੱਲੋਂ ਦਾਇਰ ਲੋਕ ਹਿਤ ਪਟੀਸ਼ਨ ਦੇ ਜਵਾਬ ਵਿਚ ਦਿੱਤੀ ਹੈ। ਇਸ ਪਟੀਸ਼ਨ ਵਿਚ ਯੂ.ਪੀ.ਐਸ.ਸੀ. ਦੇ ਉਸ ਨਿਯਮ ਨੂੰ ਚੁਣੌਤੀ ਦਿੱਤੀ ਗਈ ਹੈ ਜਿਸ ਮੁਤਾਬਕ ਅੰਗਰੇਜ਼ੀ ਵਿਚ ਮੁੱਖ ਪ੍ਰੀਖਿਆ ਦੇਣ ਵਾਲੇ ਉਮੀਦਵਾਰ ਨੂੰ ਇੰਟਰਵਿਊ ਵੀ ਅੰਗਰੇਜ਼ੀ ਵਿਚ ਹੀ ਦੇਣੀ ਪੈਂਦੀ ਹੈ। ਚਿਤਰੰਜਨ ਕੁਮਾਰ ਨੇ 2008 ਵਿਚ ਸਿਵਲ ਸੇਵਾਵਾਂ ਦਾ ਇਮਤਿਹਾਨ ਅੰਗਰੇਜ਼ੀ ਵਿਚ ਦਿੱਤਾ ਸੀ ਪਰ ਉਹ ਇੰਟਰਵਿਊ ਹਿੰਦੀ ਵਿਚ ਦੇਣੀ ਚਾਹੁੰਦਾ ਸੀ।

www.punjabtimesusa.com

## ਫ਼ੌਜ ਨੂੰ ਮਾਓਵਾਦੀਆਂ 'ਤੇ ਹੱਲਾ ਬੋਲਣ ਦੇ ਅਧਿਕਾਰ

**ਨਵੀਂ ਦਿੱਲੀ (ਬਿਊਰੋ):** ਰੱਖਿਆ ਮੰਤਰੀ ਏ.ਕੇ. ਐਂਟਨੀ ਨੇ ਕਿਹਾ ਹੈ ਕਿ ਸਰਕਾਰ ਨੇ ਫੌਜ ਨੂੰ ਆਪਣੇ ਬਚਾਅ ਲਈ ਮਾਓਵਾਦੀਆਂ 'ਤੇ ਮੋੜਵੀਂ ਗੋਲੀ ਚਲਾਉਣ ਦੀ ਮਨਜ਼ੂਰੀ ਦੇ ਦਿੱਤੀ ਹੈ।

ਰੱਖਿਆ ਮੰਤਰੀ ਨੇ ਸਪਸ਼ਟ ਕੀਤਾ ਕਿ ਨਕਸਲੀਆਂ ਨੂੰ ਠੱਲ੍ਹਣ ਲਈ ਫੌਜ ਨਹੀਂ ਲਾਈ ਜਾ ਰਹੀ ਪਰ ਇਸ ਦੇ ਨਾਲ ਹੀ ਸਰਕਾਰ ਨੇ ਉਨ੍ਹਾਂ ਨੂੰ ਸਵੈ ਰੱਖਿਆ ਲਈ ਕਾਰਵਾਈ ਕਰਨ ਵਾਸਤੇ ਕੁਝ ਮਿਆਰੀ ਨੁਕਤੇ ਦੱਸੇ ਹਨ ਤੇ ਸਾਰੀ ਗੱਲ ਬੱਸ ਇੰਨੀ ਹੀ ਹੈ। ਇਕ ਫੌਜੀ ਅਧਿਕਾਰੀ ਨੇ ਦੱਸਿਆ ਕਿ ਕਾਰਵਾਈ ਦੇ ਨਿਯਮਾਂ 'ਚ ਹੁਣ ਇਹ ਹੋ ਗਿਆ ਹੈ ਕਿ ਫੌਜ ਸਵੈ ਰੱਖਿਆ ਲਈ ਮੋੜਵੀਂ ਗੋਲੀ ਚਲਾ ਸਕਦੀ ਹੈ। ਇਸ ਤੋਂ ਪਹਿਲਾਂ ਫੌਜ ਨੇ ਸਰਕਾਰ ਨੂੰ ਬੇਨਤੀ ਕੀਤੀ ਸੀ ਕਿ ਛਤੀਸਗੜ੍ਹ 'ਚ ਉਸ ਦੇ ਕਾਰਵਾਈ ਕਰਨ ਲਈ ਨੇਮ ਬਦਲੇ ਜਾਣ ਫੌਜ ਉੱਥੇ ਸਿਖਲਾਈ ਕੇਂਦਰ ਖੋਲ੍ਹ ਰਹੀ ਹੈ।

## Matrimonials

**ਜੀਵਨ ਸਾਥੀ ਦੀ ਲੋੜ**

Suitable US citizen match for professionally qualified Jatt Sikh handsome boy, 28, 5'8", Contact Cell No. 704 733 8382 or email- kds0083@gmail.com

Looking for a widow/ divorcee independent professional lady in 60s to share walk & talk, views & cruises with retired US citizen physician, 78, wife died five years ago. No responsibilities. Call:315-383-2008

Indian Attorney in 60s, Height 5'-6", slim body, is looking for a sincere, educated, God fearing, companion, caste no bar,serious inquiries only. email: Ph - 323-573-9315, Email: singhb1@yahoo.com

US/Canadian citizen girl sought for Canadian citizen Kamboj Sikh cleanshave boy 27, 5' 7", Chem. engg., working with SNC Lavalin. No bars. Pl. contact: e-mail at: ravhanda@hotmail.com


SUPER TRAVEL
847-676-9090, 773-465-5566
E-mail: supertravel2003@yahoo.com
Lowest Fares With Excellent Service
AMERICAN AIR, CONTINENTAL AIR

JET AIRWAYS DELTA, AIR INDIA, KLM, LUFTHANSA.
For Emergency Call anytime at 847-673-3825
EARLY BIRD SALE!!!!
India $545
London $250

ਰੇਡੀਓ ਚੜ੍ਹਦੀ ਕਲਾ ਸੁਣੋ
RADIO CHARDI KALA
ਹੁਣ ਦੁਨੀਆਂ ਭਰ ਵਿਚ www.radiock.com 'ਤੇ
ਬੇਏਰੀਆ ਅਤੇ ਯੂਬਾ ਸਿਟੀ ਹਫਤੇ ਦੇ ਸੱਤੇ ਦਿਨ, 24 ਘੰਟੇ
ਧਾਰਮਿਕ, ਸਭਿਆਚਾਰਕ ਪ੍ਰੋਗਰਾਮ, ਤਾਜ਼ਾ ਖਬਰਾਂ, ਟਾਕ ਸ਼ੋਅ, ਗੁਰਦੁਆਰਾ ਸੈਨ ਹੋਜ਼ੇ ਤੋਂ ਗੁਰਬਾਣੀ ਦਾ ਸਿੱਧਾ ਪ੍ਰਸਾਰਣ
ਹੁਣ $40 ਵਾਲਾ ਵੱਡਾ ਰੇਡੀਓ ਸਿਰਫ $30 ਵਿਚ ਖਰੀਦੋ
ਬਹੁਤ ਹੀ ਵਧੀਆ ਕੁਆਲਿਟੀ
> Royal Bazar, San Jose
> Preet Fabric, Fremont
> Sidhartha International, Fremont
> Roshni, Union City
> Kash Fabrics, Hayward
> Maya Fashion, Newark
> LA Merchandise, Yuba City
DESI WORLD RADIO Pure Desi Entertainment
ਰੇਡੀਓ ਚੜ੍ਹਦੀ ਕਲਾ ਚੈਨਲ 1 'ਤੇ ਸੁਣੋ
ਹੋਰ ਜਾਣਕਾਰੀ ਲਈ ਕਾਲ ਕਰੋ
ਗੁਰਚਰਨ ਸਿੰਘ ਮਾਨ ਫੋਨ 510-557-0061
ਲਖਬੀਰ ਸਿੰਘ ਫੋਨ 510-760-9882
ਹੋਰ ਜਾਣਕਾਰੀ ਲਈ ਸਾਡੀ ਵੈਬਸਾਈਟ 'ਤੇ ਜਾਓ www.radiock.com
Radio CK, PO Box 296, Fremont, CA 94537

MRP TRAVEL
Lowest International and Domestic Fares
ARC FLY ANY AIRLINE OF YOUR CHOICE IATA
Providing the lowest Airfare, Cruise and Travel Packages to Asia, Africa, Europe, the Middle East and North America
408-929-8005
E-mail:mrptravel@gmail.com
2123 Port Way, San Jose, CA 95133
CST: 2097308-40
Asiana Airlines Emirates

SINGAPORE AIRLINES CATHAY PACIFIC KOREAN AIR Lufthansa CHINA AIRLINES
We Also Offer Notary Service

Desi Cuts and Color Plus
For Men, Women & Children

Grand Opening
Ph:510-429-0786

Mandeep 510-200-4415
Tony (510) 825-0820
Monday to Friday 9:00-7:30 (Tuesday Closed)
Saturday 9:00-7:00, Sunday 10:00-6:00
ਜਿੰਦਗੀ ਵਿਚ ਕਾਮਯਾਬੀ ਲਈ ਸਮਾਰਟ ਹੋਣਾ ਹੀ ਜਰੂਰੀ ਨਹੀਂ ਬਲਕਿ ਵਧੀਆ ਦਿਖਣਾ ਵੀ ਜਰੂਰੀ ਹੈ। ਵਧੀਆ ਹੇਅਰ ਕਟਿੰਗ ਤੇ ਆਪਣੀ ਦੱਖ ਹੋਰ ਸੋਹਣੀ ਬਣਾਉਣ ਲਈ ਅਜ ਹੀ ਮਿਲੋ ਮਿਸਟਰ ਟੋਨੀ ਨੂੰ, ਜੋ ਕਿ ਇੰਡੀਆ, ਇੰਗਲੈਂਡ ਯੂ ਕੇ, ਅਮਰੀਕਾ ਕੁਆਲੀਫਾਈਡ ਬਾਰਬਰ ਨੇ।
Hair cut
Beard Perm
Hair styler
Color
Facial, Threading and Waxing (Special Lady)
34685 Alvarado Niles Rd., Union City, CA 94587 (Behind Tacobell)

Satwant Kaur Takk
Lose Weight Feel Great

Before : 165 Lbs.
After : 125 Lbs.
Lost 40 Lbs.
All Herbal, American Doctors' formulated and Guaranteed Results
ਅਮਰੀਕਨ ਡਾਕਟਰਾਂ ਦਾ ਕੁਦਰਤੀ ਜੜੀ ਬੂਟੀਆਂ ਤੋਂ ਤਿਆਰ ਕੀਤਾ ਫਾਰਮੂਲਾ ਅਤੇ ਗਾਰੰਟੀਸ਼ੁਦਾ ਨਤੀਜੇ
Business Opportunity
International Company looking for serious people to work from home-part time or full time. Great earning potential, full training and support provided. To attend training in your area.
For more info. call:
Sukhpreet Kaur Indiana
Ph:317-884-3557
Sharanpreet Kaur
Ph:317-332-1389
spkaurus@yahoo.co.in - www.shopherbalife.com/skaur

FARMERS INSURANCE GROUP Symbol of Superior Service
FARMERS®
ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ
*Auto *Home *Life *Umbrella
*Business Work Comp.
Duabba Insurance Agency
2450 Peralta Blvd Suite 120, Fremont CA 94536
Phone: 510-797-7989 Fax: 510-794-7398
visit us@ farmers.com

Gurcharan Singh Mann
Insurance Agent
License # 0C 70672
ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।

# ਸਿੱਖ ਰੈਫਰੈਂਸ ਲਾਇਬਰੇਰੀ ਦੀ ਕਾਇਆ ਕਲਪ ਕਰਨ ਦਾ ਫ਼ੈਸਲਾ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਜੂਨ 1984 ਵਿਚ ਸਾਕਾ ਨੀਲਾ ਤਾਰਾ ਸਮੇਂ ਨੁਕਸਾਨੀ ਗਈ ਸਿੱਖ ਰੈਫਰੈਂਸ ਲਾਇਬ੍ਰੇਰੀ ਨੂੰ ਹੁਣ ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਚ ਕਿਸੇ ਹੋਰ ਢੁੱਕਵੀਂ ਥਾਂ 'ਤੇ ਆਧੁਨਿਕ ਸਾਜ਼ੋ ਸਾਮਾਨ ਨਾਲ ਲੈਸ ਕਰਕੇ ਬਣਾਉਣ ਦੀ ਯੋਜਨਾ ਬਣਾਈ ਜਾ ਰਹੀ ਹੈ। ਇਸ ਬਾਰੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਿੱਖ ਇਤਿਹਾਸ ਰਿਸਰਚ ਬੋਰਡ ਵੱਲੋਂ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੂੰ ਸਿਫਾਰਸ਼ ਭੇਜੀ ਗਈ ਹੈ।

ਇਹ ਫੈਸਲਾ ਸਿੱਖ ਇਤਿਹਾਸ ਰਿਸਰਚ ਬੋਰਡ ਦੀ ਚੰਡੀਗੜ੍ਹ ਵਿਖੇ ਹੋਈ ਇਕੱਤਰਤਾ ਵਿਚ ਕੀਤਾ ਗਿਆ। ਇਸ ਇਕੱਤਰਤਾ ਦੀ ਪ੍ਰਧਾਨਗੀ ਬੋਰਡ ਦੇ ਚੇਅਰਮੈਨ ਕਿਰਪਾਲ ਸਿੰਘ ਬਡੂੰਗਰ ਨੇ ਕੀਤੀ। ਇਕੱਤਰਤਾ ਵਿਚ ਸ੍ਰੀ ਬਡੂੰਗਰ ਤੋਂ ਇਲਾਵਾ ਡਾ. ਸਤਪਾਲ ਸਿੰਘ, ਡਾ. ਪ੍ਰਿਥਵੀਪਾਲ ਸਿੰਘ ਕਪੂਰ, ਡਾਇਰੈਕਟਰ ਰੂਪ ਸਿੰਘ ਤੇ ਹੋਰ ਮੈਂਬਰ ਸ਼ਾਮਲ ਹੋਏ ਸਨ।



*ਸਿੱਖ ਰੈਫਰੈਂਸ ਲਾਇਬਰੇਰੀ 'ਚ ਪਈਆਂ ਵਡਮੁੱਲੀਆਂ ਪੁਸਤਕਾਂ*

ਇਸ ਬਾਰੇ ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਤੇ ਸਿੱਖ ਇਤਿਹਾਸ ਖੋਜ ਬੋਰਡ ਦੇ ਚੇਅਰਮੈਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਦੱਸਿਆ ਕਿ ਇਕੱਤਰਤਾ ਵਿਚ ਇਹ ਮਾਮਲਾ ਵਿਚਾਰਿਆ ਗਿਆ ਸੀ ਕਿ ਸਿੱਖ ਰੈਫਰੈਂਸ ਲਾਇਬ੍ਰੇਰੀ ਨੂੰ ਹੋਰ ਵਿਕਸਿਤ ਕੀਤਾ ਜਾਵੇ ਤੇ ਇਸ ਨੂੰ ਆਧੁਨਿਕ ਸਾਜ਼ੋ ਸਮਾਨ ਨਾਲ ਲੈਸ ਕਰਕੇ ਸਮੇਂ ਦੇ ਹਾਣ ਦੀ ਬਣਾਇਆ ਜਾਵੇ। ਇਕੱਤਰਤਾ ਵਿਚ ਵਿਦਵਾਨਾਂ ਵੱਲੋਂ ਵਿਚਾਰ-ਵਟਾਂਦਰਾ ਕਰਨ ਉਪਰੰਤ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੂੰ ਸਿਫਾਰਸ਼ ਕੀਤੀ ਗਈ ਹੈ ਕਿ ਸਿੱਖ ਰੈਫਰੈਂਸ ਲਾਇਬ੍ਰੇਰੀ ਲਈ ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਚ ਢੁੱਕਵੀਂ ਥਾਂ ਦਾ ਪ੍ਰਬੰਧ ਕੀਤਾ ਜਾਵੇ ਤੇ ਇਸ ਦੀ ਇਮਾਰਤ ਵਾਸਤੇ ਨਕਸ਼ਾ ਤਿਆਰ ਕਰਵਾਇਆ ਜਾਵੇ।

ਹਾਲ ਦੀ ਘੜੀ ਲਾਇਬ੍ਰੇਰੀ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਮੰਜੀ ਸਾਹਿਬ ਦੀਵਾਨ ਹਾਲ ਦੇ ਨੇੜੇ ਉਹ ਥਾਂ ਜੋ ਪਹਿਲਾਂ ਗੁਰੂ ਨਾਨਕ ਨਿਸ਼ਕਾਮ ਸੇਵਕ ਜਥਾ ਵੱਲੋਂ ਸੋਨੇ ਦੀ ਕਾਰ ਸੇਵਾ ਲਈ ਵਰਤੀ ਜਾ ਰਹੀ ਸੀ, ਨੂੰ ਲਾਇਬ੍ਰੇਰੀ ਵਾਸਤੇ ਦਿੱਤਾ ਜਾਵੇ ਤੇ ਉਥੇ ਲੋੜ ਅਨੁਸਾਰ ਨਵਨਿਰਮਾਣ ਕਰਵਾਇਆ ਜਾਵੇ।

ਸਿੱਖ ਇਤਿਹਾਸ ਖੋਜ ਬੋਰਡ ਵਾਸਤੇ ਉਰਦੂ, ਫਾਰਸੀ, ਹਿੰਦੀ ਤੇ ਅੰਗਰੇਜ਼ੀ ਦੇ ਖੋਜਾਰਥੀ ਭਰਤੀ ਕੀਤੇ ਜਾਣ, ਸਿੱਖ ਰੈਫਰੈਂਸ ਲਾਇਬ੍ਰੇਰੀ ਦੇ ਅਮਲੇ ਦੀ ਘਾਟ ਨੂੰ ਪੂਰਾ ਕਰਨ ਲਈ ਸਹਾਇਕ ਲਾਇਬ੍ਰੇਰੀਅਨ, ਲਾਇਬ੍ਰੇਰੀ ਸਹਾਇਕ, ਲਾਇਬ੍ਰੇਰੀ ਰੀਸਟੋਰਰ ਤੇ ਕੰਪਿਊਟਰ ਅਪਰੇਟਰ ਆਦਿ ਭਰਤੀ ਕੀਤੇ ਜਾਣ। ਖੋਜ ਬੋਰਡ ਵੱਲੋਂ 'ਇਤਿਹਾਸਕ ਪੱਤਰ' ਨੂੰ ਮੁੜ ਪ੍ਰਕਾਸ਼ਿਤ ਕਰਨ ਦੀ ਤਜਵੀਜ਼ ਨੂੰ ਵੀ ਪ੍ਰਵਾਨਗੀ ਦਿੱਤੀ ਗਈ ਹੈ ਤੇ ਇਸ ਲਈ ਸੰਪਾਦਕੀ ਬੋਰਡ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੀ ਸਲਾਹ ਨਾਲ ਬਣਾਇਆ ਜਾਵੇਗਾ। ਇਸ ਤੋਂ ਇਲਾਵਾ ਸਿੱਖ ਇਤਿਹਾਸ ਸਬੰਧੀ ਉਰਦੂ ਤੇ ਫਾਰਸੀ ਵਿਚ ਹੋਏ ਤਰਜਮੇ ਪ੍ਰਾਪਤ ਕਰਨ ਦਾ ਫੈਸਲਾ ਕੀਤਾ ਗਿਆ ਹੈ ਤਾਂ ਜੋ ਇਨ੍ਹਾਂ ਦਾ ਅਨੁਵਾਦ ਕਰਵਾ ਕੇ ਸਿੱਖ ਇਤਿਹਾਸ ਵਿਚ ਵਾਧਾ ਕੀਤਾ ਜਾ ਸਕੇ। ਪ੍ਰੋ. ਬਡੂੰਗਰ ਨੇ ਦੱਸਿਆ ਕਿ ਇਕੱਤਰਤਾ ਦੀਆਂ ਸਿਫਾਰਸ਼ਾਂ ਜਥੇਦਾਰ ਅਵਤਾਰ ਸਿੰਘ ਨੂੰ ਅਗਲੀ ਕਾਰਵਾਈ ਵਾਸਤੇ ਭੇਜੀਆਂ ਜਾ ਰਹੀਆਂ ਹਨ।

ਇਸ ਦੌਰਾਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਕਿਹਾ ਕਿ ਸਿੱਖ ਇਤਿਹਾਸ ਖੋਜ ਬੋਰਡ ਦੀਆਂ ਸਿਫਾਰਸ਼ਾਂ ਮਿਲਣ ਉਪਰੰਤ ਇਸ ਬਾਰੇ ਵਿਚਾਰ ਕੀਤੀ ਜਾਵੇਗੀ ਤੇ ਲੋੜ ਅਨੁਸਾਰ ਲਾਇਬ੍ਰੇਰੀ ਨੂੰ ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਚ ਕਿਸੇ ਢੁੱਕਵੀਂ ਥਾਂ 'ਤੇ ਬਣਾਉਣ ਲਈ ਯਤਨ ਕੀਤੇ ਜਾਣਗੇ।

### ਖਸਤਾਹਾਲ ਰੈਫਰੈਂਸ ਲਾਇਬਰੇਰੀ


**ਅੰਮ੍ਰਿਤਸਰ:** ਇਸ ਵੇਲੇ ਸਿੱਖ ਰੈਫਰੈਂਸ ਲਾਇਬ੍ਰੇਰੀ ਸ੍ਰੀ ਹਰਿਮੰਦਰ ਸਾਹਿਬ ਦੀ ਦੱਖਣੀ ਬਾਹੀ ਵੱਲ ਆਟਾ ਮੰਡੀ ਵਾਲੇ ਪਾਸੇ ਰਿਹਾਇਸ਼ੀ ਕੁਆਰਟਰਾਂ ਵਿਚ ਸਥਾਪਤ ਹੈ ਜੋ ਕਿ ਇਸ ਲਈ ਢੁੱਕਵੀਂ ਥਾਂ ਨਹੀਂ ਹੈ ਤੇ ਇਹ ਲਾਇਬ੍ਰੇਰੀ ਮੌਜੂਦਾ ਸਮੇਂ ਦੀਆਂ ਲੋੜਾਂ ਨੂੰ ਪੂਰਾ ਨਹੀਂ ਕਰ ਰਹੀ। ਢੁੱਕਵੀਂ ਥਾਂ 'ਤੇ ਨਾ ਹੋਣ ਕਾਰਨ ਆਮ ਲੋਕਾਂ ਨੂੰ ਇਸ ਰੈਫਰੈਂਸ ਲਾਇਬ੍ਰੇਰੀ ਬਾਰੇ ਪਤਾ ਹੀ ਨਹੀਂ ਲਗਦਾ। ਇਸ ਵਿਚ ਸਟਾਫ ਦੀ ਵੀ ਘਾਟ ਹੈ।

ਉਨ੍ਹਾਂ ਦੱਸਿਆ ਕਿ ਸਿੱਖ ਰੈਫਰੈਂਸ ਲਾਇਬ੍ਰੇਰੀ ਨੂੰ ਵਿਕਸਿਤ ਕਰਨ ਲਈ ਮੌਜੂਦਾ ਸਥਾਨ ਤੋਂ ਤਬਦੀਲ ਕਰਕੇ ਖੁੱਲ੍ਹੀ ਥਾਂ 'ਤੇ ਲਿਜਾਇਆ ਜਾਣਾ ਜ਼ਰੂਰੀ ਹੈ ਜਿੱਥੇ ਖੋਜ ਕਰਨ ਲਈ ਹੋਰ ਸਹੂਲਤਾਂ ਵੀ ਉਪਲਬੱਧ ਹੋਣ। ਪੁਸਤਕਾਂ ਤੇ ਹੱਥ ਲਿਖਤ ਬੀੜਾਂ ਦਾ ਆਧੁਨਿਕ ਢੰਗ ਤਰੀਕਿਆਂ ਨਾਲ ਰੱਖ ਰਖਾਵ ਤੇ ਸੰਭਾਲ ਹੋ ਸਕੇ।

# ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪਾਂ 'ਚ 'ਗਲਤੀਆਂ' ਦਾ ਮਾਮਲਾ ਗਰਮਾਇਆ

**ਅੰਮ੍ਰਿਤਸਰ:** ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪਾਂ 'ਚ 'ਗਲਤੀਆਂ' ਦਾ ਮਾਮਲਾ ਪੂਰੀ ਤਰ੍ਹਾਂ ਭਖ ਗਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਐਕਟ 2008 ਦੀ ਉਲੰਘਣਾ ਕਰਕੇ ਕਿਸੇ ਨਿੱਜੀ ਪ੍ਰਕਾਸ਼ਕ ਵੱਲੋਂ ਛਾਪੇ ਸਰੂਪਾਂ ਵਿਚ 'ਗਲਤੀਆਂ' ਹੋਣ ਦੇ ਸਾਹਮਣੇ ਆਏ ਸੰਵੇਦਨਸ਼ੀਲ ਮਾਮਲੇ ਬਾਰੇ ਦਲ ਖਾਲਸਾ ਨੇ ਖ਼ਤ ਲਿਖ ਕੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਕੋਲੋਂ ਸਮਾਂਬੱਧ ਜਾਂਚ ਕਰਵਾਉਣ ਦੀ ਮੰਗ ਕੀਤੀ ਹੈ। ਇਸੇ ਦੌਰਾਨ ਸ਼੍ਰੋਮਣੀ ਪੰਥਕ ਕੌਂਸਲ ਦੇ ਚੇਅਰਮੈਨ ਮਨਜੀਤ ਸਿੰਘ ਕਲਕੱਤਾ ਨੇ ਵੀ ਵੱਖਰੇ ਤੌਰ 'ਤੇ ਸਰਕਾਰ ਕੋਲੋਂ ਇਸ ਮਾਮਲੇ ਦੀ ਜਾਂਚ ਕਰਾਉਣ ਦੀ ਮੰਗ ਕੀਤੀ ਹੈ।

ਦਲ ਖਾਲਸਾ ਦੇ ਪ੍ਰਧਾਨ ਹਰਚਰਨਜੀਤ ਸਿੰਘ ਧਾਮੀ ਨੇ ਮੁੱਖ ਮੰਤਰੀ ਨੂੰ ਭੇਜੇ ਪੱਤਰ ਵਿਚ ਆਖਿਆ ਹੈ ਕਿ ਸੁਨਹਿਰੀ ਅੱਖਰਾਂ ਵਿਚ ਛਪੇ ਇਨ੍ਹਾਂ ਪੰਜ ਸਰੂਪਾਂ ਵਿਚੋਂ ਇਕ-ਇਕ ਬੀੜ ਗੁਰਦੁਆਰਾ ਸੁਖਚੈਨਆਣਾ ਸਾਹਿਬ ਫਗਵਾੜਾ ਤੇ ਗੁਰਦੁਆਰਾ ਸੰਗ-ਢੇਸੀਆਂ ਬੰਗਾ ਵਿਚ ਸੁਸ਼ੋਭਿਤ ਸਨ ਜਿਨ੍ਹਾਂ ਨੂੰ ਸ਼੍ਰੋਮਣੀ ਕਮੇਟੀ ਨੇ ਆਪਣੇ ਅਧਿਕਾਰ ਵਿਚ ਲੈ ਲਿਆ ਹੈ। ਉਨ੍ਹਾਂ ਦੋਸ਼ ਲਾਇਆ ਇਨ੍ਹਾਂ ਬੀੜਾਂ ਵਿਚ ਅੱਗੇ-ਪਿੱਛੇ ਕਈ ਸਫ਼ੇ ਖਾਲੀ ਛੱਡੇ ਹੋਏ ਹਨ ਤੇ ਛਪੀ ਗੁਰਬਾਣੀ ਵਿਚ ਕਈ ਬੱਜਰ 'ਗਲਤੀਆਂ' ਵੀ ਹਨ ਜੋ ਹਰ ਸਿੱਖ ਲਈ ਅਸਹਿ ਹਨ।



*ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਿਆਰ ਕੀਤੀ ਜਾ ਰਹੀ ਹੱਥ ਲਿਖਤ ਬੀੜ*

ਉਨ੍ਹਾਂ ਦੱਸਿਆ ਕਿ ਬੀਤੇ ਸਮੇਂ ਵਿਚ ਪਾਵਨ ਸਰੂਪਾਂ ਦੀ ਛਪਾਈ ਤੇ ਸੇਵਾ-ਸੰਭਾਲ ਬਾਰੇ ਪੈਦਾ ਹੋਏ ਵਾਦ-ਵਿਵਾਦਾਂ ਦੇ ਮੱਦੇਨਜ਼ਰ ਪੰਜਾਬ ਸਰਕਾਰ ਵੱਲੋਂ 'ਜਾਗਤਿ ਜੋਤ ਸ੍ਰੀ ਗੁਰੂ ਗਰੰਥ ਸਾਹਿਬ ਸਤਿਕਾਰ ਐਕਟ 2008' ਪਾਸ ਕੀਤਾ ਗਿਆ ਸੀ ਜਿਸ ਤਹਿਤ ਪਾਵਨ ਸਰੂਪਾਂ ਦੀ ਛਪਾਈ ਦਾ ਹੱਕ ਸਿਰਫ ਸ਼੍ਰੋਮਣੀ ਕਮੇਟੀ ਨੂੰ ਦਿੱਤਾ ਗਿਆ ਸੀ। ਸ. ਧਾਮੀ ਨੇ ਦੱਸਿਆ ਕਿ ਗਲਤੀਆਂ ਵਾਲੇ ਇਹ ਸਰੂਪਾਂ ਉੱਤੇ ਛਾਪਕ ਵਜੋਂ ਸ਼੍ਰੋਮਣੀ ਕਮੇਟੀ ਦਾ ਨਾਂ ਨਹੀਂ ਹੈ। ਇਹ ਪੰਜ ਸਰੂਪ ਕਿਸੇ ਹੋਰ ਪ੍ਰਕਾਸ਼ਕ ਵੱਲੋਂ ਛਾਪੇ ਹੋਏ ਹਨ ਜੋ ਕਿ ਉਪਰੋਕਤ ਐਕਟ ਦੀ ਘੋਰ ਉਲੰਘਣਾ ਦਾ ਮਾਮਲਾ ਹੈ। ਉਨ੍ਹਾਂ ਮੰਗ ਕੀਤੀ ਕਿ ਇਹ ਸਰੂਪ ਕਿਸ ਨੇ, ਕਿਥੇ ਤੇ ਕਿਉਂ ਛਪਵਾਏ ਹਨ? ਕਿਸ ਨੇ ਇਹ ਸਰੂਪ ਗੁਰੂ-ਘਰਾਂ ਵਿਚ ਪਹੁੰਚਾਏ? ਆਦਿ ਤੱਥਾਂ ਦੀ ਜਾਂਚ ਕਰਵਾਈ ਜਾਵੇ ਤੇ ਅਸਲ ਦੋਸ਼ੀਆਂ ਨੂੰ ਸਾਹਮਣੇ ਲਿਆਂਦੇ ਜਾਵੇ।

ਇਸ ਦੌਰਾਨ ਸ਼੍ਰੋਮਣੀ ਪੰਥਕ ਕੌਂਸਲ ਤੇ ਸ਼੍ਰੋਮਣੀ ਕਮੇਟੀ ਮੈਂਬਰ ਮਨਜੀਤ ਸਿੰਘ ਕਲਕੱਤਾ ਨੇ ਵੀ ਇਸ ਮਾਮਲੇ ਦੀ ਸਰਕਾਰੀ ਜਾਂਚ ਕਰਾਉਣ ਦੀ ਮੰਗ ਕੀਤੀ ਹੈ। ਇਕ ਵੱਖਰੇ ਬਿਆਨ ਵਿਚ ਉਨ੍ਹਾਂ ਕਿਹਾ ਕਿ ਇਹ ਸਰੂਪਾਂ ਵਿਚ ਬੱਜਰ 'ਗਲਤੀਆਂ' ਹਨ ਜਿਨ੍ਹਾਂ ਨਾਲ ਸਿੱਖ ਭਾਵਨਾਵਾਂ ਨੂੰ ਭਾਰੀ ਠੇਸ ਪੁੱਜੀ ਹੈ। ਉਨ੍ਹਾਂ ਕਿਹਾ ਕਿ ਜੇਕਰ ਪੰਜਾਬ ਸਰਕਾਰ ਨੇ ਇਸ ਉਲੰਘਣਾ ਖ਼ਿਲਾਫ਼ ਕੋਈ ਕਾਰਵਾਈ ਨਾ ਕੀਤੀ ਤਾਂ ਉਹ ਇਹ ਮਾਮਲਾ ਕੇਂਦਰੀ ਗ੍ਰਹਿ ਵਿਭਾਗ ਕੋਲ ਭੇਜਣਗੇ ਤੇ ਪੁਲਿਸ ਕੇਸ ਦਰਜ ਕਰਨ ਦੀ ਮੰਗ ਕਰਨਗੇ।

## ਬਿਨਾਂ ਪ੍ਰਕਾਸ਼ਕ ਦੇ ਨਾਂ ਵਾਲੇ ਸਰੂਪਾਂ ਦੇ ਪ੍ਰਕਾਸ਼ ਦੀ ਆਗਿਆ ਨਹੀਂ: ਮੱਕੜ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੇ ਕਿਹਾ ਕਿ ਉਨ੍ਹਾਂ ਨੇ ਕਿਸੇ ਨੂੰ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਪ੍ਰਕਾਸ਼ਤ ਕਰਨ ਜਾਂ ਕਰਵਾਉਣ ਦੀ ਆਗਿਆ ਨਹੀਂ ਦਿੱਤੀ। ਉਨ੍ਹਾਂ ਦੱਸਿਆ ਕਿ ਸੁਰਿੰਦਰ ਸਿੰਘ ਢੇਸੀ ਨਾਂ ਦੇ ਸ਼ਰਧਾਲੂ ਵੱਲੋਂ ਗੁਰਦੁਆਰਾ ਸੰਗ ਜੀ ਢੇਸੀਆਂ (ਜਲੰਧਰ) ਵਿਖੇ ਭੇਟ ਕੀਤੇ ਗਏ। ਪਾਵਨ ਸਰੂਪ ਵਿਚ ਕੁਝ ਖਾਮੀਆਂ ਹੋਣ ਦਾ ਮਾਮਲਾ ਸਾਹਮਣੇ ਆਉਣ ਤੋਂ ਬਾਅਦ ਉਨ੍ਹਾਂ ਨੇ ਪਾਵਨ ਸਰੂਪ ਪ੍ਰਕਾਸ਼ ਕਰਨ ਤੋਂ ਰੋਕ ਦਿੱਤਾ ਸੀ। ਇਸ ਬਾਰੇ ਘੋਖ ਪੜਤਾਲ ਕਰਨ ਲਈ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਗਿਆਨੀ ਮੱਲ ਸਿੰਘ, ਗਿਆਨੀ ਮਾਨ ਸਿੰਘ ਤੇ ਅਰਦਾਸੀਏ ਗਿਆਨੀ ਭਰਪੂਰ ਸਿੰਘ 'ਤੇ ਆਧਾਰਤ ਸਬ-ਕਮੇਟੀ ਗਠਤ ਕੀਤੀ ਗਈ ਸੀ। ਇਸ ਕਮੇਟੀ ਨੇ ਆਪਣੀ ਰਿਪੋਰਟ ਵਿਚ ਸਪਸ਼ਟ ਕੀਤਾ ਸੀ ਕਿ ਇਹ ਪਾਵਨ ਸਰੂਪ ਦੇ 'ਪਦ-ਛੇਦ' ਤੇ ਇਹ ਵੱਡ ਅਕਾਰੀ ਹਨ। ਇਨ੍ਹਾਂ ਦੀ ਛਪਾਈ ਸੁਨਹਿਰੀ ਤੇ ਚਮਕਦਾਰ ਹੋਣ ਕਰਕੇ ਪੜ੍ਹਨ 'ਚ ਮੁਸ਼ਕਲ ਆਉਂਦੀ ਹੈ। ਸਰੂਪਾਂ 'ਤੇ ਇਸ ਦੇ ਪ੍ਰਿੰਟਰ ਤੇ ਪ੍ਰਕਾਸ਼ਕ ਦਾ ਨਾਂ ਨਾ ਹੋਣ ਕਾਰਨ ਇਸ ਦੀ ਪ੍ਰਮਾਣਿਕਤਾ ਵੀ ਸਿੱਧ ਨਹੀਂ ਹੁੰਦੀ।

ਇਸ ਲਈ ਇਨ੍ਹਾਂ ਪਾਵਨ ਸਰੂਪਾਂ ਦਾ ਪ੍ਰਕਾਸ਼ ਨਹੀਂ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਇਹ ਸਾਰੇ ਸਰੂਪ ਵਾਪਸ ਮੰਗਵਾ ਲਏ ਗਏ ਸਨ। ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਵੱਲੋਂ ਇਸ



ਬਾਰੇ ਲਾਏ ਜਾ ਰਹੇ ਦੋਸ਼ਾਂ ਬਾਰੇ ਉਨ੍ਹਾਂ ਕਿਹਾ ਕਿ ਸ਼ਬਦ ਜੋੜਾਂ ਵਿਚ ਗਲਤੀ ਕਰਨ ਵਾਲਾ ਤਾਂ ਦੋਸ਼ੀ ਹੈ ਹੀ ਪਰ ਗਲਤੀ ਦੀ ਸੁਧਾਈ ਕੀਤੇ ਜਾਣ ਦੀ ਬਜਾਏ ਇਸ ਨੂੰ ਅਖ਼ਬਾਰਾਂ ਰਾਹੀਂ ਇਸ਼ਤਿਹਾਰ ਦੇ ਰੂਪ 'ਚ ਜਨਤਕ ਕਰਨ ਵਾਲਾ ਉਸ ਤੋਂ ਵੀ ਵੱਡਾ ਦੋਸ਼ੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਅਜਿਹੀ ਦੂਸ਼ਣਬਾਜੀ ਕੁਝ ਪੰਥ ਦੋਖੀਆਂ ਦੇ ਇਸ਼ਾਰੇ 'ਤੇ ਸ਼੍ਰੋਮਣੀ ਕਮੇਟੀ ਦੇ ਵਕਾਰ ਨੂੰ ਢਾਹ ਲਾਉਣ ਲਈ ਕੀਤੀ ਜਾ ਰਹੀ ਹੈ।

# ਪੰਜਾਬ ਵਿਚ ਕਾਲੇ ਪੀਲੀਏ ਦਾ ਕਹਿਰ

**ਚੰਡੀਗੜ੍ਹ:** ਪੰਜਾਬ ਵਿਚ ਮੌਜੂਦਾ ਸਮੇਂ 'ਚ ਹੈਪੇਟਾਈਟਸ ਬੀ ਤੇ ਸੀ (ਕਾਲਾ ਪੀਲੀਆ) ਤੇਜ਼ੀ ਨਾਲ ਵਧ ਰਿਹਾ ਹੈ। ਇਸ ਬਿਮਾਰੀ ਦੇ ਵਧਣ ਦੇ ਮੁੱਖ ਕਾਰਨ ਜ਼ਰੂਰਤ ਤੋਂ ਜ਼ਿਆਦਾ ਸ਼ਰਾਬ ਪੀਣ ਦੀ ਆਦਤ, ਨਸ਼ੇ ਤੇ ਇਕ ਸਰਿੰਜ ਦਾ ਜ਼ਿਆਦਾ ਵਿਅਕਤੀਆਂ ਵੱਲੋਂ ਇਸਤੇਮਾਲ ਕਰਨਾ ਹਨ। ਜੇ ਤਾਜ਼ਾ ਸਰਵੇਖਣ ਦੀ ਗੱਲ ਕੀਤੀ ਜਾਵੇ ਤਾਂ ਰਾਜ 'ਚ ਪੁਲਿਸ ਮੁਲਾਜ਼ਮ, ਟਰੱਕ ਡਰਾਈਵਰ ਤੇ ਟੀਕੇ ਰਾਹੀਂ ਨਸ਼ਾ ਲੈਣ ਵਾਲੇ ਕਾਲਾ ਪੀਲੀਆ ਦੇ ਸਭ ਤੋਂ ਜ਼ਿਆਦਾ ਸ਼ਿਕਾਰ ਹਨ। ਇਸ ਦਾ ਖ਼ੁਲਾਸਾ ਗੁਰੂ ਨਾਨਕ ਦੇਵ ਹਸਪਤਾਲ ਦੇ ਡਾਕਟਰ ਬੀ.ਐਸ. ਬੱਲ ਨੇ ਕੀਤਾ। ਉਨ੍ਹਾਂ ਕਿਹਾ ਕਿ ਜੁਲਾਈ ਦਾ ਮਹੀਨਾ ਲੋਕਾਂ ਨੂੰ ਜਾਗਰੂਕ ਕਰਨ ਲਈ ਕਾਲਾ ਪੀਲੀਆ ਮਹੀਨੇ ਵਜੋਂ ਮਨਾਇਆ ਜਾਂਦਾ ਹੈ।

ਪੰਜਾਬ ਵਿਚ ਲੋਕ ਸ਼ਰਾਬ ਦਾ ਸੇਵਨ ਬਹੁਤ ਜ਼ਿਆਦਾ ਕਰਦੇ ਹਨ ਜਿਸ ਕਾਰਨ ਉਨ੍ਹਾਂ ਦਾ ਜਿਗਰ (ਲਿਵਰ) ਖ਼ਰਾਬ ਹੋ ਜਾਂਦਾ ਹੈ ਤੇ ਉਹ ਕਾਲਾ ਪੀਲੀਆ ਦੀ ਲਪੇਟ ਵਿਚ ਆ ਜਾਂਦੇ ਹਨ। ਉਨ੍ਹਾਂ ਕਿਹਾ ਕਿ ਇਸ ਵੇਲੇ 5 ਤੋਂ 7 ਫੀਸਦੀ ਲੋਕ ਇਸ ਬੀਮਾਰੀ ਨੂੰ ਝੱਲ ਰਹੇ ਹਨ। ਇਨ੍ਹਾਂ ਵਿਚ ਪੰਜਾਬ ਪੁਲਿਸ ਦੇ ਮੁਲਾਜ਼ਮਾਂ ਤੇ ਟਰੱਕ ਡਰਾਈਵਰਾਂ ਦੀ ਗਿਣਤੀ ਜ਼ਿਆਦਾ ਹੈ।

ਡਾ. ਬੱਲ ਨੇ ਦੱਸਿਆ ਕਿ ਸਾਲ 2009 ਵਿਚ ਪੰਜਾਬ ਪੁਲੀਸ ਦੇ 350 ਮੁਲਾਜ਼ਮ, ਏ.ਐਸ.ਆਈ. ਰੈਂਕ ਤੋਂ ਹੇਠਲੇ ਪੱਧਰ ਦੇ ਜਲੰਧਰ, ਅੰਮ੍ਰਿਤਸਰ, ਗੁਰਦਾਸਪੁਰ, ਕਪੂਰਥਲਾ ਤੋਂ ਗੁਰੂ ਨਾਨਕ ਦੇਵ ਹਸਪਤਾਲ ਵਿਚ ਇਲਾਜ ਕਰਾਉਣ ਲਈ ਆਏ ਸਨ। ਇਸੇ ਤਰ੍ਹਾਂ ਸਾਲ 2010 ਵਿਚ ਵੀ ਇਹੋ ਅੰਕੜਾ ਸੀ। ਉਨ੍ਹਾਂ ਕਿਹਾ ਕਿ ਪੰਜਾਬ ਦੇ ਪਿੰਡਾਂ ਵਿਚ ਕਾਲੇ ਪੀਲੀਏ ਨੂੰ ਵਧਾਉਣ 'ਚ ਝੋਲਾਛਾਪ ਡਾਕਟਰ ਵੱਡੀ ਗਿਣਤੀ ਵਿਚ ਭੂਮਿਕਾ ਨਿਭਾਅ ਰਹੇ ਹਨ। ਇਹ ਝੋਲਾਛਾਪ ਘਟੀਆ ਕਿਸਮ ਦੀਆਂ ਸਰਿੰਜਾਂ ਇਸਤੇਮਾਲ ਕਰਦੇ ਹਨ। ਉਹ ਟੀਕਾ ਲਾਉਣ ਸਮੇਂ ਸੂਈ ਤਾਂ ਬਦਲ ਲੈਂਦੇ ਹਨ ਪਰ ਸਰਿੰਜ ਨਹੀਂ ਬਦਲਦੇ ਜਿਸ ਕਾਰਨ ਬੀਮਾਰੀ ਵਧਦੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ 'ਚ 12000 ਦੇ ਕਰੀਬ ਪਿੰਡ ਹਨ ਤੇ ਹਰੇਕ ਪਿੰਡ ਵਿਚ 5 ਦੇ ਕਰੀਬ ਝੋਲਾ ਛਾਪ ਡਾਕਟਰ ਹਨ। ਇਸ ਹਿਸਾਬ ਨਾਲ 60 ਹਜ਼ਾਰ ਦੇ ਕਰੀਬ ਝੋਲਾ ਛਾਪ ਡਾਕਟਰ ਇਸ ਬੀਮਾਰੀ ਨੂੰ ਤੇਜ਼ੀ ਨਾਲ ਫੈਲਾ ਰਹੇ ਹਨ।

# ਹੁਣ ਨੇਤਰਹੀਣ ਵੀ ਪੜ੍ਹ ਸਕਣਗੇ ਪਾਵਨ ਬਾਣੀ

**ਚੰਡੀਗੜ੍ਹ:** ਹੁਣ ਨੇਤਰਹੀਣ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਪੜ੍ਹ ਸਕਣਗੇ ਕਿਉਂਕਿ ਨੇਤਰਹੀਣਾਂ ਦੇ ਪੜ੍ਹਨ ਲਈ ਵਿਸ਼ੇਸ਼ ਬਰੇਲ ਲਿੱਪੀ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਬਣ ਕੇ ਤਿਆਰ ਹੋ ਗਿਆ ਹੈ। ਇਤਿਹਾਸ ਵਿਚ ਸ਼ਾਇਦ ਇਹ ਪਹਿਲੀ ਵਾਰ ਹੈ ਕਿ ਕੋਈ ਏਨਾ ਵੱਡਾ ਧਾਰਮਿਕ ਗ੍ਰੰਥ ਬਰੇਲ ਲਿੱਪੀ ਵਿਚ ਤਿਆਰ ਹੋਇਆ ਹੈ।

**ਬਰੇਲ ਲਿੱਪੀ 'ਚ ਗੁਰੂ ਗ੍ਰੰਥ ਸਾਹਿਬ ਤਿਆਰ**

ਹੈਲਨ ਕੈਲਰ ਇੰਸਟੀਚਿਊਟ ਆਫ਼ ਡੈਫ ਐਂਡ ਬਲਾਈਂਡ ਮੁੰਬਈ ਵਿਖੇ ਬਰੇਲ ਲਿਪੀ ਤਿਆਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਪੁੱਜ ਗਈ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਬਰੇਲ ਲਿਪੀ ਵਿਚ ਅਨੁਵਾਦ ਹੈਲਰ ਕੈਲਰ ਇੰਸਟੀਚਿਊਟ ਬੰਬੇ ਦੀ ਬ੍ਰੇਲ ਪ੍ਰੈੱਸ ਦੀ ਕੁਆਰਡੀਨੇਟਰ ਦਵਿਆਨੀ ਵੱਲੋਂ ਕੀਤਾ ਗਿਆ ਹੈ। ਨੇਤਰਹੀਣਾਂ ਲਈ ਬਰੇਲ ਲਿੱਪੀ ਵਿਚ ਤਿਆਰ ਹੋਏ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਰੂਫ ਰੀਡਿੰਗ ਲਈ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਸਾਹਿਬ ਦੇ ਨੇਤਰਹੀਣ ਸਾਬਕਾ ਹਜ਼ੂਰੀ ਰਾਗੀ ਭਾਈ ਗੁਰਮੇਜ ਸਿੰਘ ਦਾ ਭਤੀਜਾ ਵਿਸ਼ੇਸ਼ ਗੱਡੀ ਰਾਹੀ ਬਰੇਲ ਲਿੱਪੀ ਵਿਚ ਅਨੁਵਾਦਤ ਹੋਏ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਨੂੰ ਲੈ ਕੇ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਪੁੱਜੇ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਬਰੇਲ ਲਿਪੀ ਵਿਚ ਅਨੁਵਾਦ ਕਰਨ ਬਾਰੇ ਤਖ਼ਤ ਸਾਹਿਬਾਨ ਦੇ ਜਥੇਦਾਰਾਂ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨਾਲ ਵਿਚਾਰ ਵਟਾਂਦਰਾ ਹੋ ਚੁੱਕਾ ਹੈ। ਨੇਤਰਹੀਣਾਂ ਲਈ ਬਰੇਲ ਲਿਪੀ ਵਿਚ ਤਿਆਰ ਹੋਏ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਮੁੱਢਲੇ ਤੌਰ 'ਤੇ 10 ਬੀੜਾਂ ਛਪਵਾਈਆਂ ਜਾਣਗੀਆਂ। ਅਨੁਵਾਦ ਕਰਨ ਵਾਲੀ ਬ੍ਰੇਲ ਪ੍ਰੈੱਸ ਮੁੰਬਈ ਦੀ ਕੋਆਰਡੀਨੇਟਰ ਦਵਿਆਨੀ ਦਾ ਕਹਿਣਾ ਹੈ ਕਿ ਉਹ ਬੜੀ ਹੀ ਖੁਸ਼ਕਿਸਮਤ ਹੈ, ਉਸ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਲ ਜੁੜਨ ਦਾ ਸੁਭਾਗ ਪ੍ਰਾਪਤ ਹੋਇਆ ਹੈ। ਦਵਿਆਨੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚਲੀ ਗੁਰਬਾਣੀ ਤੋਂ ਬੇਹੱਦ ਪ੍ਰਭਾਵਿਤ ਹੈ।



*ਲੂਈਸ ਬਰੇਲ ਜਿਸ ਨੇ ਨੇਤਰਹੀਣਾਂ ਲਈ ਲਿਪੀ ਦੀ ਕਾਢ ਕੱਢੀ।*

ਜ਼ਿਕਰਯੋਗ ਹੈ ਕਿ ਲੂਈਸ ਬਰੇਲ ਨੇ ਨੇਤਰਹੀਣਾਂ ਲਈ ਲਿਪੀ ਦੀ ਕਾਢ ਕੱਢੀ ਸੀ।

# ਮੇਰੈ ਮਨਿ ਮਿਸਟ ਲਗੇ ਪ੍ਰਿਅ ਬੋਲਾ

ੴ ਸਤਿਗੁਰ ਪ੍ਰਸਾਦਿ॥
ਸਾਰੰਗ ਮਹਲਾ 5
ਮੇਰੈ ਮਨਿ ਮਿਸਟ ਲਗੇ ਪ੍ਰਿਅ ਬੋਲਾ॥
ਗੁਰਿ ਬਾਹ ਪਕਰਿ ਪ੍ਰਭ ਸੇਵਾ ਲਾਏ
ਸਦ ਦਇਆਲੁ ਹਰਿ ਢੋਲਾ॥ਰਹਾਉ॥
ਪ੍ਰਭ ਤੂ ਠਾਕੁਰੁ ਸਰਬ ਪ੍ਰਤਿਪਾਲਕੁ
ਮੋਹਿ ਕਲਤ੍ਰ ਸਹਿਤ ਸਭਿ ਗੋਲਾ॥
ਮਾਣੁ ਤਾਣੁ ਸਭੁ ਤੂਹੈ ਤੂਹੈ
ਇਕੁ ਨਾਮੁ ਤੇਰਾ ਮੈ ਓਲ੍ਹਾ॥
ਜੇ ਤਖਤਿ ਬੈਸਾਲਹਿ ਤਉ ਦਾਸ ਤੁਮ੍ਹਾਰੇ
ਘਾਸੁ ਬਢਾਵਹਿ ਕੇਤਕ ਬੋਲਾ॥
ਜਨ ਨਾਨਕ ਕੇ ਪ੍ਰਭ ਪੁਰਖ ਬਿਧਾਤੇ
ਮੇਰੇ ਠਾਕੁਰ ਅਗਹ ਅਤੋਲਾ॥

ਇਸ ਸ਼ਬਦ ਰਾਹੀਂ ਸਤਿਗੁਰੂ, ਉਸ ਸਰਬ ਪ੍ਰਿਤਪਾਲਕ ਪ੍ਰਭੂ ਦੇ ਮਿਲਾਪ ਦਾ ਜੋ ਅਨੰਦ ਹੈ, ਉਸ ਅਤਿ ਸੋਹਣੀ ਸੁਖਦਾਈ ਅਵਸਥਾ ਦਾ ਵਰਨਣ ਕਰਦੇ ਹਨ। ਹੇ ਭਾਈ! ਮੇਰੇ ਗੁਰੂ ਨੇ ਜਦੋਂ ਤੋਂ ਮੈਨੂੰ ਬਾਹੋਂ ਫੜ ਕੇ ਪ੍ਰਭੂ ਦੇ ਸੇਵਾ ਸਿਮਰਨ ਵਿਚ ਲਾ ਦਿੱਤਾ ਹੈ, ਉਸ ਸਮੇਂ ਤੋਂ ਹੀ ਮੇਰੇ ਮਨ ਨੂੰ ਉਸ ਪ੍ਰਭੂ ਦੀ ਸਿਫ਼ਤ ਸਲਾਹ ਬੜੀ ਮਿੱਠੀ ਅਤੇ ਪਿਆਰੀ ਲਗਦੀ ਹੈ ਅਤੇ ਹੁਣ ਮੈਨੂੰ ਇਵੇਂ ਭੀ ਲਗਦਾ ਹੈ ਕਿ ਉਹ ਸਰਬ ਸ਼ਕਤੀਮਾਨ ਪ੍ਰਭੂ ਮੇਰੇ 'ਤੇ ਸਦਾ ਹੀ ਦਇਆਲ ਹੈ। ਮਿਹਰਾਂ ਕਰ ਰਿਹਾ ਹੈ, ਪਰ ਹੇ ਭਾਈ! ਇਹ ਪ੍ਰਭੂ ਪ੍ਰਾਪਤੀ ਸਾਨੂੰ ਗੁਰੂ ਕ੍ਰਿਪਾ ਨਾਲ ਹੀ ਹੋਈ ਹੈ।

ਪ੍ਰਭ ਤੂ ਠਾਕੁਰੁ ਸਰਬ ਪ੍ਰਤਿਪਾਲਕੁ
ਮੋਹਿ ਕਲਤ੍ਰ ਸਹਿਤ ਸਭਿ ਗੋਲਾ॥
ਮਾਣੁ ਤਾਣੁ ਸਭੁ ਤੂਹੈ ਤੂਹੈ
ਇਕੁ ਨਾਮੁ ਤੇਰਾ ਮੈ ਓਲ੍ਹਾ॥

ਹੁਣ ਸਤਿਗੁਰੂ ਪ੍ਰਭੂ ਨੂੰ ਮੁਖਾਤਿਬ ਹੋ ਰਹੇ ਹਨ ਕਿ ਹੇ ਪ੍ਰਭੂ ਜੀਓ! ਜਦੋਂ ਤੋਂ ਗੁਰੂ ਕ੍ਰਿਪਾ ਸਦਕਾ ਮੈਂ ਤੇਰੀ ਸੇਵਾ

## ਗੁਰਬਾਣੀ ਗਿਆਨ

ਵਿਚ ਲੱਗਾ ਹਾਂ, ਮੇਰਾ ਵਿਸ਼ਵਾਸ ਪੱਕਾ ਹੋ ਗਿਆ ਹੈ ਕਿ ਹੇ ਮਾਲਿਕ ਪ੍ਰਭੂ! ਆਪ ਹੀ ਸਭ ਦੇ ਪਾਲਣਹਾਰ ਹੋ। ਤੂੰ ਹੀ ਮਾਣ ਹੈ, ਤੂੰ ਹੀ ਮੇਰਾ ਤਾਣ ਹੈ, ਤੂੰ ਹੀ ਮੇਰਾ ਓਟ ਆਸਰਾ ਹੈ। ਹੇ ਪ੍ਰਭੂ ਜੀਓ! ਮੈਂ, ਮੇਰੀ ਪਤਨੀ ਅਤੇ ਪਰਿਵਾਰ, ਅਸੀਂ ਸਾਰੇ ਹੀ ਆਪ ਦੇ ਦਾਸ ਹਾਂ ਅਤੇ ਆਪ ਸਭ ਦੇ ਮਾਲਕ ਹੋ।

ਜੇ ਤਖਤਿ ਬੈਸਾਲਹਿ ਤਉ ਦਾਸ ਤੁਮ੍ਹਾਰੇ
ਘਾਸੁ ਬਢਾਵਹਿ ਕੇਤਕ ਬੋਲਾ॥
ਜਨ ਨਾਨਕ ਕੇ ਪ੍ਰਭ ਪੁਰਖ ਬਿਧਾਤੇ
ਮੇਰੇ ਠਾਕੁਰ ਅਗਹ ਅਤੋਲਾ॥

ਹੇ ਮੇਰੇ ਪ੍ਰਭ ਜੀਓ! ਹੇ ਸੰਸਾਰ ਦੇ ਰਚਨਹਾਰੇ! ਹੇ ਮਾਲਿਕ! ਹੇ ਮੇਰੇ ਅਤੋਲ ਅਤੇ ਅਥਾਹ ਪ੍ਰਭ ਜੀਓ! ਇਹ ਤੇਰਾ ਨਾਨਕ ਦਾਸ ਭੀ ਆਪ ਦੀ ਸ਼ਰਨ ਆਇਆ ਹੈ। ਮੇਰੇ ਮਾਲਿਕ! ਜੇ ਤੂੰ ਮੈਨੂੰ ਤਖ਼ਤ 'ਤੇ ਬਿਠਾ ਦੇਵੇਂ ਤਾਂ ਭੀ ਮੈਂ ਤੇਰਾ ਦਾਸ ਹੀ ਹਾਂ ਅਤੇ ਜੇ ਤੂੰ ਆਪਣੇ ਇਸ ਸੇਵਕ ਕੋਲੋਂ ਘਾਹ ਭੀ ਵੱਢਵਾਏਂ ਤਾਂ ਭੀ ਮੈਂ ਬੋਲਾਂਗਾ ਨਹੀਂ, ਕਿਉਂਕਿ ਮੈਂ ਆਪ ਜੀ ਦੀ ਸ਼ਰਨ ਆਇਆ ਹਾਂ। ਮੈਨੂੰ ਸਦਾ ਹੀ ਸ਼ਰਨ ਵਿਚ ਰੱਖੋ।

ਆਓ ਸ਼ਬਦ ਗੁਰੂ ਨਾਲ ਜੁੜੀਏ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ:916-687-3536*

## ਢਾਂਡਾ ਦੀ ਚੇਅਰਮੈਨੀ ਨੂੰ ਹਾਈ ਕੋਰਟ 'ਚ ਚੁਣੌਤੀ

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਮੁੱਖ ਜੱਜ ਜਸਟਿਸ ਆਦਰਸ਼ ਕੁਮਾਰ ਗੋਇਲ ਤੇ ਜਸਟਿਸ ਏ.ਕੇ. ਮਿੱਤਲ 'ਤੇ ਆਧਾਰਤ ਬੈਂਚ ਨੇ ਹਰੀਸ਼ ਢਾਂਡਾ ਦੀ ਪੰਜਾਬ ਪਬਲਿਕ ਸਰਵਿਸ ਕਮਿਸ਼ਨ ਦੇ ਚੇਅਰਮੈਨ ਵਜੋਂ ਨਿਯੁਕਤੀ 'ਤੇ ਸਟੇਅ ਦੇਣ ਦੇ ਮਾਮਲੇ ਵਿਚ ਨੋਟਿਸ ਜਾਰੀ ਕਰ ਦਿੱਤਾ ਹੈ। ਇਕ ਨੌਜਵਾਨ ਵਕੀਲ ਸਲਿਲ ਸਬਲੋਕ ਨੇ ਜਨਹਿੱਤ ਰਿੱਟ ਦਾਇਰ ਕਰਕੇ ਕਿਹਾ ਸੀ ਕਿ ਸ੍ਰੀ ਢਾਂਡਾ ਦੀ ਨਿਯੁਕਤੀ ਗੈਰਕਾਨੂੰਨੀ ਹੈ ਕਿਉਂਕਿ ਪੰਜਾਬ ਸਰਕਾਰ ਨੇ ਭਾਰਤ ਦੇ ਸੰਵਿਧਾਨ ਦੀ ਧਾਰਾ 318 ਅਨੁਸਾਰ ਕਮਿਸ਼ਨ ਦੇ ਮੈਂਬਰਾਂ ਬਾਰੇ ਨਿਯਮ ਨਹੀਂ ਬਣਾਏ।


ਜਾਇਦਾਦ ਦੀ ਖਰੀਦ-ਵੇਚ

ਚੰਡੀਗੜ੍ਹ, ਮੋਹਾਲੀ, ਪੰਚਕੂਲਾ ਅਤੇ ਆਸ-ਪਾਸ ਦੇ ਇਲਾਕਿਆਂ ਵਿਚ ਜ਼ਮੀਨ-ਜਾਇਦਾਦ ਦੀ ਖਰੀਦ-ਵੇਚ ਲਈ ਸੰਪਰਕ ਕਰੋ

ਪੁਨੀਆ ਰੀਅਲ ਅਸਟੇਟ:94173-34049

ਅਸੀਂ ਜਾਇਦਾਦ ਦੀ ਮੈਨੇਜਮੈਂਟ ਦਾ ਕੰਮ ਵੀ ਕਰਦੇ ਹਾਂ



Law Offices of Gill & Heridis

Immigration Services
- Family Petitions
- Marriage Petitions
- Fiance Visas
- Vawa Petitions
- Consular Processing
- Worker Visas

- 9th Circuit Appeals
- BIA Appeals
- Removal Defense
- Asylum

Personal Injury
- Auto Collision



Bhupinder Gill
Attorney at Law
(Admitted in CA)

Call for free initial consultation

(408) 940-6065, (408) 736-5203

Email: gill@ghfirm.com Web: www.ghfirm.com

830 Stewart Drive, Suite#231, Sunnyvale, CA 94085






Ph:510-415-7700, 800-498-3626, 408-480-4500
S&S Satellite System - e-mail: sns_satellite@yahoo.com

Requires additional International package for $10/mo. or any America's top package. Digital Home Advantage plan requires 24-month agreement and credit qualification. Cancellation fee of $17.50/month remaining applies if service is terminated before end of agreement. American programming credits apply during first 12 months. All equipment is leased and must be returned to DISH Network upon cancellation or unreturned equipment fees apply. Limit 6 leased tuners per account; upfront and monthly fees may apply based on type and number of receivers. HD programming requires HD television. Prices, packages and programming subject to change without notice. Offer available for new and qualified former customers, and subject to terms of applicable Promotional and Residential Customer agreements. Additional restrictions may apply. Offer ends 1/31/12.



Punjab Insurance Agency

7212 Florin Mall Dr., Sacramento, CA, (CA Lic. 0C53799)
Ph: 916-391-7447, 916-391-7553, Fax: 916-391-7337

ਹੁਣ ਅਸੀਂ ਟਰੱਕਾਂ ਦੀ ਇੰਸ਼ੋਰੈਂਸ ਵੀ ਕਰਦੇ ਹਾਂ

ਇਮੀਗਰੇਸ਼ਨ ਸੇਵਾਵਾਂ:

ਸਿਟੀਜ਼ਨਸ਼ਿਪ, ਗਰੀਨ ਕਾਰਡ, ਵਰਕ ਪਰਮਿਟ, ਐਫੀਡੈਵਿਟ ਆਫ ਸੁਪੋਰਟ, ਰਿਸ਼ਤੇਦਾਰਾਂ ਦੀ ਪਟੀਸ਼ਨ, ਰੀ-ਐਂਟਰੀ ਪਰਮਿਟ।
ਵੀਜ਼ਾ, ਪਾਸਪੋਰਟ: ਦੋਹਰੀ ਨਾਗਰਿਕਤਾ, ਪਾਵਰ ਆਫ ਅਟਾਰਨੀ, ਪਾਸਪੋਰਟ ਸੁਰੈਂਡਰ ਅਤੇ ਰੀਨਾਊਂਸੀਏਸ਼ਨ।

*Family Petitions, Re-Entry, Affidavit of Support, Citizenship, Green Card, Work Permit, OCI , Visa & Passport Services.*

ਇੰਸ਼ੋਰੈਂਸ ਸੇਵਾਵਾਂ

- Trucker Insurance and IFTA Filing.
- Liquor Store, Mini-Mart, Grocery Store
- Restaurant, Motel/Hotel
- Gas Station and Garage Coverage
- Ice Cream Vehicle & General Liability
- E&O and Professional Liability
- Apartment Complexes and Office Buildings
- Home, Auto and Flood Insurance, One day events.
- We work with several major insurance companies to find you best coverage and rates.

ਟਰੱਕ ਇੰਸ਼ੋਰੈਂਸ, ਸਟੋਰ, ਲਿੱਕਰ ਸਟੋਰ, ਗੈਸ ਸਟੇਸ਼ਨ, ਕਾਰਾਂ ਤੇ ਘਰਾਂ, ਆਈਸ ਕਰੀਮ ਟਰੱਕ ਵਗੈਰਾ

Notary Public, Live Certificate, Translation

ਅਸੀਂ ਅੰਗਰੇਜ਼ੀ, ਹਿੰਦੀ, ਪੰਜਾਬੀ ਅਤੇ ਉਰਦੂ ਬੋਲਦੇ ਹਾਂ।
ਇੰਸ਼ੋਰੈਂਸ ਦੀ ਕੋਟੇਸ਼ਨ ਲੈਣ ਜਾਂ ਮੌਜੂਦਾ ਇੰਸ਼ੋਰੈਂਟ ਪਾਲਿਸੀ ਦੇ ਮੁਲੰਕਣ ਲਈ ਸਾਡੇ ਪਾਸ ਆਓ ਜਾਂ ਕਾਲ ਕਰੋ।

ਸਾਨੂੰ ਇੰਸ਼ੋਰੈਂਸ ਲਾਈਨ ਵਿਚ 10 ਸਾਲ ਤੋਂ ਵੱਧ ਦਾ ਤਜ਼ਰਬਾ ਹੈ
ਸਾਡਾ ਦਫਤਰ ਪੁਰਾਣੇ DMV ਪਲਾਜ਼ੇ ਵਿਚ ਹੈ

ਮਨਜੀਤ ਸਿੰਘ 916-391-7447
ਸਜਵੀਰ ਸਿੰਘ 916-391-7553

# ਪੰਜਾਬ ਟਾਈਮਜ਼

*ਸਨਿਚਰਵਾਰ, 9 ਜੁਲਾਈ 2011*

## ਜੀਵੇ ਜਮਹੂਰੀ ਪੰਜਾਬ

ਕੁਝ ਕੁ ਵਕਤ ਦੇ ਵਕਫੇ ਤੋਂ ਬਾਅਦ ਪੰਜਾਬ ਦੇ ਸਿਆਸੀ ਪਿੜ ਵਿਚ ਇਕ ਵਾਰ ਫਿਰ ਗਰਮੀ ਆ ਗਈ ਹੈ। ਸੱਤਾਧਾਰੀ ਅਕਾਲੀ ਦਲ ਦੇ ਲੀਡਰ ਫਿਰ ਆਪੋ-ਆਪਣੇ ਹਲਕਿਆਂ ਵੱਲ ਨਿੱਕਲ ਤੁਰੇ ਹਨ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਸੰਗਤ ਦਰਸ਼ਨਾਂ ਦੀ ਲੜੀ ਸ਼ੁਰੂ ਕਰ ਦਿੱਤੀ ਹੈ ਅਤੇ ਨਾਲ ਹੀ ਐਲਾਨ ਕਰ ਦਿੱਤਾ ਹੈ ਕਿ ਹੁਣ ਉਹ ਸੰਗਤ ਦਰਸ਼ਨ ਤੋਂ ਬਾਅਦ ਪਿੰਡ ਵਿਚ ਹੀ ਰਾਤ ਕੱਟਿਆ ਕਰਨਗੇ। ਕਾਂਗਰਸ ਪ੍ਰਧਾਨ ਅਤੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਭਾਵੇਂ ਪਾਰਟੀ ਲੀਡਰਾਂ ਵੱਲੋਂ ਲੀਡਰਸ਼ਿਪ ਦੀਆਂ ਸਿੱਧੀਆਂ ਵੰਗਾਰਾਂ ਪਾਈਆਂ ਜਾ ਰਹੀਆਂ ਹਨ ਪਰ ਉਹ ਆਪਣੇ ਹਿਸਾਬ ਸਿਆਸਤ ਦੀਆਂ ਗੋਟੀਆਂ ਹਿਲਾ ਰਹੇ ਹਨ। ਐਤਕੀਂ ਉਹ ਜਿੱਤ ਲਈ ਆਸ ਨਾਲੋਂ ਕੁਝ ਜ਼ਿਆਦਾ ਹੀ ਆਸਵੰਦ ਹਨ। ਮੁੱਖ ਮੰਤਰੀ ਦੀ ਗੱਦੀ ਉਤੇ ਅੱਖ ਟਿਕਾਈ ਬੈਠੇ ਮਨਪ੍ਰੀਤ ਸਿੰਘ ਬਾਦਲ ਨੂੰ ਜੇ ਮਾਰ ਪੈ ਰਹੀ ਹੈ ਤਾਂ ਸਿਰਫ ਪਾਰਟੀ ਵਾਲੇ ਫਰੰਟ 'ਤੇ ਹੀ ਪੈ ਰਹੀ ਹੈ। ਮਜ਼ਬੂਤ ਪਾਰਟੀ ਢਾਂਚੇ ਤੋਂ ਬਗੈਰ ਬੇੜਾ ਕਦੀ ਵੀ ਬੰਨ੍ਹੇ ਨਹੀਂ ਲਗਦਾ ਹੁੰਦਾ, ਇਸ ਬਾਰੇ ਅਹਿਸਾਸ ਉਨ੍ਹਾਂ ਨੂੰ ਵੀ ਹੈ ਪਰ ਇਸ ਫਰੰਟ ਉਤੇ ਉਹ ਅਜੇ ਤਾਈਂ ਬਹੁਤੀ ਪੈਂਠ ਨਹੀਂ ਬਣਾ ਸਕੇ, ਤੇ ਜਿਨ੍ਹਾਂ ਮੁੱਦਿਆਂ ਨੂੰ ਆਧਾਰ ਬਣਾ ਕੇ ਉਹ ਜਿੱਤ ਦੇ ਝੰਡੇ ਗੱਡਣ ਲਈ ਸੋਚ ਰਹੇ ਹਨ, ਉਹ ਫਿਲਹਾਲ ਸੁਫਨੇ ਹੀ ਜਾਪਦੇ ਹਨ।

ਹਾਲ ਹੀ ਵਿਚ ਮਨਪ੍ਰੀਤ ਬਾਦਲ ਦੀ ਅਗਵਾਈ ਹੇਠ ਤੀਜਾ ਫਰੰਟ ਬਣਨ ਦੀ ਜੋ ਚਰਚਾ ਚੱਲੀ ਸੀ, ਉਸ ਵਿਚ ਜਿਨ੍ਹਾਂ ਪਾਰਟੀਆਂ ਦੀ ਨਿਸ਼ਾਨਦੇਹੀ ਕੀਤੀ ਗਈ, ਉਸ ਤੋਂ ਤੀਜੇ ਫਰੰਟ ਦੀ ਔਕਾਤ ਦਾ ਖੁਲਾਸਾ ਵੀ ਹੋ ਜਾਂਦਾ ਹੈ। ਤੀਜੇ ਫਰੰਟ ਦੀ ਗੱਲ ਸੀ.ਪੀ.ਐਮ. ਨੇ ਚਲਾਈ ਸੀ, ਜਿਸ ਦੇ ਆਪਣੇ ਬੋਝੇ ਦੇ ਦਾਣੇ ਕਦੋਂ ਦੇ ਖਤਮ ਹੋ ਚੁੱਕੇ ਹਨ। ਇਸ ਫਰੰਟ ਲਈ ਲੋਕ ਭਲਾਈ ਪਾਰਟੀ, ਸ਼੍ਰੋਮਣੀ ਅਕਾਲੀ ਦਲ (ਲੌਂਗੋਵਾਲ) ਅਤੇ ਅਕਾਲੀ ਦਲ (1920) ਦੀ ਸ਼ਨਾਖਤ ਕੀਤੀ ਗਈ ਹੈ। ਲੋਕ ਭਲਾਈ ਪਾਰਟੀ ਬਾਰੇ ਤਾਂ ਕਿਸੇ ਨੂੰ ਭਰਮ-ਭੁਲੇਖਾ ਨਹੀਂ ਹੋਣਾ ਚਾਹੀਦਾ। ਇਸ ਪਾਰਟੀ ਦੇ ਆਗੂ ਸ. ਬਲਵੰਤ ਸਿੰਘ ਰਾਮੂਵਾਲੀਆ ਨੇ ਵਿਦੇਸ਼ਾਂ ਵਿਚ ਰਹਿੰਦੇ ਪੰਜਾਬੀਆਂ ਦੇ ਦੁਖੜੇ ਕੱਟਣ ਲਈ ਚੰਗਾ ਹੰਭਲਾ ਮਾਰਿਆ ਹੈ, ਪਰ ਚੋਣਾਂ ਦੀ ਸਿਆਸਤ ਵਿਚ ਮੁੱਖ ਮਸਲਾ ਆਪਣੀ ਸਿਆਸੀ ਸਰਗਰਮੀ ਅਤੇ ਸਾਖ ਨੂੰ ਵੋਟਾਂ ਵਿਚ ਬਦਲਣ ਦਾ ਹੁੰਦਾ ਹੈ। ਸ. ਬਲਵੰਤ ਸਿੰਘ ਰਾਮੂਵਾਲੀਆ ਇਸ ਮਾਮਲੇ ਵਿਚ ਹੁਣ ਤੱਕ ਅਸਫਲ ਹੀ ਸਾਬਤ ਹੋਏ ਹਨ। ਸ਼੍ਰੋਮਣੀ ਅਕਾਲੀ ਦਲ (ਲੌਂਗੋਵਾਲ) ਦਾ ਸਾਰਾ ਦਾਰੋਮਦਾਰ ਬਾਗੀ ਅਕਾਲੀਆਂ ਉਤੇ ਟਿਕਿਆ ਹੋਇਆ ਹੈ। ਟਿਕਟ ਨਾ ਮਿਲਣ ਦੀ ਸੂਰਤ ਵਿਚ ਬਾਗੀ ਹੋਏ ਅਕਾਲੀ ਇਸ ਪਾਰਟੀ ਨਾਲ ਜੁੜ ਵੀ ਸਕਦੇ ਹਨ ਪਰ ਮਸਲਾ ਤਾਂ ਵੱਡੇ ਪੱਧਰ ਉਤੇ ਵੰਗਾਰ ਸੁੱਟਣ ਦਾ ਹੈ ਜੋ ਇਸ ਪਾਰਟੀ ਦੇ ਵੱਸ ਦਾ ਰੋਗ ਨਹੀਂ। ਜੇ ਕਿਤੇ ਅਜਿਹਾ ਹੁੰਦਾ ਤਾਂ ਸ. ਸੁਰਜੀਤ ਸਿੰਘ ਬਰਨਾਲਾ ਦਾ ਉਹ ਹਾਲ ਨਹੀਂ ਸੀ ਹੋਣਾ ਜੋ ਅੱਜ ਹੋਇਆ ਪਿਆ ਹੈ। ਚੋਣਾਂ ਦੇ ਪ੍ਰਸੰਗ ਵਿਚ ਅਕਾਲੀ ਦਲ (1920) ਦੀ ਤਾਂ ਗਿਣਤੀ ਕਰਨੀ ਵੀ ਗੈਰ-ਜ਼ਰੂਰੀ ਹੈ। ਇਹ ਪਾਰਟੀ ਤਾਂ ਆਟੇ ਵਿਚ ਲੂਣ ਬਰਾਬਰ ਵੀ ਨਹੀਂ ਹੈ। ਉਂਜ ਵੀ, ਅਜਿਹੇ ਫਰੰਟ ਕੁਝ ਖਾਸ ਹਾਲਾਤ ਵਿਚ ਹੀ ਕਾਮਯਾਬ ਹੁੰਦੇ ਹਨ; ਜਾਂ ਤਾਂ ਸਥਾਪਤੀ ਦੇ ਖਿਲਾਫ ਲੋਕ ਰੋਹ ਉਠ ਖੜ੍ਹਾ ਹੋਵੇ , ਤੇ ਜਾਂ ਫਿਰ ਚੋਣਾਂ ਨੇੜੇ ਹੋਣ ਅਤੇ ਨਗਾਰੇ 'ਤੇ ਚੋਟ ਵੱਜ ਚੁੱਕੀ ਹੋਵੇ। ਮਨਪ੍ਰੀਤ ਸਿੰਘ ਬਾਦਲ ਵਾਲਾ ਵਰਤਾਰਾ ਜੇ ਚੋਣਾਂ ਦੇ ਨੇੜੇ ਜਾ ਕੇ ਵਾਪਰਦਾ ਦਾ ਤੱਤੇ-ਤੱਤੇ ਘਾਹ ਇਸ ਦਾ ਸਿਆਸੀ ਲਾਹਾ ਉਸ ਨੂੰ ਜ਼ਰੂਰ ਮਿਲਣਾ ਸੀ। ਹੁਣ ਸਿਆਸੀ ਪਿੜ ਵਿਚ ਉਸ ਤਰ੍ਹਾਂ ਦਾ ਵੇਗ ਬਣ ਸਕਣਾ ਅਸੰਭਵ ਨਹੀਂ ਤਾਂ ਔਖੇਰਾ ਜ਼ਰੂਰ ਹੈ।

ਇਸ ਸਿਆਸੀ ਦ੍ਰਿਸ਼ ਦੇ ਪ੍ਰਸੰਗ ਵਿਚ ਇਕ ਗੱਲ ਹੋਰ ਵੀ ਹੈ ਜਿਸ ਬਾਰੇ ਸੰਜੀਦਗੀ ਨਾਲ ਚਰਚਾ ਕਰਨੀ ਬਣਦੀ ਹੈ। ਚੋਣ ਨਤੀਜਾ ਭਾਵੇਂ ਕੋਈ ਵੀ ਹੋਵੇ, ਸੰਜੀਦਾ ਸਵਾਲ ਇਹ ਹੈ ਕਿ ਜਿਸ ਦੌਰ ਵਿਚੋਂ ਅੱਜ ਪੰਜਾਬ ਲੰਘ ਰਿਹਾ ਹੈ, ਕੀ ਇਹ ਭਵਿੱਖ ਵੱਲ ਕੋਈ ਜਾਨਦਾਰ ਛਾਲ ਮਾਰ ਸਕੇਗਾ? ਪੰਜਾਬ ਇਸ ਵੇਲੇ ਜਿਸ ਸਿਆਸੀ, ਸਮਾਜਕ, ਧਾਰਮਿਕ ਅਤੇ ਸਭਿਆਚਾਰਕ ਮਾਹੌਲ ਨਾਲ ਦੋ-ਚਾਰ ਹੋ ਰਿਹਾ ਹੈ, ਉਸ ਮਾਹੌਲ ਵਿਚੋਂ ਕੋਈ ਦਿਸ਼ਾ ਲੱਭ ਕੇ ਭਵਿੱਖ ਦੇ ਨਕਸ਼ ਤੈਅ ਕਰਨੇ ਸਭ ਤੋਂ ਵੱਡੀ ਵੰਗਾਰ ਬਣੇ ਪਏ ਹਨ। ਪਿਛਲੇ ਸਮਿਆਂ ਦੌਰਾਨ ਇਨ੍ਹਾਂ ਸਾਰੇ ਖੇਤਰਾਂ ਦਾ ਜਿਸ ਢੰਗ ਨਾਲ ਗੈਰ-ਜਮਹੂਰੀਕਰਨ ਹੋਇਆ ਹੈ, ਉਸ ਨੂੰ ਤੋੜੇ ਬਗੈਰ ਅਗਾਂਹ ਇਕ ਵੀ ਕਦਮ ਨਹੀਂ ਵਧਾਇਆ ਜਾ ਸਕਦਾ। ਇਨ੍ਹਾਂ ਖੇਤਰਾਂ ਦਾ ਮੁਕੰਮਲ ਜਮਹੂਰੀਕਰਨ ਹੀ ਖੜੋਤ ਨੂੰ ਟੁੱਕਣ ਦਾ ਜ਼ਰੀਆ ਬਣ ਸਕਦਾ ਹੈ, ਤੇ ਅੱਜ ਸਿਆਸੀ ਪਿੜ ਵਿਚ ਸਰਗਰਮ ਕੋਈ ਵੀ ਧਿਰ ਅਜਿਹੀ ਨਹੀਂ ਰੜਕਦੀ ਜਿਸ ਦਾ ਜਮਹੂਰੀ ਸਿਆਸਤ ਨਾਲ ਕੋਈ ਲਾਗਾ-ਦੇਗਾ ਵੀ ਹੈ! ਮੁੱਖ ਪਾਰਟੀਆਂ-ਸ਼੍ਰੋਮਣੀ ਅਕਾਲੀ ਦਲ ਅਤੇ ਕਾਂਗਰਸ, ਦਾ ਤਾਂ ਸਮੁੱਚਾ ਢਾਂਚਾ ਹੀ ਅਜਿਹਾ ਹੈ ਕਿ ਕਿਸੇ ਵੀ ਪੱਧਰ ਉਤੇ ਜਮਹੂਰੀਅਤ ਦਾ ਕੋਈ ਨਾਮ-ਨਿਸ਼ਾਨ ਨਜ਼ਰ ਨਹੀਂ ਆਉਂਦਾ; ਬੇਸ਼ੱਕ ਇਹ ਜਥੇਬੰਦੀਆਂ ਅਤੇ ਇਨ੍ਹਾਂ ਦੇ ਆਗੂ ਜਮਹੂਰੀਅਤ ਦੀਆਂ ਫੜ੍ਹਾਂ ਅਕਸਰ ਮਾਰਦੇ ਰਹਿੰਦੇ ਹਨ। ਤਾਜ਼ਾ ਮਿਸਾਲ ਸ਼੍ਰੋਮਣੀ ਅਕਾਲੀ ਦਲ ਦੇ ਯੂਥ ਵਿੰਗ ਦੇ ਪ੍ਰਧਾਨ ਦੀ ਨਿਯੁਕਤੀ ਦੀ ਹੈ। ਸ. ਬਿਕਰਮ ਸਿੰਘ ਮਜੀਠੀਆ ਨੂੰ ਇਹ ਅਹੁਦਾ ਪਾਰਟੀ ਲਈ ਕੀਤੇ ਕੰਮਾਂ ਕਰਕੇ ਨਹੀਂ ਮਿਲਿਆ, ਸਗੋਂ ਸ. ਸੁਖਬੀਰ ਸਿੰਘ ਬਾਦਲ ਦਾ ਰਿਸ਼ਤੇਦਾਰ ਹੋਣ ਕਰਕੇ ਦਿੱਤਾ ਗਿਆ ਹੈ। ਇਸ ਤੋਂ ਪਹਿਲਾਂ ਸੁਖਬੀਰ ਸਿੰਘ ਬਾਦਲ ਨੂੰ ਦਲ ਦਾ ਪ੍ਰਧਾਨ ਅਤੇ ਫਿਰ ਉਪ ਮੁੱਖ ਮੰਤਰੀ ਵੀ ਇਸੇ ਤਰ੍ਹਾਂ ਬਣਾਇਆ ਗਿਆ ਸੀ। ਜੇ ਦਲ ਅਤੇ ਸਰਕਾਰ ਵਿਚ ਨਿਯੁਕਤੀਆਂ ਦੇ ਮੀਟਰ ਇਸ ਤਰ੍ਹਾਂ ਦੇ ਹਨ ਤਾਂ ਪੰਜਾਬ ਵਿਚ ਸਿਫਤੀ ਤਬਦੀਲੀ ਕਿਸ ਨੇ ਅਤੇ ਕਿਉਂ ਲਿਆਉਣੀ ਹੈ? ਇਉਂ ਹੀ ਕਾਂਗਰਸ ਦੀਆਂ ਲਿਸਟਾਂ ਦਿੱਲੀ ਵਿਚ ਬਣ ਰਹੀਆਂ ਹਨ। ਇਨ੍ਹਾਂ ਪਾਰਟੀਆਂ ਦੇ ਲੀਡਰ ਵਿਕਸਤ ਦੇਸ਼ਾਂ ਦੇ ਹਿਸਾਬ ਨਾਲ ਚੱਲਣ ਬਾਰੇ ਭਾਸ਼ਣ ਤਾਂ ਬਥੇਰੇ ਦਿੰਦੇ ਹਨ ਪਰ ਇਨ੍ਹਾਂ ਦੇਸ਼ਾਂ ਨੇ ਜਮਹੂਰੀ ਕਦਰਾਂ-ਕੀਮਤਾਂ ਦੀ ਜੋ ਕਮਾਈ ਕੀਤੀ ਹੈ, ਜੇ ਸਾਡੇ ਪੰਜਾਬ ਦੇ ਲੀਡਰ ਉਸ ਦਾ ਮਾਮੂਲੀ ਜਿਹਾ ਹਿੱਸਾ ਵੀ ਅਪਨਾ ਲੈਣ ਤਾਂ ਨਵੇਂ ਪੰਜਾਬ ਲਈ ਨਵੇਂ ਰਾਹ ਖੁੱਲ੍ਹ ਸਕਦੇ ਹਨ।

### ਠਾਹ-ਸੋਟਾ

-ਚਾਚਾ ਬੇਲਿਹਾਜ਼

#### *ਪੰਜਾਬ-ਸਹਿਕਦਾ ਕਿ ਨੱਚਦਾ?*

*ਦੇਖਾ-ਦੇਖੀ ਭੇਡ ਚਾਲ ਲਾਉਂਦੇ ਨੇ ਅਖਾੜਿਆਂ 'ਚ ਫੋਟੋ ਅਖ਼ਬਾਰਾਂ 'ਚ ਛਪਾਉਣ ਵਾਲੇ ਫੱਸੀ ਜਾਂਦੇ।*
*ਕੰਨ ਰਸ ਵਾਲਾ ਨਸ਼ਾ, ਉਤੋਂ ਘੁੱਟ ਹੋਰ ਪੀ ਕੇ ਮਾਰ-ਮਾਰ ਤਾੜੀਆਂ ਸਰੋਤੇ ਮੋਹਰੇ ਹੱਸੀ ਜਾਂਦੇ।*
*ਸ਼ਰਮ-ਧਰਮ ਤਾਈਂ ਸ਼ਰ੍ਹੇਆਮ ਛਿੱਕੇ ਟੰਗ ਨੇਮਾਂ ਅਤੇ ਸਦਾਚਾਰ ਵਾਲੀ ਕਰੀ ਲੱਸੀ ਜਾਂਦੇ।*
*ਕੁੜੀਆਂ ਤੇ ਮੁੰਡਿਆਂ ਨੂੰ ਹੀਰ-ਰਾਂਝੇ ਦੱਸ-ਦੱਸ ਇਸ਼ਕੇ ਦਾ ਰੋਗ ਲਾ ਕੇ ਨਾਗ ਵਾਂਗੂੰ ਡੱਸੀ ਜਾਂਦੇ।*
*ਕਰਜ਼ੇ ਤੇ ਕੈਂਸਰਾਂ ਜਾਂ ਨਸ਼ਿਆਂ ਨੇ ਮਾਰੇ ਜਿਹੜੇ ਉਨ੍ਹਾਂ ਨੂੰ ਭੁਲਾ ਕੇ ਤੂੰਬੀ ਆਪਣੀ ਹੀ ਕੱਸੀ ਜਾਂਦੇ।*
*ਆਣ ਕੇ ਵਿਦੇਸ਼ਾਂ ਵਿਚ ਬੋਲਦੇ ਗਵੱਈਏ ਝੂਠ ਸਹਿਕਦੇ ਪੰਜਾਬ ਤਾਈਂ ਨੱਚਦਾ ਹੀ ਦੱਸੀ ਜਾਂਦੇ।*

# ਬੱਲੇ-ਬੱਲੇ ਨੀ ਪੰਜਾਬੀਏ !

**ਮਹੀਪ ਸਿੰਘ**

ਮਾਂ-ਬੋਲੀ ਪੰਜਾਬੀ ਨੂੰ ਆਪਣੇ ਖੇਤਰ ਵਿਚ ਹੀ ਆਪਣੀ ਹੋਂਦ ਦੀ ਰਾਖੀ ਲਈ ਜਿੰਨਾ ਸੰਘਰਸ਼ ਕਰਨਾ ਪਿਆ ਹੈ, ਉਨਾ ਸ਼ਾਇਦ ਹੀ ਸੰਸਾਰ ਦੀ ਕਿਸੇ ਬੋਲੀ ਨੂੰ ਕਰਨਾ ਪਿਆ ਹੋਵੇ। ਆਪਣੀ ਹੋਂਦ ਦੀ ਲੜਾਈ ਵਿਚ ਪੰਜਾਬੀ ਨੂੰ ਕੁਝ ਕਾਮਯਾਬੀ ਮਿਲੀ ਹੈ। ਅੱਜ ਭਾਰਤੀ ਪੰਜਾਬ ਵਿਚ ਇਹ ਰਾਜ ਭਾਸ਼ਾ ਹੈ ਅਤੇ ਇਸੇ ਕਾਰਨ ਇਹ ਸਰਕਾਰੀ ਕੰਮਕਾਜ ਵਿਚ ਵਰਤਣ ਯੋਗ ਹੋ ਗਈ ਹੈ। ਸਰਕਾਰੀ ਸਕੂਲਾਂ ਵਿਚ ਇਸ ਦੀ ਪੜ੍ਹਾਈ ਲਾਜ਼ਮੀ ਹੈ। ਪੰਜਾਬੀ ਦੇ ਵਿਕਾਸ ਲਈ ਪੰਜਾਬ ਵਿਚ ਕਈ ਯੂਨੀਵਰਸਿਟੀਆਂ ਕਾਇਮ ਹੋ ਗਈਆਂ ਹਨ ਅਤੇ ਉਨ੍ਹਾਂ ਵਿਚ ਪੰਜਾਬੀ ਉਚੇਰੀ ਸਿੱਖਿਆ ਦਾ ਮਾਧਿਅਮ ਵੀ ਬਣ ਰਹੀ ਹੈ। ਪੱਤਰਕਾਰੀ ਦੇ ਖੇਤਰ ਵਿਚ ਉਸ ਨੇ ਜੋ ਵਿਕਾਸ ਕੀਤਾ ਹੈ, ਉਹ ਵੱਡੀ ਪ੍ਰਾਪਤੀ ਹੈ। ਅੱਜ ਪੰਜਾਬੀ ਦੇ ਕਈ ਰੋਜ਼ਾਨਾ ਅਖ਼ਬਾਰ ਭਾਰਤ ਦੀਆਂ ਹੋਰ ਭਾਸ਼ਾਵਾਂ ਵਿਚ ਛਪਣ ਵਾਲੇ ਅਖ਼ਬਾਰਾਂ ਦਾ ਮੁਕਾਬਲਾ ਕਰਨ ਦੇ ਸਮਰੱਥ ਹੋ ਗਏ ਹਨ। ਸਾਹਿਤ ਦੇ ਖੇਤਰ ਵਿਚ ਵੀ ਅਜੋਕੇ ਪੰਜਾਬੀ ਸਾਹਿਤ ਦੀ ਤੁਲਨਾ ਸੰਸਾਰ ਦੀ ਕਿਸੇ ਵੀ ਬੋਲੀ ਦੇ ਵਿਕਸਿਤ ਸਾਹਿਤ ਨਾਲ ਕੀਤੀ ਜਾ ਸਕਦੀ ਹੈ।



ਉਂਝ, ਇਕ ਹੋਰ ਪੰਜਾਬ ਵੀ ਹੈ-ਲਹਿੰਦਾ ਪੰਜਾਬ ਜਿਹੜਾ ਪਾਕਿਸਤਾਨ ਦਾ ਹਿੱਸਾ ਬਣ ਚੁੱਕਾ ਹੈ। ਪਾਕਿਸਤਾਨੀ ਪੰਜਾਬ, ਭਾਰਤੀ ਪੰਜਾਬ ਤੋਂ ਵੱਡਾ ਹੈ ਅਤੇ ਉਥੇ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ ਭਾਰਤੀ ਪੰਜਾਬ ਨਾਲੋਂ ਵੱਧ ਹੈ ਪਰ ਲਹਿੰਦੇ ਪੰਜਾਬ ਵਿਚ ਮਾਂ-ਬੋਲੀ ਪੰਜਾਬੀ ਨੂੰ ਅੱਜ ਵੀ ਆਪਣੀ ਹੋਂਦ ਲਈ ਉਸੇ ਤਰ੍ਹਾਂ ਦੀ ਲੜਾਈ ਲੜਨੀ ਪੈ ਰਹੀ ਹੈ, ਜਿਵੇਂ ਚੜ੍ਹਦੇ ਪੰਜਾਬ ਵਿਚ ਕੁਝ ਵਰ੍ਹੇ ਪਹਿਲਾਂ ਲੜਨੀ ਪਈ ਸੀ। ਉਸ ਪੰਜਾਬ ਵਿਚ ਰਾਜ ਭਾਸ਼ਾ ਦਾ ਸਨਮਾਨ ਪੰਜਾਬੀ ਨੂੰ ਨਹੀਂ, ਉਰਦੂ ਨੂੰ ਪ੍ਰਾਪਤ ਹੈ। ਸਾਰਾ ਸਰਕਾਰੀ ਕੰਮ-ਕਾਜ ਉਰਦੂ ਵਿਚ ਹੁੰਦਾ ਹੈ। ਸਿੱਖਿਆ ਦਾ ਮਾਧਿਅਮ ਉਰਦੂ ਹੈ। ਸਾਰੇ ਅਖ਼ਬਾਰ ਉਰਦੂ ਜਾਂ ਅੰਗਰੇਜ਼ੀ ਵਿਚ ਨਿਕਲਦੇ ਹਨ। ਸਾਰੇ ਪੰਜਾਬ ਵਿਚੋਂ ਪੰਜਾਬੀ ਵਿਚ ਛਪਣ ਵਾਲੇ ਅਖ਼ਬਾਰ ਨਾਂ-ਮਾਤਰ ਹੀ ਹਨ। ਕੁਝ ਪੰਜਾਬੀ ਪ੍ਰੇਮੀਆਂ ਵੱਲੋਂ ਇਕ-ਦੋ ਮਾਹਵਾਰੀ ਰਸਾਲੇ ਪੰਜਾਬੀ (ਸ਼ਾਹਮੁਖੀ ਲਿਪੀ ਵਿਚ) ਜ਼ਰੂਰ ਨਿਕਲਦੇ ਹਨ। ਇਹ ਸਹੀ ਹੈ ਕਿ ਕੁਝ ਪੰਜਾਬੀ ਪ੍ਰੇਮੀਆਂ ਦੇ ਉੱਦਮ ਨਾਲ ਕੁਝ ਸਕੂਲਾਂ ਵਿਚ ਬੱਚਿਆਂ ਨੂੰ ਪੰਜਾਬੀ ਪੜ੍ਹਾਈ ਜਾਂਦੀ ਹੈ। ਪੰਜਾਬ ਯੂਨੀਵਰਸਿਟੀ (ਲਾਹੌਰ) ਵਿਚ ਪੰਜਾਬੀ ਦੀ ਐਮ.ਏ. ਵੀ ਹੁੰਦੀ ਹੈ ਤੇ ਪੀ.ਐਚ.ਡੀ. ਕਰਨ ਦੀ ਵੀ ਸਹੂਲਤ ਹੈ।

ਚੜ੍ਹਦੇ ਪੰਜਾਬ ਤੋਂ ਬਾਹਰ ਦੇ ਕਈ ਸੂਬਿਆਂ ਵਿਚ ਪੰਜਾਬੀ ਬੋਲਦੇ ਲੋਕਾਂ ਦੀ ਵੱਡੀ ਸੰਖਿਆ ਵਸਦੀ ਹੈ। ਹਰਿਆਣਾ, ਹਿਮਾਚਲ ਪ੍ਰਦੇਸ਼, ਦਿੱਲੀ, ਉੱਤਰ ਪ੍ਰਦੇਸ਼, ਗੁਜਰਾਤ, ਮਹਾਰਾਸ਼ਟਰ, ਮੱਧ ਪ੍ਰਦੇਸ਼, ਰਾਜਸਥਾਨ, ਪੱਛਮੀ ਬੰਗਾਲ, ਕਰਨਾਟਕ, ਜੰਮੂ ਕਸ਼ਮੀਰ ਵਰਗੇ ਰਾਜਾਂ ਵਿਚ ਲੱਖਾਂ ਪੰਜਾਬੀ ਹਨ। ਇਨ੍ਹਾਂ ਰਾਜਾਂ ਵਿਚ ਪੰਜਾਬੀਆਂ ਦਾ ਸੰਘਰਸ਼ ਇਸ ਗੱਲ ਵੱਲ ਸੇਧਤ ਹੁੰਦਾ ਹੈ ਕਿ ਉਥੇ ਪੰਜਾਬੀ ਨੂੰ ਦੂਜੀ ਭਾਸ਼ਾ ਵਜੋਂ ਮਾਨਤਾ ਮਿਲ ਜਾਏ। ਹਰਿਆਣਾ ਤੇ ਦਿੱਲੀ ਵਿਚ ਉਸ ਨੂੰ ਇਹ ਮਾਣ ਪ੍ਰਾਪਤ ਹੈ। ਸਰਕਾਰੀ ਕੰਮਕਾਜ ਵਿਚ ਕੁਝ ਹੱਦ ਤੱਕ ਪੰਜਾਬੀ ਭਾਸ਼ਾ ਦੀ ਵਰਤੋਂ ਹੁੰਦੀ ਹੈ ਅਤੇ ਜੇ ਕਿਸੇ ਸਕੂਲ ਵਿਚ ਨਿਸ਼ਚਿਤ ਗਿਣਤੀ ਵਿਚ ਬੱਚੇ ਚਾਹੁਣ ਤਾਂ ਉਥੇ ਪੰਜਾਬੀ ਪੜ੍ਹਨ ਦੀ ਸਹੂਲਤ ਵੀ ਉਨ੍ਹਾਂ ਨੂੰ ਮਿਲ ਜਾਂਦੀ ਹੈ। ਕੁੱਲ ਮਿਲਾ ਕੇ ਪੰਜਾਬ




ਤੋਂ ਬਾਹਰ ਮਾਂ-ਬੋਲੀ ਪੰਜਾਬੀ ਦੀ ਦਸ਼ਾ ਅਤੇ ਦਿਸ਼ਾ ਬਹੁਤੀ ਸੰਤੋਖਜਨਕ ਨਹੀਂ। ਪੰਜਾਬੀ ਬੱਚੇ ਹਿੰਦੀ-ਅੰਗਰੇਜ਼ੀ ਮਾਧਿਅਮ ਵਾਲੇ ਸਕੂਲਾਂ ਵਿਚ ਪੜ੍ਹਦੇ ਹਨ। ਉਹ ਹੌਲੀ-ਹੌਲੀ ਪੰਜਾਬੀ ਬੋਲਣੀ ਭੁੱਲ ਰਹੇ ਹਨ। ਪੰਜਾਬੀ ਘਰਾਂ ਵਿਚ ਵੀ ਮਾਪੇ ਆਪਣੇ ਬੱਚਿਆਂ ਨਾਲ ਹਿੰਦੀ ਵਿਚ ਗੱਲਬਾਤ ਕਰਦੇ ਹਨ। ਜਿਨ੍ਹਾਂ ਘਰਾਂ ਵਿਚ ਥੋੜ੍ਹੀ-ਬਾਹਲੀ ਪੰਜਾਬੀ ਬੋਲੀ ਵੀ ਜਾਂਦੀ ਹੈ, ਉਥੇ ਵੀ ਪੰਜਾਬੀ ਲਿਖਣ-ਪੜ੍ਹਨ ਦੀ ਸਮਰੱਥਾ ਰੱਖਣ ਵਾਲੇ ਲੋਕਾਂ ਦੀ ਗਿਣਤੀ ਨਾਂਹ ਦੇ ਬਰਾਬਰ ਹੈ, ਕਿਉਂਕਿ ਉਨ੍ਹਾਂ ਨੂੰ ਗੁਰਮੁਖੀ ਲਿਪੀ ਨਹੀਂ ਆਉਂਦੀ। ਜਿਨ੍ਹਾਂ ਘਰਾਂ ਵਿਚ ਗੁਰਬਾਣੀ ਪੜ੍ਹਨ-ਪਾਠ ਕਰਨ ਦੀ ਰਵਾਇਤ ਕਾਇਮ ਹੈ, ਉਥੇ ਵੀ ਦੇਵਨਾਗਰੀ (ਹਿੰਦੀ) ਲਿਪੀ ਵਿਚ ਗੁਟਕਿਆਂ ਦੀ ਵਰਤੋਂ ਹੁੰਦੀ ਹੈ।

ਇਸ ਬਾਰੇ ਇਕ ਚੰਗਾ ਰੁਝਾਨ ਵੀ ਹੈ। ਪੰਜਾਬ ਤੋਂ ਬਾਹਰ ਬਹੁਤ ਸਾਰੇ ਸ਼ਹਿਰਾਂ ਵਿਚ ਪੰਜਾਬੀ ਵਿਚ ਸਾਹਿਤ ਸਿਰਜਣਾ ਕਰਨ ਵਾਲੇ ਲੇਖਕਾਂ ਨੇ ਉਥੇ ਪੰਜਾਬੀ ਸਾਹਿਤ ਸਭਾਵਾਂ ਬਣਾਈਆਂ ਹਨ। ਇਨ੍ਹਾਂ ਸਾਹਿਤ ਸਭਾਵਾਂ ਵੱਲੋਂ ਸਥਾਨਕ ਲੇਖਕਾਂ-ਕਵੀਆਂ ਦੀਆਂ ਗੋਸ਼ਟਾਂ ਹੁੰਦੀਆਂ ਰਹਿੰਦੀਆਂ ਹਨ ਜਿਸ ਵਿਚ ਲੋਕੀਂ ਆਪਣੀਆਂ ਰਚਨਾਵਾਂ ਪੜ੍ਹਦੇ ਹਨ ਤੇ ਸਾਹਿਤਕ ਵਿਚਾਰ-ਵਟਾਂਦਰਾ ਵੀ ਕਰਦੇ ਹਨ।

ਪੰਜਾਬ ਤੋਂ ਬਾਹਰ ਕਈ ਥਾਵਾਂ 'ਤੇ ਚੰਗੇ ਪੰਜਾਬੀ ਲੇਖਕ ਰਹਿੰਦੇ ਹਨ। ਮੁੰਬਈ ਵਿਚ ਸੁਖਬੀਰ, ਜਗਜੀਤ ਸਿੰਘ, ਸਵਰਨ ਵਰਗੇ ਲੇਖਕਾਂ ਕਰਕੇ ਉਥੇ ਦਾ ਸਾਹਿਤਕ ਮਾਹੌਲ ਸਦਾ ਹੀ ਸਰਗਰਮ ਰਿਹਾ ਹੈ। ਕੋਲਕਾਤਾ ਤੋਂ ਇਕ ਰੋਜ਼ਾਨਾ ਪੰਜਾਬੀ ਅਖ਼ਬਾਰ ਵੀ ਨਿਕਲਦਾ ਹੈ। ਹੁਣ ਪੱਛਮੀ ਬੰਗਾਲ ਸਰਕਾਰ ਨੇ ਪੰਜਾਬੀ ਨੂੰ ਸਰਕਾਰੀ ਮਾਨਤਾ ਵੀ ਦੇ ਦਿੱਤੀ ਹੈ।

ਪੰਜਾਬ ਤੋਂ ਬਾਹਰ ਮਾਂ-ਬੋਲੀ ਪੰਜਾਬੀ ਦੀ ਹੋਂਦ ਕਾਇਮ ਰੱਖਣ ਅਤੇ ਉਸ ਦੀ ਪ੍ਰਫੁੱਲਤਾ ਲਈ ਜੇ ਕੁਝ ਉਚੇਚੇ ਉਪਰਾਲੇ ਕੀਤੇ ਜਾਣ ਤਾਂ ਵੱਡੀ ਕਾਮਯਾਬੀ ਮਿਲ ਸਕਦੀ ਹੈ। ਕੁਝ ਸੁਝਾਅ ਇਹ ਹੋ ਸਕਦੇ ਹਨ:

ਉਨ੍ਹਾਂ ਸੂਬਿਆਂ ਜਿਥੇ ਪੰਜਾਬੀ ਵੱਡੀ ਗਿਣਤੀ ਵਿਚ ਰਹਿੰਦੇ ਹਨ, ਉਥੇ ਦੀਆਂ ਸਰਕਾਰਾਂ ਵੱਲੋਂ ਪੰਜਾਬੀ ਅਕਾਦਮੀਆਂ ਬਣਾਉਣ ਦਾ ਭਰਪੂਰ ਯਤਨ ਕੀਤਾ ਜਾਵੇ।

ਪੰਜਾਬੀ ਵੱਸੋਂ ਵਾਲੇ ਹਰ ਸ਼ਹਿਰ ਵਿਚ ਪੰਜਾਬੀ ਸਾਹਿਤ ਸਭਾਵਾਂ ਬਣਾਉਣ ਦਾ ਉਪਰਾਲਾ ਕੀਤਾ ਜਾਏ। ਅਜਿਹੀਆਂ ਸਾਹਿਤ ਸਭਾਵਾਂ ਨੂੰ ਪੰਜਾਬ ਦੀਆਂ ਵੱਡੀਆਂ ਸਾਹਿਤਕ ਸਭਾਵਾਂ ਨਾਲ ਜੋੜਿਆ ਜਾਏ।

ਪੰਜਾਬੀ ਬੱਚਿਆਂ ਨੂੰ ਪੰਜਾਬੀ (ਗੁਰਮੁਖੀ) ਪੜ੍ਹਾਉਣ ਦੇ ਉਚੇਚੇ ਉਪਰਾਲੇ ਕੀਤੇ ਜਾਣ।

ਅਜਿਹੇ ਸਾਰੇ ਯਤਨਾਂ ਦੇ ਨਾਲ ਪੰਜਾਬੀ ਹਿੰਦੂਆਂ ਨੂੰ ਪੂਰੀ ਤਰ੍ਹਾਂ ਜੋੜਿਆ ਜਾਏ।

ਇਹ ਸਾਰੀਆਂ ਗੱਲਾਂ ਪਰਵਾਸੀ ਪੰਜਾਬੀਆਂ ਲਈ ਵੀ ਹੋ ਸਕਦੀਆਂ ਹਨ। ਇਸ ਬਾਰੇ ਉਹ ਵੀ ਇਸੇ ਤਰਜ਼ 'ਤੇ ਹੰਭਲੇ ਮਾਰ ਸਕਦੇ ਹਨ। ਇਸ ਦ੍ਰਿਸ਼ਟੀ ਨਾਲ ਪੰਜਾਬੀ ਯੂਨੀਵਰਸਿਟੀ (ਪਟਿਆਲਾ) ਵੱਲੋਂ ਪਿਛਲੇ ਕੁਝ ਵਰ੍ਹਿਆਂ ਤੋਂ ਸਰਬ ਭਾਰਤੀ ਪੰਜਾਬੀ ਕਾਨਫ਼ਰੰਸ ਕਰਵਾਈ ਜਾ ਰਹੀ ਹੈ। ਅਜਿਹੀ ਕਾਨਫ਼ਰੰਸ ਦਾ ਮੰਤਵ ਭਾਰਤ ਦੇ ਵੱਖ-ਵੱਖ ਹਿੱਸਿਆਂ ਵਿਚ ਵਸਦੇ ਪੰਜਾਬੀਆਂ ਦੀ ਭਾਸ਼ਾਈ ਤੇ ਸਭਿਆਚਾਰਕ ਸਾਂਝ ਨੂੰ ਪ੍ਰਫੁੱਲਿਤ ਕਰਨਾ ਹੈ। ਪੰਜਾਬੀ ਯੂਨੀਵਰਸਿਟੀ ਦਾ ਇਹ ਉਦਮ ਬੜਾ ਸ਼ਲਾਘਾਯੋਗ ਹੈ। ਪੰਜਾਬ ਤੋਂ ਬਾਹਰ ਵਸਦੇ ਪੰਜਾਬੀ ਬੱਚਿਆਂ ਨੂੰ ਪੰਜਾਬੀ ਪੜ੍ਹਾਉਣ ਬਾਰੇ ਵੀ ਇਹ ਯੂਨੀਵਰਸਿਟੀ ਕੁਝ ਚੰਗੀਆਂ ਸਕੀਮਾਂ ਬਣਾ ਸਕਦੀ ਹੈ।

# ਬੱਲੇ-ਬੱਲੇ ਓ ਪੰਜਾਬੀਓ !

**ਡਾ. ਰਣਜੀਤ ਸਿੰਘ**

ਪੰਜਾਬੀ ਆਪਣੇ ਖੁੱਲ੍ਹੇ-ਡੁੱਲ੍ਹੇ ਸੁਭਾਅ, ਆਪਣੇ ਉਤੇ ਆਪ ਹੀ ਹੱਸ ਲੈਣ ਦੀ ਸ਼ਕਤੀ, ਪਿਆਰ, ਪ੍ਰਾਹੁਣਚਾਰੀ ਅਤੇ ਬਾਣੀ ਦੀ ਮਿਠਾਸ ਲਈ ਮਸ਼ਹੂਰ ਹਨ ਪਰ ਪਿਛਲੇ ਕੁਝ ਸਮੇਂ ਤੋਂ ਇਹ ਮਹਿਸੂਸ ਹੋ ਰਿਹਾ ਹੈ ਕਿ ਪੰਜਾਬੀ, ਵਿਸ਼ੇਸ਼ ਕਰਕੇ ਪੰਜਾਬੀਆਂ ਦੀ ਨਵੀਂ ਪੀੜ੍ਹੀ ਆਪਣੇ ਇਨ੍ਹਾਂ ਗੁਣਾਂ ਨੂੰ ਵਿਸਾਰ ਰਹੀ ਹੈ। ਨਵੀਂ ਪੀੜ੍ਹੀ ਵਿਚੋਂ ਸਹਿਣਸ਼ਕਤੀ, ਬਾਣੀ ਦੀ ਮਿਠਾਸ ਅਤੇ ਆਪਸੀ ਪਿਆਰ ਲੋਪ ਹੋ ਰਹੇ ਹਨ। ਆਪਣੇ-ਆਪ ਉਤੇ ਆਪ ਹੀ ਖੁੱਲ੍ਹ ਕੇ ਹੱਸਣਾ ਉਹ ਭੁੱਲ ਰਹੇ ਹਨ। ਮਖੌਲ ਕਰਨੇ ਅਤੇ ਕਰਵਾਉਣੇ ਦੁਸ਼ਮਣੀ ਦਾ ਆਧਾਰ ਬਣ ਰਹੇ ਹਨ। ਰੁੱਖਾ ਬੋਲਣਾ ਤੇ ਰਿਸ਼ਤਿਆਂ ਦਾ ਤ੍ਰਿਸਕਾਰ ਵਧ ਰਿਹਾ ਹੈ। ਕੋਈ ਸਮਾਂ ਸੀ, ਜਦੋਂ ਵਿਆਹ ਦੇ ਜਸ਼ਨ ਕਈ-ਕਈ ਦਿਨ ਚੱਲਦੇ ਸਨ। ਵਿਆਹ ਵਿਚ ਰੱਜ ਕੇ ਠੱਠਾ-ਮਖੌਲ ਹੁੰਦਾ ਸੀ। ਔਰਤਾਂ ਸਿੱਠਣੀਆਂ ਦੇ ਕੇ ਬਰਾਤ ਦੀ ਵੀ ਪੂਰੀ ਤਰ੍ਹਾਂ ਲਾਹ-ਪਾਹ ਕਰਦੀਆਂ ਸਨ। ਸਾਲੀਆਂ ਤੇ ਭਰਜਾਈਆਂ ਦੇ ਮਾਖੌਲ ਹਾਸੇ ਦਾ ਆਧਾਰ ਬਣਦੇ ਸਨ। ਜਿਥੇ ਵੀ ਚਾਰ ਬੰਦੇ ਰਲ ਬੈਠਦੇ, ਆਪੋ ਵਿਚ ਖੁੱਲ੍ਹ ਕੇ ਹਾਸਾ ਤੇ ਮਾਖੌਲ ਕਰਦੇ ਸਨ। ਕਦੇ ਕਿਸੇ ਨੇ ਬੁਰਾ ਨਹੀਂ ਮਨਾਇਆ ਸੀ। ਵੱਧ ਤੋਂ ਵੱਧ ਇੰਨਾ ਆਖਿਆ ਜਾਂਦਾ ਸੀ, 'ਬੱਸ ਕਰੋ ਹੁਣ ਬਹੁਤ ਹੋ ਗਿਆ।'



ਆਪਣੇ ਉਤੇ ਆਪ ਹੀ ਹੱਸ ਲੈਣਾ ਆਤਮ-ਵਿਸ਼ਵਾਸ ਅਤੇ ਚੜ੍ਹਦੀ ਕਲਾ ਵਾਲੀਆਂ ਕੌਮਾਂ ਹੀ ਕਰ ਸਕਦੀਆਂ ਹਨ। ਹੁਣ ਅਜਿਹਾ ਮਾਹੌਲ ਬਣ ਰਿਹਾ ਹੈ ਕਿ ਕੋਈ ਵੀ ਕਿਸੇ ਹੋਰ ਦੀ ਗੱਲ ਸੁਣਨ ਨੂੰ ਤਿਆਰ ਨਹੀਂ ਹੈ। ਮਾਮੂਲੀ ਗੱਲ 'ਤੇ ਹੀ ਘਸੁੰਨ-ਮੁੱਕੀ ਹੋਣਾ ਅਤੇ ਗੋਲੀ ਚਲਾ ਦੇਣਾ ਆਮ ਹੋ ਰਿਹਾ ਹੈ। ਦੁੱਖ ਤੇ ਹੈਰਾਨੀ ਤਾਂ ਇਹ ਦੇਖ ਕੇ ਹੁੰਦੀ ਹੈ ਕਿ ਜਿੰਨੀ ਵੱਧ ਕਿਸੇ ਦੀ ਅਮੀਰੀ ਹੈ, ਉਨਾ ਹੀ ਉਸ ਵਿਚ ਰੁੱਖਾਪਨ ਵੱਧ ਹੈ। ਹਉਮੈ ਦੇ ਨਸ਼ੇ ਵਿਚ ਨੌਜਵਾਨ ਫੁੰਕਾਰੇ ਮਾਰਦੇ ਫਿਰਦੇ ਹਨ। ਕਾਇਦੇ-ਕਾਨੂੰਨ ਦੀ ਉਨ੍ਹਾਂ ਨੂੰ ਕੋਈ ਪ੍ਰਵਾਹ ਨਹੀਂ ਹੈ। ਸੜਕਾਂ ਉਤੇ ਬਦਤਮੀਜ਼ੀ ਕਰਦਿਆਂ ਨੂੰ ਜੇਕਰ ਕੋਈ ਸਮਝਾਉਣ ਦਾ ਯਤਨ ਕਰੇ ਤਾਂ ਉਸ ਨਾਲ ਘਸੁੰਨ-ਮੁੱਕੀ ਹੋਣਾ ਨਿੱਤ ਵਧ ਰਿਹਾ ਹੈ। ਠੇਕਿਆਂ ਦੇ ਬਾਹਰ ਏ.ਸੀ. ਕਾਰਾਂ ਵਿਚ ਬੈਠ ਸ਼ਰੇਆਮ ਦਾਰੂ ਪੀਣਾ ਤਾਂ ਆਮ ਹੀ ਹੋ ਗਿਆ ਹੈ।

ਟੁੱਟ ਰਹੀਆਂ ਸਮਾਜਿਕ ਕਦਰਾਂ-ਕੀਮਤਾਂ ਅਤੇ ਪੰਜਾਬੀ ਸ਼ਖ਼ਸੀਅਤ ਵਿਚ ਆ ਰਹੇ ਇਸ ਭੈੜੇ ਬਦਲਾਅ ਨੂੰ ਪੀੜ੍ਹੀਆਂ ਦਾ ਫਰਕ ਆਖ ਸੁਰਖ਼-ਰੂ ਹੋਣ ਦਾ ਯਤਨ ਕੀਤਾ ਜਾਂਦਾ ਹੈ ਜਾਂ ਫਿਰ ਪੱਛਮੀ ਸੱਭਿਆਚਾਰ ਦੇ ਅਸਰ ਦੀ ਓਟ ਵਿਚ ਸੱਚ ਤੋਂ ਮੂੰਹ ਮੋੜ ਲਿਆ ਜਾਂਦਾ ਹੈ। ਅਸਲ ਵਿਚ ਇਹ ਪੀੜ੍ਹੀਆਂ ਦਾ ਫਰਕ ਨਹੀਂ ਹੈ, ਸਗੋਂ ਆਪਸੀ ਸੰਚਾਰ ਵਿਚ ਆ ਰਹੀ ਘਾਟ ਕਾਰਨ ਹੈ। ਬੱਚਿਆਂ ਵਿਚ ਨਸ਼ਿਆਂ ਦਾ ਵਧ ਰਿਹਾ ਰੁਝਾਨ ਅਤੇ ਤਣਾਅ ਦਾ ਵੀ ਇਹੋ ਮੁੱਖ ਕਾਰਨ ਹੈ। ਅੱਜ ਦੀ ਭੱਜ-ਦੌੜ ਵਾਲੀ ਜ਼ਿੰਦਗੀ ਵਿਚ ਮਾਪਿਆਂ ਕੋਲ ਆਪਣੇ ਬੱਚਿਆਂ ਨਾਲ ਗੱਲਾਂ ਕਰਨ ਦਾ ਸਮਾਂ ਹੀ ਨਹੀਂ ਹੈ। ਬੱਚਿਆਂ ਦੀ ਲੋੜ ਮਾਪਿਆਂ ਨਾਲ ਆਪਣੀਆਂ ਭੋਲੀਆਂ ਗੱਲਾਂ ਕਰਨੀਆਂ ਅਤੇ ਜਾਣਕਾਰੀ ਪ੍ਰਾਪਤ ਕਰਨੀ ਹੁੰਦੀ ਹੈ, ਜਦੋਂ ਕਿ ਵੱਡੇ ਇਨ੍ਹਾਂ ਮਾਸੂਮ ਹਾਸਿਆਂ ਦੀ ਊਰਜਾ ਨਾਲ ਆਪਣੀ ਥਕਾਵਟ ਤੇ ਝੁੰਜਲਾਹਟ ਤੋਂ ਮੁਕਤੀ ਪ੍ਰਾਪਤ ਕਰਦੇ ਹਨ। ਹੁਣ ਤੋਂ ਕੁਝ ਸਾਲ ਪਹਿਲਾਂ ਜਦੋਂ ਜੀਵਨ ਘੜੀ ਦੀਆਂ ਸੂਈਆਂ ਨਾਲ ਬੰਨ੍ਹਿਆ ਨਹੀਂ ਸੀ ਹੁੰਦਾ, ਬੱਚਿਆਂ ਨਾਲ ਤੇ ਆਪੋ ਵਿਚ ਗੱਲਾਂ ਕਰਨ ਦਾ ਖੁੱਲ੍ਹਾ ਸਮਾਂ ਹੁੰਦਾ ਸੀ। ਬੱਚੇ ਆਪਣੇ ਦਾਦਾ-ਦਾਦੀ ਦੀ ਗੋਦ ਵਿਚ ਬੈਠੇ ਗੱਲਾਂ ਸੁਣਾਉਂਦੇ ਸਨ ਤੇ ਕਹਾਣੀਆਂ ਸੁਣਦੇ ਸਨ। ਹੁਣ ਹਾਲਾਤ ਬਦਲ ਗਏ ਹਨ। ਸ਼ਹਿਰਾਂ ਵਿਚ ਤਾਂ ਹੋਰ ਵੀ ਭੈੜਾ ਹਾਲ ਹੈ। ਬਚਪਨ ਵਿਚ ਮਾਪਿਆਂ ਕੋਲ ਬੱਚਿਆਂ ਦੀ ਗੱਲ ਸੁਣਨ ਦਾ ਸਮਾਂ ਨਹੀਂ ਹੈ। ਜਦੋਂ ਬੱਚੇ ਵੱਡੇ ਹੋ ਜਾਂਦੇ ਹਨ ਤਾਂ ਉਹ ਮਾਪਿਆਂ ਦੀ ਗੱਲ ਨਹੀਂ ਸੁਣਦੇ, ਫਿਰ ਅਸੀਂ ਪਛਤਾਉਂਦੇ ਹਾਂ।

ਇਨਸਾਨ ਜੋ ਬੀਜਦਾ ਹੈ, ਉਸ ਨੂੰ ਉਹੋ ਹੀ ਵੱਢਣਾ ਪੈਂਦਾ ਹੈ। ਜੇਕਰ ਅਸੀਂ ਦੂਜਿਆਂ ਦੀ ਗੱਲ ਧਿਆਨ ਨਾਲ ਸੁਣਾਂਗੇ ਤਾਂ ਹੀ ਉਹ ਸਾਨੂੰ ਸੁਣਨਗੇ। ਪੰਜਾਬੀਓ ਰਲ ਬੈਠੋ, ਖੁੱਲ੍ਹ ਕੇ ਹੱਸੋ ਤੇ ਹਸਾਉ, ਇਸ ਨਾਲ ਅਸੀਂ ਆਪਣਾ ਹੀ ਭਲਾ ਕਰਾਂਗੇ। ਸਾਡਾ ਜੀਵਨ ਤਣਾਅ-ਮੁਕਤ ਤੇ ਖੁਸ਼ਹਾਲ ਹੋ ਜਾਵੇਗਾ।

# ਡੋਪਿੰਗ 'ਘਪਲਾ', ਸਮਾਜਿਕ ਨਾਬਰਾਬਰੀ ਅਤੇ ਮੁਕਤ ਮੰਡੀ

■ **ਦਲਜੀਤ ਅਮੀ**



ਖਿਡਾਰੀਆਂ ਵੱਲੋਂ ਪਾਬੰਦੀਸ਼ੁਦਾ ਦਵਾਈਆਂ ਖਾਣ ਦਾ ਮਾਮਲਾ ਬੇਪਰਦ ਹੋਣ ਨਾਲ ਸਮੁੱਚੇ ਮੁਲਕ ਵਿਚ ਚਰਚਾ ਛਿੜ ਗਈ ਹੈ। ਚਰਚਾ ਦਾ ਸੁਰ ਹਮਲਾਵਰ ਹੈ। ਭ੍ਰਿਸ਼ਟਾਚਾਰ, ਘਪਲਿਆਂ ਅਤੇ ਬੇਨੇਮੀਆਂ ਦੇ ਰੁਝਾਨ ਵਿਚ ਰੁਝਿਆ ਮੀਡੀਆ ਆਪਣੇ ਮੂੰਹ ਜਾਂ ਕਲਮ ਚੜ੍ਹੇ ਸ਼ਬਦਾਂ ਨਾਲ ਬਹਿਸ ਚਲਾ ਰਿਹਾ ਹੈ। ਕੌਮਾਂਤਰੀ ਪੱਧਰ ਉੱਤੇ ਨਾਮਣਾ ਖੱਟਣ ਵਾਲੀਆਂ ਕੁੜੀਆਂ ਦੀ ਪਰਖ ਦੌਰਾਨ ਅਜਿਹੀਆਂ ਦਵਾਈਆਂ ਦੇ ਅੰਸ਼ ਮਿਲੇ ਹਨ ਜੋ ਕੌਮਾਂਤਰੀ ਖੇਡਾਂ ਵਿਚ ਪਾਬੰਦੀਸ਼ੁਦਾ ਕਰਾਰ ਦਿੱਤੇ ਗਏ ਹਨ। ਮੀਡੀਆ ਵਿਚ ਚਲ ਰਹੀ ਬਹਿਸ ਵਿਚ ਇਸ ਸਮੁੱਚੇ ਘਟਨਾਕ੍ਰਮ ਨੂੰ ਘਪਲੇ ਦਾ ਰੂਪ ਦਿੱਤਾ ਜਾ ਰਿਹਾ ਹੈ। ਖਿਡਾਰੀਆਂ ਉੱਤੇ ਮੁਲਕ ਨੂੰ 'ਸ਼ਰਮਸਾਰ' ਕਰਨ ਅਤੇ ਖੇਡ ਮੈਦਾਨ ਨੂੰ 'ਦਾਗ਼ਦਾਰ' ਕਰਨ ਦੇ ਇਲਜ਼ਾਮ ਲੱਗ ਰਹੇ ਹਨ। ਮੁਲਜ਼ਮ ਨੂੰ ਮੁਜਰਮ ਕਰਾਰ ਦੇਣ ਦੀ ਅਜਿਹੀ ਕਾਹਲੀ ਕਿਉਂ ਅਤੇ ਕਿਸ ਨੂੰ ਹੈ? ਇਹ ਠੀਕ ਹੈ ਕਿ ਖਿਡਾਰੀਆਂ ਨੇ ਪਾਬੰਦੀਸ਼ੁਦਾ ਦਵਾਈਆਂ ਖਾਧੀਆਂ ਹਨ ਪਰ ਅਜਿਹਾ ਕਿਨ੍ਹਾਂ ਹਾਲਾਤ ਵਿਚ ਹੋਇਆ ਹੈ ਅਤੇ ਕਿਸ ਦੀ ਮਰਜ਼ੀ ਨਾਲ ਹੋਇਆ ਹੈ? ਖਿਡਾਰੀਆਂ ਨੂੰ ਆਪਣਾ ਪੱਖ ਪੇਸ਼ ਕਰਨ ਦਾ ਹੱਕ ਹੈ ਅਤੇ ਉਨ੍ਹਾਂ ਦਾ ਮਸਲਾ ਸੁਹਿਰਦਤਾ ਨਾਲ ਵਿਚਾਰਿਆ ਜਾਣਾ ਬਣਦਾ ਹੈ। ਇਹ ਸਿਰਫ਼ ਸਾਡੇ ਮੁਲਕ ਨੂੰ ਮਾਣ ਦਿਵਾਉਣ ਵਾਲੇ ਹੀ ਨਹੀਂ ਸਗੋਂ ਜਮਹੂਰੀ ਮੁਲਕ ਦੇ ਵਾਸੀ ਵੀ ਹਨ। ਮੁਲਜ਼ਮ ਦਾ ਪੱਖ ਸੁਣੇ ਬਗ਼ੈਰ ਫ਼ੈਸਲਾ ਸੁਣਾ ਦੇਣ ਵਾਲਾ ਰੁਝਾਨ ਗ਼ੈਰ-ਜਮਹੂਰੀ ਅਤੇ ਗ਼ੈਰ-ਮਨੁੱਖੀ ਹੀ ਨਹੀਂ ਸਗੋਂ ਖੇਡ ਭਾਵਨਾ ਦੇ ਉਲਟ ਵੀ ਭੁਗਤਦਾ ਹੈ।

ਅਸ਼ਵਨੀ ਅਕੂਨਜੀ, ਸਿਨੀ ਜੋਸ ਅਤੇ ਮਨਦੀਪ ਕੌਰ ਨੇ ਕੁੜੀਆਂ ਦੀ ਚਾਰ ਗੁਣਾ ਚਾਰ ਸੌ ਮੀਟਰ ਦੌੜ ਵਿਚ ਰਾਸ਼ਟਰਮੰਡਲ ਅਤੇ ਏਸ਼ੀਆਡ ਵਿਚ ਸੋਨੇ ਤਮਗੇ ਜਿੱਤੇ ਸਨ। ਇਹ ਕੌਮਾਂਤਰੀ ਮੁਕਾਬਲਿਆਂ ਵਿਚ ਲਗਾਤਾਰ ਹਿੱਸਾ ਲੈਂਦੀਆਂ ਹਨ। ਕੌਮਾਂਤਰੀ ਖੇਡ ਮੁਕਾਬਲਿਆਂ ਵਿਚ ਚੰਗੇ ਖਿਡਾਰੀਆਂ ਦੀ ਦਰਜਾਬੰਦੀ ਕੀਤੀ ਜਾਂਦੀ ਹੈ। ਕੌਮਾਂਤਰੀ ਪੱਧਰ ਉੱਤੇ ਖੇਡਾਂ ਅਤੇ ਖਿਡਾਰੀਆਂ ਨੂੰ ਪਾਬੰਦੀਸ਼ੁਦਾ ਦਵਾਈਆਂ ਅਤੇ ਕਾਰਗੁਜ਼ਾਰੀ ਸੁਧਾਰਨ ਵਾਲੀ ਗ਼ੈਰ-ਕਾਨੂੰਨੀ ਖ਼ੁਰਾਕ ਤੋਂ ਮੁਕਤ ਰੱਖਣ ਦੀ ਜ਼ਿੰਮੇਵਾਰੀ 'ਵਰਲਡ ਐਂਟੀ ਡੋਪਿੰਗ ਏਜੰਸੀ' (ਵਾਡਾ) ਸਿਰ ਹੈ। ਇਹ ਅਦਾਰਾ ਕੌਮਾਂਤਰੀ ਪੱਧਰ ਦੇ ਖਿਡਾਰੀਆਂ ਦੀ ਦਰਜਾਬੰਦੀ ਕਰਦਾ ਹੈ। ਕੌਮਾਂਤਰੀ ਦਰਜਾਬੰਦੀ ਵਿਚ ਸ਼ੁਮਾਰ ਖਿਡਾਰੀਆਂ ਨੂੰ ਆਪਣੀ ਠਾਹਰ ਅਤੇ ਸਫ਼ਰ ਦੀ ਢੁਕਵੀਂ ਜਾਣਕਾਰੀ ਮੁਹੱਈਆ ਕਰਨੀ ਲਾਜ਼ਮੀ ਹੁੰਦੀ ਹੈ। ਵਾਡਾ ਕਿਸੇ ਵੀ ਖਿਡਾਰੀ ਦੀ ਕਦੇ ਵੀ ਪਰਖ ਕਰ ਸਕਦੀ ਹੈ। ਇਸ ਤਰ੍ਹਾਂ ਖਿਡਾਰੀਆਂ ਕੋਲ ਹੁਣ ਇਹ ਛੋਟ ਨਹੀਂ ਹੈ ਕਿ ਉਹ ਮੁਕਾਬਲਿਆਂ ਤੋਂ ਵਿਹਲੇ ਹੋ ਕੇ ਅਵੇਸਲੇ ਹੋ ਸਕਦੇ ਹਨ। ਵਾਡਾ ਦੀਆਂ ਸਾਰੇ ਮੁਲਕਾਂ ਵਿਚ ਸਾਖ਼ਾਵਾਂ ਹਨ ਜਿਨ੍ਹਾਂ ਨੂੰ 'ਨੈਸ਼ਨਲ ਐਂਟੀ ਡੋਪਿੰਗ ਏਜੰਸੀ' (ਨਾਡਾ) ਕਿਹਾ ਜਾਂਦਾ ਹੈ। ਇਸ ਆਲਮੀ ਢਾਂਚੇ ਕਾਰਨ ਦਰਜਾਬੰਦ ਖਿਡਾਰੀ ਹਰ ਵੇਲੇ ਵਾਡਾ ਦੇ ਘੇਰੇ ਵਿਚ ਰਹਿੰਦੇ ਹਨ। ਇਨ੍ਹਾਂ ਹਾਲਾਤ ਤੋਂ ਕੌਮਾਂਤਰੀ ਖਿਡਾਰੀ, ਕੋਚ ਅਤੇ ਖੇਡ ਪ੍ਰਬੰਧਕ ਭਲੀ-ਭਾਂਤ ਜਾਣੂ ਹਨ। ਅਸ਼ਵਨੀ ਅਕੂਨਜੀ, ਸਿਨੀ ਜੋਸ ਅਤੇ ਮਨਦੀਪ ਕੌਰ ਵਾਡਾ ਵੱਲੋਂ ਦਰਜਾਬੰਦ ਖਿਡਾਰਨਾਂ ਹਨ। ਦਲੀਲ ਇਹ ਦਿੱਤੀ ਜਾ ਰਹੀ ਹੈ ਕਿ ਚੰਗਾ ਹੋਇਆ ਇਹ ਮਾਮਲਾ ਪਹਿਲਾਂ ਹੀ ਸਾਹਮਣੇ ਆ ਗਿਆ ਕਿਉਂਕਿ ਕੌਮਾਂਤਰੀ ਖੇਡ ਮੁਕਾਬਲਿਆਂ ਵਿਚ ਇਹ ਨਮੋਸ਼ੀ ਦਾ ਸਬੱਬ ਬਣ ਸਕਦਾ ਸੀ। ਸਵਾਲ ਇਹ ਹੈ ਕਿ ਜੇ ਇਹ ਪਾਬੰਦੀਸ਼ੁਦਾ ਦਵਾਈ ਬਿਨਾਂ ਜਾਣਕਾਰੀ ਜਾਂ ਅਣਜਾਣੇ ਵਿਚ ਖਾਧੀ ਗਈ ਹੈ ਤਾਂ ਕੀ ਇਨ੍ਹਾਂ ਖਿਡਾਰੀਆਂ ਨੂੰ ਕੋਈ ਛੋਟ ਦਿੱਤੀ ਜਾ ਸਕਦੀ ਹੈ?

ਆਧੁਨਿਕ ਖੇਡਾਂ ਵਿਚ ਖਿਡਾਰੀਆਂ ਦੀ ਤਿਆਰੀ ਲਈ ਹਰ ਛੋਟੀ ਤੋਂ ਛੋਟੀ ਗੱਲ ਦਾ ਧਿਆਨ ਰੱਖਿਆ ਜਾਂਦਾ ਹੈ। ਸਖ਼ਤ ਕੌਮਾਂਤਰੀ ਮੁਕਾਬਲੇ ਕਾਰਨ ਖਿਡਾਰੀ ਅਤੇ ਖੇਡ ਪ੍ਰਬੰਧਕ ਬਿਹਤਰ ਸਹੂਲਤਾਂ, ਮਿਆਰੀ ਸਿਖਲਾਈ, ਲਗਾਤਾਰ ਅਭਿਆਸ ਅਤੇ ਖ਼ੁਰਾਕ ਦਾ ਧਿਆਨ ਰੱਖਦੇ ਹਨ। ਖਿਡਾਰੀਆਂ ਦੀ ਖ਼ਰਚ ਹੁੰਦੀ ਊਰਜਾ ਦੀ ਪੂਰਤੀ ਸਾਧਾਰਨ ਖ਼ੁਰਾਕ ਨਾਲ ਨਹੀਂ ਹੁੰਦੀ। ਇਸ ਲਈ ਖਿਡਾਰੀਆਂ ਨੂੰ ਖ਼ੁਰਾਕ ਪੂਰਕਾਂ (ਸਪਲੀਮੈਂਟ) ਦੀ ਲੋੜ ਪੈਂਦੀ ਹੈ। ਇਨ੍ਹਾਂ ਖ਼ੁਰਾਕ ਪੂਰਕਾਂ ਨੂੰ 'ਖੇਡ ਦਵਾਈਆਂ' ਵੀ ਕਿਹਾ ਜਾਂਦਾ ਹੈ। ਯੂਰਪੀ ਅਤੇ ਉੱਤਰੀ ਅਮਰੀਕੀ ਮੁਲਕਾਂ ਵਿਚ 'ਖੇਡ ਦਵਾਈਆਂ' ਬਾਬਤ ਰਸਾਲੇ ਛਪਦੇ ਹਨ। ਸਾਡੇ ਮੁਲਕ ਵਿਚ ਇਨ੍ਹਾਂ ਦੀ ਵਰਤੋਂ ਦਾ ਅੰਦਾਜ਼ਾ ਹਰ ਖੇਡ ਸਿਖਲਾਈ ਕੇਂਦਰ, ਅਖਾੜੇ ਜਾਂ ਜਿੰਮ ਤੋਂ ਲਗਾਇਆ ਜਾ ਸਕਦਾ ਹੈ। ਇਹ ਸਾਰੀਆਂ ਦਵਾਈਆਂ ਪਾਬੰਦੀਸ਼ੁਦਾ ਨਹੀਂ ਹਨ ਸਗੋਂ ਸਖ਼ਤ ਮੁਸ਼ਕਤ ਕਰਨ ਵਾਲਿਆਂ ਲਈ ਜ਼ਰੂਰੀ ਮੰਨੀਆਂ ਜਾਂਦੀਆਂ ਹਨ। ਖਿਡਾਰੀ ਹਰ ਰੋਜ਼ ਘੰਟਿਆਂਬੱਧੀ ਅਭਿਆਸ ਕਰਦੇ ਹਨ। ਇਹ ਉਨ੍ਹਾਂ ਦਾ ਨਿਤਨੇਮ ਹੈ ਜਿਸ ਵਿਚ ਸਰਦੀ-ਗਰਮੀ ਦਾ ਵਿਘਨ ਵੀ ਬਰਦਾਸ਼ਤ ਨਹੀਂ ਕੀਤਾ ਜਾਂਦਾ। ਵਾਡਾ ਕਬੂਲ ਕਰਦੀ ਹੈ ਕਿ 'ਖ਼ੁਰਾਕ ਪੂਰਕ' ਖੇਡ ਖ਼ੁਰਾਕ ਦਾ ਅਹਿਮ ਹਿੱਸਾ ਹੈ। ਦੂਜਾ ਪੱਖ ਇਹ ਵੀ ਹੈ ਕਿ ਵਾਡਾ ਵੱਲੋਂ ਕਿਸੇ ਤਰ੍ਹਾਂ ਦੇ 'ਖ਼ੁਰਾਕ ਪੂਰਕਾਂ' ਦੀ ਸਿਫ਼ਾਰਿਸ਼ ਨਹੀਂ ਕੀਤੀ ਜਾਂਦੀ। ਕੁਝ ਰਸਾਇਣਾਂ ਦੀ ਨਿਸ਼ਾਨਦੇਹੀ ਕਰਕੇ ਉਨ੍ਹਾਂ ਨੂੰ ਪਾਬੰਦੀਸ਼ੁਦਾ ਕਰਾਰ ਦਿੱਤਾ ਗਿਆ ਹੈ। ਦਵਾਈ ਕੰਪਨੀਆਂ ਵੱਲੋਂ 'ਖ਼ੁਰਾਕ ਪੂਰਕਾਂ' ਨੂੰ ਪਾਬੰਦੀਸ਼ੁਦਾ ਰਸਾਇਣਾਂ ਤੋਂ ਮੁਕਤ ਰੱਖਣ ਦੀ ਤਵੱਕੋ ਨਾ ਕੀਤੇ ਜਾਣ ਦੇ ਕਈ ਕਾਰਨ ਹਨ? ਇਸ ਸਨਅਤ ਦਾ ਸਮੁੱਚਾ ਮਿਆਰ ਸ਼ੱਕ ਦੇ ਘੇਰੇ ਵਿਚ ਹੈ ਅਤੇ ਨਕਲੀ ਦਵਾਈਆਂ ਦਾ ਵੱਡਾ ਕਾਰੋਬਾਰ ਇਸ ਦੀ ਬਦਨਾਮੀ ਦਾ ਸਬੱਬ ਹੈ। ਰਸਾਇਣਕ ਕੰਪਨੀਆਂ ਦੇ ਕਾਰੋਬਾਰ ਵਿਚ ਦਲਾਲੀਆਂ ਅਤੇ ਹਿੱਸੇ-ਪੱਤੀਆਂ ਦੇ ਮਾਮਲੇ ਲਗਾਤਾਰ ਅਖ਼ਬਾਰਾਂ ਦੀਆਂ ਸੁਰਖ਼ੀਆਂ ਬਣਦੇ ਰਹਿੰਦੇ ਹਨ। ਖਿਡਾਰੀਆਂ ਨੇ ਆਪਣੇ 'ਖ਼ੁਰਾਕ ਪੂਰਕ' ਖੁੱਲ੍ਹੀ ਮੰਡੀ ਵਿਚੋਂ ਹੀ ਖਰੀਦਣੇ ਹਨ, ਸੋ ਅਣਜਾਣੇ ਵਿਚ ਪਾਬੰਦੀਸ਼ੁਦਾ ਰਸਾਇਣ ਦੀ ਵਰਤੋਂ ਹੋ ਜਾਣ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।

***ਖਿਡਾਰੀਆਂ ਵੱਲੋਂ ਪਾਬੰਦੀਸ਼ੁਦਾ ਦਵਾਈਆਂ ਖਾਣ ਦਾ ਮਾਮਲਾ ਬੇਪਰਦ ਹੋਣ ਨਾਲ ਸਮੁੱਚੇ ਮੁਲਕ ਵਿਚ ਚਰਚਾ ਛਿੜ ਗਈ ਹੈ। ਚਰਚਾ ਦਾ ਸੁਰ ਹਮਲਾਵਰ ਹੈ। ਕੌਮਾਂਤਰੀ ਪੱਧਰ ਉੱਤੇ ਨਾਮਣਾ ਖੱਟਣ ਵਾਲੀਆਂ ਕੁੜੀਆਂ ਦੀ ਪਰਖ ਦੌਰਾਨ ਅਜਿਹੀਆਂ ਦਵਾਈਆਂ ਦੇ ਅੰਸ਼ ਮਿਲੇ ਹਨ ਜੋ ਕੌਮਾਂਤਰੀ ਖੇਡਾਂ ਵਿਚ ਪਾਬੰਦੀਸ਼ੁਦਾ ਕਰਾਰ ਦਿੱਤੇ ਗਏ ਹਨ। ਮੀਡੀਆ ਵਿਚ ਚਲ ਰਹੀ ਬਹਿਸ ਵਿਚ ਇਸ ਸਮੁੱਚੇ ਘਟਨਾਕ੍ਰਮ ਨੂੰ ਘਪਲੇ ਦਾ ਰੂਪ ਦਿੱਤਾ ਜਾ ਰਿਹਾ ਹੈ। ਮੁਲਜ਼ਮ ਨੂੰ ਮੁਜਰਮ ਕਰਾਰ ਦੇਣ ਦੀ ਅਜਿਹੀ ਕਾਹਲੀ ਕਿਉਂ ਅਤੇ ਕਿਸ ਨੂੰ ਹੈ?***




ਵਾਡਾ ਵੱਲੋਂ 'ਖ਼ੁਰਾਕ ਪੂਰਕਾਂ' ਦੀ ਸਿਫ਼ਾਰਿਸ਼ ਨਾ ਕੀਤੇ ਜਾਣ ਦਾ ਅਹਿਮ ਕਾਰਨ ਰਸਾਇਣ ਸਨਅਤ ਨਾਲ ਜੁੜਿਆ ਹੋਇਆ ਹੈ। ਅਜਿਹੀ ਸਿਫ਼ਾਰਿਸ਼ ਨੂੰ ਇਸ਼ਤਿਹਾਰ ਮੰਨਿਆ ਜਾਵੇਗਾ ਜਿਸ ਕਾਰਨ ਵਾਡਾ 'ਖ਼ੁਰਾਕ ਪੂਰਕਾਂ' ਦੀ ਚੋਣ ਖਿਡਾਰੀਆਂ, ਕੋਚਾਂ ਅਤੇ ਖੇਡ ਪ੍ਰਬੰਧਕਾਂ ਉੱਤੇ ਛੱਡ ਦਿੰਦੀ ਹੈ। ਆਸਟਰੇਲੀਆਈ, ਉੱਤਰੀ ਅਮਰੀਕੀ, ਯੂਰਪੀ ਅਤੇ ਹੋਰ ਖੇਡ ਨੂੰ ਤਰਜੀਹ ਦੇਣ ਵਾਲੇ ਮੁਲਕਾਂ ਵਿਚ ਅਜਿਹੇ ਅਦਾਰੇ ਹਨ ਜੋ ਦਵਾਈਆਂ ਦੀ ਪਰਖ਼ ਕਰਦੇ ਹਨ ਅਤੇ ਪ੍ਰਮਾਣਪੱਤਰ ਜਾਰੀ ਕਰਦੇ ਹਨ ਕਿ ਇਸ ਵਿਚ ਪਾਬੰਦੀਸ਼ੁਦਾ ਰਸਾਇਣਕ ਤੱਤ ਨਹੀਂ ਹਨ। ਖੇਡ ਪ੍ਰਬੰਧਕ ਧਿਆਨ ਰੱਖਦੇ ਹਨ ਕਿ ਖਿਡਾਰੀ ਪ੍ਰਮਾਣਕ 'ਖ਼ੁਰਾਕ ਪੂਰਕ' ਹੀ ਲੈਣ। ਲੋੜੀਂਦੇ ਮਿਆਰੀ 'ਖ਼ੁਰਾਕ ਪੂਰਕ' ਯਕੀਨੀ ਬਣਾਉਣ ਤੋਂ ਬਾਅਦ ਜੇ ਕੋਈ ਖਿਡਾਰੀ ਪਾਬੰਦੀਸ਼ੁਦਾ ਦਵਾਈ ਲੈਂਦਾ ਹੈ ਤਾਂ ਉਸ ਖ਼ਿਲਾਫ਼ ਜਾਂਚ ਤੋਂ ਬਾਅਦ ਕਾਰਵਾਈ ਕੀਤੀ ਜਾਂਦੀ ਹੈ। ਸਾਡੇ ਮੁਲਕ ਵਿਚ ਖੇਡ ਫੈਡਰੇਸ਼ਨਾਂ, ਸਪੋਰਟਸ ਅਥਾਰਿਟੀ ਆਫ਼ ਇੰਡੀਆ, ਖੇਡ ਮੰਤਰਾਲਾ ਅਤੇ ਇੰਡੀਅਨ ਓਲੰਪਿਕ ਐਸੋਸੀਏਸ਼ਨ ਕੋਲ ਲੋੜੀਂਦੇ 'ਖ਼ੁਰਾਕ ਪੂਰਕਾਂ' ਦੀ ਪੂਰਤੀ ਅਤੇ ਉਨ੍ਹਾਂ ਦਾ ਮਿਆਰ ਯਕੀਨੀ ਬਣਾਉਣ ਦਾ ਬੰਦੋਬਸਤ ਨਹੀਂ ਹੈ। ਇਸ ਹਾਲਤ ਵਿਚ ਖਿਡਾਰੀਆਂ ਦੀ ਟੇਕ 'ਖ਼ੁਰਾਕ ਪੂਰਕਾਂ' ਦੀ ਸਿਫ਼ਾਰਿਸ਼ ਕਰਨ ਵਾਲੇ ਮਾਹਿਰਾਂ ਅਤੇ ਦਵਾਈਆਂ ਦੀਆਂ ਦੁਕਾਨਾਂ ਉੱਤੇ ਰਹਿੰਦੀ ਹੈ। ਜਿਸ ਤਰ੍ਹਾਂ ਡਾਕਟਰ ਵੱਲੋਂ ਸਿਫ਼ਾਰਿਸ਼ ਕੀਤੀ ਅਤੇ ਦੁਕਾਨਦਾਰ ਵੱਲੋਂ ਵੇਚੀ ਗਈ ਦਵਾਈ ਉੱਤੇ ਮਰੀਜ਼ ਨੂੰ ਯਕੀਨ ਕਰਨਾ ਪੈਂਦਾ ਹੈ, ਉਸੇ ਤਰ੍ਹਾਂ ਖਿਡਾਰੀਆਂ ਨਾਲ ਵੀ ਹੁੰਦਾ ਹੈ। ਇਸ ਹਾਲਤ ਵਿਚ ਜੇ ਕੋਈ ਪਾਬੰਦੀਸ਼ੁਦਾ ਦਵਾਈ ਖਾਧੀ ਜਾਂਦੀ ਹੈ ਤਾਂ ਕਾਨੂੰਨੀ ਕਾਰਵਾਈ ਤੋਂ ਖਿਡਾਰੀ ਨਹੀਂ ਬਚ ਸਕਦਾ। ਕੌਮਾਂਤਰੀ ਖੇਡ ਕਾਨੂੰਨਾਂ ਮੁਤਾਬਕ ਜੁਰਮਾਨੇ ਅਤੇ ਪਾਬੰਦੀਆਂ ਲੱਗਣੀਆਂ ਹਨ। ਸਵਾਲ ਇਹ ਹੈ ਕਿ ਕੀ ਬਿਨਾਂ ਜਾਂਚ ਤੋਂ ਖਿਡਾਰੀਆਂ ਦੀ ਚਾਂਦਮਾਰੀ ਜਾਇਜ਼ ਹੈ? ਦੋਸ਼ੀ ਪਾਏ ਜਾਣ ਤੋਂ ਬਾਅਦ ਵੀ ਖਿਡਾਰੀਆਂ ਦੀਆਂ ਪੁਰਾਣੀਆਂ ਪ੍ਰਾਪਤੀਆਂ ਮਨਫ਼ੀ ਕਿਵੇਂ ਕੀਤੀਆਂ ਜਾ ਸਕਦੀਆਂ ਹਨ?

ਪਾਬੰਦੀਸ਼ੁਦਾ ਦਵਾਈਆਂ ਖਾਣ ਦੀ ਪੁਸ਼ਟੀ ਹੋਣ ਤੋਂ ਬਾਅਦ ਹੁਣ ਚੱਲ ਰਹੀ ਬਹਿਸ ਨੂੰ ਬਰੀਕੀ ਨਾਲ ਸਮਝਣ ਦੀ ਲੋੜ ਹੈ। ਮਸਲਾ ਸਿਰਫ਼ ਖੇਡ ਮੈਦਾਨ ਦੀ ਮਰਿਆਦਾ ਨੂੰ ਕਾਇਮ ਰੱਖਣ ਤੱਕ ਮਹਿਦੂਦ ਨਹੀਂ ਕੀਤਾ ਜਾ ਸਕਦਾ। ਇਸ ਬਹਿਸ ਉੱਤੇ ਅਸਰਅੰਦਾਜ਼ ਸਿਆਸਤ, ਮੌਜੂਦਾ ਮਾਹੌਲ ਅਤੇ ਅਗਿਆਨਤਾ ਬਾਬਤ ਸੰਜੀਦਗੀ ਨਾਲ ਵਿਚਾਰ ਹੋਣਾ ਚਾਹੀਦਾ ਹੈ। ਮੌਜੂਦਾ ਖੇਡ ਮੇਲਿਆਂ, ਪ੍ਰਬੰਧਾਂ ਅਤੇ ਮਹਿਕਮਿਆਂ ਦੀ ਸਿਆਸਤ ਇਸ ਮਾਮਲੇ ਉੱਤੇ ਵੀ ਅਸਰਅੰਦਾਜ਼ ਹੁੰਦੀ ਜਾਪਦੀ ਹੈ। ਫ਼ੌਰੀ ਤੌਰ ਉੱਤੇ ਇਸ ਦੀਆਂ ਤੰਦਾਂ ਦਾ ਅੰਦਾਜ਼ਾ ਲਗਾਉਣਾ ਔਖਾ ਹੈ। ਮੌਜੂਦਾ ਮਾਹੌਲ ਵਿਚ ਜ਼ਿਆਦਾਤਰ ਸਰਕਾਰੀ ਅਤੇ ਗ਼ੈਰ-ਸਰਕਾਰੀ ਅਦਾਰੇ ਆਪਣੀ ਭਰੋਸੇਯੋਗਤਾ ਦੇ ਸੰਕਟ ਨਾਲ ਜੂਝ ਰਹੇ ਹਨ। ਮੁਲਕ ਵਿਚ ਭ੍ਰਿਸ਼ਟਾਚਾਰ, ਘਪਲਿਆਂ, ਕੁਨਬਾਪ੍ਰਸਤੀ, ਜ਼ਖ਼ੀਰੇਬਾਜ਼ੀ ਅਤੇ ਮੁਨਾਫ਼ਾਖ਼ੋਰੀ ਨੂੰ ਨੱਥ ਪਾਉਣ ਵਿਚ ਨਾਕਾਮਯਾਬ ਰਹੇ ਅਦਾਰੇ ਬਿਨਾਂ ਯੋਗਤਾ ਤੋਂ ਹੀ ਖਿਡਾਰੀਆਂ ਬਾਬਤ ਫ਼ੈਸਲਾ ਸੁਣਾਉਣ ਲਈ ਕਚਹਿਰੀ ਲਗਾਈ ਬੈਠੇ ਹਨ। ਦਲੀਲ ਦਾ ਇਕ ਪਾਸਾ ਇਹ ਹੈ ਕਿ ਸਾਡੇ ਮੁਲਕ ਵਿਚ ਹਰ ਬੰਦਾ ਅਤੇ ਅਦਾਰਾ ਸ਼ੱਕ ਦੇ ਘੇਰੇ ਵਿਚ ਹੈ। ਸੋ ਸਿਆਸਤਦਾਨਾਂ, ਅਫ਼ਸਰਸ਼ਾਹੀ ਅਤੇ ਪੱਤਰਕਾਰਾਂ ਉੱਤੇ ਹੀ ਕਿਉਂ ਉਂਗਲੀ ਚੁੱਕੀ ਜਾਵੇ? ਖਿਡਾਰੀਆਂ ਉੱਤੇ ਸਵਾਲ ਕਰਨ ਲਈ ਜਾਂਚ ਦੀ ਕੀ ਲੋੜ ਹੈ? ਦੂਜਾ ਪਾਸਾ ਇਹ ਹੈ ਕਿ ਸਰਕਾਰ ਨਾਜ਼ੁਕ ਕੜੀ ਖਿਡਾਰੀਆਂ ਨੂੰ ਸਜ਼ਾ ਦੇ ਕੇ ਆਪਣਾ 'ਨੈਤਿਕ ਰੁਤਬਾ' ਬੁਲੰਦ ਕਰ ਸਕਦੀ ਹੈ। ਖਿਡਾਰੀਆਂ ਦਾ ਰੁਤਬਾ ਕਿਸੇ ਅਖ਼ਤਿਆਰ ਨਾਲ ਨਹੀਂ ਸਗੋਂ ਸਤਿਕਾਰ ਨਾਲ ਜੁੜਦਾ ਹੈ। ਸੋ ਆਪਣਾ ਸਤਿਕਾਰ ਗੁਆ ਚੁੱਕੇ ਸਤਿਕਾਰ ਵਾਲਿਆਂ ਦਾ ਸਤਿਕਾਰ ਤਾਂ ਖੋਹ ਹੀ ਸਕਦੇ ਹਨ।

ਪਿਛਲੇ ਦਿਨਾਂ ਦਾ ਘਟਨਾਕ੍ਰਮ ਦਿਲਚਸਪ ਹੈ। ਕੇਂਦਰੀ ਖੇਡ ਮੰਤਰੀ ਅਜੇ ਮਾਕਨ ਵੱਲੋਂ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਸਾਬਕਾ ਜੱਜ ਮੁਕਲ ਮੋਦਗਿਲ ਨੂੰ ਜਾਂਚ ਦਾ ਕੰਮ ਸੌਂਪ ਦਿੱਤਾ ਗਿਆ ਹੈ। ਖੇਡ ਮੰਤਰਾਲੇ ਨੇ 400 ਮੀਟਰ ਦੌੜ ਲਈ ਰੱਖੇ ਗਏ ਵਿਦੇਸ਼ੀ ਕੋਚ ਯੂਰੀ ਉਗਰੋਦਨਿਕ ਦੀ ਛੁੱਟੀ ਕਰ ਦਿੱਤੀ ਹੈ। ਪੰਜਾਬ ਦੇ ਖੇਡ ਮਹਿਕਮੇ ਵੱਲੋਂ ਭਾਗ ਸਿੰਘ ਖ਼ਿਲਾਫ਼ ਕਾਰਵਾਈ ਕੀਤੀ ਗਈ ਹੈ। ਸਪੋਰਟਸ ਅਥਾਰਿਟੀ ਆਫ਼ ਇੰਡੀਆ ਦੇ ਕੋਚ ਆਰ.ਐਸ. ਸਿੱਧੂ ਨੂੰ ਮੁਅੱਤਲ ਅਤੇ ਰਮੇਸ਼ ਨਾਗਾਪੁਰੀ ਨੂੰ 'ਕਾਰਨ ਦੱਸੋ ਨੋਟਿਸ' ਜਾਰੀ ਕੀਤੀ ਗਿਆ ਹੈ। ਨੈਸ਼ਨਲ ਇੰਨਸਟੀਚਿਊਟ ਆਫ਼ ਇੰਡੀਆ (ਐਨ.ਆਈ.ਐਸ.) ਦੇ ਕੁੜੀਆਂ ਦੇ ਹੋਸਟਲ ਦੇ ਅਮਲੇ ਵਿਚੋਂ ਸੁਨੀਤਾ ਵੇਦੀ ਅਤੇ ਕਲਪਨਾ ਦੇਵਨਾਥ ਨੂੰ ਫੌਰੀ ਹਟਾ ਦਿੱਤਾ ਗਿਆ ਹੈ। ਪੰਜਾਬ ਦੇ ਸਿਹਤ ਮੰਤਰੀ ਸਤਪਾਲ ਗੋਸਾਈਂ ਨੇ ਦਵਾਈਆਂ ਵੇਚਣ ਵਾਲੀਆਂ ਦੁਕਾਨਾਂ ਦੇ ਲਾਈਸੈਂਸ ਰੱਦ ਕੀਤੇ ਹਨ। ਨਾਡਾ ਵੱਲੋਂ ਨੈਸ਼ਨਲ ਇੰਨਸਟੀਚਿਊਟ ਆਫ਼ ਇੰਡੀਆ ਉੱਤੇ ਛਾਪਾ ਮਾਰਿਆ ਗਿਆ ਹੈ। ਇਸ ਸਾਰੀ ਕਾਹਲ ਵਿਚ ਕੁਝ ਗੱਲਾਂ ਸਮਝ ਤੋਂ ਬਾਹਰ ਹਨ। ਖਿਡਾਰੀਆਂ ਵੱਲੋਂ ਪਾਬੰਦੀਸ਼ੁਦਾ ਦਵਾਈਆਂ ਖਾਣ ਦੀ ਪੁਸ਼ਟੀ ਹੋ ਗਈ ਪਰ ਬਾਕੀ ਅਮਲੇ ਖ਼ਿਲਾਫ਼ ਬਿਨਾਂ ਜਾਂਚ ਤੋਂ ਕਾਰਵਾਈ ਕਿਸ ਕਾਰਨ ਕੀਤੀ ਗਈ ਹੈ? ਐਨ.ਆਈ.ਐਸ. ਉੱਤੇ ਛਾਪਾ ਦਰਸਾਉਂਦਾ ਹੈ ਕਿ ਸਮੁੱਚੇ ਅਦਾਰੇ ਨੂੰ ਸ਼ੱਕ ਦੇ ਘੇਰੇ ਵਿਚ ਲਿਆਂਦਾ ਗਿਆ ਹੈ। ਕੁਝ ਸਾਬਕਾ ਖਿਡਾਰੀਆਂ ਦੇ ਬਿਆਨ ਧਿਆਨ ਦੀ ਮੰਗ ਕਰਦੇ ਹਨ। ਮਿਲਖਾ ਸਿੰਘ ਨੇ ਸਖ਼ਤ ਕਾਰਵਾਈ ਦੀ ਮੰਗ ਕੀਤੀ ਹੈ। ਪੀ.ਟੀ. ਊਸ਼ਾ ਨੇ ਪਹਿਲਾਂ ਹੀ ਦਾਲ ਵਿਚ ਕਾਲਾ ਹੋਣ ਦੀ ਗੱਲ ਕੀਤੀ ਹੈ ਅਤੇ ਯੂਕਰੇਨ ਵਿਚ ਖਿਡਾਰੀਆਂ ਦੇ ਸਿਖਲਾਈ ਨੂੰ ਸ਼ੱਕ ਦੇ ਘੇਰੇ ਵਿਚ ਲਿਆਂਦਾ ਹੈ। ਬੈਡਮਿੰਟਨ ਖਿਡਾਰਨ ਸਾਇਨਾ ਨੇਹਵਾਲ ਨੇ ਬਿਆਨ ਦਿੱਤਾ ਹੈ ਕਿ ਉਸ ਕੋਲ ਕਈ ਖਿਡਾਰਨਾਂ ਨੇ ਪਾਬੰਦੀਸ਼ੁਦਾ ਦਵਾਈਆਂ ਖਾਣ ਦੀ ਗੱਲ ਕਬੂਲ ਕੀਤੀ ਸੀ। ਇਨ੍ਹਾਂ ਤਿੰਨਾਂ ਖਿਡਾਰੀਆਂ ਦੀਆਂ ਖੇਡ ਪ੍ਰਾਪਤੀਆਂ ਲਾਸਾਨੀ ਹਨ। ਦੂਜੇ ਖਿਡਾਰੀਆਂ ਬਾਬਤ ਮਿਲਖਾ ਸਿੰਘ ਦੀਆਂ ਟਿੱਪਣੀਆਂ ਪਹਿਲਾਂ ਵੀ ਵਿਵਾਦ ਦਾ ਸਬੱਬ ਬਣਦੀਆਂ ਰਹੀਆਂ ਹਨ। ਦਿੱਲੀ ਵਿਚ ਪਿਛਲੇ ਸਾਲ ਹੋਈਆਂ ਰਾਸ਼ਟਰਮੰਡਲ ਖੇਡਾਂ ਤੋਂ ਪਹਿਲਾਂ ਮਿਲਖਾ ਸਿੰਘ ਨੇ ਬਿਆਨ ਦਿੱਤਾ ਸੀ ਕਿ ਅਥਲੈਟਿਕਸ ਵਿਚ ਤਮਗਿਆਂ ਦੀ ਆਸ ਨਹੀਂ ਹੈ। ਇਸ ਬਿਆਨ ਦੀ ਵਿਆਖਿਆ ਕਈ ਤਰ੍ਹਾਂ ਨਾਲ ਹੋਈ। ਮਿਲਖਾ ਸਿੰਘ ਦੇ ਇਸ ਬਿਆਨ ਨੂੰ ਉਸ ਦੀ ਨਿਰਾਸ਼ਾ ਦਾ ਪ੍ਰਗਟਾਵਾ ਦੱਸਿਆ ਗਿਆ। ਆਖ਼ਰ ਪਿਛਲੇ 52 ਸਾਲਾਂ ਵਿਚ ਉਸ ਦੀ ਜੇਤੂ ਰਵਾਇਤ ਨੂੰ ਅੱਗੇ ਤੋਰਨ ਵਾਲਾ ਕੋਈ ਨਹੀਂ ਆਇਆ ਸੀ। ਦੂਜਾ ਪੱਖ ਇਹ ਸੀ ਕਿ ਇਹ ਮਿਲਖਾ ਸਿੰਘ ਦਾ ਹੰਕਾਰ ਹੈ। ਉਨ੍ਹਾਂ ਨੂੰ ਲੱਗਦਾ ਹੈ ਕਿ ਇਸ ਪੱਧਰ ਉੱਤੇ ਤਮਗਾ ਜਿੱਤਣ ਲਈ ਤਾਂ 'ਮਿਲਖਾ ਸਿੰਘ' ਹੋਣਾ ਜ਼ਰੂਰੀ ਹੈ। ਮਿਲਖਾ ਸਿੰਘ ਬਿਨਾਂ ਸ਼ੱਕ ਮੁਲਕ ਦਾ ਮਹਾਨ ਦੌੜਾਕ ਹੈ ਪਰ ਮਹਾਨ ਖਿਡਾਰੀ ਹੋਣ ਦਾ ਇਕੋ-ਇਕ ਮਿਆਰ 'ਮਿਲਖਾ ਸਿੰਘ' ਹੋਣਾ ਨਹੀਂ ਹੈ। ਇਨ੍ਹਾਂ ਕੁੜੀਆਂ ਨੇ ਤਾਂ ਇਹੋ ਸਾਬਤ ਕੀਤਾ ਸੀ। ਡਿਸਕਸ ਸੁੱਟਣ ਦੇ ਮੁਕਾਬਲੇ ਵਿਚ ਭਾਰਤੀ ਕੁੜੀਆਂ ਨੇ ਤਿੰਨੇ ਤਗਮੇ ਜਿੱਤ ਕੇ ਨੇ ਮੈਦਾਨ ਦਾ ਜੇਤੂ ਫੇਰਾ ਦਿੱਤਾ ਸੀ। ਕ੍ਰਿਸ਼ਨਾ ਪੂਨੀਆ, ਹਰਵੰਤ ਕੌਰ ਅਤੇ ਸੀਮਾ ਅੰਤਿਲ ਨੇ ਕ੍ਰਮਵਾਰ ਸੋਨੇ, ਚਾਂਦੀ ਅਤੇ ਕਾਂਸੀ ਦੇ ਤਮਗੇ ਜਿੱਤੇ ਸਨ। ਮਿਲਖਾ ਸਿੰਘ ਨੇ ਕ੍ਰਿਸ਼ਨਾ ਪੂਨੀਆ ਨੂੰ ਵਧਾਈ ਦਿੱਤੀ। ਬਾਅਦ ਵਿਚ ਸੀਮਾ ਅੰਤਿਲ ਨੇ ਕ੍ਰਿਸ਼ਨਾ ਨੂੰ ਕਿਹਾ, "ਮਿਲਖਾ ਸਿੰਘ ਨੂੰ ਤਮਗਾ ਦਿਖਾ ਦੇ।" ਪੀ.ਟੀ. ਊਸ਼ਾ ਦੀ ਏਸ਼ੀਆ ਵਿਚ ਤੂਤੀ ਬੋਲਦੀ ਰਹੀ ਹੈ। ਮੌਜੂਦਾ ਕੋਚਿੰਗ ਪ੍ਰਣਾਲੀ ਨਾਲ ਉਸ ਦੀ ਬੇਇਤਫ਼ਾਕੀ ਜੱਗ ਜ਼ਾਹਿਰ ਹੈ। ਪੀ.ਟੀ. ਊਸ਼ਾ ਦੀ ਦਲੀਲ ਸੱਚ ਹੋ ਸਕਦੀ ਹੈ ਪਰ ਇਹ ਕੋਚਿੰਗ ਬਾਬਤ ਇਕੋ-ਇਕ ਦਲੀਲ ਵੀ ਨਹੀਂ ਹੈ। ਸਾਇਨਾ ਨੇਹਵਾਲ ਦੀ ਜਾਣਕਾਰੀ ਨੂੰ ਜਾਂਚ ਦੇ ਘੇਰੇ ਵਿਚ ਲਿਆ ਕੇ ਡੋਪਿੰਗ ਨੂੰ ਨੱਥ ਪਾਉਣ ਦਾ ਉਪਰਾਲਾ ਕੀਤਾ ਜਾਣਾ ਬਣਦਾ ਹੈ।

ਇਸ ਮਾਮਲੇ ਨੂੰ ਕੌਮਾਂਤਰੀ ਮੰਡੀ ਨਾਲੋਂ ਵੱਖ ਕਰ ਕੇ ਨਹੀਂ ਦੇਖਿਆ ਜਾ ਸਕਦਾ। ਕੌਮਾਂਤਰੀ ਖੇਡ ਮੰਡੀ ਵਿਚ 'ਖੇਡ ਸਮਾਨ' ਤੋਂ ਵੱਡਾ ਅਰਥਚਾਰਾ 'ਖੇਡ ਦਵਾਈਆਂ' ਦਾ ਹੈ। ਖਿਡਾਰੀਆਂ ਉੱਤੇ ਲਗਾਤਾਰ ਬਿਹਤਰੀਨ ਕਾਰਗੁਜ਼ਾਰੀ ਕਾਇਮ ਰੱਖਣ ਅਤੇ ਇਸ ਨੂੰ ਹੋਰ ਸੁਧਾਰਨ ਦਾ ਦਬਾਅ ਹੈ। ਇਸ਼ਤਿਹਾਰਾਂ ਵਿਚ ਖਿਡਾਰੀ ਸਭ ਤੋਂ ਵੱਡੀ ਨੁਮਾਇਸ਼ੀ ਸ਼ੈਅ ਹਨ। ਸਹੂਲਤਾਂ, ਰੁਜ਼ਗਾਰ, ਤਰੱਕੀਆਂ ਅਤੇ ਰੁਤਬੇ ਦਾ ਸਿੱਧਾ ਸਬੰਧ ਕਾਰਗੁਜ਼ਾਰੀ ਨਾਲ ਜੁੜਿਆ ਹੋਇਆ ਹੈ। ਇਸ ਹਾਲਤ ਵਿਚ ਖਿਡਾਰੀ ਮੰਡੀ ਦਾ ਬੰਧੂਆ ਮਜ਼ਦੂਰ ਹੈ ਜਿਸ ਦੀ ਆਪਣੀ ਮਰਜ਼ੀ ਕੋਈ ਨਹੀਂ ਹੈ। ਕ੍ਰਿਕਟ ਖਿਡਾਰੀਆਂ ਨੂੰ ਖੇਡ ਮਾਹਿਰ 'ਗਲੇਡੀਏਟਰ' ਕਰਾਰ ਦਿੰਦੇ ਹਨ। ਖਿਡਾਰੀ ਜਾਣਦੇ ਹਨ ਕਿ ਇਹ ਚਮਕ-ਦਮਕ ਕੁਝ ਦਿਨਾਂ ਦੀ ਪ੍ਰਾਹੁਣੀ ਹੈ। ਮੌਜੂਦਾ ਖਿਡਾਰੀਆਂ ਨਾਲ ਖੇਡ ਪ੍ਰਬੰਧ ਦੇ ਅਮਲੇ ਵਿਚ ਅਜਿਹੇ ਮਾਹਰ ਸ਼ਾਮਿਲ ਰਹਿੰਦੇ ਹਨ ਜੋ ਸੱਟਾਂ ਦੇ ਬਾਵਜੂਦ ਉਨ੍ਹਾਂ ਨੂੰ ਖੇਡਣ ਲਾਇਕ ਬਣਾਉਂਦੇ ਹਨ। ਇਹ ਕੰਮ ਖੇਡ ਪ੍ਰਬੰਧ ਦਾ ਅਹਿਮ ਹਿੱਸਾ ਹੈ। ਇਸ ਹਾਲਤ ਵਿਚ ਖਿਡਾਰੀਆਂ ਵੱਲੋਂ ਪਾਬੰਦੀਸ਼ੁਦਾ ਦਵਾਈਆਂ ਦਾ ਆਸਰਾ ਲੈਣ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਖੇਡ ਹਲਕਿਆਂ ਵਿਚ ਇਹ ਗੱਲ ਆਮ ਚੱਲਦੀ ਹੈ ਕਿ ਦਵਾਈ ਲੈਣ ਅਤੇ ਛੱਡਣ ਦੀ ਜਾਚ ਹੋਣੀ ਚਾਹੀਦੀ ਹੈ। ਸਮੁੱਚੀਆਂ ਦੁਨੀਆਂ ਦੇ ਖੇਡ ਪ੍ਰਬੰਧਕ ਆਪਣੀ ਮੁਹਾਰਤ ਇਸੇ ਦਲੀਲ ਨਾਲ ਵੇਚਦੇ ਹਨ ਕਿ ਉਹ ਖਿਡਾਰੀਆਂ ਦੀ ਮਿਆਰੀ ਕਾਰਗੁਜ਼ਾਰੀ ਯਕੀਨੀ ਬਣਾ ਸਕਦੇ ਹਨ। ਇਸ ਮੁਹਾਰਤ ਵਿਚ ਦਵਾਈਆਂ ਦੀ ਵਰਤੋਂ ਅਤੇ ਵਾਡਾ ਤੋਂ ਬਚਾਅ ਸ਼ਾਮਿਲ ਹੈ। ਇਹ ਨਿਖੇੜਾ ਕਰਨਾ ਔਖਾ ਹੈ ਕਿ ਜੇਤੂ ਖਿਡਾਰੀਆਂ ਦੇ ਪ੍ਰਬੰਧਕ ਬਿਹਤਰ ਹਨ ਜਾਂ ਡੋਪਿੰਗ ਵਿਚ ਫੜੇ ਜਾਣ ਵਾਲੇ ਖਿਡਾਰੀਆਂ/ਪ੍ਰਬੰਧਕਾਂ ਤੋਂ ਗਿਣਤੀਆਂ-ਮਿਣਤੀਆਂ ਵਿਚ ਕੁਝ ਉੱਨੀ-ਇੱਕੀ ਹੋ ਗਈ। ਇਸ ਤਰ੍ਹਾਂ ਇਹ ਮਸਲਾ ਉਨਾ ਸੁਖਾਲਾ ਨਹੀਂ ਹੈ, ਜਿੰਨਾ ਦਿਖਾਈ ਦਿੰਦਾ ਹੈ।

ਡੋਪਿੰਗ ਦੇ ਮਾਮਲੇ ਵਿਚ ਦੋ ਮਿਸਾਲਾਂ ਅਹਿਮ ਹਨ। ਪਹਿਲੀ ਫਰਾਟਾ ਦੌੜਾਕ ਬੈਨ ਜੌਨਸਨ ਦੀ ਹੈ। ਇਹ ਸਿਆਹਫਾਮ ਕੈਨੇਡੀਅਨ ਦੌੜਾਕ 1988 ਦੀ ਸਿਉਲ ਉਲੰਪਿਕ ਵਿਚ ਆਲਮੀ ਰਿਕਾਰਡ ਬਣਾ ਕੇ 100 ਮੀਟਰ ਦੌੜ ਵਿਚ ਕਾਰਲ ਲੂਇਸ ਤੋਂ ਜਿੱਤਿਆ ਸੀ। ਬਾਅਦ ਵਿਚ ਪਰਖ਼ ਦੌਰਾਨ ਸਿੱਧ ਹੋਇਆ ਸੀ ਕਿ ਉਸ ਨੇ ਪਾਬੰਦੀਸ਼ੁਦਾ ਦਵਾਈਆਂ ਖਾਧੀਆਂ ਸਨ। ਇਹ ਵੀ ਕਿਹਾ ਗਿਆ ਸੀ ਕਿ ਜਿੰਨੀ ਰਫ਼ਤਾਰ ਨਾਲ ਉਹ ਭੱਜਿਆ ਸੀ, ਉਹ ਅਜਿਹੀ ਦਵਾਈ ਤੋਂ ਬਿਨਾਂ ਸੰਭਵ ਨਹੀਂ ਸੀ। ਬੈਨ ਜੌਨਸਨ ਤਾਂ ਗੁੰਮਨਾਮੀ ਅਤੇ ਬਦਨਾਮੀ ਦੀ ਜ਼ਿੰਦਗੀ ਵਿਚ ਗੁਆਚ ਗਿਆ ਪਰ 100 ਮੀਟਰ ਉਸ ਤੋਂ ਜ਼ਿਆਦਾ ਰਫ਼ਤਾਰ ਨਾਲ ਬਹੁਤ ਵਾਰ ਭੱਜੀ ਜਾ ਚੁੱਕੀ ਹੈ। ਬੈਨ ਜੌਨਸਨ ਦੀ ਬਦਨਾਮੀ ਦਾ ਕਾਰਨ ਸਮਝਣ ਵੇਲੇ ਉਸ ਦੇ ਨਸਲੀ ਪਿਛੋਕੜ ਅਤੇ ਅਮਰੀਕੀ ਖਿਡਾਰੀਆਂ ਦੀ ਚੜ੍ਹਾਈ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ।

ਦੂਜੀ ਮਿਸਾਲ ਅਰਜਨਟੀਨਾ ਦੇ ਮਹਾਨ ਫੁੱਟਬਾਲ ਖਿਡਾਰੀ ਦਿਆਗੋ ਮੈਰਾਡੋਨਾ ਦੀ ਹੈ। ਮੈਰਾਡੋਨਾ ਨੂੰ 1996 ਦੇ ਫੁੱਟਬਾਲ ਦੇ ਆਲਮੀ ਕੱਪ ਦੌਰਾਨ ਪਾਬੰਦੀਸ਼ੁਦਾ ਦਵਾਈ ਖਾਣ ਦਾ ਦੋਸ਼ੀ ਕਰਾਰ ਦਿੱਤਾ ਗਿਆ ਸੀ। ਉਹ ਉਸ ਤੋਂ ਬਾਅਦ ਅਰਜਨਟੀਨਾ ਦੀ ਟੀਮ ਦਾ ਹਰ ਮੈਚ ਦੇਖਣ ਜਾਂਦਾ ਸੀ ਅਤੇ ਆਪਣੇ ਸਾਥੀਆਂ ਦੀ ਹੌਂਸਲਾਅਫ਼ਜਾਈ ਕਰਦਾ ਸੀ। ਖੇਡ ਪ੍ਰੇਮੀਆਂ ਦਾ ਉਹ ਹਮੇਸ਼ਾਂ ਨਾਇਕ ਹੀ ਰਿਹਾ। ਅਰਜਨਟੀਨਾ ਵਿਚ ਉਸ ਨੂੰ ਕੌਮੀ ਟੀਮ ਦਾ ਕੋਚ ਵੀ ਬਣਾਇਆ ਗਿਆ। ਮੈਰਾਡੋਨਾ ਦਾ ਅੱਖੜ ਸੁਭਾਅ, ਬੇਪਰਵਾਹੀ ਅਤੇ ਹੁਨਰ ਲਗਾਤਾਰ ਚਰਚਾ ਦਾ ਵਿਸ਼ਾ ਰਹੇ ਹਨ। ਉਸ ਦੀ ਬਦਨਾਮੀ ਕਾਰਗੁਜ਼ਾਰੀ ਉੱਤੇ ਅਸਰਅੰਦਾਜ਼ ਨਹੀਂ ਹੋ ਸਕੀ। ਦੂਜਾ ਮਸਲਾ ਇਹ ਵੀ ਹੈ ਕਿ ਅਰਜਨਟੀਨਾ ਨੇ ਉਸ ਦੀ ਖੇਡ ਮੈਦਾਨ ਉੱਤੇ ਦਿਖਾਈ ਜਾਦੂਗਰੀ ਨੂੰ ਕਦੇ ਨਹੀਂ ਭੁਲਾਇਆ। ਇਨ੍ਹਾਂ ਦੋਵਾਂ ਮਿਸਾਲਾਂ ਦੇ ਹਵਾਲੇ ਨਾਲ ਮੌਜੂਦਾ ਮਸਲੇ ਨੂੰ ਸਮਝਿਆ ਜਾ ਸਕਦਾ ਹੈ। ਇਸ ਘਟਨਾਕ੍ਰਮ ਦਾ ਧੁਰਾ ਕੁੜੀਆਂ ਹਨ ਜੋ ਭਰੂਣ-ਹੱਤਿਆ ਅਤੇ 'ਇੱਜ਼ਤ ਲਈ ਹੁੰਦੇ ਕਤਲਾਂ' ਦੇ ਦੌਰ ਵਿਚ ਆਪਣੇ ਦੂਰ-ਦੁਰਾਡੇ ਦੇ ਪਿੰਡਾਂ ਦੇ ਨਿਮਾਣੇ ਪਰਿਵਾਰਾਂ ਤੋਂ ਇੱਥੇ ਤੱਕ ਆਪਣੇ ਸਿਰੜ ਨਾਲ ਆਈਆਂ ਹਨ। ਇਨ੍ਹਾਂ ਖ਼ਿਲਾਫ਼ ਹੋ ਰਹੀ ਚਾਂਦਮਾਰੀ ਵਿਚ ਸ਼ਹਿਰੀ ਪੜ੍ਹੇ-ਲਿਖੇ ਮੱਧ ਵਰਗ ਦੀ ਮਰਦਾਵੀਂ ਸੋਚ ਕਿੰਨੀ ਕੁ ਭਾਰੂ ਹੈ?

ਇਨ੍ਹਾਂ ਕੁੜੀਆਂ ਨੇ ਸਾਲਾਂਬੱਧੀ ਹੱਡ-ਤੋੜਵੀਂ ਮਿਹਨਤ ਨਾਲ ਇਹ ਮੁਕਾਮ ਹਾਸਿਲ ਕੀਤਾ ਹੈ। ਮਸਲਾ ਉਨ੍ਹਾਂ ਵੱਲੋਂ ਪਾਬੰਦੀਸ਼ੁਦਾ ਦਵਾਈ ਖਾਣ ਦੇ ਕਾਰਨਾਂ ਦਾ ਨਹੀਂ ਸਗੋਂ ਉਨ੍ਹਾਂ ਨੂੰ ਬਣਦੀ ਇੱਜ਼ਤ ਦੇਣ ਦਾ ਹੈ। ਯੂਰੀ ਉਗਰੋਦਨਿਕ ਨੇ ਇਨ੍ਹਾਂ ਕੁੜੀਆਂ ਦੀਆਂ ਪ੍ਰਾਪਤੀਆਂ ਵਿਚ ਨਿੱਗਰ ਹਿੱਸਾ ਪਾਇਆ ਹੈ। ਉਸ ਖ਼ਿਲਾਫ਼ ਜਾਂਚ ਕਰਕੇ ਫ਼ੈਸਲਾ ਕੀਤਾ ਜਾ

*(ਬਾਕੀ ਸਫ਼ਾ 29 'ਤੇ)*

# ਗੁਰਬਾਣੀ

## ਯੁਧਿਸ਼ਟਰ ਤੋਂ ਬਲਰਾਜ

ਬਲਰਾਜ ਸਾਹਨੀ ਦੇ ਲਿਖੇ 'ਮੇਰਾ ਪਾਕਿਸਤਾਨੀ ਸਫਰਨਾਮਾ' ਨੇ ਵੰਡ ਦੇ ਪੱਛੇ ਹੋਏ ਦੋਹਾਂ ਪਾਸਿਆਂ ਦੇ ਪੰਜਾਬੀਆਂ ਦੀ ਮਾਨੋ ਜਾਨ ਹੀ ਕੱਢ ਲਈ ਸੀ। ਇੰਨਾ ਭਾਵੁਕ ਵਰਣਨ ਕਿ ਇਹ ਕਿਤਾਬ ਪੜ੍ਹਨ ਵਾਲੀ ਹਰ ਅੱਖ ਨਮ ਹੋਏ ਬਿਨਾ ਨਾ ਰਹਿ ਸਕੀ। ਪਿੱਛੋਂ ਤਾਂ ਉਸ ਨੇ 'ਮੇਰਾ ਰੂਸੀ ਸਫਰਨਾਮਾ', 'ਮੇਰੀ ਗੈਰ-ਜਜ਼ਬਾਤੀ ਡਾਇਰੀ', 'ਮੇਰੀ ਫਿਲਮੀ ਆਤਮਕਥਾ' ਅਤੇ ਵਾਰਤਕ ਦੀਆਂ ਕਈ ਕਿਤਾਬਾਂ ਲਿਖੀਆਂ ਜਿਨ੍ਹਾਂ ਨੂੰ ਪੰਜਾਬੀਆਂ ਨੇ ਭਰਵਾਂ ਹੁੰਗਾਰਾ ਭਰਿਆ। ਪਿੰਡ ਭੇਰਾ, ਜ਼ਿਲਾ ਰਾਵਲਪਿੰਡੀ (ਹੁਣ ਲਹਿੰਦੇ ਪੰਜਾਬ 'ਚ) ਦੇ ਇੱਕ ਖੱਤਰੀ ਪਰਿਵਾਰ ਵਿਚ ਜਨਮੇ ਬਲਰਾਜ (ਪਹਿਲੀ ਮਈ 1913-13 ਅਪਰੈਲ 1973) ਦਾ ਨਾਂ ਘਰਦਿਆਂ ਨੇ ਯੁਧਿਸ਼ਟਰ ਰੱਖਿਆ ਸੀ। ਉਹ ਲਾਹੌਰ ਪੜ੍ਹਨ ਆਇਆ ਅਤੇ ਫਿਰ ਅੰਗਰੇਜ਼ੀ ਦੀ ਐਮ.ਏ. ਕਰਕੇ ਘਰ ਪਰਤ ਗਿਆ। ਪਰਿਵਾਰ ਦੇ ਕਾਰੋਬਾਰ 'ਚ ਲੱਗ ਗਿਆ ਪਰ ਕਾਰੋਬਾਰ ਵਿਚ ਉਹਦਾ ਦਿਲ ਨਹੀਂ ਸੀ ਲਗਦਾ। ਫਿਰ ਉਹ ਆਪਣੀ ਪਤਨੀ ਦਮਯੰਤੀ ਨੂੰ ਨਾਲ ਲੈ ਕੇ ਗੁਰੂਦੇਵ ਟੈਗੋਰ ਕੋਲ ਸ਼ਾਂਤੀ ਨਿਕੇਤਨ (ਬੰਗਾਲ) ਚਲਾ ਗਿਆ। ਉਥੇ ਵਿਸ਼ਵ ਭਾਰਤੀ ਯੂਨੀਵਰਸਿਟੀ ਵਿਚ ਅੰਗਰੇਜ਼ੀ ਅਤੇ ਹਿੰਦੀ ਪੜ੍ਹਾਈ। ਇਥੇ ਹੀ ਉਸ ਨੇ ਟੈਗੋਰ ਦੇ ਮਾਂ-ਬੋਲੀ ਬਾਰੇ ਵਿਚਾਰਾਂ ਤੋਂ ਪ੍ਰਭਾਵਿਤ ਹੋ ਕੇ ਪੰਜਾਬੀ ਵਿਚ ਲਿਖਣਾ ਸ਼ੁਰੂ ਕੀਤਾ। 1938 ਵਿਚ ਮਹਾਤਮਾ ਗਾਂਧੀ ਨਾਲ ਕੰਮ ਕੀਤਾ। ਫਿਰ ਬੀ.ਸੀ.ਸੀ. ਲੰਡਨ ਦੀ ਹਿੰਦੀ ਸਰਵਿਸ ਵਿਚ ਅਨਾਊਂਸਰ ਲੱਗ ਗਿਆ। ਉਹਦਾ ਅਦਾਕਾਰੀ ਦਾ ਸ਼ੌਕ ਉਹਨੂੰ ਇਪਟਾ (ਇੰਡੀਅਨ ਪੀਪਲ'ਜ਼ ਥੀਏਟਰ ਐਸੋਸੀਏਸ਼ਨ) ਦੇ ਵਿਹੜੇ ਲੈ ਗਿਆ। ਉਸ ਨੇ ਆਪਣਾ ਫਿਲਮੀ ਕੈਰੀਅਰ ਫਿਲਮ 'ਇਨਸਾਫ'(1946) ਨਾਲ ਕੀਤਾ। ਇਸ ਤੋਂ ਬਾਅਦ 'ਧਰਤੀ ਕੇ ਲਾਲ', 'ਦੂਰ ਚਲੇਂ" ਅਤੇ ਹੋਰ ਫਿਲਮਾਂ ਕੀਤੀਆਂ ਪਰ 1953 ਵਿਚ ਬਿਮਲ ਰੌਇ ਦੀ ਫਿਲਮ 'ਦੋ ਬੀਘਾ ਜ਼ਮੀਨ' ਨਾਲ ਬਤੌਰ ਅਦਾਕਾਰ ਉਸ ਨੇ ਧਾਂਕ ਜਮਾ ਲਈ। ਇਸ ਤੋਂ ਬਾਅਦ ਤਾਂ ਫਿਰ ਚੱਲ ਸੋ ਚੱਲ। ਉਸ ਨੇ



*ਬਲਰਾਜ ਪਤਨੀ ਦਮਯੰਤੀ ਨਾਲ।*

'ਅਨੁਰਾਧਾ', 'ਹਕੀਕਤ', 'ਫਰਾਰ', 'ਕਾਬੁਲੀਵਾਲਾ', 'ਸੀਮਾ', 'ਸੋਨੇ ਕੀ ਚਿੜੀਆ', 'ਸੱਟਾ ਬਾਜ਼ਾਰ', 'ਭਾਬੀ ਕੀ ਚੂੜੀਆਂ', 'ਕਠਪੁਤਲੀ', 'ਲਾਜਵੰਤੀ', 'ਵਕਤ', 'ਗਰਮ ਹਵਾ', 'ਹਮਰਾਜ', 'ਨੀਲ ਕਮਲ', 'ਏਕ ਫੂਲ ਦੋ ਮਾਲੀ' ਵਰਗੀਆਂ ਅਨੇਕਾਂ ਫਿਲਮਾਂ ਵਿਚ ਕੰਮ ਕੀਤਾ। ਇਹ ਲੇਖ ਬਲਰਾਜ ਸਾਹਨੀ ਨੇ ਅੱਜ ਤੋਂ ਕੋਈ 40-45 ਸਾਲ ਪਹਿਲਾਂ ਲਿਖਿਆ ਸੀ ਪਰ ਇਸ ਦਾ ਸੁਨੇਹਾ ਅੱਜ ਵੀ ਉਨਾ ਹੀ ਕਾਰਗਰ ਹੈ ਜਿੰਨਾ ਉਸ ਸਮੇਂ ਸੀ। -ਸੰਪਾਦਕ

■ ਬਲਰਾਜ ਸਾਹਨੀ

ਸ੍ਰੀਮਤੀ ਸਤਿਆਵਤੀ ਮਲਿਕ ਹਿੰਦੀ ਦੀ ਸ਼੍ਰੋਮਣੀ ਸਾਹਿਤਕਾਰ ਹੈ। ਉਨ੍ਹਾਂ ਦੀਆਂ ਰਚੀਆਂ ਪੁਸਤਕਾਂ ਮਨੋਰੰਜਕ ਹੀ ਨਹੀਂ, ਉਨ੍ਹਾਂ ਵਿਚ ਵਿਸ਼ੇਸ਼ ਪ੍ਰੇਰਨਾ-ਸ਼ਕਤੀ ਹੈ ਜੋ ਪਾਠਕਾਂ ਦੇ ਦਿਲ ਉਤੇ ਡੂੰਘਾ ਅਸਰ



ਕਰਦੀ ਹੈ। ਇਸ ਤੋਂ ਇਲਾਵਾ ਉਹ ਪ੍ਰਬੀਨ ਚਿੱਤਰਕਾਰ ਵੀ ਹੈ ਅਤੇ ਕਿੰਨੇ ਹੀ ਸਾਲ ਕੇਂਦਰੀ ਫ਼ਿਲਮ ਸੈਂਸਰ ਬੋਰਡ ਦੀ ਮੈਂਬਰ ਵੀ ਰਹਿ ਚੁੱਕੀ ਹੈ ਪਰ ਮੇਰੇ ਲਈ ਉਹ ਇਸ ਤੋਂ ਵਧ-ਚੜ੍ਹ ਕੇ ਕੁਝ ਹੋਰ ਵੀ ਹਨ। ਮੇਰੀ ਸਕੀ ਭੂਆ ਦੀ ਲੜਕੀ। ਮੇਰੀ ਵੱਡੀ ਭੈਣ। ਬਚਪਨ ਦੇ ਜ਼ਮਾਨੇ ਤੋਂ ਉਨ੍ਹਾਂ ਕੋਲੋਂ ਮੈਨੂੰ ਡੂੰਘਾ ਪਿਆਰ ਮਿਲਿਆ ਹੈ। ਮੇਰੀਆਂ ਸਾਹਿਤਕ ਰੁਚੀਆਂ ਨਿਖਾਰਨ ਵਿਚ ਵੀ ਉਨ੍ਹਾਂ ਦਾ ਬਹੁਤ ਵੱਡਾ ਹੱਥ ਹੈ। ਸੰਸਕ੍ਰਿਤ ਨਾਲ ਅਸਾਂ ਦੋਵਾਂ ਨੂੰ ਬੜਾ ਪ੍ਰੇਮ ਹੈ। ਕਾਲੀਦਾਸ ਅਤੇ ਭਵਭੂਤੀ ਦੇ ਨਾਟਕਾਂ ਨੂੰ ਇਕੱਠੇ ਬੈਠ ਕੇ ਪੜ੍ਹਨ ਦਾ ਅਸੀਂ ਆਨੰਦ ਮਾਣ ਚੁੱਕੇ ਹਾਂ।

ਪਿਛੇ ਜਿਹੇ ਬੰਬਈ ਆ ਕੇ ਸਾਡੇ ਕੋਲ ਠਹਿਰੇ ਹੋਏ ਸਨ। ਐਲੀਫ਼ੈਂਟਾ ਅਤੇ ਕਨ੍ਹੇਰੀ ਗੁਫ਼ਾਵਾਂ ਦੀਆਂ ਅਸਾਂ ਸੈਰਾਂ ਕੀਤੀਆਂ। ਜਿਥੇ ਵੀ ਜਾਂਦੇ, ਸੁਹਣੀਆਂ ਚਰਚਾਵਾਂ ਛਿੜ ਪੈਂਦੀਆਂ। ਸੁਆਦ ਦੂਣਾ-ਚੌਣਾ ਹੋ ਜਾਂਦਾ।

ਇਕ ਦਿਨ ਖਾਣੇ ਦੀ ਮੇਜ਼ ਉਤੇ ਬੈਠਿਆਂ ਗੁਰਬਾਣੀ ਦਾ ਜ਼ਿਕਰ ਚੱਲ ਪਿਆ। ਅਸੀਂ ਯਾਦ ਕਰ ਰਹੇ ਸਾਂ, ਕਿਵੇਂ ਉਨ੍ਹਾਂ ਦੇ ਪਿਤਾ ਜੀ ਸਵੇਰੇ ਉਠਦਿਆਂ ਸਾਰ ਪਹਿਲਾਂ ਇਹ ਵਾਕ ਮੂੰਹੋਂ ਬੋਲਦੇ ਸਨ, "ਜੋ ਤੁਧ ਭਾਵੇ ਸਾਈ ਭਲੀ ਕਾਰ॥ ਤੂੰ ਸਦਾ ਸਲਾਮਤ ਨਿਰੰਕਾਰ॥" ਅਤੇ ਮੇਰੇ ਪਿਤਾ ਜੀ, "ਪਰਵਰਦਿਗਾਰ, ਸ਼ੁਕਰ ਤੇਰੀ ਦਰਗਾਹ।" ਨਾ ਉਨ੍ਹਾਂ ਦੇ ਪਿਤਾ ਸਿੱਖ ਸਨ ਅਤੇ ਨਾ ਮੇਰੇ ਪਿਤਾ ਜੀ ਮੁਸਲਮਾਨ। ਦੋਵੇਂ ਹਿੰਦੂ, ਪੱਕੇ ਆਰੀਆ ਸਮਾਜੀ ਪਰ ਉਨ੍ਹਾਂ ਦੇ ਹਿਰਦੇ ਸੰਕੀਰਨਤਾ ਤੋਂ ਕਿਤਨੇ ਪਾਕ ਸਨ?

ਭੈਣ ਜੀ ਨੇ ਕਿਹਾ, "ਬਲਰਾਜ, ਅੱਜ ਕੱਲ੍ਹ ਦਿੱਲੀ ਮੈਂ ਕਿਤਨੀ ਦੁਖੀ ਹੁੰਨੀ ਆਂ, ਤੈਨੂੰ ਦੱਸ ਨਹੀਂ ਸਕਦੀ। ਸਾਡੀ ਸੜਕ ਉਤੇ ਇਕ ਪਾਸੇ ਗੁਰਦੁਆਰੇ ਵਾਲਿਆਂ ਲਾਊਡ ਸਪੀਕਰ ਲੁਆ ਰੱਖਿਆ ਹੈ ਅਤੇ ਦੂਜੇ ਪਾਸੇ ਸਨਾਤਨ ਧਰਮ ਸਭਾ ਵਾਲਿਆਂ ਨੇ। ਸਵੇਰ ਦਾ ਵੇਲਾ ਸ਼ਾਂਤੀ ਅਤੇ ਚਿੰਤਨ ਦਾ ਵੇਲਾ ਹੁੰਦਾ ਹੈ ਪਰ ਇਹ ਲੋਕ ਚੀਕ-ਚਿਹਾੜੇ ਵਿਚ ਇਕ-ਦੂਜੇ ਤੋਂ ਜਿੱਤਣ ਦੀ ਬਾਜ਼ੀ ਲਾ ਦਿੰਦੇ ਹਨ। ਕੀ ਰੱਬ ਨੂੰ ਯਾਦ ਕਰਨ ਦਾ ਇਹੀ ਤਰੀਕਾ ਹੈ? ਪਰਮਾਤਮਾ ਨੂੰ ਤਾਂ ਪ੍ਰੇਮ ਸਰੂਪ ਆਖਦੇ ਹਨ। ਫਿਰ ਇਹ ਘਿਰਣਾ ਦਾ ਵਾਤਾਵਰਣ ਕਿਉਂ ਪੈਦਾ ਕੀਤਾ ਜਾਂਦਾ ਹੈ?"

ਕੋਲ ਬੈਠੀ ਮੇਰੀ ਲੜਕੀ ਸਨੋਬਰ ਨੇ ਕਿਹਾ, "ਜਦੋਂ ਡੈਡੀ ਤੇ ਮੈਂ, ਜਸਵੰਤ ਸਿੰਘ ਕੰਵਲ ਜੀ ਦੇ ਘਰ ਢੁੱਡੀਕੇ ਠਹਿਰੇ ਹੋਏ ਸਾਂ, ਉਥੇ ਵੀ ਸਵੇਰੇ ਚਹੁੰ ਪਾਸੀਂ ਲਾਊਡ ਸਪੀਕਰਾਂ ਦਾ ਰੌਲਾ ਮਚ ਜਾਂਦਾ ਸੀ। ਨੇੜ-ਤੇੜ ਦੇ ਸਾਰੇ ਪਿੰਡਾਂ ਵਿਚ ਲਾਊਡ ਸਪੀਕਰ ਗੱਜਣ ਲੱਗ ਪੈਂਦੇ ਸਨ। ਬੜਾ ਕੁਰਖਤ ਸ਼ੋਰ ਹੁੰਦਾ ਸੀ, ਨਾ ਕੋਈ ਸੁਰ, ਨਾ ਲੈਅ। ਮੈਨੂੰ ਡੈਡੀ ਨੇ ਕਿਹਾ ਹੋਇਆ ਸੀ-ਵੇਖੀਂ ਪ੍ਰਭਾਤ ਵੇਲੇ ਪੰਜਾਬ ਦੇ ਪਿੰਡਾਂ ਵਿਚ ਪੰਛੀ ਕਿਤਨੀਆਂ ਸੁਹਣੀਆਂ ਬੋਲੀਆਂ ਪਾਂਦੇ ਹਨ ਪਰ ਮੈਨੂੰ ਤਾਂ ਕੋਈ ਪੰਛੀ ਸੁਣਾਈ ਨਹੀਂ ਸੀ ਦਿੱਤਾ। ਮੈਂ ਤਾਂ ਬਸ, ਲਾਊਡ ਸਪੀਕਰ ਹੀ ਸੁਣੇ ਹਨ।"

ਮੈਂ ਕਿਹਾ, "ਗੁਰੂ ਨਾਨਕ ਦੇਵ ਦਾ ਵਾਕ ਹੈ, 'ਅਮ੍ਰਿਤ ਵੇਲਾ ਸਚੁ ਨਾਮੁ ਵਡਿਆਈ ਵਿਚਾਰੁ' ਪਰ ਜੇ ਬਾਬੇ ਦੇ ਚੇਲੇ 'ਛੁਟਿਆਈ ਵਿਚਾਰਨ' ਉਤੇ ਡਟ ਜਾਣ ਤਾਂ ਬਾਬੇ ਦਾ ਕੀ ਕਸੂਰ?"

ਸਤਿਆ ਭੈਣ ਜੀ ਨੇ ਕਿਹਾ, "ਸਾਡੇ ਸਾਰੇ ਹੀ ਤਾਂ ਮਹਾਂਪੁਰਸ਼ਾਂ ਨੇ ਪ੍ਰਭਾਤ ਨੂੰ ਦਿਨ ਦਾ ਸਭ ਤੋਂ ਚੰਗਾ ਤੇ ਪਵਿੱਤਰ ਹਿੱਸਾ ਆਖਿਆ ਹੈ। ਹਿੰਦੂ ਰਿਸ਼ੀਆਂ ਨੇ ਇਹਨੂੰ ਬ੍ਰਹਮ ਮਹੂਰਤ ਆਖਿਆ ਹੈ ਅਤੇ ਮੁਸਲਮਾਨ ਦਰਵੇਸ਼ਾਂ ਨੇ 'ਨੂਰ ਪਾਕ' ਦਾ ਵੇਲਾ ਪਰ ਸਵਾਲ ਤਾਂ ਇਹ ਹੈ ਕਿ ਇਨ੍ਹਾਂ ਆਪਸ ਦੇ ਦਵੇਸ਼ਾਂ ਦਾ ਕਾਰਨ ਕੀ ਹੈ? ਇਹ ਕਿਉਂ ਖ਼ਤਮ ਹੋਣ ਵਿਚ ਨਹੀਂ ਆਉਂਦੇ?"

ਮੇਰੀ ਪਤਨੀ ਬੋਲੀ, "ਕਿਉਂਕਿ ਸਾਰੀਆਂ ਧਾਰਮਿਕ ਸੰਸਥਾਵਾਂ ਵਪਾਰ ਬਣ ਗਈਆਂ ਹਨ। ਰਸੂਖ ਉਨ੍ਹਾਂ ਦੇ ਹੱਥ ਨਹੀਂ ਹੁੰਦਾ ਜੋ ਆਪਣੇ ਅਸੂਲਾਂ ਦੇ ਸੱਚੇ ਹੋਣ, ਸਗੋਂ ਉਨ੍ਹਾਂ ਦੇ ਹੱਥ ਹੁੰਦੈ ਜਿਹੜੇ ਉਸ ਰਾਹੀਂ ਆਪਣੇ ਕਾਰੋਬਾਰੀ ਸਿਲਸਿਲੇ ਵਧਾਉਂਦੇ ਹਨ। ਹਰ ਮਜ਼੍ਹਬ ਦੇ ਜਨਮ-ਦਾਤਾ ਨੇ ਅਮੀਰਾਂ (ਮਾਇਆ) ਦੀ ਨਿੰਦਿਆ ਕੀਤੀ ਹੈ ਪਰ ਏਸ ਵੇਲੇ ਹਰ ਮਜ਼੍ਹਬ ਅਮੀਰ ਸੰਚਾਲਕਾਂ ਦੇ ਹੀ ਕਬਜ਼ੇ ਵਿਚ ਹੈ ਅਤੇ ਉਹੀ ਆਪਣੀ ਜ਼ਿੰਦਗੀ ਦਾ ਕੋਝ ਆਪਣੀ ਧਰਮ ਸੰਸਥਾ ਵਿਚ ਘੁਸੇੜਦੇ ਹਨ।"

ਸਤਿਆ ਭੈਣ ਜੀ ਨੇ ਮੈਨੂੰ ਪੁੱਛਿਆ, "ਬਲੀ, ਤੂੰ ਪੰਜਾਬੀ ਵਿਚ ਲਿਖਨਾਂ ਏਂ, ਗ੍ਰੰਥ ਸਾਹਿਬ ਵੀ ਪੜ੍ਹਨਾਂ ਏਂ...ਮੈਂ ਗੁਰੂ ਗੋਬਿੰਦ ਸਿੰਘ ਜੀ ਬਾਰੇ ਤੇਰੇ ਲਿਖੇ ਲੇਖਾਂ ਦੀ ਵੀ ਤਾਰੀਫ਼ ਸੁਣੀ ਸੀ। ਤੂੰ ਮੈਨੂੰ ਸਮਝਾ ਤਾਂ ਸਹੀ, ਸਿੱਖ ਪੰਥ ਅਤੇ ਹਿੰਦੂ ਧਰਮ ਵਿਚ ਬੁਨਿਆਦੀ ਫ਼ਰਕ ਕੀ ਹੈ?" ਅਤੇ ਆਪਣੀ ਸਮਝ ਅਨੁਸਾਰ ਮੈਂ ਉਨ੍ਹਾਂ ਨੂੰ ਦੱਸਣਾ ਸ਼ੁਰੂ ਕੀਤਾ।

"ਗੱਲ ਧਰਮਾਂ ਦੀ ਨਹੀਂ ਭੈਣ ਜੀ, ਪ੍ਰਾਂਤਾਂ ਦੀ ਹੈ। ਪ੍ਰਾਚੀਨ ਭਾਰਤ ਵਿਚ, ਮਤਲਬ ਅੱਜ ਤੋਂ ਹਜ਼ਾਰ ਸਾਲ ਪਹਿਲਾਂ ਦੇ ਜ਼ਮਾਨੇ ਤਕ, ਸਾਰੇ ਭਾਰਤ ਵਿਚ ਹਿੰਦੂ ਧਰਮ ਈ ਪ੍ਰਚਲਤ ਸੀ, ਆਪਣੇ ਅਨੇਕ ਰੂਪਾਂਤਰਾਂ ਸਣੇ। ਕਿਤੇ ਸ਼ਿਵ, ਕਿਤੇ ਵਿਸ਼ਨੂੰ ਅਤੇ ਕਿਤੇ ਹੋਰ ਕਿਸੇ ਦੇਵੀ ਦੇਵਤਾ ਦੀ ਪ੍ਰਧਾਨਤਾ ਸੀ। ਸਿਰਫ਼ ਇਕ ਗੱਲ ਸਾਰੇ ਪਾਸੇ ਸਾਂਝੀ ਸੀ,

ੴ ਸਤਿ ਨਾਮੁ
ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ
ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥
॥ ਜਪੁ ॥ ਆਦਿ ਸਚੁ ਜੁਗਾਦਿ ਸਚੁ ॥
ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥੧॥

ਉਹ ਇਹ ਸੀ ਕਿ ਸਾਰੇ ਧਾਰਮਿਕ ਅਧਿਕਾਰ ਬ੍ਰਾਹਮਣਾਂ ਅਧੀਨ ਸਨ ਅਤੇ ਉਹ ਲੋਕ ਪੂਰੀ ਤਰ੍ਹਾਂ ਹਾਕਮਾਂ ਨਾਲ ਰਲੇ ਹੋਏ ਸਨ। ਜਨਤਾ ਦੀ ਉਨ੍ਹਾਂ ਨੂੰ ਕੋਈ ਪ੍ਰਵਾਹ ਨਹੀਂ ਸੀ। ਜਨਤਾ ਦੀ ਸਭਿਅਤਾ, ਜਨਤਾ ਦੀ ਬੋਲੀ ਅਤੇ ਜਨਤਾ ਦੇ ਰਹਿਣ-ਸਹਿਣ ਨੂੰ ਉਹ ਨਫ਼ਰਤ ਦੀ ਦ੍ਰਿਸ਼ਟੀ ਨਾਲ ਵੇਖਦੇ ਸਨ। ਕਦੇ ਕੋਈ ਨੀਵੀਂ ਜ਼ਾਤ ਦਾ ਆਦਮੀ ਸ਼ਾਸਤਰ ਦਾ ਸ਼ਲੋਕ ਜਾਂ ਸੰਸਕ੍ਰਿਤ ਦਾ ਇਕ ਵਾਕ ਵੀ ਮੂੰਹੋਂ ਕੱਢਣ ਦੀ ਜੁਰਅਤ ਕਰੇ, ਉਸ ਦੀ ਜ਼ਬਾਨ ਤਕ ਕੱਟ ਜਾਂਦੀ ਸੀ।"

"ਤੇ ਫੇਰ ਅੱਜ ਤੋਂ ਹਜ਼ਾਰ ਸਾਲ ਪਹਿਲਾਂ ਮੁਸਲਮਾਨਾਂ ਦੇ ਹਮਲੇ ਸ਼ੁਰੂ ਹੋਏ। ਹਿੰਦੂਆਂ ਦੀ ਅੰਦਰੋ-ਅੰਦਰ ਖੋਖਲੀ ਹੋਈ ਸਮਾਜਕ ਸ਼੍ਰੰਖਲਾ ਇਨ੍ਹਾਂ ਨੂੰ ਰੋਕਣ ਲਈ ਅਸਮਰਥ ਸੀ। ਨੀਵੀਆਂ ਜ਼ਾਤਾਂ ਉਪਰ ਇੰਨਾ ਜ਼ੁਲਮ ਹੋ ਚੁੱਕਿਆ ਸੀ ਕਿ ਉਹ ਖੱਤਰੀਆਂ ਬ੍ਰਾਹਮਣਾਂ ਖ਼ਾਤਰ ਲੜਨ ਨੂੰ ਉਕਾ ਰਾਜ਼ੀ ਨਹੀਂ ਸਨ ਅਤੇ ਬਹੁ-ਸੰਖਿਆ ਇਨ੍ਹਾਂ ਵਿਚ ਵੈਸ਼, ਸੂਦਰਾਂ ਆਦਿ ਦੀ ਹੀ ਤਾਂ ਸੀ। ਉਹ ਰਾਜ ਕਿਵੇਂ ਬਾਹਰੀ ਹਮਲਿਆਂ ਨੂੰ ਰੋਕ ਸਕਦਾ ਸੀ ਜਿਸ ਦੀ ਆਪਣੀ ਪਰਜਾ ਇਤਨੇ ਵੱਡੇ ਪੈਮਾਨੇ ਉਤੇ ਉਸ ਦੇ ਖ਼ਿਲਾਫ਼ ਹੋਵੇ!"

"ਅਤੇ ਇਸ ਪ੍ਰਕਾਰ ਭਾਰਤ ਵਿਚ ਮੁਸਲਿਮ ਸਲਤਨਤ ਅਤੇ ਸਭਿਅਤਾ ਦਾ ਆਗਮਨ ਹੋਇਆ। ਇਸ ਦੇ ਦੋ ਪਹਿਲੂ ਸਨ-ਇਕ ਤਾਂ ਉਹੀ ਹਾਕਮਾਨਾ ਤੇ ਜਾਬਰਾਨਾ ਪਹਿਲੂ। ਭਾਰਤੀ ਜਨਤਾ ਦੇ ਹਰ ਵਰਗ ਨੂੰ ਗਿਆਤ ਹੈ ਕਿ ਆਪਣੀ ਆਜ਼ਾਦੀ ਖੁਹਾ ਕੇ ਉਨ੍ਹਾਂ ਆਪਣੀ ਹਾਲਤ ਪਹਿਲਾਂ ਨਾਲੋਂ ਵੀ ਬਦਤਰ ਬਣਾ ਲਈ ਹੈ। ਦੂਸਰਾ ਪਹਿਲੂ ਇਕ ਹੋਰ ਸੀ। ਇਸਲਾਮੀ ਲਸ਼ਕਰਾਂ ਤੋਂ ਛੁੱਟ ਆਮ ਲੋਕਾਂ ਦੇ ਪਿਆਰੇ, ਕੁਝ ਇਕ ਸੂਫ਼ੀ ਦਰਵੇਸ਼ ਵੀ ਆਉਂਦੇ ਸਨ ਜਿਨ੍ਹਾਂ ਦੇ ਰੱਬ ਬਾਰੇ ਦ੍ਰਿਸ਼ਟੀਕੋਣ ਬਹੁਤ ਉਦਾਰ ਤੇ ਵੇਦਾਂਤ ਦੇ ਫ਼ਲਸਫ਼ੇ ਨਾਲ ਮਿਲਦੇ-ਜੁਲਦੇ ਸਨ ਅਤੇ ਵੇਦਾਂਤੀ ਵਿਚਾਰ ਭਾਰਤ ਵਿਚ ਪਹਿਲਾਂ ਤੋਂ ਬੜੇ ਪ੍ਰਚਲਤ ਸਨ। ਏਸ ਸਿਧਾਂਤਕ ਮਿਸ਼ਰਣ ਦੇ ਫਲਸਰੂਪ ਭਾਰਤ ਦੇ ਹਰ ਪ੍ਰਦੇਸ਼ ਵਿਚ ਖ਼ਾਸ ਕਿਸਮ ਦੇ ਭਗਤ, ਸੰਤ ਗੁਰੂ ਜਾਂ ਫ਼ਕੀਰ ਪ੍ਰਗਟ ਹੋਏ ਜਿਨ੍ਹਾਂ ਜਨਤਾ ਦੇ ਡਿਗਦੇ ਹੋਏ ਹੌਸਲਿਆਂ ਨੂੰ ਮੁੜ ਬਹਾਲ ਕਰਨਾ ਸ਼ੁਰੂ ਕੀਤਾ। ਇਨ੍ਹਾਂ ਲੋਕਾਂ ਨੇ ਸੰਸਕ੍ਰਿਤ, ਅਰਬੀ ਤੇ ਫ਼ਾਰਸੀ ਨੂੰ ਤਿਆਗ ਕੇ ਲੋਕਾਂ ਦੀ ਆਪਣੀ ਬੋਲੀ ਵਿਚ ਹਿੰਦੂ ਅਤੇ ਮੁਸਲਿਮ ਫ਼ਲਸਫ਼ੇ ਦੇ ਸਰਬੋਤਮ ਅੰਗਾਂ ਨੂੰ ਮਿਲਾ ਕੇ ਅਪੂਰਬ ਭਗਤੀ ਰਸ ਦੀ ਕਵਿਤਾ ਰਚਣੀ ਸ਼ੁਰੂ ਕੀਤੀ। ਬ੍ਰਾਹਮਣਾਂ, ਕਾਜ਼ੀਆਂ ਅਤੇ ਮੁਲਾਣਿਆਂ ਦੇ ਇਹ ਲੋਕ ਵਿਰੋਧੀ ਸਨ, ਜਾਤ-ਪਾਤ, ਊਚ-ਨੀਚ ਨੂੰ ਇਹ ਨਹੀਂ ਸਨ ਮੰਨਦੇ, ਸਾਰੀ ਮਨੁੱਖਤਾ ਨੂੰ ਇਕ ਪਰਿਵਾਰ ਮੰਨਦੇ ਸਨ। ਦਿਖਾਵਟੀ ਰਸਮਾਂ-ਰਿਵਾਜਾਂ ਦੇ ਇਹ ਖ਼ਿਲਾਫ਼ ਸਨ। ਇਨ੍ਹਾਂ ਲੋਕਾਂ ਨੇ ਥੋੜ੍ਹੇ ਚਿਰ ਵਿਚ ਹੀ ਜਨਤਾ ਦੇ ਦਿਲ ਮੋਹ ਲਏ ਅਤੇ ਜਨਤਾ ਲਈ ਜ਼ੁਲਮ ਤੋਂ ਮੁਕਤੀ ਹਾਸਲ ਕਰਨ ਦਾ ਰਾਹ ਰੁਸ਼ਨਾ ਦਿੱਤਾ।"

"ਸਾਡੇ ਦੇਸ਼ ਦੇ ਹਰ ਪ੍ਰਾਂਤ ਵਿਚ ਇਹੋ ਜਿਹੇ ਭਗਤ ਸੰਤ ਪ੍ਰਗਟ ਹੋਏ। ਬੰਗਾਲ ਵਿਚ ਰਾਮਾਨੰਦ, ਚੰਡੀਦਾਸ। ਬਿਹਾਰ ਵਿਚ ਵਿਦਿਆਪਤੀ। ਬਨਾਰਸ ਵਿਚ ਕਬੀਰ। ਮਹਾਰਾਸ਼ਟਰ ਵਿਚ ਤੁਕਾ ਰਾਮ, ਨਾਮਦੇਵ। ਗੁਜਰਾਤ ਵਿਚ ਗਿਆਨੇਸ਼ਵਰ ਅਤੇ ਅਨੇਕਾਂ ਹੋਰ। ਸਾਡੇ ਪੰਜਾਬ ਵਿਚ ਗੁਰੂ ਨਾਨਕ, ਅਰਜਨ ਦੇਵ ਅਤੇ ਗੁਰੂ ਗੋਬਿੰਦ ਸਿੰਘ ਭਗਤੀ ਲਹਿਰ ਦੇ ਪ੍ਰਤੀਕ ਹੋਏ।"

"ਇਹ ਸੰਤ ਹਿੰਦੂ ਸਨ ਜਾਂ ਮੁਸਲਮਾਨ, ਕੋਈ ਨਹੀਂ ਸੀ ਕਹਿ ਸਕਦਾ। ਇਨ੍ਹਾਂ ਨੇ ਹਰ ਪਾਸਿਓਂ ਜੋ ਉਨ੍ਹਾਂ ਨੂੰ ਚੰਗਾ ਲੱਗਿਆ, ਲੈ ਲਿਆ। ਭਾਸ਼ਾ, ਕਲਾ, ਸੰਸਕ੍ਰਿਤੀ ਨੂੰ ਨਵੀਂ ਅਤੇ ਉਚੇਰੀ ਪੱਧਰ ਦਿੱਤੀ। ਇਨ੍ਹਾਂ ਦੇ ਰਚੇ ਕਾਵਿ ਸਥਾਨਕ ਬੋਲੀਆਂ ਦੇ ਸਾਹਿਤ ਦਾ ਅਣਮੁੱਲਾ ਖ਼ਜ਼ਾਨਾ ਸਨ। ਕੋਈ ਵੀ ਮਹਾਰਾਸ਼ਟਰੀ ਜਿਵੇਂ ਗੀਤਾ ਜਾਂ ਵੇਦ ਨੂੰ ਮੰਨਦਾ ਹੈ, ਇਵੇਂ ਹੀ ਤੁਕਾ ਰਾਮ ਅਤੇ ਨਾਮਦੇਵ ਦੀ ਬਾਣੀ ਨੂੰ ਪਿਆਰਦਾ ਅਤੇ ਸਨਮਾਨਦਾ ਹੈ। ਦੋਵਾਂ ਵਿਚ ਉਹ ਕੋਈ ਭੇਤ ਨਹੀਂ ਮੰਨਦਾ। ਬੰਗਾਲ, ਗੁਜਰਾਤ ਅਤੇ ਤਾਮਿਲਨਾਡੂ ਆਦਿ ਪ੍ਰਾਂਤਾਂ ਵਿਚ ਇਹੀ ਹਾਲ ਹੈ।"

"ਅੱਜ ਤੋਂ ਸੌ ਵਰ੍ਹਾ ਪਹਿਲਾਂ ਤਕ ਪੰਜਾਬ ਵਿਚ ਵੀ ਇਵੇਂ ਈ ਸੀ। ਸਾਡੇ ਪੁਰਖੇ ਹਿੰਦੂ ਹੋਣ, ਭਾਵੇਂ ਮੁਸਲਮਾਨ, ਗੁਰੂ ਬਾਬਿਆਂ ਅਤੇ ਫ਼ਰੀਦ, ਬੁੱਲ੍ਹੇ ਸ਼ਾਹ, ਵਰਗੇ ਦਰਵੇਸ਼ਾਂ ਨੂੰ ਸਮਾਨ ਰੂਪ ਵਿਚ ਪਿਆਰ ਕਰਦੇ ਸਨ। ਇਨ੍ਹਾਂ ਨੂੰ ਉਹ ਕੋਈ ਵੱਖਰੇ ਮਜ਼੍ਹਬ ਦੇ ਨਹੀਂ ਸਨ ਗਿਣਦੇ, ਸਗੋਂ ਸਮਾਜ ਦੇ ਸੁਧਾਰਕ ਅਤੇ ਸਾਂਝੀ ਕੌਮੀਅਤ ਦੇ ਉਸਾਰੂ ਦੇ ਰੂਪ ਵਿਚ ਵੇਖਦੇ ਸਨ ਪਰ ਅੱਜ ਭਗਤੀ ਤੇ ਸੂਫ਼ੀ ਬਾਣੀ ਨੂੰ ਅਭਾਗੇ ਪੰਜਾਬ ਵਿਚ ਅੱਡਰੇ ਅਤੇ ਵੱਖਰੇ ਮਜ਼੍ਹਬ ਦੇ ਰੂਪ ਵਿਚ ਦੇਖਿਆ ਜਾਣ ਲੱਗ ਪਿਆ ਹੈ। ਹੋਰ ਕਿਸੇ ਪ੍ਰਾਂਤ ਵਿਚ ਇੰਜ ਨਹੀਂ ਹੋਇਆ ਅਤੇ ਇਸ ਦੇ ਇਤਿਹਾਸਕ ਕਾਰਨ ਹਨ।"

"ਪੰਜਾਬ ਦੀਆਂ ਗੁਰੂ ਪਾਤਸ਼ਾਹੀਆਂ ਨੇ ਸਾਰੇ ਭਾਰਤ ਦੇ ਭਗਤੀ ਅੰਦੋਲਨ ਨੂੰ ਇਕ ਸੂਤਰ ਵਿਚ ਪਰੋਣ ਦੀ ਕੋਸ਼ਿਸ਼ ਕੀਤੀ ਸੀ। ਉਹ ਭਗਤੀ ਨੂੰ ਕੇਵਲ ਅਰਾਧਨਾ ਤੀਕਰ ਸੀਮਤ ਨਹੀਂ ਸਨ ਰੱਖਣਾ ਚਾਹੁੰਦੇ। ਸਮਾਜ ਵਿਚ ਇਨਕਲਾਬ ਵੀ ਲਿਆਉਣਾ ਚਾਹੁੰਦੇ ਸਨ। ਉਨ੍ਹਾਂ ਦੀਆਂ ਸੋਚਾਂ ਦੇਸ਼ ਦੇ ਬਾਕੀ ਭਗਤ ਸੰਤਾਂ ਦੀ ਬਨਿਸਬਤ ਵਧੇਰੇ ਸੁਲਝੀਆਂ, ਡੂੰਘੀਆਂ ਅਤੇ ਦੂਰਦਰਸ਼ੀ ਸਨ। ਨਤੀਜਾ ਹੋਇਆ ਕਿ ਪੰਜਾਬ ਦੀ ਭਗਤੀ ਲਹਿਰ ਗੁਰੂ ਗੋਬਿੰਦ ਸਿੰਘ ਜੀ ਦੇ ਵੇਲੇ, ਮਗਰੋਂ ਪ੍ਰਚੰਡ ਇਨਕਲਾਬ ਦਾ ਰੂਪ ਧਾਰਨ ਕਰ ਗਈ ਜਿਸ ਨੇ ਅੰਤ ਪੰਜਾਬੀਆਂ ਦਾ ਆਪਣਾ ਆਜ਼ਾਦ ਰਾਜ ਸਥਾਪਤ ਕੀਤਾ। ਇਸ ਰਾਜ ਨੂੰ, ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰੀ

## ਸਫਰ ਜ਼ਿੰਦਗੀ ਦਾ

ਕਵੀ ਸ਼ਾਹ ਮੁਹੰਮਦ ਦੇ ਸ਼ਬਦਾਂ ਵਿਚ; ਹਿੰਦੂ ਤੇ ਮੁਸਲਮਾਨ, "ਦੋਵੇਂ ਜਾਤਾਂ" ਆਪਣਾ ਰਾਜ ਸਮਝਦੀਆਂ ਸਨ। ਖ਼ਾਲਸਾ ਪੰਜਾਬੀਆਂ ਦੇ ਸਮਾਜਕ ਅਤੇ ਰਾਜਨੀਤਕ ਸੰਗਠਨ ਦੀ ਬੁਨਿਆਦ ਸੀ, ਉਸ ਦਾ ਮੂਹਰਲਾ ਦਸਤਾ। ਖ਼ਾਲਸਾ ਦੀ ਵਡਿਆਈ ਇਸ ਵਿਚ ਸੀ ਕਿ ਲੋਕ-ਹਿਤ ਲਈ ਉਹ ਸਭ ਤੋਂ ਅੱਗੇ ਵਧ ਕੇ ਅਤੇ ਨਿਰ-ਸੁਆਰਥ ਹੋ ਕੇ ਕੁਰਬਾਨੀਆਂ ਕਰਨ ਲਈ ਤਤਪਰ ਰਹਿੰਦਾ ਸੀ।"

"ਇਸ ਰਾਜ ਨੂੰ ਫ਼ਨ੍ਹਾ ਕਰਨ ਵਿਚ ਅੰਗਰੇਜ਼ਾਂ ਨੂੰ ਜ਼ਬਰਦਸਤ ਮੁਸ਼ਕਲਾਂ ਆਈਆਂ ਸਨ ਅਤੇ ਅਜਿਹੇ ਹੱਥ-ਕੰਡੇ ਵਰਤਣੇ ਪਏ ਸਨ ਜੋ ਖ਼ੁਦ ਅੰਗਰੇਜ਼ ਇਤਿਹਾਸਕਾਰਾਂ ਦੇ ਖ਼ਿਆਲ ਅਨੁਸਾਰ, 'ਅੰਗਰੇਜ਼ੀ ਇਤਿਹਾਸ ਦਾ ਕਾਲਾ ਅਧਿਆਏ' ਹਨ। ਇਸ ਕਰਕੇ ਪੰਜਾਬ ਨੂੰ ਅਧੀਨ ਕਰਨ ਉਪਰੰਤ ਅੰਗਰੇਜ਼ਾਂ ਦੀ ਸਭ ਤੋਂ ਵੱਡੀ ਕੋਸ਼ਿਸ਼ ਇਹੀ ਰਹੀ ਕਿ ਕਿਸੇ ਤਰ੍ਹਾਂ ਸਿੱਖਾਂ ਨੂੰ, ਅਰਥਾਤ ਪੰਜਾਬ ਦੀ ਭਗਤੀ ਲਹਿਰ ਨੂੰ, ਹਿੰਦੂ ਮੁਸਲਮਾਨਾਂ ਤੋਂ ਵੱਖਰਾ ਕਰ ਕੇ ਅਲੱਗ ਤਬਕੇ ਦਾ ਰੂਪ ਦੇ ਦਿੱਤਾ ਜਾਵੇ। ਇਸ ਤਰ੍ਹਾਂ ਇਹ ਜਨਤਾ ਦਾ ਰਖਸ਼ਕ ਦਸਤਾ ਜਨਤਾ ਤੋਂ ਅੱਡ ਹੋ ਜਾਏਗਾ ਅਤੇ ਇਸ ਦੀ ਇਨਕਲਾਬੀ ਅਹਿਮੀਅਤ ਖ਼ਤਮ ਹੋ ਜਾਏਗੀ। ਨਾਲੋ-ਨਾਲ ਪੰਜਾਬੀਆਂ ਦੀ ਸਾਂਝੀ ਕੌਮੀਅਤ ਤੇ ਸਾਂਝਾ ਸਭਿਆਚਾਰ ਵੀ।"

"ਕਿਤਨੀ ਵੱਡੀ ਕਾਮਯਾਬੀ ਹਾਸਲ ਕੀਤੀ ਅੰਗਰੇਜ਼ ਨੇ! ਅੱਜ ਜਿਥੇ ਬੰਗਾਲ ਦਾ ਹਰ ਹਿੰਦੂ ਮੁਸਲਮਾਨ ਰਾਮਾ ਨੰਦ, ਦਾਦੂ (ਅਸਲੀ ਨਾਂ ਦਾਊਦ) ਅਤੇ ਵਿਦਿਆਪਤੀ ਦੀ ਬਾਣੀ ਨੂੰ ਹਿੱਕ ਨਾਲ ਲਾ ਕੇ ਰੱਖਦਾ ਹੈ, ਯੂ.ਪੀ. ਦਾ ਹਰ ਹਿੰਦੂ-ਮੁਸਲਮਾਨ ਕਬੀਰ, ਰਹੀਮ, ਰਸਖ਼ਾਨ, ਖੁਸਰੋ, ਸੂਰਦਾਸ ਆਦਿ ਦੀ ਬਾਣੀ ਉਪਰ ਜਾਨ ਵਾਰਦਾ ਹੈ; ਉਥੇ ਨਾਨਕ, ਅਰਜਨ ਦੇਵ ਅਤੇ ਗੋਬਿੰਦ ਸਿੰਘ ਦੀ ਬਾਣੀ, ਪੰਜਾਬ ਦੇ ਹਿੰਦੂਆਂ-ਮੁਸਲਮਾਨਾਂ ਲਈ ਪਰਾਈ ਅਤੇ ਡਰਾਉਣੀ ਚੀਜ਼ ਬਣ ਗਈ ਹੈ...।"

ਭੈਣ ਜੀ ਇਤਨੇ ਦੱਤਚਿੱਤ ਹੋ ਕੇ ਸੁਣ ਰਹੇ ਸਨ ਕਿ ਮੇਰਾ ਹੌਸਲਾ ਹੋਰ ਵਧ ਗਿਆ। ਗੁਰਬਾਣੀ ਦੇ ਕੁਝ ਵਾਕ ਜੋ ਮੈਨੂੰ ਕੰਠ ਸਨ, ਮੈਂ ਸੁਣਾਉਂਦਾ ਚਲਾ ਗਿਆ ਅਤੇ ਉਨ੍ਹਾਂ ਦੇ ਮੂੰਹੋਂ ਆਪ-ਮੁਹਾਰੇ ਨਿਕਲ ਗਿਆ, "ਮੈਂ ਦਿੱਲੀ ਜਾ ਕੇ ਜ਼ਰੂਰ ਗੁਰੂ ਗ੍ਰੰਥ ਸਾਹਿਬ ਪੜ੍ਹਾਂਗੀ। ਜਿਹੜੀ ਬਾਣੀ ਸੁਬ੍ਹਾ-ਸਵੇਰੇ ਮੇਰੇ ਪਿਤਾ ਜੀ ਦੀ ਰਸਨਾ 'ਤੇ ਬਿਰਾਜਦੀ ਸੀ, ਉਹ ਅਵੱਸ਼ ਬੜੀ ਉਤਮ ਤੇ ਪਿਆਰੀ ਚੀਜ਼ ਹੋਵੇਗੀ।"

ਦੇਰ ਕਾਫ਼ੀ ਹੋ ਚੁੱਕੀ ਸੀ ਜਦੋਂ ਅਸੀਂ ਮੇਜ਼ ਤੋਂ ਉਠ ਕੇ ਆਪਣੇ ਸੌਣ-ਕਮਰਿਆਂ ਨੂੰ ਆਏ। ਮੇਰੀ ਲੜਕੀ ਸਨੋਬਰ ਮੇਰੇ ਪਿੱਛੇ ਆਈ। ਸਾਡੀਆਂ ਗੱਲਾਂ ਉਹ ਚੁੱਪ-ਚਾਪ ਸੁਣਦੀ ਰਹੀ ਸੀ। ਮੈਨੂੰ ਨਹੀਂ ਸੀ ਪਤਾ, ਉਸ ਦੇ ਦਿਲ 'ਤੇ ਵੀ ਇਤਨਾ ਅਸਰ ਪਿਆ ਹੈ। ਕਹਿਣ ਲੱਗੀ, "ਡੈਡੀ, ਗੁਰੂ ਗ੍ਰੰਥ ਸਾਹਿਬ ਖੋਲ੍ਹੋ ਅਤੇ ਉਸ ਵਿਚੋਂ ਮੈਨੂੰ ਕੁਝ ਪੜ੍ਹ ਕੇ ਸੁਣਾਓ।"

ਮੈਂ ਕਿਹਾ, "ਬੇਟਾ, ਇੰਜ ਕਿਉਂ ਨਾ ਕਰੀਏ? ਮੈਂ ਗੁਰੂ ਗ੍ਰੰਥ ਸਾਹਿਬ ਤੇਰੇ ਅੱਗੇ ਰੱਖਦਾ ਹਾਂ, ਤੂੰ ਜਿਸ ਸਫ਼ੇ ਤੋਂ ਚਾਹੇਂ, ਖੋਲ੍ਹ ਲੈ। ਫਿਰ ਮੈਂ ਉਸ ਵਿਚੋਂ ਤੈਨੂੰ ਇਕ-ਦੋ ਸ਼ਬਦ ਸੁਣਾ ਦਿਆਂਗਾ। ਇਹ ਬਾਣੀ ਤਾਂ ਅਥਾਹ ਸਾਗਰ ਵਾਂਗ ਹੈ ਜਿਸ ਵਿਚ ਗੋਤਾ ਮਾਰਦਿਆਂ ਹੀ ਅਵੱਸ਼ ਕੋਈ ਮਾਣਿਕ-ਮੋਤੀ ਲੱਭ ਜਾਂਦਾ ਹੈ। ਇਸ ਵੇਲੇ ਇਤਨਾ ਹੀ ਕਾਫ਼ੀ ਹੈ, ਕਿਉਂਕਿ ਬਹੁਤ ਦੇਰ ਹੋ ਗਈ ਹੈ।"

ਬੱਚੀ ਨੇ ਮੰਨ ਲਿਆ, ਤੇ ਜਿਸ ਸਫ਼ੇ ਉਤੇ ਉਹਨੇ ਗੁਰੂ ਗ੍ਰੰਥ ਸਾਹਿਬ ਖੋਲ੍ਹਿਆ, ਇਹ ਸ਼ਬਦ ਸਾਹਮਣੇ ਆਇਆ:

ਜਨ ਕੀ ਟਹਿਲ ਸੰਭਾਖਨ ਜਨ ਸਿਓ
ਊਠਨ ਬੈਠਨ ਜਨ ਕੇ ਸੰਗਾ
ਜਨ ਚਰ ਰਜ ਮੁਕ ਮਾਥੇ ਲਾਗੀ
ਆਸਾ ਪੂਰਨ ਅਨੰਤ ਤਰੰਗਾ॥

(ਜਨਤਾ ਦੀ ਸੇਵਾ, ਜਨਤਾ ਨਾਲ ਵਿਚਾਰ ਵੰਡਣੇ, ਜਨਤਾ ਨਾਲ ਉਠਣਾ-ਬੈਠਣਾ ਹੀ ਜੀਵਨ ਦਾ ਸਭ ਤੋਂ ਉਚਾ ਆਦਰਸ਼ ਹੈ। ਜਨਤਾ ਦੇ ਪੈਰਾਂ ਦੀ ਧੂੜ ਮੂੰਹ-ਮੱਥੇ ਨਾਲ ਛੁਹਾਉਣ ਯੋਗ ਹੈ। ਜਨਤਾ ਦੇ ਅੰਗ-ਸੰਗ ਰਹਿ ਕੇ ਹੀ ਆਸ਼ਾਵਾਂ ਪੂਰਨ ਹੁੰਦੀਆਂ ਹਨ, ਜੀਵਨ ਸਾਗਰ ਵਿਚ ਆਨੰਦ ਦੀਆਂ ਅਨੰਤ ਲਹਿਰਾਂ ਉਠਦੀਆਂ ਹਨ।)

ਸਨੋਬਰ ਹੈਰਾਨ ਹੋ ਕੇ ਮੇਰੇ ਵੱਲ ਵੇਖ ਰਹੀ ਸੀ। ਅਗਲੇ ਦਿਨ ਸਵੇਰ ਨੂੰ ਮੈਂ ਸਤਿਆ ਭੈਣ ਜੀ ਨੂੰ ਇਹ ਘਟਨਾ ਸੁਣਾਈ। ਉਨ੍ਹਾਂ ਦਾ ਚਿਹਰਾ ਵੀ ਅੰਤਰੀਵ ਖ਼ੁਸ਼ੀ ਨਾਲ ਭਖ ਪਿਆ। ਕਿਤਨਾ ਚਿਰ ਉਹ ਆਨੰਦ-ਵਿਭੋਰ ਹੋ ਕੇ ਇਸ ਵਾਕ ਨੂੰ ਦੁਹਰਾਉਂਦੇ ਰਹੇ।

ਉਸ ਵੇਲੇ ਅਸੀਂ ਤੁਲਸੀ ਝੀਲ ਦੇ ਕੰਢੇ ਬੈਠੇ ਕੁਦਰਤ ਦਾ ਨਜ਼ਾਰਾ ਵੇਖ ਰਹੇ ਸਾਂ, ਅਤੇ ਕੋਈ ਲਾਊਡ ਸਪੀਕਰ ਨਹੀਂ ਸੀ ਵੱਜ ਰਿਹਾ।

# ਕੁਰਸੀਦਾਰਾਂ ਦੇ 'ਹੱਕ' ਦੀ ਹੱਦ ਕਦੋਂ ਬੰਨ੍ਹੀ ਜਾਵੇਗੀ?

## ਸਿਆਸਤ ਦਾ ਪਿੜ



ਜਤਿੰਦਰ ਪਨੂੰ

***'ਹੱਕ' ਕਹਿ ਕੇ ਨਾਹੱਕ ਦੇ ਲਿਹਾਜ ਵਰਤਣ ਦਾ ਸਿਲਸਿਲਾ ਹਰ ਥਾਂ ਚੱਲ ਰਿਹਾ ਹੈ। ਨੌਕਰੀਆਂ ਦੀ ਵੰਡ ਵੇਲੇ ਸੱਤਰ ਫੀਸਦੀ ਨੰਬਰ ਲੈਣ ਵਾਲੇ ਨੂੰ ਇੰਟਰਵਿਊ ਵੇਲੇ ਵੀਹ ਵਿਚੋਂ ਅਠਾਰਾਂ ਨੰਬਰ ਦੇ ਕੇ ਅਠਾਸੀ ਨਾਲ ਉੱਤੇ ਲਿਜਾਇਆ ਜਾਂਦਾ ਹੈ ਅਤੇ ਅੱਸੀ ਫੀਸਦੀ ਵਾਲੇ ਨੂੰ ਇੰਟਰਵਿਊ ਵੇਲੇ ਵੀਹਾਂ ਵਿਚੋਂ ਸਿਰਫ ਚਾਰ ਨੰਬਰ ਦੇ ਕੇ ਚੁਰਾਸੀ ਦੇ ਗੇੜ ਵਿਚ ਫਸਾਉਣ ਅਤੇ ਪਿੱਛੇ ਧੱਕ ਦੇਣ ਨੂੰ ਵੀ 'ਹੱਕ' ਦੀ ਵਰਤੋਂ ਕਿਹਾ ਜਾਂਦਾ ਹੈ। ਕਿਸੇ ਜੁਰਮ ਬਦਲੇ ਕਾਨੂੰਨ ਨੇ ਸਜ਼ਾ ਦੀ ਹੱਦ ਤਿੰਨ ਸਾਲ ਤੋਂ ਲੈ ਕੇ ਦਸ ਸਾਲ ਤੱਕ ਮਿਥੀ ਹੁੰਦੀ ਹੈ। ਉਥੇ ਵੀ ਜੱਜ ਦੀ ਮਰਜ਼ੀ ਚੱਲਦੀ ਹੈ। ਇਹ ਫੈਸਲਾ ਉਸ ਨੇ ਕਰਨਾ ਹੁੰਦਾ ਹੈ ਕਿ ਸਜ਼ਾ ਦੇਣ ਵੇਲੇ ਸਖਤ ਰਵੱਈਆ ਰੱਖ ਕੇ ਦਸ ਸਾਲ ਲਈ ਜੇਲ੍ਹ ਭੇਜਣਾ ਹੈ ਕਿ ਨਰਮੀ ਰੱਖ ਕੇ ਤਿੰਨ ਕੁ ਸਾਲ ਨਾਲ ਹੀ ਬੁੱਤਾ ਸਾਰ ਦੇਣਾ ਹੈ।***

ਭਾਰਤ ਦੇ ਲੋਕਾਂ ਨੇ ਇਸ ਹਫਤੇ ਇਕ ਹੋਰ ਕੇਂਦਰੀ ਮੰਤਰੀ ਦਯਾਨਿਧੀ ਮਾਰਨ ਦੀ ਵਜ਼ੀਰੀ ਖੁੱਸਦੀ ਦੇਖ ਲਈ ਹੈ। ਰਾਜਨੀਤਕ ਜਾਂ ਕੰਮ-ਢੰਗ ਦੇ ਮੱਤਭੇਦਾਂ ਕਾਰਨ ਇਹੋ ਜਿਹੀ ਨੌਬਤ ਆ ਜਾਵੇ ਤਾਂ ਲੋਕ-ਰਾਜ ਵਿਚ ਇਹ ਬੁਰੀ ਗੱਲ ਨਹੀਂ ਹੁੰਦੀ, ਪਰ ਜਦੋਂ ਹੁਣ ਵਾਂਗ ਦਾਗੀ ਹੋ ਕੇ ਬੰਦਾ ਬਾਹਰ ਨਿਕਲਦਾ ਹੈ ਤਾਂ ਇਹ ਸਿਰਫ ਉਸ ਬੰਦੇ ਲਈ ਨਹੀਂ, ਸਾਰੇ ਪ੍ਰਬੰਧ ਲਈ ਸ਼ਰਮ ਵਾਲੀ ਗੱਲ ਹੁੰਦੀ ਹੈ, ਜਿਹੜਾ ਗੱਦੀਆਂ ਦੇ ਕੇ ਬੰਦਿਆਂ ਨੂੰ ਬੰਧੇਜ ਵਿਚ ਰੱਖਣ ਵਾਲਾ ਸਾਬਤ ਨਹੀਂ ਹੁੰਦਾ।

ਹੁਣ ਵਾਲੀ ਸਰਕਾਰ ਵਿਚ ਇੱਦਾਂ ਦਾ ਅਸਤੀਫਾ ਤੀਸਰੇ ਬੰਦੇ ਤੋਂ ਲਿਆ ਗਿਆ ਹੈ। ਪਹਿਲਾਂ ਕਾਂਗਰਸ ਪਾਰਟੀ ਦੇ ਸ਼ਸ਼ੀ ਥਰੂਰ ਨੂੰ ਵਜ਼ੀਰੀ ਛੱਡਣ ਨੂੰ ਕਿਹਾ ਗਿਆ ਸੀ। ਉਹ ਵਿਦੇਸ਼



ਪੀ. ਚਿਦੰਬਰਮ ਕਪਿਲ ਸਿੱਬਲ

ਮਹਿਕਮੇ ਦਾ ਰਾਜ ਮੰਤਰੀ ਸੀ ਪਰ ਜਦੋਂ ਉਸ ਨੂੰ ਪ੍ਰਧਾਨ ਮੰਤਰੀ ਨਾਲ ਵਿਦੇਸ਼ ਦੌਰੇ ਉੱਤੇ ਹੋਣਾ ਚਾਹੀਦਾ ਸੀ, ਓਦੋਂ ਉਹ ਆਈ.ਪੀ.ਐੱਲ. ਕ੍ਰਿਕਟ ਵਿਚ ਕੋਚੀ ਦੀ ਟੀਮ ਸ਼ਾਮਲ ਕਰਵਾਉਣ ਲਈ ਕਈ ਸੌ ਕਰੋੜ ਰੁਪਏ ਦੇ ਲੈਣ-ਦੇਣ ਦੀ ਪਰਦੇ ਓਹਲੇ ਦੀ ਖੇਡ ਖੇਡਦਾ ਫਸ ਗਿਆ ਸੀ। ਉਸ ਦੇ ਪਿੱਛੋਂ ਡੀ.ਐਮ.ਕੇ. ਪਾਰਟੀ ਦਾ ਟੈਲੀਕਾਮ ਮੰਤਰੀ ਏ. ਰਾਜਾ ਅਸਤੀਫਾ ਦੇਣ ਲਈ ਮਜਬੂਰ ਹੋਇਆ ਸੀ ਜਿਸ ਉੱਤੇ ਦੋਸ਼ ਲੱਗਾ ਸੀ ਕਿ ਉਸ ਨੇ ਸੱਠ ਹਜ਼ਾਰ ਰੁਪਏ ਦੀ ਕਾਲੀ ਕਮਾਈ ਕਰਨ ਲਈ ਮੁਲਕ ਦੇ ਖਜ਼ਾਨੇ ਨੂੰ ਇਕ ਲੱਖ ਛਿਹੱਤਰ ਹਜ਼ਾਰ ਰੁਪਏ ਦਾ ਰਗੜਾ ਲਵਾ ਦਿੱਤਾ ਸੀ। ਜੇ ਇਹ ਦੋਵੇਂ ਅੰਕੜੇ ਠੀਕ ਹਨ ਤਾਂ ਉਸ ਮੰਤਰੀ ਨੇ ਚੋਰਾਂ ਨਾਲ 'ਚਵਾਨੀ ਪੱਤੀ' ਤੋਂ ਵੀ ਵਧ ਕੇ ਪੈਂਤੀ ਪੈਸੇ ਦਾ ਹਿੱਸਾ ਕੀਤਾ ਪਿਆ ਸੀ। ਹੁਣ ਵਾਰੀ ਫਿਰ ਉਸੇ ਡੀ.ਐਮ.ਕੇ. ਪਾਰਟੀ ਦੇ ਇਕ ਹੋਰ ਮੰਤਰੀ ਦਯਾਨਿਧੀ ਮਾਰਨ ਦੀ ਆ ਗਈ ਹੈ। ਉਸ ਉੱਤੇ ਇਹ ਦੋਸ਼ ਹੈ ਕਿ ਜਿਹੜੀ ਲੰਮੀ ਛਾਲ ਪਿਛਲੇ ਮੰਤਰੀ ਏ. ਰਾਜਾ ਨੇ ਮਾਰੀ ਸੀ, ਉਨ੍ਹਾਂ ਦਾ ਪੜੁੱਲ ਦਯਾਨਿਧੀ ਮਾਰਨ ਬੰਨ੍ਹ ਕੇ ਗਿਆ ਸੀ।

ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੀ ਪਹਿਲੀ ਵਾਰੀ ਵਿਚ ਦਯਾਨਿਧੀ ਮਾਰਨ ਨੂੰ ਟੈਲੀਕਾਮ ਮਹਿਕਮੇ ਦਾ ਮੰਤਰੀ ਬਣਾਇਆ ਗਿਆ ਸੀ। ਉਸ ਮਿਆਦ ਦੌਰਾਨ ਉਸ ਨੇ ਦੋ ਵੱਡੇ ਮਾਅਰਕੇ ਮਾਰੇ ਸਨ। ਪਹਿਲਾ ਤਾਂ ਇਹ ਕਿ ਆਪਣੇ ਰਾਜ ਤਾਮਿਲ ਨਾਡੂ ਦੀ ਟੈਲੀਕਾਮ ਕੰਪਨੀ ਏਅਰਸੈਲ ਦੇ ਮਾਲਕ ਸੀ. ਸ਼ਿਵਸ਼ੰਕਰਨ ਦਾ ਲਾਇਸੈਂਸ ਰੋਕ ਲਿਆ, ਤੇ ਉਸ ਨੂੰ ਇਹ ਕੰਪਨੀ ਮਲੇਸ਼ੀਆ ਦੀ ਕੰਪਨੀ ਮੈਕਸਿਸ ਨੂੰ ਵੇਚਣ ਲਈ ਮਜਬੂਰ ਕਰ ਦਿੱਤਾ ਸੀ। ਜਿੰਨੀ ਦੇਰ ਸ਼ਿਵਸ਼ੰਕਰਨ ਅੜਿਆ ਰਿਹਾ, ਓਨੀ ਦੇਰ ਤੱਕ ਦਯਾਨਿਧੀ ਮਾਰਨ ਨੇ ਲਾਇਸੈਂਸ ਦੀ ਉਹ ਫਾਈਲ ਰੋਕੀ ਰੱਖੀ ਸੀ, ਪਰ ਜਦੋਂ ਉਸ ਨੇ ਕੰਪਨੀ ਵੇਚ ਦਿੱਤੀ, ਨਵੇਂ ਮਾਲਕਾਂ ਨੂੰ ਆਉਂਦੇ ਸਾਰ ਉਹੋ ਲਾਇਸੈਂਸ ਦਯਾਨਿਧੀ ਮਾਰਨ ਨੇ ਦੇ ਦਿੱਤਾ ਸੀ। ਬਦਲੇ ਵਿਚ ਮੈਕਸਿਸ ਕੰਪਨੀ ਨੇ ਦਯਾਨਿਧੀ ਮਾਰਨ ਦੇ ਭਰਾ ਕਲਾਨਿਧੀ ਮਾਰਨ ਦੇ 'ਸੰਨ ਟੀ.ਵੀ.' ਦੀ ਕੰਪਨੀ ਵਿਚੋਂ ਵੀਹ ਫੀਸਦੀ ਸ਼ੇਅਰ ਖਰੀਦਣ ਦੇ ਬਹਾਨੇ ਦੋ ਸੌ ਪੈਂਤੀ ਕਰੋੜ ਰੁਪਏ ਉਸ ਨੂੰ ਦੇ ਦਿੱਤੇ ਸਨ।

ਦੂਸਰਾ ਦੋਸ਼ ਇਸ ਤੋਂ ਵੀ ਵੱਧ ਗੰਭੀਰ ਹੈ। ਦਯਾਨਿਧੀ ਦੇ ਭਰਾ ਕਲਾਨਿਧੀ ਮਾਰਨ ਦੀ ਕੰਪਨੀ ਨੂੰ ਟੈਲੀਫੋਨ ਲਾਈਨਾਂ ਦੀ ਲੋੜ ਸੀ। ਸਕਾ ਭਰਾ ਭਾਰਤ ਸਰਕਾਰ ਦਾ ਟੈਲੀਕਾਮ ਮੰਤਰੀ ਸੀ, ਇਸ ਦਾ ਲਾਭ ਇਹ ਹੋਇਆ ਕਿ ਸਰਕਾਰੀ ਕੰਟਰੋਲ ਵਾਲੀ ਭਾਰਤ ਸੰਚਾਰ ਨਿਗਮ ਲਿਮਿਟਿਡ (ਬੀ.ਐਸ.ਐਨ.ਐਲ.) ਦੀਆਂ ਤਿੰਨ ਸੌ ਤੋਂ ਵੱਧ ਲਾਈਨਾਂ ਮੰਤਰੀ ਦੇ ਘਰ ਦੇ ਦਿੱਤੀਆਂ ਗਈਆਂ ਅਤੇ ਉਨ੍ਹਾਂ ਦੀ ਮੁਫਤ ਵਰਤੋਂ ਮੰਤਰੀ ਦਾ ਭਰਾ ਕਲਾਨਿਧੀ ਆਪਣੀ ਕੰਪਨੀ ਲਈ ਕਰਦਾ ਰਿਹਾ। ਇੰਜ ਕਰੋੜਾਂ ਰੁਪਏ ਦੀ ਕਮਾਈ ਮੰਤਰੀ ਦੇ ਭਰਾ ਦੀ ਕੰਪਨੀ ਕਰਦੀ ਰਹੀ ਜਿਸ ਵਿਚ ਮੰਤਰੀ ਦਾ ਵੀ ਲਾਭ ਸੀ ਅਤੇ ਚੱਟੀ ਭਾਰਤ ਸਰਕਾਰ ਦੀ ਕੰਪਨੀ ਨੂੰ ਭਰਨੀ ਪੈ ਗਈ। ਜਦੋਂ ਪੜਤਾਲ ਅੱਗੇ ਵਧੇਗੀ, ਹਾਲੇ ਪਤਾ ਨਹੀਂ ਹੋਰ ਕਿੰਨੇ ਕੁ ਪਾਪ ਜ਼ਾਹਰ ਹੋਣਗੇ।

ਦਯਾਨਿਧੀ ਮਾਰਨ ਕੋਈ ਓਪਰਾ ਨਹੀਂ, ਡੀ.ਐਮ.ਕੇ. ਪਾਰਟੀ ਦੇ ਉਸੇ ਮੁਖੀ ਕਰੁਣਾਨਿਧੀ ਦਾ ਭਤੀਜਾ ਹੈ ਜਿਸ ਦੀ ਆਪਣੀ ਪਾਰਲੀਮੈਂਟ ਮੈਂਬਰ ਧੀ ਕਨੀਮੋੜੀ ਇਸ ਵਕਤ ਤਿਹਾੜ ਦੀ ਜੇਲ੍ਹ ਵਿਚ ਹੈ। ਉਸ ਕੁੜੀ ਉੱਤੇ ਇਹ ਦੋਸ਼ ਹੈ ਕਿ ਸਾਬਕਾ ਮੰਤਰੀ ਏ. ਰਾਜਾ ਨਾਲ ਉਹ ਵੀ ਟੈਲੀਕਾਮ ਦੇ ਇਕ ਲੱਖ ਛਿਹੱਤਰ ਹਜ਼ਾਰ ਕਰੋੜ ਦੇ ਧੋਖਾਧੜੀ ਦੇ ਘਾਲੇ-ਮਾਲੇ ਵਿਚ ਸ਼ਾਮਲ ਸੀ। ਸਿੱਧਾ ਪੈਸਾ ਲੈਣ ਦੀ ਥਾਂ ਉਸ ਨੇ ਬਾਈਪਾਸ ਵਰਤਿਆ ਸੀ। ਸ਼ਾਹਿਦ ਬਲਵਾ ਦੀ ਕੰਪਨੀ ਦਾ ਟੈਲੀਕਾਮ ਮੰਤਰੀ ਏ. ਰਾਜਾ ਤੋਂ ਭਲਾ ਕਰਵਾ ਦਿੱਤਾ, ਤੇ ਫਿਰ ਬਲਵਾ ਦੀ ਕੰਪਨੀ ਤੋਂ ਆਪਣੀ 'ਕਲਾਈਨਰ ਟੀ ਵੀ' ਕੰਪਨੀ ਲਈ ਤਿੰਨ ਸੌ ਕਰੋੜ ਦੇ ਨੇੜੇ-ਤੇੜੇ ਰਕਮ ਲੈ ਲਈ। ਰੌਲਾ ਪਿਆ ਤਾਂ ਕਹਿ ਦਿੱਤਾ ਕਿ ਕਰਜ਼ਾ ਲਿਆ ਹੈ। ਕਿਸੇ ਕੰਪਨੀ ਤੋਂ ਕੋਈ ਕੰਪਨੀ ਕਰਜ਼ਾ ਲਵੇ ਤਾਂ ਉਸ ਦੇ ਕਾਗਜ਼-ਪੱਤਰ ਪਹਿਲਾਂ ਬਣਾਏ ਜਾਂਦੇ ਹਨ, ਇਥੇ ਨਹੀਂ ਸਨ ਬਣਵਾਏ ਗਏ ਤੇ ਜਦੋਂ ਰਿਸ਼ਵਤ ਦਾ ਦੋਸ਼ ਲੱਗਾ ਤਾਂ ਕਰਜ਼ੇ ਦੀ ਲੋੜ ਵੀ ਰਾਤੋ-ਰਾਤ ਖਤਮ ਹੋ ਗਈ ਤੇ ਪੈਸੇ ਵੀ ਝੱਟ ਮੋੜ ਦਿੱਤੇ ਗਏ। ਹੁਣ ਉਸ ਵਕਤ ਦਾ ਮੰਤਰੀ ਏ. ਰਾਜਾ ਤਿਹਾੜ ਜੇਲ੍ਹ ਵਿਚ ਹੈ, ਉਸ ਤੋਂ ਲਾਭ ਕਮਾਉਣ ਵਾਲਾ ਸ਼ਾਹਿਦ ਬਲਵਾ ਵੀ ਅਤੇ ਸ਼ਾਹਿਦ ਬਲਵਾ ਤੋਂ ਕਰੋੜਾਂ ਰੁਪਏ ਦਾ 'ਕਰਜ਼ਾ' ਲੈਣ ਵਾਲੀ ਕਨੀਮੋੜੀ ਵੀ ਉਥੇ ਹੈ। ਅਗਲੇ ਦਿਨਾਂ ਵਿਚ ਉਨ੍ਹਾਂ ਦੇ ਨਾਲ ਦੀ ਕਿਸੇ ਬੈਰਕ ਵਿਚ ਹੁਣ ਗੱਦੀ ਛੱਡ ਕੇ ਗਿਆ ਕੇਂਦਰੀ ਮੰਤਰੀ ਦਯਾਨਿਧੀ ਮਾਰਨ ਵੀ ਜਾ ਪਹੁੰਚਣ ਦੀ ਆਸ ਕੀਤੀ ਜਾ ਸਕਦੀ ਹੈ ਤੇ ਉਸ ਦੇ ਭਰਾ ਕਲਾਨਿਧੀ ਮਾਰਨ ਦੇ ਚਰਨ ਵੀ ਉਥੇ ਪੈ ਸਕਦੇ ਹਨ।

ਵਜ਼ੀਰੀ ਛੱਡਣ ਦੀ ਤਾਜ਼ਾ ਘਟਨਾ ਦੇ ਬਾਅਦ ਡੀ.ਐਮ.ਕੇ. ਪਾਰਟੀ ਦੇ ਮੁਖੀ ਕਰੁਣਨਿਧੀ ਨੇ ਇਹ ਦੋਸ਼ ਲਾਇਆ ਹੈ ਕਿ ਮੀਡੀਆ ਇਸ ਦੇਸ਼ ਨੂੰ ਆਪਣੀ ਮਰਜ਼ੀ ਨਾਲ ਚਲਾਉਣਾ ਚਾਹੁੰਦਾ ਹੈ। ਉਸ ਦਾ ਕਹਿਣਾ ਹੈ ਕਿ ਜੋ ਮਰਜ਼ੀ ਦੋਸ਼ ਲਾ ਕੇ ਕਿਸੇ ਨੂੰ ਬਦਨਾਮ ਕਰ ਦਿੱਤਾ ਜਾਂਦਾ ਹੈ ਤੇ ਫਿਰ ਉਸ ਬੰਦੇ ਨੂੰ ਕੁਰਸੀ ਛੱਡ ਕੇ ਜੇਲ੍ਹ ਜਾਣਾ ਪੈ ਜਾਂਦਾ ਹੈ। ਜਦੋਂ ਕਰੁਣਾਨਿਧੀ ਦੀ ਵਿਰੋਧੀ ਬੀਬੀ ਜੈਲਲਿਤਾ ਨੂੰ ਭ੍ਰਿਸ਼ਟਾਚਾਰ ਦੇ ਦੋਸ਼ਾਂ ਹੇਠ ਜੇਲ੍ਹ ਜਾਣਾ ਪਿਆ ਸੀ, ਉਦੋਂ ਕਰੁਣਾਨਿਧੀ ਨੂੰ ਮੀਡੀਏ ਦਾ ਰੋਲ ਬੁਰਾ ਨਹੀਂ ਸੀ ਲੱਗਾ ਪਰ ਮੀਡੀਏ ਦੀ ਭੂਮਿਕਾ ਆਪਣੇ ਘਰ ਤੱਕ ਆ ਪਹੁੰਚੀ ਤਾਂ ਬੁਰਾ ਲੱਗਣ ਲੱਗ ਪਿਆ ਹੈ। ਸਿਰਫ ਉਸੇ ਨੂੰ ਨਹੀਂ, ਸਾਰੇ ਚੋਰਾਂ ਨੂੰ ਮੀਡੀਏ ਵੱਲੋਂ ਪਰਦੇ ਚਾਕ ਕਰਨਾ ਬੁਰਾ ਲੱਗਦਾ ਹੈ। ਇਹ ਗੱਲ ਕੋਈ ਨਹੀਂ ਕਹਿੰਦਾ ਕਿ ਮੀਡੀਏ ਵਿਚ ਨੁਕਸ ਤੇ ਬੁਰੇ ਬੰਦੇ ਨਹੀਂ। ਮੀਡੀਏ ਵਿਚ ਵੀ ਕਾਲੀਆਂ ਭੇਡਾਂ ਹਨ। ਜਦੋਂ ਟੈਲੀਕਾਮ ਸਕੈਂਡਲ ਵਿਚ ਲਾਬੀ ਕਰਨ ਵਾਲੀ ਨੀਰਾ ਰਾਡੀਆ ਦਾ ਮਾਮਲਾ ਸਾਹਮਣੇ ਆਇਆ ਤਾਂ ਉਸ ਵਿਚ ਮੀਡੀਏ ਦੀਆਂ ਕੁਝ ਕਾਲੀਆਂ ਭੇਡਾਂ ਨੂੰ ਬੇਪਰਦ ਕਰਨ ਦਾ ਕੰਮ ਵੀ ਖੁਦ ਮੀਡੀਏ ਨੇ ਕੀਤਾ ਸੀ, ਲੀਡਰ ਤੇ ਕੰਪਨੀਆਂ ਦੇ ਮਾਲਕ ਤਾਂ ਉਨ੍ਹਾਂ ਨਾਲ ਵੀ ਘਿਓ-ਖਿਚੜੀ ਹੋ ਕੇ ਕੰਮ ਚਲਾਉਣ ਲੱਗੇ ਰਹੇ ਸਨ। ਸਰਕਾਰਾਂ ਚਲਾਉਣ ਦਾ ਕੰਮ ਲੀਡਰਾਂ ਤੋਂ ਲੈ ਕੇ ਮੀਡੀਏ ਦੇ ਹਵਾਲੇ ਕਰ ਦੇਣ ਦੀ ਮੰਗ ਤਾਂ ਕੋਈ ਨਹੀਂ ਕਰਦਾ, ਪਰ ਲੋਕ-ਰਾਜ ਦਾ ਚੌਥਾ ਥੰਮ੍ਹ ਹੋਣ ਕਰ ਕੇ ਮੀਡੀਏ ਦੀ ਭੂਮਿਕਾ ਲੋਕਾਂ ਨੂੰ ਇਹ ਦੱਸਣ ਦੀ ਰਹਿਣੀ ਹੈ ਕਿ ਗੱਠੜੀ ਨੂੰ ਚੋਰ ਕਿੱਥੇ ਲੱਗੇ ਹੋਏ ਹਨ, ਇਸ ਵਿਚ ਇਤਰਾਜ਼ ਕਾਹਦਾ?

ਇਤਰਾਜ਼ ਹੀ ਕਰਨਾ ਹੈ ਤਾਂ ਲੀਡਰਾਂ ਨੂੰ ਨਹੀਂ, ਲੋਕਾਂ ਨੂੰ ਕਰਨਾ ਚਾਹੀਦਾ ਹੈ ਕਿ 'ਚੋਰ-ਚੋਰ ਮਸੇਰੇ ਭਾਈ' ਬਣ ਕੇ ਜਦੋਂ ਕਈ ਲੀਡਰ ਖਾਣ ਲੱਗਿਆਂ ਬੂਥੇ ਵੀ ਲਬੇੜੀ ਫਿਰਦੇ ਹਨ, ਉਦੋਂ ਵੀ ਬਚੇ-ਖੁਚੇ ਇਮਾਨਦਾਰ ਜਾਂ ਚੁੱਪ ਰਹਿੰਦੇ ਹਨ, ਜਾਂ ਉਨ੍ਹਾਂ ਦੀ ਢਾਲ ਬਣ ਖੜੋਂਦੇ ਹਨ। ਹਾਲੇ ਸਿਰਫ ਇੰਨਾ ਇਤਰਾਜ਼ ਹੈ ਅਤੇ ਲੀਡਰਾਂ ਉੱਤੇ ਹੀ ਹੈ, ਪਰ ਅਗਲੇ ਦਿਨੀਂ ਲੋਕਾਂ ਨੂੰ ਮੀਡੀਏ ਵਾਲਿਆਂ ਉੱਤੇ ਵੀ ਇਤਰਾਜ਼ ਕਰਨਾ ਪੈ ਸਕਦਾ ਹੈ ਕਿ ਉਹ 'ਬਚੇ-ਖੁਚੇ ਇਮਾਨਦਾਰ' ਵਾਲੀ ਰਟ ਲਾ ਕੇ ਲੋਕਾਂ ਨੂੰ ਫੋਕਾ ਧਰਵਾਸ ਦੇਣ ਲੱਗੇ ਰਹਿੰਦੇ ਹਨ। ਹਾਲਾਤ ਇਹ ਹਨ ਕਿ ਜਿਸ ਨੂੰ ਅੱਜ ਇਮਾਨਦਾਰ ਕਿਹਾ ਜਾਂਦਾ ਹੈ, ਕੱਲ੍ਹ ਨੂੰ ਉਸ ਦੇ ਬਾਰੇ ਵੀ ਕਈ ਕੁਝ ਸੁਣਨ ਨੂੰ ਮਿਲ ਜਾਂਦਾ ਹੈ।

***ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੀ ਪਹਿਲੀ ਵਾਰੀ ਵਿਚ ਦਯਾਨਿਧੀ ਮਾਰਨ ਨੂੰ ਟੈਲੀਕਾਮ ਮਹਿਕਮੇ ਦਾ ਮੰਤਰੀ ਬਣਾਇਆ ਗਿਆ ਸੀ। ਉਸ ਮਿਆਦ ਦੌਰਾਨ ਉਸ ਨੇ ਦੋ ਵੱਡੇ ਮਾਅਰਕੇ ਮਾਰੇ ਸਨ। ਪਹਿਲਾ ਤਾਂ ਇਹ ਕਿ ਆਪਣੇ ਰਾਜ ਤਾਮਿਲ ਨਾਡੂ ਦੀ ਟੈਲੀਕਾਮ ਕੰਪਨੀ ਏਅਰਸੈਲ ਦੇ ਮਾਲਕ ਸੀ. ਸ਼ਿਵਸ਼ੰਕਰਨ ਦਾ ਲਾਇਸੈਂਸ ਰੋਕ ਲਿਆ, ਤੇ ਉਸ ਨੂੰ ਇਹ ਕੰਪਨੀ ਮਲੇਸ਼ੀਆ ਦੀ ਕੰਪਨੀ ਮੈਕਸਿਸ ਨੂੰ ਵੇਚਣ ਲਈ ਮਜਬੂਰ ਕਰ ਦਿੱਤਾ ਸੀ। ਜਿੰਨੀ ਦੇਰ ਸ਼ਿਵਸ਼ੰਕਰਨ ਅੜਿਆ ਰਿਹਾ, ਓਨੀ ਦੇਰ ਤੱਕ ਦਯਾਨਿਧੀ ਮਾਰਨ ਨੇ ਲਾਇਸੈਂਸ ਦੀ ਉਹ ਫਾਈਲ ਰੋਕੀ ਰੱਖੀ ਸੀ, ਪਰ ਜਦੋਂ ਉਸ ਨੇ ਕੰਪਨੀ ਵੇਚ ਦਿੱਤੀ, ਨਵੇਂ ਮਾਲਕਾਂ ਨੂੰ ਆਉਂਦੇ ਸਾਰ ਉਹੋ ਲਾਇਸੈਂਸ ਦਯਾਨਿਧੀ ਮਾਰਨ ਨੇ ਦੇ ਦਿੱਤਾ ਸੀ। ਬਦਲੇ ਵਿਚ ਮੈਕਸਿਸ ਕੰਪਨੀ ਨੇ ਦਯਾਨਿਧੀ ਮਾਰਨ ਦੇ ਭਰਾ ਕਲਾਨਿਧੀ ਮਾਰਨ ਦੇ 'ਸੰਨ ਟੀ.ਵੀ.' ਦੀ ਕੰਪਨੀ ਵਿਚੋਂ ਵੀਹ ਫੀਸਦੀ ਸ਼ੇਅਰ ਖਰੀਦਣ ਦੇ ਬਹਾਨੇ ਦੋ ਸੌ ਪੈਂਤੀ ਕਰੋੜ ਰੁਪਏ ਉਸ ਨੂੰ ਦੇ ਦਿੱਤੇ ਸਨ। ਦੂਸਰਾ ਦੋਸ਼ ਵਿੱਧ ਗੰਭੀਰ ਹੈ। ਦਯਾਨਿਧੀ ਦੇ ਭਰਾ ਕਲਾਨਿਧੀ ਮਾਰਨ ਦੀ ਕੰਪਨੀ ਨੂੰ ਟੈਲੀਫੋਨ ਲਾਈਨਾਂ ਦੀ ਲੋੜ ਸੀ। ਦਯਾਨਿਧੀ ਨੇ ਸਰਕਾਰੀ ਕੰਟਰੋਲ ਵਾਲੀ ਭਾਰਤ ਸੰਚਾਰ ਨਿਗਮ ਲਿਮਿਟਿਡ ਦੀਆਂ ਤਿੰਨ ਸੌ ਤੋਂ ਵੱਧ ਲਾਈਨਾਂ ਮੰਤਰੀ ਦੇ ਘਰ ਦੇ ਦਿੱਤੀਆਂ ਗਈਆਂ।***

ਅਸੀਂ ਪਿਛਲੀ ਸਰਕਾਰ ਵੇਲੇ ਵੀ ਇਹ ਗੱਲ ਸੁਣਦੇ ਰਹੇ ਕਿ ਪੀ. ਚਿਦੰਬਰਮ ਉੱਤੇ ਉਂਗਲੀ ਨਹੀਂ ਉਠਾਈ ਜਾ ਸਕਦੀ ਅਤੇ ਜਦੋਂ ਦੂਸਰੀ ਸਰਕਾਰ ਬਣੀ, ਉਦੋਂ ਵੀ ਇਹੋ ਸੁਣਦਿਆਂ ਦੋ ਸਾਲ ਗੁਜ਼ਾਰ ਦਿੱਤੇ, ਪਰ ਹੁਣ ਕਈ ਕੁਝ ਹੋਰ ਸੁਣਿਆ ਜਾਣ ਲੱਗ ਪਿਆ ਹੈ। ਚਿਦੰਬਰਮ ਤਾਂ ਉਹੋ ਹੈ, ਪਰ ਹੁਣ ਪਤਾ ਲੱਗਾ ਹੈ ਕਿ ਉਹ ਜਦੋਂ ਮੰਤਰੀ ਨਹੀਂ ਸੀ, ਇਹੋ ਜਿਹੀਆਂ ਬਹੁ-ਕੌਮੀ ਕੰਪਨੀਆਂ ਦੇ ਵਕੀਲ ਅਤੇ ਡਾਇਰੈਕਟਰ ਦੀ ਭੂਮਿਕਾ ਨਿਭਾਉਂਦਾ ਰਿਹਾ ਹੈ ਜਿਨ੍ਹਾਂ ਉੱਤੇ ਦੇਸ਼ ਦੀ ਦੌਲਤ ਦੋਹੀਂ ਹੱਥੀਂ ਲੁੱਟਣ ਦੇ ਦੋਸ਼ ਲੱਗਦੇ ਹਨ। ਇਹ ਵੀ ਪਤਾ ਲੱਗ ਰਿਹਾ ਹੈ ਕਿ



ਕਨੀਮੋੜੀ ਐਮ. ਕੁਣਾਨਿਧੀ ਦਯਾਨਿਧੀ ਮਾਰਨ

ਖਜ਼ਾਨਾ ਮੰਤਰੀ ਬਣ ਕੇ ਉਸ ਨੇ ਇਹੋ ਜਿਹੀਆਂ ਕੰਪਨੀਆਂ ਦਾ ਕੰਮ ਟੇਢੇ-ਸਿੱਧੇ ਢੰਗ ਨਾਲ ਸੌਖਾ ਕਰਨ ਦੇ ਯਤਨ ਕੀਤੇ ਸਨ। ਚਰਚਾ ਤਾਂ ਚੱਲੇਗੀ ਹੀ। ਇਸ ਵਕਤ ਭਾਰਤ ਸਰਕਾਰ ਦਾ ਟੈਲੀਕਾਮ ਮੰਤਰਾਲਾ ਕਪਿਲ ਸਿੱਬਲ ਦੇ ਕੋਲ ਹੈ। ਉਹ ਪੇਸ਼ੇ ਵਜੋਂ ਵਕੀਲ ਹੈ। ਜਦੋਂ ਸਾਬਕਾ ਮੰਤਰੀ ਏ. ਰਾਜਾ ਨੂੰ ਹਟਾਉਣਾ ਪਿਆ ਸੀ, ਉਦੋਂ ਸਰਕਾਰ ਦੀ ਬਦਹਾਲ ਹੋ ਚੁੱਕੀ ਦਿੱਖ ਨੂੰ ਸੰਭਾਲਣ ਦਾ ਜ਼ਿੰਮਾ ਉਸੇ ਨੂੰ ਸੌਂਪਿਆ ਗਿਆ ਸੀ। ਉਸ ਨੇ ਆਉਣ ਦੇ ਥੋੜ੍ਹੇ ਦਿਨਾਂ ਪਿੱਛੋਂ ਇਹ ਕਹਿ ਕੇ ਦੇਸ਼ ਦੇ ਲੋਕਾਂ ਨੂੰ ਹੈਰਾਨ ਕਰ ਦਿੱਤਾ ਕਿ ਸਾਬਕਾ ਮੰਤਰੀ ਏ. ਰਾਜਾ ਦੇ ਵਕਤ ਇਕ ਲੱਖ ਛਿਹੱਤਰ ਹਜ਼ਾਰ ਕਰੋੜ ਰੁਪਏ ਦੇ ਘਪਲੇ ਦਾ ਇਲਜ਼ਾਮ ਹੀ ਗਲਤ ਹੈ, ਇਕ ਰੁਪਏ ਦਾ ਵੀ ਨੁਕਸਾਨ ਨਹੀਂ ਹੋਇਆ। ਤੈਸ਼ ਵਿਚ ਉਸ ਨੇ ਕੰਪਟਰੋਲਰ ਐਂਡ ਆਡੀਟਰ ਜਨਰਲ (ਕੈਗ) ਬਾਰੇ ਵੀ ਅਬ੍ਹਾ-ਤਬ੍ਹਾ ਬੋਲ ਦਿੱਤਾ ਜਿਸ ਨੇ ਇਹ ਘਪਲਾ ਲੋਕਾਂ ਦੇ ਸਾਹਮਣੇ ਲਿਆਂਦਾ ਸੀ। ਅਗਲੇ ਦਿਨ ਜਦੋਂ ਮਾਮਲਾ ਸੁਪਰੀਮ ਕੋਰਟ ਵਿਚ ਚਲਾ ਗਿਆ, ਤੇ ਉਥੇ ਖਿਚਾਈ ਹੋਈ ਤਾਂ ਕਪਿਲ ਸਿੱਬਲ ਨੇ ਵੀ ਸਾਰੇ ਲੀਡਰਾਂ ਵਾਂਗ ਇਹ ਕਹਿਣਾ ਸ਼ੁਰੂ ਕਰ ਦਿੱਤਾ ਕਿ ਮੀਡੀਏ ਨੇ ਉਸ ਦੀ ਗੱਲ ਨੂੰ ਗਲਤ ਢੰਗ ਨਾਲ ਪੇਸ਼ ਕੀਤਾ ਹੈ। ਇਹ ਗੱਲ ਕਹਿਣ ਵੇਲੇ ਉਸ ਨੂੰ ਇਹ ਭੁੱਲ ਗਿਆ ਕਿ ਮੀਡੀਏ ਨੇ ਸਿਰਫ ਵਿਖਾਇਆ ਸੀ, ਟੀ ਵੀ ਚੈਨਲਾਂ ਮੂਹਰੇ ਬੈਠੇ ਲੋਕਾਂ ਨੇ ਇਹ ਗੱਲਾਂ ਕਹਿ ਰਹੇ ਸਿੱਬਲ ਨੂੰ ਆਪ ਸੁਣਿਆ ਸੀ। ਹੁਣ ਉਹੋ ਕਪਿਲ ਸਿੱਬਲ ਜਿਹੜਾ ਕੱਲ੍ਹ ਤੱਕ ਏ. ਰਾਜਾ ਲਈ ਏਥੋਂ ਤੱਕ ਚਲਾ ਗਿਆ ਸੀ, ਆਪ ਵੀ ਇਕ ਵੱਡੇ ਦੂਸ਼ਣ ਦੀ ਮਾਰ ਹੇਠ ਆ ਗਿਆ ਹੈ। ਇਸ ਵਾਰੀ ਮਾਮਲਾ ਤਾਂ ਇਕ ਮੰਤਰੀ ਵੱਲੋਂ ਇਕ ਟੈਲੀਕਾਮ ਕੰਪਨੀ ਨਾਲ ਲਿਹਾਜ ਦਾ ਹੀ ਹੈ, ਪਰ ਇਹ ਪਿਛਲੇ ਮੰਤਰੀਆਂ ਵੱਲੋਂ ਕਿਸੇ ਕੰਪਨੀ ਨੂੰ ਲਾਇਸੈਂਸ ਜਾਰੀ ਕਰਨ ਦਾ ਨਾ ਹੋ ਕੇ ਕਿਸੇ ਕੰਪਨੀ ਦਾ ਜੁਰਮਾਨਾ ਘਟਾਉਣ ਲਈ ਲਿਹਾਜ ਵਰਤਣ ਦਾ ਬਣਦਾ ਹੈ।

ਸ਼ਿਕਾਇਤ ਇਹ ਹੈ ਕਿ ਟੈਲੀਕਾਮ ਮੰਤਰੀ ਕਪਿਲ ਸਿੱਬਲ ਕੋਲ ਰਿਲਾਇੰਸ ਕੰਪਨੀ ਦੀ ਫਾਈਲ ਆਈ ਜਿਸ ਨੂੰ ਛੇ ਸੌ ਪੰਜਾਹ ਕਰੋੜ ਰੁਪਏ ਦਾ ਜੁਰਮਾਨਾ ਹੋਣਾ ਸੀ। ਮਾੜੀ-ਮੋਟੀ ਕਾਰਵਾਈ ਪਿੱਛੋਂ ਸਿੱਬਲ ਨੇ ਇਹ ਜੁਰਮਾਨਾ ਘਟਾ ਕੇ ਸਿਰਫ ਪੰਜ ਕਰੋੜ ਰੁਪਏ ਰਹਿਣ ਦਿੱਤਾ ਅਤੇ ਬਾਕੀ ਦਾ ਛੇ ਸੌ ਪੰਜਤਾਲੀ ਕਰੋੜ ਰੁਪਏ ਮੁਆਫ ਕਰ ਦਿੱਤਾ। ਮੀਡੀਆ ਸਮੇਤ ਦੇਸ਼ ਦੇ ਹਰ ਨਾਗਰਿਕ ਨੂੰ ਇਹ ਕਹਿਣ ਦਾ ਹੱਕ ਹੈ ਕਿ ਛੇ ਸੌ ਪੰਜਤਾਲੀ ਕਰੋੜ ਦੀ ਇਹ ਲਿਹਾਜਦਾਰੀ ਪੁੰਨਾ-ਰੱਥੀ ਨਹੀਂ ਕੀਤੀ ਹੋ ਸਕਦੀ, ਤੇ ਲੋਕ ਕਹਿੰਦੇ ਵੀ ਹਨ। ਮੁੱਦਾ ਇਕ ਜਨ ਹਿੱਤ ਪਟੀਸ਼ਨ ਰਾਹੀਂ ਸੁਪਰੀਮ ਕੋਰਟ ਤੱਕ ਵੀ ਜਾ ਪੁੱਜਾ ਹੈ। ਕਪਿਲ ਸਿੱਬਲ ਇਸ ਗੱਲ ਉੱਤੇ ਨਾਰਾਜ਼ ਹੈ ਕਿ ਪਟੀਸ਼ਨ ਵੀ ਗਲਤ ਹੈ ਤੇ ਫਿਰ ਮੀਡੀਏ ਨੂੰ ਉਸ ਦੀ ਸੂਚਨਾ ਦੇਣਾ ਵੀ ਗਲਤ ਹੈ। ਬਾਕੀ ਸਾਰੇ ਗਲਤ ਹਨ, ਸਿਰਫ ਕਪਿਲ ਸਿੱਬਲ ਠੀਕ ਹੈ। ਜੰਝ ਕੁਪੱਤੀ ਹੈ ਅਤੇ ਸੁਥਰਾ ਭਲਾਮਾਣਸ ਹੈ। ਕਿਸੇ ਵੀ ਨਾਗਰਿਕ ਨੂੰ ਇਹ ਜਾਣਨ ਦਾ ਹੱਕ ਹੈ ਕਿ ਮੰਤਰੀ ਨੇ ਇੰਨੀ ਲਿਹਾਜਦਾਰੀ ਕਿਉਂ ਕੀਤੀ ਹੈ?

ਜਾਣਨ ਦਾ ਲੋਕਾਂ ਦਾ ਹੱਕ ਸਿਰਫ ਏਥੋਂ ਤੱਕ ਸੀਮਤ ਨਹੀਂ ਹੋ ਸਕਦਾ ਕਿ ਕਿਸੇ ਮੰਤਰੀ ਨੇ ਲਿਹਾਜਦਾਰੀ ਕਿਉਂ ਕੀਤੀ, ਸਗੋਂ ਇਥੋਂ ਤੱਕ ਹੋਣਾ ਚਾਹੀਦਾ ਹੈ ਕਿ ਮੰਤਰੀਆਂ ਦੇ ਹੱਥ ਇੰਨੀ ਲਿਹਾਜਦਾਰੀ ਦਾ ਕਾਨੂੰਨੀ 'ਹੱਕ' ਹੀ ਕਿ ਕਿਉਂ ਚਾਹੀਦਾ ਹੈ? ਕਮਾਲ ਦੀ ਗੱਲ ਹੈ ਕਿ ਕਿਸੇ ਕੰਪਨੀ ਨੂੰ ਪਹਿਲਾਂ ਛੇ ਸੌ ਪੰਜਾਹ ਕਰੋੜ ਰੁਪਏ ਦਾ ਜੁਰਮਾਨਾ ਲਾਇਆ ਜਾਵੇ ਤੇ ਫਿਰ ਸਿਰਫ ਪੰਜ ਕਰੋੜ ਵਸੂਲ ਕੇ ਬਾਕੀ ਛੱਡ ਦਿੱਤੇ ਜਾਣ। ਇਹੋ ਜਿਹੇ ਹੱਕ ਕਈ ਥਾਈਂ ਦਿੱਤੇ ਪਏ ਹਨ ਜਿਨ੍ਹਾਂ ਦੀ ਖੁੱਲ੍ਹੀ ਵਰਤੋਂ ਹੀ ਨਹੀਂ, ਦੁਰਵਰਤੋਂ ਦੇ ਦੋਸ਼ ਲੱਗਦੇ ਹਨ।

ਸਾਡੇ ਪੰਜਾਬ ਵਿਚ ਬਾਰਾਂ-ਤੇਰਾਂ ਸਾਲ ਪਹਿਲਾਂ ਇਕ ਵਿਧਾਨ ਸਭਾ ਚੋਣ ਹਾਰ ਕੇ ਵਜ਼ੀਰੀ ਤੋਂ ਖੁੰਝ ਗਏ ਅਕਾਲੀ ਆਗੂ ਨੂੰ ਬਿਜਲੀ ਬੋਰਡ ਦਾ ਚੇਅਰਮੈਨ ਲਾ ਦਿੱਤਾ ਗਿਆ। ਉਸ ਦੇ ਸਾਹਮਣੇ ਬਠਿੰਡੇ ਦੀ ਮਿੱਲ ਦੀ ਫਾਈਲ ਗਈ ਜਿਸ ਨੂੰ ਪੈਂਹਠ ਲੱਖ ਰੁਪਏ ਜੁਰਮਾਨਾ ਕੀਤਾ ਗਿਆ ਸੀ। ਕੁਝ ਦਿਨ ਬਾਅਦ ਚੇਅਰਮੈਨ ਸਾਹਿਬ ਨੇ ਜੁਰਮਾਨਾ ਘਟਾ ਕੇ ਸਿਰਫ ਛੇ ਲੱਖ ਰੁਪਏ ਕਰ ਦਿੱਤਾ। ਜਦੋਂ ਇਸ ਦਾ ਰੌਲਾ ਪਿਆ ਤਾਂ ਕਹਿ ਦਿੱਤਾ ਗਿਆ ਕਿ ਚੇਅਰਮੈਨ ਨੇ ਆਪਣੇ ਹੱਕ ਦੀ ਵਰਤੋਂ ਕੀਤੀ ਹੈ, ਕੁਝ ਵੀ ਗਲਤ ਨਹੀਂ ਕੀਤਾ। 'ਹੱਕ' ਕਹਿ ਕੇ ਨਾਹੱਕ ਦੇ ਲਿਹਾਜ ਵਰਤਣ ਦਾ ਸਿਲਸਿਲਾ ਹਰ ਥਾਂ ਚੱਲ ਰਿਹਾ ਹੈ। ਨੌਕਰੀਆਂ ਦੀ ਵੰਡ ਵੇਲੇ ਸੱਤਰ ਫੀਸਦੀ ਨੰਬਰ ਲੈਣ ਵਾਲੇ ਨੂੰ ਇੰਟਰਵਿਊ ਵੇਲੇ ਵੀਹ ਵਿਚੋਂ ਅਠਾਰਾਂ ਨੰਬਰ ਦੇ ਕੇ ਅਠਾਸੀ ਨਾਲ ਉੱਤੇ ਲਿਜਾਇਆ ਜਾਂਦਾ ਹੈ ਅਤੇ ਅੱਸੀ ਫੀਸਦੀ ਵਾਲੇ ਨੂੰ ਇੰਟਰਵਿਊ ਵੇਲੇ ਵੀਹਾਂ ਵਿਚੋਂ ਸਿਰਫ ਚਾਰ ਨੰਬਰ ਦੇ ਕੇ ਚੁਰਾਸੀ ਦੇ ਗੇੜ ਵਿਚ ਫਸਾਉਣ ਅਤੇ ਪਿੱਛੇ ਧੱਕ ਦੇਣ ਨੂੰ ਵੀ 'ਹੱਕ' ਦੀ ਵਰਤੋਂ ਕਿਹਾ ਜਾਂਦਾ ਹੈ। ਕਿਸੇ ਜੁਰਮ ਬਦਲੇ ਕਾਨੂੰਨ ਨੇ ਸਜ਼ਾ ਦੀ ਹੱਦ ਤਿੰਨ ਸਾਲ ਤੋਂ ਲੈ ਕੇ ਦਸ ਸਾਲ ਤੱਕ ਮਿਥੀ ਹੁੰਦੀ ਹੈ। ਉਥੇ ਵੀ ਜੱਜ ਦੀ ਮਰਜ਼ੀ ਚੱਲਦੀ ਹੈ। ਇਹ ਫੈਸਲਾ ਉਸ ਨੇ ਕਰਨਾ ਹੁੰਦਾ ਹੈ ਕਿ ਸਜ਼ਾ ਦੇਣ ਵੇਲੇ ਸਖਤ ਰਵੱਈਆ ਰੱਖ ਕੇ ਦਸ ਸਾਲ ਲਈ ਜੇਲ੍ਹ ਭੇਜਣਾ ਹੈ ਕਿ ਨਰਮੀ ਰੱਖ ਕੇ ਤਿੰਨ ਕੁ ਸਾਲ ਨਾਲ ਹੀ ਬੁੱਤਾ ਸਾਰ ਦੇਣਾ ਹੈ।

ਸਰਕਾਰਾਂ ਨੂੰ ਹੱਕ ਹੈ ਕਿ ਉਹ ਕਿਸੇ ਵੀ ਅਪਰਾਧੀ ਦੀ ਸਜ਼ਾ ਵਿਚ ਛੋਟ ਦੇ ਸਕਦੀਆਂ ਹਨ। ਭਾਰਤ ਦੇ ਲਗਭਗ ਹਰ ਰਾਜ ਦੇ ਇਹ ਕਿੱਸੇ ਅਸੀਂ ਸੁਣ ਚੁੱਕੇ ਹਾਂ ਕਿ ਮਾਮੂਲੀ ਜੁਰਮ ਕਰਨ ਵਾਲੇ ਕਈ ਲੋਕਾਂ ਨੂੰ ਜ਼ਮਾਨਤ ਵੀ ਨਹੀਂ ਮਿਲਦੀ, ਤੇ ਕਈ ਬਨਦੀ ਸਜ਼ਾ ਤੋਂ ਵੱਧ ਭੁਗਤ ਕੇ ਵੀ ਅੰਦਰ ਸੜਦੇ ਰਹਿੰਦੇ ਹਨ ਪਰ ਪਹੁੰਚ ਵਾਲੇ ਸਖਤ ਜੁਰਮ, ਕਤਲ, ਵੀ ਕਰ ਕੇ ਆਪਣੀ ਸਜ਼ਾ ਮੁਆਫ ਕਰਵਾਉਣ ਵਿਚ ਕਾਮਯਾਬ ਹੋ ਜਾਂਦੇ ਹਨ, ਕਿਉਂਕਿ 'ਨੇਕ-ਚੱਲਣੀ' ਦੇ ਬਹਾਨੇ ਹੇਠ ਸਰਕਾਰਾਂ ਨੂੰ ਇਹ ਛੋਟ ਦੇਣ ਦਾ 'ਹੱਕ' ਹੈ।

ਗੱਲਾਂ ਕਰਨ ਵੇਲੇ ਅਸੀਂ ਅਸਮਾਨ ਨੂੰ ਟਾਕੀ ਲਾਉਂਦੇ ਹੋਏ ਭਾਰਤ ਦੀ ਤੁਲਨਾ ਦੁਨੀਆ ਦੇ ਵਿਕਸਤ ਲੋਕ-ਰਾਜਾਂ ਨਾਲ ਕਰਦੇ ਹਾਂ ਪਰ ਇਹ ਨਹੀਂ ਸੋਚਦੇ ਕਿ ਉਥੇ ਸਜ਼ਾ ਵਿਚ 'ਤਿੰਨ ਤੋਂ ਤੀਹ ਸਾਲ ਦੀ ਕੈਦ' ਸੁਣਾਉਣ ਦੇ ਮਾਮਲੇ ਵਿਚ ਜੱਜ ਦੀ ਆਪਣੀ ਮਰਜ਼ੀ ਬਹੁਤੀ ਨਹੀਂ ਹੁੰਦੀ, ਹਰ ਹੱਕ ਦੀ ਹੱਦ ਮਿਥੀ ਹੁੰਦੀ ਹੈ। ਜ਼ਰਾ ਕੁ ਇਧਰ-ਉਧਰ ਹੋ ਜਾਵੇ ਤਾਂ ਸਾਰੇ ਸਮਾਜ ਦੀ ਚਿੰਤਾ ਦਾ ਮੁੱਦਾ ਬਣ ਖੜੋਂਦਾ ਹੈ। ਭਾਰਤ ਵਿਚ 'ਹੱਕ' ਦੀ ਹੱਦ ਹੀ ਕੋਈ ਨਹੀਂ। ਬੰਦੇ ਦੀ ਪਹੁੰਚ ਹੋਣੀ ਚਾਹੀਦੀ ਹੈ, ਫਿਰ ਉਸ ਦੀ 'ਚਾਰੇ ਚੱਕ ਜਗੀਰ' ਵੀ ਹੋ ਸਕਦੀ ਹੈ ਅਤੇ ਕੋਈ ਕੰਮ ਕਰਨ ਸਮੇਂ 'ਰੱਬ ਨੇ ਦਿੱਤੀਆਂ ਗਾਜਰਾਂ, ਵਿਚੇ ਰੰਬਾ ਰੱਖ' ਵਾਲੀ ਹੱਦ ਵੀ ਉਹ ਆਪਣੇ ਲਈ ਆਪੇ ਮਿਥ ਸਕਦਾ ਹੈ।

ਇਹੋ ਜਿਹੇ ਹਾਲਾਤ ਵਿਚ ਜੇ ਭਾਰਤ ਨੇ ਹੁਣ ਤੱਕ ਦੇ ਸਕੈਂਡਲਾਂ ਦੀ ਸੜ੍ਹਿਆਂਦ ਤੋਂ ਪੱਕੀ ਨਿਜਾਤ ਪਾਉਣੀ ਹੈ ਤਾਂ ਸਿਰਫ ਲੋਕਪਾਲ ਦਾ ਠੁੰਮ੍ਹਣਾ ਕਾਫੀ ਨਹੀਂ, ਇਸ ਨੂੰ ਹਰ ਕੁਰਸੀਦਾਰ ਦੇ ਹੱਕ ਦੀ 'ਲਛਮਣ-ਰੇਖਾ' ਵੀ ਸੀਮਤ ਕਰਨੀ ਪਵੇਗੀ, ਨਹੀਂ ਤਾਂ ਇਹ ਕੁਝ ਹੁੰਦਾ ਰਹੇਗਾ।

# ਅਮਰੀਕਾ ਨੇ ਪਾਕਿਸਤਾਨ ਦੀ ਫੌਜ ਨੂੰ ਵਿੱਤੀ ਮਦਦ ਰੋਕੀ

**ਵਾਸ਼ਿੰਗਟਨ:** ਓਬਾਮਾ ਪ੍ਰਸ਼ਾਸਨ ਨੇ ਪਾਕਿਸਤਾਨੀ ਫੌਜ ਨੂੰ ਦਿੱਤੀ ਜਾਂਦੀ ਵੱਡੀ ਵਿੱਤੀ ਮਦਦ ਬਾਰੇ ਹੁਣ ਭਲਾ ਬੁਰਾ ਵਿਚਾਰਨਾ ਸ਼ੁਰੂ ਕਰ ਦਿੱਤਾ ਹੈ। ਇਹ ਕਾਰਵਾਈ ਭਾਵੇਂ ਅਮਰੀਕਾ-ਪਾਕਿ ਸਬੰਧਾਂ 'ਚ ਹੋਰ ਕੜਵਾਹਟ ਲਿਆਏਗੀ ਪਰ ਵਾਸ਼ਿੰਗਟਨ ਨੇ ਕਈ ਤਰ੍ਹਾਂ ਦੀ ਮਦਦ ਹਾਲ ਦੀ ਘੜੀ ਰੋਕ ਲਈ ਹੈ ਤੇ ਕਈ ਕੇਸਾਂ 'ਚ ਇਹ ਰੱਦ ਹੀ ਕਰ ਦਿੱਤੀ ਹੈ ਤਾਂ ਕਿ ਅਮਰੀਕਾ ਦੇ ਫੌਜੀ ਟ੍ਰੇਨਰਾਂ ਨੂੰ ਕੱਢਣ ਲਈ ਪਾਕਿ ਫੌਜ ਨੂੰ ਸਬਕ ਸਿਖਾਇਆ ਜਾ ਸਕੇ। ਇਹ ਖੁਲਾਸਾ ਮੀਡੀਆ ਰਿਪੋਰਟ 'ਚ ਕੀਤਾ ਗਿਆ ਹੈ।

ਨਿਊਯਾਰਕ ਟਾਈਮਜ਼ 'ਚ ਛਪੀ ਰਿਪੋਰਟ ਅਨੁਸਾਰ ਇਸ ਨਾਲ 8 ਕਰੋੜ ਅਮਰੀਕੀ ਡਾਲਰਾਂ ਦੀ ਮਦਦ ਤੇ ਸਾਜ਼ੋ-ਸਮੱਗਰੀ ਪਾਕਿਸਤਾਨ ਨੂੰ ਘੱਟ ਮਿਲੇਗੀ। ਪਾਕਿਸਤਾਨ ਨੂੰ ਮਿਲਦੀ ਦੋ ਅਰਬ ਡਾਲਰ ਸਾਲਾਨਾ ਸੁਰੱਖਿਆ ਇਮਦਾਦ ਦਾ ਇਹ ਇਕ ਤਿਹਾਈ ਤੋਂ ਇਹ ਰਕਮ ਵੱਡਾ ਹਿੱਸਾ ਬਣਦੀ ਹੈ। ਅਖ਼ਬਾਰ ਨੇ ਕਈ ਕਾਂਗਰਸੀ-ਪੈਂਟਾਗਨ ਤੇ ਹੋਰ ਪ੍ਰਸ਼ਾਸਕੀ ਅਧਿਕਾਰੀਆਂ ਦੇ ਹਵਾਲੇ ਦਿੰਦਿਆਂ ਕਿਹਾ ਹੈ ਕਿ ਇਸ ਮਦਦ 'ਚ ਉਹ 3 ਕਰੋੜ ਡਾਲਰ ਵੀ ਸ਼ਾਮਲ ਹਨ ਜੋ ਪਾਕਿਸਤਾਨ ਨੂੰ ਅਤਿਵਾਦ ਦੇ ਟਾਕਰੇ ਲਈ 100,000 ਤੋਂ ਵੱਧ ਫੌਜੀ ਅਫਗਾਨ ਸੀਮਾ ਨਾਲ ਤਾਇਨਾਤ ਕਰਨ ਦੇ ਮਿਲਣੇ ਸਨ। ਇਸੇ ਤਰ੍ਹਾਂ ਇਸ ਨੂੰ ਕਰੋੜਾਂ ਡਾਲਰ ਟਰੇਨਿੰਗ ਸਹਾਇਤਾ ਤੇ ਹੋਰ ਫੌਜ ਅਪਰੇਸ਼ਨਾਂ ਲਈ ਮਿਲਣੇ ਸਨ।

ਇਸ ਕਾਰਵਾਈ ਤੋਂ ਇਹ ਵੀ ਸਪਸ਼ਟ ਹੁੰਦਾ ਹੈ ਕਿ ਓਬਾਮਾ ਪ੍ਰਸ਼ਾਸਨ 'ਚ ਅਤਿਵਾਦ ਦੇ ਟਾਕਰੇ ਲਈ ਅਮਰੀਕਾ ਦੇ ਮੁੱਖ ਭਾਈਵਾਲ ਮੁਲਕ ਦੇ ਵਤੀਰੇ ਬਾਰੇ ਕਿੰਨੀ ਬਹਿਸ ਚੱਲ ਰਹੀ ਹੈ। ਰੋਕੀ ਗਈ ਕੁਝ ਮਦਦ ਫੌਜੀ ਸਾਜ਼ੋ-ਸਮੱਗਰੀ ਹੈ ਜੋ ਅਮਰੀਕਾ ਤਾਂ ਭੇਜਣਾ ਚਾਹੁੰਦਾ ਹੈ ਪਰ ਪਾਕਿਸਤਾਨ ਨੇ ਇਸ ਨੂੰ ਲੈਣੋਂ ਨਾਂਹ ਕਰ ਦਿੱਤੀ ਹੈ। ਜਿਵੇਂ ਰਾਈਫਲਾਂ, ਅਸਲਾ, ਸਰੀਰਕ ਕਵਚ ਤੇ ਬੰਬ ਨਕਾਰਾ ਕਰਨ ਵਾਲੀ ਸਮੱਗਰੀ ਸ਼ਾਮਲ ਹੈ। ਜਦੋਂ ਪਾਕਿਸਤਾਨ ਨੇ ਫੌਜ ਨੂੰ ਵਿਸ਼ੇਸ਼ ਸਿਖਲਾਈ ਦੇਣ ਵਾਲੇ 100 ਤੋਂ ਵੱਧ ਟ੍ਰੇਨਰਾਂ ਨੂੰ ਦੇਸ਼ ਛੱਡਣ ਲਈ ਕਿਹਾ ਸੀ ਤਾਂ ਇਹ ਮਦਦ ਉਦੋਂ ਰੋਕ ਲਈ ਗਈ ਸੀ। ਅਖ਼ਬਾਰ ਅਨੁਸਾਰ ਇਹ ਰੋਕਾਂ ਅਸਲ 'ਚ ਪਾਕਿਸਤਾਨ ਦੀ ਫੌਜ ਨੂੰ ਵਿੱਤੀ ਮਦਦ ਤੇ ਫੌਜੀ ਸਾਜ਼ੋ-ਸਮੱਗਰੀ ਜਾਂ ਫਿਰ ਤਾਲਿਬਾਨ ਤੇ ਹੋਰ ਅਤਿਵਾਦੀਆਂ ਦੀ ਚੋਣ ਕਰਨ ਦੀ ਸਖ਼ਤ ਕਵਾਇਦ ਹਨ।

ਪਾਕਿ ਫੌਜ ਜਾਂ ਸਰਕਾਰ ਨੇ ਇਹ ਗੱਲ ਜਨਤਕ ਨਹੀਂ ਕੀਤੀ ਪਰ ਸੀਨੀਅਰ ਪਾਕਿਸਤਾਨੀ ਅਧਿਕਾਰੀ ਇਸ ਨੂੰ ਅਮਰੀਕਾ ਵੱਲੋਂ ਵੱਧ ਲਾਹਾ ਲੈਣ ਦੇ ਯਤਨ ਕਰਾਰ ਦੇ ਰਹੇ ਹਨ। ਪਾਕਿਸਤਾਨ ਦੀ ਸਾਬਕਾ ਸਫੀਰ ਮਲੀਹਾ ਲੋਧੀ ਨੇ ਪੈਂਟਾਗਨ ਦੀ ਇਸ ਕਾਰਵਾਈ ਨੂੰ ਦੂਰ-ਦ੍ਰਿਸ਼ਟੀ ਤੋਂ ਰਹਿਤ ਕਿਹਾ ਹੈ ਤੇ ਇਸ ਨਾਲ ਪਾਕਿ-ਅਮਰੀਕਾ ਫਾਸਲੇ ਵਧਣ ਦੀ ਪੇਸ਼ੀਨਗੋਈ ਕੀਤੀ ਹੈ। ਸ੍ਰੀ ਲੋਧੀ ਦਾ ਕਹਿਣਾ ਹੈ ਕਿ ਜਦੋਂ ਅਮਰੀਕਾ ਨੇ ਅਲਕਾਇਦਾ ਨੂੰ ਹਰਾਉਣ ਤੇ ਸਨਮਾਨਜਨਕ ਢੰਗ ਨਾਲ ਅਫਗਾਨਿਸਤਾਨ 'ਚੋਂ ਵਿਦਾਈ ਲੈਣੀ ਹੈ। ਅਜਿਹੇ ਵੇਲੇ ਇਸ ਨੂੰ ਪਾਕਿਸਤਾਨ ਵਿਰੁੱਧ ਨੀਤੀ ਦਾ ਅਜਿਹਾ ਹਥਿਆਰ ਨਹੀਂ ਵਰਤਣਾ ਚਾਹੀਦਾ ਸੀ। ਇਕ ਸੇਵਾਮੁਕਤ ਪਾਕਿ ਫੌਜੀ ਅਧਿਕਾਰੀ ਜਾਵੇਦ ਹੁਸੈਨ ਅਨੁਸਾਰ ਇਹ ਕਾਰਵਾਈ ਪੂਰੀ ਤਰ੍ਹਾਂ ਗੈਰ-ਦੋਸਤਾਨਾ ਤੇ ਫੌਜ ਦੀ ਕੁਰਬਾਨੀ ਪ੍ਰਤੀ ਤੌਹੀਨ ਵਰਗੀ ਹੈ।

## ਪਾਕਿਸਤਾਨ-ਅਮਰੀਕਾ ਸਬੰਧ ਤਿੜਕਣ ਦਾ ਖਤਰਾ ਹੋਰ ਵਧਿਆ



## ਅਮਰੀਕੀ ਫੈਸਲੇ ਦਾ ਭਾਰਤ ਵੱਲੋਂ ਸਵਾਗਤ

**ਨਵੀਂ ਦਿੱਲੀ:** ਭਾਰਤ ਨੇ ਪਾਕਿਸਤਾਨ ਨੂੰ ਅੱਸੀ ਕਰੋੜ ਅਮਰੀਕੀ ਡਾਲਰ ਦੀ ਸਹਾਇਤਾ ਰੋਕਣ ਦੇ ਫੈਸਲੇ ਦਾ ਇਹ ਕਹਿੰਦਿਆਂ ਸਵਾਗਤ ਕੀਤਾ ਹੈ ਕਿ ਹਥਿਆਰਾਂ ਦੀ ਬਹੁਤਾਤ ਵਿਚ ਮੌਜੂਦਗੀ ਨਾਲ ਖਿੱਤੇ ਦਾ ਫੌਜੀ ਸੰਤੁਲਨ ਵਿਗੜ ਸਕਦਾ ਹੈ। ਭਾਰਤ ਦੇ ਵਿਦੇਸ਼ ਮੰਤਰੀ ਐਸ.ਐਮ. ਕ੍ਰਿਸ਼ਨਾ ਨੇ ਦੱਸਿਆ ਕਿ ਭਾਰਤ ਤੇ ਪਾਕਿਸਤਾਨ ਵਿਚਕਾਰ ਵਿਸ਼ੇਸ਼ ਹਾਲਾਤ ਦੇ ਮੱਦੇਨਜ਼ਰ ਕਿਸ ਤਰ੍ਹਾਂ ਭਾਰਤ ਆਪਣਾ ਪੱਖ ਰੱਖਦਾ ਰਿਹਾ ਹੈ ਕਿ ਉਹ ਇਸ ਖਿੱਤੇ ਵਿਚ ਅਮਰੀਕਾ ਵੱਲੋਂ ਹਥਿਆਰਾਂ ਦੀ ਬਹੁਤਾਤ ਵਿਚ ਮੌਜੂਦਗੀ ਦੇ ਪੱਖ ਵਿਚ ਨਹੀਂ ਜਿਸ ਨਾਲ ਖਿੱਤੇ ਦਾ ਫੌਜੀ ਸੰਤੁਲਨ ਵਿਗੜ ਸਕਦਾ ਹੈ। ਸ੍ਰੀ ਕ੍ਰਿਸ਼ਨਾ ਅਮਰੀਕਾ ਵੱਲੋਂ ਪਾਕਿਸਤਾਨ ਨੂੰ ਫੌਜੀ ਵਿੱਤੀ ਸਹਾਇਤਾ ਰੋਕੇ ਜਾਣ 'ਤੇ ਪ੍ਰਤੀਕਿਰਿਆ ਜ਼ਾਹਰ ਕਰ ਰਹੇ ਸਨ।ਉਨ੍ਹਾਂ ਕਿਹਾ ਕਿ ਅਮਰੀਕਾ ਨੇ ਇਸ ਗੱਲ ਦਾ ਵੀ ਨੋਟਿਸ ਲਿਆ ਹੈ ਕਿ ਭਾਰਤ ਪਾਕਿਸਤਾਨ ਨਾਲ ਸਬੰਧ ਸੁਖਾਵੇਂ ਬਣਾਉਣ ਲਈ ਵਚਨਬੱਧਤਾ ਨਾਲ ਯਤਨਸ਼ੀਲ ਹੈ। ਉਨ੍ਹਾਂ ਆਸ ਪ੍ਰਗਟਾਈ ਕਿ ਪਾਕਿਸਤਾਨ ਦੇ ਵਿਦੇਸ਼ ਮੰਤਰੀ ਇਸ ਮਹੀਨੇ ਦੇ ਅਖੀਰ ਤਕ ਭਾਰਤ ਯਾਤਰਾ 'ਤੇ ਆ ਸਕਦੇ ਹਨ ਤਾਂ ਜੋ ਦੋਵਾਂ ਦੇਸ਼ਾਂ ਵਿਚ ਗੱਲਬਾਤ ਦੀ ਪ੍ਰਕਿਰਿਆ ਨੂੰ ਅੱਗੇ ਤੋਰਿਆ ਜਾ ਸਕੇ।

## ਅਮਰੀਕੀ ਸਹਾਇਤਾ ਤੋਂ ਬਿਨਾਂ ਵੀ ਸਮਰੱਥ: ਪਾਕਿ

**ਇਸਲਾਮਾਬਾਦ:** ਅਮਰੀਕਾ ਵੱਲੋਂ ਪਾਕਿਸਤਾਨ ਨੂੰ ਅੱਸੀ ਕਰੋੜ ਅਮਰੀਕੀ ਡਾਲਰ ਦੀ ਸਹਾਇਤਾ ਰੋਕ ਲੈਣ 'ਤੇ ਪਾਕਿਸਤਾਨ ਦੀ ਫੌਜ ਨੇ ਦਾਅਵਾ ਕੀਤਾ ਹੈ ਕਿ ਉਹ ਅਮਰੀਕਾ ਦੀ ਸਹਾਇਤਾ ਤੋਂ ਬਿਨਾਂ ਵੀ ਕਾਰਵਾਈਆਂ ਜਾਰੀ ਰੱਖੇਗੀ। ਇਸ ਦੇ ਨਾਲ ਹੀ ਇਹ ਵੀ ਕਿਹਾ ਗਿਆ ਹੈ ਕਿ ਉਨ੍ਹਾਂ ਨੂੰ ਅਮਰੀਕਾ ਦੇ ਫੈਸਲੇ ਬਾਰੇ ਅਧਿਕਾਰਤ ਤੌਰ 'ਤੇ ਕੋਈ ਸੂਚਨਾ ਨਹੀਂ ਮਿਲੀ। ਫ਼ੌਜ ਦੇ ਬੁਲਾਰੇ ਨੇ ਕਿਹਾ ਕਿ"ਇਸ ਮਾਮਲੇ ਬਾਰੇ ਅਧਿਕਾਰਤ ਤੌਰ 'ਤੇ ਨਾ ਤਾਂ ਸਾਨੂੰ ਕੋਈ ਸੂਚਨਾ ਦਿੱਤੀ ਗਈ ਹੈ ਤੇ ਨਾ ਹੀ ਕੋਈ ਪੱਤਰ ਮਿਲਿਆ ਹੈ। ਬੀਤੇ ਸਮੇਂ ਤੇ ਮੌਜੂਦਾ ਸਮੇਂ ਵਿਚ ਵੀ ਬਿਨਾਂ ਕਿਸੇ ਬਾਹਰੀ ਸਹਾਇਤਾ ਦੇ ਫ਼ੌਜ ਨੇ ਕਾਰਵਾਈਆਂ ਨੂੰ ਸਫਲਤਾਪੂਰਵਕ ਅੰਜਾਮ ਦਿੱਤਾ ਹੈ। ਜ਼ਿਕਰਯੋਗ ਹੈ ਕਿ ਅਤਿਵਾਦ ਵਿਰੁੱਧ ਲੜਾਈ ਵਿਚ ਪਾਕਿਸਤਾਨ ਦੀ ਹਿਚਕਚਾਹਟ ਤੋਂ ਨਾਰਾਜ਼ ਵ੍ਹਾਈਟ ਹਾਊਸ ਦੇ ਚੀਫ ਆਫ ਸਟਾਫ ਟੌਮ ਡੋਨੀਲੋਨ ਨੇ ਪੁਸ਼ਟੀ ਕੀਤੀ ਹੈ ਕਿ ਅਮਰੀਕਾ ਨੇ ਪਾਕਿਸਤਾਨ ਨੂੰ ਸਾਲਾਨਾ 2.7 ਅਰਬ ਦੀ ਸਹਾਇਤਾ ਦੀ ਤੀਜੀ ਕਿਸ਼ਤ ਰੋਕ ਦਿੱਤੀ ਹੈ। ਅਮਰੀਕੀ ਅਧਿਕਾਰੀਆਂ ਨੇ ਇਸ਼ਾਰਾ ਕੀਤਾ ਹੈ ਕਿ ਇਹ ਕਾਰਵਾਈ ਪਾਕਿਸਤਾਨ ਵੱਲੋਂ ਉਸ ਦੀ ਧਰਤੀ 'ਤੇ ਅਮਰੀਕੀ ਫੌਜਾਂ ਦੀ ਨਫ਼ਰੀ ਘਟਾਉਣ ਬਾਰੇ ਮੰਗ ਦੇ ਜਵਾਬ ਵਿਚ ਕੀਤੀ ਹੈ।

# ਅਮਰੀਕਾ ਵੱਲੋਂ ਅਲ-ਜ਼ਵਾਹਰੀ ਵਿਰੁਧ ਕਾਰਵਾਈ ਲਈ ਦਬਾਅ

**ਵਾਸ਼ਿੰਗਟਨ:** ਅਮਰੀਕਾ ਦੇ ਰੱਖਿਆ ਮੰਤਰੀ ਲਿਓਨ ਪਨੇਟਾ ਨੇ ਪਾਕਿਸਤਾਨ ਨੂੰ ਅਲ-ਕਾਇਦਾ ਆਗੂ ਆਇਮਨ ਅਲ-ਜ਼ਵਾਹਰੀ ਵਿਰੁੱਧ ਕਾਰਵਾਈ ਕਰਨ ਲਈ ਕਿਹਾ ਹੈ ਜਿਸ ਦੇ ਦੇਸ਼ ਦੇ ਕਬਾਇਲੀ ਖੇਤਰਾਂ 'ਚ ਰਹਿੰਦੇ ਹੋਣ ਦੀ ਸੂਹ ਹੈ। ਰੱਖਿਆ ਮੰਤਰੀ ਬਣਨ ਮਗਰੋਂ ਪਹਿਲੀ ਵਿਦੇਸ਼ ਯਾਤਰਾ 'ਤੇ ਅਫਗਾਨਿਸਤਾਨ ਪੁੱਜੇ ਸ੍ਰੀ ਪਨੇਟਾ ਨੇ ਕਿਹਾ ਕਿ ਪਾਕਿਸਤਾਨ ਨੂੰ ਸਾਫ ਸ਼ਬਦਾਂ ਵਿਚ ਅਲ-ਕਾਇਦਾ ਆਗੂਆਂ ਖਿਲਾਫ ਕਾਰਵਾਈ ਕਰਨ ਲਈ ਕਿਹਾ ਗਿਆ ਹੈ।



ਉਨ੍ਹਾਂ ਕਿਹਾ ਕਿ ਸੀ.ਆਈ.ਏ. ਦੇ ਡਾਇਰੈਕਟਰ ਵਜੋਂ ਉਨ੍ਹਾਂ ਨੇ ਆਖਰੀ ਕੰਮ ਇਹ ਹੀ ਕੀਤਾ ਸੀ ਕਿ ਆਪਣੇ ਪਾਕਿਸਤਾਨੀ ਹਮਰੁਤਬਾ ਨਾਲ ਬੈਠ ਕੇ ਉਨ੍ਹਾਂ ਨੂੰ ਇਹ ਸਪਸ਼ਟ ਕੀਤਾ ਕਿ ਉਨ੍ਹਾਂ ਦੇ ਕਈ ਅਜਿਹੇ ਟੀਚੇ ਹਨ ਜਿਨ੍ਹਾਂ ਨੂੰ ਪੂਰੇ ਕਰਨ 'ਚ ਪਾਕਿਸਤਾਨ ਉਨ੍ਹਾਂ ਦੀ ਵਧੇਰੇ ਮਦਦ ਕਰ ਸਕਦਾ ਹੈ ਤੇ ਇਸ ਤਰ੍ਹਾਂ ਉਸ ਮੁਲਕ 'ਚ ਅਲਕਾਇਦਾ ਨੂੰ ਹਰਾਉਣ ਦੇ ਆਪਣੇ ਟੀਚੇ ਨੂੰ ਪੂਰਾ ਕਰਨ 'ਚ ਅਮਰੀਕਾ ਵਧੇਰੇ ਸਮਰੱਥ ਹੋਵੇਗਾ।

ਮਿਸਰ ਦਾ 59 ਸਾਲਾ ਸਰਜਨ ਹੁਣ ਜਹਾਦੀ ਬਣਿਆ ਜਵਾਹਰੀ, ਓਸਾਮਾ ਬਿਨ ਲਾਦਿਨ ਦੇ ਮਾਰੇ ਜਾਣ ਮਗਰੋਂ ਪਿਛਲੇ ਹਫਤੇ ਅਲ-ਕਾਇਦਾ ਦਾ ਨਵਾਂ ਮੁਖੀ ਥਾਪਿਆ ਗਿਆ ਸੀ। ਉਨ੍ਹਾਂ ਕਿਹਾ ਕਿ ਅਮਰੀਕਾ ਮੰਨਦਾ ਕਿ ਜਵਾਹਰੀ ਉਨ੍ਹਾਂ 'ਚੋਂ ਇਕ ਹੈ ਜੋ ਹਾਲੇ ਵੀ ਪਾਕਿਸਤਾਨ ਦੇ ਕਬਾਇਲੀ ਖੇਤਰ (ਐਫ.ਏ.ਟੀ.ਏ.) 'ਚ ਰਹਿੰਦੇ ਹਨ ਤੇ ਉਹ ਇਕ ਅਜਿਹਾ ਸ਼ਖ਼ਸ ਹੈ ਜਿਸ ਨੂੰ ਉਹ ਚਾਹੁੰਦੇ ਹਨ ਕਿ ਅਮਰੀਕਾ ਦੀ ਕਾਬਲੀਅਤ ਨਾਲ ਪਾਕਿਸਤਾਨੀ ਨੱਪ ਲੈਣ।

## ਪਾਕਿ ਜੋੜੇ ਵੱਲੋਂ ਅਮਰੀਕੀ ਏਅਰ-ਲਾਈਨ ਵਿਰੁੱਧ ਮੁਕੱਦਮਾ

**ਨਿਊਯਾਰਕ:** ਅਗਵਾ ਕੀਤੇ ਜਾਣ ਦਾ ਫੋਨ ਆਉਣ 'ਤੇ ਜਹਾਜ਼ 'ਚੋਂ ਹਥਕੜੀ ਲਾ ਕੇ ਬਾਹਰ ਕੱਢ ਲਏ ਗਏ ਇਕ ਪਾਕਿਸਤਾਨੀ ਜੋੜੇ ਵੱਲੋਂ ਅਮਰੀਕੀ ਏਅਰਲਾਈਨ ਵਿਰੁੱਧ ਮੁਕੱਦਮਾ ਠੋਕਿਆ ਜਾ ਰਿਹਾ ਹੈ। ਅਗਵਾ ਦੀ ਧਮਕੀ ਮਗਰੋਂ ਅਫਵਾਹ ਸਾਬਤ ਹੋਈ ਸੀ। 'ਡੇਲੀ ਮੇਲ' 'ਚ ਇਸ ਬਾਰੇ ਛਪੀ ਰਿਪੋਰਟ 'ਚ ਜੋੜੇ ਦੇ ਵਕੀਲ ਜੋਇਲ ਸਾਇਗਲ ਦੇ ਹਵਾਲੇ ਨਾਲ ਕਿਹਾ ਗਿਆ ਹੈ ਕਿ ਉਨ੍ਹਾਂ ਨੂੰ ਪੁਲੀਸ ਨੇ ਸਿਰਫ਼ ਇਸ ਕਰਕੇ ਫੜਿਆ ਕਿਉਂਕਿ ਉਨ੍ਹਾਂ ਦੇ ਨਾਮ ਮਾਹੀਨ ਗਨੀ ਤਾਸੀਰ ਤੇ ਸ਼ਹਿਬਾਜ਼ ਅਲੀ ਤਾਸੀਰ ਸਨ।

ਵਕੀਲ ਅਨੁਸਾਰ ਉਨ੍ਹਾਂ ਨੂੰ ਬਾਕੀ ਯਾਤਰੀਆਂ ਨਾਲੋਂ ਅੱਡ ਕਰ ਲਿਆ ਗਿਆ ਤੇ ਇਸ ਤਰ੍ਹਾਂ ਵਰਤਾਓ ਕੀਤਾ ਗਿਆ ਜਿਵੇਂ ਉਹ ਬੜੇ ਖਤਰਨਾਕ ਅਤਿਵਾਦੀ ਹੋਣ। ਸ਼ਹਿਬਾਜ਼, ਪਾਕਿਸਤਾਨੀ ਪੰਜਾਬ ਦੇ ਮਰਹੂਮ ਗਵਰਨਰ ਸਲਮਾਨ ਤਾਸੀਰ ਦਾ ਪੁੱਤਰ ਹੈ ਜਿਸ ਦੀ ਜਨਵਰੀ 'ਚ ਅਤਿਵਾਦੀਆਂ ਨੇ ਹੱਤਿਆ ਕਰ ਦਿੱਤੀ ਸੀ।

# ਦਇਆਨਿਧੀ ਮਾਰਨ ਵੱਲੋਂ ਅਸਤੀਫ਼ਾ

**ਨਵੀਂ ਦਿੱਲੀ:** ਸੀ.ਬੀ.ਆਈ. ਵੱਲੋਂ ਦੋ-ਜੀ ਸਪੈਕਟ੍ਰਮ ਘੁਟਾਲੇ ਦੇ ਕੇਸ ਵਿਚ ਨਾਮਜ਼ਦ ਕੀਤੇ ਕੇਂਦਰੀ ਕੱਪੜਾ ਮੰਤਰੀ ਤੇ ਡੀ.ਐਮ.ਕੇ. ਨੇਤਾ ਦਇਆਨਿਧੀ ਮਾਰਨ ਨੇ ਵੀ ਕੇਂਦਰੀ ਮੰਤਰੀ ਮੰਡਲ ਤੋਂ ਅਸਤੀਫਾ ਦੇ ਦਿੱਤਾ ਹੈ। ਸੀ.ਬੀ.ਆਈ. ਵੱਲੋਂ 2-ਜੀ ਘੁਟਾਲੇ ਦੇ ਕੇਸ ਦੀ ਸਥਿਤੀ ਬਾਰੇ ਆਪਣੀ ਰਿਪੋਰਟ ਦੇਣ ਤੋਂ ਬਾਅਦ ਮਾਰਨ ਦਾ ਕੈਬਨਿਟ 'ਚ ਬਣੇ ਰਹਿਣਾ ਮੁਸ਼ਕਲ ਬਣ ਗਿਆ ਸੀ। ਮਾਰਨ 'ਤੇ ਦੋਸ਼ ਹੈ ਕਿ ਉਸ ਨੇ ਯੂ.ਪੀ.ਏ. ਦੇ ਪਹਿਲੇ ਰਾਜ-ਕਾਲ ਦੌਰਾਨ ਟੈਲੀਕਾਮ ਮੰਤਰੀ ਹੁੰਦਿਆਂ 2006 ਵਿਚ ਚੇਨਈ ਆਧਾਰਤ ਪ੍ਰਮੋਟਰ ਸੀ. ਸ਼ਿਵਸ਼ੰਕਰਨ ਨੂੰ ਏਅਰਸੈਲ ਵਿਚਲੀ ਆਪਣੀ ਹਿੱਸਾਪੱਤੀ ਮਲੇਸ਼ਿਆਈ ਫਰਮਾਂ ਨੂੰ ਵੇਚਣ ਲਈ ਮਜਬੂਰ ਕੀਤਾ ਸੀ। ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਡੀ.ਐਮ.ਕੇ. ਦੀ ਸੰਸਦੀ ਪਾਰਟੀ ਦੇ ਮੁਖੀ ਟੀ.ਆਰ. ਬਾਲੂ ਨਾਲ ਗੱਲਬਾਤ ਕੀਤੀ ਸੀ ਤੇ ਉਨ੍ਹਾਂ ਨੂੰ ਦੱਸਿਆ ਕਿ ਮਾਰਨ ਹੁਣ ਕੈਬਨਿਟ ਵਿਚ ਨਹੀਂ ਰਹਿ ਸਕਦਾ। ਸ੍ਰੀ ਬਾਲੂ ਨੇ ਦਿੱਲੀ ਤੋਂ ਇਹ ਗੱਲ ਕਰੁਣਾਨਿਧੀ ਨਾਲ ਸਾਂਝੀ ਕੀਤੀ ਤੇ ਉਨ੍ਹਾਂ (ਕਰੁਣਾਨਿਧੀ) ਨੇ ਮਾਰਨ ਨੂੰ ਅਸਤੀਫਾ ਦੇਣ ਲਈ ਆਖਿਆ।

ਦਇਆਨਿਧੀ ਮਾਰਨ ਸਾਬਕਾ ਕੇਂਦਰੀ ਮੰਤਰੀ ਮਰਹੂਮ ਮੁਰਾਸੋਲੀ ਮਾਰਨ ਦਾ ਪੁੱਤਰ ਤੇ ਕਰੁਣਾਨਿਧੀ ਦਾ ਦੋਹਤਾ ਹੈ। ਮਾਰਨ ਡੀ.ਐਮ.ਕੇ. ਦੇ ਦੂਜੇ ਮੰਤਰੀ ਹਨ ਜਿਨ੍ਹਾਂ ਨੂੰ 2-ਜੀ ਘੁਟਾਲੇ ਵਿਚ ਸ਼ਮੂਲੀਅਤ ਕਰਕੇ ਅਸਤੀਫਾ ਦੇਣਾ ਪਿਆ। ਨਵੰਬਰ 2010 ਵਿਚ ਏ. ਰਾਜਾ ਨੂੰ ਟੈਲੀਕਾਮ ਮੰਤਰੀ ਦੇ ਅਹੁਦੇ ਤੋਂ ਅਸਤੀਫਾ ਦੇਣਾ ਪਿਆ ਸੀ ਜਦੋਂ ਮਹਾਲੇਖਾਕਾਰ (ਕੈਗ) ਨੇ ਇਸ ਘੁਟਾਲੇ ਵਿਚ ਉਨ੍ਹਾਂ ਦੀ ਭੂਮਿਕਾ 'ਤੇ ਕਿੰਤੂ ਕੀਤਾ ਸੀ। ਕਰੁਣਾਨਿਧੀ ਦੀ ਧੀ ਤੇ ਸੰਸਦ ਮੈਂਬਰ ਕਨਿਮੋਝੀ ਤੇ ਰਾਜਾ ਇਸ ਵੇਲੇ ਤਿਹਾੜ ਜੇਲ੍ਹ ਦੀ ਹਵਾ ਖਾ ਰਹੇ ਹਨ। ਭਾਜਪਾ ਤੇ ਅੰਨਾ-ਡੀ.ਐਮ.ਕੇ. ਨੇ ਮਾਰਨ ਦੇ ਅਸਤੀਫੇ ਨੂੰ ਬਹੁਤ ਦੇਰ ਨਾਲ ਚੁੱਕਿਆ ਕਦਮ ਕਰਾਰ ਦਿੱਤਾ ਤੇ ਪ੍ਰਧਾਨ ਮੰਤਰੀ ਤੋਂ ਪੁੱਛਿਆ ਕਿ 'ਭ੍ਰਿਸ਼ਟ' ਮੰਤਰੀਆਂ ਖ਼ਿਲਾਫ ਕਾਰਵਾਈ ਵਿਚ ਦੇਰੀ ਕਿਉਂ ਹੋਈ ਹੈ। ਭਾਜਪਾ ਨੇ ਮੰਗ ਕੀਤੀ ਕਿ ਗ੍ਰਹਿ ਮੰਤਰੀ ਪੀ. ਚਿਦੰਬਰਮ ਵੀ ਅਸਤੀਫਾ ਦੇਣ ਕਿਉਂਕਿ ਉਨ੍ਹਾਂ ਦੇ ਵਿੱਤ ਮੰਤਰੀ ਹੁੰਦਿਆਂ ਹੀ ਸਪੈਕਟ੍ਰਮ ਵੰਡ ਬਾਰੇ ਗੜਬੜ ਹੋਈ ਸੀ। ਸੀ.ਪੀ.ਐਮ. ਨੇਤਾ ਬਰਿੰਦਾ ਕਰਾਤ ਨੇ ਕਿਹਾ ਕਿ ਮਾਰਨ ਕੋਲ ਅਸਤੀਫੇ ਤੋਂ ਬਗੈਰ ਕੋਈ ਚਾਰਾ ਨਹੀਂ ਸੀ ਅਤੇ ਪ੍ਰਧਾਨ ਮੰਤਰੀ ਨੂੰ ਇਸ ਮੁੱਦੇ 'ਤੇ ਸਪਸ਼ਟ ਕਰਨਾ ਚਾਹੀਦਾ ਹੈ।

# ਸਰਕਾਰ ਵੱਲੋਂ ਡੋਪਿੰਗ ਬਾਰੇ ਸਖ਼ਤੀ ਨਾਲ ਨਜਿੱਠਣ ਦਾ ਫ਼ੈਸਲਾ

**ਨਵੀਂ ਦਿੱਲੀ (ਪੰਜਾਬ ਟਾਈਮਜ਼ ਬਿਊਰੋ):** ਭਾਰਤੀ ਅਥਲੈਟਿਕਸ ਨੂੰ ਝੰਜੋੜ ਕੇ ਰੱਖ ਦੇਣ ਵਾਲੇ ਡੋਪਿੰਗ ਘੁਟਾਲੇ ਤੋਂ ਪ੍ਰੇਸ਼ਾਨ ਖੇਡ ਮੰਤਰਾਲਾ, ਸੰਸਦ ਦੇ ਆਗਾਮੀ ਮਾਨਸੂਨ ਸੈਸ਼ਨ ਵਿਚ ਇਸ ਦਾ ਮੁਕਾਬਲਾ ਕਰਨ ਲਈ ਨਵਾਂ ਬਿੱਲ ਲਿਆਉਣ ਲਈ ਮਸ਼ਵਰੇ ਕਰ ਰਿਹਾ ਹੈ। ਖੇਡ ਮੰਤਰੀ ਅਜੈ ਮਾਕਨ ਨੇ ਕਿਹਾ ਕਿ ਇਹ ਮਾਮਲਾ ਕੈਬਨਿਟ ਮੀਟਿੰਗ ਲਿਜਾਇਆ ਜਾ ਰਿਹਾ ਹੈ। ਉਨ੍ਹਾਂ ਆਸ ਪ੍ਰਗਟਾਈ ਕਿ ਐਤਕੀਂ ਸੰਸਦ ਦੇ ਮੌਨਸੂਨ ਸੈਸ਼ਨ ਦੌਰਾਨ ਬਿਲ ਪੇਸ਼ ਕਰ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਵਾਡਾ ਦੇ ਨਿਯਮ ਸਾਰੀਆਂ ਖੇਡਾਂ 'ਤੇ ਲਾਗੂ ਹੋਣੇ ਚਾਹੀਦੇ ਹਨ।



ਦੇਸ਼ ਵਿਚ ਡੋਪਿੰਗ ਵਿਰੁੱਧ ਹੁਣ ਤਕ ਚੁੱਕੇ ਕਦਮਾਂ ਬਾਰੇ ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਐਨ.ਆਈ.ਐਸ., ਸਾਈ ਤੇ ਨਾਡਾ ਨੂੰ ਵਧੇਰੇ ਸੁਚੇਤ ਰਹਿਣ ਲਈ ਕਿਹਾ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਛਾਪੇ ਮਾਰਨੇ ਸ਼ੁਰੂ ਕਰ ਦਿੱਤੇ ਹਨ ਤੇ ਡੋਪਿੰਗ ਘੁਟਾਲੇ ਦੇ ਮੱਦੇਨਜ਼ਰ ਕੌਮੀ ਡੋਪਿੰਗ ਰੋਕੂ ਏਜੰਸੀ (ਨਾਡਾ) ਨੇ ਭਾਰਤੀ ਸਪੋਰਟਸ ਅਥਾਰਟੀ (ਸਾਈ) ਦੇ ਬੰਗਲੌਰ ਕੇਂਦਰ 'ਤੇ ਛਾਪੇ ਮਾਰ ਕੇ ਖਿਡਾਰੀਆਂ ਦੇ ਸੈਂਪਲ ਲਏ ਹਨ। ਨਾਡਾ ਨੇ ਪਿਛਲੇ ਹਫਤੇ ਪਟਿਆਲਾ ਵਿਚ ਵੀ ਕੈਂਪ ਵਿਚ ਹਿੱਸਾ ਲੈ ਰਹੇ ਖਿਡਾਰੀਆਂ ਦੇ ਕਮਰਿਆਂ ਦੀ ਤਲਾਸ਼ੀ ਲੈ ਕੇ ਪਿਸ਼ਾਬ ਦੇ ਨਮੂਨੇ ਭਰੇ ਸਨ। ਨਾਡਾ ਦੇ ਸੂਤਰਾਂ ਨੇ ਦੱਸਿਆ ਕਿ ਇਸੇ ਤਰ੍ਹਾਂ ਸਾਈ ਦੇ ਬਾਕੀ ਕੇਂਦਰਾਂ ਵਿਚ ਵੀ ਛਾਪੇ ਮਾਰੇ ਜਾਣ ਦੀ ਸੰਭਾਵਨਾ ਹੈ। ਬੰਗਲੌਰ ਵਿਚ ਟਰੈਕ ਤੇ ਫੀਲਡ ਅਥਲੀਟਾਂ ਤੋਂ ਇਲਾਵਾ ਮਹਿਲਾ ਭਾਰਤੋਲਕ ਤੇ ਹਾਕੀ ਖਿਡਾਰੀ ਵੀ ਹਨ। ਦੇਸ਼ ਦੇ ਹੁਣ ਤੱਕ ਦੇ ਸਭ ਤੋਂ ਬੁਰੇ ਡੋਪਿੰਗ ਘੁਟਾਲੇ ਵਿਚ ਅੱਠ ਟਰੈਕ ਤੇ ਫੀਲਡ ਖਿਡਾਰੀਆਂ ਨੂੰ ਸਟੀਰਾਇਡਜ਼ ਦੀ ਵਰਤੋਂ ਕਰਨ ਦਾ ਦੋਸ਼ੀ ਪਾਇਆ ਗਿਆ ਹੈ।

ਉਧਰ ਡੋਪਿੰਗ ਲਈ ਫੜੀ ਗਈ ਅਸ਼ਵਨੀ ਅੱਕੁਜੀ ਦਾ ਲੰਡਨ ਓਲੰਪਿਕ ਵਿਚ ਹਿੱਸਾ ਲੈਣ ਦਾ ਸੁਪਨਾ ਟੁੱਟ ਗਿਆ ਹੈ ਕਿਉਂਕਿ ਉਸ ਦੇ 'ਬੀ' ਸੈਂਪਲ ਦੀ ਜਾਂਚ ਤੋਂ ਵੀ ਸਾਫ਼ ਹੋ ਗਿਆ ਹੈ ਕਿ ਉਸ ਨੇ ਵਰਜਿਤ ਐਨਾਬੋਲਿਕ ਸਟੀਰਾਇਡ ਲਏ ਸਨ। ਇਸ ਕਾਰਨ ਅਸ਼ਵਨੀ 'ਤੇ ਹੁਣ ਦੋ ਸਾਲ ਖੇਡਣ 'ਤੇ ਰੋਕ ਲੱਗ ਸਕਦੀ ਹੈ।

4 ਗੁਣਾ 400 ਮੀਟਰ ਵਿਚ ਹਿੱਸਾ ਲੈਣ ਵਾਲੀ ਦੂਜੀ ਅਥਲੀਟ ਪ੍ਰਿਅੰਕਾ ਪਵਾਰ ਦੇ ਵੀ 'ਬੀ' ਸੈਂਪਲ ਦੀ ਜਾਂਚ ਤੋਂ ਐਨਾਬੋਲਿਕ ਸਟੀਰਾਇਡ ਪਾਜ਼ੇਟਿਵ ਆਇਆ ਹੈ। ਅਸ਼ਵਨੀ ਤੇ ਪ੍ਰਿਅੰਕਾ ਨੇ ਵੀਰਵਾਰ ਨੂੰ ਇੱਥੇ ਕੌਮੀ ਡੋਪ ਜਾਂਚ ਪ੍ਰਯੋਗਸ਼ਾਲਾ ਵਿਚ ਆਪਣਾ 'ਬੀ' ਸੈਂਪਲ ਦਿੱਤਾ ਸੀ ਜਿਸ ਦੇ ਨਤੀਜੇ ਵਿਚ ਮਿਥੇਨਾਡਿਓਨੋਨ ਦੀ ਮੌਜੂਦਗੀ ਦੀ ਪੁਸ਼ਟੀ ਹੋ ਗਈ ਹੈ। ਭਾਰਤੀ ਅਥਲੈਟਿਕਸ ਫੈਡਰੇਸ਼ਨ ਦੇ ਨਿਰਦੇਸ਼ਕ ਐਮ.ਐਲ. ਡੋਗਰਾ ਨੇ ਦੱਸਿਆ ਕਿ ਉਨ੍ਹਾਂ ਨੂੰ ਇਸ ਬਾਰੇ ਨਾਡਾ ਤੋਂ ਸੂਚਨਾ ਮਿਲੀ ਹੈ। ਹੁਣ ਦੋਵਾਂ ਦੀ ਨਾਡਾ ਦੇ ਅਨੁਸ਼ਾਸਨ ਪੈਨਲ ਸਾਹਮਣੇ ਸੁਣਵਾਈ ਹੋਵੇਗੀ। ਇਸ ਨਾਲ ਏਸ਼ਿਆਈ ਖੇਡਾਂ ਵਿਚ 400 ਮੀਟਰ ਹਰਡਲ ਰਿਲੇਅ ਵਿਚ ਸੋਨੇ ਦਾ ਤਮਗਾ ਜਿੱਤਣ ਵਾਲੀ ਅਸ਼ਵਨੀ ਦਾ 2012 ਓਲੰਪਿਕਸ ਵਿਚ ਹਿੱਸਾ ਲੈਣ ਦਾ ਸੁਪਨਾ ਟੁੱਟ ਗਿਆ ਹੈ। ਅਸ਼ਵਨੀ ਨੇ ਹਾਲਾਂਕਿ ਅਜੇ ਤੱਕ ਓਲੰਪਿਕਸ ਲਈ ਕੁਆਲੀਫਾਈ ਨਹੀਂ ਕੀਤਾ ਹੈ।

## ਕੋਚ ਯੂਰੀ ਖਿਡਾਰਨਾਂ ਦੇ ਹੱਕ 'ਚ ਨਿਤਰਿਆ

ਡੋਪਿੰਗ ਕਾਰਨ ਬਰਖ਼ਾਸਤ ਵਿਦੇਸ਼ੀ ਕੋਚ ਯੂਰੀ ਓਗਰੋਦਨਿਕ ਨੇ ਇਸ ਮਾਮਲੇ 'ਚ ਘਿਰੀਆਂ ਅਥਲੀਟਾਂ ਦੇ ਹੱਕ 'ਚ 'ਹਾਅ' ਦਾ ਨਾਅਰਾ ਮਾਰਿਆ ਹੈ। ਉਸ ਦਾ ਕਹਿਣਾ ਹੈ ਕਿ ਜਿਹੜੇ ਫੂਡ ਸਪਲੀਮੈਂਟ ਬਾਹਰੋਂ ਮੰਗਵਾਏ ਗਏ ਹਨ, ਉਨ੍ਹਾਂ 'ਚ ਕੋਈ ਖਾਮੀ ਹੋ ਸਕਦੀ ਹੈ।

ਕੋਚ ਨੇ ਸਾਈ ਤੋਂ ਮੰਗ ਕੀਤੀ ਕਿ ਅਜਿਹੇ ਫੂਡ ਸਪਲੀਮੈਂਟਾਂ ਦੀ ਬਾਰੀਕੀ ਨਾਲ ਜਾਂਚ ਹੋਣੀ ਚਾਹੀਦੀ ਹੈ। ਉਸ ਨੇ ਕਿਹਾ ਕਿ ਉਹ ਤਕਰੀਬਨ 10 ਸਾਲਾਂ ਤੋਂ ਭਾਰਤੀ ਅਥਲੈਟਿਕਸ ਨਾਲ ਜੁੜਿਆ ਹੋਇਆ ਹੈ ਤੇ ਇਸ ਸਮੇਂ ਦੌਰਾਨ ਉਸ ਦੇ ਅਥਲੀਟ ਕਦੇ ਵੀ ਕਿਸੇ ਡੋਪ ਟੈਸਟ 'ਚ ਫੇਲ੍ਹ ਨਹੀਂ ਹੋਏ।ਪਰ ਹੁਣ ਅਥਲੀਟ ਵਾਰੀ-ਵਾਰੀ ਡੋਪ 'ਚ ਫੇਲ੍ਹ ਹੁੰਦੇ ਗਏ ਹਨ। ਉਸ ਨੇ ਦੱਸਿਆ ਕਿ ਕਈ ਵਾਰ ਸਪਲੀਮੈਂਟ ਪਟਿਆਲਾ ਜਾਂ ਬਾਹਰੋਂ ਮੰਗਵਾਏ ਹਨ। ਭਾਵੇਂ ਇਨ੍ਹਾਂ ਦੀ ਬਾਕਾਇਦਾ ਡਾਕਟਰ ਵੱਲੋਂ ਵੀ ਜਾਂਚ ਕਰਵਾਈ ਜਾਂਦੀ ਹੈ ਫਿਰ ਵੀ ਗੁੰਜਾਇਸ਼ ਹੈ ਕਿ ਇਸ ਲਾਟ ਦੇ ਸਪਲੀਮੈਂਟ 'ਚ ਕੁਝ ਖਾਮੀ ਹੋਵੇ। ਯੂਰੀ ਨੇ ਕਿਹਾ ਕਿ ਅਥਲੀਟਾਂ ਬੜੀਆਂ ਸਿਆਣੀਆਂ ਹਨ। ਉਹ ਪਾਬੰਦੀਸ਼ੁਦਾ ਦਵਾਈ ਨਹੀਂ ਲੈ ਸਕਦੀਆਂ। ਉਸ ਨੇ ਕਿਹਾ ਕਿ ਮੈਂ ਭਲਾ ਕਿਉਂ ਆਪਣੇ ਹੀ ਅਥਲੀਟ ਨੂੰ ਗਲਤ ਖਾਣ ਨੂੰ ਦਿਆਂਗਾ ਤੇ ਬਦਨਾਮੀ ਕਰਵਾਉਣ ਲਈ ਸੋਚਾਂਗਾ। ਮੇਰਾ ਮਿਸ਼ਨ ਤਾਂ ਸਿਰਫ ਭਾਰਤੀ ਅਥਲੀਟਾਂ ਦੀ ਚੰਗੀ ਸਿਖਲਾਈ ਜ਼ਰੀਏ ਤਮਗੇ ਦਿਵਾਉਣਾ ਸੀ। ਉਸ ਦਾ ਕਹਿਣਾ ਸੀ ਕਿ ਭਾਵੇਂ ਉਸ ਨੂੰ ਬਰਖ਼ਾਸਤ ਕਰ ਦਿੱਤਾ ਗਿਆ ਹੈ ਪਰ ਉਹ ਹਮੇਸ਼ਾ ਹੀ ਭਾਰਤੀ ਅਥਲੈਟਿਕਸ ਲਈ ਦੁਆ ਮੰਗਦਾ ਰਹੇਗਾ।

# ਸ੍ਰੀ ਗੁਰੂ ਰਾਮਦਾਸ ਲੰਗਰ ਘਰ ਦੀ ਨਵੀਂ ਇਮਾਰਤ ਦੀ ਉਸਾਰੀ ਸ਼ੁਰੂ



ਲੰਗਰ ਹਾਲ ਦੀ ਨਵੀਂ ਇਮਾਰਤ ਦਾ ਨੀਂਹ ਪੱਥਰ ਰੱਖਦੇ ਹੋਏ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਹੋਰ।

**ਅੰਮ੍ਰਿਤਸਰ:** ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਸ੍ਰੀ ਗੁਰੂ ਰਾਮਦਾਸ ਲੰਗਰ ਘਰ ਦੀ ਨਵੀਂ ਇਮਾਰਤ ਤੇ ਮੌਜੂਦ ਲੰਗਰ ਹਾਲ ਦਾ ਵਿਸਥਾਰ ਦਾ ਕੰਮ ਸ਼ੁਰੂ ਹੋ ਗਿਆ ਹੈ। ਇਸ ਪ੍ਰਾਜੈਕਟ 'ਤੇ 20 ਕਰੋੜ ਰੁਪਏ ਖਰਚ ਕੀਤੇ ਜਾਣ ਤੇ ਡੇਢ ਸਾਲ 'ਚ ਤਿਆਰ ਹੋ ਜਾਣ ਦਾ ਅਨੁਮਾਨ ਹੈ। ਲੰਗਰ ਹਾਲ ਦੀ ਇਮਾਰਤ ਦੇ ਵਿਸਥਾਰ ਨਾਲ ਸ਼ਰਧਾਲੂਆਂ ਦੀ ਮੌਜੂਦਾ ਸਮਰੱਥਾ ਨਾਲੋਂ 30 ਫੀਸਦੀ ਹੋਰ ਵਧ ਜਾਵੇਗੀ ਤੇ ਇਹ ਆਧੁਨਿਕ ਤਕਨੀਕ ਅਨੁਸਾਰ ਮੁਕੰਮਲ ਏਅਰ ਕੰਡੀਸ਼ਨ ਹੋਵੇਗੀ। ਇਸ ਇਮਾਰਤ 'ਚ ਲੋੜੀਂਦੇ ਉਪਕਰਨ ਜਿਥੇ ਅਤਿ ਅਧੁਨਿਕ ਹੋਣਗੇ ਉਥੇ ਇਸ ਦੀ ਦਿੱਖ ਵੀ ਬਹੁਤ ਸੁੰਦਰ ਹੋਵੇਗੀ।

ਨਵੀਂ ਇਮਾਰਤ ਬਣਾਉਣ ਲਈ 11 ਜੁਲਾਈ ਨੂੰ ਪੰਜ ਪਿਆਰਿਆਂ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਤਰਲੋਚਨ ਸਿੰਘ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਿੰਘ ਗਿਆਨੀ ਜਗਤਾਰ ਸਿੰਘ, ਗਿਆਨੀ ਮਾਨ ਸਿੰਘ ਵੱਲੋਂ ਅਰਦਾਸ ਉਪਰੰਤ ਟੱਕ ਲਾ ਕੇ ਸ਼ੁਭ ਆਰੰਭ ਕੀਤਾ।

ਇਸ ਮੌਕੇ ਪਹਿਲੇ ਪੰਜ ਬਾਲਟੇ ਸਿਰ 'ਤੇ ਉਠਾ ਕੇ ਸੇਵਾ ਕਰਨ ਵਾਲੀਆਂ ਸੰਗਤਾਂ ਵਿਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਅਤੇ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਵੀ ਸ਼ਮੂਲੀਅਤ ਕੀਤੀ। ਇਸ ਮੌਕੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਯਾਦਗਾਰੀ ਨੀਂਹ ਪੱਥਰ ਤੋਂ ਰਸਮੀ ਤੌਰ 'ਤੇ ਪਰਦਾ ਹਟਾਇਆ ਤੇ ਸ਼੍ਰੋਮਣੀ ਕਮੇਟੀ ਨੂੰ ਮੁਬਾਰਕਬਾਦ ਦਿੱਤੀ।






## ਦਾਗ਼ੀ ਮੰਤਰੀਆਂ ਨੂੰ ਨਾ ਹਟਾਉਣ 'ਤੇ ਭਾਜਪਾ ਖ਼ਫ਼ਾ

**ਨਵੀਂ ਦਿੱਲੀ:** ਭਾਜਪਾ ਨੇ ਕੇਂਦਰੀ ਵਜ਼ਾਰਤ ਵਿਚ ਹੋਈ ਰੱਦੋਬਦਲ ਦੌਰਾਨ ਪੀ. ਚਿਦੰਬਰਮ ਤੇ ਕਪਿਲ ਸਿੱਬਲ ਵਰਗੇ 'ਦਾਗ਼ੀ' ਮੰਤਰੀਆਂ ਨੂੰ ਨਾ ਕੱਢਣ ਲਈ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੀ ਸਖ਼ਤ ਨੁਕਤਾਚੀਨੀ ਕੀਤੀ ਹੈ। ਪਾਰਟੀ ਨੇ ਕਿਹਾ ਕਿ ਇਹ ਰੱਦੋਬਦਲ ਕਰਨ ਤੋਂ ਪਹਿਲਾਂ 'ਬਹੁਤੀ ਸੋਚ ਵਿਚਾਰ' ਨਹੀਂ ਕੀਤੀ ਗਈ।

ਇਹ ਗੱਲ ਲੋਕ ਸਭਾ ਵਿਚ ਵਿਰੋਧੀ ਧਿਰ ਦੀ ਆਗੂ ਸੁਸ਼ਮਾ ਸਵਰਾਜ ਨੇ ਆਪਣੀ ਟਵੀਟ ਵਿਚ ਕੀਤੀ ਹੈ। ਉਨ੍ਹਾਂ ਟਵਿੱਟਰ ਉੱਤੇ ਲਿਖਿਆ ਹੈ ਕਿ"ਆਮ ਕਰਕੇ ਵਜ਼ਾਰਤੀ ਰੱਦੋਬਦਲ ਮੰਤਰੀਆਂ ਦੀ ਕਾਰਕਰਦਗੀ ਦੇ ਮੁਲਾਂਕਣ ਲਈ ਕੀਤੀ ਜਾਂਦੀ ਹੈ ਤੇ ਨਾਲ ਹੀ ਇਸ ਵਿਚ ਸੂਬਿਆਂ ਤੇ ਗਠਜੋੜ ਭਾਈਵਾਲਾਂ ਦਰਮਿਆਨ ਰਹਿ ਗਏ ਅਸੰਤੁਲਨ ਨੂੰ ਦੂਰ ਕੀਤਾ ਜਾਂਦਾ ਹੈ ਪਰ ਇਹ ਰੱਦੋਬਦਲ ਖਾਸ ਸੋਚ ਵਿਚਾਰ ਤੋਂ ਬਗੈਰ ਕੀਤੀ ਗਈ ਹੈ।

ਉਨ੍ਹਾਂ ਕਿਹਾ ਕਿ ਭਾਜਪਾ ਨੇ ਸ੍ਰੀ ਸਿੱਬਲ ਉੱਤੇ ਰਿਲਾਇੰਸ ਕਮਿਊਨੀਕੇਸ਼ਨ ਨੂੰ ਫਾਇਦਾ ਪਹੁੰਚਾਉਣ ਲਈ ਉਸ ਦਾ ਜੁਰਮਾਨਾ 50 ਕਰੋੜ ਤੋਂ ਘਟਾ ਕੇ 5 ਕਰੋੜ ਕਰਨ ਦਾ ਦੋਸ਼ ਲਾਇਆ ਸੀ ਪਰ ਪ੍ਰਧਾਨ ਮੰਤਰੀ ਨੇ ਉਨ੍ਹਾਂ ਨੂੰ ਹਟਾਉਣ ਦੀ ਥਾਂ ਉਨ੍ਹਾਂ ਦਾ ਟੈਲੀਕਾਮ ਮੰਤਰੀ ਤੇ ਮਨੁੱਖੀ ਵਸੀਲੇ ਵਿਕਾਸ ਮੰਤਰੀ ਵੱਲੋਂ ਦੋਹਰਾ ਚਾਰਜ ਕਾਇਮ ਰੱਖਿਆ ਹੈ।

## ਦਲਾਈਲਾਮਾ ਨੂੰ ਤਿੱਬਤ ਵਿਚ ਤਬਦੀਲੀ ਦੀ ਆਸ

**ਵਾਸ਼ਿੰਗਟਨ:** ਦਲਾਈਲਾਮਾ ਨੇ ਆਸ ਪ੍ਰਗਟ ਕੀਤੀ ਕਿ ਤਿੱਬਤ ਦੀ ਹਾਲਤ ਜ਼ਿਆਦਾ ਸਮੇਂ ਲਈ ਹੁਣ ਵਰਗੀ ਨਹੀਂ ਰਹੇਗੀ ਕਿਉਂਕਿ ਹੁਣ ਚੀਨੀ ਜਨਤਾ ਵੀ ਤਿੱਬਤ ਦੀ ਚੀਨ ਅੰਦਰ ਖੁਦਮੁਖਤਿਆਰੀ ਦੀ ਮੰਗ ਦੀ ਹਮਾਇਤ ਕਰ ਰਹੀ ਹੈ।

76 ਸਾਲਾ ਦਲਾਈਲਾਮਾ ਨੇ ਰੇਡੀਓ ਫ਼ਰੀ ਏਸ਼ੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਅਜਿਹੀ ਹਾਲਤ ਹਮੇਸ਼ਾ ਲਈ ਨਹੀਂ ਰਹਿ ਸਕਦੀ ਤੇ ਦੇਰ-ਸਵੇਰ ਅਸਲੀਅਤ ਦਾ ਸਾਹਮਣਾ ਕਰਨਾ ਹੀ ਪਵੇਗਾ। ਉਨ੍ਹਾਂ ਕਿਹਾ ਕਿ ਸਾਲ-ਦਰ ਸਾਲ ਲੋਕਤੰਤਰ ਤੇ ਕਾਨੂੰਨ ਵਿਵਸਥਾ ਲਈ ਆਵਾਜ਼ ਬੁਲੰਦ ਹੋ ਰਹੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਚੀਨੀ ਜਨਤਾ ਤਿੱਬਤ ਦੀ ਖੁਦਮੁਖਤਿਆਰੀ ਦੀ ਮੰਗ ਦੀ ਹਮਾਇਤ ਇਸ ਲਈ ਕਰ ਰਹੀ ਹੈ ਕਿਉਂਕਿ ਤਿੱਬਤ ਦਾ ਸੰਘਰਸ਼ ਅਹਿੰਸਾ ਤੇ ਤਿੱਬਤ ਦੇ ਚੀਨ ਅੰਦਰ ਹੀ ਰਹਿਣ ਦੇ ਸਿਧਾਂਤ 'ਤੇ ਆਧਾਰਤ ਹੈ।

ਤਿੱਬਤ ਦੀ ਖੁਦਮੁਖਤਿਆਰੀ ਲਈ ਉਨ੍ਹਾਂ ਵੱਲੋਂ ਅਪਣਾਏ ਗਏ 'ਮੱਧ-ਮਾਰਗ' ਦੀ ਤਿੱਬਤ ਦੇ ਨੌਜਵਾਨਾਂ ਵੱਲੋਂ ਕੀਤੀ ਜਾ ਰਹੀ ਆਲੋਚਨਾ ਬਾਰੇ ਪੁੱਛਣ 'ਤੇ ਉਨ੍ਹਾਂ ਕਿਹਾ ਕਿ ਇਹ ਸਵਾਲ ਤਿੱਬਤ ਦੀ ਜਲਾਵਤਨ ਸਰਕਾਰ ਦੀ ਨਵੀਂ ਚੁਣੀ ਗਈ ਲੀਡਰਸ਼ਿਪ ਨੂੰ ਪੁੱਛਿਆ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਤਿੱਬਤ ਦੇ ਲਗਪਗ ਸਭ ਪੱਧਰ ਦੇ ਲੋਕਾਂ ਨੇ ਸਾਡੀ ਵੱਖ ਨਾ ਹੋਣ ਦੀ ਪਹੁੰਚ ਦੀ ਹਮਾਇਤ ਕੀਤੀ ਹੈ।




# ਤੇਲੰਗਾਨਾ ਸੂਬਾ ਕਾਇਮ ਕਰਨ ਲਈ ਦਬਾਅ ਵਧਿਆ

**ਨਵੀਂ ਦਿੱਲੀ:** ਵੱਖਰਾ ਤੇਲੰਗਾਨਾ ਸੂਬਾ ਕਾਇਮ ਕਰਨ ਲਈ ਕੇਂਦਰ ਸਰਕਾਰ 'ਤੇ ਲਗਾਤਾਰ ਦਬਾਅ ਵਧ ਰਿਹਾ ਹੈ। ਪੈਟਰੋਲੀਅਮ ਮੰਤਰੀ ਤੇ ਆਂਧਰਾ ਪ੍ਰਦੇਸ਼ ਤੋਂ ਕਾਂਗਰਸ ਦੇ ਸੀਨੀਅਰ ਆਗੂ ਐਸ. ਜੈਪਾਲ ਰੈਡੀ ਨੇ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੂੰ ਮਿਲ ਕੇ ਵੱਖਰੇ ਤੇਲੰਗਾਨਾ ਰਾਜ ਦੀ ਕਾਇਮੀ ਲਈ ਦਬਾਅ ਪਾਇਆ ਹੈ। ਸ੍ਰੀ ਐਸ. ਜੈਪਾਲ ਰੈਡੀ ਪ੍ਰਧਾਨ ਮੰਤਰੀ ਨੂੰ ਮਿਲੇ ਤੇ ਹੈਦਰਾਬਾਦ ਤੇ ਤੇਲੰਗਾਨਾ ਖਿੱਤੇ ਦੇ 9 ਜ਼ਿਲ੍ਹਿਆਂ ਵਿਚ ਉਪਜੀ ਤਾਜ਼ਾ ਸਥਿਤੀ ਤੋਂ ਜਾਣੂ ਕਰਵਾਇਆ।

ਪ੍ਰਧਾਨ ਮੰਤਰੀ ਨਾਲ 40 ਮਿੰਟ ਦੀ ਮੁਲਾਕਾਤ ਤੋਂ ਬਾਅਦ ਸ੍ਰੀ ਰੈਡੀ ਨੇ ਕਿਹਾ ਕਿ ਉਨ੍ਹਾਂ ਪ੍ਰਧਾਨ ਮੰਤਰੀ ਨੂੰ ਸਮੁੱਚੀ ਹਾਲਤ ਤੋਂ ਜਾਣੂ ਕਰਵਾਇਆ ਹੈ। ਇਸ ਮੀਟਿੰਗ ਨੂੰ ਇਸ ਕਰਕੇ ਅਹਿਮ ਮੰਨਿਆ ਜਾ ਰਿਹਾ ਹੈ ਕਿ ਵੱਖਰੇ ਤੇਲੰਗਾਨਾ ਰਾਜ ਦੀ ਮੰਗ ਲਈ ਅਸਤੀਫੇ ਦੇਣ ਵਾਲੇ ਸੰਸਦ ਮੈਂਬਰ ਸ੍ਰੀ ਰੈਡੀ ਦੇ ਸੰਪਰਕ ਵਿਚ ਹਨ। ਇਨ੍ਹਾਂ ਸੰਸਦ ਮੈਂਬਰਾਂ ਨੇ ਉਦੋਂ ਤਕ ਆਪਣੇ ਅਸਤੀਫੇ ਵਾਪਸ ਲੈਣ ਤੋਂ ਇਨਕਾਰ ਕਰ ਦਿੱਤਾ ਹੈ ਜਦੋਂ ਤਕ ਇਨ੍ਹਾਂ ਦੀ ਵੱਖਰੇ ਤੇਲੰਗਾਨਾ ਰਾਜ ਦੀ ਮੰਗ ਮੰਨੀ ਨਹੀਂ ਜਾਂਦੀ। ਸ੍ਰੀ ਰੈਡੀ ਨੇ ਕਿਹਾ ਕਿ ਉਨ੍ਹਾਂ ਪ੍ਰਧਾਨ ਮੰਤਰੀ ਨੂੰ ਆਪਣੇ ਵਿਚਾਰ ਸਪਸ਼ਟ ਤੌਰ 'ਤੇ ਦੱਸੇ ਹਨ। ਇਕ ਕੈਬਨਿਟ ਮੰਤਰੀ ਹੁੰਦਿਆਂ ਉਹ ਇਨ੍ਹਾਂ ਦਾ ਪ੍ਰਗਟਾਵਾ ਨਹੀਂ ਕਰ ਸਕਦੇ ਕਿ ਪ੍ਰਧਾਨ ਮੰਤਰੀ ਨਾਲ ਕੀ ਗੱਲਬਾਤ ਹੋਈ ਹੈ।

ਉਧਰ ਲੋਕ ਸਭਾ ਸਪੀਕਰ ਮੀਰਾ ਕੁਮਾਰ ਨੇ ਕਿਹਾ ਹੈ ਕਿ ਤੇਲੰਗਾਨਾ ਦੇ ਅਸਤੀਫਾ ਦੇ ਚੁੱਕੇ ਪਾਰਲੀਮੈਂਟ ਮੈਂਬਰਾਂ ਦੇ ਅਸਤੀਫਿਆਂ ਬਾਰੇ ਫੈਸਲਾ ਮੌਨਸੂਨ ਸੈਸ਼ਨ ਤੋਂ ਪਹਿਲਾਂ ਹੋਣ ਦੀ ਸੰਭਾਵਨਾ ਹੈ। ਸਪੀਕਰ ਨੇ ਕਿਹਾ ਕਿ ਆਂਧਰਾ ਪ੍ਰਦੇਸ਼ ਦੇ ਤਲੰਗਾਨਾ ਖੇਤਰ ਦੇ ਪਾਰਲੀਮੈਂਟ ਮੈਂਬਰਾਂ ਨੇ ਵੱਖਰਾ ਤੇਲੰਗਾਨਾ ਸੂਬੇ ਨਾ ਬਣਾਏ ਜਾਣ ਦੇ ਵਿਰੋਧ ਵਿਚ ਅਸਤੀਫੇ ਦਿੱਤੇ ਹਨ। ਇਨ੍ਹਾਂ ਦੇ ਅਸਤੀਫਿਆਂ ਦਾ ਫੈਸਲਾ ਸ਼ੈਸਨ ਦੇ ਸ਼ੁਰੂ ਹੋਣ ਤੋਂ ਪਹਿਲਾਂ ਹੋਣ ਦੀ ਉਮੀਦ ਹੈ। ਇਕ ਦਰਜਨ ਦੇ ਕਰੀਬ ਪਾਰਲੀਮੈਂਟ ਮੈਂਬਰਾਂ ਨੇ ਅਸਤੀਫੇ ਦਿੱਤੇ ਸਨ। ਕਾਂਗਰਸ ਦੇ ਲੋਕ ਸਭਾ ਮੈਂਬਰ ਸੁਰੇਸ਼ ਕਲਮਾਡੀ ਨੂੰ ਮੌਨਸੂਨ ਸੈਸ਼ਨ ਵਿਚ ਹਿੱਸਾ ਲੈਣ ਦੀ ਆਗਿਆ ਦੇਣ ਬਾਰੇ ਉਨ੍ਹਾਂ ਕਿਹਾ ਕਿ ਇਸ ਦਾ ਫੈਸਲਾ ਅਦਾਲਤ ਨੇ ਕਰਨਾ ਹੈ। ਉਨ੍ਹਾਂ ਕਿਹਾ ਕਿ ਅਦਾਲਤ ਦੇ ਫੈਸਲੇ ਤੋਂ ਬਾਅਦ ਮਾਮਲਾ ਉਨ੍ਹਾਂ ਕੋਲ ਆਵੇਗਾ ਤੇ ਉਸ ਤੋਂ ਬਾਅਦ ਹੀ ਉਹ ਕਾਨੂੰਨੀ ਪ੍ਰਕਿਰਿਆ ਅਨੁਸਾਰ ਫੈਸਲਾ ਕਰਨਗੇ।

# ਮਨਪ੍ਰੀਤ ਸਿੰਘ ਬਾਦਲ ਦੀ ਫਰਿਜ਼ਨੋ ਫੇਰੀ ਲਈ ਤਿਆਰੀ ਮੀਟਿੰਗ

**ਫਰਿਜ਼ਨੋ (ਬਿਊਰੋ):** ਪੀਪਲਜ਼ ਪਾਰਟੀ ਆਫ ਪੰਜਾਬ ਦੇ ਕਾਰਜਕਾਰੀ ਪ੍ਰਧਾਨ ਮਨਪ੍ਰੀਤ ਸਿੰਘ ਬਾਦਲ, ਜਿਨ੍ਹਾਂ ਆਪਣੀ ਪੰਜਾਬ ਜਾਗੋ ਯਾਤਰਾ ਸ਼ਹੀਦ ਭਗਤ ਸਿੰਘ ਦੇ ਪਿੰਡ ਖਟਕੜ ਤੋਂ ਇੱਕ ਵਿਸ਼ਾਲ ਰੈਲੀ ਕਰਕੇ ਸ਼ੁਰੂ ਕੀਤੀ ਸੀ ਅਤੇ ਜਾਗੋ ਪੰਜਾਬ ਯਾਤਰਾ ਦੇ ਦੂਜੇ ਪੜਾਅ ਵਿਚ 29 ਜੁਲਾਈ ਤੋਂ ਕੈਨੇਡਾ-ਅਮਰੀਕਾ ਯਾਤਰਾ ਸ਼ੁਰੂ ਕਰ ਰਹੇ ਹਨ, ਦੀ 31 ਜੁਲਾਈ ਨੂੰ ਫਰਿਜ਼ਨੋ ਫੇਰੀ ਲਈ ਸਥਾਨਕ ਪੰਜਾਬੀ ਭਾਈਚਾਰੇ ਵਿਚ ਭਾਰੀ ਉਤਸ਼ਾਹ ਹੈ। ਇਸ ਸਮਾਗਮ ਦੀ ਤਿਆਰੀ ਲਈ ਪੀਪਲਜ਼ ਪਾਰਟੀ ਆਫ ਪੰਜਾਬ ਦੇ ਹਮਾਇਤੀਆਂ ਦੀ ਇੱਕ ਮੀਟਿੰਗ ਇਥੇ ਤੰਦੂਰੀ ਨਾਈਟ ਰੈਸਟੋਰੈਂਟ ਵਿਚ ਹੋਈ ਜਿਸ ਵਿਚ ਇਸ ਸਮਾਗਮ ਲਈ ਤਿਆਰੀਆਂ ਉਪਰ ਵਿਚਾਰ ਕੀਤੀ ਗਈ। ਲੋਕਾਂ ਦੇ ਖਾਣ ਪੀਣ ਤੇ ਬੈਠਣ ਲਈ ਤੇ ਖਾਸ ਕਰਕੇ ਔਰਤਾਂ ਦੇ ਬੈਠਣ ਲਈ ਵਿਸ਼ੇਸ਼ ਪ੍ਰਬੰਧ ਕਰਨ ਸੰਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ ਅਤੇ ਮੈਂਬਰਾਂ ਦੀਆਂ ਵੱਖ ਵੱਖ ਕੰਮਾਂ ਸੰਬੰਧੀ ਡਿਊਟੀ ਲਾਈ ਗਈ।



ਕਾਨਫਰੰਸ ਦੀ ਤਿਆਰੀ ਸਬੰਧੀ ਇਕ ਹੋਰ ਮੀਟਿੰਗ 17 ਜੁਲਾਈ ਨੂੰ ਤਾਜ਼ ਆਫ ਇੰਡੀਆ ਵਿਖੇ ਸ਼ਾਮ 5 ਵਜੇ ਰੱਖੀ ਗਈ ਹੈ। ਇਸ ਮੀਟਿੰਗ ਵਿਚ ਪਾਰਟੀ ਦੇ ਮੁੱਖ ਆਰਗੇਨਾਈਜ਼ਰ ਸ. ਹਾਕਮ ਸਿੰਘ ਢਿੱਲੋਂ ਅਤੇ ਡਾ. ਅਜੀਤ ਸਿੰਘ ਖਹਿਰਾ, ਨਾਜਰ ਸਿੰਘ ਸਹੋਤਾ, ਨਿਰਮਲ ਸਿੰਘ ਗਿੱਲ ਕ੍ਰਦਰਜ਼, ਜੱਗਾ ਸੰਘੇੜਾ, ਕਮਲਜੀਤ ਟਿਵਾਣਾ, ਪਾਲ ਧਾਲੀਵਾਲ ਤੋਂ ਇਲਾਵਾ ਜਸਵਿੰਦਰ ਸਿੰਘ, ਸੰਤੋਖ ਸਿੰਘ ਢਿਲੋਂ, ਬਲਜੀਤ ਸਿੰਘ ਅਟਵਾਲ, ਨਿਰਮਲ ਸਿੰਘ ਧਨੋਲਾ, ਪਰਦੀਪ ਮਿਨਹਾਸ, ਸਤਵੰਤ ਸਿੰਘ ਵਿਰਕ, ਲਾਲੀ ਸੰਧੂ, ਕੁਲਵੰਤ ਉਭੀ ਤੇ ਰਣਜੀਤ ਗਿੱਲ ਆਦਿ ਸ਼ਾਮਲ ਹੋਏ।

## ਅਮਰੀਕੀ ਡਰੋਨ ਹਮਲੇ 'ਚ 45 ਹਲਾਕ

**ਪਿਸ਼ਾਵਰ:** ਪਕਿਸਾਤਾਨ ਵੱਲੋਂ ਵਿਰੋਧ ਕਰਨ ਦੇ ਬਾਵਜੂਦ ਅਮਰੀਕੀ ਡਰੋਨ ਹਮਲੇ ਜਾਰੀ ਹਨ।

12 ਜੁਲਾਈ ਨੂੰ ਪਾਕਿਸਤਾਨ ਦੇ ਉੱਤਰ-ਪੱਛਮੀ ਇਲਾਕੇ ਵਿਚ ਅਮਰੀਕਾ ਵੱਲੋਂ ਕੀਤੇ ਡਰੋਨ ਹਮਲੇ 'ਚ 45 ਅਤਿਵਾਦੀ ਮਾਰੇ ਗਏ।












# ਮਿਡਵੈਸਟ ਕਬੱਡੀ ਕੱਪ ਸਿਨਸਿਨੈਟੀ ਨੇ ਜਿਤਿਆ

**ਸ਼ਿਕਾਗੋ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਸਪੋਰਟਸ ਕਲੱਬ, ਮਿਡਵੈਸਟ, ਸ਼ਿਕਾਗੋ ਵਲੋਂ ਇਥੇ 3 ਜੁਲਾਈ ਨੂੰ ਕਰਵਾਏ ਗਏ ਇਸ ਦੇ ਨੌਂਵੇਂ ਕੌਮਾਂਤਰੀ ਖੇਡ ਮੇਲੇ ਵਿਚ ਕਬੱਡੀ ਓਪਨ ਦਾ 3100 ਡਾਲਰ ਦਾ ਪਹਿਲਾ ਇਨਾਮ ਅਤੇ ਸੂਬੇਦਾਰ ਕਰਤਾਰ ਸਿੰਘ ਧਾਲੀਵਾਲ ਯਾਦਗਾਰੀ ਟਰਾਫੀ ਸ਼ੇਰੇ ਪੰਜਾਬ ਸਪੋਰਟਸ ਸੁਸਇਟੀ, ਸਿਨਸਿਨੈਟੀ ਦੀ ਟੀਮ ਨੇ ਨਿਊ ਯਾਰਕ ਦੀ ਟੀਮ ਨੂੰ ਹਰਾ ਕੇ ਜਿੱਤ ਲਈ ਜਦੋਂਕਿ ਕਬੱਡੀ ਦਾ 2100 ਡਾਲਰ ਦਾ ਇਨਾਮ ਨਿਊ ਯਾਰਕ ਦੀ ਟੀਮ ਦੇ ਹਿੱਸੇ ਆਇਆ। ਸਿਨਸਿਨੈਟੀ ਦੀ ਟੀਮ ਵਿਚ ਅਸਲ ਵਿਚ ਸਾਰੇ ਖਿਡਾਰੀ ਟੋਰਾਂਟੋ ਦੇ ਸਨ ਜੋ ਕਿ ਸਿਨਸਿਨੈਟੀ ਵਲੋਂ ਸਪਾਂਸਰ ਕੀਤੇ ਗਏ ਸਨ। ਕਬੱਡੀ ਦਾ ਪਹਿਲਾ ਇਨਾਮ ਡੀ ਲਾਈਨ ਲੌਜੈਸਟਿਕ ਵਾਲੇ ਨਿਰਭੈਅ ਸਿੰਘ ਧਨੋਆ, ਮਨਪ੍ਰੀਤ ਸਿੰਘ ਔਜਲਾ ਅਤੇ ਹਰਪ੍ਰੀਤ ਸਿੰਘ ਸਿੱਧੂ ਵਲੋਂ ਅਤੇ ਦੂਜਾ ਇਨਾਮ ਗੁਰਸ਼ਰਨ ਸਿੰਘ ਤੂਰ ਦੀ ਯਾਦ ਵਿਚ ਤੂਰ ਭਰਾਵਾਂ-ਰਿੰਕਾ, ਰਵੀ ਅਤੇ ਰਮਨ ਤੂਰ ਵਲੋਂ ਸਪਾਂਸਰ ਕੀਤਾ ਗਿਆ ਸੀ।

ਇਸ ਮੌਕੇ ਵਾਲੀਬਾਲ ਦੇ ਵੀ ਫਸਵੇਂ ਮੈਚ ਹੋਏ ਅਤੇ ਜੇਤੂ ਤੇ ਪਹਿਲੇ ਇਨਾਮ ਦੀ ਹੱਕਦਾਰ ਸ਼ਿਕਾਗੋ ਦੀ ਟੋਨੀ ਸੰਘੇੜਾ ਦੀ ਅਗਵਾਈ ਹੇਠ ਖੇਡ ਰਹੀ ਟੀਮ ਰਹੀ ਜਦੋਂਕਿ ਦੂਜਾ ਇਨਾਮ ਕਰਮਜੀਤ ਸਿੰਘ ਦੀ ਅਗਵਾਈ ਹੇਠ ਖੇਡ ਰਹੀ ਕਰਾਊਨ ਪੁਆਇੰਟ, ਇੰਡੀਆਨਾ ਦੀ ਟੀਮ ਨੇ ਜਿਤਿਆ। ਵਾਲੀਬਾਲ ਦਾ 1000 ਡਾਲਰ ਦਾ ਪਹਿਲਾ ਅਤੇ 500 ਡਾਲਰ ਦਾ ਦੂਜਾ ਇਨਾਮ ਜਿੰਮੀ ਗਰੇਵਾਲ ਦੀ ਯਾਦ ਵਿਚ ਹੌਬੀ ਗਰੇਵਾਲ ਅਤੇ ਤਰਮਿੰਦਰ ਸਿੰਘ ਕਲੇਰ ਵਲੋਂ ਸਪਾਂਸਰ ਕੀਤਾ ਗਿਆ ਸੀ।

ਕਬੱਡੀ ਦੇ ਮੈਦਾਨ ਵਿਚ ਸ਼ਿਕਾਗੋ ਤੋਂ ਇਲਾਵਾ ਮਿਲਵਾਕੀ, ਮਿਸ਼ੀਗਨ, ਸਿਨਸਿਨੈਟੀ, ਡੈਲਸ, ਨਿਊ ਯਾਰਕ ਅਤੇ ਕੈਲੀਫੋਰਨੀਆ ਦੀਆਂ ਟੀਮਾਂ ਭਿੜੀਆਂ। ਫਾਈਨਲ ਮੈਚ ਨਿਊ ਯਾਰਕ ਅਤੇ ਸ਼ੇਰੇ ਪੰਜਾਬ ਸਪੋਰਟਸ ਸੁਸਾਇਟੀ ਦੇ ਬੈਨਰ ਹੇਠ ਖੇਡ ਰਹੀ ਟੋਰਾਂਟੋ ਦੀ ਟੀਮ ਵਿਚਾਲੇ ਹੋਇਆ। ਇਸ ਮੈਚ ਦਾ ਦਰਸ਼ਕਾਂ ਨੇ ਭਰਪੂਰ ਅਨੰਦ ਮਾਣਿਆ ਅਤੇ ਰੇਡਰਾਂ ਦੀ ਇਕੱਲੀ ਇਕੱਲੀ ਰੇਡ ਦੀ ਭਰਪੂਰ ਪ੍ਰਸ਼ੰਸਾ ਡਾਲਰਾਂ ਨਾਲ ਕੀਤੀ। ਦੁੱਲੇ, ਕਿੰਦੇ, ਮੌਲੇ ਅਤੇ ਹੋਰ ਖਿਡਾਰੀਆਂ ਨੇ ਬੜੀ ਉਮਦਾ ਖੇਡ ਦਿਖਾਈ। ਟੀਮ ਦੀ ਜਿੱਤ ਤੋਂ ਸ਼ੇਰੇ ਪੰਜਾਬ ਸਪੋਰਟਸ ਸੁਸਾਇਟੀ ਦੇ ਪ੍ਰਧਾਨ ਹਰਵਿੰਦਰ ਵਾਲੀਆ ਅਤੇ ਖਜ਼ਾਨਚੀ ਇਸ ਜਿੱਤ 'ਤੇ ਪੂਰੇ ਬਾਗੋ ਬਾਗ ਸਨ।

ਵਾਲੀਬਾਲ ਦੇ ਮੈਦਾਨ ਵਿਚ ਕੁਲ ਅੱਠ ਟੀਮਾਂ ਨਿੱਤਰੀਆਂ ਜੋ ਸ਼ਿਕਾਗੋ ਤੋਂ ਇਲਾਵਾ ਇੰਡੀਆਨਾ ਅਤੇ ਟੈਕਸਸ ਤੋਂ ਆਈਆਂ ਹੋਈਆਂ ਸਨ। ਮੈਚ ਕਾਫੀ ਫਸਵੇਂ ਰਹੇ ਅਤੇ ਫਾਈਨਲ ਵਿਚ ਟੋਨੀ ਸੰਘੇੜਾ ਦੀ ਅਗਵਾਈ ਹੇਠਲੀ ਸ਼ਿਕਾਗੋ ਦੀ ਟੀਮ ਦੀ ਸਰਦਾਰੀ ਰਹੀ।

ਕਬੱਡੀ ਦੀ ਕੁਮੈਂਟਰੀ ਉਚੇਚੇ ਸੈਕਰਾਮੈਂਟੋ, ਕੈਲੀਫੋਰਨੀਆ ਤੋਂ ਆਏ ਰਾਜਵਿੰਦਰ ਸਿੰਘ ਰੰਡਿਆਲਾ ਨੇ ਆਪਣੇ ਵਿਲੱਖਣ ਅੰਦਾਜ਼ ਵਿਚ ਕੀਤੀ। ਰਾਜਵਿੰਦਰ ਨੇ ਥਾਂ ਥਾਂ ਦਿਲਚਸਪ ਟੋਟਕੇ ਅਤੇ ਤਸ਼ਬੀਹਾਂ ਦੇ ਕੇ ਕਬੱਡੀ ਦੀ ਕੁਮੈਂਟਰੀ ਨੂੰ ਦਿਲਚਸਪ ਬਣਾਈ ਰੱਖਿਆ, ਨਾਲ ਹੀ ਉਹ ਹਰ ਖਿਡਾਰੀ ਦੀ ਚੰਗੀ ਰੇਡ ਜਾਂ ਚੰਗੀ ਸਟਾਪ ਦੀ ਪ੍ਰਸ਼ੰਸਾ ਕਰਦਾ। ਇਹ ਗੱਲ ਵੀ ਦਿਲਚਸਪ ਸੀ ਕਿ ਬਹੁਤੇ ਕੁਮੈਂਟੇਟਰਾਂ ਦੇ ਉਲਟ ਉਸ ਨੇ ਸਿਰਫ ਪਤਵੰਤਿਆਂ ਦੇ ਨਾਂ ਜਪਣ ਤੋਂ ਗੁਰੇਜ ਹੀ ਰੱਖਿਆ।

ਇਸ ਮੇਲੇ ਦੇ ਮੁੱਖ ਮਹਿਮਾਨ ਸਨ ਸ਼ਿਕਾਗੋ 'ਚ ਕੌਂਸਲ ਜਨਰਲ ਸ੍ਰੀਮਤੀ ਮੁਕਤਾ ਤੋਮਰ। ਮਿਲਵਾਕੀ ਤੋਂ ਬਿਜਨਸਮੈਨ ਦਰਸ਼ਨ ਸਿੰਘ ਧਾਲੀਵਾਲ ਜਿਨ੍ਹਾਂ ਕਬੱਡੀ ਦਾ ਕੱਪ ਆਪਣੇ ਪਿਤਾ ਸੂਬੇਦਾਰ ਕਰਤਾਰ ਸਿੰਘ ਧਾਲੀਵਾਲ ਦੇ ਨਾਂ 'ਤੇ ਸਪਾਂਸਰ ਕੀਤਾ ਅਤੇ ਗਰੈਂਡ ਰੈਪਿਡਜ਼, ਮਿਸ਼ੀਗਨ ਤੋਂ ਡੈਮੋਕਰੈਟ ਆਗੂ ਸੰਨੀ ਧੂੜ ਗੈਸਟ ਆਫ ਆਨਰ ਸਨ। ਹੋਰ ਮੁਅਜ਼ਿਜ਼ ਮਹਿਮਾਨਾਂ ਵਿਚ ਕਰਨਲ ਨਿਰਮਲ ਸਿੰਘ ਸਿੰਘਾ, ਹਰਕਿਸ਼ਨ ਸਿੰਘ ਭੱਟੀ, ਰਾਜਿੰਦਰ ਸਿੰਘ ਬੈਂਸ, ਗੁਰਦੇਵ ਸਿੰਘ ਭੱਠਲ, ਬੇਅੰਤ ਸਿੰਘ ਬੋਪਾਰਾਏ, ਬਲਵਿੰਦਰ ਸਿੰਘ ਫਸਟ ਚੁਆਇਸ ਕਾਰਪੈਟਸ ਅਤੇ ਗੁਰਮੀਤ ਸਿੰਘ ਗਾਖਲ ਸ਼ਾਮਲ ਸਨ। ਕੌਂਸਲ ਜਨਰਲ ਮੁਕਤਾ ਤੋਮਰ ਨੇ ਕਲੱਬ ਵਲੋਂ ਖੇਡਾਂ ਨੂੰ ਉਤਸ਼ਾਹਿਤ ਕਰਨ ਲਈ ਕੀਤੇ ਜਾ ਰਹੇ ਯਤਨਾਂ ਦੀ ਸ਼ਲਾਘਾ ਕੀਤੀ ਅਤੇ ਸਪਾਂਸਰਾਂ ਨੂੰ ਸਨਮਾਨ ਚਿੰਨ੍ਹਾਂ ਨਾਲ ਸਨਮਾਨਿਤ ਕੀਤਾ।

ਮੇਲਾ ਦੇਖਣ ਲਈ ਸ਼ਿਕਾਗੋ ਤੋਂ ਇਲਾਵਾ ਇੰਡੀਆਨਾ, ਵਿਸਕਾਨਸਿਨ, ਮਿਸ਼ੀਗਨ, ਓਹਾਇਓ, ਆਇਓਆ ਅਤੇ ਹੋਰ ਸਟੇਟਾਂ ਤੋਂ ਵੀ ਦਰਸ਼ਕ ਭਰਵੀਂ ਗਿਣਤੀ ਵਿਚ ਪਹੁੰਚੇ ਹੋਏ ਸਨ। ਵੱਖ ਵੱਖ ਸੰਸਥਾਵਾਂ ਜਿਵੇਂ ਸ਼ਿਕਾਗੋ ਟਰੱਕ ਯੂਨੀਅਨ, ਪੰਜਾਬੀ ਕਲਚਰਲ ਸੁਸਾਇਟੀ-ਸ਼ਿਕਾਗੋ, ਪੰਜਾਬੀ ਹੈਰੀਟੇਜ ਆਰਗੇਨਾਈਜੇਸ਼ਨ-ਸ਼ਿਕਾਗੋ, ਪੰਜਾਬੀ ਯੂਥ ਐਸੋਸ਼ੀਏਸ਼-ਸ਼ਿਕਾਗੋ, ਲਾਇਨਜ਼ ਕਲੱਬ ਪੰਜਾਬ-ਸ਼ਿਕਾਗੋ, ਦੋਆਬਾ ਸਪੋਰਟਸ ਕਲੱਬ-ਸ਼ਿਕਾਗੋ, ਪੰਜਾਬੀ ਅਮੈਰਿਕਨ ਯੂਥ ਕਲੱਬ-ਇੰਡੀਆਨਾ, ਪੀ ਸੀ ਐਸ ਮਿਸ਼ੀਗਨ, ਪੀ ਸੀ ਓ ਮਿਲਵਾਕੀ, ਫਾਈਵ ਰਿਵਰ ਐਂਟਰਟੇਨਮੈਂਟ ਕਲੱਬ-ਇੰਡੀਆਨਾ, ਐਸ ਆਰ ਐਸ ਕਲਚਰਲ ਐਂਡ ਸਪੋਰਟਸ ਕਮਿਊਨਿਟੀ-ਇੰਡੀਆਨਾ, ਪੀ ਸੀ ਐਸ ਸਾਊਥਬੈਂਡ ਅਤੇ ਬਾਬਾ ਮੱਖਣ ਸ਼ਾਹ ਲੁਬਾਣਾ ਸਿੱਖ ਸੈਂਟਰ ਸਾਊਥਬੈਂਡ ਦੇ ਨੁਮਾਇੰਦੇ ਪਹੁੰਚੇ ਹੋਏ ਸਨ।

ਇਸ ਮੌਕੇ ਅਗਲੇ ਸਾਲ ਦਾ ਖੇਡ ਮੇਲਾ ਮਿਲਵਾਕੀ ਵਿਸਕਾਨਸਿਨ ਕਰਵਾਉਣ ਦਾ ਐਲਾਨ ਕੀਤਾ ਗਿਆ। ਮੇਲੇ ਦੇ ਅਖੀਰ 'ਤੇ ਗਾਇਕ ਬਲਜੀਤ ਮਾਲਵਾ, ਜਸਦੀਪ ਗਰੇਵਾਲ ਅਤੇ ਨਿੰਮਾ ਡੱਲੇਵਾਲਾ ਨੇ ਆਪੋ ਆਪਣੀ ਗਾਇਕੀ ਨਾਲ ਦਰਸ਼ਕਾਂ ਨੂੰ ਖੁਸ਼ ਕਰਨ ਦੀ ਕੋਸ਼ਿਸ਼ ਕੀਤੀ। ਖਾਣ-ਪੀਣ ਦਾ ਖੁੱਲ੍ਹਾ ਪ੍ਰਬੰਧ ਸੀ ਅਤੇ ਵੱਡੀ ਗਿਣਤੀ ਵਿਚ ਦਰਸ਼ਕਾਂ ਨੇ ਖੇਡਾਂ ਦਾ ਅਨੰਦ ਮਾਣਿਆ। ਚਾਹ ਦੀ ਸੇਵਾ ਤਰਲੋਚਨ ਗਿੱਲ, ਪਾਲ ਧਾਲੀਵਾਲ ਅਤੇ ਜਗਦੀਸ਼ ਸਿੰਘ ਸੰਧੂ ਨੇ ਕੀਤੀ। ਖਾਣੇ ਦੀ ਸੇਵਾ ਸਤਨਾਮ ਸਿੰਘ ਸੰਧੂ ਅਤੇ ਉਨ੍ਹਾਂ ਦੀ ਪਤਨੀ ਨੇ ਕੀਤੀ ਜਦੋਂਕਿ ਗਰਮਾ ਗਰਮ ਜਲੇਬੀਆਂ ਗੁਰਦੇਵ ਸਿੰਘ ਮਾਣਕ ਨੇ ਪਰੋਸੀਆਂ।

ਮੇਲੇ ਨੂੰ ਕਾਮਯਾਬ ਕਰਨ ਲਈ ਮਨਜੀਤ ਸਿੰਘ ਧਨੋਆ (ਪ੍ਰਧਾਨ), ਜਗਦੇਵ ਸਿੰਘ ਖੇੜਾ (ਸੀਨੀਅਰ ਮੀਤ ਪ੍ਰਧਾਨ), ਸਤਿੰਦਰ ਸਿੰਘ ਸੁਸਾਣਾ (ਕਾਰਜਕਾਰੀ ਸਕੱਤਰ), ਬਿਕਰਮ ਸਿੰਘ ਸਿੱਧੂ (ਖਜ਼ਾਨਚੀ), ਹਾਬੀ ਗਰੇਵਾਲ (ਜੁਆਇੰਟ ਸਕੱਤਰ), ਲੋਕ ਸੰਪਰਕ ਸਕੱਤਰ ਇੰਦਰਜੀਤ ਸਿੰਘ ਮੁਕਰ ਅਤੇ ਕਲੱਬ ਦੇ ਪੁਰਾਣੇ ਅਤੇ ਨਵੇਂ ਮੈਂਬਰਾਂ ਨੇ ਭਰਪੂਰ ਯੋਗਦਾਨ ਪਾਇਆ।



*ਜੇਤੂ ਟੀਮ ਕੌਂਸਲ ਜਨਰਲ ਮੁਕਤਾ ਤੋਮਰ ਤੇ ਦਰਸ਼ਨ ਸਿੰਘ ਧਾਲੀਵਾਲ ਨਾਲ*













## ਝਲਕੀਆਂ

ਸ਼ਿਕਾਗੋ ਦਾ ਮੌਸਮ ਇਸ ਵਾਰ ਕਾਫੀ ਬੇਭਰੋਸਗੀ ਵਾਲਾ ਰਿਹਾ ਹੈ, ਕਦੇ ਮੀਂਹ ਅਤੇ ਬਹੁਤ ਠੰਡ ਅਤੇ ਕਦੇ ਬਹੁਤ ਜ਼ਿਆਦਾ ਗਰਮੀ। ਪ੍ਰਬੰਧਕਾਂ ਨੂੰ ਧੁੜਕੂ ਲੱਗਾ ਰਿਹਾ ਕਿ ਕਿਧਰੇ ਮੀਂਹ ਨਾ ਪੈਣ ਲੱਗ ਜਾਵੇ। ਜਦੋਂ ਦੋ ਦਿਨ ਪਹਿਲਾਂ ਬਹੁਤ ਜ਼ਿਆਦਾ ਗਰਮੀ ਪਈ ਤਾਂ ਇਹ ਚਿੰਤਾ ਸਤਾਉਣ ਲੱਗੀ ਕਿ ਕਿਧਰੇ ਗਰਮੀ ਨਾ ਮੇਲੇ ਦਾ ਸਵਾਦ ਕਿਰਕਿਰਾ ਕਰ ਦੇਵੇ ਪਰ ਮੌਸਮ ਦੇਵਤਾ ਮਿਹਰਬਾਨ ਰਿਹਾ ਅਤੇ ਇਸ ਦਿਹਾੜੇ ਨਾ ਬਹੁਤੀ ਗਰਮੀ ਸੀ ਅਤੇ ਨਾ ਬਹੁਤੀ ਠੰਡ। ਮੇਲੇ-ਗੇਲੇ ਵਾਲਾ ਮੁਕੰਮਲ ਮੌਸਮ।

***

ਇਹ ਗੱਲ ਸ਼ਾਇਦ ਮਿਡਵੈਸਟ ਦੀਆਂ ਸਟੇਟਾਂ ਦੇ ਹੀ ਹਿੱਸੇ ਆਈ ਹੈ ਕਿ ਅਜਿਹੇ ਮੇਲਿਆਂ ਵਿਚ ਖਾਣ-ਪੀਣ ਦਾ ਮੁਫਤ ਖੁੱਲ੍ਹਾ ਪ੍ਰਬੰਧ ਹੁੰਦਾ ਹੈ। ਕੋਈ ਦਾਖਲਾ ਜਾਂ ਪਾਰਕਿੰਗ ਫੀਸ ਨਹੀਂ ਸੀ। ਸਵਾਦੀ ਕੜ੍ਹੀ-ਚੌਲ, ਛੋਲੇ-ਭਠੂਰੇ, ਚਾਹ, ਦੁੱਧ ਸੋਢਾ, ਪਾਣੀ ਅਤੇ ਗਰਮਾ-ਗਰਮ ਜਲੇਬੀਆਂ ਦਾ ਖੁੱਲ੍ਹਾ ਲੰਗਰ ਹਾਜ਼ਰ ਸੀ। ਕਈ ਮੇਲੀਆਂ ਨੇ ਡੰਝਾਂ ਲਾਹ ਲਾਹ ਖਾਧਾ ਵੀ। ਇਹ ਵੀ ਸ਼ਿਕਾਗੋ ਦੀ ਸਿਫਤ ਰਹੀ ਹੈ ਕਿ ਇਥੇ ਖੇਡ ਮੇਲਿਆਂ ਵਿਚ ਬੀਬੀਆਂ ਵੀ ਵੱਡੀ ਗਿਣਤੀ ਵਿਚ ਪਹੁੰਚਦੀਆਂ ਹਨ। ਸੋ, ਇਸ ਮੇਲੇ ਵਿਚ ਵੀ ਪਹੁੰਚੀਆਂ ਹੋਈਆਂ ਸਨ। ਸ਼ਾਇਦ ਬੀਬੀਆਂ ਦਾ ਹੀ ਪ੍ਰਤਾਪ ਰਹਿੰਦਾ ਹੈ ਕਿ ਬੰਦੇ ਬੋਲ ਬੁਲਾਰੇ ਤੋਂ ਅਤੇ ਉਚੀ-ਨੀਂਵੀਂ ਗੱਲ ਕਰਨ ਤੋਂ ਥੋੜ੍ਹਾ ਗੁਰੇਜ ਰੱਖਦੇ ਹਨ।

***

ਦਰਸ਼ਕਾਂ ਦੇ ਮਨੋਰੰਜਨ ਲਈ ਗਾਇਕ ਬਲਜੀਤ ਮਾਲਵਾ, ਜਸਦੀਪ ਗਰੇਵਾਲ ਅਤੇ ਓਹਾਇਓ ਤੋਂ ਨਿੰਮਾ ਡੱਲੇਵਾਲਾ ਹਾਜ਼ਰ ਸਨ। ਸ਼ੁਰੂਆਤ ਜਸਦੀਪ ਨੇ ਕੀਤੀ, ਫਿਰ ਇਕ ਗੀਤ ਨਿੰਮੇ ਨੂੰ ਗਾਉਣ ਦਾ ਮੌਕਾ ਮਿਲਿਆ। ਉਪਰੰਤ ਬਲਜੀਤ ਮਾਲਵੇ ਨੇ ਧੀਆਂ ਵਾਲਾ ਗੀਤ ਸਰੋਤਿਆਂ ਦੀ ਨਜ਼ਰ ਕੀਤਾ ਤਾਂ ਖਾਸ ਕਰ ਬੀਬੀਆਂ ਭਾਵੁਕ ਹੋ ਗਈਆਂ। ਬਲਜੀਤ ਨੂੰ ਸਾਹ ਦੁਆਉਣ ਲਈ ਸਟੇਜ ਸਕੱਤਰ ਨੇ ਜਸਦੀਪ ਨੂੰ ਇਕ ਗੀਤ ਗਾਉਣ ਲਈ ਕਿਹਾ ਪਰ ਉਹ ਦੋ ਗਾ ਗਿਆ। ਇਸ ਬਾਅਦ ਬਲਜੀਤ ਨੇ ਮੌਕਾ ਸਾਂਭਦਿਆਂ ਇਕ ਪਿਛੋਂ ਦੂਜਾ ਅਤੇ ਦੂਜੇ ਪਿਛੋਂ ਤੀਜਾ ਗੀਤ ਨਾਲ ਹੀ ਧਰ ਦਿੱਤਾ। ਮੰਚ ਸੰਚਾਲਕ ਵੀ ਇਸ਼ਾਰਾ ਕਰਦਾ ਹੀ ਰਹਿ ਗਿਆ। ਪਰ ਇਸ ਸਾਰੇ ਰਾਮ ਰੌਲੇ ਵਿਚ ਵਿਚਾਰੇ ਨਿੰਮੇ ਨੂੰ ਇਕੋ ਹੀ ਗੀਤ ਗਾਉਣ ਦਾ ਮੌਕਾ ਮਿਲਿਆ ਤੇ ਉਸ ਦੇ ਪ੍ਰਸ਼ੰਸਕ ਉਸ ਦੇ ਦੂਜੇ ਗੀਤ ਦੀ ਉਡੀਕ ਕਰਦੇ ਹੀ ਰਹਿ ਗਏ।

***

ਪ੍ਰਬੰਧਕਾਂ ਨੂੰ ਇਸ ਗੱਲ ਲਈ ਦਾਦ ਦੇਣੀ ਬਣਦੀ ਹੈ ਕਿ ਉਨ੍ਹਾਂ ਨਾ ਸਿਰਫ ਭਾਂਤ-ਸੁਭਾਂਤੀਆਂ ਸਿਆਸੀ ਪਾਰਟੀਆਂ-ਕਾਂਗਰਸ, ਅਕਾਲੀ ਦਲ (ਬਾਦਲ), ਪੀਪਲਜ਼ ਪਾਰਟੀ ਆਫ ਪੰਜਾਬ ਅਤੇ ਅਕਾਲੀ ਦਲ (ਅੰਮ੍ਰਿਤਸਰ) ਨਾਲ ਸਬੰਧਤ ਲੋਕਾਂ ਨੂੰ ਹੀ ਇਕੋ ਮੈਦਾਨ ਵਿਚ ਲਿਆ ਨਿਤਾਰਿਆ ਸਗੋਂ ਤਿੱਖੇ ਵਿਚਾਰਧਾਰਕ ਵਿਰੋਧ ਵਾਲੀਆਂ ਧਿਰਾਂ ਨੂੰ ਵੀ ਇਕੋ ਮੰਚ ਉਤੇ ਲਿਆ ਖਲ੍ਹਾਰਿਆ। ਖਾੜਕੂ ਸੁਰ ਵਾਲਾ ਇਕ ਧੜਾ ਅਜੇ ਕੁਝ ਹਫਤੇ ਪਹਿਲਾਂ ਹੀ ਜੂਨ 84 ਦੇ ਸਾਕੇ ਵਿਰੁਧ ਸ਼ਿਕਾਗੋ ਵਿਚ ਭਾਰਤੀ ਕੌਂਸਲਖਾਨੇ ਮੂਹਰੇ ਮੁਜਾਹਰੇ ਉਪਰੰਤ ਉਨ੍ਹਾਂ ਤੋਂ ਯਾਦ ਪੱਤਰ ਨਾ ਲੈਣ ਲਈ ਆਉਣ 'ਤੇ ਕੌਂਸਲ ਜਰਨਲ ਬੀਬੀ ਮੁਕਤਾ ਤੋਮਰ ਨਾਲ ਬੇਹਦ ਖਫਾ ਸੀ ਪਰ ਕਬੱਡੀ ਦੇ ਇਸ ਮੰਚ ਉਤੇ ਬੀਬੀ ਮੁਕਤਾ ਮੁੱਖ ਮਹਿਮਾਨਾਂ ਵਿਚ ਸ਼ਾਮਲ ਸੀ ਅਤੇ ਸਭ ਰੰਗਾਂ ਦੇ ਪ੍ਰਬੰਧਕ ਉਨ੍ਹਾਂ ਦਾ ਸਵਾਗਤ ਕਰਨ ਵਾਲਿਆਂ ਵਿਚ।

***

ਪਤਾ ਨਹੀਂ ਕਿਉਂ ਪੰਜਾਬੀਆਂ ਦਾ ਜਦ ਵੀ ਕੋਈ ਮੇਲਾ ਹੁੰਦਾ ਹੈ ਤਾਂ ਉਨ੍ਹਾਂ ਨੂੰ ਇਹ ਮੇਲਾ ਉਦੋਂ ਤੱਕ ਮੇਲਾ ਬਣਿਆ ਮਹਿਸੂਸ ਨਹੀਂ ਹੁੰਦਾ ਜਦੋਂ ਤੱਕ ਉਹ ਕੌੜੇ ਪਾਣੀ ਦੇ ਦੋ ਘੁੱਟ ਨਾ ਲਾ ਲੈਣ ਅਤੇ ਆਏ ਦੋਸਤਾਂ-ਮਿੱਤਰਾਂ ਦੀ ਸੇਵਾ ਸੋਮਰਸ ਨਾਲ ਨਾ ਕਰ ਲੈਣ। ਇਹ ਮੇਲਾ ਵੀ ਇਸ ਪੱਖੋਂ ਹੋਰਨਾਂ ਮੇਲਿਆਂ ਤੋਂ ਕਿਸੇ ਤਰ੍ਹਾਂ ਵੱਖ ਨਹੀਂ ਸੀ। ਥਾਂ ਥਾਂ ਕਾਰਾਂ ਦੀਆਂ ਡਿੱਕੀਆਂ ਖੋਲ੍ਹ ਕੇ ਦਾਰੂ ਸੇਵਾ ਹੋ ਰਹੀ ਸੀ ਜਿਸ ਨੂੰ ਅਕਸਰ ਹਾਸੇ ਵਿਚ 'ਕਾਰ ਸੇਵਾ' ਕਹਿ ਲਿਆ ਜਾਂਦਾ ਹੈ। ਕੁਝ ਬੀਬੀਆਂ ਇਹ ਸ਼ਿਕਾਇਤ ਕਰਦੀਆਂ ਸੁਣੀਆਂ ਗਈਆਂ ਕਿ ਇੰਨੀ ਦੂਰੋਂ ਕਾਰ ਪਾਰਕ ਕਰ ਕੇ ਕਾਰ ਦੀ ਸੇਵਾ ਵਾਲੀਆਂ ਇਨ੍ਹਾਂ ਕਾਰਾਂ ਕੋਲ ਦੀ ਲੰਘਦਿਆਂ ਝਿਜਕ ਜਿਹੀ ਹੁੰਦੀ ਹੈ। ਇਹ ਗੱਲ ਮੰਨ ਹੀ ਲਈਏ ਕਿ ਸਾਡਾ ਪੰਜਾਬੀਆਂ ਦਾ ਇਸ ਕਾਰ ਸੇਵਾ ਬਿਨਾ ਗੁਜ਼ਾਰਾ ਨਹੀਂ ਤਾਂ ਥੋੜ੍ਹਾ ਜਿਹਾ ਪਰਦਾ ਤਾਂ ਕਰ ਹੀ ਲੈਣਾ ਚਾਹੀਦਾ ਹੈ। ਵੈਸੇ ਇਹ ਵੀ ਗਨੀਮਤ ਰਹੀ ਕਿ ਪ੍ਰਬੰਧਕਾਂ ਵਿਚੋਂ ਕੁਝ ਸੱਜਣ ਜਿਨ੍ਹਾਂ ਦਾ ਨਾਂ ਅਕਸਰ ਦਾਰੂ-ਪਾਣੀ ਨਾਲ ਜਾ ਜੁੜਦਾ ਹੈ, ਮੇਲੇ ਦੇ ਅਖੀਰ ਤੱਕ ਸੋਫੀ ਹੀ ਰਹੇ।

***

ਸੋਮਰਸ ਦੀ ਸੇਵਾ ਵਾਲੀ ਗੱਲ ਦੀ ਉਸ ਵਕਤ ਹੱਦ ਹੋ ਗਈ ਜਦੋਂ ਕਬੱਡੀ ਦਾ ਫਾਈਨਲ ਮੈਚ ਖਤਮ ਹੁੰਦਿਆਂ ਹੀ ਇਕ ਲਿਮੋਜ਼ੀਨ ਕਬੱਡੀ ਵਾਲੇ ਮੈਦਾਨ ਵਿਚ ਆ ਖੜ੍ਹੀ ਹੋਈ। ਇਸ ਦੀ ਡਿੱਕੀ ਖੁੱਲ੍ਹੀ ਅਤੇ ਨਾਲ ਹੀ ਦਾਰੂ ਸੇਵਾ ਸ਼ੁਰੂ ਹੋ ਗਈ। ਖੰਡੇ ਦੇ ਨਿਸ਼ਾਨ ਵਾਲੀ ਇਸ ਲਿਮੋਜ਼ੀਨ ਨੂੰ ਵੇਖ ਕੇ ਖਾੜਕੂ ਸਿੱਖੀ ਸੁਭਾਅ ਦੇ ਕੁਝ ਪ੍ਰਬੰਧਕਾਂ ਨੂੰ ਬੁਰਾ ਜਿਹਾ ਲੱਗਿਆ ਅਤੇ ਉਨ੍ਹਾਂ ਇਸ ਲਿਮੋਜ਼ੀਨ ਨੂੰ ਹਟਾਉਣ ਦੀ ਚਾਰਾਜੋਈ ਕੀਤੀ। ਇਸ ਦਰਮਿਆਨ ਕੁਝ ਤਲਖੀ ਵੀ ਹੋਈ ਪਰ ਜਦੋਂ ਇਕ ਮੋਨੇ ਸਿੱਖ ਖੇਡ ਪ੍ਰੇਮੀ ਸੱਜਣ ਨੇ ਜੋਰ ਨਾਲ ਡਿੱਕੀ ਬੰਦ ਕਰਦਿਆਂ ਇਹ ਧਮਕੀ ਦਿੱਤੀ ਕਿ ਦੋ ਮਿੰਟ ਵਿਚ ਲਿਮੋਜ਼ੀਨ ਖੇਡ ਮੈਦਾਨ ਤੋਂ ਬਾਹਰ ਹੋ ਜਾਵੇ ਨਹੀਂ ਤਾਂ ਪੁਲਿਸ ਬੁਲਾ ਲਈ ਜਾਵੇਗੀ, ਤਾਂ ਇਹ ਲਿਮੋਜ਼ੀਨ ਮੈਦਾਨ ਤੋਂ ਬਾਹਰ ਹੋ ਗਈ। ਇਸ ਸਾਰੇ ਵਰਤਾਰੇ 'ਤੇ ਇਕ ਦਰਸ਼ਕ ਦੀ ਟਿੱਪਣੀ ਸੀ, ਚਲੋ ਇਹ ਕਿਹੜਾ ਨਵੀਂ ਗੱਲ ਹੋਈ ਹੈ, ਜੇ ਪੰਜਾਬ ਵਿਚ ਵਿਸ਼ਵ ਕਬੱਡੀ ਕੱਪ ਦਾਰੂ ਵਾਲਿਆਂ ਦੇ ਪੈਸੇ ਨਾਲ ਹੋ ਸਕਦਾ ਹੈ ਤਾਂ ਇਥੇ ਕਬੱਡੀ ਦੇ ਮੈਦਾਨ ਵਿਚ ਦਾਰੂ ਵਾਲੀ ਲਿਮੋਜ਼ੀਨ ਆਉਣ ਨਾਲ ਕਿਹੜਾ ਲੋਹੜਾ ਆ ਗਿਆ?

# ਚੌਥੀ ਅਮਰੀਕੀ ਪੰਜਾਬੀ ਕਹਾਣੀ ਕਾਨਫਰੰਸ ਨੂੰ ਬੇਮਿਸਾਲ ਸਫਲਤਾ

**ਸਟਾਕਟਨ (ਬਿਊਰੋ):** ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਦੇ ਸਟਾਕਟਨ ਯੂਨਿਟ ਵੱਲੋਂ ਲੰਘੀ 10 ਜੁਲਾਈ ਨੂੰ ਕਰਵਾਈ ਗਈ ਚੌਥੀ ਅਮਰੀਕੀ ਪੰਜਾਬੀ ਕਹਾਣੀ ਕਾਨਫਰੰਸ ਵਿਚ ਵੱਡੀ ਗਿਣਤੀ ਵਿਚ ਨਾਮਵਰ ਲੇਖਕਾਂ ਅਤੇ ਸਾਹਿਤ ਪ੍ਰੇਮੀਆਂ ਨੇ ਸ਼ਿਰਕਤ ਕੀਤੀ। ਇਸ ਕਾਨਫਰੰਸ ਦੌਰਾਨ ਨਾ ਸਿਰਫ ਅਮਰੀਕੀ ਪੰਜਾਬੀ ਕਹਾਣੀ ਬਾਰੇ ਅਰਥ ਭਰਪੂਰ ਪਰਚੇ ਹੀ ਪੇਸ਼ ਕੀਤੇ ਗਏ ਤੇ ਉਨ੍ਹਾਂ ਉਤੇ ਬਹਿਸ ਹੀ ਹੋਈ ਸਗੋਂ ਕਹਾਣੀ ਦਰਬਾਰ ਅਤੇ ਕਵੀ ਦਰਬਾਰ ਵੀ ਹੋਏ। ਪੇਪਰ ਸੈਸ਼ਨ ਦੇ ਪ੍ਰਧਾਨਗੀ ਮੰਡਲ ਵਿਚ ਡਾ. ਜਸਵਿੰਦਰ ਸਿੰਘ, ਡਾ. ਧਨਵੰਤ ਕੌਰ, ਅਮਰਜੀਤ ਚਾਹਲ (ਮੁੱਖ ਮਹਿਮਾਨ), ਪੱਤਰਕਾਰ ਸਤਨਾਮ ਸਿੰਘ ਚਾਹਲ ਅਤੇ ਪ੍ਰਸਿੱਧ ਨਾਟਕਕਾਰ ਸੁਰਿੰਦਰ ਧਨੋਆ ਸ਼ਾਮਲ ਹੋਏ।

ਪਹਿਲਾ ਖੋਜ ਪੱਤਰ ਡਾ. ਧਨਵੰਤ ਕੌਰ (ਪੰਜਾਬੀ ਯੂਨੀਵਰਸਿਟੀ ਪਟਿਆਲਾ) ਨੇ 'ਅਮਰੀਕੀ ਪੰਜਾਬੀ ਕਹਾਣੀ: ਨਵੇਂ ਥੀਮਗਤ ਪਾਸਾਰ' ਪੇਸ਼ ਕੀਤਾ। ਉਨ੍ਹਾਂ ਨੇ ਵਿਸ਼ੇਸ਼ ਤੌਰ 'ਤੇ ਪ੍ਰੋ. ਹਰਭਜਨ ਸਿੰਘ ਦੁਆਰਾ ਸੰਪਾਦਤ ਅਤੇ ਪੰਜਾਬੀ ਅਕਾਦਮੀ ਦਿੱਲੀ ਵੱਲੋਂ ਪ੍ਰਕਾਸ਼ਿਤ ਪੁਸਤਕ 'ਅਮਰੀਕੀ ਪੰਜਾਬੀ ਕਹਾਣੀ' 'ਤੇ ਧਿਆਨ ਕੇਂਦ੍ਰਿਤ ਕੀਤਾ। ਉਨ੍ਹਾਂ ਨੇ ਅਮਰੀਕੀ ਪੰਜਾਬੀ ਕਹਾਣੀਕਾਰਾਂ ਵੱਲੋਂ ਅਪਨਾਈ ਦੋਹਰੀ ਦ੍ਰਿਸ਼ਟੀ ਦਾ ਪ੍ਰਗਟਾਵਾ ਕਰਦਿਆਂ ਇਸ ਵਿਚ ਆ ਰਹੇ ਨਵੇਂ ਰੁਝਾਨਾਂ ਦੀ ਚਰਚਾ ਕੀਤੀ। ਉਨ੍ਹਾਂ ਦੱਸਿਆ ਕਿ ਸਾਡੇ ਕਹਾਣੀਕਾਰ ਪਹਿਲੀ ਦੁਨੀਆਂ ਦੇ ਆਦਰਸ਼ਕ ਹੋਣ ਦੀ ਮਿੱਥ ਦਾ ਭੰਜਨ ਕਰ ਰਹੇ ਹਨ, ਪਰਵਾਸੀ ਭਾਈਚਾਰਿਆਂ ਦੀ ਸਾਂਝ ਤੇ ਲਾਮਬੰਦੀ ਨੂੰ ਉਭਾਰ ਰਹੇ ਹਨ ਅਤੇ ਪੰਜਾਬੀ ਵਿਰਸੇ ਵਿਚੋਂ ਸਾਂਭਣਯੋਗ ਨੂੰ ਉਭਾਰ ਕੇ ਰੱਦਣਯੋਗ ਨੂੰ ਬਾਖੂਬੀ ਪੇਸ਼ ਕਰ ਰਹੇ ਹਨ।

ਦੂਸਰਾ ਖੋਜ ਪੱਤਰ ਡਾ. ਜਸਵਿੰਦਰ ਸਿੰਘ (ਪੰਜਾਬੀ ਯੂਨੀਵਰਸਿਟੀ, ਪਟਿਆਲਾ) ਨੇ 'ਸਮਕਾਲੀ ਅਮਰੀਕੀ ਪੰਜਾਬੀ ਕਹਾਣੀ: ਸਰੋਕਾਰ ਅਤੇ ਦ੍ਰਿਸ਼ਟੀਕੋਣ' ਪੇਸ਼ ਕੀਤਾ। ਉਨ੍ਹਾਂ ਨੇ ਅਮਰੀਕਾ ਵਿਚ ਪੰਜਾਬੀ ਪਰਵਾਸੀਆਂ ਦੀਆਂ ਪ੍ਰਾਪਤੀਆਂ ਦੇ ਸ਼ਾਨਦਾਰ ਪਹਿਲੂਆਂ ਨੂੰ ਉਭਾਰਦਿਆਂ ਇਸ ਕਹਾਣੀ ਵਿਚ ਪੇਸ਼ ਮਸਲਿਆਂ ਅਤੇ ਵਿਚਾਰਧਾਰਾ ਦੇ ਨਵੇਂਪਣ ਦੀ ਚਰਚਾ ਕੀਤੀ। ਉਨ੍ਹਾਂ ਅਨੁਸਾਰ ਅਮਰੀਕੀ ਪੰਜਾਬੀ ਕਹਾਣੀ ਅਤਿ ਨਿਜ ਤੋਂ ਲੈ ਕੇ ਭੱਖਦੇ ਸੰਸਾਰ ਮਸਲਿਆਂ ਨੂੰ ਮਾਨਵ ਹਿਤੈਸ਼ੀ ਦ੍ਰਿਸ਼ਟੀਕੋਣ ਤੋਂ ਖੂਬਸੂਰਤੀ ਨਾਲ ਪੇਸ਼ ਕਰਨ ਦੀ ਸਮਰਥਾ ਦਰਸਾ ਰਹੀ ਹੈ। ਇਹ ਕਹਾਣੀ ਸਭਿਆਚਾਰਕ ਰਾਜਨੀਤੀ ਨੂੰ ਸਮਝ ਕੇ ਬਹੁ-ਸਭਿਆਚਾਰੀ ਪ੍ਰਸੰਗਾਂ, ਬਹੁ-ਪਰਤੀ ਸ਼ਨਾਖਤਾਂ ਦੇ ਨਾਲ-ਨਾਲ ਇਨਸਾਨੀਅਤ ਦੇ ਬੁਨਿਆਦੀ ਪਹਿਲੂਆਂ ਉਪਰ ਫੋਕਸ ਕਰ ਰਹੀ ਹੈ। ਇਸ ਕਹਾਣੀ ਵਿਚੋਂ ਪੰਜਾਬੀ ਮਨ ਦੀਆਂ ਦਿਲਚਸਪ ਅੰਤਰਮੁਖਤਾਵਾਂ ਝਲਕਦੀਆਂ ਹਨ।

ਇਸ ਤੋਂ ਬਾਅਦ ਕਹਾਣੀ ਸੈਸ਼ਨ ਹੋਇਆ, ਇਸ ਦੇ ਪ੍ਰਧਾਨਗੀ ਮੰਡਲ ਵਿਚ ਡਾ. ਨਿਰੰਜਨ ਸਿੰਘ ਸੰਧੂ, ਪ੍ਰਿੰਸੀਪਲ ਵੀਰ ਸਿੰਘ ਰੰਧਾਵਾ, ਡਾ. ਜਸਵਿੰਦਰ ਸਿੰਘ, ਡਾ. ਧਨਵੰਤ ਕੌਰ ਅਤੇ ਹਰਜਿੰਦਰ ਪੰਧੇਰ ਸ਼ਾਮਲ ਹੋਏ। ਇਸ ਸੈਸ਼ਨ ਵਿਚ ਅਮਰਜੀਤ ਚਾਹਲ ਨੇ 'ਵਿਗੜੇ ਹੋਏ ਕਾਮਰੇਡ', ਰਾਠੀ ਸੂਰਾਪੁਰੀ ਨੇ 'ਲੇਖਾ-ਜੋਖਾ', ਤ੍ਰਿਪਤ ਭੱਟੀ ਨੇ 'ਨਮੋਸ਼ੀ', 'ਅਨਰਥ', 'ਖੁਨਾਮੀ' (ਮਿੰਨੀ ਕਹਾਣੀਆਂ) ਅਤੇ ਰਾਬਿੰਦਰ ਅਟਵਾਲ ਨੇ 'ਪੁਲ', ਚਰਨਜੀਤ ਪੰਨੂ ਨੇ 'ਸਨਮਾਨ ਚਿੰਨ੍ਹ' ਕਹਾਣੀਆਂ ਪੜ੍ਹੀਆਂ। ਹਾਜ਼ਰ ਸਰੋਤਿਆਂ ਨੇ ਕਹਾਣੀਆਂ ਨੂੰ ਮਾਣਿਆਂ ਤੇ ਭਰਪੂਰ ਦਾਦ ਦਿੱਤੀ। ਪ੍ਰਿੰ. ਵੀਰ ਸਿੰਘ ਰੰਧਾਵਾ ਨੇ ਸਟਾਕਟਨ ਸਾਹਿਤ ਸਭਾ ਦੇ ਇਸ ਉਦਮ ਦੀ ਪ੍ਰਸ਼ੰਸਾ ਕੀਤੀ ਅਤੇ ਅਮਰੀਕਾ ਵਿਚ ਰਹਿ ਕੇ ਸਾਹਿਤ ਸਿਰਜਨਾ ਕਰਨ ਵਾਲੇ ਲੇਖਕਾਂ ਦੀ ਮਿਹਨਤ ਤੇ ਲਗਨ ਨੂੰ ਸਲਾਹਿਆ।

ਸਮਾਗਮ ਦੌਰਾਨ 'ਅਮਰੀਕੀ ਪੰਜਾਬੀ ਕਹਾਣੀ' (ਸੰਪਾਦਕ - ਪ੍ਰੋ. ਹਰਭਜਨ ਸਿੰਘ), 'ਅਮਰੀਕੀ ਪੰਜਾਬੀ ਕਹਾਣੀ: ਇਕ ਪੁਨਰ-ਮੁਲਾਂਕਣ' (ਸੰ. ਡਾ. ਜਸਵਿੰਦਰ ਸਿੰਘ ਤੇ ਪ੍ਰੋ. ਹਰਭਜਨ ਸਿੰਘ), ਡਾ. ਨਰਿੰਜਨ ਸਿੰਘ ਸੰਧੂ ਦੀਆਂ ਦੋ ਪੁਸਤਕਾਂ 'ਮੇਰੇ ਪਿੰਡ ਮੇਰਾ ਪੈਂਡਾ, ਤ੍ਰਕਾਲਾਂ ਵੇਲੇ) ਅਤੇ ਚਰਨਜੀਤ ਸਿੰਘ ਪੰਨੂ ਦੀ 'ਸਖ਼ੀਰਾ' ਪੁਸਤਕਾਂ ਲੋਕ ਅਰਪਣ ਕੀਤੀਆਂ ਗਈਆਂ। ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਤੇ ਨਕੋਦਰ ਕਾਲਜ ਓਲਡ ਸਟੂਡੈਂਟ ਅਸੋਸੀਏਸ਼ਨ ਵੱਲੋਂ ਡਾ. ਜਸਵਿੰਦਰ ਸਿੰਘ ਅਤੇ ਡਾ. ਧਨਵੰਤ ਕੌਰ ਦਾ ਸਨਮਾਨ ਕੀਤਾ ਗਿਆ।

ਕਾਨਫਰੰਸ ਦੀ ਸ਼ੁਰੂਆਤ ਪੰਜਾਬੀ ਕੂਲ ਵਿਰਸਾ ਸਟਾਕਟਨ ਦੀ ਨਾਮਵਰ ਕਲਾਕਾਰ ਜੋੜੀ ਪਰਮਜੀਤ ਸਿੰਘ ਤੇ ਰੇਣੂ ਸਿੰਘ ਨੇ ਪੰਜਾਬੀ ਵਿਰਸੇ ਵਿਚੋਂ ਚੋਣਵੇਂ ਕਰਾਂਤੀਕਾਰੀ ਗੀਤਾਂ ਨਾਲ ਕੀਤੀ। ਉਨ੍ਹਾਂ ਨੇ ਜੈਮਲ ਸਿੰਘ ਪੱਡਾ ਤੇ ਸੰਤ ਰਾਮ ਉਦਾਸੀ ਦੇ ਗੀਤ ਅਤੇ ਪਾਸ਼, ਗੁਰਦਿਆਲ ਸੰਘਾ ਤੇ ਪ੍ਰੋ. ਹਰਭਜਨ ਸਿੰਘ ਦੀਆਂ ਕਵਿਤਾਵਾਂ 'ਤੇ ਆਧਾਰਤ ਪ੍ਰਭਾਵਸ਼ਾਲੀ ਕਾਵਿ-ਫੀਚਰ ਪੇਸ਼ ਕੀਤਾ।

ਕਾਨਫਰੰਸ ਨੂੰ ਸਿਖਰ ਵੱਲ ਕਵੀ ਦਰਬਾਰ ਨੇ ਪਹੁੰਚਾਇਆ। ਕਵੀ ਦਰਬਾਰ ਦੇ ਪ੍ਰਧਾਨਗੀ ਮੰਡਲ ਵਿਚ ਸ਼ਸ਼ੀ ਸਮੁੰਦਰਾ, ਡਾ. ਹਰਭਜਨ ਸਿੰਘ ਸ਼ੇਰਗਿਲ, ਹਰਬੰਸ ਸਿੰਘ ਜਗਿਆਸੂ ਅਤੇ ਪ੍ਰੋ. ਸੁਰਜੀਤ ਸਿੰਘ ਨੰਨੂਆ ਸ਼ਾਮਲ ਹੋਏ। ਇਸ ਵਿਚ ਪ੍ਰਧਾਨਗੀ ਮੰਡਲ ਦੇ ਮੈਂਬਰਾਂ ਤੋਂ ਇਲਾਵਾ ਜਸਵੰਤ ਸਿੰਘ ਸ਼ਾਦ, ਮਨਦੀਪ ਗੋਰਾ, ਮਹਿੰਦਰ ਸਿੰਘ ਘੱਗ, ਦਿਲ ਨਿੱਝਰ, ਤਾਰਾ ਸਾਗਰ, ਜੋਤੀ ਸਿੰਘ, ਜਗਤਾਰ ਸਿੰਘ ਪ੍ਰੀਤ, ਹਰਜਿੰਦਰ ਸਿੰਘ ਪੰਧੇਰ, ਕਮਲ ਬੰਗਾ, ਦਰਸ਼ਨ ਔਜਲਾ, ਪ੍ਰੀਤਮ ਸੋਹੀ, ਬਿੰਦਾ ਤੱਖਰ, ਆਦਿ ਨੇ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ। ਸਮੁੱਚੇ ਸਮਾਗਮ ਦਾ ਮੰਚ ਸੰਚਾਲਨ ਜਸਵੰਤ ਸਿੰਘ ਸ਼ਾਦ ਨੇ ਮਨ-ਭਾਉਂਦੇ ਕਾਵਿਕ ਅੰਦਾਜ਼ ਵਿਚ ਬਾਖੂਬੀ ਨਿਭਾਇਆ। ਕਾਨਫਰੰਸ ਨੂੰ ਸਫਲ ਬਣਾਉਣ ਵਿਚ ਸਤਨਾਮ ਸਿੰਘ ਸੰਧੂ, ਮੋਹਨ ਇੰਦਰ ਕੌਰ, ਮਨਜੀਤ ਕੌਰ ਸੰਧੂ ਨੇ ਭਰਪੂਰ ਯੋਗਦਾਨ ਪਾਇਆ।



*ਡਾ. ਜਸਵਿੰਦਰ ਸਿੰਘ ਅਤੇ ਡਾ. ਧਨਵੰਤ ਕੌਰ ਦਾ ਸਨਮਾਨ ਕਰ ਰਹੇ ਪੰਜਾਬੀ ਸਾਹਿਤ ਸਭਾ ਦੇ ਪ੍ਰਤੀਨਿਧੀ ਅਤੇ ਨਕੋਦਰ ਕਾਲਜ ਓਲਡ ਸਟੂਡੈਂਟ ਅਸੋਸੀਏਸ਼ਨ ਦੇ ਮੈਂਬਰ*

# ਮੈਂ ਕੀਹਦਾ ਕੀਹਦਾ ਮਾਣ ਰੱਖ ਲਾਂ

## ਗੱਲ ਕੋਈ ਖਾਸ ਤਾਂ ਨਹੀਂ

**ਐਸ. ਅਸ਼ੋਕ ਭੌਰਾ**

ਸਾਰੇ ਚਾਅ ਨਾਲ ਜਿਉਣਾ ਹੀ ਚਾਹੁੰਦੇ ਨੇ, ਮਰਨਾ ਨਹੀਂ ਜਦੋਂ ਕਿ ਜ਼ਿੰਦਗੀ 'ਚ ਦੋਵੇਂ ਘਟਨਾਵਾਂ ਵਾਪਰਨੀਆਂ ਹੀ ਹੁੰਦੀਆਂ ਹਨ। ਸਿਕੰਦਰ ਵਾਂਗ ਦੁਨੀਆਂ ਜਿੱਤੀ ਤਾਂ ਕਿਸੇ ਤੋਂ ਵੀ ਨਹੀਂ ਜਾਣੀ ਪਰ ਮੈਂ ਆਪਣੀ ਪੰਜਾਹਵਿਆਂ ਦੀ ਉਮਰ ਵਿਚ ਸਤਾਈ-ਅਠਾਈ ਦੇਸ਼ ਚੱਲ ਕੇ ਅੱਖਾਂ ਨਾਲ ਦੇਖ ਲਏ ਹਨ। ਇਕ ਵਾਰ ਮੈਨੂੰ ਦਿੱਲੀ ਏਅਰਪੋਰਟ 'ਤੇ ਚਾਰ-ਪੰਜ ਘੰਟੇ ਬਿਠਾਈ ਰੱਖਿਆ ਕਿ ਤੂੰ ਲੱਖਾਂ ਰੁਪਏ ਦੀਆਂ ਹਵਾਈ ਟਿਕਟਾਂ ਮਾਸਟਰੀ 'ਚੋਂ ਕਿਵੇਂ ਖਰੀਦੀਆਂ ਹਨ। ਪੁੱਛ-ਪੜਤਾਲ ਕਰਨ ਵਾਲਾ ਅਧਿਕਾਰੀ ਇਸ ਗੱਲ 'ਤੇ ਹੀ ਸੰਤੁਸ਼ਟ ਹੋ ਗਿਆ ਸੀ ਕਿ ਇਹ ਸਭ ਕੁਝ ਮੇਰੀਆਂ ਲਿਖਤਾਂ ਅਤੇ ਸ਼ਬਦਾਂ ਦੀ ਕਮਾਈ ਨਾਲ ਸੰਭਵ ਹੋਇਆ ਹੈ। ਇਸੇ ਲਈ ਮੈਂ ਸੰਤੁਸ਼ਟ ਹਾਂ ਕਿ ਲਿਖਣਾ ਸ਼ੁਰੂ ਤਾਂ ਜਲੰਧਰੋਂ 'ਅਜੀਤ' ਤੋਂ ਕੀਤਾ ਸੀ ਪਰ ਪਾਠਕ ਹਰ ਉਸ ਥਾਂ 'ਤੇ ਪੈਦਾ ਕੀਤੇ, ਜਿੱਥੇ ਪੰਜਾਬੀ ਵਸਦੇ ਸਨ। ਪਿੱਛੇ ਜਿਹੇ ਮੇਰੇ ਕੈਲੀਫੋਰਨੀਆ ਵਿਚਲੇ ਘਰੇ ਪ੍ਰਿੰਸੀਪਲ ਸਰਵਣ ਸਿੰਘ ਅਤੇ ਸੰਤੋਖ ਸਿੰਘ ਮੰਡੇਰ ਆਏ ਤਾਂ ਮੈਂ ਵੀ ਕੈਨੇਡਾ ਜਾਣ ਦਾ ਮਨ ਬਣਾ ਲਿਆ। ਸਿਰਫ਼ ਸਾਹਿਤਕ ਮਿੱਤਰਾਂ ਅਤੇ ਆਪਣੇ ਪਾਠਕਾਂ ਦੇ ਗਲ ਲੱਗਣ ਦੀ ਰੀਝ ਨਾਲ। ਮੰਡੇਰ ਤਾਂ ਆਪਣੇ ਰੁਝੇਵਿਆਂ ਕਾਰਨ ਸਰੀ 'ਚ ਨਹੀਂ ਸੀ ਪਰ ਉਹਨੇ ਆਪਣੇ ਮਿੱਤਰ ਪ੍ਰਿਤਪਾਲ ਗਿੱਲ ਕੋਲ ਮੇਰਾ ਪ੍ਰਬੰਧ ਕੀਤਾ ਹੋਇਆ ਸੀ ਰਹਿਣ-ਸਹਿਣ ਦਾ, ਇੰਨਾ ਵਧੀਆ ਕਿ ਮੰਡੇਰ ਨਾਲੋਂ ਪ੍ਰਿਤਪਾਲ ਹੁਣ ਮੇਰਾ ਵੱਧ ਮਿੱਤਰ ਹੈ। ਮੋਹਨ ਸਿੰਘ ਹੋਰਾਂ ਨੇ ਆਪਣੀ ਕੇਂਦਰੀ ਲਿਖਾਰੀ ਸਭਾ ਦੀ ਬੈਠਕ ਵਿਚ ਮੁੱਖ ਮਹਿਮਾਨ ਬਣਾ ਕੇ ਸਨਮਾਨ ਵੀ ਦਿੱਤਾ। ਉਸੇ ਦਿਨ ਆਥਣੇ ਸਾਹਿਤ ਸਭਾ ਨਾਲੋਂ ਵੀ ਵੱਡਾ 'ਕੱਠ ਪ੍ਰਿਤਪਾਲ ਦੇ ਘਰੇ ਹੋਇਆ। ਪੂਰੇ 45 ਜਣੇ ਜਿਨ੍ਹਾਂ 'ਚ ਪੁਰਾਣਾ ਗਾਇਕ ਦਲਜੀਤ ਕਲਿਆਣਪੁਰੀ, ਇਕ ਦਹਾਕੇ ਪਿੱਛੋਂ 'ਕਾਹਨੂੰ ਸਾਨੂੰ ਚਾਹ ਪੁੱਛਦੈਂ' ਵਾਲਾ ਗੀਤਕਾਰ ਲਾਲ ਪਧਿਆਣਵੀ ਵੀ, ਤੇ ਗੁਣਾਚੌਰੀਆ ਜਸਵੀਰ ਵੀ ਆਇਆ। ਗਾਇਕ ਗਿੱਲ ਹਰਦੀਪ ਨੇ ਮਹਿਫ਼ਲ ਮੇਲੇ 'ਚ ਬਦਲ ਦਿੱਤੀ।

ਟੀ.ਵੀ. ਹੋਸਟ ਸਤਵਿੰਦਰ ਸਿੰਘ, ਚਰਨ ਗਿੱਲ, ਗਿੱਲ ਮੋਰਾਂਵਾਲੀ, ਖੁਸ਼ਹਾਲ ਗਲੋਟੀ, ਸੋਹਣ ਸਿੰਘ ਤੇ ਨਾਹਰ ਸਿੰਘ ਢੇਸਾ, ਮੁੰਡੀਆਂ ਵਾਲਾ ਦਰਸ਼ਨ ਸੰਘਾ, ਮੋਹਨ ਗਿੱਲ, ਅੰਗਰੇਜ਼ ਬਰਾੜ, ਇਕਬਾਲ ਝੁੱਟੀ, ਕੁਲਦੀਪ ਗਿੱਲ, ਦਰਸ਼ਨ ਸ਼ਾਸ਼ੀ ਆਦਿ ਮਿੱਤਰਾਂ ਦੀ ਹਾਜ਼ਰੀ 'ਚ ਗਾਇਕੀ, ਸ਼ਾਇਰੀ ਅਤੇ ਬਹੁਤ ਕੁਝ ਮੇਰੇ ਇਰਦ-ਗਿਰਦ ਘੁੰਮ ਕੇ ਵਾਪਰਿਆ। ਮਨਿੰਦਰ ਗਿੱਲ ਵਾਲੇ ਰੇਡੀਓ ਰੈਡ ਐਫ.ਐਮ. ਤੋਂ ਵੀ ਮੈਂ ਬੋਲਿਆ। ਹਕੀਮਪੁਰ ਖੇਡ ਮੇਲੇ ਵਾਲੇ ਪੁਰੇਵਾਲ ਭਰਾਵਾਂ ਦੀ ਬਲੂ ਬੇਰੀ ਪਹਿਲੀ ਵਾਰ ਦੇਖੀ। ਇਸ ਖੇਡ ਮੇਲੇ ਬਾਰੇ ਬਾਰਾਂ ਸਾਲ ਲਗਾਤਾਰ ਲਿਖਣ ਤੋਂ ਬਾਅਦ ਕੈਨੇਡਾ 'ਚ ਪਹਿਲੀ ਵਾਰ ਉਨ੍ਹਾਂ ਨਾਲ ਘੁੱਟ ਕੇ ਗਲ-ਵੱਕੜੀ ਹੋਇਆ, ਗੁਰਜੀਤ ਤੇ ਚਰਨ ਵੀ ਮਿਲੇ। ਮੈਨੂੰ ਰਾਤ ਨੂੰ ਭੌਰੇ ਲੱਭਣ ਵਾਲਾ ਵਿੰਦਰ ਵੀ ਟੱਕਰਿਆ। ਲੋਕਾਂ ਲਈ ਵਾਰਿਸ ਪਰ ਮੇਰਾ ਮਨਮੋਹਨ ਘਰੇ ਦੁਪਹਿਰ ਦਾ ਖਾਣਾ ਖੁਆ ਕੇ ਜਸਵੀਰ ਨਾਲ ਵੈਨਕੂਵਰ ਹਵਾਈ ਅੱਡੇ 'ਤੇ ਛੱਡ ਗਿਆ। ਗਾਇਕੀ ਦੀ ਕਾਫ਼ੀ ਚੀਰ-ਫਾੜ ਅਸੀਂ ਏਅਰਪੋਰਟ 'ਤੇ ਹੀ ਕੀਤੀ।

ਟੋਰਾਂਟੋ 'ਚ ਰਿਹਾ ਤਾਂ ਮੈਂ ਆਪਣੇ ਰਿਸ਼ਤੇਦਾਰ ਗੁਰਦਿਆਲ ਸਿੰਘ ਕੋਲ, ਪਰ ਹੱਥਾਂ ਦੀਆਂ ਛਾਂਵਾਂ ਮੈਨੂੰ ਇੱਥੇ ਆ ਕੇ ਹੀ ਪਤਾ ਲੱਗਾ ਕਿ ਇਉਂ ਹੁੰਦੀਆਂ ਹਨ। ਆਪਣੇ ਪਿੰਡ 'ਚ ਮੈਂ ਦੂਰਦਰਸ਼ਨ ਅਤੇ ਹੋਰ ਚੈਨਲਾਂ ਦੇ ਕੈਮਰੇ ਕਈ ਸਾਲ ਲਗਾਤਾਰ ਬਹੁਤ ਘੁਮਾਏ। ਗਾਇਕਾਂ ਤੋਂ ਬੜਾ ਗਵਾਇਆ, ਰੌਣਕਾਂ ਬੜੀਆਂ ਲਾਈਆਂ ਪਰ ਕੈਨੇਡਾ 'ਚ ਮੇਰੇ ਪਿੰਡ ਦਾ ਨਾਂ ਰੌਸ਼ਨ ਕਰਨ ਵਾਲੇ ਮੁੰਡਿਆਂ ਗੁਰਚਰਨ ਭੌਰਾ ਤੇ ਸੁਖਵਿੰਦਰ ਭੌਰਾ ਨੇ ਆਪਣੇ ਸੈਂਚੂਰੀ 21 ਵਾਲੇ ਦਫ਼ਤਰ ਵਿਚ ਮੇਰੇ ਪੇਂਡੂਆਂ ਤੇ ਇਲਾਕੇ ਵਾਲਿਆਂ ਦਾ ਵੱਡਾ 'ਕੱਠ ਕਰਕੇ 'ਘਰ ਦੇ ਮੁੰਡੇ ਦਾ ਘਰ 'ਚ ਸਵਾਗਤ' ਵਾਂਗ ਦਿੱਤਾ ਮਾਣ ਮੇਰੀ ਜ਼ਿੰਦਗੀ ਦਾ ਹਿੱਸਾ ਬਣ ਗਿਆ। ਪਾਲ ਸਿੰਘ ਆਇਆ, ਪਰਮਜੀਤ ਪੰਮਾ ਵੀ, ਗੁਰਦੀਪ ਚੇਰਾ ਵੀ, ਜਿੰਦਰ ਵੀ, ਜਸਪਾਲ ਗਹੂਣੀਆ ਵੀ, ਤੇ ਘੰਟਿਆਂ ਬੱਧੀ ਪਿੰਡ ਦੀਆਂ ਯਾਦਾਂ ਅਤੇ ਲਿਖਤਾਂ ਦਾ ਲੇਖਾ-ਜੋਖਾ ਹਾਸੇ ਮਖੌਲ 'ਚ ਹੁੰਦਾ ਰਿਹਾ। ਮੇਰਾ ਹਮਜਮਾਤੀ ਹਰਜਿੰਦਰ ਸਿੰਘ ਚੇਰਾ ਬੜੇ ਚਿਰਾਂ ਬਾਅਦ ਮਿਲਿਆ।

ਸਿਰਫ਼ ਚੰਨ ਜਾਂ ਤਾਰੇ ਦੇਖਣ ਲਈ ਮੂੰਹ ਉਪਰ ਨੂੰ ਕਰਨਾ ਚਾਹੀਦੈ, ਤੋਰ ਸਿੱਧੀ ਰੱਖਣ ਲਈ ਪੈਰਾਂ ਵੱਲ ਧਿਆਨ ਬਹੁਤਾ ਦੇਣਾ ਚਾਹੀਦੈ। ਬਰਸਾਤ 'ਚ ਵੀ ਹਰ ਥਾਂ ਮੀਂਹ ਨਹੀਂ ਪੈ ਰਿਹਾ ਹੁੰਦਾ, ਪਰ ਆਪਣੀਆਂ ਲਿਖਤਾਂ ਨਾਲ ਮੈਨੂੰ ਹਰ ਥਾਂ ਮਾਣ-ਸਤਿਕਾਰ ਤੋਂ ਅੱਗੇ ਹਾਰ ਵੀ ਪਏ ਹਨ; ਤੇ 'ਅਜੀਤ' ਅਤੇ ਸ. ਬਰਜਿੰਦਰ ਸਿੰਘ ਹਮਦਰਦ ਤੋਂ ਬਾਅਦ ਇਸ ਮਾਣ ਦੇ ਬਹੁਤੇ ਹਿੱਸੇਦਾਰ 'ਪੰਜਾਬ ਟਾਈਮਜ਼' ਅਤੇ ਅਮੋਲਕ ਸਿੰਘ ਜੰਮੂ ਹੀ ਹਨ। ਹਲਕੇ ਪਾਧੇ ਕੋਲ ਭਾਰੀ ਪੋਥੀ ਹੋਵੇਗੀ ਤਾਂ ਉਹ ਦੁਹਾਈਆਂ ਦੇ ਦੇ ਕਹੇਗਾ, 'ਮੈਂ ਕੀਹਦਾ-ਕੀਹਦਾ ਮਾਣ ਰੱਖ ਲਾਂ!'



*ਪਿੰਡ ਭੌਰਾ ਵਾਲਿਆਂ ਨਾਲ*



*ਹਕੀਮਪੁਰ ਖੇਡ ਮੇਲੇ ਵਾਲੇ ਪੁਰੇਵਾਲ ਭਰਾਵਾਂ ਗੁਰਜੀਤ ਸਿੰਘ ਤੇ ਚਰਨ ਸਿੰਘ ਨਾਲ*



*ਮਨਮੋਹਨ ਵਾਰਿਸ ਤੇ ਜਸਵੀਰ ਗੁਣਾਚੌਰੀਆ ਨਾਲ*



*ਮਿੱਤਰਾਂ ਦੀ ਮਹਿਫਲ 'ਚ ਗਿੱਲ ਹਰਦੀਪ ਗੀਤ ਪੇਸ਼ ਕਰਦਿਆਂ*

# ਪ੍ਰੋ. ਭੁੱਲਰ ਤੇ ਰਾਜੋਆਣਾ ਦੀ ਸਜ਼ਾ ਰੱਦ ਕਰਾਉਣ ਲਈ ਮੁਜ਼ਾਹਰਾ

**ਨਵੀਂ ਦਿੱਲੀ (ਬਿਊਰੋ):** ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਤੇ ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਰੱਦ ਕਰਵਾਉਣ ਲਈ ਸ਼੍ਰੋਮਣੀ ਅਕਾਲੀ ਦਲ (ਅ) ਦੇ ਕੌਮੀ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਤੇ ਹੋਰ ਰਾਜਾਂ ਤੋਂ ਆਏ ਪਾਰਟੀ ਆਗੂਆਂ ਤੇ ਸਮਰਥਕਾਂ ਨੇ ਦਿੱਲੀ ਦੇ ਜੰਤਰ ਮੰਤਰ ਵਿਖੇ ਜ਼ੋਰਦਾਰ ਰੋਸ ਮੁਜ਼ਾਹਰਾ ਕੀਤਾ ਤੇ ਇਸ ਉਪਰੰਤ ਪਾਰਟੀ ਦੇ ਇਕ ਵਫਦ ਨੇ ਪ੍ਰਧਾਨ ਮੰਤਰੀ ਨੂੰ ਉਨ੍ਹਾਂ ਦੇ ਦਫਤਰ ਮੰਗ-ਪੱਤਰ ਸੌਂਪ ਕੇ ਸਿੱਖ ਜਗਤ ਦੀਆਂ ਭਾਵਨਾਵਾਂ ਤੋਂ ਜਾਣੂੰ ਕਰਵਾਇਆ।



ਇਸ ਤੋਂ ਪਹਿਲਾਂ ਜੰਤਰ ਮੰਤਰ ਵਿਖੇ ਰੋਸ ਮੁਜ਼ਾਹਰਾ ਕਰ ਰਹੇ ਵੱਡੇ ਇੱਕਠ ਨੂੰ ਸੰਬੋਧਨ ਕਰਦਿਆਂ ਸ. ਸਿਮਰਨਜੀਤ ਸਿੰਘ ਮਾਨ ਨੇ ਕਿਹਾ ਕਿ ਦੁਨੀਆਂ ਦੀ ਸਭ ਤੋਂ ਵੱਡੀ ਜ਼ਮੂਹਰੀਅਤ ਮੰਨੇ ਜਾਂਦੇ ਭਾਰਤ ਦੀ ਹਕੂਮਤ ਵੱਲੋਂ ਘੱਟਗਿਣਤੀ ਵਰਗ, ਖਾਸਕਰ ਸਿੱਖਾਂ ਨਾਲ ਹਮੇਸ਼ਾ ਹੀ ਵਿਤਕਰਾ ਤੇ ਧੱਕੇਸ਼ਾਹੀ ਕੀਤੀ ਜਾਂਦੀ ਰਹੀ ਹੈ।

ਜੰਤਰ ਮੰਤਰ ਵਿਖੇ ਦਿਤਾ ਗਿਆ ਸੰਕੇਤਕ ਧਰਨਾ ਇੱਕ ਵਿਸ਼ਾਲ ਕਾਨਫਰੰਸ ਦਾ ਰੂਪ ਧਾਰਨ ਕਰ ਗਿਆ। ਹਜ਼ਾਰਾਂ ਪਾਰਟੀ ਵਰਕਰ ਝੰਡੇ ਅਤੇ ਬੈਨਰ ਲੈ ਕੇ ਲਹਿਰਾਉਂਦੇ ਹੋਏ ਇਕ ਰਾਤ ਪਹਿਲਾਂ ਹੀ ਦਿੱਲੀ ਪਹੁੰਚਣੇ ਆਰੰਭ ਹੋ ਗਏ ਸਨ। ਵਰਕਰਾਂ ਨੂੰ ਸੰਬੋਧਨ ਕਰਦਿਆਂ ਪਾਰਟੀ ਪ੍ਰਧਾਨ ਨੇ ਕਿਹਾ ਕਿ ਹਿੰਦ ਹਕੂਮਤ ਨਿੱਤ ਨਵਾਂ ਜ਼ੁਲਮ ਕਰਕੇ ਸਿੱਖਾਂ ਦੇ ਸਬਰ ਦੇ ਅਖੀਰ ਨੂੰ ਦੇਖਣ ਦੀ ਗਲਤੀ ਨਾ ਕਰੇ। ਉਨ੍ਹਾਂ ਕਿਹਾ ਕਿ ਭਾਵੇਂ 1947 ਤੋਂ ਲੈ ਕੇ ਅੱਜ ਤੱਕ ਦਿੱਲੀ ਦੇ ਹਾਕਮਾਂ ਨੇ ਕਦੇ ਵੀ ਕਿਸੇ ਵੀ ਪੱਖ ਤੋਂ ਨਿਆਂ ਨਹੀਂ ਕੀਤਾ, ਸਗੋਂ ਨਫਰਤ ਅਤੇ ਬਦਲੇ ਦੀ ਭਾਵਨਾ ਨਾਲ ਸਿੱਖਾਂ ਨੂੰ ਗੁਲਾਮਾਂ ਦੀ ਨਜ਼ਰ ਨਾਲ ਹੀ ਤੱਕਿਆ ਹੈ। ਇਸ ਦੇਸ਼ ਦਾ ਕਾਨੂੰਨ ਬਹੁਗਿਣਤੀਆਂ ਲਈ ਹੋਰ ਅਤੇ ਘੱਟ-ਗਿਣਤੀਆਂ ਲਈ ਹੋਰ ਤਰ੍ਹਾਂ ਦਾ ਹੈ। ਸ. ਮਾਨ ਨੇ ਜ਼ੋਰ ਦੇ ਕੇ ਕਿਹਾ ਕਿ ਜੇਕਰ ਇਸ ਦੇਸ਼ ਵਿਚ ਕਾਨੂੰਨ ਸਭਨਾਂ ਲਈ ਬਰਾਬਰ ਹੁੰਦਾ ਤਾਂ ਨਵੰਬਰ 1984 ਵਿਚ 20000 ਬੇਦੋਸ਼ੇ ਸਿੱਖਾਂ ਦੇ ਕਾਤਲ ਗ੍ਰਹਿ ਵਜ਼ੀਰ ਜਾਂ ਹਿੰਦ ਦੀ ਕੈਬਨਿਟ ਵਿਚ ਕਦੇ ਨਾ ਬੈਠਦੇ ਅਤੇ ਭਾਈ ਸਤਵੰਤ ਸਿੰਘ, ਭਾਈ ਕੇਹਰ ਸਿੰਘ ਅਤੇ ਭਾਈ ਜਿੰਦਾ-ਸੁੱਖਾ ਨੂੰ ਇੰਨੀ ਛੇਤੀ ਫਾਂਸੀ ਤੇ ਨਾ ਲਟਕਾਇਆ ਜਾਂਦਾ, ਕਿਉਂਕਿ ਸਮਝੌਤਾ ਐਕਸਪ੍ਰੈਸ ਵਿਚ ਬੰਬ ਰੱਖ ਕੇ ਅਤੇ ਅਜਮੇਰ ਸ਼ਰੀਫ ਵਿਚ ਬੇਗੁਨਾਹਾਂ ਦੇ ਕਤਲ ਲਈ ਜਿੰਮੇਵਾਰ ਕਰਨਲ ਪਰੋਹਤ, ਸਾਧਵੀ ਪ੍ਰਗਿਆ ਅਤੇ ਸਵਾਮੀ ਅਸੀਮਾ ਨੰਦ ਨੂੰ ਹਿੰਦ ਹਕੂਮਤ ਨੇ ਮਹਿਮਾਨਾਂ ਵਾਗੂੰ ਰੱਖਿਆ ਹੋਇਆ ਹੈ। ਸ. ਮਾਨ ਨੇ ਪ੍ਰੋ. ਭੁੱਲਰ ਅਤੇ ਭਾਈ ਰਾਜੋਆਣਾ ਨੂੰ ਦਿੱਤੀਆਂ ਮੌਤ ਦੀਆਂ ਸਜ਼ਾਵਾਂ ਉੱਪਰ ਟਿੱਪਣੀ ਕਰਦਿਆਂ ਕਿਹਾ ਕਿ ਕੋਈ ਠੋਸ ਗਵਾਹੀ ਜਾਂ ਸਬੂਤ ਨਾ ਹੋਣ ਦੇ ਬਾਵਜੂਦ ਕੇਵਲ ਪੁਲਿਸ ਹਿਰਾਸਤ ਵਿਚ ਦਿੱਤੇ ਬਿਆਨਾਂ ਨੂੰ ਆਧਾਰ ਬਣਾ ਕੇ ਫਾਂਸੀ ਦਾ ਹੁਕਮ ਦੇਣਾ ਸੰਵਿਧਾਨ ਦਾ ਉਲੰਘਣ ਹੈ ਕਿਉਂਕਿ ਸੰਵਿਧਾਨ ਦੀ ਧਾਰਾ 25 ਵਿਚ ਸਪੱਸ਼ਟ ਲਿਖਿਆ ਹੈ ਕਿ ਪੁਲਿਸ ਦੀ ਹਿਰਾਸਤ ਵਿਚ ਦਿੱਤੇ ਬਿਆਨਾਂ ਦੀ ਕੋਈ ਅਹਿਮੀਅਤ ਨਹੀਂ ਹੁੰਦੀ।

ਇਸ ਤੋਂ ਇਲਾਵਾ ਪ੍ਰੋ. ਭੁੱਲਰ ਨੂੰ ਹਿੰਦ ਸਰਕਾਰ ਨੇ ਕੌਮਾਂਤਰੀ ਸੰਧੀ ਅਧੀਨ ਇਹ ਵਾਅਦਾ ਕਰਕੇ ਜਰਮਨ ਸਰਕਾਰ ਤੋਂ ਲਿਆ ਸੀ ਕਿ ਪ੍ਰੋ. ਭੁੱਲਰ ਨੂੰ ਸਜਾਏ ਮੌਤ ਨਹੀਂ ਦਿੱਤੀ ਜਾਵੇਗੀ। ਸ. ਮਾਨ ਨੇ ਕਿਹਾ ਕਿ ਮੈਂ ਅਤੇ ਮੇਰੀ ਪਾਰਟੀ ਪ੍ਰੋ. ਭੁੱਲਰ ਨੂੰ ਫਾਂਸੀ ਦੀ ਸਜ਼ਾ ਸੁਣਾਏ ਜਾਣ ਤੋਂ ਲੈ ਕੇ ਅੱਜ ਤੱਕ ਉਨ੍ਹਾਂ ਦੀ ਰਿਹਾਈ ਲਈ ਯਤਨਸ਼ੀਲ ਹਾਂ। ਲੇਕਿਨ ਸਾਡੇ ਸਮਕਾਲੀ ਬਾਦਲ ਦਲੀਏ ਅਤੇ ਕਾਂਗਰਸੀਏ ਜਿਹੜੇ ਵਿਧਾਨ ਸਭਾ ਚੋਣ ਨੂੰ ਮੁੱਖ ਰੱਖ ਕੇ ਮਗਰਮੱਛ ਦੇ ਹੰਝੂ ਕੇਰ ਰਹੇ ਹਨ, ਕਦੇ ਵੀ ਪ੍ਰੋ. ਭੁੱਲਰ ਦੀ ਫਾਂਸੀ ਰੱਦ ਕਰਾਉਣ ਲਈ ਸੁਹਿਰਦ ਨਹੀਂ ਹੋਏ, ਸਗੋਂ ਸ. ਬਾਦਲ ਨੇ ਸੁਪਰੀਮ ਕੋਰਟ ਵਿਚ ਇਕ ਜ਼ਾਲਮ ਪੁਲਿਸ ਅਫਸਰ ਸੁਮੇਧ ਸੈਣੀ ਨੂੰ ਬਹੁਤ ਇਮਾਨਦਾਰ ਅਤੇ ਦੇਸ਼ ਦੀ ਏਕਤਾ ਅਖੰਡਤਾ ਲਈ ਕੰਮ ਕਰਨ ਵਾਲਾ ਵਧੀਆ ਅਫਸਰ ਦੱਸਣ ਦੇ ਨਾਲ-ਨਾਲ ਪ੍ਰੋ. ਭੁੱਲਰ ਨੂੰ ਇੱਕ ਖਤਰਨਾਕ ਦਹਿਸ਼ਤਗਰਦ ਗਰਦਾਨਿਆ ਹੈ। ਇਸੇ ਤਰ੍ਹਾਂ ਕੈਪਟਨ ਅਮਰਿੰਦਰ ਸਿੰਘ ਭਾਵੇਂ ਪ੍ਰੋ. ਭੁੱਲਰ ਦੀ ਫਾਂਸੀ ਰੱਦ ਕਰਾਉਣ ਲਈ ਅਖਬਾਰੀ ਬਿਆਨਬਾਜ਼ੀ ਤਾਂ ਜ਼ਰੂਰ ਕਰ ਰਹੇ ਹਨ, ਪਰ ਉਨ੍ਹਾਂ ਦੀ ਮਾਂ ਪਾਰਟੀ ਕਾਂਗਰਸ ਵਲੋਂ ਪ੍ਰੋ. ਭੁੱਲਰ ਨੂੰ ਛੇਤੀ ਫਾਂਸੀ ਦਿੱਤੇ ਜਾਣ ਦੇ ਬਿਆਨ ਦਿੱਤੇ ਜਾ ਰਹੇ ਹਨ।

ਸ. ਮਾਨ ਨੇ ਹਿੰਦ ਹਕੂਮਤ ਨੂੰ ਚਿਤਾਵਨੀ ਦਿੱਤੀ ਕਿ ਹੁਣ ਸਿੱਖ ਜਾਗ ਪਏ ਹਨ ਅਤੇ ਆਪਣੀ ਆਜ਼ਾਦੀ ਪ੍ਰਤੀ ਸੁਚੇਤ ਹੋ ਚੁੱਕੇ ਹਨ, ਉਹ ਦਿਨ ਦੂਰ ਨਹੀਂ ਜਦੋਂ ਸਿੱਖ ਆਪਣਾ ਵੱਖਰਾ ਰਾਜ ਬਣਾ ਕੇ ਆਪਣੀ ਕਿਸਮਤ ਦੇ ਫੈਸਲੇ ਖੁਦ ਕਰਨ ਦੇ ਸਮਰੱਥ ਹੋ ਜਾਣਗੇ।



ਇਸ ਮੌਕੇ ਸਾਰਾ ਪੰਡਾਲ ਵਾਰ-ਵਾਰ ਪ੍ਰੋ. ਭੁੱਲਰ ਅਤੇ ਭਾਈ ਰਾਜੋਆਣਾ ਦੀ ਫਾਂਸੀ ਰੱਦ ਕਰੋ ਅਤੇ ਖਾਲਿਸਤਾਨ ਜਿੰਦਾਬਾਦ ਦੇ ਨਾਅਰਿਆਂ ਨਾਲ ਗੂੰਜਦਾ ਰਿਹਾ। ਇਸ ਮੌਕੇ ਪਾਰਟੀ ਦੇ ਸੀਨੀਅਰ ਮੀਤ ਪ੍ਰਧਾਨ ਭਾਈ ਧਿਆਨ ਸਿੰਘ ਮੰਡ, ਜਥੇਦਾਰ ਗੁਰਿੰਦਰਪਾਲ ਸਿੰਘ ਧਨੌਲਾ, ਪ੍ਰੋ. ਮਹਿੰਦਰਪਾਲ ਸਿੰਘ, ਸ. ਜਸਕਰਨ ਸਿੰਘ ਕਾਹਨ ਸਿੰਘ ਵਾਲਾ, ਮਾਸਟਰ ਕਰਨੈਲ ਸਿੰਘ ਨਾਰੀਕੇ, ਸ. ਗੁਰਸੇਵਕ ਸਿੰਘ ਜਵਾਹਰਕੇ (ਸਾਰੇ ਕੌਮੀ ਜਰਨਲ ਸਕੱਤਰ), ਮੀਤ ਪ੍ਰਧਾਨ ਬਾਬਾ ਸੁਰਿੰਦਰ ਹਰੀ ਸਿੰਘ, ਮੀਤ ਪ੍ਰਧਾਨ ਬਾਬਾ ਅਮਰਜੀਤ ਸਿੰਘ



ਕਿਲਾ ਹਕੀਮਾਂ, ਸ. ਈਮਾਨ ਸਿੰਘ ਮਾਨ, ਸ. ਸੰਸਾਰ ਸਿੰਘ ਤਾਜੋਕੇ ਪ੍ਰਧਾਨ ਦਿੱਲੀ ਸਟੇਟ, ਬਾਬੂ ਸਿੰਘ ਦੁਖੀਆ, ਪ੍ਰੀਤਮ ਸਿੰਘ ਦਿੱਲੀ, ਸਰਬਜੀਤ ਸਿੰਘ ਭੁਟਾਨੀ, ਬਲਵਿੰਦਰ ਸਿੰਘ ਕਾਲਾ, ਬਹਾਦਰ ਸਿੰਘ ਭਸੌੜ, ਮਹੇਸ਼ਇੰਦਰ ਸਿੰਘ ਸੰਗਰੂਰ, ਗੁਰਦੀਪ ਸਿੰਘ ਖੁਣ-ਖੁਣ, ਪਰਗਟ ਸਿੰਘ ਗਾਗਾ, ਰਾਜਿੰਦਰ ਸਿੰਘ ਫੌਜੀ, ਚਰਨਜੀਤ ਸਿੰਘ ਕੜਮਾ, ਬਲਕਾਰ ਸਿੰਘ ਭੁੱਲਰ, ਸਰੂਪ ਸਿੰਘ ਸੰਧਾ, ਸੁੱਚਾ ਸਿੰਘ ਸੁਰਤਾਪੁਰ, ਬਲਵੀਰ ਸਿੰਘ ਬੱਛੋਆਣਾ, ਅਵਤਾਰ ਸਿੰਘ ਕੁਲਾਰ, ਸੁਰਜੀਤ ਸਿੰਘ ਕਾਲਾਬੂਲਾ, ਬੀਬੀ ਤੇਜ ਕੌਰ, ਬੀਬੀ ਗਿਆਨ ਕੌਰ ਕਾਕੜਾ, ਸਮੂਹ ਜ਼ਿਲ੍ਹਾ ਪ੍ਰਧਾਨ, ਹਰਜੀਤ ਸਿੰਘ ਸਜੂਮਾ, ਹਰਭਜਨ ਸਿੰਘ ਕਸ਼ਮੀਰੀ, ਰਾਜਿੰਦਰ ਸਿੰਘ ਛੰਨਾ, ਗੁਰਦਿਆਲ ਸਿੰਘ ਘੁਲੂਮਾਜਰਾ, ਰਣਜੀਤ ਸਿੰਘ ਸੰਤੋਖਗੜ੍ਹ, ਕੁਲਦੀਪ ਸਿੰਘ ਭਾਗੋਵਾਲ, ਅਵਤਾਰ ਸਿੰਘ ਖੱਖ, ਸੁਖਜੀਤ ਸਿੰਘ ਕਾਲਾਅਫਗਾਨਾ ਆਦਿ ਆਗੂਆਂ ਨੇ ਹਾਜ਼ਰੀ ਭਰੀ। ਬਾਅਦ ਵਿਚ ਸਰਦਾਰ ਮਾਨ ਦੀ ਅਗਵਾਈ ਹੇਠ ਗਿਆਰਾਂ ਮੈਂਬਰੀ ਵਫਦ ਨੇ ਵਜ਼ੀਰੇ ਆਜ਼ਮ ਹਿੰਦ ਨੂੰ ਪ੍ਰੋ. ਭੁੱਲਰ ਅਤੇ ਭਾਈ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਰੱਦ ਕਰਨ ਲਈ ਮੈਮੋਰੰਡਮ ਵੀ ਦਿੱਤਾ।


Global Multi Services

ਕੈਲੀਫੋਰਨੀਆ ਵਿਚ ਰਹਿੰਦੇ ਟਰੱਕਰ ਭਰਾਵਾਂ ਲਈ ਖੁਸ਼ਖਬਰੀ

ਟਰੱਕਿੰਗ ਦੀ ਦੁਨੀਆਂ ਵਿਚ ਨਵਾਂ ਕਦਮ

> ਟਰੱਕਾਂ ਦੀਆਂ ਲਾਇਸੈਂਸ ਪਲੇਟਾਂ ਲੈਣ ਲਈ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
> ਕੇਵਲ ਦੋ ਘੰਟਿਆਂ ਵਿਚ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਆਫਿਸ ਵਿਚ ਸੰਪਰਕ ਕਰੋ

ਹੁਣ ਤੁਸੀਂ ਟਰੱਕਾਂ ਦੀਆਂ ਪਲੇਟਾਂ ਗਲੋਬਲ ਮਲਟੀ ਸਰਵਿਸਸ ਦੇ ਦਫਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ

ਪਿਛਲੇ ਪੰਜ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ



**High Five Plaza #207**
**16925 S. Harlan Rd.**
**Lathrop CA 95330**
**Exactly on I-5 and Louise Exit**
**Opposite Dennys Restaurant**

**DMV Lic No. 62822**

**Insurance Lic No. 0G73739**

ਹੇਠ ਲਿਖੀਆਂ ਸੇਵਾਵਾਂ ਉਪਲਬਧ ਹਨ:

*License Plates
*IFTA *Fuel tax Return
*DOT, ICC-MC Registration Services
*New Mexico & Kentucky Permit
*Corporation and LLC Formation,
*Highway Use Tax (2290)
*UCR Permit, Oregon Permits, CA #,
*MCP, New York Permits etc.



Rajinder Singh

ਰਜਿੰਦਰ ਸਿੰਘ ਜਾਂ ਮਨੀਤ ਪਾਲ ਸਿੰਘ
ਫੋਨ 209-982-9996
ਫੈਕਸ:209-982-9997

# ਲੰਮੇ ਸੰਘਰਸ਼ ਤੋਂ ਬਾਅਦ ਦੱਖਣੀ ਸੁਡਾਨ ਹੋਇਆ ਆਜ਼ਾਦ

**ਜੁਬਾ:** ਦੱਖਣੀ ਸੁਡਾਨ 9 ਜੁਲਾਈ ਨੂੰ ਦੁਨੀਆ ਦਾ ਸਭ ਤੋਂ ਨਵਾਂ ਤੇ ਅਫਰੀਕਾ ਦਾ 53ਵਾਂ ਦੇਸ਼ ਬਣ ਗਿਆ। ਇਸ ਤਰ੍ਹਾਂ ਦੁਨੀਆ 'ਚ ਹੁਣ ਦੇਸ਼ਾਂ ਦੀ ਗਿਣਤੀ 193 ਹੋ ਗਈ ਹੈ।

ਜੁਬਾ 'ਚ ਕਰਵਾਏ ਸਮਾਗਮ ਵਿਚ ਸੁਡਾਨ ਦੇ ਰਾਸ਼ਟਰਪਤੀ ਉਮਰ-ਅਲ-ਬਸ਼ੀਰ ਤੇ ਸੰਯੁਕਤ ਰਾਸ਼ਟਰ ਮੁੱਖ ਸਕੱਤਰ ਬਾਨ ਕੀ ਮੂਨ ਸ਼ਾਮਲ ਹੋਏ। ਲੰਬੇ ਸਮੇਂ ਤੱਕ ਚੱਲੇ ਗ੍ਰਹਿ ਯੁੱਧ ਤੋਂ ਬਾਅਦ 2005 'ਚ ਹੋਏ ਸ਼ਾਂਤੀ ਸਮਝੌਤੇ ਦੇ ਕਾਰਨ ਦੁਨੀਆ ਦੇ ਇਸ ਸਭ ਤੋਂ ਨਵੇਂ ਦੇਸ਼ ਦਾ ਜਨਮ ਸੰਭਵ ਹੋਇਆ। ਸਾਂਝੇ ਸ਼ਾਂਤੀ ਸਮਝੌਤੇ ਤਹਿਤ ਲੋਕਾਂ ਦਾ ਹਿੱਤ ਪੁੱਛਿਆ ਗਿਆ ਜਿਸ 'ਚ 99 ਫੀਸਦੀ ਤੋਂ ਵੱਧ ਲੋਕਾਂ ਨੇ ਸੁਤੰਤਰਤਾ ਦੇ ਪੱਖ 'ਚ ਮਤਦਾਨ ਕੀਤਾ। ਨਵੇਂ ਦੇਸ਼ ਦੇ ਕੋਲ ਤੇਲ ਦਾ ਕਾਫੀ ਭੰਡਾਰ ਹੈ ਪਰ ਇਹ ਦੁਨੀਆ ਦਾ ਇਕ ਵਿਕਾਸਸ਼ੀਲ ਦੇਸ਼ ਹੈ।

ਜ਼ਿਕਰਯੋਗ ਹੈ ਕਿ ਸੁਡਾਨ ਨਾਲੋਂ ਵੱਖ ਹੋ ਕੇ ਬਣੇ ਨਵੇਂ ਦੇਸ਼ ਦੱਖਣੀ ਸੁਡਾਨ ਦੀ ਆਰਥਿਕ ਦਸ਼ਾ ਬਹੁਤੀ ਚੰਗੀ ਨਹੀਂ। ਸੰਯੁਕਤ ਰਾਸ਼ਟਰ ਦੇ ਮਨੁੱਖੀ ਵਿਕਾਸ ਦੇਸ਼ ਇੰਡੈਕਸ ਅਨੁਸਾਰ ਜੀਵਨ ਪੱਧਰ ਤੇ ਵਿਕਾਸ ਪੱਖੋਂ ਸੁਡਾਨ ਦਾ ਦੁਨੀਆਂ ਦੇ 169 ਦੇਸ਼ਾਂ ਵਿਚ 154ਵਾਂ ਨੰਬਰ ਹੈ।

ਦੱਖਣੀ ਸੁਡਾਨ ਦੀ ਹਾਲਤ ਇਸ ਨਾਲੋਂ ਵੀ ਮਾੜੀ ਹੈ। ਇਸ ਰਿਪੋਰਟ ਨੂੰ ਤਿਆਰ ਕਰਨ ਵਾਲਿਆਂ ਵਿਚ ਸੁਡਾਨ ਦੇ ਮਾਹਿਰ ਅਲੀ ਵਰਜੀ ਵੀ ਸ਼ਾਮਲ ਸਨ। ਹਿੰਸਾ ਪੀੜਤ ਰਹੇ ਇਸ ਖੇਤਰ ਵਿਚ ਪਹਿਲਾਂ ਕਿਸੇ ਨੇ ਬੁਨਿਆਦੀ ਸਹੂਲਤਾਂ ਵੱਧ ਧਿਆਨ ਨਹੀਂ ਦਿੱਤਾ। ਇਸ ਨਵੇਂ ਦੇਸ਼ ਨੇ ਅਜੇ ਸੁਡਾਨ ਨਾਲ ਕਈ ਮਸਲੇ ਹੱਲ ਕਰਨੇ ਹਨ ਜਿਨ੍ਹਾਂ ਉਪਰ ਆਜ਼ਾਦੀ ਦੇਣ ਤੋਂ ਪਹਿਲਾਂ ਸਹਿਮਤੀ ਨਹੀਂ ਬਣੀ। ਫਿਲਹਾਲ ਦੇਸ਼ ਵਾਸੀ ਅਮਨ ਕਾਇਮ ਰਹਿਣ ਲਈ ਦੁਆਵਾਂ ਕਰਨ ਲੱਗੇ ਹੋਏ ਹਨ ਤਾਂ ਜੋ ਵਿਕਾਸ ਦੀ ਬੁਨਿਆਦ ਉਸਾਰਨ ਵੱਲ ਧਿਆਨ ਦਿੱਤਾ ਜਾ ਸਕੇ।



ਭਾਰਤ ਦੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਦੱਖਣੀ ਸੁਡਾਨ ਦੇ ਲੋਕਾਂ ਤੇ ਸਰਕਾਰ ਨੂੰ ਖੁਦ ਨੂੰ ਵਿਸ਼ਵ ਦੇ ਨਕਸ਼ੇ 'ਤੇ ਨਵੇਂ ਦੇਸ਼ ਵਜੋਂ ਕਾਇਮ ਕਰਨ 'ਤੇ ਵਧਾਈ ਦਿੱਤੀ ਹੈ। ਪ੍ਰਧਾਨ ਮੰਤਰੀ ਵੱਲੋਂ ਦੱਖਣੀ ਸੁਡਾਨ ਦੇ ਰਾਸ਼ਟਰਪਤੀ ਨੂੰ ਪੱਤਰ ਰਾਹੀਂ ਇਹ ਵਧਾਈ ਸੰਦੇਸ਼ ਭੇਜਿਆ ਗਿਆ। ਨਵੇਂ ਬਣੇ ਦੇਸ਼ ਦੱਖਣੀ ਸੁਡਾਨ ਵਿਚ ਆਜ਼ਾਦੀ ਦੇ ਜ਼ਸ਼ਨ ਮਨਾਏ ਜਾਣ ਬਾਅਦ ਦੇਸ਼ ਵਾਸੀਆਂ ਅੱਗੇ ਬੁਨਿਆਦੀ ਸਹੂਲਤਾਂ ਦਾ ਇੰਤਜ਼ਾਮ ਕਰਨਾ ਵੱਡੀ ਚੁਣੌਤੀ ਬਣ ਗਿਆ ਹੈ। ਜਸ਼ਨ ਸਮਾਰੋਹਾਂ ਕੋਲ ਕੂੜੇ ਨੂੰ ਹੂੰਝ ਕੇ ਇਕ ਪਾਸੇ ਕਰ ਰਹੇ ਦੇਸ਼ ਵਾਸੀ ਆਪਣੇ ਵਤਨ ਦੇ ਚੰਗੇ ਭਵਿੱਖ ਲਈ ਦੁਆਵਾਂ ਕਰ ਰਹੇ ਸਨ।

ਨਵੀਂ ਰਾਜਧਾਨੀ ਜੂਬਾ ਦੇ ਆਜ਼ਾਦੀ ਚੌਕ 'ਚ ਮਨਾਏ ਗਏ ਜਸ਼ਨਾਂ ਬਾਅਦ ਕੂੜਾ ਇਕੱਠਾ ਕਰ ਰਿਹਾ ਨੌਜਵਾਨ ਜੌਹਨ ਗੋਈ ਡੈਂਗ ਕਹਿ ਰਿਹਾ ਸੀ ਕਿ ਸ਼ਹਿਰ 'ਚ ਸਫਾਈ ਕਰਨਾ ਵੱਡਾ ਕੰਮ ਹੈ ਕਿਉਂਕਿ ਥਾਂ-ਥਾਂ ਕਾਗਜ਼ੀ ਝੰਡੀਆਂ ਖਿਲਰੀਆਂ ਹੋਈਆਂ ਹਨ। ਜੌਹਨ ਅਨੁਸਾਰ ਉਹ ਆਪਣੇ ਦੇਸ਼ ਦੀ ਰਾਜਧਾਨੀ ਨੂੰ ਸਾਫ-ਸੁਥਰੀ ਤੇ ਖ਼ੂਬਸੂਰਤ ਵੇਖਣਾ ਚਾਹੁੰਦੇ ਹਨ। ਉਨ੍ਹਾਂ ਦਾ ਇਹ ਵੀ ਕਹਿਣਾ ਸੀ ਕਿ ਉਹ ਪਹਿਲਾਂ ਸਫਾਈ ਨੂੰ ਤਰਜੀਹ ਦੇਣਗੇ ਤੇ ਫਿਰ ਦੇਸ਼ ਦੇ ਬੁਨਿਆਦੀ ਢਾਂਚੇ ਦੇ ਸੁਧਾਰ ਬਾਰੇ ਅਣਥੱਕ ਯਤਨ ਕਰਨਗੇ।

## ਦਲ ਖਾਲਸਾ ਵੱਲੋਂ ਦੱਖਣੀ ਸੁਡਾਨੀਆਂ ਨੂੰ ਵਧਾਈ

**ਚੰਡੀਗੜ੍ਹ:** ਦਲ ਖਾਲਸਾ ਨੇ ਦੱਖਣੀ ਸੁਡਾਨ ਦੇ ਲੋਕਾਂ ਨੂੰ ਵਧਾਈ ਦਿੱਤੀ ਹੈ ਜਿਨ੍ਹਾਂ ਨੇ ਦਹਾਕਿਆਂ ਦੇ ਸੰਘਰਸ਼ ਮਗਰੋਂ ਆਜ਼ਾਦੀ ਪ੍ਰਾਪਤ ਕੀਤੀ ਹੈ। ਜਥੇਬੰਦੀ ਦੇ ਸਿਆਸੀ ਮਾਮਲਿਆਂ ਦੇ ਸਕੱਤਰ ਕੰਵਰਪਾਲ ਸਿੰਘ ਨੇ ਕਿਹਾ ਕਿ ਇਹ ਅਚੰਭੇ ਵਾਲੀ ਗੱਲ ਹੈ ਕਿ ਗਰੀਬੀ ਦੇ ਮਾਰੇ ਇਸ ਮੁਲਕ ਦੇ ਲੋਕ ਆਜ਼ਾਦੀ ਲਈ ਲੜੇ ਤੇ ਮਰੇ। ਉਨ੍ਹਾਂ ਕਿਹਾ ਹੈ ਕਿ 9 ਜੁਲਾਈ ਦਾ ਦਿਨ ਆਜ਼ਾਦੀ ਲਈ ਸੰਘਰਸ਼ਸ਼ੀਲ ਸਾਰੀਆਂ ਕੌਮਾਂ ਲਈ ਯਾਦਗਾਰੀ ਦਿਹਾੜਾ ਹੈ ਕਿਉਂਕਿ ਇਸ ਦਿਨ ਅਮਰੀਕਾ ਦੀ ਹਮਾਇਤ ਨਾਲ ਨਵਾਂ ਮੁਲਕ ਹੋਂਦ ਵਿਚ ਆਇਆ। ਉਨ੍ਹਾਂ ਕਿਹਾ ਕਿ ਇਹ ਘਟਨਾ ਸਿੱਖਾਂ ਲਈ ਆਸ ਦੀ ਕਿਰਨ ਬੰਨ੍ਹਦੀ ਹੈ ਕਿ ਇਕ ਦਿਨ ਉਹ ਵੀ ਕੌਮਾਂਤਰੀ ਭਾਈਚਾਰੇ ਦੀ ਮਦਦ ਤੇ ਸਵੈ-ਨਿਰਣੇ ਦੇ ਹੱਕ ਰਾਹੀਂ ਆਪਣੀ ਖੁੱਸੀ ਹੋਈ ਸ਼ਾਨ ਮੁੜ ਪ੍ਰਾਪਤ ਕਰਨਗੇ।

ਦਲ ਖਾਲਸਾ ਆਗੂ ਨੇ ਸਾਰੇ ਸੰਸਾਰ ਦੀਆਂ ਸਿੱਖ ਸਮਾਜਿਕ ਸੇਵਾ ਵਾਲੀਆਂ ਜਥੇਬੰਦੀਆਂ ਨੂੰ ਸੱਦਾ ਦਿੱਤਾ ਕਿ ਉਹ ਦੱਖਣੀ ਸੁਡਾਨ ਦੀ ਗਰੀਬੀ ਨੂੰ ਦੂਰ ਕਰਨ ਲਈ ਯੋਗਦਾਨ ਦੇਣ। ਉਨ੍ਹਾਂ ਸ਼੍ਰੋਮਣੀ ਕਮੇਟੀ ਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਵੀ ਅਪੀਲ ਕੀਤੀ ਕਿ ਦੱਖਣੀ ਸੁਡਾਨ ਦੇ ਲੋਕਾਂ ਦੀਆਂ ਆਜ਼ਾਦੀ ਦੀਆਂ ਖੁਸ਼ੀਆਂ ਵਿਚ ਸਾਂਝ ਪਾਉਣ ਲਈ ਤੇ ਉਨ੍ਹਾਂ ਦੀ ਮਦਦ ਲਈ ਉਥੇ ਅਨਾਜ ਤੇ ਦਵਾਈਆਂ ਭੇਜਣ।

# ਪ੍ਰਮਾਣੂ ਹਥਿਆਰਾਂ ਦੀ ਜਾਣਕਾਰੀ ਲਈ ਉਤਰੀ ਕੋਰੀਆ ਨੇ ਦਿੱਤੀ ਸੀ ਰਿਸ਼ਵਤ

**ਵਾਸ਼ਿੰਗਟਨ:** ਪਾਕਿਸਤਾਨ ਦੇ ਨਿਊਕਲੀਅਰ ਵਿਗਿਆਨੀ ਅਬਦੁਲ ਕਿਊਮ ਖ਼ਾਨ ਨੇ ਦਾਅਵਾ ਕੀਤਾ ਹੈ ਕਿ ਉਤਰੀ ਕੋਰੀਆ ਨੇ ਪ੍ਰਮਾਣੂ ਹਥਿਆਰਾਂ ਦੀ ਗੁਪਤ ਤਕਨੀਕ ਬਾਰੇ ਪਾਕਿਸਤਾਨ ਦੇ ਉੱਚ ਫੌਜ ਅਧਿਕਾਰੀਆਂ ਨੂੰ ਵੱਡੀ ਰਿਸ਼ਵਤ ਦਿੱਤੀ ਸੀ।

ਉਨ੍ਹਾਂ ਇਕ ਗੁਪਤ ਚਿੱਠੀ ਪੇਸ਼ ਕਰਦਿਆਂ ਕਿਹਾ ਕਿ ਉਤਰੀ ਕੋਰੀਆ ਨੇ ਪਾਕਿਸਤਾਨ ਦੇ ਉੱਚ ਫੌਜੀ ਅਧਿਕਾਰੀਆਂ ਜਿਨ੍ਹਾਂ 'ਚ ਉਸ ਸਮੇਂ ਦੇ ਫੌਜ ਮੁਖੀ ਜਨਰਲ ਜਹਾਂਗੀਰ ਕਰਾਮਾਤ ਵੀ ਸ਼ਾਮਲ ਸਨ, ਨੂੰ ਤਿੰਨ ਅਰਬ ਡਾਲਰ ਦਿੱਤੇ ਸਨ। ਵਾਸ਼ਿੰਗਟਨ ਪੋਸਟ ਨੇ ਵੈੱਬਸਾਈਟ 'ਤੇ ਕੋਰੀਆ ਦੀ ਵਰਕਰਜ਼ ਪਾਰਟੀ ਦੇ ਸਕੱਤਰ ਜੌਨ ਬਿਯੋਂਗਹੋ ਜੋ ਕਿ ਉਸ ਸਮੇਂ ਕੋਇਟਾ ਖੋਜ ਕੇਂਦਰ 'ਚ ਪ੍ਰਾਜੈਕਟ ਡਾਇਰੈਕਟਰ ਸਨ, ਵੱਲੋਂ 15 ਜੁਲਾਈ, 1998 ਦੀ ਅਬਦੁੱਲ ਕਿਊਮ ਖ਼ਾਨ ਨੂੰ ਲਿਖੀ ਚਿੱਠੀ ਜਾਰੀ ਕੀਤੀ ਹੈ ਜਿਸ 'ਚ ਉਨ੍ਹਾਂ ਨੂੰ ਇਸਲਾਮਾਬਾਦ ਸਥਿਤ ਉਤਰੀ ਕੋਰੀਆ ਦੀ ਅੰਬੈਸੀ 'ਚ ਸਮਝੌਤੇ ਵਾਲੇ ਦਸਤਾਵੇਜ਼ ਤੇ ਹਿੱਸੇ ਭੇਜਣ ਨੂੰ ਕਿਹਾ ਸੀ।

ਇਸ ਚਿੱਠੀ ਮੁਤਾਬਕ ਜੌਨ ਨੇ ਕਿਹਾ ਸੀ ਕਿ ਫੌਜ ਮੁਖੀ ਜਨਰਲ ਕਰਾਮਾਤ ਨੂੰ ਤਿੰਨ ਅਰਬ ਡਾਲਰ ਪਹਿਲਾਂ ਹੀ ਭੇਜੇ ਜਾ ਚੁੱਕੇ ਹਨ ਤੇ ਜਨਰਲ ਜ਼ੁਲਫੀਕਾਰ ਖ਼ਾਨ ਨੂੰ ਪੰਜ ਲੱਖ ਡਾਲਰ ਤੇ ਤਿੰਨ ਹੀਰਿਆਂ ਤੇ ਰੂਬੀ ਦੇ ਸੈੱਟ ਭੇਜੇ ਗਏ ਹਨ। ਲਾਹੌਰ ਤੋਂ ਈਮੇਲ ਰਾਹੀਂ ਕਰਾਮਾਤ ਨੇ ਕਿਹਾ ਕਿ ਖ਼ਾਨ ਆਪਣਾ ਬਚਾਅ ਕਰਨ ਲਈ ਇਹ ਦੋਸ਼ ਦੂਜਿਆਂ ਦੇ ਸਿਰ ਮੜ੍ਹ ਰਹੇ ਹਨ। ਜ਼ੁਲਫੀਕਾਰ ਨੇ ਇਸ ਚਿੱਠੀ ਨੂੰ ਮਨਘੜਤ ਦੱਸਿਆ ਹੈ।ਅਬਦੁਲ ਕਿਊਮ ਖ਼ਾਨ 'ਤੇ ਇਰਾਨ, ਲਿਬੀਆ ਨੂੰ ਪ੍ਰਮਾਣੂ ਹਥਿਆਰਾਂ ਦੀ ਜਾਣਕਾਰੀ ਵੇਚਣ ਦਾ ਦੋਸ਼ ਹੈ।

# ਸੁਤੰਤਰਤਾ ਸੰਗਰਾਮੀਆਂ ਦੀ ਪੈਨਸ਼ਨ 'ਚ ਵਾਧਾ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਰਾਜ ਦੇ ਸੁਤੰਤਰਤਾ ਸੰਗਰਾਮੀਆ ਦੀ ਸੁਤੰਤਰਤਾ ਸੈਨਿਕ ਸਨਮਾਨ ਪੈਨਸ਼ਨ ਪਹਿਲੀ ਅਪਰੈਲ ਤੋਂ 4250 ਰੁਪਏ ਤੋਂ ਵਧਾ ਕੇ 5000 ਰੁਪਏ ਪ੍ਰਤੀ ਮਹੀਨਾ ਕਰਨ ਦਾ ਫੈਸਲਾ ਕੀਤਾ ਹੈ। ਸਰਕਾਰ ਦੇ ਇਕ ਬੁਲਾਰੇ ਨੇ ਦੱਸਿਆ ਕਿ ਉਕਤ ਰਾਸ਼ੀ ਵਿਚ 200 ਰੁਪਏ ਪ੍ਰਤੀ ਮਹੀਨਾ ਮੈਡੀਕਲ ਸਹਾਇਤਾ ਵੀ ਸ਼ਾਮਲ ਹੋਵੇਗੀ।

ਰਾਜ ਦੇ ਸਾਰੇ ਜ਼ਿਲ੍ਹਾ ਖਜ਼ਾਨਾ ਅਫਸਰਾਂ ਨੂੰ ਸੁਤੰਤਰਤਾ ਸੰਗਰਾਮੀਆਂ ਤੇ ਉਨ੍ਹਾਂ ਦੀਆਂ ਵਿਧਵਾਵਾਂ ਦੇ ਹਰੇਕ ਕੇਸ ਵਿਚ ਮੌਜੂਦਾ ਪੀ.ਪੀ.ਓਜ਼ ਵਿਚ ਸੋਧ ਕਰਨ ਲਈ ਹਦਾਇਤਾਂ ਜਾਰੀ ਕਰਨ ਲਈ ਆਖਿਆ ਗਿਆ ਹੈ ਤਾਂ ਜੋ ਉਹ ਮਹੀਨਾਵਾਰ ਪੈਨਸ਼ਨ ਤੇ ਮੈਡੀਕਲ ਸਹਾਇਤਾ ਸੋਧੀਆਂ ਦਰਾਂ ਨਾਲ ਪ੍ਰਾਪਤ ਕਰ ਸਕਣ।

# ਸ਼੍ਰੋਮਣੀ ਕਮੇਟੀ 'ਚ ਵਿਦੇਸ਼ੀ ਸਿੱਖਾਂ ਦੀ ਨੁਮਾਇੰਦਗੀ ਲਈ ਕੇਂਦਰ ਵੱਲੋਂ ਮੱਠਾ ਹੁੰਗਾਰਾ

**ਚੰਡੀਗੜ੍ਹ:** ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਇਸ ਗੱਲ ਤੋਂ ਖ਼ਫਾ ਹਨ ਕਿ ਕੇਂਦਰ ਸਰਕਾਰ ਨੇ ਸਿੱਖ ਜਗਤ ਦੀ ਇਸ ਮੰਗ ਵੱਲ ਗੰਭੀਰਤਾ ਨਹੀਂ ਦਿਖਾਈ ਕਿ ਮਿੰਨੀ ਸਿੱਖ ਪਾਰਲੀਮੈਂਟ ਵਿਚ ਵਿਦੇਸ਼ੀ ਸਿੱਖਾਂ ਨੂੰ ਨੁਮਾਇੰਦਗੀ ਦਿੱਤੀ ਜਾਵੇ।

ਹਾਲਾਂਕਿ ਇਸ ਬਾਰੇ ਸ਼੍ਰੋਮਣੀ ਕਮੇਟੀ ਦੇ ਜਨਰਲ ਇਜਲਾਸ ਵਿਚ ਕਈ ਵਾਰ ਸਰਬਸੰਮਤੀ ਨਾਲ ਮਤੇ ਪਾਸ ਕਰਕੇ ਕੇਂਦਰ ਸਰਕਾਰ ਨੂੰ ਭੇਜੇ ਜਾ ਚੁੱਕੇ ਹਨ। ਜਥੇ. ਅਵਤਾਰ ਸਿੰਘ ਦਾ ਕਹਿਣਾ ਹੈ ਕਿ ਸਿੱਖ ਜਗਤ ਦੀਆਂ ਧਾਰਮਿਕ ਭਾਵਨਾਵਾਂ ਤੇ ਵਿਦੇਸ਼ਾਂ ਵਿਚ ਆਬਾਦ ਸਿੱਖਾਂ ਨੂੰ ਦਰਪੇਸ਼ ਸਮੱਸਿਆਵਾਂ ਨੂੰ ਸਾਹਮਣੇ ਰੱਖਦੇ ਹੋਏ ਉਕਤ ਸੁਝਾਅ ਪੇਸ਼ ਕੀਤਾ ਗਿਆ ਸੀ ਕਿ ਪੰਜਾਬ ਸਿੱਖ ਗੁਰਦੁਆਰਾ ਐਕਟ 1925 ਵਿਚ ਸੋਧ ਕਰਕੇ ਇਹ ਵਿਵਸਥਾ ਕੀਤੀ ਜਾਵੇ ਕਿ 10 ਵਿਦੇਸ਼ੀ ਸਿੱਖਾਂ ਨੂੰ ਮਿੰਨੀ ਸਿੱਖ ਪਾਰਲੀਮੈਂਟ ਵਿਚ ਨੁਮਾਇੰਦਗੀ ਦੇਣ ਦਾ ਰਸਤਾ ਸਾਫ ਕੀਤਾ ਜਾਵੇ।

ਉਨ੍ਹਾਂ ਦੱਸਿਆ ਕਿ ਕੇਂਦਰ ਸਰਕਾਰ ਦੇ ਬੇਰੁਖੀ ਵਾਲੇ ਵਤੀਰੇ ਨੂੰ ਸਾਹਮਣੇ ਰੱਖ ਕੇ ਹੁਣ ਸ਼੍ਰੋਮਣੀ ਕਮੇਟੀ ਇਸ ਸੁਝਾਅ 'ਤੇ ਗੰਭੀਰਤਾ ਨਾਲ ਵਿਚਾਰ ਕਰ ਰਹੀ ਹੈ ਕਿ ਕਿਉਂ ਨਾ ਮਿੰਨੀ ਸਿੱਖ ਪਾਰਲੀਮੈਂਟ ਆਪਣੇ ਤੌਰ 'ਤੇ ਇਕ ਸਲਾਹਕਾਰ ਕੌਂਸਲ ਦਾ ਗਠਨ ਕਰ ਦੇਵੇ ਜਿਸ ਵਿਚ ਬਰਤਾਨੀਆ, ਕੈਨੇਡਾ, ਜਰਮਨੀ, ਥਾਈਲੈਂਡ, ਅਮਰੀਕਾ, ਆਸਟਰੇਲੀਆ ਤੇ ਪਾਕਿਸਤਾਨ ਆਦਿ ਦੇਸ਼ਾਂ ਵਿਚ ਰਹਿਣ ਵਾਲੇ ਗੁਰਸਿੱਖਾਂ ਨੂੰ ਮੈਂਬਰ ਦੇ ਤੌਰ 'ਤੇ ਸ਼ਾਮਲ ਕੀਤਾ ਜਾਵੇ। ਇਸ ਬਾਰੇ ਜਨਰਲ ਇਜਲਾਸ ਵਿਚ ਮਤਾ ਪਾਸ ਕਰਨਾ ਪਵੇਗਾ।

# ਡੇਰਾ ਸਿਰਸਾ ਦੇ ਸੇਵਾਦਾਰਾਂ ਨੂੰ ਹਥਿਆਰ ਚਲਾਉਣ ਦੀ ਸਿਖਲਾਈ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਡੇਰਾ ਸਿਰਸਾ ਦੇ ਸੇਵਾਦਾਰਾਂ ਨੂੰ ਸਾਬਕਾ ਫੌਜੀਆਂ ਵੱਲੋਂ ਹਥਿਆਰ ਚਲਾਉਣ ਦੀ ਸਿਖਲਾਈ ਦਿੱਤੀ ਜਾ ਰਹੀ ਹੈ। ਇਸ ਮਾਮਲੇ ਨੂੰ ਲੈ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਚਿੰਤਾ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਸਰਕਾਰਾਂ ਇਸ ਕਾਰਵਾਈ ਦਾ ਤੁਰੰਤ ਸਖ਼ਤ ਨੋਟਿਸ ਲੈਣ। ਭਾਰਤੀ ਫੌਜ ਦੇ ਜਨਰਲ ਸਰਵਿਸਿਜ਼ ਚੌਕਸੀ ਵਿੰਗ ਵੱਲੋਂ ਪੱਤਰ ਜਾਰੀ ਕਰਕੇ ਕਿਹਾ ਗਿਆ ਹੈ ਕਿ ਸੂਹੀਆ ਏਜੰਸੀਆਂ ਦੀ ਸੂਚਨਾ ਹੈ ਕਿ ਕਈ ਫੌਜੀ ਤੇ ਸਾਬਕਾ ਫੌਜੀ ਡੇਰੇ ਦੇ ਅੰਦਰ ਹਥਿਆਰ ਚਲਾਉਣ ਦੀ ਸਿਖਲਾਈ ਦੇਣ ਦਾ ਕੰਮ ਕਰ ਰਹੇ ਹਨ। ਵਿੰਗ ਵੱਲੋਂ ਪੰਜਾਬ ਵਿਚ ਸਥਿਤ ਸਾਰੀਆਂ ਯੂਨਿਟਾਂ ਤੇ ਸਬ ਯੂਨਿਟਾਂ ਨੂੰ ਇਹ ਹਦਾਇਤ ਕੀਤੀ ਗਈ ਹੈ ਕਿ ਸੈਨਿਕਾਂ ਤੇ ਸਾਬਕਾ ਸੈਨਿਕਾਂ ਨੂੰ ਡੇਰੇ ਦੀਆਂ ਗਤੀਵਿਧੀਆਂ ਤੋਂ ਦੂਰ ਰੱਖਿਆ ਜਾਵੇ।



*ਪਰੇਡ ਕਰਦੇ ਹੋਏ ਡੇਰੇ ਦੇ ਹਥਿਆਰਬੰਦ ਪੈਰੋਕਾਰ।*


ਫੌਜੀ ਖੁਫੀਆ ਵਿਭਾਗ ਨੂੰ ਸਹਾਇਕ ਖੁਫੀਆ ਏਜੰਸੀਆਂ ਤੋਂ ਜਾਣਕਾਰੀ ਮਿਲੀ ਹੈ ਕਿ ਡੇਰਾ ਸਿਰਸਾ ਵਿਖੇ ਸਾਬਕਾ ਫੌਜੀਆਂ ਵੱਲੋਂ ਉੱਥੋਂ ਦੇ ਸੇਵਾਦਾਰਾਂ ਨੂੰ ਸਿੱਖਿਅਤ ਕੀਤਾ ਜਾ ਰਿਹਾ ਹੈ। ਉਨ੍ਹਾਂ ਨੂੰ ਹਥਿਆਰ ਚਲਾਉਣ ਤੇ ਲੜਾਈ ਦੇ ਹੋਰ ਢੰਗ ਤਰੀਕਿਆਂ ਤੋਂ ਜਾਣੂ ਕਰਵਾਇਆ ਜਾ ਰਿਹਾ ਹੈ। ਇਹ ਮਾਮਲਾ ਨਸ਼ਰ ਹੋਣ ਤੋਂ ਬਾਅਦ ਸਿੱਖ ਧਾਰਮਿਕ ਆਗੂਆਂ ਨੇ ਖਦਸ਼ਾ ਪ੍ਰਗਟਾਇਆ ਕਿ ਡੇਰਾ ਸਿਰਸਾ ਵੱਲੋਂ ਆਪਣੀ ਸਿੱਖਿਅਤ ਫੌਜ ਤਿਆਰ ਕਰਨ ਦਾ ਯਤਨ ਸਿੱਖ ਜਗਤ ਲਈ ਖਤਰੇ ਦੀ ਘੰਟੀ ਹੈ। ਡੇਰੇ ਦੇ ਮੁਖੀ ਸੰਤ ਰਾਮ ਰਹੀਮ ਸਿੰਘ ਉਦੋਂ ਵਿਵਾਦਾਂ ਵਿਚ ਆ ਗਏ ਸਨ ਜਦੋਂ ਜੁਲਾਈ 2007 ਵਿਚ ਉਨ੍ਹਾਂ ਵਿਰੁੱਧ ਸੀ.ਬੀ.ਆਈ. ਵੱਲੋਂ ਹੱਤਿਆ, ਬਲਾਤਕਾਰ ਤੇ ਜਿਣਸੀ ਸੋਸ਼ਣ ਦੇ ਦੋਸ਼ਾਂ ਹੇਠ ਪਰਚਾ ਦਰਜ ਕੀਤਾ ਗਿਆ ਸੀ।

ਇਸ ਬਾਰੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਕਿਹਾ ਹੈ ਕਿ ਡੇਰਾ ਸਿਰਸਾ ਦੇ ਸੇਵਾਦਾਰਾਂ ਨੂੰ ਸਾਬਕਾ ਫੌਜੀ ਅਧਿਕਾਰੀਆਂ ਵੱਲੋਂ ਸਿਖਿਅਤ ਕੀਤੇ ਜਾਣਾ ਸਿੱਖ ਜਗਤ ਲਈ ਚਿੰਤਾ ਤੇ ਚੁਣੌਤੀ ਦਾ ਵਿਸ਼ਾ ਹੈ। ਉਨ੍ਹਾਂ ਕਿਹਾ ਕਿ ਇਸ ਬਾਰੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਤੁਰੰਤ ਪੰਜਾਬ ਸਰਕਾਰ ਰਾਹੀਂ ਮਾਮਲਾ ਕੇਂਦਰ ਸਰਕਾਰ ਕੋਲ ਰੱਖਣ ਤਾਂ ਜੋ ਕੋਈ ਢੁਕਵੀਂ ਕਾਰਵਾਈ ਹੋ ਸਕੇ। ਉਨ੍ਹਾਂ ਇਸ ਰੁਝਾਨ ਨੂੰ ਖ਼ਤਰਨਾਕ ਦੱਸਦਿਆਂ ਕਿਹਾ ਕਿ ਅੱਜ ਜੇਕਰ ਇਕ ਡੇਰੇ ਵੱਲੋਂ ਆਪਣੀ ਨਿੱਜੀ ਫੌਜ ਬਣਾਈ ਜਾਂਦੀ ਹੈ ਤਾਂ ਕੱਲ੍ਹ ਨੂੰ ਹੋਰ ਡੇਰਿਆਂ ਵਾਲੇ ਵੀ ਆਪਣੀ ਨਿੱਜੀ ਫੌਜ ਤਿਆਰ ਕਰ ਲੈਣਗੇ ਤੇ ਇਸ ਤਰ੍ਹਾਂ ਆਮ ਆਦਮੀ ਦੀ ਜਿਊਣਾ ਮੁਸ਼ਕਲ ਹੋ ਜਾਵੇਗਾ। ਉਨ੍ਹਾਂ ਕਿਹਾ ਕਿ ਸਰਕਾਰ ਨੂੰ ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ ਤੇ ਜਲਦੀ ਕਾਰਵਾਈ ਕਰਨੀ ਚਾਹੀਦੀ ਹੈ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਵੀ ਇਸ ਮਾਮਲੇ 'ਤੇ ਚਿੰਤਾ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਕੋਈ ਵੀ ਨਿੱਜੀ ਡੇਰੇਦਾਰ ਤੇ ਹੋਰ ਇੰਝ ਆਪਣੀ ਫੌਜ ਤਿਆਰ ਨਹੀਂ ਕਰ ਸਕਦਾ। ਉਨ੍ਹਾਂ ਕਿਹਾ ਕਿ ਯੋਗ ਗੁਰੂ ਬਾਬਾ ਰਾਮਦੇਵ ਨੇ ਵੀ ਆਪਣੀ ਨਿੱਜੀ ਫੌਜ ਬਣਾਉਣ ਦੀ ਯੋਜਨਾ ਬਣਾਈ ਸੀ ਤਾਂ ਸਰਕਾਰ ਨੇ ਇਸ ਮਾਮਲੇ ਵਿਚ ਤੁਰੰਤ ਕਾਰਵਾਈ ਅਰੰਭ ਦਿੱਤੀ ਸੀ। ਇੱਥੇ ਤਾਂ ਡੇਰਾ ਮੁਖੀ ਵੱਲੋਂ ਆਪਣੀ ਫੌਜ ਤਿਆਰ ਕੀਤੀ ਜਾ ਰਹੀ ਹੈ ਤੇ ਸੇਵਾਦਾਰਾਂ ਨੂੰ ਹਥਿਆਰ ਚਲਾਉਣ ਦੀ ਸਿਖਲਾਈ ਦਿੱਤੀ ਜਾ ਰਹੀ ਹੈ, ਇਸ ਲਈ ਸਰਕਾਰ ਤੁਰੰਤ ਕਾਰਵਾਈ ਕਰੇ ਤੇ ਇਸ ਉਪਰ ਰੋਕ ਲਾਵੇ।

## ਡੇਰੇ ਵਲੋਂ ਫੌਜ ਬਣਾਉਣ ਦੇ ਦੋਸ਼ਾਂ ਦਾ ਖੰਡਨ

**ਚੰਡੀਗੜ੍ਹ:** ਡੇਰਾ ਸੱਚਾ ਸੌਦਾ 'ਤੇ ਹਥਿਆਰ ਚਲਾਉਣ ਦੀ ਸਿਖਲਾਈ ਦੇਣ ਦੇ ਲੱਗੇ ਦੋਸ਼ਾਂ ਦਾ ਪ੍ਰਬੰਧਕਾਂ ਨੇ ਭਾਵੇਂ ਖੰਡਨ ਕੀਤਾ ਹੈ ਪਰ ਡੇਰਾ ਇਸ ਨਾਲ ਮੁੜ ਵਿਵਾਦਾਂ ਦੇ ਘੇਰੇ ਵਿਚ ਆ ਗਿਆ ਹੈ। ਡੇਰੇ ਵੱਲੋਂ ਸਭ ਤੋਂ ਪਹਿਲਾਂ ਫੌਜ ਵੱਲੋਂ ਜਾਰੀ ਪੱਤਰ ਦੀ ਪ੍ਰਮਾਣਿਕਤਾ ਦਾ ਪਤਾ ਲਾਉਣ ਦਾ ਫੈਸਲਾ ਲਿਆ ਗਿਆ ਹੈ। ਡੇਰੇ ਦੇ ਬੁਲਾਰੇ ਤੇ ਪ੍ਰਤੀਨਿਧ ਡਾਕਟਰ ਪਵਨ ਇੰਸਾਂ ਨੇ ਕਿਹਾ ਹੈ ਕਿ ਡੇਰਾ ਖੁੱਲ੍ਹੀ ਕਿਤਾਬ ਦੀ ਤਰ੍ਹਾਂ ਹੈ ਤੇ ਇਸ ਦੀ ਕੋਈ ਵੀ ਸਰਗਰਮੀ ਲੁਕਵੀਂ ਨਹੀਂ ਰੱਖੀ ਜਾਂਦੀ।



ਉਨ੍ਹਾਂ ਸਪਸ਼ਟ ਕੀਤਾ ਹੈ ਕਿ ਡੇਰੇ ਦੇ ਸ਼ਰਧਾਲੂਆਂ ਵਿਚ ਫੌਜੀ ਤੇ ਸਾਬਕਾ ਫੌਜੀ ਵੀ ਸ਼ਾਮਲ ਹਨ ਕਿਉਂਕਿ ਡੇਰੇ ਵੱਲੋਂ ਸ਼ਰਧਾਲੂਆਂ ਤੋਂ ਉਨ੍ਹਾਂ ਦੀ ਪਛਾਣ ਨਹੀਂ ਮੰਗੀ ਜਾਂਦੀ। ਉਨ੍ਹਾਂ ਨੇ ਦੱਸਿਆ ਕਿ ਡੇਰੇ ਦੇ ਸ਼ਰਧਾਲੂਆਂ ਦੀ ਗਿਣਤੀ ਸਾਢੇ ਚਾਰ ਕਰੋੜ ਹੈ ਤੇ ਇਸ ਵਿਚ ਹਰੇਕ ਵਰਗ ਦੇ ਲੋਕ ਸ਼ਾਮਲ ਹਨ। ਉਨ੍ਹਾਂ ਨੇ ਇਹ ਵੀ ਕਿਹਾ ਕਿ ਡੇਰੇ ਦੇ ਮੁਖੀ ਸੰਤ ਰਾਮ ਰਹੀਮ ਸਿੰਘ ਨੂੰ ਜ਼ੈੱਡ ਸੁਰੱਖਿਆ ਦਿੱਤੀ ਗਈ ਹੈ ਤੇ ਇਸ ਸੂਰਤ ਵਿਚ ਕੋਈ ਵੀ ਵਿਅਕਤੀ ਹਥਿਆਰ ਲੈ ਕੇ ਡੇਰੇ ਦੇ ਅੰਦਰ ਨਹੀਂ ਜਾ ਸਕਦਾ। ਇਸ ਤੋਂ ਇਲਾਵਾ ਡੇਰੇ ਦੇ ਹਰੇਕ ਦਰਵਾਜ਼ੇ 'ਤੇ ਸੇਵਾਦਾਰਾਂ ਦਾ ਆਪਣਾ ਘੇਰਾ ਹੈ ਜਿਹੜੇ ਹਰੇਕ ਸ਼ਰਧਾਲੂ ਦੀ ਅੰਦਰ ਜਾਣ ਤੋਂ ਪਹਿਲਾਂ ਮੈਟਲ ਡਿਟੈਕਟਰ ਨਾਲ ਜਾਂਚ ਕਰਦੇ ਹਨ।

ਡਾਕਟਰ ਇੰਸਾਂ ਨੇ ਇਹ ਵੀ ਸਪਸ਼ਟ ਕੀਤਾ ਕਿ ਡੇਰੇ ਦਾ ਕਿਸੇ ਵੀ ਸਿਆਸੀ ਪਾਰਟੀ ਨਾਲ ਸਬੰਧ ਨਹੀਂ ਹੈ ਤੇ ਨਾ ਹੀ ਇੱਥੇ ਕਿਸੇ ਤਰ੍ਹਾਂ ਦੀਆਂ ਸਿਆਸੀ ਸਰਗਰਮੀਆਂ ਚਲਾਉਣ ਦੀ ਆਗਿਆ ਹੈ। ਉਂਝ ਉਨ੍ਹਾਂ ਦਾ ਕਹਿਣਾ ਸੀ ਕਿ ਹਰੇਕ ਸੂਬੇ ਵਿਚ 25 ਮੈਂਬਰੀ ਕਮੇਟੀਆਂ ਬਣਾਈਆਂ ਗਈਆਂ ਹਨ ਜਿਹੜੀਆਂ ਚੋਣਾਂ ਵੇਲੇ ਸੰਗਤ ਦੀ ਇੱਛਾ ਮੁਤਾਬਕ ਕਿਸੇ ਪਾਰਟੀ ਜਾਂ ਇਕ ਵਿਸ਼ੇਸ਼ ਉਮੀਦਵਾਰ ਦੀ ਮਦਦ ਕਰਨ ਦਾ ਫੈਸਲਾ ਲੈਣ ਦਾ ਹੱਕ ਰੱਖਦੀਆਂ ਹਨ।

# ਜਲੰਧਰ 'ਚ ਐਨ.ਆਰ.ਆਈ. ਭਵਨ ਤਿਆਰ

**ਜਲੰਧਰ:** ਐਨ.ਆਰ.ਆਈ. ਸਭਾ, ਪੰਜਾਬ ਦੇ ਦਫ਼ਤਰ ਲਈ ਆਧੁਨਿਕ ਸਹੂਲਤਾਂ ਵਾਲੇ ਐਨ.ਆਰ.ਆਈ. ਭਵਨ ਦੀ ਉਸਾਰੀ ਮੁਕੰਮਲ ਹੋ ਗਈ ਹੈ। ਡਿਵੀਜ਼ਨਲ ਕਮਿਸ਼ਨਰ, ਜਲੰਧਰ ਦੇ ਦਫਤਰ ਨਾਲ ਲੱਗਦੀ ਤਕਰੀਬਨ ਤਿੰਨ ਕਨਾਲ ਜਗ੍ਹਾ ਵਿਚ ਇਹ ਐਨ.ਆਰ.ਆਈ. ਭਵਨ ਤਕਰੀਬਨ 2 ਕਰੋੜ ਰੁਪਏ ਦੀ ਲਾਗਤ ਨਾਲ ਮੁਕੰਮਲ ਹੋਇਆ ਹੈ। ਐਨ.ਆਰ.ਆਈ. ਸਭਾ ਦਾ ਦਫ਼ਤਰ ਬਣਾਏ ਜਾਣ ਦੀ ਗੱਲ ਜਨਵਰੀ 1998 ਵਿਚ ਜਲੰਧਰ ਵਿਖੇ ਸਭਾ ਵੱਲੋਂ ਕਰਵਾਏ ਪਰਵਾਸੀ ਪੰਜਾਬੀ ਸੰਮੇਲਨ ਵਿਚ ਉੱਠੀ ਸੀ ਤੇ ਇਸ ਦਾ ਨੀਂਹ ਪੱਥਰ 2003 ਵਿਚ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਰੱਖਿਆ ਸੀ। ਕਾਫੀ ਸਮਾਂ ਇਹ ਤਜਵੀਜ਼ ਠੰਡੇ ਬਸਤੇ ਵਿਚ ਪਈ ਰਹਿਣ ਬਾਅਦ ਪਿਛਲੇ ਦੋ ਕੁ ਸਾਲਾਂ ਤੋਂ ਭਵਨ ਦੇ ਨਿਰਮਾਣ ਦਾ ਕੰਮ ਤੇਜ਼ੀ ਨਾਲ ਸ਼ੁਰੂ ਹੋਇਆ ਤੇ ਹੁਣ ਇਹ ਆਧੁਨਿਕ ਸਹੂਲਤਾਂ ਵਾਲਾ ਐਨ.ਆਰ.ਆਈ. ਭਵਨ ਪਰਵਾਸੀ ਪੰਜਾਬੀਆਂ ਨੂੰ ਸਹੂਲਤ ਦੇਣ ਲਈ ਤਿਆਰ ਹੈ।

ਇਸ ਦਾ ਸਮੁੱਚਾ ਦਫ਼ਤਰੀ ਕੰਪਲੈਕਸ ਏਅਰ ਕੰਡੀਸ਼ਨ ਹੋਵੇਗਾ। ਦਫ਼ਤਰ ਦੀ ਬੇਸਮੈਂਟ ਵਿਚ ਬੜੀ ਵੱਡੀ ਪਾਰਕਿੰਗ ਬਣਾਈ ਗਈ ਹੈ ਜਦਕਿ ਪਹਿਲੀ ਮੰਜ਼ਿਲ 'ਤੇ ਸਭਾ ਦੇ ਚੇਅਰਮੈਨ, ਪ੍ਰਧਾਨ ਤੇ ਹੋਰ ਦਫਤਰੀ ਅਮਲੇ ਦੇ ਨਾਲ-ਨਾਲ ਬਾਹਰੋਂ ਆਉਣ ਵਾਲੇ ਪਰਵਾਸੀ ਪੰਜਾਬੀਆਂ ਦੇ ਬੈਠਣ ਲਈ ਪ੍ਰਬੰਧ ਕੀਤੇ ਗਏ ਹਨ। ਇਸੇ ਮੰਜ਼ਲ 'ਤੇ 100 ਤੋਂ ਵੱਧ ਵਿਅਕਤੀਆਂ ਦੇ ਬੈਠਣ ਦੀ ਸਮਰੱਥਾ ਵਾਲਾ ਆਧੁਨਿਕ ਸਹੂਲਤਾਂ ਵਾਲਾ ਕਾਨਫਰੰਸ ਹਾਲ ਬਣਾਇਆ ਗਿਆ ਹੈ। ਐਨ.ਆਰ.ਆਈ. ਭਵਨ ਵਿਚ ਬਾਹਰੋਂ ਆਉਣ ਵਾਲੇ ਲੋਕਾਂ ਲਈ ਦਰਖਾਸਤਾਂ ਟਾਈਪ ਕਰਨ ਦਾ ਪ੍ਰਬੰਧ ਵੀ ਇਥੇ ਕੀਤਾ ਗਿਆ ਹੈ।

ਪਹਿਲੀ ਮੰਜ਼ਲ 'ਤੇ ਸਾਰੇ ਆਧੁਨਿਕ ਉਪਕਰਨਾਂ ਨਾਲ ਲੈਸ ਕਮਰਾ ਬਣਾਇਆ ਗਿਆ ਹੈ ਜਿਸ ਵਿਚ ਕੰਪਿਊਟਰ, ਇੰਟਰਨੈਟ ਤੇ ਹੋਰ ਤਰ੍ਹਾਂ ਦੀਆਂ ਸਹੂਲਤਾਂ ਹੋਣਗੀਆਂ। ਇਥੇ ਬੈਠ ਕੇ ਪਰਵਾਸੀ ਪੰਜਾਬੀ ਈ-ਮੇਲ ਕਰ ਸਕਣਗੇ ਅਤੇ ਆਪਣੀਆਂ ਈ-ਮੇਲਾਂ ਚੈਕ ਕਰ ਸਕਣਗੇ। ਇਸੇ ਦਫਤਰ ਵਿਚ ਵੱਖ-ਵੱਖ ਦੇਸ਼ਾਂ ਤੋਂ ਸ਼ਿਕਾਇਤਾਂ ਈ-ਮੇਲ ਰਾਹੀਂ ਪ੍ਰਾਪਤ ਕਰਨ ਦਾ ਵੀ ਪ੍ਰਬੰਧ ਕੀਤਾ ਗਿਆ ਹੈ। ਪਹਿਲੀ ਮੰਜ਼ਲ ਉਪਰ ਹੀ ਲਾਅ ਅਫਸਰ ਤੇ ਤਫਤੀਸ਼ੀ ਅਫਸਰ ਦੇ ਦਫਤਰ ਹਨ ਜਿਥੇ ਪਰਵਾਸੀ ਪੰਜਾਬੀਆਂ ਵੱਲੋਂ ਆਉਂਦੀਆਂ ਸ਼ਿਕਾਇਤਾਂ ਤੇ ਦਰਖਾਸਤਾਂ ਦੀ ਛਾਣਬੀਣ ਕਰਕੇ ਅੱਗੋਂ ਸਬੰਧਿਤ ਵਿਭਾਗਾਂ ਨੂੰ ਭੇਜੇ ਜਾਣ ਦੀ ਵਿਵਸਥਾ ਹੋਵੇਗੀ।

ਐਨ.ਆਰ.ਆਈ. ਸਭਾ ਦੇ ਪ੍ਰਧਾਨ ਕਮਲਜੀਤ ਸਿੰਘ ਹੇਅਰ ਨੇ ਦੱਸਿਆ ਕਿ ਬਹੁਤ ਸਾਰੇ ਪਰਵਾਸੀ ਪੰਜਾਬੀ ਆਪਣੀਆਂ ਸ਼ਿਕਾਇਤਾਂ ਈ-ਮੇਲ ਰਾਹੀਂ ਭੇਜਣ ਲੱਗੇ ਹਨ। ਪਿਛਲੇ ਵਰ੍ਹੇ 633 ਸ਼ਿਕਾਇਤਾਂ ਉਨ੍ਹਾਂ ਨੂੰ ਈ-ਮੇਲ ਰਾਹੀਂ ਮਿਲੀਆਂ ਸਨ ਤੇ ਹੁਣ 6 ਮਹੀਨਿਆਂ ਵਿਚ 582 ਸ਼ਿਕਾਇਤਾਂ ਈ-ਮੇਲ ਰਾਹੀਂ ਆਈਆਂ ਹਨ। ਇਹ ਸਾਰੀਆਂ ਸ਼ਿਕਾਇਤਾਂ ਅਸੀਂ ਸਬੰਧਤ ਵਿਭਾਗਾਂ ਨੂੰ ਭੇਜਦੇ ਹਾਂ ਤੇ ਉਨ੍ਹਾਂ ਵਿਭਾਗਾਂ ਵੱਲੋਂ ਕੀਤੀ ਕਾਰਵਾਈ ਬਾਰੇ ਜੋ ਜਾਣਕਾਰੀ ਸਾਨੂੰ ਭੇਜੀ ਜਾਂਦੀ ਹੈ, ਉਹ ਵੀ ਵਾਪਸ ਈ-ਮੇਲ ਰਾਹੀਂ ਹੀ ਸ਼ਿਕਾਇਤਕਰਤਾ ਨੂੰ ਭੇਜ ਦਿੱਤੀ ਜਾਂਦੀ ਹੈ।



ਜਲੰਧਰ ਵਿਚ ਬਣਾਏ ਐਨ.ਆਰ.ਆਈ. ਭਵਨ ਦੀ ਤਸਵੀਰ।

## ਭਾਰਤੀ ਸਿੰਧੀ ਲੋਕਾਂ 'ਚ ਅਫਰੀਕੀ ਜੀਨ

**ਹੈਦਰਾਬਾਦ:** ਸੈਲੂਲਰ ਤੇ ਮੋਲੀਕਿਊਲਰ ਬਾਇਓਲੋਜੀ ਸੈਂਟਰ (ਸੀ.ਸੀ.ਐਮ.ਬੀ.) ਦਾ ਇਹ ਦਾਅਵਾ ਹੈ ਕਿ ਗੁਜਰਾਤ, ਕਰਨਾਟਕ ਤੇ ਆਂਧਰਾ ਪ੍ਰਦੇਸ਼ ਦੇ ਲੋਕਾਂ 'ਚ ਅਫਰੀਕੀ ਜੀਨ ਹਨ। ਸੀ.ਸੀ.ਐਮ.ਬੀ. ਨੇ ਆਪਣੇ ਅਧਿਐਨ 'ਚ ਇਹ ਪ੍ਰਗਟ ਕੀਤਾ ਹੈ ਕਿ ਸਿੰਧੀ ਲੋਕਾਂ ਦੀਆਂ ਅੱਠ ਪੀੜ੍ਹੀਆਂ (200 ਸਾਲ) 'ਚ ਭਾਰਤ ਦੇ ਗੁਆਂਢੀ ਦੇਸ਼ਾਂ ਦੀ ਵਸੋਂ ਦੇ ਜੀਨ ਹਨ। ਸੀ.ਸੀ.ਐਮ.ਬੀ. ਸੰਚਾਲਕ ਮੋਹਨ ਰਾਓ ਤੇ ਸੀਨੀਅਰ ਵਿਗਿਆਨੀ ਕੇ. ਥੰਗਰਾਜ ਨੇ ਦੱਸਿਆ ਕਿ ਸਿੰਧੀ ਲੋਕਾਂ 'ਚ ਅਫਰੀਕੀ ਲੱਛਣ ਜਿਵੇਂ ਕਾਲੀ ਚਮੜੀ, ਘੁੰਗਰਾਲੇ ਵਾਲ, ਚੌੜਾ ਨੱਕ ਮੌਜੂਦ ਹਨ। ਉਨ੍ਹਾਂ ਦੱਸਿਆ ਕਿ ਇਤਿਹਾਸ ਅਨੁਸਾਰ ਪੁਰਤਗਾਲੀ ਸੌਦਾਗਰਾਂ ਨੇ ਸਤਾਰ੍ਹਵੀਂ ਤੇ ਉਨੀਵੀਂ ਸਦੀ 'ਚ ਸਿੰਧੀ ਲੋਕਾਂ ਨੂੰ ਭਾਰਤ ਦੇ ਨਵਾਬਾਂ ਤੇ ਸੁਲਤਾਨਾਂ ਨੂੰ ਸੈਨਿਕਾਂ ਤੇ ਗੁਲਾਮਾਂ ਵਜੋਂ ਕੰਮ ਕਰਨ ਲਈ ਵੇਚਿਆ ਸੀ।

# ਕੁਲਦੀਪ ਮਾਣਕ ਲਈ ਅਪੀਲਾਂ

**ਚੱਲਦੇ ਚੱਲਦੇ**

ਕੁਲਦੀਪ ਮਾਣਕ ਦੇ ਪਰਿਵਾਰ ਦੀ ਪਤਲੀ ਹੋਈ ਆਰਥਿਕ ਹਾਲਤ ਬਾਰੇ 'ਫੇਸਬੁੱਕ' 'ਤੇ ਕੀਤੀ ਅਪੀਲ ਨੇ ਵਿਦੇਸ਼ਾਂ 'ਚ ਵਸਦੇ ਸੰਗੀਤ ਪ੍ਰੇਮੀਆਂ ਨੂੰ ਝੰਜੋੜ ਕੇ ਰੱਖ ਦਿੱਤਾ। ਬੜੇ ਸੱਜਣਾਂ ਸਾਨੂੰ ਫੋਨ ਕਰਕੇ ਪੁੱਛਿਆ ਕਿ ਕੀ ਇਹ ਗੱਲ ਸਹੀ ਹੈ? ਕੀ ਸਾਨੂੰ ਮਾਣਕ ਪਰਿਵਾਰ ਦੀ ਆਰਥਿਕ ਮੱਦਦ ਕਰਨੀ ਚਾਹੀਦੀ ਹੈ?

ਅਸੀਂ ਉਨ੍ਹਾਂ ਨੂੰ ਕੁੱਝ ਦਿਨ ਰੁਕਣ ਲਈ ਕਿਹਾ ਤੇ ਹੁਣ ਹੈਰਾਨ ਕਰਨ ਵਾਲੀ ਨਵੀਂ ਕਹਾਣੀ ਸਾਹਮਣੇ ਆ ਗਈ ਹੈ।

'ਫੇਸਬੁੱਕ' 'ਤੇ ਕਿਹਾ ਗਿਆ ਸੀ ਕਿ ਮਾਣਕ ਦੀ ਪਤਨੀ ਸਰਬਜੀਤ ਨੇ ਸਰਦੂਲ ਸਿਕੰਦਰ ਤੇ ਮੁਹੰਮਦ ਸਦੀਕ ਕੋਲ ਘਰ ਦੀ ਮੰਦੀ ਆਰਥਿਕ ਹਾਲਤ ਬਾਰੇ ਗੱਲ ਕੀਤੀ ਸੀ ਤੇ ਬਾਅਦ 'ਚ ਇਹ ਸਭ ਗੱਲਾਂ ਪਾਠਕਾਂ ਨਾਲ ਅਖ਼ਬਾਰਾਂ ਤੇ ਨੈੱਟ ਜ਼ਰੀਏ ਸਾਂਝੀਆਂ ਕੀਤੀਆਂ ਗਈਆਂ। ਹੇਠਾਂ ਕੁਲਦੀਪ ਮਾਣਕ ਦਾ ਬੈਂਕ ਖਾਤਾ ਨੰਬਰ ਅਤੇ ਸਦੀਕ ਦਾ ਫੋਨ ਨੰਬਰ ਵੀ ਦਿੱਤਾ ਗਿਆ ਸੀ। ਕਈ ਸੱਜਣਾਂ ਮੱਦਦ ਲਈ ਵਿਉਂਤ ਬਣਾ ਲਈ, ਕਈਆਂ ਪੈਸੇ ਇਕੱਠੇ ਵੀ ਕਰ ਲਏ, ਪਰ ਅਚਾਨਕ ਮਾਣਕ ਦਾ ਬਿਆਨ ਆ ਗਿਆ ਕਿ ਉਨ੍ਹਾਂ ਨੂੰ ਪੈਸਿਆਂ ਦੀ ਨਹੀਂ, ਦੁਆਵਾਂ ਦੀ ਲੋੜ ਹੈ।

ਇਹ ਬਿਆਨ ਪੜ੍ਹ ਪ੍ਰਸ਼ੰਸਕਾਂ ਨੂੰ ਠੇਸ ਲੱਗਣੀ ਕੁਦਰਤੀ ਸੀ, ਕਿਉਂਕਿ ਖਾਤਾ ਨੰਬਰ ਦੁਆਵਾਂ ਪਾਉਣ ਲਈ ਨਹੀਂ, ਪੈਸੇ ਪਾਉਣ ਲਈ ਹੀ ਦਿੱਤਾ ਜਾ ਸਕਦੈ। ਮਾਣਕ ਹੁਰਾਂ ਕਿਹਾ ਕਿ ਇਹ ਖਾਤਾ ਨੰਬਰ ਉਨ੍ਹਾਂ ਦਾ ਹੈ ਹੀ ਨਹੀਂ, ਕਿਸੇ ਨੇ ਐਵੇਂ ਲਿਖ ਛੱਡਿਐ।

ਪਰ ਪਿਛਲੇ ਦਿਨੀਂ 'ਫੇਸਬੁੱਕ' 'ਤੇ ਇੱਕ ਸੱਜਣ ਨੇ ਬੈਂਕ ਵੱਲੋਂ ਜਾਰੀ ਸਰਟੀਫ਼ਿਕੇਟ ਵੀ ਨਸ਼ਰ ਕਰ ਦਿੱਤਾ, ਜਿਸ 'ਚ 'ਆਈ.ਸੀ.ਆਈ.ਸੀ.ਆਈ ਬੈਂਕ' ਵੱਲੋਂ ਲਿਖਿਆ ਗਿਐ ਕਿ ਇਹ ਕੁਲਦੀਪ ਮਾਣਕ ਤੇ ਸਰਬਜੀਤ ਮਾਣਕ ਦਾ ਸਾਂਝਾ ਖਾਤਾ ਹੈ।

ਸਰੋਤਿਆਂ ਦੀ ਮਾਣਕ ਪਰਿਵਾਰ ਨਾਲ ਦਿਲੀ ਹਮਦਰਦੀ ਹੈ। ਪਿਛਲੇ ਕੁੱਝ ਦਿਨਾਂ ਤੋਂ ਖ਼ੁਦ ਮਾਣਕ ਹੁਰੀਂ ਹਿਚਕੀ ਨਾ ਹਟਣ ਕਾਰਨ ਲੁਧਿਆਣੇ ਦੇ ਇੱਕ ਹਸਪਤਾਲ 'ਚ ਦਾਖਲ ਹਨ। ਕੁੱਝ ਦਿਨ ਪਹਿਲਾਂ ਹੀ ਯੁੱਧਵੀਰ ਮਾਣਕ ਤੰਦਰੁਸਤ ਹੋ ਕੇ ਘਰ ਪਰਤਿਆ ਸੀ। ਉਦੋਂ ਵੀ ਡਾਕਟਰਾਂ ਦੀਆਂ ਦਵਾਈਆਂ ਦੇ ਨਾਲ-ਨਾਲ ਸਰੋਤਿਆਂ ਦੀਆਂ ਦੁਆਵਾਂ ਨੇ ਰੰਗ ਦਿਖਾਇਆ ਸੀ।

ਹੁਣ ਜਦੋਂ ਮਾਣਕ ਪਰਿਵਾਰ ਵੱਲੋਂ ਕੀਤੀਆਂ ਜਾ ਰਹੀਆਂ ਇਹ ਬਚਕਾਨਾ ਗੱਲਾਂ ਪੜ੍ਹਨ/ਸੁਣਨ ਵਾਲਿਆਂ ਤੱਕ ਅੱਪੜੀਆਂ ਹਨ ਤਾਂ ਉਨ੍ਹਾਂ ਵੱਲੋਂ ਕਿਹਾ ਜਾ ਰਿਹੈ ਕਿ ਇਹ ਤਾਂ ਉਹ ਗੱਲ ਹੋਈ, 'ਨਾਲੇ ਲੱਸੀ ਮੰਗਣ ਜਾਓ, ਨਾਲੇ ਡੋਲਣਾ ਲੁਕੋਂਦੇ ਫਿਰੋ।'

ਖ਼ੈਰ, ਜੋ ਵੀ ਹੋਵੇ, ਇਸ ਤਰ੍ਹਾਂ ਦੀਆਂ ਗੱਲਾਂ ਹੋਣ ਨਾਲ ਪ੍ਰਸ਼ੰਸਕਾਂ ਦਾ ਆਪਣੇ ਪਸੰਦੀਦਾ ਕਲਾਵਾਨਾਂ ਤੋਂ ਭਰੋਸਾ ਉਠਣਾ ਕੁਦਰਤੀ ਹੈ ਤੇ ਅੱਗੇ ਤੋਂ ਉਹ ਕਿਸੇ ਲੋੜਵੰਦ ਦੀ ਮੱਦਦ ਕਰਨ ਤੋਂ ਪਹਿਲਾਂ ਕਈ ਵਾਰ ਸੋਚਣਗੇ।

*-ਸਵਰਨ ਸਿੰਘ ਟਹਿਣਾ*

# ਪਰਵਾਸੀ ਭਾਰਤੀ ਨੂੰ ਸਮਾਜ ਸੇਵਾ ਦੀ 'ਸਜ਼ਾ'

**ਨਵੀਂ ਦਿੱਲੀ:** ਕੈਨੇਡਾ ਦੇ ਰਹਿਣ ਵਾਲੇ ਭਾਰਤੀ ਨੂੰ ਦਿੱਲੀ ਦੀ ਅਦਾਲਤ ਨੇ ਛੇ ਮਹੀਨੇ ਅੰਨ੍ਹਿਆਂ ਦੇ ਸਕੂਲ 'ਚ ਸੇਵਾ ਕਰਨ ਦੀ ਸਜ਼ਾ ਸੁਣਾਈ ਹੈ। ਉਸ 'ਤੇ ਵਿਆਹ ਪਿੱਛੋਂ ਆਪਣੀ ਪਤਨੀ ਨੂੰ ਮਾਨਸਿਕ ਤੇ ਸਰੀਰਕ ਤੌਰ 'ਤੇ ਤੰਗ ਕਰਨ ਤੇ ਉਸ ਨੂੰ ਤਲਾਕ ਦੇਣ ਪਿੱਛੋਂ, ਉਸ ਦੇ ਵੱਲੋਂ ਆਤਮਹੱਤਿਆ ਕਰਨ ਦਾ ਦੋਸ਼ ਸੀ। ਪਵਨ ਦਾਸ ਨਾਂ ਦੇ ਇਸ ਵਿਅਕਤੀ 'ਤੇ ਦੋਸ਼ ਸਾਬਤ ਹੋਣ ਤੋਂ ਬਾਅਦ ਜ਼ਿਲ੍ਹਾ ਸੈਸ਼ਨ ਜੱਜ ਕਾਮਨੀ ਲਾਓ ਵੱਲੋਂ ਇਹ ਨਰਮ ਸਜ਼ਾ ਸੁਣਾਈ ਗਈ। ਇਸ ਤੋਂ ਪਹਿਲਾਂ ਉਹ 11 ਮਹੀਨੇ ਤੋਂ ਜੇਲ੍ਹ 'ਚ ਸੀ।


Quik Signs

Signs • Graphics • Wraps



ਅਸੀਂ ਹਰ ਸਾਈਜ਼ ਦੇ ਸਾਈਨ
ਹਰ ਸਟੇਟ ਵਿੱਚ ਮੇਲ ਵੀ ਕਰਦੇ ਹਾਂ



ਬੈਨਰ, ਬਿਜ਼ਨਸ ਕਾਰਡ, ਵਿਆਹ ਦੇ ਕਾਰਡ, ਲੋਗੋ ਡਿਜ਼ਾਇਨ, ਫੁੱਲ ਕਲਰ ਪ੍ਰਿੰਟਿੰਗ, ਮੈਗਨੈਟਿਕ ਸਾਈਨ, ਸਟੋਰਾਂ ਦਾ ਸਾਈਨ, ਕਲਰ ਪੋਸਟਰ ਅਤੇ ਹਰ ਤਰ੍ਹਾਂ ਦੀ ਪ੍ਰਿੰਟਿੰਗ ਲਈ ਮਿਲੋ।

ਅਸੀਂ ਹਰ ਤਰਾਂ ਦੇ ਸਾਈਨ ਬਣਾਉਂਦੇ ਹਾਂ ਅਤੇ ਪੁਰਾਣੇ ਸਾਈਨਾਂ ਦੀ ਰਿਪੇਅਰ ਵੀ ਕਰਦੇ ਹਾਂ

Specialized in English, Spanish, Hindi & Punjabi

*661-703-8795
tanjit5020@yahoo.com
*661-900-7357
manmit5020@yahoo.com
WWW.QUIKSIGNS.US



ਮਰਦਾਨਾ ਕਮਜ਼ੋਰੀ ਦਾ ਹੱਲ ਆਯੁਰਵੈਦ ਦੇ ਸੰਗ

ਮਰਦਾਨਾ ਤਾਕਤ ਲਈ ਸਿਹਤ ਰੀਯੰਗ ਕੋਰਸ ਅਤੇ ਸ਼ਹਿਨਸ਼ਾਹੀ ਤਿੱਲਾ (ਸੁਪਰ ਪਾਵਰ)

ਇਕ ਹਫਤਾ ਦਵਾਈ ਖਾਣ ਤੋਂ ਬਾਅਦ ਤੁਸੀਂ ਗ੍ਰਹਿਸਥ ਜੀਵਨ ਦਾ ਭਰਪੂਰ ਅਨੰਦ ਉਠਾ ਸਕਦੇ ਹੋ। ਕਮਜ਼ੋਰੀ ਕਿਸੇ ਵੀ ਤਰ੍ਹਾਂ ਦੀ ਹੋਵੇ-ਗ਼ਲਤ ਕੰਮਾਂ ਦੇ ਕਾਰਨ, ਨਸ਼ੇ ਦੇ ਕਾਰਨ, ਸ਼ੂਗਰ ਦੇ ਕਾਰਨ ਜਾਂ ਵਧਦੀ ਉਮਰ ਦੇ ਕਾਰਨ।


ਚਿਹਰੇ ਦੀ ਸੁੰਦਰਤਾ | ਮੋਟਾਪਾ ਘਟਾਓ | ਸਿਹਤ ਬਣਾਓ
ਵਾਲਾਂ ਦਾ ਝੜਨਾ | ਸ਼ੂਗਰ ਕੰਟਰੋਲ | ਇਸਤਰੀ ਰੋਗ

ਪੰਜਾਬ ਦੀ ਸਭ ਤੋਂ ਮਸ਼ਹੂਰ ਫਾਰਮੇਸੀ ਜਿੱਥੇ ਮਰਦਾਂ ਅਤੇ ਔਰਤਾਂ ਦਾ ਪਿਛਲੇ 50 ਸਾਲਾਂ ਤੋਂ ਤਸੱਲੀਬਖਸ਼ ਇਲਾਜ ਕੀਤਾ ਜਾਂਦਾ ਹੈ।

ਨਸਾਂ ਦੀ ਕਮਜ਼ੋਰੀ ਦੂਰ ਕਰਨ ਲਈ ਖਾਸ ਤੌਰ 'ਤੇ ਸ਼ਹਿਨਸ਼ਾਹੀ (ਸੁਪਰ ਪਾਵਰ) ਤੇਲ ਤਿਆਰ ਕੀਤਾ ਗਿਆ ਹੈ ਜਿਸ ਦੀ ਵਰਤੋਂ ਨਾਲ ਮਰਦਾਨਾ ਕਮਜ਼ੋਰੀ ਠੀਕ ਹੋ ਜਾਂਦੀ ਹੈ।

ਬੁਢਾਪੇ ਵਿਚ ਜਵਾਨੀ ਵਰਗੀ ਤਾਕਤ ਦੁਬਾਰਾ ਹਾਸਿਲ ਕਰੋ।

ਪੂਰਾ ਕੋਰਸ ਕਰਨ ਤੋਂ ਬਾਅਦ ਦੁਬਾਰਾ ਦਵਾਈ ਖਾਣ ਦੀ ਲੋੜ ਨਹੀਂ ਪੈਂਦੀ।



ਡਾ. ਨੰਦ ਕਿਸ਼ੋਰ ਓਬਰਾਏ
ਆਯੁਰਵੈਦਿਕ ਰਤਨ
ਰਜਿ. ਨੰ. 59/AY/PB.

ਅੱਜਕਲ੍ਹ ਦੇ ਨੌਜਵਾਨ ਭੈੜੀਆਂ ਆਦਤਾਂ ਵਿਚ ਫਸ ਕੇ ਬੁਰੀ ਤਰ੍ਹਾਂ ਦੇ ਖਤਰਨਾਕ ਅਤੇ ਗੁਪਤ ਰੋਗਾਂ ਦਾ ਸ਼ਿਕਾਰ ਹੋ ਜਾਂਦੇ ਹਨ। ਔਰਤ ਦੇ ਕਾਬਿਲ ਨਾ ਰਹਿਣਾ, ਹਰ ਤਰ੍ਹਾਂ ਦੀ ਕਮਜ਼ੋਰੀ, ਮਸਾਨੇ ਦੀ ਗਰਮੀ, ਪਿਸ਼ਾਬ ਦਾ ਜ਼ਿਆਦਾ ਆਉਣਾ, ਖ਼ੂਨ ਨਾ ਬਣਨਾ, ਖਾਂਦਿਆਂ ਪੀਂਦਿਆਂ ਸੁੱਕਦੇ ਜਾਣਾ ਆਦਿ ਤਮਾਮ ਤਕਲੀਫਾਂ ਤੋਂ ਹਮੇਸ਼ਾ ਲਈ ਛੁਟਕਾਰਾ ਪਾਉਣ ਲਈ ਸਾਡੀ 50 ਸਾਲਾਂ ਤੋਂ ਅਜਮਾਈ ਹੋਈ ਦਵਾਈ ਅਤੇ ਸੁਪਰ ਪਾਵਰ ਤੇਲ ਦੇ ਕੋਰਸ ਦੀ ਵਰਤੋਂ ਕਰੋ। ਇਸ ਦੇ ਕੁਝ ਦਿਨ ਵਰਤਣ ਨਾਲ ਸੁਪਨਦੋਸ਼ ਬੰਦ ਹੋ ਜਾਂਦਾ ਹੈ। ਮਰਦਾਨਾ ਕਮਜ਼ੋਰੀ ਦੂਰ ਹੋ ਜਾਂਦੀ ਹੈ। ਇਸ ਦਵਾਈ ਦੀ ਵਰਤੋਂ ਨਾਲ ਗਏ ਗੁਜ਼ਰੇ ਨੌਜਵਾਨਾਂ ਨੂੰ ਫਿਰ ਤੋਂ ਜਵਾਨੀ ਦੀ ਝਲਕ ਦਿਖਾਈ ਦੇਣ ਲੱਗ ਪੈਂਦੀ ਹੈ।

Surajvanshi Pharmacy (R)

MANUFACTURE & EXPORTER OF HERBAL PRODUCTS


25, New Model Town, Jalandhar (Punjab) INDIA.
Contact : Dr. Shweat Oberoi E-mail : shweat077@yahoo.com
Mobile : 98155-33933 Fax : 0091-181-5062627

# ਪਰਵਾਸੀ ਭਾਰਤੀਆਂ ਨਹੀਂ ਵਿਖਾਈ ਵੋਟਾਂ ਬਣਵਾਉਣ 'ਚ ਦਿਲਚਸਪੀ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪਰਵਾਸੀ ਭਾਰਤੀਆਂ ਨੂੰ ਭਾਰਤ 'ਚ ਵੋਟਾਂ ਬਣਾਉਣ ਦਾ ਅਧਿਕਾਰ ਤਾਂ ਮਿਲ ਗਿਆ ਹੈ ਪਰ ਉਨ੍ਹਾਂ ਨੇ ਵੋਟਾਂ ਬਣਵਾਉਣ 'ਚ ਕੋਈ ਬਾਹਲੀ ਦਿਲਚਸਪੀ ਨਹੀਂ ਵਿਖਾਈ। ਪੰਜਾਬ ਵਿਚ ਮਾਰਚ ਦੇ ਪਹਿਲੇ ਹਫ਼ਤੇ ਤੱਕ ਹਰ ਹਾਲ ਵਿਚ ਵਿਧਾਨ ਸਭਾ ਚੋਣਾਂ ਹੋ ਰਹੀਆਂ ਹਨ। ਪੰਜਾਬ ਦੀ ਮੁੱਖ ਚੋਣ ਅਫ਼ਸਰ ਕੁਸਮਜੀਤ ਸਿੱਧੂ ਅਨੁਸਾਰ ਭਾਰਤ ਸਰਕਾਰ ਵੱਲੋਂ ਪਰਵਾਸੀ ਭਾਰਤੀਆਂ ਨੂੰ ਵੋਟਾਂ ਪਾਉਣ ਦੇ ਅਧਿਕਾਰ ਦਿੱਤੇ ਜਾਣ ਤੋਂ ਬਾਅਦ ਭਾਰਤੀ ਚੋਣ ਕਮਿਸ਼ਨ ਵੱਲੋਂ ਦੇਸ਼ ਭਰ ਵਿਚ ਪਰਵਾਸੀ ਭਾਰਤੀਆਂ ਦੀਆਂ ਵੋਟਾਂ ਬਣਵਾਉਣ ਲਈ ਮੁਹਿੰਮ ਚਲਾਈ ਜਾ ਰਹੀ ਹੈ। ਇਸ ਤਹਿਤ ਪਰਵਾਸੀ ਭਾਰਤੀ ਨੂੰ ਬਕਾਇਦਾ ਫਾਰਮ ਭਰ ਕੇ ਦੇਣਾ ਪਵੇਗਾ ਤੇ ਉਸ ਦੀ ਵੋਟ ਬਣਾ ਦਿੱਤੀ ਜਾਵੇਗਾ। ਪੰਜਾਬ ਵਿਚ ਅਜੇ ਤੱਕ ਸਿਰਫ 128 ਪਰਵਾਸੀ ਭਾਰਤੀਆਂ ਵੱਲੋਂ ਨਵੇਂ ਨਿਯਮਾਂ ਤਹਿਤ ਵੋਟਾਂ ਬਣਵਾਈਆਂ ਗਈਆਂ ਹਨ। ਪੰਜਾਬ ਵਿਧਾਨ ਸਭਾ ਚੋਣਾਂ ਦੌਰਾਨ ਭਾਰਤੀ ਚੋਣ ਕਮਿਸ਼ਨ ਵੱਲੋਂ ਇਸ ਪੱਖੋਂ ਕਾਫ਼ੀ ਸਖ਼ਤੀ ਵਰਤੀ ਜਾ ਰਹੀ ਹੈ ਕਿ ਕਿਸੇ ਵੀ ਉਸ ਅਧਿਕਾਰੀ ਜਾਂ ਕਰਮਚਾਰੀ ਨੂੰ ਚੋਣ ਪ੍ਰਕਿਰਿਆ ਵਿਚ ਕੋਈ ਜ਼ਿੰਮੇਵਾਰੀ ਨਾ ਦਿੱਤੀ ਜਾਵੇ ਜਿਸ ਨੂੰ ਚੋਣ ਕਮਿਸ਼ਨ ਜਾਂ ਚੋਣ ਵਿਭਾਗ ਵੱਲੋਂ ਕਿਸੇ ਅਣਗਹਿਲੀ ਜਾਂ ਹੇਰਾ ਫੇਰੀ ਲਈ ਸਜ਼ਾ ਜਾਂ ਚਾਰਜਸ਼ੀਟ ਕੀਤਾ ਜਾ ਚੁੱਕਾ ਹੋਵੇ।

ਉਧਰ ਪਰਵਾਸੀ ਭਾਰਤੀਆਂ ਨੂੰ ਵੋਟ ਦਾ ਅਧਿਕਾਰ ਦੇਣ ਤੋਂ ਬਾਅਦ ਪੰਜਾਬ ਦੀਆਂ ਤਕਰੀਬਨ ਸਾਰੀਆਂ ਵੱਡੀਆਂ ਸਿਆਸੀ ਪਾਰਟੀਆਂ ਪਰਵਾਸੀ ਭਾਰਤੀਆਂ ਨੂੰ ਆਪੋ-ਆਪਣੇ ਹੱਕ ਵਿਚ ਪਰਤਾਉਣ ਲਈ ਰਣਨੀਤੀ ਬਣਾ ਰਹੀਆਂ ਹਨ। ਕੁਝ ਸਿਆਸੀ ਆਗੂ ਉਨ੍ਹਾਂ ਦੇਸ਼ਾਂ ਦੇ ਗੇੜੇ ਲਾਉਣ ਦੀਆਂ ਤਿਆਰੀਆਂ ਵਿਚ ਹਨ ਜਿੱਥੇ ਵੱਡੀ ਗਿਣਤੀ ਵਿਚ ਪਰਵਾਸੀ ਪੰਜਾਬੀ ਵਸਦੇ ਹਨ। ਕਾਂਗਰਸ ਪਾਰਟੀ ਵਿਦੇਸ਼ਾਂ ਵਿਚ ਪਰਵਾਸੀ ਭਾਰਤੀਆਂ ਦੀਆਂ ਵੋਟਾਂ ਪੁਆਉਣ ਲਈ ਚੋਣ ਕਮਿਸ਼ਨ ਤੱਕ ਪਹੁੰਚ ਕਰਨ ਦੀ ਵੀ ਤਿਆਰੀ 'ਚ ਹੈ। ਇਸ ਦਾ ਕੋਈ ਪ੍ਰਬੰਧ ਹੋਵੇਗਾ ਜਾਂ ਨਹੀਂ ਕਹਿਣਾ ਮੁਸ਼ਕਿਲ ਹੈ ਪਰ ਉਨ੍ਹਾਂ ਨੂੰ ਏਧਰ ਆ ਕੇ ਵੋਟ ਪਾਉਣ ਦੀ ਖੁੱਲ੍ਹ ਹੈ।

ਪੰਜਾਬੀ ਵੱਡੀ ਗਿਣਤੀ ਵਿਚ ਬਰਤਾਨੀਆ, ਕੈਨੇਡਾ, ਆਸਟਰੇਲੀਆ, ਨਿਊਜ਼ੀਲੈਂਡ, ਇਟਲੀ, ਮੱਧ ਪੂਰਬ, ਅਮਰੀਕਾ ਮੁਲਕਾਂ ਵਿਚ ਰਹਿੰਦੇ ਹਨ ਤੇ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਹੋਣ ਵਿਚ ਤਕਰੀਬਨ ਛੇ ਮਹੀਨੇ ਦਾ ਹੀ ਸਮਾਂ ਰਹਿ ਗਿਆ ਹੈ ਤੇ ਇਸ ਲਈ ਚੋਣਾਂ ਤੋਂ ਪਹਿਲਾਂ ਸੂਬੇ ਦੀਆਂ ਵੱਡੀਆਂ ਪਾਰਟੀਆਂ ਦੇ ਕਈ ਆਗੂ ਵਿਦੇਸ਼ ਯਾਤਰਾ 'ਤੇ ਜਾਣਗੇ ਤੇ ਉਨ੍ਹਾਂ ਦਾ ਵੱਡਾ ਮਕਸਦ ਪਰਵਾਸੀਆਂ ਨੂੰ ਚੋਣਾਂ ਵਿਚ ਆਪਣੀਆਂ ਪਾਰਟੀਆਂ ਦੇ ਹੱਕ ਵਿਚ ਭਰਮਾਉਣਾ ਹੋਵੇਗਾ।



## ਪੰਜਾਬ 'ਚ ਬਣੀਆਂ ਸਿਰਫ 128 ਵੋਟਾਂ

ਆਗੂ ਵਿਦੇਸ਼ੀ ਦੌਰੇ ਦੋ ਮੰਤਵਾਂ ਸੈਰ ਤੇ ਪੈਸਾ ਇਕੱਠਾ ਕਰਨ ਲਈ ਕਰਦੇ ਹਨ। ਕੁਝ ਆਗੂ ਪੈਸਾ ਨਿਵੇਸ਼ ਕਰਨ ਲਈ ਵਿਦੇਸ਼ ਜਾਂਦੇ ਹਨ। ਪਰ ਇਸ ਵਾਰ ਦੀਆਂ ਵਿਦੇਸ਼ ਫੇਰੀਆਂ ਸਮੇਂ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਲਈ ਪਰਵਾਸੀਆਂ ਦੀਆਂ ਵੋਟਾਂ ਹਾਸਲ ਕਰਨਾ ਆਗੂਆਂ ਦਾ ਮੁੱਖ ਮੰਤਵ ਹੋਵੇਗਾ। ਮਿਲੀ ਜਾਣਕਾਰੀ ਅਨੁਸਾਰ ਪੰਜਾਬ ਪ੍ਰਦੇਸ਼ ਕਾਂਗਰਸ ਨੇ ਪਰਵਾਸੀ ਪੰਜਾਬੀਆਂ ਦੀਆਂ ਵੋਟਾਂ ਦੇ ਮਾਮਲੇ ਨੂੰ ਲੈ ਕੇ ਪਾਰਟੀ ਦੇ ਪਰਵਾਸੀ ਭਾਰਤੀ ਬਾਰੇ ਸੈੱਲ ਰਾਹੀਂ ਚੋਣ ਕਮਿਸ਼ਨ ਕੋਲ ਪਹੁੰਚ ਕਰਨ ਦਾ ਫੈਸਲਾ ਕੀਤਾ ਹੈ। ਪਾਰਟੀ ਚੋਣ ਕਮਿਸ਼ਨ ਨੂੰ ਕਹੇਗੀ ਕਿ ਵਿਦੇਸ਼ਾਂ ਵਿਚ ਵਸਦੇ ਪੰਜਾਬੀਆਂ ਦੀਆਂ ਵੋਟਾਂ ਪੁਆਉਣ ਦਾ ਪ੍ਰਬੰਧ ਕੀਤਾ ਜਾਵੇ ਕਿਉਂਕਿ ਵੱਡੀ ਗਿਣਤੀ ਵਿਚ ਵਿਦੇਸ਼ਾਂ ਵਿਚ ਵਸਦੇ ਪੰਜਾਬੀ ਵੋਟਾਂ ਪਾਉਣ ਲਈ ਦੇਸ਼ ਨਹੀਂ ਆ ਸਕਦੇ।

ਪਰਵਾਸੀ ਭਾਰਤੀਆਂ ਦੀਆਂ ਵੋਟਾਂ ਬਾਰੇ ਪੰਜਾਬ ਦੀ ਸਾਬਕਾ ਮੁੱਖ ਮੰਤਰੀ ਤੇ ਕਾਂਗਰਸ ਦੀ ਸੀਨੀਅਰ ਆਗੂ ਰਾਜਿੰਦਰ ਕੌਰ ਭੱਠਲ ਦਾ ਕਹਿਣਾ ਹੈ ਕਿ ਉਹ ਤੇ ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਅਤੇ ਕੁਝ ਹੋਰ ਸੀਨੀਅਰ ਆਗੂ ਚੋਣਾਂ ਤੋਂ ਪਹਿਲਾਂ ਉਨ੍ਹਾਂ ਦੇਸ਼ਾਂ ਦੇ ਦੌਰੇ ਕਰਨਗੇ ਜਿੱਥੇ ਵੱਡੀ ਗਿਣਤੀ ਵਿਚ ਪੰਜਾਬੀ ਵਸਦੇ ਹਨ। ਉਨ੍ਹਾਂ ਕਿਹਾ ਕਿ ਕਈ ਦੇਸ਼ਾਂ ਵਿਚ ਕਾਂਗਰਸ ਪਾਰਟੀ ਦੇ ਬਕਾਇਦਾ ਯੂਨਿਟ ਹਨ ਤੇ ਲੋੜ ਸਿਰਫ਼ ਉਨ੍ਹਾਂ ਤਕ ਪਹੁੰਚ ਕਰਨ ਦੀ ਹੈ। ਕਾਂਗਰਸ ਪਾਰਟੀ ਦੇ ਆਗੂ ਚੋਣਾਂ ਤੋਂ ਪਹਿਲਾਂ ਇਸ ਕਰਕੇ ਵੀ ਵਿਦੇਸ਼ਾਂ ਵਿਚ ਜਾਣਾ ਚਾਹੁੰਦੇ ਹਨ ਕਿ ਉਹ ਪੰਜਾਬ ਪੀਪਲਜ਼ ਪਾਰਟੀ ਦੇ ਆਗੂ ਮਨਪ੍ਰੀਤ ਸਿੰਘ ਬਾਦਲ ਤੇ ਸ਼੍ਰੋਮਣੀ ਅਕਾਲੀ ਦਲ ਦੀਆਂ ਨੀਤੀਆਂ ਤੋਂ ਜਾਣੂ ਕਰਵਾ ਸਕਣ। ਇਨਾਂ ਦੋਵਾਂ ਪਾਰਟੀਆਂ ਦੇ ਆਗੂ ਵੀ ਵਿਦੇਸ਼ੀ ਦੌਰਿਆਂ ਦੀ ਤਿਆਰੀਆਂ ਵਿਚ ਹਨ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਮੀਡੀਆ ਸਲਾਹਕਾਰ ਹਰਚਰਨ ਬੈਂਸ ਦਾ ਕਹਿਣਾ ਹੈ ਕਿ ਪਰਵਾਸੀ ਭਾਰਤੀ ਹਕੀਕਤਾਂ ਨਾਲ ਜੁੜੇ ਹੋਏ ਲੋਕ ਹਨ ਤੇ ਉਹ ਸੂਬੇ ਦਾ ਨਵਾਂ ਚਿਹਰਾ ਵੇਖਣਾ ਚਾਹੁੰਦੇ ਹਨ। ਉਨ੍ਹਾਂ ਨੇ ਸਾਡੀ ਸਰਕਾਰ ਦੇ ਕੰਮ, ਹਵਾਈ ਅੱਡਿਆਂ, ਤੇਲ ਸੋਧ ਕਾਰਖਾਨੇ, ਫਲਾਈ ਓਵਰਾਂ ਤੇ ਥਰਮਲ ਪਲਾਂਟਾਂ ਨੂੰ ਬਣਦਾ ਦੇਖ ਰਹੇ ਹਨ। ਉਨ੍ਹਾਂ ਕਿਹਾ ਕਿ ਹੁਣ ਇਹ ਗੱਲ ਦੇਖਣ ਵਾਲੀ ਹੋਵੇਗੀ ਉਹ ਕਿੰਨੀ ਕੁ ਗਿਣਤੀ ਵਿਚ ਵੋਟਾਂ ਪਾਉਣ ਆਉਣਗੇ।

ਲੋਕ ਭਲਾਈ ਪਾਰਟੀ ਦੇ ਪ੍ਰਧਾਨ ਬਲਵੰਤ ਸਿੰਘ ਰਾਮੂਵਾਲੀਆ ਨੇ ਕਿਹਾ ਕਿ ਪਰਵਾਸੀਆਂ ਭਾਰਤੀਆਂ ਨੂੰ ਵੋਟ ਦਾ ਹੱਕ ਮਿਲਣਾ ਚੰਗਾ ਕਦਮ ਹੈ ਤੇ ਉਨ੍ਹਾਂ ਨੂੰ ਆਪਣੀ ਵੋਟ ਦੀ ਵਰਤੋਂ ਆਪਣੀਆਂ ਸਮੱਸਿਆਵਾਂ ਹੱਲ ਕਰਵਾਉਣ ਲਈ ਕਰਨੀ ਚਾਹੀਦੀ ਹੈ। ਉਨ੍ਹਾਂ ਨੂੰ ਕਹਿਣਾ ਚਾਹੀਦਾ ਹੈ ਕਿ ਜੇਕਰ ਉਨ੍ਹਾਂ ਦੀਆਂ ਸਮੱਸਿਆਵਾਂ ਹੱਲ ਨਾ ਕੀਤੀਆਂ ਤਾਂ ਉਹ ਆਪਣੀ ਵੋਟ ਦੀ ਵਰਤੋਂ ਸਮੱਸਿਆਵਾਂ ਨੂੰ ਹੱਲ ਲਈ ਵਰਤਣਗੇ।

# ਪੰਜਾਬ ਸਰਕਾਰ ਵੱਲੋਂ ਚੋਣ ਕਮਿਸ਼ਨ ਦੇ ਰਾਹ 'ਚ ਅੜਿੱਕੇ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਚੋਣ ਕਮਿਸ਼ਨ ਤੇ ਰਾਜ ਸਰਕਾਰ ਦਰਮਿਆਨ ਟਕਰਾਅ ਦੇ ਆਸਾਰ ਬਣ ਗਏ ਹਨ। ਰਾਜ ਸਰਕਾਰ ਵੱਲੋਂ ਵਿਧਾਨ ਸਭਾ ਚੋਣਾਂ ਦੀਆਂ ਤਿਆਰੀਆਂ ਲਈ ਮੁੱਖ ਚੋਣ ਅਧਿਕਾਰੀ (ਸੀ.ਈ.ਓ.) ਵੱਲੋਂ ਲਿਖੇ ਪੱਤਰਾਂ 'ਤੇ ਕੋਈ ਕਾਰਵਾਈ ਨਾ ਕਰਨ ਕਾਰਨ ਚੋਣ ਅਧਿਕਾਰੀ ਖਫ਼ਾ ਹਨ। ਚੋਣ ਅਧਿਕਾਰੀਆਂ ਦੇ ਖਫ਼ਾ ਹੋਣ ਦਾ ਵੱਡਾ ਕਾਰਨ ਰਿਟਰਨਿੰਗ ਤੇ ਸਹਾਇਕ ਰਿਟਰਨਿੰਗ ਅਫਸਰਾਂ ਦੀਆਂ ਨਿਯੁਕਤੀਆਂ ਨਾ ਕਰਨਾ ਤੇ ਚੋਣ ਡਿਊਟੀ ਲਈ ਲੋੜੀਂਦੇ ਅਮਲੇ ਦੀ ਤਾਇਨਾਤੀ ਨਾ ਹੋਣਾ ਹੈ।

ਚੋਣ ਦਫ਼ਤਰ ਨਾਲ ਜੁੜੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਕਮਿਸ਼ਨ ਫਿਲਹਾਲ ਕਿਸੇ ਕਿਸਮ ਦੇ ਨਿਰਦੇਸ਼ ਦੇਣ ਦੀ ਹਾਲਤ 'ਚ ਨਹੀਂ ਪਰ ਜੂਨ ਮਹੀਨੇ ਦੌਰਾਨ ਮੁੱਖ ਚੋਣ ਅਧਿਕਾਰੀ ਕੁਸੁਮਜੀਤ ਸਿੱਧੂ ਵੱਲੋਂ ਚੋਣਾਂ ਦੀ ਤਿਆਰੀ ਲਈ ਮੁੱਖ ਸਕੱਤਰ ਤੇ ਹੋਰਾਂ ਅਧਿਕਾਰੀਆਂ ਨੂੰ ਜੋ ਪੱਤਰ ਲਿਖੇ ਗਏ ਸਨ, ਉਹ ਵੀ ਅਹਿਮ ਸਨ। ਚੋਣ ਕਮਿਸ਼ਨ ਦਾ ਵਫ਼ਦ 15 ਜੁਲਾਈ ਤੋਂ ਬਾਅਦ ਪੰਜਾਬ ਦੇ ਦੌਰੇ 'ਤੇ ਆ ਰਿਹਾ ਹੈ। ਸੀ.ਈ.ਓ. ਦਫ਼ਤਰ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਰਾਜ ਸਰਕਾਰ ਦੀਆਂ ਨਾ ਮਿਲਵਰਤਨ ਸਰਗਰਮੀਆਂ ਨੂੰ ਕਮਿਸ਼ਨ ਦੇ ਸਾਹਮਣੇ ਰੱਖਿਆ ਜਾਵੇਗਾ। ਮੁੱਖ ਚੋਣ ਅਧਿਕਾਰੀ ਨੇ ਰਾਜ ਸਰਕਾਰ ਨੂੰ ਕਿਹਾ ਸੀ ਕਿ ਜਿਨ੍ਹਾਂ ਅਧਿਕਾਰੀਆਂ ਦੀ ਤਾਇਨਾਤੀ ਨੂੰ ਤਿੰਨ ਜਾਂ ਤਿੰਨ ਸਾਲ ਤੋਂ ਵੱਧ ਦਾ ਸਮਾਂ ਹੋ ਗਿਆ ਹੈ ਜਾਂ ਫਿਰ ਅਜਿਹੇ ਅਧਿਕਾਰੀ ਜੋ ਕਿ ਪਹਿਲਾਂ ਕਦੇ ਚੋਣ ਕਮਿਸ਼ਨ ਦੇ ਨਿਰਦੇਸ਼ਾਂ 'ਤੇ ਤਬਦੀਲ ਹੋਏ ਹੋਣ, ਨੂੰ ਤੁਰੰਤ ਤਬਦੀਲ ਕੀਤਾ ਜਾਵੇ। ਚੋਣ ਅਧਿਕਾਰੀਆਂ ਦਾ ਕਹਿਣਾ ਹੈ ਕਿ ਸਰਕਾਰ ਨੇ ਅਜੇ ਤੱਕ ਕੁਝ ਡਿਪਟੀ ਕਮਿਸ਼ਨਰਾਂ ਤੇ ਜ਼ਿਲ੍ਹਾ ਪੁਲੀਸ ਮੁਖੀਆਂ ਦੇ ਤਬਾਦਲੇ ਨਹੀਂ ਕੀਤੇ ਜੋ ਚੋਣ ਕਮਿਸ਼ਨ ਵੱਲੋਂ ਜਾਰੀ ਨਿਰਦੇਸ਼ਾਂ ਦੇ ਦਾਇਰੇ ਵਿਚ ਆਉਂਦੇ ਹਨ।




ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਸਰਕਾਰ ਨੇ ਕੁਝ ਅਧਿਕਾਰੀਆਂ ਨੂੰ ਅਹਿਮ ਅਹੁਦਿਆਂ 'ਤੇ ਤਾਇਨਾਤ ਕੀਤਾ ਸੀ ਪਰ ਚੋਣ ਕਮਿਸ਼ਨ ਦੀਆਂ ਹਦਾਇਤਾਂ ਦੇ ਮੱਦੇਨਜ਼ਰ ਇਨ੍ਹਾਂ ਅਧਿਕਾਰੀਆਂ ਨੂੰ ਤਬਦੀਲ ਕੀਤਾ ਜਾ ਸਕਦਾ ਹੈ। ਬੀਬੀ ਕੁਸੁਮਜੀਤ ਸਿੱਧੂ ਦੇ ਧਿਆਨ 'ਚ ਆਇਆ ਹੈ ਕਿ ਸਿਰਫ ਦੋ ਜ਼ਿਲ੍ਹਿਆਂ ਮੁਹਾਲੀ ਤੇ ਫਤਿਹਗੜ੍ਹ ਸਾਹਿਬ ਵਿਚ ਹੀ ਰਿਟਰਨਿੰਗ ਤੇ ਸਹਾਇਕ ਰਿਟਰਨਿੰਗ ਅਫਸਰਾਂ ਦੀਆਂ ਨਿਯੁਕਤੀਆਂ ਹੋਈਆਂ ਹਨ। ਬਾਕੀ ਜ਼ਿਲ੍ਹਿਆਂ 'ਚ ਇਨ੍ਹਾਂ ਅਧਿਕਾਰੀਆਂ ਦੀਆਂ ਨਿਯੁਕਤੀਆਂ ਨਾ ਹੋਣ ਕਾਰਨ ਚੋਣ ਅਧਿਕਾਰੀ ਪ੍ਰੇਸ਼ਾਨ ਹਨ। ਕਮਿਸ਼ਨ ਨੂੰ 234 ਦੀ ਰਿਟਰਨਿੰਗ ਤੇ ਸਹਾਇਕ ਰਿਟਰਨਿੰਗ ਨਿਯੁਕਤ ਕਰਨ ਲਈ ਅਫਸਰਾਂ ਦੀ ਜ਼ਰੂਰਤ ਹੈ।

ਸੂਤਰਾਂ ਅਨੁਸਾਰ ਸੂਬੇ 'ਚ ਪੀ.ਸੀ.ਐਸ. ਅਫਸਰਾਂ ਦੀ ਵੱਡੀ ਘਾਟ ਹੈ। ਚੋਣ ਦਫ਼ਤਰ ਨਾਲ ਜੁੜੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਚੋਣ ਕਮਿਸ਼ਨ ਦੇ ਨਵੀਂ ਦਿੱਲੀ ਦਫ਼ਤਰ ਵੱਲੋਂ ਚੋਣ ਤਿਆਰੀਆਂ ਦੀ ਰਿਪੋਰਟ ਮੰਗੀ ਜਾ ਰਹੀ ਹੈ ਪਰ ਸੂਬਾ ਸਰਕਾਰ ਵੱਲੋਂ ਸਹਿਯੋਗ ਨਹੀਂ ਦਿੱਤਾ ਜਾ ਰਿਹਾ। ਪੰਜਾਬ ਦੇ ਗ੍ਰਹਿ ਸਕੱਤਰ ਵੱਲੋਂ ਚੋਣ ਕਮਿਸ਼ਨ ਨੂੰ ਚੋਣਾਂ ਦੌਰਾਨ ਅਮਨ-ਕਾਨੂੰਨ ਬਣਾਈ ਰੱਖਣ ਲਈ ਨੀਮ ਸੁਰੱਖਿਆ ਦਲਾਂ ਦੀਆਂ 400 ਕੰਪਨੀਆਂ ਦੀ ਮੰਗ ਕੀਤੀ ਗਈ ਹੈ। ਇਸੇ ਦੌਰਾਨ ਅਧਿਕਾਰੀਆਂ ਨੇ ਇਹ ਵੀ ਦੱਸਿਆ ਕਿ ਕਮਿਸ਼ਨ ਨੂੰ ਅਜੇ ਤੱਕ ਸੂਬਾ ਸਰਕਾਰ ਨੇ ਬਜਟ ਵੀ ਨਹੀਂ ਦਿੱਤਾ। ਇਸ ਲਈ ਵੀ ਪੱਤਰ ਲਿਖੇ ਜਾ ਰਹੇ ਹਨ।

## ਸਜ਼ਾ ਪੂਰੀ ਹੋਣ 'ਤੇ ਵੀ ਭਾਰਤੀ ਔਰਤਾਂ ਲਾਹੌਰ ਜੇਲ੍ਹ 'ਚ ਬੰਦ

**ਲਾਹੌਰ:** ਪਾਕਿਸਤਾਨ ਦੀ ਇਕ ਅਦਾਲਤ ਨੇ ਦੋ ਭਾਰਤੀ ਔਰਤਾਂ ਦੀ ਸਜ਼ਾ ਪੂਰੀ ਹੋਣ ਮਗਰੋਂ ਵੀ ਜੇਲ੍ਹ 'ਚ ਹੋਣ ਦਾ ਆਪਣੇ-ਆਪ ਨੋਟਿਸ ਲਿਆ ਹੈ। ਅਦਾਲਤ ਨੇ ਸਬੰਧਤ ਵਿਭਾਗ ਤੋਂ ਇਸ ਦੀ ਜਾਣਕਾਰੀ ਮੰਗੀ ਹੈ। ਔਰਤਾਂ ਨੇ ਮਦਦ ਲਈ ਜੱਜ ਨੂੰ ਪੱਤਰ ਲਿਖਿਆ ਸੀ। ਲਾਹੌਰ ਹਾਈ ਕੋਰਟ ਦੇ ਚੀਫ ਜਸਟਿਸ ਇਜਾਜ਼ ਅਹਿਮਦ ਚੌਧਰੀ ਨੇ ਉਸ ਵੇਲੇ ਇਸ ਦਿਸ਼ਾ 'ਚ ਯਤਨ ਆਰੰਭੇ ਜਦੋਂ ਕੋਟ ਲਖਪਤ ਜੇਲ੍ਹ 'ਚ ਬੰਦ ਪ੍ਰਵੀਨ ਜਹਾਨ ਤੇ ਗੁਲ ਅਫਰੋਜ਼ ਨੇ ਉਨ੍ਹਾਂ ਨੂੰ ਪੱਤਰ ਲਿਖ ਕੇ ਦੱਸਿਆ ਕਿ ਉਹ ਇਕ ਮਾਮਲੇ 'ਚੋਂ ਤਾਂ ਬਰੀ ਹੋ ਚੁੱਕੀਆਂ ਹਨ ਪਰ ਉਨ੍ਹਾਂ ਨੂੰ ਹੁਣ ਤੱਕ ਰਿਹਾਅ ਨਹੀਂ ਕੀਤਾ ਗਿਆ।

ਉਨ੍ਹਾਂ ਨੇ ਕਿਹਾ ਸੀ ਕਿ ਭਾਰਤੀ ਨਾਗਰਿਕ ਹੋਣ ਕਾਰਨ ਉਨ੍ਹਾਂ ਨੂੰ ਰਿਹਾਅ ਨਹੀਂ ਕੀਤਾ ਜਾ ਰਿਹਾ ਕਿਉਂਕਿ ਉਨ੍ਹਾਂ ਦੇ ਪਾਸਪੋਰਟ ਤੇ ਹੋਰ ਦਸਤਾਵੇਜ਼ ਕਲੀਅਰੈਂਸ ਲਈ ਸੂਬਾਈ ਗ੍ਰਹਿ ਸਕੱਤਰ ਕੋਲ ਹਨ। ਉਨ੍ਹਾਂ ਨੇ ਰਿਹਾਈ 'ਤੇ ਭਾਰਤ ਜਾਣ ਲਈ ਜੱਜ ਤੋਂ ਮਦਦ ਮੰਗੀ ਹੈ। ਚੀਫ ਜਸਟਿਸ ਨੇ ਕੱਲ੍ਹ ਇਸ ਪੱਤਰ ਦਾ ਆਪਣੇ ਆਪ ਨੋਟਿਸ ਲੈਂਦਿਆਂ, ਇਸ ਨੂੰ ਰਿੱਟ ਪਟੀਸ਼ਨ ਵਜੋਂ ਮਨਜ਼ੂਰ ਕਰ ਲਿਆ।

# ਨਵੀਂ ਹਲਕਾਬੰਦੀ ਕਾਰਨ ਸਿਆਸੀ ਹਲਚਲ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਸਿਆਸੀ ਪਾਰਟੀਆਂ ਨੂੰ ਹਲਕਿਆਂ ਦੀ ਨਵੀਂ ਬਣਤਰ ਕਾਰਨ ਰਾਜਸੀ ਦੁਸ਼ਵਾਰੀਆਂ 'ਚੋਂ ਲੰਘਣਾ ਪੈ ਰਿਹਾ ਹੈ। ਇਹ ਸੰਕਟ ਵਿਧਾਨ ਸਭਾ ਕਈ ਹਲਕਿਆਂ ਦੇ ਟੁੱਟਣ, ਕਈਆਂ ਦੇ ਰਾਖਵੇਂਕਰਨ ਅਧੀਨ ਆਉਣ, ਰਾਖਵਾਂਕਰਨ ਖ਼ਤਮ ਹੋਣ ਤੇ ਰਾਖਵੀਆਂ ਸੀਟਾਂ ਵਧਣ ਕਾਰਨ ਖੜ੍ਹਾ ਹੋਇਆ ਹੈ। ਹਲਕਿਆਂ ਦੀ ਨਵੀਂ ਹੱਦਬੰਦੀ ਤੋਂ ਬਾਅਦ ਪਹਿਲੀ ਵਾਰੀ ਚੋਣਾਂ ਹੋਣ ਜਾ ਰਹੀਆਂ ਹਨ।

ਸਾਲ 2007 ਵਿਚ ਹੋਈਆਂ ਚੋਣਾਂ ਦੌਰਾਨ ਪੰਜਾਬ ਵਿਚ ਰਾਖਵੇਂ ਵਿਧਾਨ ਸਭਾ ਹਲਕਿਆਂ ਦੀ ਗਿਣਤੀ 29 ਸੀ। ਇਸ ਵਾਰੀ ਇਹ ਗਿਣਤੀ ਵਧ ਕੇ 34 ਹੋ ਗਈ ਹੈ। ਇਸ ਤਰ੍ਹਾਂ ਨਾਲ ਸਿਆਸੀ ਪਾਰਟੀਆਂ ਨੂੰ ਦਲਿਤ ਵਰਗ ਨਾਲ ਸਬੰਧਤ ਪੰਜ ਹੋਰਾਂ ਉਮੀਦਵਾਰਾਂ ਦੀ ਤਲਾਸ਼ ਕਰਨੀ ਪਵੇਗੀ। ਸੂਤਰਾਂ ਦਾ ਦੱਸਣਾ ਹੈ ਕਿ ਰਾਜ ਦੀਆਂ ਦੋਵੇਂ ਪ੍ਰਮੁੱਖ ਪਾਰਟੀਆਂ ਸ਼੍ਰੋਮਣੀ ਅਕਾਲੀ ਦਲ ਤੇ ਕਾਂਗਰਸ ਨੂੰ ਇਸ ਸਮੇਂ ਰਾਖਵੇਂ ਹਲਕਿਆਂ ਲਈ ਉਮੀਦਵਾਰ ਲੱਭਣ ਵਿਚ ਦਿੱਕਤ ਆ ਰਹੀ ਹੈ। ਇਨ੍ਹਾਂ ਪਾਰਟੀਆਂ ਵੱਲੋਂ ਰਾਖਵੇਂ ਹਲਕਿਆਂ ਤੋਂ ਕਈ ਅਫਸਰਾਂ ਨੂੰ ਵਿਧਾਨ ਸਭਾ ਚੋਣ ਲੜਾਉਣ ਲਈ ਤਿਆਰ ਕਰਨਾ ਇਸੇ ਲੜੀ ਦਾ ਹਿੱਸਾ ਹੈ। ਮਾਝੇ ਤੇ ਦੁਆਬੇ ਦੇ ਜ਼ਿਲ੍ਹਿਆਂ ਵਿਚ ਕਈ ਵਿਧਾਨ ਸਭਾ ਹਲਕੇ ਖ਼ਤਮ ਹੋਣ ਨਾਲ ਦੋਵਾਂ ਪਾਰਟੀਆਂ ਦੇ ਕਈ ਰਾਜਸੀ ਆਗੂਆਂ ਦੇ ਭਵਿੱਖ 'ਤੇ ਪ੍ਰਸ਼ਨ ਚਿੰਨ ਵੀ ਲੱਗ ਗਿਆ ਹੈ। ਗੁਰਦਾਸਪੁਰ ਜ਼ਿਲ੍ਹੇ ਵਿਚ ਹਲਕਿਆਂ ਦੀ ਗਿਣਤੀ 11 ਤੋਂ ਘਟ ਕੇ 10 ਰਹਿ ਗਈ ਤੇ ਇਕ ਰਾਖਵਾਂ ਹਲਕਾ ਵਧ ਗਿਆ। ਅੰਮ੍ਰਿਤਸਰ ਤੇ ਤਰਨਤਾਰਨ ਵਿਚ ਹਲਕਿਆਂ ਦੀ ਗਿਣਤੀ 16 ਤੋਂ ਘਟ ਕੇ 15 ਰਹਿ ਗਈ। ਅੰਮ੍ਰਿਤਸਰ ਸ਼ਹਿਰ ਵਿਚ ਪਹਿਲਾਂ ਚਾਰੇ ਹਲਕੇ ਜਨਰਲ ਸਨ ਤੇ ਹੁਣ ਇਕ ਰਾਖਵਾਂ ਹੋ ਗਿਆ ਹੈ। ਕਪੂਰਥਲਾ ਤੇ ਨਵਾਂ ਸ਼ਹਿਰ ਜ਼ਿਲ੍ਹਿਆਂ ਵਿਚ ਹਲਕਿਆਂ ਦੀ ਸਥਿਤੀ ਤਾਂ ਪਹਿਲਾਂ ਵਾਲੀ ਹੀ ਰਹਿ ਗਈ ਹੈ। ਜਲੰਧਰ ਜ਼ਿਲ੍ਹੇ ਵਿਚ ਆਦਮਪੁਰ ਰਾਖਵੇਂਕਰਨ ਅਧੀਨ ਆ ਗਿਆ ਹੈ ਤੇ ਨੂਰਮਹਿਲ ਖ਼ਤਮ ਹੀ ਹੋ ਗਿਆ ਹੈ। ਹੁਸ਼ਿਆਰਪੁਰ ਜ਼ਿਲ੍ਹੇ ਵਿਚ ਵੀ ਹਲਕਿਆਂ ਦੀ ਗਿਣਤੀ ਇਕ ਵਧ ਗਈ ਹੈ। ਮਾਝੇ ਤੇ ਦੁਆਬੇ ਦੇ ਜ਼ਿਲ੍ਹਿਆਂ ਦੀ ਜੋ ਤਾਜ਼ਾ ਹਾਲਤ ਹੈ, ਉਸ ਮੁਤਾਬਕ ਚਾਰ ਹਲਕੇ ਘਟ ਗਏ ਹਨ ਤੇ ਆਉਂਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਚਾਰ ਰਾਜਸੀ ਆਗੂਆਂ ਨੂੰ ਸਬਰ ਦਾ ਘੁੱਟ ਭਰਨਾ ਪੈ ਸਕਦਾ ਹੈ। ਰਾਖਵੇਂ ਹਲਕਿਆਂ ਦੀ ਗਿਣਤੀ ਵਧਣ ਨਾਲ ਜਨਰਲ ਜਾਤੀ ਦੇ ਆਗੂਆਂ ਲਈ ਵੀ ਭਵਿੱਖ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ। ਇਨ੍ਹਾਂ ਜ਼ਿਲ੍ਹਿਆਂ ਵਿਚ ਰਾਜਨੀਤਕ ਪਾਰਟੀਆਂ ਅੰਦਰ ਸਫਬੰਦੀ ਵੀ ਵਧ ਗਈ ਹੈ। ਰੂਪਨਗਰ ਜ਼ਿਲ੍ਹੇ ਵਿਚ ਹਲਕਿਆਂ ਦੀ ਟੁੱਟ-ਭੱਜ ਤਾਂ ਹੋਈ ਹੈ। ਇਸ ਇਲਾਕੇ ਵਿਚ ਮੁਹਾਲੀ ਨਵਾਂ ਹਲਕਾ ਬਣ ਗਿਆ।




**ਜਨਰਲ ਤੋਂ ਰਾਖਵੇਂਕਰਨ ਬਣੇ ਹਲਕੇ**

ਸ੍ਰੀ ਹਰਗੋਬਿੰਦਪੁਰ, ਨਰੋਟ ਮਹਿਰਾ, ਜਗਰਾਉਂ, ਰਾਏਕੋਟ, ਦਿੜ੍ਹਬਾ, ਨਾਭਾ, ਫਿਰੋਜ਼ਪੁਰ ਦਿਹਾਤੀ, ਆਦਮਪੁਰ, ਪਾਇਲ, ਬੁਢਲਾਡਾ

**ਰਾਖਵੇਂ ਤੋਂ ਜਨਰਲ ਬਣੇ ਹਲਕੇ**

ਖਡੂਰ ਸਾਹਿਬ, ਦਾਖਾ, ਖੰਨਾ, ਅਮਲੋਹ, ਧਰਮਕੋਟ

**ਨਵੇਂ ਬਣੇ ਹਲਕੇ**

ਪੂਰਬ ਅੰਮ੍ਰਿਤਸਰ, ਮੋਹਾਲੀ, ਬਸੀ ਪਠਾਣਾ, ਰੋਪੜ, ਭੋਆ, ਮਹਿਲਕਲਾਂ, ਅਮਰਗੜ੍ਹ, ਸਾਹਨੇਵਾਲ, ਗਿੱਲ ਕਲਾਂ, ਰੋਪੜ, ਪਟਿਆਲਾ ਦਿਹਾਤੀ, ਮੌੜ ਮੰਡੀ, ਬਠਿੰਡਾ ਦਿਹਾਤੀ, ਭੁੱਚੋ ਮੰਡੀ, ਉੜਮੁੜ, ਡੇਰਾ ਬਾਬਾ ਨਾਨਕ, ਬਾਬਾ ਬਕਾਲਾ, ਖੇਮਕਰਨ, ਸ਼ਾਹਕੋਟ, ਜੈਤੋ, ਲੁਧਿਆਣਾ ਸ਼ਹਿਰ ਵਿੱਚ ਵੀ ਦੋ ਹਲਕੇ ਨਵੇਂ ਬਣੇ ਹਨ।

ਪੰਜਾਬ ਵਿਚ ਆਬਾਦੀ ਦੇ ਪੱਖ ਤੋਂ ਵੱਡੇ ਜ਼ਿਲ੍ਹੇ ਲੁਧਿਆਣਾ ਵਿਚ ਵਿਧਾਨ ਸਭਾ ਹਲਕਿਆਂ ਦੀ ਗਿਣਤੀ 12 ਤੋਂ ਵਧ ਕੇ 14 ਹੋ ਗਈ ਹੈ। ਫਿਰੋਜ਼ਪੁਰ ਵਿਚ ਹਲਕਿਆਂ ਦੀ ਹੱਦਬੰਦੀ ਤਾਂ ਉਹੀ ਰਹਿ ਗਈ ਪਰ ਫਿਰੋਜ਼ਪੁਰ ਦਿਹਾਤੀ ਹਲਕੇ ਦੇ ਰਾਖਵਾਂ ਹੋਣ ਕਾਰਨ ਸ਼੍ਰੋਮਣੀ ਅਕਾਲੀ ਦਲ ਤੇ ਕਾਂਗਰਸ ਲਈ ਵੱਡੀ ਚੁਣੌਤੀ ਹੈ। ਮਾਲਵੇ ਵਿਚ ਮੋਗਾ, ਮੁਕਤਸਰ ਤੇ ਫਰੀਦਕੋਟ ਦੀ ਹਾਲਤ ਪਹਿਲਾਂ ਵਰਗੀ ਹੀ ਹੈ। ਫਰੀਦਕੋਟ ਵਿਚ ਪੰਜਗਰਾਈਂ ਹਲਕਾ ਖ਼ਤਮ ਕਰਕੇ ਜੈਤੋ ਨਵਾਂ ਹਲਕਾ ਹੋਂਦ ਵਿਚ ਆ ਗਿਆ ਹੈ। ਪਟਿਆਲਾ ਜ਼ਿਲ੍ਹੇ ਵਿਚ ਵੀ ਰਾਖਵੇਂ ਹਲਕਿਆਂ ਦੀ ਹਾਲਤ ਬਦਲ ਗਈ ਹੈ ਤੇ ਇਕ ਵਿਧਾਨ ਸਭਾ ਹਲਕਾ ਵਧ ਵੀ ਗਿਆ ਹੈ। ਸੰਗਰੂਰ ਵਿਚ ਦਿੜ੍ਹਬਾ ਹਲਕਾ ਰਾਖਵੇਂਕਰਨ ਅਧੀਨ ਆ ਗਿਆ ਹੈ ਤਾਂ ਦੋ ਹਲਕੇ ਟੁੱਟ ਕੇ ਉਨ੍ਹਾਂ ਦੀ ਥਾਂ ਨਵੇਂ ਬਣਨ ਨਾਲ ਵੀ ਕਈ ਸਿਆਸੀ ਪੁਆੜੇ ਸਾਹਮਣੇ ਆ ਰਹੇ ਹਨ।ਰਾਜ ਵਿਚ ਹਲਕਿਆਂ ਦੀ ਨਵੀਂ ਹੱਦਬੰਦੀ ਤੋਂ ਬਾਅਦ ਬਹੁ ਗਿਣਤੀ ਇਲਾਕਿਆਂ ਵਿਚ ਇਕ ਅਨਾਰ ਸੌ ਬਿਮਾਰ ਵਾਲੀ ਹਾਲਤ ਬਣੀ ਹੋਈ ਹੈ।

ਵਿਧਾਨ ਸਭਾ ਹਲਕਿਆਂ ਦੀ ਹੱਦਬੰਦੀ ਨੇ ਜੇਕਰ ਮਾਝੇ ਤੇ ਦੋਆਬੇ ਦੇ ਲੀਡਰਾਂ ਪੱਲੇ ਨਿਰਾਸ਼ਾ ਪਾਈ ਹੈ ਤਾਂ ਮਾਲਵੇ ਵਾਲੇ ਖ਼ੁਸ਼ ਵੀ ਹਨ ਕਿਉਂਕਿ ਚਾਰ ਸੀਟਾਂ ਦਾ ਘਾਟਾ ਮਾਲਵੇ ਵਿਚ ਹੀ ਪੂਰਾ ਹੋਇਆ ਹੈ। ਲੁਧਿਆਣਾ ਸ਼ਹਿਰ ਦੀ ਆਬਾਦੀ ਜ਼ਿਆਦਾ ਹੈ, ਇਸ ਲਈ ਸ਼ਹਿਰ ਵਿਚ ਹਲਕਿਆਂ ਦੀ ਗਿਣਤੀ ਵਧ ਗਈ। ਬਠਿੰਡਾ, ਫਰੀਦਕੋਟ ਬਰਨਾਲਾ ਤੇ ਸੰਗਰੂਰ ਜ਼ਿਲ੍ਹਿਆਂ ਵਿਚ ਪੰਜ ਹਲਕੇ ਖ਼ਤਮ ਕਰਕੇ ਉਨ੍ਹਾਂ ਦੀ ਥਾਂ ਨਵੇਂ ਹਲਕੇ ਬਣਾ ਦਿੱਤੇ ਹਨ। ਹਲਕਿਆਂ ਦੀ ਟੁੱਟ-ਭੱਜ ਦਾ ਅਸਰ ਆਉਣ ਵਾਲੀਆਂ ਚੋਣਾਂ 'ਤੇ ਵੀ ਪੈ ਸਕਦਾ ਹੈ ਕਿਉਂਕਿ ਪ੍ਰਭਾਵਸ਼ਾਲੀ ਵਿਅਕਤੀਆਂ ਦੀਆਂ ਟਿਕਟਾਂ ਕੱਟਣ ਕਾਰਨ ਪਾਰਟੀਆਂ ਨੂੰ ਬਾਗੀਆਂ ਦੀ ਚੁਣੌਤੀ ਦਾ ਸਾਹਮਣਾ ਵੀ ਕਰਨਾ ਪੈ ਸਕਦਾ ਹੈ।

# ਕਸ਼ਮੀਰ 'ਚ ਹੀ ਬਿਗਾਨੇ ਹੋਏ ਕਸ਼ਮੀਰੀ ਸਿੱਖ

## ਕਿਸੇ ਨੇ ਸਾਡੀ ਗੱਲ ਨਾ ਸੁਣੀ

***ਦੇਸ਼ ਦੀ ਆਜ਼ਾਦੀ ਤੋਂ ਲੈ ਕੇ ਹੁਣ ਤੱਕ ਕਸ਼ਮੀਰੀ ਸਿੱਖਾਂ ਦੇ ਮਸਲੇ ਅਣਗੌਲੇ ਹੀ ਰਹੇ ਹਨ। ਸਰਕਾਰਾਂ ਨੇ ਤਾਂ ਉਨ੍ਹਾਂ ਨਾਲ ਧੱਕੀ ਕੀਤੀ ਹੀ, ਇਨ੍ਹਾਂ ਸਿੱਖਾਂ ਨੂੰ ਪੰਥਕ ਆਗੂਆਂ ਨਾਲ ਵੀ ਰੋਸਾ ਹੈ ਜੋ ਉਨ੍ਹਾਂ ਦੇ ਸਿਰ ਉਤੇ ਸਿਆਸਤ ਤਾਂ ਬਥੇਰੀ ਚਮਕਾ ਰਹੇ ਹਨ ਪਰ ਉਨ੍ਹਾਂ ਨੂੰ ਦਰਪੇਸ਼ ਔਕੜਾਂ ਦੇ ਹੱਲ ਲਈ ਕਦੀ ਕੋਈ ਪਹਿਲਕਦਮੀ ਨਹੀਂ ਕੀਤੀ। ਹੋਰ ਤਾਂ ਹੋਰ, ਉਨ੍ਹਾਂ ਨੂੰ ਸਭ ਤੋਂ ਵੱਧ ਖਾਮਿਆਜ਼ਾ ਸਿੱਖ ਹੋਣ ਕਰਕੇ ਹੀ ਭੁਗਤਣਾ ਪਿਆ ਹੈ। ਕਸ਼ਮੀਰ ਦੇ ਸਿੱਖ ਨੌਜਵਾਨਾਂ ਨੂੰ ਸ਼੍ਰੋਮਣੀ ਕਮੇਟੀ ਵੀ ਆਪਣੇ ਅਦਾਰਿਆਂ ਵਿਚ ਦਾਖਲਾ ਨਹੀਂ ਦਿੰਦੀ। ਇਹ ਕਹਿ ਕੇ ਪੱਲਾ ਝਾੜ ਦਿੱਤਾ ਜਾਂਦਾ ਹੈ ਕਿ ਉਨ੍ਹਾਂ ਦੀ ਮੁੱਢਲੀ ਭਾਸ਼ਾ ਪੰਜਾਬੀ ਨਹੀਂ ਹੈ। ਮਾਰਚ 2000 ਵਿਚ ਅਮਰੀਕਾ ਦੇ ਤਤਕਾਲੀ ਰਾਸ਼ਟਰਪਤੀ ਬਿਲ ਕਲਿੰਟਨ ਦੇ ਭਾਰਤ ਦੌਰੇ ਵੇਲੇ ਤਾਂ ਪਿੰਡ ਛੱਟੀ ਸਿੰਘਪੁਰਾ ਦੇ 36 ਬੇਕਸੂਰ ਸਿੱਖਾਂ ਨੂੰ ਮਾਰ ਦਿੱਤਾ ਗਿਆ ਸੀ। 1984 ਵਿਚ ਸਿੱਖ ਵਿਰੋਧੀ ਦੰਗਿਆਂ ਦੌਰਾਨ ਰਿਆਸੀ ਦੇ ਸਿੱਖਾਂ ਨੂੰ ਕਤਲ ਕੀਤਾ ਗਿਆ ਪਰ ਕਿਸੇ ਨੇ ਵੀ ਇਸ ਔਖੇ ਵੇਲੇ ਉਨ੍ਹਾਂ ਦੀ ਬਾਂਹ ਨਹੀਂ ਫੜੀ।***



# ਸਰਕਾਰਾਂ ਤੇ ਪੰਥਕ ਆਗੂਆਂ ਨੇ ਕਦੇ ਸਾਰ ਨਾ ਲਈ

**ਚੰਡੀਗੜ੍ਹ:** ਕਸ਼ਮੀਰ ਵਾਦੀ 'ਚ ਰਹਿ ਰਹੇ ਹਜ਼ਾਰਾਂ ਸਿੱਖ ਬੇਗਾਨੇਪਨ ਦੀ ਭਾਵਨਾ ਮਹਿਸੂਸ ਕਰ ਰਹੇ ਹਨ ਕਿਉਂਕਿ ਉਨ੍ਹਾਂ ਦੀ ਅੱਜ ਤੱਕ ਕੇਂਦਰ ਸਰਕਾਰ, ਰਾਜ ਸਰਕਾਰ ਜਾਂ ਸਿੱਖ ਲੀਡਰਸ਼ਿਪ ਨੇ ਕਦੇ ਵੀ ਸਾਰ ਨਹੀਂ ਲਈ। ਸਰਕਾਰਾਂ ਦੀ ਬੇਰੁਖ਼ੀ ਕਾਰਨ ਵਾਦੀ ਦੇ ਸਿੱਖ ਆਪਣੇ ਆਪ ਨੂੰ ਅਣਗੌਲਿਆ ਸਮਝ ਰਹੇ ਹਨ ਤੇ ਉਨ੍ਹਾਂ 'ਚ ਇਸ ਗੱਲ ਦਾ ਬੇਹੱਦ ਰੋਸ ਹੈ।

ਉਨ੍ਹਾਂ ਨੂੰ ਗਿਲਾ ਹੈ ਕਿ ਉਹ ਪਿਛਲੇ ਲੰਮੇ ਸਮੇਂ ਤੋਂ ਕਸ਼ਮੀਰ ਵਾਦੀ 'ਚ ਤਰਾਸਦੀ ਆਪਣੇ ਪਿੰਡੇ 'ਤੇ ਹੰਢਾ ਰਹੇ ਹਨ ਪਰ ਅੱਜ ਤੱਕ ਕਿਸੇ ਵੀ ਧਿਰ ਨੇ ਉਨ੍ਹਾਂ ਦੀ ਬਾਂਹ ਨਹੀਂ ਫੜੀ। ਕੇਂਦਰ ਸਰਕਾਰ ਨੇ ਉਨ੍ਹਾਂ ਦੀ ਕਦੀ ਗੱਲ ਨਹੀਂ ਸੁਣੀ ਹੈ ਤੇ ਕਸ਼ਮੀਰ ਸਰਕਾਰ ਨੇ ਵੀ ਉਨ੍ਹਾਂ ਦਾ ਕੁਝ ਨਹੀਂ ਸਵਾਰਿਆ। ਹੋਰ ਤਾਂ ਹੋਰ ਉਨ੍ਹਾਂ ਜਦੋਂ ਵੀ ਸਿੱਖ ਲੀਡਰਸ਼ਿਪ ਅੱਗੇ ਆਪਣਾ ਦੁਖੜਾ ਰੋਇਆ ਹੈ ਤਾਂ ਉਨ੍ਹਾਂ ਨੂੰ ਸਿਰਫ ਝੂਠੇ ਦਿਲਾਸੇ ਤੇ ਫੋਕੀਆਂ ਤਸੱਲੀਆਂ ਹੀ ਨਸੀਬ ਹੋਈਆਂ ਹਨ।

ਕਸ਼ਮੀਰ ਦੇ ਵਿਗੜੇ ਹਾਲਾਤ ਦੌਰਾਨ ਉਨ੍ਹਾਂ ਦੇ ਕਾਰੋਬਾਰ ਪੂਰੀ ਤਰ੍ਹਾਂ ਤਬਾਹ ਹੋ ਗਏ ਹਨ। ਉਨ੍ਹਾਂ ਦੀਆਂ ਨੌਕਰੀਆਂ ਛੁੱਟ ਗਈਆਂ ਹਨ। ਉਨ੍ਹਾਂ ਦੇ ਬੱਚਿਆਂ ਨੂੰ ਸਰਕਾਰੀ ਨੌਕਰੀਆਂ ਨਹੀਂ ਮਿਲ ਰਹੀਆਂ ਹਨ ਤੇ ਗੈਰ ਸਰਕਾਰੀ ਅਦਾਰਿਆਂ ਵਿਚ ਵੀ ਉਨ੍ਹਾਂ ਨੂੰ ਸ਼ੱਕ ਦੀ ਨਿਗ੍ਹਾ ਨਾਲ ਦੇਖਿਆ ਜਾਂਦਾ ਹੈ। ਆਲ ਇੰਡੀਆ ਹੁਰੀਅਤ ਕਾਨਫਰੰਸ ਦੇ ਜ਼ੋਨਲ ਸਕੱਤਰ ਤੇ ਜੰਮੂ-ਕਸ਼ਮੀਰ ਦੇ ਸਿੱਖ ਆਗੂ ਭਾਈ ਨਰਿੰਦਰ ਪਾਲ ਸਿੰਘ ਖਾਲਸਾ ਦਾ ਕਹਿਣਾ ਹੈ ਕਿ ਕਸ਼ਮੀਰ ਵਾਦੀ 'ਚ ਸਿੱਖ ਕੋਈ ਵਧੀਆ ਜ਼ਿੰਦਗੀ ਨਹੀਂ ਜੀਅ ਰਹੇ। ਸਿਰਫ ਉਹ ਵਕਤ ਨੂੰ ਧੱਕਾ ਹੀ ਦੇ ਰਹੇ ਹਨ ਕਿਉਂਕਿ ਬਹੁਗਿਣਤੀ ਵੱਲੋਂ ਉਨ੍ਹਾਂ ਨਾਲ ਦੂਜੇ ਦਰਜੇ ਦੇ ਸ਼ਹਿਰੀਆਂ ਵਾਲਾ ਸਲੂਕ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਬੇਸ਼ੱਕ ਕੁਝ ਕੱਟੜਪੰਥੀ ਤਾਕਤਾਂ ਸਿੱਖਾਂ ਪ੍ਰਤੀ ਹਮਦਰਦੀ ਰੱਖਦੀਆਂ ਹਨ ਪਰ ਇਸ ਦੇ ਬਾਵਜੂਦ ਇਥੇ ਵੱਸਦੇ ਸਿੱਖ ਅਸੁਰੱਖਿਅਤ ਹਨ ਕਿਉਂਕਿ ਕੱਟੜਪੰਥੀ ਕਿਸੇ ਵੀ ਵੇਲੇ ਉਨ੍ਹਾਂ ਖਿਲਾਫ ਹੋ ਸਕਦੇ ਹਨ।

ਉੱਘੇ ਲੇਖਕ ਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸਾਬਕਾ ਪ੍ਰੋ. ਡਾ. ਹਿੰਮਤ ਸਿੰਘ ਦਾ ਕਹਿਣਾ ਹੈ ਕਿ ਕਸ਼ਮੀਰ ਵਿਚ ਰਹਿ ਰਹੇ ਸਿੱਖਾਂ ਨੂੰ ਕੋਈ ਸਰਕਾਰੀ ਜਾਂ ਗੈਰ-ਸਰਕਾਰੀ ਸਰਪ੍ਰਸਤੀ ਨਹੀਂ ਮਿਲ ਰਹੀ ਹੈ ਜਿਸ ਕਾਰਨ ਉਹ ਗੁਰਬਤ ਦੀ ਜ਼ਿੰਦਗੀ ਜੀਅ ਰਹੇ ਹਨ। ਉਨ੍ਹਾਂ ਕਿਹਾ ਸਿੱਖਿਆ ਪੱਖੋਂ ਸਿੱਖ ਨੌਜਵਾਨਾਂ ਨੂੰ ਪੂਰਾ ਇਨਸਾਫ ਨਹੀਂ ਮਿਲ ਰਿਹਾ ਤੇ ਨਾ ਹੀ ਗਿਣਤੀ ਦੇ ਹਿਸਾਬ ਨਾਲ ਉਨ੍ਹਾਂ ਨੂੰ ਮੁਕਾਬਲੇ ਦੀ ਪ੍ਰੀਖਿਆ ਵਿਚ ਹਿੱਸਾ ਮਿਲ ਰਿਹਾ ਹੈ। ਉਨ੍ਹਾਂ ਕਿਹਾ ਕਿ ਕਸ਼ਮੀਰ ਦੇ ਸਿੱਖ ਨੌਜਵਾਨਾਂ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਵੀ ਵਿਦਿਅਕ ਅਦਾਰਿਆਂ ਵਿਚ ਦਾਖਲਾ ਨਹੀਂ ਮਿਲਦਾ ਕਿਉਂਕਿ ਉਨ੍ਹਾਂ ਦੀ ਮੁੱਢਲੀ ਸਿੱਖਿਆ ਵਿਚ ਪੰਜਾਬੀ ਭਾਸ਼ਾ ਨਹੀਂ ਹੈ। ਉਨ੍ਹਾਂ ਦੱਸਿਆ ਕਿ ਕਸ਼ਮੀਰ ਦੀਆਂ ਕੱਟੜਪੰਥੀ ਤਾਕਤਾਂ ਸਿੱਖਾਂ ਨੂੰ ਸਿਰਫ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪੈਰੋਕਾਰ ਹੋਣ ਕਰਕੇ ਹੀ ਇੱਜ਼ਤ ਮਾਣ ਦਿੰਦੀਆਂ ਹਨ।

ਏਅਰਟੈਲ ਕੰਪਨੀ ਵਿਚ ਨੌਕਰੀ ਕਰਦੇ ਬਾਰਾਮੂਲਾ ਨਿਵਾਸੀ ਨੌਜਵਾਨ ਪਰਮੀਤ ਸਿੰਘ ਦਾ ਕਹਿਣਾ ਹੈ ਕਿ ਅਸੀਂ ਆਪਣੇ ਭਵਿੱਖ ਪ੍ਰਤੀ ਫ਼ਿਕਰਮੰਦ ਹਾਂ ਕਿਉਂਕਿ ਸਾਡੀ ਕਿਧਰੇ ਵੀ ਕੋਈ ਸੁਣਵਾਈ ਨਹੀਂ। ਉਸ ਦੱਸਿਆ ਕਿ ਛੱਤੀ ਸਿੰਘਪੁਰਾ ਪਿੰਡ ਵਿਚ ਸਿੱਖਾਂ ਦੇ ਹੋਏ ਕਤਲੇਆਮ ਕਾਰਨ ਅਸੀਂ ਕਾਫੀ ਡਰੇ ਹੋਏ ਹਾਂ ਕਿਉਂਕਿ ਏਜੰਸੀਆਂ ਦੇ ਬੰਦੇ ਕਿਸੇ ਵੀ ਵੇਲੇ ਸਾਨੂੰ ਆਪਣਾ ਨਿਸ਼ਾਨਾ ਬਣਾ ਕੇ ਸਿਆਸੀ ਲਾਹਾ ਲੈਣ ਦੀ ਕੋਸ਼ਿਸ਼ ਕਰ ਸਕਦੇ ਹਨ। ਉਸ ਦੱਸਿਆ ਕਿ ਸਰਕਾਰ ਵੱਲੋਂ ਇਸ ਕਤਲੇਆਮ ਦੀ ਹਾਲੇ ਤੱਕ ਉੱਚ ਪੱਧਰੀ ਜਾਂਚ ਨਾ ਕਰਵਾਉਣਾ ਵੀ ਸਰਕਾਰ ਦੀ ਸਾਡੇ ਪ੍ਰਤੀ ਨਿਯਤ ਸਪੱਸ਼ਟ ਕਰਦੀ ਹੈ।

ਪਬਲਿਕ ਹੈਲਥ ਇੰਜੀਨੀਅਰ ਵਿਭਾਗ ਵਿਚ ਨੌਕਰੀ ਕਰਦੇ ਪਰਦੀਪ ਸਿੰਘ ਨੇ ਦੱਸਿਆ ਕਿ ਬੇਸ਼ੱਕ ਕੱਟੜਪੰਥੀ ਤਾਕਤਾਂ ਸਿੱਖਾਂ ਨਾਲ ਕੋਈ ਛੇੜਛਾੜ ਨਹੀਂ ਕਰਦੀਆਂ ਪਰ ਉਨ੍ਹਾਂ ਦਾ ਵਤੀਰਾ ਕਿਸੇ ਵੀ ਸਮੇਂ ਬਦਲ ਜਾਣ ਦੀ ਸੰਭਾਵਨਾ ਨੂੰ ਵੇਖਦਿਆਂ ਉਹ ਡਰ ਤੇ ਸਹਿਮ ਵਿਚ ਹਨ। ਅਨੰਤਨਾਗ ਲਾਗਲੇ ਪਿੰਡ ਸਾਈਮੋ ਤਰਾਲ ਵਾਸੀ ਨੌਜਵਾਨ ਸੁਰਜੀਤ ਸਿੰਘ ਜੋ ਕਿ ਐਮ.ਬੀ.ਏ. ਦੀ ਪੜ੍ਹਾਈ ਕਰ ਰਿਹਾ ਹੈ, ਦਾ ਕਹਿਣਾ ਹੈ ਕਿ ਬੇਸ਼ੱਕ ਉਨ੍ਹਾਂ ਦੇ ਪਿੰਡ ਵਿਚ ਸੌ ਦੇ ਕਰੀਬ ਨੌਜਵਾਨਾਂ ਨੇ ਉੱਚ ਸਿੱਖਿਆ ਹਾਸਲ ਕੀਤੀ ਹੋਈ ਹੈ ਪਰ ਉਨ੍ਹਾਂ ਦਾ ਭਵਿੱਖ ਹਨੇਰੇ ਵਿਚ ਹੈ ਕਿਉਂਕਿ ਉਹ ਬੇਰੁਜ਼ਗਾਰ ਹਨ। ਇਥੋਂ ਦੇ ਸਿੱਖਾਂ ਦਾ ਕਹਿਣਾ ਹੈ ਕਿ ਜੇਕਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਉਨ੍ਹਾਂ ਦੀ ਬਾਂਹ ਫੜ ਕੇ ਵਾਦੀ 'ਚ ਰਹਿੰਦੇ ਸਿੱਖਾਂ ਦੇ ਮਸਲੇ ਹੱਲ ਕਰਵਾਉਣ ਲਈ ਵੱਡੇ ਪੱਧਰ 'ਤੇ ਯਤਨ ਕਰਨ ਤਾਂ ਉਨ੍ਹਾਂ ਨੂੰ ਸੁੱਖ ਦਾ ਸਾਹ ਆ ਸਕਦਾ ਹੈ ਨਹੀਂ ਤਾਂ ਮੁੜ 1947 ਦਾ ਸੰਤਾਪ ਹੰਢਾਉਣਾ ਪਵੇਗਾ। ਉਨ੍ਹਾਂ ਨੂੰ ਦੁੱਖ ਹੈ ਕਿ ਉਨ੍ਹਾਂ ਦੀ ਮਦਦ ਲਈ ਕੋਈ ਵੀ ਸਾਹਮਣੇ ਨਹੀਂ ਆ ਰਿਹਾ ਹੈ। ਬੇਸ਼ੱਕ ਮੁਸਲਿਮ ਭਾਈਚਾਰੇ ਦੀ ਉਨ੍ਹਾਂ ਨਾਲ ਕੁਝ ਹਮਦਰਦੀ ਹੈ ਪਰ ਉਨ੍ਹਾਂ ਨੂੰ ਦਰਪੇਸ਼ ਮਸਲਿਆਂ ਦੇ ਹੱਲ ਲਈ ਉਹ ਵੀ ਸੰਜੀਦਾ ਨਹੀਂ ਹਨ। ਕਸ਼ਮੀਰ ਵਾਦੀ ਦੇ ਸਿੱਖ ਆਪਣੇ ਭਵਿੱਖ ਨੂੰ ਲੈ ਕੇ ਕਾਫੀ ਚਿੰਤਤ ਹਨ ਕਿਉਂਕਿ ਰਾਜ ਸਰਕਾਰ ਉਨ੍ਹਾਂ ਨੂੰ ਘੱਟ ਗਿਣਤੀ ਹੋਣ ਦੇ ਬਾਵਜੂਦ ਘੱਟ ਗਿਣਤੀਆਂ ਵਾਲੀਆਂ ਸਹੂਲਤਾਂ ਨਹੀਂ ਦੇ ਰਹੀ।

## ਉਮਰ ਅਬਦੁੱਲਾ ਵੱਲੋਂ ਇਨਸਾਫ਼ ਦਾ ਭਰੋਸਾ

**ਬਾਰਾਮੂਲਾ:** ਜੰਮੂ-ਕਸ਼ਮੀਰ ਦੇ ਮੁੱਖ ਮੰਤਰੀ ਉਮਰ ਅਬਦੁੱਲਾ ਨੇ ਭਰੋਸਾ ਦਿੱਤਾ ਹੈ ਕਿ ਉਹ ਸਿੱਖਾਂ ਦੇ ਮਸਲਿਆਂ ਦੇ ਠੋਸ ਹੱਲ ਤੇ ਉਨ੍ਹਾਂ ਨੂੰ ਇਨਸਾਫ ਦਿਵਾਉਣ ਲਈ ਗੰਭੀਰਤਾ ਨਾਲ ਯਤਨ ਕਰਨਗੇ। ਛੇਵੀਂ ਪਾਤਸ਼ਾਹੀ ਸਾਹਿਬ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਮੌਕੇ ਗੁਰਦੁਆਰਾ ਛੇਵੀਂ ਪਾਤਸ਼ਾਹੀ ਬਾਰਾਮੂਲਾ ਵਿਖੇ ਕਰਵਾਏ ਸਮਾਗਮਾਂ 'ਚ ਜੰਮੂ-ਕਸ਼ਮੀਰ ਦੇ ਮੁੱਖ ਮੰਤਰੀ ਉਮਰ ਅਬਦੁੱਲਾ ਵੱਲੋਂ ਸ਼ਿਰਕਤ ਕੀਤੀ ਜਿੱਥੇ ਉਨ੍ਹਾਂ ਨੂੰ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਤੇ ਸਿੱਖਸ ਫਾਰ ਜਸਟਿਸ (ਕੌਮਾਂਤਰੀ ਮਨੁੱਖੀ ਅਧਿਕਾਰ ਸੰਸਥਾ) ਦੇ ਕੋਆਰਡੀਨੇਟਰ ਕਰਨੈਲ ਸਿੰਘ ਪੀਰ ਮੁਹੰਮਦ, ਸਕੱਤਰ ਜਨਰਲ ਦਵਿੰਦਰ ਸਿੰਘ ਸੋਢੀ ਤੇ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਜਨਕ ਸਿੰਘ ਸੋਢੀ ਵੱਲੋਂ ਮੰਗ ਪੱਤਰ ਸੌਂਪਿਆ ਜਿਸ ਵਿਚ ਪਿਛਲੇ ਸਮੇਂ ਦੌਰਾਨ ਵਾਦੀ 'ਚ ਸਿੱਖ ਕੌਮ ਨਾਲ ਵਾਪਰੀਆਂ ਘਟਨਾਵਾਂ ਤੇ ਸਿੱਖਾਂ ਦੇ ਹੋਏ ਨੁਕਸਾਨ ਬਾਰੇ ਜਾਣੂ ਕਰਵਾਉਂਦੇ ਹੋਏ ਇਨਸਾਫ ਦੀ ਮੰਗ ਕੀਤੀ ਹੈ।

ਗੁਰਦੁਆਰਾ ਸਿੰਘ ਸਭਾ ਤਲਵਾੜਾ ਵਿਖੇ ਅੱਜ ਤੋਂ 27 ਸਾਲ ਪਹਿਲਾਂ ਜਿੰਦਾ ਸਾੜੇ ਗਏ 16 ਸਿੱਖਾਂ ਦੇ ਮਾਮਲੇ ਦੀ ਨਾ ਤਾਂ ਅਜੇ ਕੋਈ ਜਾਂਚ ਹੋਈ ਹੈ ਤੇ ਨਾ ਹੀ ਕਿਸੇ ਦੋਸ਼ੀ ਨੂੰ ਸਜ਼ਾ ਮਿਲ ਸਕੀ ਹੈ। ਮੰਗ ਪੱਤਰ 'ਚ ਛੱਤੀਸਿੰਘਪੁਰਾ ਦੀਆਂ ਘਟਨਾਵਾਂ ਤੇ ਵਾਦੀ ਦੇ ਸਿੱਖਾਂ ਦੀਆਂ ਹੋਰ ਮੁਸ਼ਕਿਲਾਂ ਦਾ ਵੀ ਹਵਾਲਾ ਦਿੱਤਾ ਹੈ।

# ਕਸ਼ਮੀਰੀ ਸਿੱਖਾਂ 'ਤੇ ਸਾਨੂੰ ਮਾਣ ਹੈ: ਗਿਆਨੀ ਗੁਰਬਚਨ ਸਿੰਘ

**ਬਾਰਾਮੂਲਾ:** ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਤੇ ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਭਿੰਡਰਾਂਵਾਲਾ ਸਣੇ ਸਿੱਖ ਲੀਡਰਸ਼ਿਪ ਨੇ ਕਸ਼ਮੀਰ ਦੇ ਨੌਜਵਾਨਾਂ ਨੂੰ ਅਪੀਲ ਕੀਤੀ ਹੈ ਕਿ ਉਹ ਨਸ਼ਿਆਂ ਦੀ ਦਲਦਲ ਵਿਚ ਫਸੇ ਪੰਜਾਬ ਦੇ ਨੌਜਵਾਨਾਂ ਦੀ ਬਾਂਹ ਫੜਨ ਲਈ ਅੱਗੇ ਆਉਣ। ਇਥੋਂ ਦੇ ਗੁਰਦੁਆਰਾ ਛੇਵੀਂ ਪਾਤਸ਼ਾਹੀ ਵਿਖੇ ਸੰਗਤ ਨੂੰ ਬਾਬਾ ਭਿੰਡਰਾਂਵਾਲਾ ਨੇ ਕਿਹਾ ਕਿ ਇਹ ਦੇਖ ਕੇ ਰੂਹ ਖੁਸ਼ ਹੋਈ ਹੈ ਕਿ ਕਸ਼ਮੀਰ ਦੇ ਨੌਜਵਾਨ ਨਸ਼ਿਆਂ ਤੋਂ ਦੂਰ ਹਨ। ਇਸ ਲਈ ਵਾਦੀ ਦੇ ਨੌਜਵਾਨ ਪੰਜਾਬੀਆਂ ਲਈ ਆਦਰਸ਼ ਬਣਨ ਕਿਉਂਕਿ ਇਸ ਵੇਲੇ ਪੰਜਾਬ ਦੇ ਨੌਜਵਾਨਾਂ ਦੀ ਬੇੜੀ ਨਸ਼ਿਆਂ ਵੱਲੋਂ ਡੋਬੀ ਜਾ ਰਹੀ ਹੈ।



ਕਸ਼ਮੀਰ 'ਚ ਲਾਏ ਕੈਂਪ ਦਾ ਦ੍ਰਿਸ਼।

ਉਨ੍ਹਾਂ ਅਪੀਲ ਕੀਤੀ ਕਿ ਵਾਦੀ ਦੇ ਕੁਝ ਸੈਂਕੜੇ ਨੌਜਵਾਨ ਪੰਜਾਬ ਦੇ ਪਿੰਡਾਂ ਵਿਚ ਆਉਣ ਤੇ ਨਸ਼ਿਆਂ ਤੋਂ ਦੂਰ ਰਹਿਣ ਦੇ ਗੁਰ ਦੇਣ। ਦਮਦਮੀ ਟਕਸਾਲ ਦੇ ਮੁਖੀ ਨੇ ਕਿਹਾ, "ਤੁਸੀਂ ਔਖੇ ਹਾਲਾਤ ਵਿਚ ਰਹਿ ਰਹੇ ਹੋ ਤੇ ਹਰ ਵੇਲੇ ਖਤਰਾ ਤੁਹਾਡੇ ਉਤੇ ਛਾਇਆ ਰਹਿੰਦਾ ਹੈ ਪਰ ਇਸ ਦੇ ਬਾਵਜੂਦ ਤੁਸੀਂ ਅਡੋਲ ਹੋ ਤੇ ਨਸ਼ਿਆਂ ਤੋਂ ਦੂਰ ਹੋ। ਇਹੋ ਜਿਹੀ ਮਜ਼ਬੂਤ ਮਾਨਸਿਕਤਾ ਦੀ ਪੰਜਾਬ ਦੇ ਨੌਜਵਾਨਾਂ ਨੂੰ ਲੋੜ ਹੈ, ਤੁਸੀਂ ਪੰਜਾਬ ਆਓ ਤੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਬਚਾਓ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਕਸ਼ਮੀਰੀ ਨੌਜਵਾਨਾਂ ਦੀ ਵਡਿਆਈ ਕਰਦਿਆਂ ਕਿਹਾ, "ਸਾਨੂੰ ਤੁਹਾਡੇ ਸਾਬਤ ਸੂਰਤ ਸਿੱਖ ਹੋਣ 'ਤੇ ਮਾਣ ਹੈ।

ਜ਼ਿਕਰਯੋਗ ਹੈ ਕਿ ਇਹ ਸਿੱਖ ਆਗੂ ਇਥੇ ਸਿੱਖ ਸਟੂਡੈਂਟਸ ਫੈਡਰੇਸ਼ਨ (ਮਹਿਤਾ) ਵੱਲੋਂ ਲਾਏ ਤਿੰਨ ਦਿਨਾ ਗੁਰਮਤਿ ਸਿਖਲਾਈ ਕੈਂਪ 'ਚ ਪੁੱਜੇ ਹੋਏ ਸਨ। ਕੈਂਪ ਵਿਚ ਪੰਜਾਬ ਤੋਂ 400 ਦੇ ਕਰੀਬ ਨੌਜਵਾਨਾਂ ਨੇ ਹਿੱਸਾ ਲਿਆ। ਕੈਂਪ ਦੇ ਆਖਰੀ ਦਿਨ ਫੈਡਰੇਸ਼ਨ ਦੇ ਪ੍ਰਧਾਨ ਪਰਮਜੀਤ ਸਿੰਘ ਖਾਲਸਾ ਨੇ ਦੱਸਿਆ, "ਅਸੀਂ ਪੰਜਾਬ ਦੇ ਵੱਖ-ਵੱਖ ਹਿੱਸਿਆਂ ਤੋਂ ਸਿੱਖ ਨੌਜਵਾਨਾਂ ਨੂੰ ਇਥੇ ਇਸ ਲਈ ਲੈ ਕੇ ਆਏ ਹਾਂ ਤਾਂ ਜੋ ਉਹ ਦੇਖ ਸਕਣ ਕਿ ਲੱਖ ਮੁਸ਼ਕਲਾਂ ਦੇ ਬਾਵਜੂਦ ਕਸ਼ਮੀਰ ਦੇ ਸਿੱਖ ਨਸ਼ਿਆਂ ਤੋਂ ਦੂਰ ਹਨ। ਇਹ 400 ਨੌਜਵਾਨ ਹੁਣ ਪੰਜਾਬ ਦੇ ਵੱਖ-ਵੱਖ ਹਿੱਸਿਆਂ ਵਿਚ ਜਾ ਕੇ ਨਸ਼ਾ ਵਿਰੋਧੀ ਮੁਹਿੰਮ ਚਲਾਉਣਗੇ। ਹੁਣ ਅਸੀਂ ਨਸ਼ਾ ਵਿਰੋਧੀ ਸੰਦੇਸ਼ ਦੇਣ ਲਈ ਕਸ਼ਮੀਰ ਦੇ 500 ਸਿੱਖ ਨੌਜਵਾਨਾਂ ਨੂੰ ਪੰਜਾਬ ਲੈ ਕੇ ਜਾਵਾਂਗੇ।

# ਫੈਡਰੇਸ਼ਨ ਆਗੂ ਜਥੇਦਾਰ ਮੱਕੜ ਤੋਂ ਖ਼ਫਾ

**ਅੰਮ੍ਰਿਤਸਰ:** ਸਿੱਖ ਸਟੂਡੈਂਟਸ ਫੈਡਰੇਸ਼ਨ ਮਹਿਤਾ ਨੇ ਕਸ਼ਮੀਰ ਦੇ ਬਾਰਾਮੂਲਾ ਵਿਖੇ ਲਾਏ ਗੁਰਮਤਿ ਕੈਂਪ ਵਿਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਵੱਲੋਂ ਸ਼ਮੂਲੀਅਤ ਨਾ ਕਰਨ 'ਤੇ ਰੋਸ ਵਜੋਂ ਸ਼੍ਰੋਮਣੀ ਕਮੇਟੀ ਵੱਲੋਂ ਸਹਾਇਤਾ ਵਜੋਂ ਦਿੱਤੀ ਗਈ ਤਕਰੀਬਨ 3 ਲੱਖ ਰੁਪਏ ਦੀ ਰਕਮ ਵਾਪਸ ਕਰ ਦਿੱਤੀ ਹੈ। ਦੂਜੇ ਪਾਸੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਇਸ ਬਾਰੇ ਖਾਮੋਸ਼ ਹਨ।

ਉਧਰ ਇਹ ਜਾਣਕਾਰੀ ਵੀ ਮਿਲੀ ਹੈ ਕਿ ਜਥੇਦਾਰ ਅਵਤਾਰ ਸਿੰਘ ਇਸ ਸਮਾਗਮ ਵਿਚ ਸ਼ਾਮਲ ਹੋਣ ਲਈ ਸ੍ਰੀਨਗਰ ਪੁੱਜੇ ਸਨ ਪਰ ਹਵਾਈ ਅੱਡੇ ਵਿਖੇ ਉਨ੍ਹਾਂ ਨੂੰ ਲੈਣ ਲਈ ਕੋਈ ਫੈਡਰੇਸ਼ਨ ਆਗੂ ਨਹੀਂ ਪੁੱਜਾ ਤੇ ਨਾ ਹੀ ਉਨ੍ਹਾਂ ਨਾਲ ਕੋਈ ਸੰਪਰਕ ਕੀਤਾ ਗਿਆ। ਇਸ ਦੌਰਾਨ ਉਨ੍ਹਾਂ ਨੂੰ ਸ੍ਰੀਨਗਰ ਦੇ ਹੋਰ ਸਿੱਖਾਂ ਕੋਲ ਠਹਿਰਨਾ ਪਿਆ। ਫੈਡਰੇਸ਼ਨ ਦੀ ਇਸ ਕਾਰਵਾਈ ਨੂੰ ਹੱਤਕ ਮੰਨਦਿਆਂ ਉਨ੍ਹਾਂ ਸਮਾਗਮ ਵਿਚ ਸ਼ਾਮਲ ਹੋਣ ਤੋਂ ਇਨਕਾਰ ਕਰ ਦਿੱਤਾ ਸੀ।

ਸ਼੍ਰੋਮਣੀ ਕਮੇਟੀ ਵੱਲੋਂ ਫੈਡਰੇਸ਼ਨ ਮਹਿਤਾ ਨੂੰ ਕਸ਼ਮੀਰ ਸਥਿਤ ਬਾਰਾਮੂਲਾ ਵਿਖੇ ਲਾਏ ਗਏ ਗੁਰਮਤਿ ਸਿਖਲਾਈ ਕੈਂਪ ਵਾਸਤੇ 2 ਲੱਖ 73 ਹਜ਼ਾਰ ਰੁਪਏ ਦੀ ਮਾਇਕ ਸਹਾਇਤਾ ਭੇਟ ਕੀਤੀ ਸੀ। ਇਸ ਮਾਇਕ ਸਹਾਇਤਾ ਨਾਲ ਫੈਡਰੇਸ਼ਨ ਵੱਲੋਂ ਬੱਸਾਂ ਦਾ ਪ੍ਰਬੰਧ ਕੀਤਾ ਗਿਆ ਸੀ ਜਿਨ੍ਹਾਂ ਰਾਹੀਂ ਸਿੱਖ ਨੌਜਵਾਨਾਂ ਨੂੰ ਬਾਰਾਮੂਲਾ ਵਿਖੇ ਲਿਜਾਇਆ ਗਿਆ। ਇਸ ਸਮਾਗਮ ਵਿਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਸਮੇਤ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗੁਰਬਚਨ ਸਿੰਘ, ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ, ਬਾਬਾ ਕਸ਼ਮੀਰ ਸਿੰਘ ਭੂਰੀ ਵਾਲੇ ਤੇ ਹੋਰ ਪਤਵੰਤਿਆਂ ਨੂੰ ਸ਼ਮੂਲੀਅਤ ਦਾ ਸੱਦਾ ਦਿੱਤਾ ਗਿਆ ਸੀ।

ਸ਼੍ਰੋਮਣੀ ਕਮੇਟੀ ਵੱਲੋਂ ਦਿੱਤੀ ਗਈ ਇਹ ਸਹਾਇਤਾ ਰਾਸ਼ੀ ਦਾ ਚੈੱਕ ਫੈਡਰੇਸ਼ਨ ਪ੍ਰਧਾਨ ਪਰਮਜੀਤ ਸਿੰਘ ਖਾਲਸਾ ਤੇ ਸਕੱਤਰ ਜਨਰਲ ਮੇਜਰ ਸਿੰਘ ਨੇ ਧਰਮ ਪ੍ਰਚਾਰ ਕਮੇਟੀ ਦੇ ਸਕੱਤਰ ਸਤਬੀਰ ਸਿੰਘ ਨੂੰ ਵਾਪਸ ਕਰ ਦਿੱਤਾ ਹੈ।

# ਜਾਪੁ ਸਾਹਿਬ ਇੱਕ ਅਧਿਐਨ-2

ਡਾ. ਗੁਰਨਾਮ ਕੌਰ

ਗੁਰਮਤਿ ਦਰਸ਼ਨ ਅਨੁਸਾਰ ਮਨੁੱਖ ਜਿਸ ਕਿਸਮ ਦੇ ਇਸ਼ਟ ਦੇਵ ਦੀ ਅਰਾਧਨਾ ਕਰਦਾ ਹੈ ਉਸ ਦਾ ਵਿਅਕਤੀਤਵ ਉਸੇ ਇਸ਼ਟ ਅਨੁਸਾਰ, ਉਸੇ ਕਿਸਮ ਦਾ ਘੜਿਆ ਜਾਂਦਾ ਹੈ। ਗੁਰੂ ਨਾਨਕ ਦੇਵ ਜੋਗੀਆਂ ਦੀ ਸ਼ਬਦਾਵਲੀ ਵਿਚ ਹੀ ਸਮਝਾਉਂਦੇ ਹਨ ਕਿ ਜਿਸ ਮਨੁੱਖ ਨੂੰ ਹਰ ਥਾਂ ਰੁੱਖ, ਬਿਰਖ,



ਡਾ. ਗੁਰਨਾਮ ਕੌਰ

ਘਰ, ਬਾਹਰ ਜੰਗਲ ਵਿਚ ਭਾਵ ਹਰ ਚੀਜ਼ ਵਿਚ ਪਰਮਾਤਮਾ ਦੀ ਵਿਆਪਕਤਾ ਨਜ਼ਰ ਆਉਂਦੀ ਹੈ, ਉਹੀ ਅਸਲ ਜੋਗੀ ਹੈ ਕਿਉਂਕਿ ਉਸ ਨੂੰ ਗ੍ਰਿਹਸਥ ਵਿਚ ਰਹਿ ਕੇ ਵੀ ਮਾਇਆਵੀ ਰੁਚੀਆਂ ਉਸ ਦੇ ਮਾਰਗ ਤੋਂ ਵਿਚਲਿਤ ਨਹੀਂ ਕਰਦੀਆਂ ਅਤੇ ਘਰ-ਗ੍ਰਿਹਸਥੀ ਤਿਆਗ ਕੇ ਬਾਹਰ ਜੰਗਲਾਂ ਵਿਚ ਭਗਤੀ ਕਰਨ ਦੀ ਜ਼ਰੂਰਤ ਨਹੀਂ ਹੈ। ਇਸੇ ਸੰਦਰਭ ਵਿਚ ਅੱਗੇ ਫੁਰਮਾਉਂਦੇ ਹਨ ਕਿ ਜੋ ਮਨੁੱਖ ਗੁਰੂ ਦੇ ਦੱਸੇ ਰਾਹ ਤੇ ਤੁਰਦਾ ਹੈ, ਉਹੀ ਅਸਲੀ ਜੋਗੀ ਹੈ ਕਿਉਂਕਿ ਉਹ ਪਰਮਾਤਮਾ ਦੇ ਨਿਰਮਲ ਭਉ ਵਿਚ ਤੁਰਦਾ ਹੈ ਅਤੇ ਕਾਮਆਦਿਕ ਵਿਕਾਰਾਂ ਦੇ ਭੈ ਤੋਂ ਨਿਡਰ ਹੋ ਜਾਂਦਾ ਹੈ। ਇਹ ਇਸ ਲਈ ਹੈ ਕਿਉਂਕਿ ਮਨੁੱਖ ਜਿਸ ਕਿਸਮ ਦੇ ਇਸ਼ਟ ਦੀ ਭਗਤੀ ਕਰਦਾ ਹੈ ਉਹ ਉਹੋ ਜਿਹਾ ਹੀ ਬਣ ਜਾਂਦਾ ਹੈ:

ਸਤਿਗੁਰੁ ਸੇਵੇ ਸੋ ਜੋਗੀ ਹੋਇ॥
ਭੈ ਰਚਿ ਰਹੈ ਸੁ ਨਿਰਭਉ ਹੋਇ॥
ਜੈਸਾ ਸੇਵੈ ਤੈਸੋ ਹੋਇ॥
(ਪੰਨਾ 223-24)

ਜਾਪੁ ਸਾਹਿਬ ਦੇ ਸ਼ੁਰੂ ਵਿਚ ਹੀ ਗੁਰੂ ਸਾਹਿਬ ਨੇ ਫੁਰਮਾਇਆ ਹੈ, 'ਤਵ ਸਰਬ ਨਾਮ ਕਥੈ ਕਵਨ ਕਰਮ-ਨਾਮ ਬਰਣਤ ਸੁਮੱਤਿ॥' ਅਰਥਾਤ, ਹੇ ਅਕਾਲ ਪੁਰਖ ਤੇਰੇ ਸਾਰੇ ਨਾਮ ਕੌਣ ਗਿਣ ਸਕਦਾ ਹੈ? ਕੀਤੇ ਕੰਮਾਂ ਕਰਕੇ ਪਏ ਤੇਰੇ ਨਾਮ ਸ਼ੁੱਧ ਮਤਿ ਵਾਲਾ ਬਿਆਨ ਕਰਦਾ ਹੈ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਵੀ ਗੁਰੂ ਅਰਜਨ ਦੇਵ ਨੇ ਫੁਰਮਾਇਆ ਹੈ ਕਿ ਮੇਰੀ ਜ਼ਬਾਨ ਨੇ ਤੇਰੇ ਓਹ ਨਾਮ ਜਪੇ ਹਨ ਜੋ ਤੇਰੇ ਕੀਤੇ ਕੰਮਾਂ ਕਾਰਨ ਪਏ ਹਨ, ਪਰ 'ਸਤਿਨਾਮ' ਤੇਰਾ ਮੁਢਲਾ ਨਾਮ ਹੈ। ਭਾਵ ਜਦੋਂ ਤੂੰ 'ਅਫੁਰ' ਅਵਸਥਾ ਤੋਂ 'ਫੁਰ' ਅਵਸਥਾ ਵਿਚ ਆ ਕੇ, ਨਿਰਗੁਨ ਸਰੂਪ ਤੋਂ ਸਰਗੁਣ ਸਰੂਪ ਵਿਚ ਆਪਣੇ ਆਪ ਨੂੰ ਜ਼ਾਹਿਰ ਕੀਤਾ ਤਾਂ ਤੇਰੇ ਕਈ ਨਾਮ ਪੈ ਗਏ ਪਰ ਇਹ ਨਾਮ ਕਿ ਤੇਰੀ ਹੋਂਦ ਸਦੀਵੀ ਹੈ ਤੇਰਾ ਮੁਢਲਾ ਨਾਮ ਹੈ। ਗੁਰਮਤਿ ਅਨੁਸਾਰ ਪਰਮਾਤਮਾ ਦੀ ਸੁੰਨ-ਸਮਾਧ ਦੀ ਅਵਸਥਾ, ਸੰਸਾਰ ਦੇ ਪ੍ਰਗਟ ਰੂਪ ਤੋਂ ਪਹਿਲਾਂ ਦੀ ਅਵਸਥਾ ਨਿਰਗੁਣ ਅਵਸਥਾ ਹੈ ਅਤੇ ਸੰਸਾਰ ਦਾ ਪ੍ਰਗਟ ਰੂਪ ਉਸ ਦੀ ਸਰਗੁਣ ਅਵਸਥਾ ਹੈ ਕਿਉਂਕਿ ਇਹ ਸੰਸਾਰ ਉਸੇ ਦਾ ਹੀ ਪ੍ਰਗਟ ਰੂਪ ਹੈ ਜਿਸ ਦੀ ਰਚਨਾ ਉਸ ਨੇ ਆਪਣੇ ਆਪ ਤੋਂ ਕੀਤੀ ਹੈ। ਜਾਪੁ ਸਾਹਿਬ ਵਿਚ ਉਸ ਦੇ ਕਿਰਤਮ ਨਾਂਵਾਂ ਨੂੰ ਵਾਰ-ਵਾਰ ਜਪਿਆ ਗਿਆ ਹੈ ਤਾਂ ਕਿ ਉਸ ਦੇ ਨਾਮ ਦੀ ਭਗਤੀ ਰਾਹੀਂ ਇੱਕ ਵਧੀਆ ਸਕ੍ਰਿਅ ਸ਼ਖਸੀਅਤ ਦੀ ਘਾੜਤ ਕੀਤੀ ਜਾ ਸਕੇ। ਗੁਰਮਤਿ ਦੀ ਪਹੁੰਚ ਸਾਕਾਰਤਮਕ ਹੈ।

ਗੁਰੂ ਸਾਹਿਬਾਨ ਅਨੁਸਾਰ ਅਣਗਿਣਤ ਪ੍ਰਗਟਾਅ ਉਸ ਇੱਕ ਦੀ ਹੀ ਅਭਿਵਿਅਕਤੀ ਹਨ। ਇਹ ਸਾਰੇ ਗੁਣ ਉਸ ਇੱਕ ਤੋਂ ਹੀ ਉਪਜਦੇ ਹਨ ਜੋ ਕਿ ਆਦਿ-ਅਨਾਦਿ ਅਤੇ ਸਕ੍ਰਿਅ ਹਸਤੀ ਹੈ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੀ ਤਰ੍ਹਾਂ ਹੀ ਜਾਪੁ ਸਾਹਿਬ ਵਿਚ ਉਸ ਦੇ ਨਿਰਗੁਣ ਅਤੇ ਸਰਗੁਣ ਸਰੂਪ ਦੋਹਾਂ ਦਾ ਹੀ ਵਰਨਣ ਹੈ। ਜਾਪੁ ਸਾਹਿਬ ਵਿਚ ਉਸ ਦੇ ਕਿਰਤਮ ਨਾਂਵਾਂ ਦਾ ਵਰਨਣ ਕਰਦਿਆਂ ਉਸ ਨੂੰ ਕੀਤੇ ਕਰਮਾਂ ਦਾ ਨਾਸ਼ ਕਰਨ ਵਾਲਾ, ਬੁਢਾਪੇ ਦਾ ਵੈਰੀ, ਸਾਰੇ ਹੀ ਧੰਦਿਆਂ ਦਾ ਪ੍ਰੇਰਕ, ਬੰਧਨ-ਰਹਿਤ ਅਤੇ ਸੁਤੰਤਰ ਕਿਹਾ ਹੈ (23/24)। ਗੁਰੂ ਅਮਰਦਾਸ ਨੇ ਫੁਰਮਾਇਆ ਹੈ, 'ਗੁਰਮੁਖਿ ਬੁਢੇ ਕਦੇ ਨਾਹੀ ਜਿਨ੍ਹਾ ਅੰਤਰਿ ਸੁਰਤਿ ਗਿਆਨੁ॥' (ਪੰ.1418) ਉਹ ਸਾਕ-ਸਬੰਧਾਂ ਤੋਂ ਅਤੀਤ ਹੈ (ਇਸ ਨਾਲ ਅਵਤਾਰਵਾਦ ਦੇ ਸਿਧਾਂਤ ਦਾ ਵੀ ਖੰਡਨ ਹੋ ਜਾਂਦਾ ਹੈ ਕਿਉਂਕਿ ਜਿੰਨੇ ਮਨੁੱਖੀ ਸਰੂਪ ਵਿਚ ਅਵਤਾਰ ਮੰਨੇ ਗਏ ਹਨ ਉਹ ਸਭ ਸਾਕ-ਸਬੰਧਾਂ ਵਾਲੇ ਹੋਏ ਹਨ)। ਉਹ ਨਿਡਰ, ਨਿਰਭੈ (ਡਰ ਅਤੇ ਭੈ ਮਨੁੱਖ ਤੇ ਲਾਗੂ ਹੁੰਦੇ ਹਨ) ਰਹਿਮ ਅਤੇ ਬਖਸ਼ਿਸ਼ ਕਰਨ ਵਾਲਾ ਹੈ (24/25)। ਉਹ ਬੇਅੰਤ, ਮਹਾਨ, ਪੂਰਨ ਪ੍ਰੇਮ ਅਤੇ ਖੁਸ਼ ਨਸੀਬ ਹੈ (25/26)। ਅਜਿਹੇ ਗੁਣਾਂ ਵਾਲੇ ਪਰਮਾਤਮਾ ਨੂੰ ਨਮਸਕਾਰ ਕੀਤੀ ਹੈ। ਵੈਦਿਕ ਧਰਮ-ਸ਼ਾਸਤਰਾਂ ਵਿਚ ਤਿੰਨ ਪ੍ਰਮੁੱਖ ਦੇਵ ਮੰਨੇ ਗਏ ਹਨ ਜਿਨ੍ਹਾਂ ਦੇ ਤਿੰਨ ਅਲੱਗ ਅਲੱਗ ਕਾਰਜ ਖੇਤਰ ਹਨ: ਬ੍ਰਹਮਾ ਪੈਦਾ ਕਰਨ ਵਾਲਾ ਹੈ, ਵਿਸ਼ਨੂੰ ਪਾਲਣ ਕਰਤਾ ਹੈ ਅਤੇ ਸ਼ਿਵ ਜੀ ਸੰਘਾਰ ਕਰਤਾ ਹੈ। ਪਰ ਗੁਰਮਤਿ ਦਰਸ਼ਨ ਅਨੁਸਾਰ ਉਹੀ ਇੱਕ ਅਕਾਲ ਪੁਰਖ ਪੈਦਾ ਕਰਨ ਵਾਲਾ, ਪਾਲਣ ਕਰਨ ਵਾਲਾ ਅਤੇ ਮਾਰਨ ਵਾਲਾ ਹੈ। ਉਹ ਪੂਰਨ ਜੋਗੀ ਵੀ ਹੈ ਅਤੇ ਸਭ ਕੁੱਝ ਮਾਨਣ ਵਾਲਾ ਭਾਵ ਭੋਗੀ ਵੀ ਹੈ:

ਨਮੋ ਸਰਬ ਸੋਖੰ॥ ਨਮੋ ਸਰਬ ਪੋਖੰ॥
ਨਮੋ ਸਰਬ ਕਰਤਾ॥
ਨਮੋ ਸਰਬ ਹਰਤਾ॥ (26/27)
ਨਮੋ ਜੋਗ ਜੋਗੇ॥ ਨਮੋ ਭੋਗ ਭੋਗੇ॥
ਨਮੋ ਸਰਬ ਦਿਆਲੇ॥
ਨਮੋ ਸਰਬ ਪਾਲੇ॥ (27/28)

ਇਹ ਸਾਰੇ ਗੁਣ ਉਸ ਪਰਮਾਤਮਾ ਦੇ ਆਪਣੀ ਰਚਨਾ ਵਿਚ ਰਮੇ ਹੋਏ ਹੋਣ ਨੂੰ ਪ੍ਰਗਟ ਕਰਦੇ ਹਨ। ਗੁਰੂ ਨਾਨਕ ਦੇਵ ਨੇ ਸਿਰੀਰਾਗੁ ਵਿਚ ਉਸ ਅਕਾਲ ਪੁਰਖ ਦੇ ਨਾਮ ਤੋਂ ਵਾਰੀ ਜਾਂਦਿਆਂ ਇਸੇ ਵਿਚਾਰ ਨੂੰ ਇਸ ਤਰ੍ਹਾਂ ਪ੍ਰਗਟਾਇਆ ਹੈ:

ਜੋਗੀ ਅੰਦਰਿ ਜੋਗੀਆ॥
ਤੂੰ ਭੋਗੀ ਅੰਦਰਿ ਭੋਗੀਆ॥
ਤੇਰਾ ਅੰਤੁ ਨ ਪਾਇਆ
ਸੁਰਗਿ ਮਛਿ ਪਇਆਲਿ ਜੀਉ॥1॥
ਹਉ ਵਾਰੀ ਹਉ ਵਾਰਣੈ
ਕੁਰਬਾਣੁ ਤੇਰੇ ਨਾਵ ਨੋ॥1॥ਰਹਾਉ॥(ਪੰਨਾ 71)

ਉਹ ਅਪਰੰਪਰ ਵੀ ਹੈ ਅਤੇ ਆਪਣੀ ਰਚਨਾ ਵਿਚ ਸਮਾਇਆ ਹੋਇਆ ਵੀ ਹੈ। ਉਸ ਦੀ ਅਪਰੰਪਰਤਾ ਨੂੰ ਦਰਸਾਉਂਦੇ ਉਸ ਦੇ ਗੁਣਾਂ ਦਾ ਗਾਇਨ ਕਰਦਿਆਂ ਜਾਪੁ ਸਾਹਿਬ ਵਿਚ ਦੱਸਿਆ ਹੈ ਕਿ ਉਹ ਜਿਸ ਦਾ ਕੋਈ ਰੂਪ ਨਹੀਂ ਹੈ, ਉਹ ਵਿਲੱਖਣ ਅਤੇ ਅਜਨਮਾ ਹੈ ਅਤੇ ਪੰਜ ਭੌਤਕ ਹੋਂਦ ਤੋਂ ਉਤੇ ਹੈ। ਉਸ ਦਾ ਕੋਈ ਲੇਖਾ ਨਹੀਂ ਕੀਤਾ ਜਾ ਸਕਦਾ ਅਤੇ ਨਾ ਹੀ ਉਸ ਦਾ ਕੋਈ ਭੇਖ ਹੈ। ਉਹ ਬਿਨਾ ਕਿਸੇ ਖਾਸ ਨਾਮ ਤੋਂ ਹੈ ਅਤੇ ਇਛਾਵਾਂ ਤੋਂ ਰਹਿਤ ਹੈ। ਉਹ ਧਿਆਨ ਵਿਚ ਨਹੀਂ ਆ ਸਕਦਾ। ਭੇਦ-ਭਾਵ ਅਤੇ ਭੈ ਆਦਿ ਤੋਂ ਰਹਿਤ ਹੈ ਅਤੇ ਉਸ ਨੂੰ ਜਿੱਤਿਆ ਨਹੀਂ ਜਾ ਸਕਦਾ। ਉਸ ਦੀ ਮਾਨਤਾ ਤਿੰਨਾਂ ਲੋਕਾਂ ਵਿਚ ਹੈ ਅਤੇ ਉਹ ਗੁਣਾਂ ਦਾ ਖ਼ਜ਼ਾਨਾ ਹੈ। ਉਸ ਦਾ ਕੋਈ ਰੰਗ ਨਹੀਂ, ਕੋਈ ਰੂਪ ਨਹੀਂ, ਕੋਈ ਆਦਿ ਨਹੀਂ, ਉਹ ਨਾ ਜਿੱਤਿਆ ਜਾ ਸਕਣ ਵਾਲਾ ਅਤੇ ਸੁਤੰਤਰ ਹੈ। ਉਸ ਬੰਧਨ ਰਹਿਤ ਨੂੰ ਕੋਈ ਖੰਡਤ ਨਹੀਂ ਕਰ ਸਕਦਾ, ਉਹ ਨਿਰਲੇਪ ਹੈ ਅਤੇ ਉਸ ਦੀ ਕੋਈ ਥਾਹ ਨਹੀਂ ਪਾ ਸਕਦਾ। ਉਹ ਹਰ ਇੱਕ ਦਾ ਸੰਗੀ ਸਾਥੀ ਹੈ। ਉਹ ਅਕਲ ਦੀ ਪਹੁੰਚ ਤੋਂ ਪਰੇ, ਸੂਝ ਦੁਆਰਾ ਨਾ ਜਾਣਿਆ ਜਾਣ ਵਾਲਾ, ਸਮੇਂ ਤੋਂ ਉਤੇ ਅਤੇ ਤ੍ਰੈਗੁਣੀ ਮਾਇਆ ਤੋਂ ਅਤੀਤ ਹੈ। ਉਹ ਅਲੱਭ, ਅਸੀਮ, ਮਹਾਨ ਹੈ। ਉਸ ਦਾ ਕੋਈ ਸ਼ਰੀਕ ਨਹੀਂ ਹੈ ਭਾਵ ਉਸ ਦੇ ਬਰਾਬਰ ਦਾ ਹੋਰ ਕੋਈ ਨਹੀਂ ਹੈ ਅਤੇ ਆਪਣੀ ਹੋਂਦ ਲਈ ਉਸ ਨੂੰ ਕਿਸੇ ਦੇ ਆਸਰੇ ਦੀ ਜ਼ਰੂਰਤ ਨਹੀਂ ਹੈ। ਉਹ ਸੁਤੇ ਪ੍ਰਕਾਸ਼ ਭਾਵ ਆਪਣੇ ਆਪ ਤੋਂ ਹੈ। ਉਸ ਨੂੰ ਪਾਇਆ ਨਹੀਂ ਜਾ ਸਕਦਾ ਅਤੇ ਨਾ ਹੀ ਛੋਹਿਆ ਜਾ ਸਕਦਾ ਹੈ ਕਿਉਂਕਿ ਉਹ ਨਾ ਜਨਮਿਆ ਹੈ ਅਤੇ ਨਾ ਹੀ ਪੰਜ ਭੂਤਕ ਹੋਂਦ ਵਿਚ ਆਉਂਦਾ ਹੈ। ਉਹ ਲੋਕ, ਕਰਮ, ਭੈ, ਭਰਮ, ਮਾਪ ਆਦਿ ਤੋਂ ਉਤੇ ਹੈ। ਇਹ ਦਿਸਦਾ ਸੰਸਾਰ ਉਸੇ ਦਾ ਰੂਪ ਹੈ ਇਸ ਲਈ ਉਹ ਅਨੇਕ ਨਜ਼ਰ ਆਉਂਦਾ ਹੈ ਪਰ ਅੰਤ ਵਿਚ ਸਭ ਕੁੱਝ ਉਸੇ ਵਿਚ ਸਮਾ ਜਾਂਦਾ ਹੈ ਅਤੇ ਉਸੇ ਇੱਕ ਦਾ ਰੂਪ ਹੋ ਜਾਂਦਾ ਹੈ ਅਤੇ ਅਨੇਕ ਹੋ ਕੇ ਭੀ ਉਹ ਇੱਕ ਹੈ:

ਅਗੰਮ ਹੈਂ॥ ਅਜੰਮ ਹੈਂ॥
ਅਭੂਤ ਹੈਂ॥ ਅਛੂਤ ਹੈਂ॥12॥40॥
ਅਲੋਕ ਹੈਂ॥ ਅਸੋਕ ਹੈਂ॥
ਅਕਰਮ ਹੈਂ॥ ਅਭਰਮ ਹੈਂ॥13॥41॥
ਅਜੀਤ ਹੈਂ॥ ਅਭੀਤ ਹੈਂ॥
ਅਬਾਹ ਹੈਂ॥ ਅਗਾਹ ਹੈਂ॥14॥42॥
ਅਮਾਨ ਹੈਂ॥ ਨਿਧਾਨ ਹੈਂ॥
ਅਨੇਕ ਹੈਂ॥ ਫਿਰ ਏਕ ਹੈਂ॥15॥43॥

ਗੁਰੂ ਗ੍ਰੰਥ ਸਾਹਿਬ ਦੀ ਬਾਣੀ ਅਨੁਸਾਰ ਜਿਸ ਤਰ੍ਹਾਂ ਸੂਰਜ ਇੱਕ ਹੈ ਅਤੇ ਉਸ ਦੀਆਂ ਅਨੇਕਾਂ ਕਿਰਨਾਂ ਫੈਲਦੀਆਂ ਹਨ ਪ੍ਰੰਤੂ ਇਨ੍ਹਾਂ ਕਿਰਨਾਂ ਨਾਲ ਸੂਰਜ ਜੋ ਕਿ ਕਿਰਨਾਂ ਦਾ ਸੋਮਾ ਹੈ, ਸੀਮਤ ਨਹੀਂ ਹੁੰਦਾ। ਇਸੇ ਤਰ੍ਹਾਂ ਉਸ 'ਇੱਕ' ਦੇ ਸਾਰੇ ਸੰਸਾਰ ਦੀ ਜੋਤਿ ਹੋਣ ਦਾ ਗੁਣ ਉਸ ਦੀ ਸੁਤੰਤਰਤਾ ਅਤੇ ਸਵੈ-ਹੋਂਦ ਨੂੰ ਸੀਮਤ ਨਹੀਂ ਕਰਦੇ। ਉਹ ਜੋਤਿ ਹੈ, ਪ੍ਰਕਾਸ਼ ਹੈ, ਜਿਸ ਦੇ ਚਾਨਣ ਨਾਲ ਸਾਰਿਆਂ ਵਿਚ ਪ੍ਰਕਾਸ਼ ਹੁੰਦਾ ਹੈ। ਸਾਰਾ ਪ੍ਰਗਟ ਸੰਸਾਰ ਉਸੇ ਦੇ ਚਾਨਣ ਨਾਲ ਪ੍ਰਕਾਸ਼ਤ ਹੈ:

ਸਭ ਮਹਿ ਜੋਤਿ ਜੋਤਿ ਹੈ ਸੋਇ॥
ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ॥
ਗੁਰ ਸਾਖੀ ਜੋਤਿ ਪ੍ਰਗਟੁ ਹੋਇ॥ (ਪੰਨਾ 13)

ਸਾਰਾ ਪ੍ਰਗਟ ਸੰਸਾਰ ਉਸੇ ਤੋਂ ਹੈ। ਉਹ ਇੱਕ, ਆਪਣੀ ਰਚਨਾ ਵਿਚ ਇੱਕ ਰਸ ਵਿਆਪਕ ਹੈ। ਇਸ ਲਈ ਉਹ ਸਰਬ-ਵਿਆਪਕ ਹੈ, ਆਪਣੀ ਰਚਨਾ ਵਿਚ ਸਮਾਇਆ ਹੋਇਆ ਹੈ। ਸਭ ਉਸੇ ਇੱਕ ਦਾ ਪਸਾਰਾ ਹੈ, ਇਸ ਭੇਦ ਨੂੰ ਵਿਰਲਾ ਹੀ ਗੁਰੂ ਦੀ ਸਿੱਖਿਆ ਰਾਹੀਂ ਅਨੁਭਵ ਕਰ ਸਕਦਾ ਹੈ। ਜਾਪੁ ਸਾਹਿਬ ਵਿਚ ਉਸ ਦੇ ਅਨੇਕਾਂ ਕਿਰਤਮ ਨਾਮ ਗਿਣਾਏ ਗਏ ਹਨ ਜਿਵੇਂ ਅਗਾਧ ਜਿਸ ਦੀ ਥਾਹ ਨਾ ਪਾਈ ਜਾ ਸਕੇ, ਅਨੰਦ ਸਰੂਪ, ਹਰ ਸ਼ੈ ਦਾ ਖ਼ਜ਼ਾਨਾ, ਨ੍ਰਿਨਾਥ ਜਿਸ ਦਾ ਹੋਰ ਕੋਈ ਸੁਆਮੀ ਨਹੀਂ ਭਾਵ ਆਪਣਾ ਸੁਆਮੀ ਆਪ, ਪ੍ਰਮਾਥ ਸਭ ਦਾ ਸੰਘਾਰ ਕਰਤਾ, ਬਾਦਸ਼ਾਹਾਂ

## ਗੁਰਮਤਿ ਚਿੰਤਨ

ਦਾ ਬਾਦਸ਼ਾਹ, ਪ੍ਰੀਤਾਂ ਦਾ ਪ੍ਰੀਤ, ਗੀਤਾਂ ਦਾ ਗੀਤ ਅਤੇ ਸਾਰੇ ਸਾਜਾਂ ਦਾ ਸਾਜ ਅਤੇ ਤਾਨਾਂ ਦਾ ਤਾਨ ਕਿਹਾ ਹੈ। ਸੂਰਜ ਅਤੇ ਚੰਦ ਜੋ ਸੰਸਾਰ ਨੂੰ ਆਪਣੀ ਰੌਸ਼ਨੀ ਨਾਲ ਰੁਸ਼ਨਾਉਂਦੇ ਹਨ, ਵੀ ਉਸੇ ਤੋਂ ਪ੍ਰਕਾਸ਼ ਲੈ ਕੇ ਪ੍ਰਕਾਸ਼ਤ ਹਨ। ਇਹ ਸਾਰਾ ਦ੍ਰਿਸ਼ਟਮਾਨ ਸੰਸਾਰ ਉਹ ਆਪ ਹੀ ਹੈ ਅਤੇ ਇਸ ਨੂੰ ਸਮੇਟਣ ਵਾਲਾ ਵੀ ਉਹ ਆਪ ਹੀ ਹੈ ਜੋ ਜੀਵਾਂ ਨੂੰ ਜੀਵ ਦੇਣ ਵਾਲਾ ਅਤੇ ਬੀਜਾਂ ਅੰਦਰ ਬੀਜ-ਰੂਪ ਹੋ ਕੇ ਆਪ ਹੀ ਬਿਰਾਜਮਾਨ ਹੈ। ਉਹ ਆਪਣੀ ਸਾਰੀ ਸ੍ਰਿਸ਼ਟੀ 'ਤੇ ਕਿਰਪਾ ਕਰਦਾ ਹੈ, ਕੋਈ ਉਸ ਦੀ ਦਿਆਲਤਾ ਤੋਂ ਵਾਂਝਾ ਨਹੀਂ ਹੈ:

ਨਮੋ ਸਰਬ ਦ੍ਰਿੱਸੰ॥ ਨਮੋ ਸਰਬ ਕ੍ਰਿੱਸੰ॥
ਨਮੋ ਸਰਬ ਰੰਗੇ॥
ਤ੍ਰਿਭੰਗੀ ਅਨੰਗੇ॥8॥67॥
ਨਮੋ ਜੀਵ ਜੀਵੰ॥ ਨਮੋ ਬੀਜ ਬੀਜੇ॥
ਅਖਿੱਜੇ ਅਭਿੱਜੇ॥
ਸਮਸਤੰ ਪ੍ਰਸਿਜੇ॥9॥68॥

ਜਾਪੁ ਸਾਹਿਬ ਵਿਚ ਉਸ ਦੇ ਕਿਰਤਮ ਨਾਂਵਾਂ ਦਾ ਜ਼ਿਕਰ ਕਰਦਿਆਂ ਉਸ ਸ਼ੁਧ-ਸਰੂਪ ਪਰਮਾਤਮਾ ਦਾ ਮੁਢਲਾ ਸਰੂਪ 'ੴ' ਕਿਹਾ ਹੈ, ਜੋ ਅਜੋਨੀ (ਅਜਨਮਾ) ਅਤੇ ਬੇਅੰਤ ਹੈ। ਉਹ ਤਿੰਨਾਂ ਲੋਕਾਂ ਵਿਚ ਮੰਨਿਆ ਹੋਇਆ ਇਸ਼ਟ ਹੈ ਜੋ ਬਿਨਾ ਭਿੰਨ-ਭੇਦ ਦੇ ਪਹਿਲਾ ਦਾਨੀ ਹੈ। ਉਹ ਸਭ ਨੂੰ ਪਾਲਣ ਵਾਲਾ ਵੀ ਹੈ ਅਤੇ ਸਭ ਦਾ ਸੰਘਾਰ ਕਰਤਾ ਵੀ ਉਹੀ ਹੈ। ਉਹ ਇਥੇ ਉਥੇ, ਹਰ ਥਾਂ ਆਪਣੇ ਵਿਰਕਤ ਰੂਪ ਵਿਚ ਬਿਰਾਜਮਾਨ ਹੈ। ਉਸ ਦਾ ਕੋਈ ਨਾਮ, ਠਿਕਾਣਾ, ਜਾਤ, ਵਰਣ, ਰੂਪ ਜਾਂ ਰੇਖ ਨਹੀਂ ਹੈ। ਉਹ ਦਇਆ ਦੀ ਮੂਰਤ, ਅਜਨਮਾ, ਪੂਰਨ ਅਤੇ ਆਦਿ ਪੁਰਖ ਹੈ, ਜਿਸ ਦਾ ਨਾ ਕੋਈ ਦੇਸ਼ ਹੈ, ਨਾ ਕੋਈ ਖਾਸ ਕਿਸਮ ਦਾ ਭੇਖ ਜਾਂ ਰੂਪ ਹੈ, ਉਸ ਦੀ ਕੋਈ ਰੇਖ ਨਹੀਂ ਹੈ ਅਤੇ ਉਹ ਰਾਗ-ਦਵੈਸ਼ ਤੋਂ ਰਹਿਤ ਹੈ। ਉਹ ਇਥੇ-ਉਥੇ ਹਰ ਦਿਸ਼ਾ ਅਤੇ ਹਰ ਕੋਨੇ ਵਿਚ ਪ੍ਰੇਮ ਰੂਪ ਹੋ ਕੇ ਫੈਲਿਆ ਹੋਇਆ ਹੈ, ਵਿਆਪਕ ਹੈ। ਉਹ, ਜਿਸ ਦਾ ਕੋਈ ਥਾਂ ਜਾਂ ਠਿਕਾਣਾ ਨਹੀਂ ਹੈ, ਉਸ ਨੂੰ ਨਾਮ ਅਤੇ ਇੱਛਾ ਤੋਂ ਬਿਨਾ ਦੇਖੀਦਾ ਹੈ। ਉਸ ਦੀ ਮਾਨਤਾ ਹਰ ਥਾਂ ਹੈ ਅਤੇ ਸਦੀਵੀ ਹੈ। ਉਸ ਇੱਕ ਨੇ ਆਪਣੇ ਆਪ ਨੂੰ ਅਨੇਕ ਰੂਪਾਂ ਵਿਚ ਦਿਸਦੇ ਸੰਸਾਰ ਦੀ ਅਨੇਕਤਾ ਵਿਚ ਵਿਅਕਤ ਕੀਤਾ ਹੈ ਅਤੇ ਇੱਕ ਤੋਂ ਅਨੇਕ ਦੀ ਰਚਨਾ ਕੀਤੀ ਹੈ। ਉਹ ਸੰਸਾਰ ਰਚਨਾ ਦਾ ਕੌਤਕ ਵਰਤਾਉਂਦਾ ਹੈ, ਆਪਣੀ ਖੇਡ ਰਚਾਉਂਦਾ ਹੈ ਅਤੇ ਫਿਰ ਇਸ ਖੇਡ ਨੂੰ ਸਮੇਟ ਲੈਂਦਾ ਹੈ ਅਤੇ ਇੱਕ ਹੋ ਜਾਂਦਾ ਹੈ। ਇਸ ਦਾ ਭਾਵ ਹੈ ਕਿ ਇਸ ਸੰਸਾਰ ਦੀ ਰਚਨਾ ਉਹ ਆਪਣੇ ਆਪ ਤੋਂ ਕਰਦਾ ਹੈ, ਆਪਣੀ ਰਚਨਾ ਨਾਲ ਨੇੜਿਓਂ ਜੁੜਿਆ ਹੋਇਆ ਹੈ, ਇਸ ਵਿਚ ਵਿਆਪਕ ਵੀ ਹੈ ਅਤੇ ਇਸ ਤੋਂ ਅਪਰੰਪਰ ਵੀ ਹੈ ਅਤੇ ਅੰਤ ਵਿਚ ਉਸ ਦੀ ਰਚਨਾ ਉਸੇ ਵਿਚ ਸਮਾ ਜਾਂਦੀ ਹੈ:

ਨਾਮ ਠਾਮ ਨ ਜਾਤਿ ਜਾਕਰ
ਰੂਪ ਰੰਗ ਨ ਰੇਖ॥
ਆਦਿ ਪੁਰਖ ਉਦਾਰ ਮੂਰਤਿ
ਅਜੋਨਿ ਆਦਿ ਅਸੇਖ॥
ਦੇਸ ਅਉਰ ਨ ਭੇਸ ਜਾਕਰ
ਰੂਪ ਰੇਖ ਨ ਰਾਗ॥
ਜੱਤ੍ਰ ਤੱਤ੍ਰ ਦਿਸਾ ਵਿਸਾ
ਹੁਇ ਫੈਲਿਓ ਅਨੁਰਾਗ॥2॥76॥
ਨਾਮ ਕਾਮ ਬਿਹੀਨ ਪੇਖਤ
ਧਾਮ ਹੂੰ ਨਹਿ ਜਾਹਿੰ॥
ਸਰਬ ਮਾਨ ਸਰਬਤ੍ਰ ਮਾਨ
ਸਦੈਵ ਮਾਨਤ ਤਾਹਿੰ॥
ਏਕ ਮੂਰਤਿ ਅਨੇਕ ਦਰਸਨ
ਕੀਨ ਰੂਪ ਅਨੇਕ॥
ਖੇਲ ਖੇਲਿ ਅਖੇਲ ਖੇਲਨ
ਅੰਤ ਕੋ ਫਿਰਿ ਏਕ॥3॥77॥

ਦੇਵਤੇ ਆਦਿ ਕੋਈ ਵੀ ਉਸ ਦਾ ਮਰਮ ਨਹੀਂ ਜਾਣ ਸਕਿਆ। ਵੱਖ ਵੱਖ ਧਾਰਮਿਕ ਗ੍ਰੰਥ ਜਿਵੇਂ ਵੇਦ (ਹਿੰਦੂਆਂ ਦੇ ਧਾਰਮਿਕ ਗ੍ਰੰਥ) ਅਤੇ ਕਤੇਬ (ਮੁਸਲਮਾਨਾਂ ਦੇ ਧਾਰਮਿਕ ਗ੍ਰੰਥ) ਆਦਿ ਵੀ ਉਸ ਦਾ ਪੂਰਾ ਭੇਦ ਨਹੀਂ ਪਾ ਸਕੇ। ਉਸ ਨੂੰ ਕੋਈ ਜਾਣ ਵੀ ਕਿਵੇਂ ਸਕਦਾ ਹੈ ਜਿਸ ਦਾ ਨਾ ਕੋਈ ਰੂਪ ਹੈ, ਨਾ ਰੰਗ ਹੈ, ਨਾ ਜਾਤ ਹੈ, ਨਾ ਵੰਸ਼ ਹੈ। ਕੋਈ ਮਾਤਾ ਜਾਂ ਪਿਤਾ ਨਹੀਂ ਅਤੇ ਜੋ ਜਨਮ-ਮਰਨ ਤੋਂ ਉਤੇ ਹੈ। ਉਹ ਹਰ ਥਾਂ, ਚਾਰੇ ਪਾਸੇ ਇੱਕ ਚੱਕਰ ਦੀ ਤਰ੍ਹਾਂ ਘੁੰਮ ਜਾਂਦਾ ਹੈ ਭਾਵ ਹਰ ਥਾਂ ਵਿਆਪਕ ਹੈ ਅਤੇ ਤਿੰਨਾਂ ਲੋਕਾਂ ਵਿਚ ਉਸ ਨੂੰ ਪੂਜਿਆ ਜਾਂਦਾ ਹੈ। ਉਹ ਪਰਮ, ਪਵਿੱਤਰ ਰੂਪ, ਪੂਰਨ ਪੁਰਖ ਹੈ ਜਿਸ ਦੀ ਪੂਜਾ ਚੌਦਾਂ ਲੋਕਾਂ ਭਾਵ ਸਾਰੀ ਸ੍ਰਿਸ਼ਟੀ ਵਿਚ ਹੁੰਦੀ ਹੈ। ਉਹ ਮੁਢਲਾ ਦੇਵ ਸਭ ਦੇ ਅਰੰਭ ਵਿਚ ਹੈ ਜਿਸ ਦੀ ਆਪਣੀ ਕੋਈ ਸ਼ੁਰੂਆਤ ਨਹੀਂ ਹੈ, ਉਹ ਪਰਮ ਰੂਪ, ਪਵਿੱਤਰ ਸ਼ਵੀ ਵਾਲਾ, ਪੂਰਨ ਪੁਰਖ ਹੈ ਜੋ ਆਪਣੇ ਆਪ ਤੋਂ ਹੈ ਭਾਵ ਉਸ ਦਾ ਕੋਈ ਕਾਰਨ ਨਹੀਂ ਹੈ ਪਰ ਉਹ ਸੰਸਾਰ ਦੀ ਉਤਪਤੀ ਦਾ ਕਾਰਨ ਆਪ ਹੈ, ਮੁਢਲਾ ਦੇਵ ਹੈ ਜਿਸ ਨੇ ਸਭ ਦੀ ਸਥਾਪਨਾ ਕੀਤੀ ਹੈ। ਉਹ ਇਸ ਸੰਸਾਰ ਨੂੰ ਬਣਾਉਣ ਵਾਲਾ ਅਤੇ ਮਿਟਾਉਣ ਵਾਲਾ ਆਪ ਹੀ ਹੈ। ਉਹ ਜੋ ਸਮੇਂ ਅਤੇ ਸਥਾਨ ਤੋਂ ਉਤੇ ਹੈ, ਜਨਮ ਅਤੇ ਮਰਨ ਤੋਂ ਉਤੇ ਹੈ, ਸਰਬਕਲਾ ਸਮਰੱਥ ਹੈ। ਉਸ ਅਕਾਲ ਪੁਰਖ ਦਾ ਠਿਕਾਣਾ ਧਰਮ ਹੈ ਜਿਹੜਾ ਜਾਤਿ, ਪਾਤਿ, ਭਰਮ ਅਤੇ ਪੰਜ ਭੌਤਕਾਂ ਅਤੇ ਭੇਖਾਂ ਤੋਂ ਉਤੇ ਹੈ, ਉਸ ਨੂੰ ਲੱਖਿਆ ਨਹੀਂ ਜਾ ਸਕਦਾ। ਉਹ ਅਹੰਕਾਰ ਅਤੇ ਦੁਸ਼ਟਾਂ ਦਾ ਨਾਸ਼ ਕਰਨ ਵਾਲਾ ਅਤੇ ਸਭ ਦਾ ਮੁਕਤੀ ਦਾਤਾ ਹੈ:

ਲੋਕ ਚਉਦਹ ਕੇ ਬਿਖੈ
ਜਗ ਜਾਪ ਹੀ ਜਿੰਹ ਜਾਪੁ॥
ਆਦਿ ਦੇਵ ਅਨਾਦਿ ਮੂਰਤਿ
ਥਾਪਿਓ ਸਬੈ ਜਿੰਹ ਥਾਪੁ॥
ਪਰਮ ਰੂਪ ਪੁਨੀਤ ਮੂਰਤਿ
ਪੂਰਨ ਪੁਰਖੁ ਅਪਾਰ॥
ਸਰਬ ਵਿਸ਼ਵ ਰਚਿਓ ਸੁਯੰਭਵ
ਗੜ੍ਹਨ ਭੰਜਨ ਹਾਰ॥5॥79॥
ਕਾਲ ਹੀਨ ਕਲਾ ਸੰਜੁਗਤਿ
ਅਕਾਲ ਪੁਰਖੁ ਅਦੇਸ॥
ਧਰਮ ਧਾਮ ਸੁ ਭਰਮ ਰਹਿਤ
ਅਭੂਤ ਅਲੱਖ ਅਭੇਸ॥
ਅੰਗ ਰਾਗ ਨ ਰੰਗ ਜਾ ਕਹਿ
ਜਾਤਿ ਪਾਤਿ ਨ ਨਾਮ॥
ਗਰਬ ਗੰਜਨ ਦੁਸਟ ਭੰਜਨ
ਮੁਕਤਿ ਦਾਇਕ ਕਾਮ॥6॥80॥

ਉਹ ਆਪਣੇ ਜਿਹਾ ਆਪ ਹੀ ਹੈ, ਡੂੰਘਾ ਗੰਭੀਰ ਹੈ ਜਿਸ ਦੀ ਪੂਰੀ ਸਿਫਤ ਨਹੀਂ ਕੀਤੀ ਜਾ ਸਕਦੀ। ਉਹ ਸ਼ੁਧ-ਸਰੂਪ ਇੱਕ ਪੁਰਖ ਹੈ ਜੋ ਹੰਕਾਰ ਨੂੰ ਤੋੜਨ ਵਾਲਾ ਸਭ ਕੁੱਝ ਕਰਨ ਦੇ ਸਮਰੱਥ ਹੈ, ਜਿਹੜਾ ਸਭ ਨੂੰ ਪੈਦਾ ਕਰਨ ਵਾਲਾ, ਪਾਲਣ ਕਰਤਾ ਅਤੇ ਨਾਸ ਕਰਤਾ ਹੈ। ਕੋਈ ਵੀ ਧਰਮ ਸ਼ਾਸਤਰ ਉਸ ਦਾ ਭੇਦ ਨਹੀਂ ਪਾ ਸਕੇ। ਵੇਦਾਂ ਨੇ ਉਸ ਦੀ ਅਨੰਤਤਾ ਦੀ ਵਿਆਖਿਆ ਇਹ ਵੀ ਨਹੀਂ, ਇਹ ਵੀ ਨਹੀਂ ਕਹਿ ਕੇ ਕੀਤੀ ਹੈ। ਕਰੋੜਾਂ ਸਿਮ੍ਰਤੀ ਗ੍ਰੰਥ ਅਤੇ ਪੁਰਾਣ ਆਦਿ ਸ਼ਾਸਤਰ ਉਸ ਨੂੰ ਚਿਤਵ ਨਹੀਂ ਸਕਦੇ ਕਿ ਉਹ ਕਿਹੋ ਜਿਹਾ ਹੈ।

ਸ਼ੁਰੂ ਵਿਚ ਹੀ ਜ਼ਿਕਰ ਕੀਤਾ ਸੀ ਕਿ ਗੁਰਮਤਿ ਸਿਧਾਂਤ ਅਨੁਸਾਰ ਜਿਸ ਕਿਸਮ ਦੇ ਇਸ਼ਟ ਦੀ ਮਨੁੱਖ ਅਰਾਧਨਾ ਕਰਦਾ ਹੈ, ਉਸ ਦੇ ਅਨੁਸਾਰ ਹੀ ਉਸ ਦਾ ਵਿਅਕਤਿਤਵ ਘੜਿਆ ਜਾਂਦਾ ਹੈ। ਜਾਪੁ ਸਾਹਿਬ ਵਿਚ ਜਿਸ ਇਸ਼ਟ ਦੀ ਅਰਾਧਨਾ ਕੀਤੀ ਗਈ ਹੈ ਉਸ ਦੇ ਧਿਆਉਣ ਵਾਲੇ ਅੰਦਰ ਉਸ ਅਕਾਲ ਪੁਰਖ ਦਾ ਜੋ ਤੇਜ਼-ਪ੍ਰਕਾਸ਼ ਸੰਚਾਰਤ ਹੁੰਦਾ ਹੈ, ਉਸ ਨੂੰ ਆਪਣੇ ਵਿਅਕਤਿਤਵ ਦੀ ਘਾੜਤ ਲਈ ਕਿਸੇ ਪੌਰਾਣਕ ਕਥਾਵਾਂ ਜਾਂ 'ਚਰਿਤ੍ਰੋਪਖਿਆਨ' ਵਰਗੀ ਸਿੱਖਿਆ ਦੀ ਜ਼ਰੂਰਤ ਨਹੀਂ ਪੈਂਦੀ।

## ਸਿਆਣਿਆਂ ਦਾ ਕਿਹਾ

(1) ਸਭ ਤੋਂ ਵੱਡਾ ਇਨਸਾਨ ਉਹ ਹੈ ਜੋ ਕੋਲ ਬੈਠੇ ਵਿਅਕਤੀ ਨੂੰ ਛੋਟਾ ਮਹਿਸੂਸ ਨਾ ਹੋਣ ਦੇਵੇ।

(2) ਕਿਸੇ ਨੂੰ ਆਪਣੇ ਭੇਦ ਦੇ ਦੇਣਾ ਆਪਣੇ ਆਪ ਨੂੰ ਉਸ ਦੇ ਗੁਲਾਮ ਕਰਨ ਬਰਾਬਰ ਹੈ।

(3) ਕਿਸੇ 'ਤੇ ਵਿਸ਼ਵਾਸ ਕਰਨਾ ਸੌਖਾ ਹੈ ਪ੍ਰੰਤੂ ਕਿਸੇ ਨੂੰ ਵਿਸ਼ਵਾਸ ਕਰਵਾਉਣਾ ਬਹੁਤ ਮੁਸ਼ਕਿਲ ਹੈ।

(4) ਮਾਂ ਜਿਹੇ ਬ੍ਰਿੱਖ ਦੀ ਠੰਡੀ ਛਾਂ ਮਾਨਣੀ ਹਰ ਇੱਕ ਦੇ ਹਿੱਸੇ ਨਹੀਂ ਆਉਂਦੀ।

(5) ਖੁਸ਼ੀ ਵੰਡੀਏ ਤਾਂ ਵਧਦੀ ਹੈ। ਦੁੱਖ ਵੰਡੀਏ ਤਾਂ ਹਮੇਸ਼ਾਂ ਘਟਦਾ ਹੈ।

(6) ਉਹ ਗੱਲ ਸਾਨੂੰ ਹਾਸਾ ਮਖੌਲ ਹੀ ਲਗਦੀ ਹੈ, ਜੋ ਕਿਸੇ ਹੋਰ ਨਾਲ ਵਾਪਰਦੀ ਹੈ।

(7) ਸਿਆਣੇ ਆਦਮੀ ਜਿਉਣ ਲਈ ਖਾਂਦੇ ਹਨ, ਮੂਰਖ ਖਾਣ ਲਈ ਜਿਉਂਦੇ ਹਨ।

(8) ਜ਼ਿੰਦਗੀ ਦਾ ਅਸਲੀ ਮਕਸਦ ਜਿੱਤਣ ਨਾਲੋਂ ਲਗਾਤਾਰ ਸੰਘਰਸ਼ ਕਰਨਾ ਹੈ।

(9) ਚੁੱਪ ਵੀ ਇੱਕ ਜ਼ਬਾਨ ਹੈ ਜੋ ਅੱਖਾਂ ਰਾਹੀਂ ਸਭ ਕੁੱਝ ਸਮਝਾ ਦਿੰਦੀ ਹੈ।

(10) ਬੁਰੇ ਆਦਮੀ ਦੇ ਬੁਰੇ ਸ਼ਬਦਾਂ ਦਾ ਜਵਾਬ ਨਾ ਦਿਉ ਕਿਉਂਕਿ ਉਸ ਕੋਲ ਹੋਰ ਵੀ ਬੁਰੇ ਸ਼ਬਦ ਹੋ ਸਕਦੇ ਹਨ।

(11) ਖੁਸ਼ੀ ਹਮੇਸ਼ਾਂ ਇਸ ਗੱਲ 'ਤੇ ਨਿਰਭਰ ਕਰਦੀ ਹੈ ਕਿ ਤੁਸੀਂ ਕਿਸੇ ਨੂੰ ਕੀ ਦੇ ਰਹੇ ਹੋ ਨਾ ਕਿ ਕਿਸੇ ਤੋਂ ਕੀ ਲੈ ਰਹੇ ਹੋ।

(12) ਮਜ਼ਬੂਤ ਇਰਾਦਾ ਤੇ ਵਿਸ਼ਵਾਸ ਮਨੁੱਖ ਦੀ ਸਭ ਤੋਂ ਵੱਡੀ ਤਾਕਤ ਹੈ।

(13) ਉਹ ਦੋਸਤ, ਦੁਸ਼ਮਣ ਹੈ ਜਿਹੜਾ ਤੁਹਾਨੂੰ ਤੁਹਾਡੀਆਂ ਕਮਜ਼ੋਰੀਆਂ ਤੋਂ ਜਾਣੂੰ ਨਹੀਂ ਕਰਵਾਉਂਦਾ।

(14) ਪ੍ਰਤੀਕ ਸੱਚ ਨੂੰ ਉਜਾਗਰ ਕਰਨ ਵਾਸਤੇ ਹੁੰਦੇ ਹਨ ਪਰ ਸੱਚ ਪ੍ਰਤੀਕਾਂ ਦੇ ਅਧੀਨ ਨਹੀਂ ਹੁੰਦਾ।

(15) ਪ੍ਰਤੀਕ ਸਮੇਂ ਨਾਲ ਬੇਲੋੜੇ ਜਾਂ ਪੁਰਾਣੇ ਹੋ ਸਕਦੇ ਹਨ ਪਰ ਸੱਚ ਕਦੇ ਪੁਰਾਣਾ ਨਹੀਂ ਹੁੰਦਾ। ਹਮੇਸ਼ਾਂ ਹੀ ਨਵਾਂ ਅਤੇ ਸਮੇਂ ਦਾ ਹਾਣੀ ਰਹਿੰਦਾ ਹੈ।

(16) ਨਿਸ਼ਾਨ ਸਾਹਿਬ ਇੱਕ ਪ੍ਰਤੀਕ ਹੈ ਜੋ ਸੱਚ ਨੂੰ ਦਰਸਾਉਣ ਦਾ ਸਾਧਨ ਹੈ।

(17) ਨਿਸ਼ਾਨੇ ਤੋਂ ਉਕ ਗਏ ਤਾਂ ਪ੍ਰਤੀਕ ਦਾ ਕੀ ਮੁਲ?

(18) ਨਵੇਂ ਪ੍ਰਤੀਕਾਂ ਦੀ ਭਾਲ ਕੋਈ ਮਾੜੀ ਨਹੀਂ ਹੈ, ਸੋਚ ਦੇ ਦਾਇਰੇ ਨੂੰ ਅੱਗੇ ਲਿਜਾਣਾ ਆਪਣਾ ਮਨੁੱਖੀ ਅਧਿਕਾਰ ਹੀ ਨਹੀਂ ਫਰਜ਼ ਵੀ ਹੈ।

(19) ਗੁਰੂ ਨਾਨਕ ਦੇਵ ਪ੍ਰਤੀਕਾਂ ਵਿਚ ਜਕੜੇ ਹੋਏ ਸੱਚ ਨੂੰ ਬਾਹਰ ਕੱਢਦੇ ਹਨ ਅਤੇ ਹਰ ਮਨੁੱਖ ਮਾਤਰ ਦੀ ਸੋਚ/ਮਤ ਨੂੰ ਉਚੀ ਤੇ ਅੱਗੇ ਤੋਂ ਅੱਗੇ ਲੈ ਕੇ ਜਾਣ ਵਿਚ ਸਹਾਇਤਾ ਕਰਦੇ ਹਨ।

(20) ਗੱਲ ਤਾਂ ਗੁਰੂ ਨਾਨਕ ਸਾਹਿਬ ਕੋਲ ਪਹੁੰਚਣ ਦੀ ਹੈ, ਕਿੰਦਾਂ ਪਹੁੰਚਣਾ ਹੈ, ਕਿਹੜਾ ਰਾਹ ਚੁਣਨਾ ਹੈ, ਇਹ ਇੱਕ ਵਿਅਕਤੀਗਤ ਸਮੱਸਿਆ ਹੈ।

(21) ਪ੍ਰਤੀਕ ਸਮੇਂ ਨਾਲ ਬਦਲੇ ਜਾਣ ਬੁਧੀਮਾਨਤਾ ਹੈ, ਨਹੀਂ ਤਾਂ ਇਹ ਕੰਮ ਸਮਾਂ ਆਪ ਕਰਦਾ ਹੈ ਜਿਸ ਨੂੰ ਕੋਈ ਮਰਿਆਦਾ ਠੱਲ ਨਹੀਂ ਪਾ ਸਕਦੀ।

(22) ਗੁਰੂ ਸਾਹਿਬਾਨ ਪ੍ਰਤੀਕਾਂ ਦੇ ਅਧੀਨ ਨਹੀਂ ਸਗੋਂ ਪ੍ਰਤੀਕ ਗੁਰੂਆਂ ਦੀ ਸ਼ਰਨ 'ਚ ਹਨ।

(23) ਅੱਜ ਦਾ ਸਿੱਖ ਕਮੀਜਾਂ ਤੇ ਖੰਡੇ ਛਪਵਾ ਕੇ, ਕੰਧਾਂ 'ਤੇ ਖੰਡੇ ਦੇ ਚਿਤਰ ਪਾ ਕੇ, ਗਲਾਂ ਅਤੇ ਕਾਰਾਂ ਵਿਚ ਖੰਡੇ ਲਟਕਾ ਕੇ ਸਿੱਖ ਹੋਣ ਦਾ ਦਿਖਾਵਾ ਕਰਦਾ ਹੈ।

(24) ਕ੍ਰਿਪਾਨ ਅਤੇ ਤਲਵਾਰ ਦੇਖਣ ਨੂੰ ਇੱਕ ਹੀ ਲਗਦੀਆਂ ਹਨ ਪਰ ਗੁਰੂ ਦੇ ਸਿੱਖ ਹੱਥ ਕ੍ਰਿਪਾਨ ਹੁੰਦੀ ਹੈ, ਹੁਕਮਰਾਨ ਹੱਥ ਤਲਵਾਰ।

(25) ਖਾਲਸਾ ਨਿਆਰਾ ਸੱਚ ਦਾ ਪ੍ਰਤੀਕ ਹੋਣ ਕਰਕੇ ਹੈ, ਨਾ ਕਿ ਸਿਰਫ ਕਿਸੇ ਬਾਹਰੀ ਅਡੰਬਰ ਕਰਕੇ।

(26) ਸੱਚ ਦਾ ਪ੍ਰਤੀਕ ਬਣਨ ਲਈ ਕਦੇ ਵੀ ਤੱਤੀ ਤਵੀ ਉਪਰ ਬੈਠਣ ਜਾਂ ਸਿਰ ਤਲੀ 'ਤੇ ਧਰ ਭੇਟ ਕਰਨ ਲਈ ਤਿਆਰ ਰਹਿਣਾ ਪੈਂਦਾ ਹੈ।

(27) ਕ੍ਰਿਪਾਨ ਦੇ ਪਿਛੇ ਛੁਪੇ ਭਾਵ ਨੂੰ ਸਮਝਣ ਦੀ ਲੋੜ ਹੈ।

(28) ਘਰ ਦੀ ਇੱਕ ਛੋਟੀ ਜਿਹੀ ਸਮੱਸਿਆ ਤੋਂ ਲੈ ਕੇ ਦੁਨੀਆਂ ਦੇ ਹਰ ਖੇਤਰ ਤੱਕ ਕ੍ਰਿਪਾਨ ਦੇ ਭਾਵ ਨੂੰ ਵਰਤਾਉਣ ਦੀ ਲੋੜ ਹੈ।

***ਪੇਸ਼ਕਾਰ-ਪਰਮਜੀਤ ਸਿੰਘ ਦਾਖਾ***

ISBN # 978-0-9781624-9-8

## ਨੈਣ-ਨਕਸ਼

# ਦੁਨੀਆਂ ਬਣਾਉਣ ਵਾਲਿਆ ਕਿੱਥੇ ਦੱਸਦੈਂ ਭੇਤ

*ਜਦੋਂ ਦਾ ਘੁੰਡ ਚੁੱਕਿਆ ਗਿਆ ਹੈ, ਸ਼ਰਮ ਲੁਕ ਗਈ ਹੈ; ਤੇ ਜਦੋਂ ਦੀਆਂ ਔਰਤਾਂ ਕਛਹਿਰਾ ਪਾ ਕੇ ਘੁੰਮਣ ਲੱਗ ਪਈਆਂ ਹਨ, ਮਨੁੱਖ ਸਭਿਅਕ ਹੋਣ ਦੇ ਦਾਅਵੇ ਕਰ ਹੀ ਨਹੀਂ ਸਕਦਾ। ਕਈ ਲੋਕਾਂ ਨੇ ਘਰਾਂ ਦੀਆਂ ਛੱਤਾਂ ਤਾਂ ਪਾ ਲਈਆਂ ਸਨ, ਪਰ ਬਨੇਰੇ ਲਿੱਪ ਹੀ ਨਹੀਂ ਹੋਏ। ਅਜ਼ਮਾ ਕੇ ਵੇਖ ਲਿਓ, ਪੈਸੇ ਦਾ ਪੁੱਤ ਨਾ ਹੋਰ ਕਿਸੇ ਦਾ ਪੁੱਤ ਹੁੰਦਾ ਹੈ, ਨਾ ਭਰਾ ਤੇ ਨਾ ਹੀ ਦੋਸਤ। ਬਹੁਤ ਸਾਰੇ ਲੋਕਾਂ ਨੇ ਸਵਰਗ ਜਾਣ ਦਾ ਭਰਮ ਤਿਆਗ ਦਿੱਤਾ ਹੈ, ਕਿਉਂਕਿ ਜਿਹੜੀਆਂ ਸੁੱਖ-ਸਹੂਲਤਾਂ, ਸ਼ਾਨੋ-ਸ਼ੌਕਤ ਉਨ੍ਹਾਂ ਨੇ ਧਰਤੀ 'ਤੇ ਰਹਿੰਦਿਆਂ ਮਾਣ ਲਈਆਂ ਹਨ, ਸ਼ਾਇਦ ਸਰਵਗ ਵਿਚ ਵੀ ਨਾ ਹੋਣ। ਕਈ ਜੰਮੇ ਤਾਂ ਸਵਰਗ 'ਚ ਸੀ ਪਰ ਸਾਰੀ ਉਮਰ ਘੁਲਦੇ ਨਰਕ ਨਾਲ ਹੀ ਰਹੇ। ਜਦੋਂ ਵੀ ਕਾਂਵਾਂ ਰੌਲੀ ਵਧਦੀ ਹੈ, ਕੋਇਲਾਂ ਖਾਮੋਸ਼ ਹੋ ਜਾਂਦੀਆਂ ਹਨ। ਸਮਾਜਿਕ ਵਰਤਾਰੇ ਵਿਚ ਕਈ ਵਾਰ ਅਜਿਹਾ ਹੁੰਦਾ ਹੈ ਕਿ ਘਟਨਾ ਉਹ ਘਟਦੀ ਹੈ ਜਿਹਨੂੰ ਸੁਣ ਕੇ ਕੰਨ ਅਤੇ ਦੇਖ ਕੇ ਅੱਖਾਂ ਕਹਿੰਦੀਆਂ ਹਨ: ਰੋਵੋ ਨਾ, ਸਿਆਪਾ ਕਰੋ, ਅੱਥਰੂ ਆਪ ਮੁਹਾਰੇ ਖੁਸ਼ਕ ਹੋ ਕੇ ਮਾਰੂਥਲ ਬਣ ਜਾਂਦੇ ਹਨ। ਤਲਾਕ ਝੱਲ ਹੋ ਜਾਂਦਾ ਹੈ, ਵਿਛੋੜਾ ਸਹਿ ਹੋ ਜਾਂਦਾ ਹੈ, ਮੁਕੱਦਮੇ ਮੁੱਕ ਜਾਂਦੇ ਹਨ, ਝਗੜੇ ਦੋਸਤੀ ਵਿਚ ਬਦਲ ਜਾਂਦੇ ਹਨ ਪਰ ਕਈ ਦੁੱਖ ਭੂਤਨੇ ਬਣ ਕੇ ਅਜਿਹੇ ਚਿੰਬੜਦੇ ਹਨ ਕਿ ਸਿਵਿਆਂ ਦੀ ਰਾਖ 'ਚੋਂ ਵੀ ਧਾਹਾਂ ਦੀ ਸਿੱਲ੍ਹ ਨਿਕਲ ਆਉਂਦੀ ਹੈ। ਥਾਣੇਦਾਰ ਬੀਬਾ ਵੀ ਹੋਵੇ, ਆਪਣੇ ਮੁਲਕ ਵਿਚ ਹਾਲੇ ਤੀਕਰ ਇਸ ਸੰਕਲਪ 'ਤੇ ਵਿਸ਼ਵਾਸ ਕਰਨਾ ਸੰਭਵ ਹੀ ਨਹੀਂ ਹੋਇਆ। ਇਕ ਪੈਰ ਨਾਲ ਛੜੱਪੇ ਲਾਏ ਜਾ ਸਕਦੇ ਹਨ, ਤੁਰਿਆ ਨਹੀਂ ਜਾ ਸਕਦਾ। ਜਿਹਦੇ ਕੋਲ ਪੈਰ ਨਾ ਹੋਣ, ਉਹਦੇ ਨੱਚਣ ਦੇ ਚਾਅ ਨੂੰ ਦੁਨੀਆ ਦੀ ਕੋਈ ਤਾਕਤ ਪੂਰਾ ਨਹੀਂ ਕਰ ਸਕਦੀ। ਲਾਹੌਰ ਅਤੇ ਪਿਸ਼ੌਰ ਵਿਚ ਫਰਕ ਬੜਾ ਹੈ ਪਰ ਕਈ ਦੋਵੇਂ ਥਾਂਵਾਂ 'ਤੇ ਜਾ ਕੇ ਉਹ ਦੇ ਉਹੀ ਰਹੇ। ਗਲਤੀਆਂ ਅਸੀਂ ਸਾਰੇ ਕਰਦੇ ਹਾਂ, ਕਿਉਂਕਿ ਇਨ੍ਹਾਂ ਨੇ ਹੋ ਹੀ ਜਾਣਾ ਹੁੰਦਾ ਹੈ, ਕਈ ਮੁਨਸਿਫ਼ ਵੀ ਨਹੀਂ ਸਨ ਤੇ ਅਣਜਾਣਪੁਣੇ ਵਿਚ ਗਲਤੀਆਂ ਵੀ ਵੱਡੀਆਂ ਨਹੀਂ ਸਨ ਪਰ ਸਜ਼ਾਵਾਂ ਬੜੀਆਂ ਸਖ਼ਤ ਮਿਲੀਆਂ ਜਿਵੇਂ...*



ਐਸ. ਅਸ਼ੋਕ ਭੌਰਾ

ਸਾਡੀ ਲੋਕ ਬੋਲੀ ਐ 'ਵਿਆਹ ਕਰਤਾਰੇ ਦਾ, ਚੱਕ ਲਓ ਢੋਲਕੀ ਛੈਣੇ...' ਪਰ ਅੱਜ ਵਿਆਹ ਕਰਤਾਰੇ ਦਾ ਨਹੀਂ, ਉਹਦੇ ਮੁੰਡੇ ਦਾ ਹੋ ਰਿਹਾ ਸੀ। ਹੈਰਾਨੀ ਵਾਲੀ ਗੱਲ ਇਹ ਸੀ ਕਿ ਨਾ ਕੋਈ ਗਾਉਣ ਵਾਲੀ ਆਈ ਸੀ, ਨਾ ਡੀ.ਜੇ., ਨਾ ਨਕਲੀਏ ਤੇ ਨਾ ਭੰਡ; ਨੱਚਣ ਨੂੰ ਫਿਰ ਵੀ ਹਰ ਇਕ ਦਾ ਜੀਅ ਕਰਦਾ ਸੀ। ਰੇਹੀ ਨਾਲ ਖਾਧੀਆਂ ਕੰਧਾਂ, ਵਿਹੜੇ 'ਚ ਲੱਗੀ ਘਸਮੈਲੀ ਜਿਹੀ ਚਾਨਣੀ ਹੇਠ ਕਿਤੇ ਗਲਾਸੀਆਂ ਖੜਕ ਰਹੀਆਂ ਸਨ, ਕਿਤੇ ਘਰ ਦੀ ਕੱਢੀ, ਕਿਤੇ ਦੇਸੀ ਤੇ ਮਾੜੀ-ਮੋਟੀ ਅੰਗਰੇਜ਼ੀ ਸ਼ਰਾਬ ਵਰਤ ਰਹੀ ਸੀ। 'ਕੱਲੀਆਂ ਮੂਲੀਆਂ ਦੇ ਸਲਾਦ ਨੂੰ ਕੋਈ-ਕੋਈ ਹੱਥ ਲਾਉਂਦਾ ਸੀ, ਬੱਕਰੇ ਦੇ ਮੀਟ ਦੇ ਦੋ ਵਲਟੋਹੇ ਭਰੇ ਪਏ ਸਨ, ਮਾੜੇ-ਧੀੜੇ ਬੰਦੇ ਅੱਗੇ ਵੀ ਹੱਡਾ ਰੋੜੀ ਦੇ ਕੁੱਤੇ ਜਿੰਨੀਆਂ ਚਰੂੰਡੀਆਂ ਹੱਡੀਆਂ ਦਾ ਢੇਰ ਪਿਆ ਸੀ। ਦਰਜਨ ਕੁ ਜਣੇ ਸ਼ਰਾਬੀ ਹੋ ਕੇ ਮੰਜਿਆਂ 'ਤੇ ਛੋਟੇ ਦਾਅ ਲੁੜਕੇ ਪਏ ਸਨ।

ਕਰਤਾਰਾ ਦੁਬਈ ਤੋਂ ਜਿਹੜੀ ਵੱਡੀ ਸਾਰੀ ਟੇਪ ਰਿਕਾਰਡ ਲਿਆਇਆ ਸੀ, ਉਹਦੇ 'ਤੇ ਫੁੱਲ ਆਵਾਜ਼ ਛੱਡ ਕੇ ਗਾਣੇ ਵੱਜ ਰਹੇ ਸਨ। ਕਰਤਾਰੇ ਦੀ ਸੁਨੱਖੀ ਸਾਲੀ ਜਦੋਂ ਨੱਚਣ ਲੱਗੀ ਤਾਂ ਜਾਗਰ ਅਮਲੀ ਤੋਂ ਵੀ ਗੇੜੀ ਦੇਣੋਂ ਰਿਹਾ ਨਾ ਗਿਆ। ਸ਼ਰਾਰਤੀਆਂ ਨੇ ਰੀਲ੍ਹ ਫਸਾ'ਤੀ 'ਨੱਚਣੇ ਨੂੰ ਕਰੇ ਮੇਰਾ ਜੀਅ, ਹਾਏ ਨੀ ਤੈਨੂੰ ਨੱਚਦੀ ਵੇਖ ਕੇ, ਖੌਰੇ ਮੈਨੂੰ ਹੋਈ ਜਾਂਦਾ ਕੀ...।' ਤਾਂ ਠਾਕਰ ਨੇ ਜਾਗਰ ਨੂੰ ਬਾਹੋਂ ਫੜ ਕੇ ਖਿੱਚ ਲਿਆ, "ਸ਼ਰਮ ਕਰ ਬੁੱਢ-ਵਲੇਟ ਕੁੜੀਆਂ-ਚਿੜੀਆਂ ਨਾਲ ਲੱਕ ਹਿਲਾਉਣ ਲੱਗ ਪਿਆ, ਧੌਲੇ ਝਾਟੇ ਨੂੰ ਵੀ ਅਕਲ ਦਾ ਘਾਟਾ ਈ ਲਗਦੈ।"

"ਤੇਰੇ ਸੂਲ ਹੁੰਦੀ ਐ, ਅੱਜ ਕਿਤੇ ਕਰਤਾਰੇ ਦੀ ਜੋਗਿੰਦਰੋ ਜਿਉਂਦੀ ਹੁੰਦੀ ਤਾਂ ਬਾਹੋਂ ਫੜ ਕੇ ਬੋਲੀਆਂ ਪਾਉਣੀਆਂ ਸੀ, 'ਘੁੰਡ ਕੱਢ ਕੇ ਖੈਰ ਨਾ ਪਾਈਏ ਸਾਧ ਹੁੰਦੇ ਰੱਬ ਵਰਗੇ... '।"

"ਸਾਧ ਨ੍ਹੀਂ ਅਮਲੀ।"

"ਕੁਝ ਹੋਵੇ, ਵਿਚਾਰੀ ਪੁੱਤ ਦੇ ਚਾਅ ਵੀ ਪੂਰੇ ਨ੍ਹੀਂ ਕਰ ਸਕੀ। ਅੱਜ ਕਿਤੇ ਉਹ ਹੁੰਦੀ ਤਾਂ ਪਰੀਆਂ ਵੀ ਕੀ ਹੋਣੀਆਂ ਸੀ। ਉਹਦੇ ਸਾਹਮਣੇ, ਨੱਚਦੀ ਨੂੰ ਵੇਖ ਕੇ ਇੰਦਰ ਨੇ ਵੀ ਅੰਬਰੋਂ ਛਾਲ ਮਾਰ ਦੇਣੀ ਸੀ।"

"ਵਿਚਾਰੀ ਦੇ ਭਾਗ 'ਚ ਨਹੀਂ ਸੀ ਪੁੱਤ ਜੱਗੇ ਦਾ ਵਿਆਹ।"

...ਤੇ ਜਾਗਰ ਤੇ ਠਾਕਰ ਦੇ ਇਨ੍ਹਾਂ ਸੰਵਾਦਾਂ ਵਿਚ ਕਰਤਾਰੇ ਨੇ ਦੇਸੀ ਦੀ ਪੰਜ ਲੀਟਰ ਵਾਲੀ ਕੈਨੀ ਹੀ ਅੱਗੇ ਲਿਆ ਧਰੀ।

ਬਾਗੋ-ਬਾਗ ਹੋਇਆ ਜਾਗਰ ਉਛਲ ਕੇ ਬੋਲਿਆ, "ਕਰਤਾਰਿਆ, ਅੱਜ ਤਾਂ ਉਹ ਦਿਨ ਐ ਕਿ ਪਲਾਏਂਗਾ ਘੱਟ, ਨਲਾਏਂਗਾ ਵੱਧ।"

ਅਸਲ ਵਿਚ ਇਹ ਵਿਆਹ ਤਾਂ ਆਮ ਵਿਆਹਾਂ ਵਰਗਾ ਹੀ ਸੀ, ਬੱਕਰੀਆਂ ਚਾਰਨ ਵਾਲੇ ਕਰਤਾਰੇ ਦੇ ਚੌਵੀ ਸਾਲਾਂ ਦੇ ਪੁੱਤ ਜੱਗੇ ਦਾ। ਕਰਤਾਰਾ ਬੱਕਰੀਆਂ ਵੇਚ ਕੇ ਪੰਜ-ਸੱਤ ਸਾਲ ਦੁਬਈ ਲਾ ਕੇ ਆਇਆ ਸੀ।

ਵਿਆਹ ਤਾਂ ਗਰੀਬ ਦੇ ਵਿਹੜੇ ਵਿਚ ਹੋ ਰਿਹਾ ਸੀ ਪਰ ਸ਼ਗਨਾਂ ਅਤੇ ਜਸ਼ਨਾਂ 'ਚ ਸਾਰਾ ਪਿੰਡ ਸ਼ਾਮਲ ਸੀ। ਕੀ ਜੱਟ ਜ਼ਿਮੀਂਦਾਰ, ਕੀ ਬ੍ਰਾਹਮਣ-ਖੱਤਰੀ, ਛੀਂਬਾ ਜਾਂ ਨਾਈ ਜਾਂ ਝਿਉਰ, ਸਭ ਖੁਸ਼ੀ ਨਾਲ ਕਰਤਾਰੇ ਦੇ ਘਰ ਆਏ ਸਨ ਕਿਉਂਕਿ ਜਿਸ ਜੱਗੇ ਦਾ ਵਿਆਹ ਹੋ ਰਿਹਾ ਸੀ, ਉਹਦਾ ਜਨਮ ਦੁਨੀਆਂ ਨਾਲੋਂ ਵੱਖਰਾ ਹੋਇਆ ਸੀ। ਉਹ ਇਸ ਜੱਗ 'ਤੇ ਉਸ ਰਾਹੇ ਨਹੀਂ ਆਇਆ ਸੀ, ਜਿੱਥੋਂ ਸਾਰੇ ਆਉਂਦੇ ਹਨ ਤੇ ਨਾ ਹੀ ਉਹਦਾ ਜਨਮ ਡਾਕਟਰਾਂ ਦੇ ਹਸਪਤਾਲ 'ਚ ਓਪਰੇਸ਼ਨ ਨਾਲ ਸੰਭਵ ਬਣਾਇਆ ਸੀ। ਬੰਦੂਕ ਦੀ ਗੋਲੀ ਨਾਲ ਉਹ ਮਾਂ ਦੇ ਪੇਟ 'ਚੋਂ 'ਰੰਗਲਾ ਸੰਸਾਰ' ਵੇਖਣ ਦਾ ਚਾਅ ਪੂਰਾ ਕਰਕੇ ਆਇਆ ਸੀ। ਵੱਖਰੀ ਗੱਲ ਹੈ ਕਿ ਜੱਗੇ ਦੀ ਨਬਜ਼ ਤਾਂ ਚੱਲਦੀ ਰਹੀ ਪਰ ਮਾਂ ਜੋਗਿੰਦਰੋ ਦੀ ਬੰਦ ਹੋ ਗਈ। ਵਿਆਹ 'ਚ ਉਨ੍ਹਾਂ ਨੇ ਵੀ ਘੁੱਟ ਲਾ ਲਈ ਸੀ ਜਿਹੜੇ ਕਦੇ ਠੇਕੇ ਦੇ ਪਿਛਵਾੜ ਤੋਂ ਵੀ ਨਹੀਂ ਲੰਘੇ ਸਨ।

ਕਰਤਾਰੇ ਨੂੰ ਪੂਰਾ ਡੂਢ ਲੱਖ ਜਦੋਂ ਸ਼ਗਨਾਂ ਦਾ ਪਿੰਡੋਂ ਬਣਿਆ ਤਾਂ ਸਰਪੰਚ ਮੱਘਰ ਸਿੰਘ ਨੇ ਨਸ਼ੇ 'ਚ ਐਲਾਨ ਕੀਤਾ ਸੀ, "ਦੁਨੀਆਂ 'ਤੇ ਜੱਗੇ ਬੜੇ ਹੋਣਗੇ, ਮਾਂਵਾਂ ਨੇ ਪੁੱਤ ਬੜੇ ਜੰਮੇ ਹੋਣਗੇ ਪਰ ਸਾਡੇ ਪਿੰਡ ਦਾ ਜੱਗਾ ਦੁਨੀਆਂ 'ਤੇ ਇਕੋ ਹੈ, ਜਿਹੜਾ ਬੰਦੂਕ ਦੀ ਗੋਲੀ ਨਾਲ ਜੰਮਿਆ। ਜੀਹਦੀ ਮਾਂ, ਪੁੱਤ ਦਾ ਮੂੰਹ ਵੇਖਣ ਤੋਂ ਪਹਿਲਾਂ ਚਲੇ ਗਈ। ਇਸ ਲਈ ਅਸੀਂ ਜੋਗਿੰਦਰੋਂ ਦੀ ਯਾਦ ਵਿਚ ਉਥੇ ਹੀ ਗੇਟ ਬਣਾਵਾਂਗੇ ਜਿਸ ਥਾਂ 'ਤੇ ਅਣਭੋਲ ਤੇ ਬੇਕਸੂਰ ਜੋਗਿੰਦਰੋ ਨੇ ਲੋਕਾਂ ਨੂੰ ਦੱਸਿਆ ਸੀ, ਪੁੱਤ ਆਏਂ ਵੀ ਜੰਮੇ ਜਾਂਦੇ ਆ।"

ਜਦੋਂ ਵਾਜੇ ਆਲਿਆ ਨੇ ਪੂੰ-ਪੂੰ ਕੀਤੀ ਤਾਂ ਜਾਗਰ ਉਠ ਕੇ ਪੈ ਗਿਆ ਟੁੱਟ ਕੇ, "ਬੰਦ ਕਰ ਓਏ ਸਾਧੂ ਰਾਮਾ ਵੜੇ-ਵਾਜਿਆਂ ਨੂੰ। ਸਾਲਿਆ, ਸਰਪੰਚ ਨੇ ਸਾਡੀਆਂ ਧਾਹਾਂ ਕਢਾ'ਤੀਆਂ, ਤੇ ਤੂੰ ਹਿੰਦੀ ਦੀਆਂ ਤਰਜ਼ਾਂ ਕੱਢਦੈਂ। ਆਖੇ 'ਮਾਂ ਦਾ ਲਾਡਲਾ ਵਿਗੜ ਗਿਆ।' ਕੰਜਰ ਦਿਆ, ਗਊ ਪੁੱਤ ਐ ਜੱਗਾ। ਤੂੰ ਦੱਸਦੈਂ ਲਾਡਲਾ ਵਿਗੜ ਗਿਆ। ਆਥਣੇ ਵਜਾਈਂ। ਹੁਣ ਕਰਨ ਦੇ ਸਾਨੂੰ ਚਾਅ ਪੂਰੇ।" ਤੇ ਚੀਂਡ ਲਾ ਕੇ ਕੰਗਣੀ ਆਲਾ ਦੇਸੀ ਦਾ ਗਲਾਸ ਮੱਝ ਨੂੰ ਲੂਣ ਦੇਣ ਵਾਂਗ ਅੰਦਰ ਸੁੱਟ ਲਿਆ।

ਦੇਰ ਨਾਲ ਆਏ ਪੰਚ ਤਾਰਾ ਸਿੰਘ ਨੇ ਉਪਰੋਥਲੀ ਦੋ-ਤਿੰਨ ਪੈਗ ਸੜ੍ਹਾਕ ਕੇ ਜਾਗਰ ਨੂੰ ਕਿਹਾ, "ਤਾਇਆ ਤੂੰ ਤਾਂ ਗਿਆ ਹੋਣੈ ਕਰਤਾਰੇ ਦੀ ਬਰਾਤੇ ਵੀ?"

"ਲੈ ਹੋਰ! ਅਸੀਂ ਤਾਂ ਤਿੰਨ ਦਿਨ ਸਾਹ ਨ੍ਹੀਂ ਲਿਆ। ਗਲਾਸੀ 'ਤੇ ਗਲਾਸੀ। ਮੈਂ ਤੇ ਠਾਕਰ ਤੀਜੇ ਦਿਨ ਆਏ ਸੀ ਜੋਗਿੰਦਰੋ ਦੇ ਪੇਕਿਆਂ ਤੋਂ ਟੈਂਪੂ ਚੜ੍ਹ ਕੇ।"

"ਤਾਇਆ, ਇਹ ਕਰਤਾਰਾ ਤਾਂ ਵਿੰਗਾ-ਟੇਡਾ ਜਿਹਾ ਹੀ ਆ। ਤੀਵੀਂ ਐਨੀ ਸੋਹਣੀ ਕਿੱਦਾਂ ਮਿਲ 'ਗੀ?"

"ਤਾਰਾ ਸਿਹਾਂ, ਸਹੁਰੀ ਦੀ ਕਿਤੇ ਚਾਰ ਜਮਾਤਾਂ ਪੜ੍ਹੀ ਹੁੰਦੀ ਤਾਂ ਇੰਦਰਾ ਗਾਂਧੀ ਨੇ ਨੂੰਹ ਬਣਾ ਲੈਣੀ ਸੀ।"

"ਸੱਚੀਂ?"

"ਜਦੋਂ ਬਲਦਾਂ ਆਲੀ ਗੱਡੀ 'ਤੇ ਡੋਲੀ ਬਿਠਾਉਣ ਲੱਗੇ ਤਾਂ ਵਾਜੇ ਆਲਿਆਂ ਦੀ ਪੌਂ-ਪੌਂ ਨਾਲ ਬਲਦ ਡਰ ਗਏ। ਜੋਗਿੰਦਰੋ ਜਦੋਂ ਬੁੜ੍ਹਕ ਕੇ ਅਹੁ ਡਿੱਗੀ ਤਾਂ ਪੱਲਾ ਲਹਿ ਗਿਆ ਮੂੰਹ ਤੋਂ...।"

"ਸੱਟ-ਚੋਟ ਤਾਂ ਨ੍ਹੀਂ ਲੱਗੀ?"

"ਤੂੰ ਗੋਲੀ ਮਾਰ ਸੱਟ-ਚੋਟ ਨੂੰ। ਜੋਗਿੰਦਰੋ ਤਾਂ ਤਕੜੀ ਸੀ, ਉਠ ਕੇ ਬਹਿ ਗਈ ਪਰ ਬੋਹੜ ਆਲਿਆਂ ਦਾ ਬੰਤਾ ਜਾ ਪਿਆ ਮੂੰਹ ਭਾਰ।"

"ਉਹ ਕਾਹਤੋਂ?"

"ਗੱਲ ਪੂਰੀ ਸੁਣੇਂਗਾ ਕਿ ਨਹੀਂ। ਬੱਸ ਏਨਾ ਹੀ ਮੂੰਹ 'ਚੋਂ ਨਿਕਲਿਆ ਕਿ ਏਦੂੰ ਤਾਂ ਹੀਰ ਵੀ ਸੋਹਣੀ ਨ੍ਹੀਂ ਹੋਣੀ। ਬਾਅਦ 'ਚ ਬੋਲਾ-ਵਾਜਾ ਹੋ ਕੇ ਮਰਿਆ। ਜੁਆਕ ਉਹਨੂੰ ਛੇੜਦੇ ਹੁੰਦੇ ਸਨ, 'ਆ ਗਈ ਬੋਲਿਆ ਜੋਗਿੰਦਰੋ।' ਝੱਟ ਕੰਨ ਖੜ੍ਹੇ ਕਰਕੇ ਆਲਾ-ਦੁਆਲਾ ਦੇਖ ਕੇ ਗਾਲਾਂ ਕੱਢਣ ਲੱਗ ਪੈਂਦਾ ਸੀ। ਕਿੱਥੇ ਐ ਹਰਾਮ ਦਿਓ ਥੋਡੀ ਮਾਸੀ, ਫੜਾਓ ਮੈਨੂੰ ਉਹਦਾ ਹੱਥ। ਸਾਲੇ ਜ਼ਖ਼ਮ ਛਿਲਦੇ ਐ ਮੇਰੇ'।"

"ਊਂ ਅੱਖੜ ਬੜੀ ਸੀ ਜੋਗਿੰਦਰੋ।"

"ਕਿਤੇ ਥੋੜ੍ਹੀ ਅੱਖੜ। ਕੇਰਾਂ ਠਾਕਰ ਨੇ ਬੱਕਰੀਆਂ ਚਾਰਦੀ ਨੂੰ ਛੇੜ 'ਤਾ, ਪਈ ਭਾਬੀ ਕੋਈ ਆਪਣੇ ਵਰਗੀ ਸਾਨੂੰ ਵੀ ਥਿਆ ਦੇ। ਤੁੱਕੇ ਲਾਹੁਣ ਵਾਲੀ ਢਾਂਗੀ ਮਾਰੀ ਠਾਕਰ ਦੇ ਕਪਾਲ 'ਚ। ਤੂਤਰੂ ਖੋਲ੍ਹ 'ਤਾ। ਫਿਰ ਲੀਰਾਂ ਜਾਲ ਕੇ ਲਾਉਂਦਾ ਫਿਰੇ। ਤੀਵੀਂ ਤੋਂ ਕੁੱਟ ਖਾ ਕੇ ਸ਼ਰਮ ਦਾ ਮਾਰਿਆ ਛੇ ਮਹੀਨੇ ਪਿੰਡ ਨ੍ਹੀਂ ਵੜਿਆ।"

"ਸੱਚੀਂ ਤਾਇਆ, ਕਰਤਾਰਾ ਵਿਚਾਰਾ ਪਤਾ ਨ੍ਹੀਂ ਕਿਵੇਂ 'ਕੱਲਾ ਸ਼ਗਨ ਵਿਹਾਰ ਕਰਦੈ। ਵਿਚਾਰੀ ਭੰਗ ਦੇ ਭਾੜੇ ਈ ਤੁਰ ਗਈ।"

ਤੇ ਨਾਲ ਈ ਮਚ ਗਈ ਹਫ਼ੜਾ-ਦਫੜੀ। ਹੋ ਗਈ ਦਗੜ-ਦਗੜ। ਅਖੇ ਕਰਤਾਰਾ ਡਿੱਗ ਪਿਆ ਚੱਕਰ ਖਾ ਕੇ। ਗੌਣ-ਪਾਣੀ ਦਾ ਚੱਕਾ ਜਾਮ ਹੋ ਗਿਆ। ਲੈ ਗਏ ਹਸਪਤਾਲ ਨੂੰ। ਜਾਗਰ ਵੀ ਭੱਜ ਕੇ ਬਹਿ ਗਿਆ ਗੱਡੀ 'ਚ।

ਸਵੇਰ ਨੂੰ ਜੰਞ ਚੜ੍ਹਨੀ ਸੀ ਤੇ ਪੈ ਗਿਆ ਅਸਲੋਂ ਹੀ ਵਿਆਹ ਵਿਚ ਕੰਮ 'ਚ ਘੜੰਮ।

ਜਾਗਰ ਅਤੇ ਕਰਤਾਰੇ ਦਾ ਸਾਲਾ ਦੀਪਾ ਰਾਤ ਹਸਪਤਾਲ ਹੀ ਰਹੇ। ਅੱਧੀ ਰਾਤ ਪਿੱਛੋਂ ਜਦੋਂ ਕਰਤਾਰੇ ਨੂੰ ਹੋਸ਼ ਆਈ, ਤਾਂ ਕਿਤੇ ਸਾਰੇ ਟੱਬਰ ਦੇ ਜਾਨ 'ਚ ਜਾਨ ਪਈ।

ਸਵੇਰੇ ਛੁੱਟੀ ਦੇਣ ਤੋਂ ਪਹਿਲਾਂ ਡਾਕਟਰ ਨੇ ਜਾਗਰ ਨੂੰ ਕੋਲ ਬਿਠਾ ਕੇ ਦੱਸਿਆ, "ਬਜ਼ੁਰਗਾ ਦਿਲ ਦਾ ਦੌਰਾ ਪੈ ਗਿਆ ਇਹਨੂੰ। ਬੜਾ ਜ਼ਬਰਦਸਤ ਗ਼ਮ ਲਾ ਲਿਆ ਕੋਈ।"

"ਗ਼ਮ ਵੀ ਕਿਤੇ ਛੋਟਾ ਡਾਕਦਾਰ ਸਾਹਿਬ। ਵਿਚਾਰੇ ਦੀ ਤੀਵੀਂ ਤੁਰ ਗਈ ਸੀ ਅਣਿਆਈ ਮੌਤੇ...।"

"ਕਿਵੇਂ?"

ਤੇ ਜਾਗਰ ਨੇ ਵਾਰਿਸ ਸ਼ਾਹ ਵਾਂਗ ਸ਼ੇਅਰ ਈ ਘੜ ਸੁੱਟਿਆ, 'ਮਾੜੇ ਲੇਖਾਂ ਵਾਲੇ ਦੀ ਏ ਬੜੀ ਦਰਦ ਕਹਾਣੀ, ਜਿਹੜੀ ਪੁੱਛਦੇ ਓ ਤੁਸੀਂ, ਉਹ ਸੁਣਾਈ ਨਹੀਂਓਂ ਜਾਣੀ...।'

"ਗੱਲ ਪੂਰੀ ਤਾਂ ਕਰ।"

ਗੱਲ ਐਂ ਆਂ ਭਾਈ ਡਾਕਟਰ ਜੀ। ਜਦੋਂ ਪੰਜਾਬ 'ਚ ਮੁੰਡੇ ਵੀ, ਤੇ ਪੁਲਿਸ ਆਲੇ ਵੀ ਰਫ਼ਲਾਂ ਚੁੱਕੀ ਫਿਰਦੇ ਸੀ, ਉਦੋਂ ਕਰਤਾਰੇ ਦੀ ਤੀਵੀਂ ਜੋਗਿੰਦਰੋ ਗੋਲੀ ਨਾ' ਮਾਰ 'ਤੀ।"

"ਇਹ ਵਿਚਾਰਾ ਨਾ ਕੋਈ ਲੀਡਰ, ਨਾ ਕੁਛ ਹੋਰ। ਗਰੀਬ ਤੋਂ ਕੀ ਲੈਣਾ ਸੀ?"

"ਲੈਣਾ ਸੁਣ ਲਓ। ਜੋਗਿੰਦਰੋ ਬੱਕਰੀਆਂ ਚਾਰਦੀ ਹੁੰਦੀ ਸੀ। ਇਕ ਦਿਨ ਪਿੰਡ ਦੇ ਚੜ੍ਹਦੇ ਪਾਸੇ ਬੱਕਰੀਆਂ ਚਾਰੇ। ਤਿੰਨ ਮੁੰਡੇ ਮੋਟਰਸਾਇਕਲ 'ਤੇ ਹਵਾ ਵਾਂਗੂੰ ਲੰਘ'ਗੇ। ਪਿੱਛੇ ਪੁਲਿਸ ਲੱਗੀ ਹੋਈ ਸੀ, ਤੇ ਇਸ ਅਣਭੋਲ ਨੂੰ ਕੀ ਪਤਾ ਸੀ ਇਹ ਕੌਣ ਮੁੰਡੇ ਨੇ, ਕਿਹੜੀ ਬੈਂਕ ਲੁੱਟ ਕੇ ਆਏ ਨੇ।"

"ਫੇਰ?"

"ਪੁਲਿਸ ਵਾਲਿਆਂ ਨੇ ਬੱਕਰੀਆਂ ਚਾਰਦੀ ਜੋਗਿੰਦਰੋ ਨੂੰ ਪੁੱਛਿਆ-ਐਧਰ ਨੂੰ ਮੋਟਰਸਾਈਕਲ 'ਤੇ ਵੀ ਕੋਈ ਲੰਘਦਾ ਦੇਖਿਆ? ਕਹਿੰਦੀ-ਦੇਖਿਆ ਭਾਈ ਤਿੰਨ ਜਣਿਆਂ ਨੂੰ। ਮੂੰਹ ਬੰਨ੍ਹੇ ਹੋਏ ਸੀ। ਹੱਥਾਂ 'ਚ ਵੱਡੀਆਂ-ਵੱਡੀਆਂ ਰਫ਼ਲਾਂ। ਅੱਗ ਲੱਗੀ ਹੁੰਦੀ ਜਿਵੇਂ, ਐਂ ਗਏ ਗੋਲੀ ਵਾਂਗੂੰ।...ਤੇ ਹੋ ਗਏ ਫੇਰ ਹੱਥ ਕਰਾਰੇ। ਅਗਲੇ ਪਿੰਡ ਹੋ ਗਿਆ ਮੁਕਾਬਲਾ। ਬੈਂਕ ਆਲਾ ਪੈਸਾ ਵੀ ਮਿਲ ਗਿਆ ਤੇ ਮਾਰੇ ਗਏ ਤਿੰਨੇ।"

"ਇਹ ਫੇ ਕਿੱਦਾਂ ਮਰ ਗਈ?"

"ਦੱਸਦਾਂ ਡਾਕਟਰ ਸਾਹਿਬ! ਪਾਣੀ ਦਾ ਘੁੱਟ ਤਾਂ ਪਲਾਓ ਪਹਿਲਾਂ। ਜੋਗਿੰਦਰੋ ਨੂੰ ਪੁਲਿਸ ਨੂੰ ਇਹ ਦੱਸਣਾ ਮਹਿੰਗਾ ਬੜਾ ਪਿਆ, ਪਈ ਮੁੰਡੇ ਐਧਰ ਨੂੰ ਗਏ ਆ। ਪਤਾ ਨ੍ਹੀਂ ਕਿੱਥੋਂ ਸੂਹ ਲੱਗ ਗਈ... ਭਾਣਾ ਵਰਤ ਗਿਆ।"

"ਗੱਲ ਪੂਰੀ ਕਰ ਬਜ਼ੁਰਗਾ?"

"ਆਹ ਜਿਹੜੇ ਮੁੰਡੇ ਜੱਗੇ ਨੂੰ ਭਲਕੇ ਵਿਆਹੁਣ ਜਾਣੈਂ, ਇਹ ਜੋਗਿੰਦਰ ਦੇ ਪੇਟ ਸੀ। ਨੌਵਾਂ ਮਹੀਨਾ ਵੀ ਮੁੱਕਣ ਵਾਲਾ ਸੀ। ਕਰਤਾਰਾ ਬਥੇਰਾ ਕਹੇ-ਜੋਗਿੰਦਰੋ ਨਾ ਪੈਰ ਘਰੋਂ ਕੱਢ ਪਰ ਕਿੱਥੇ! ਹਠੀ ਤੇ ਤਕੜੀ ਤੀਵੀਂ ਨਾ ਮੰਨੀ। ਚੌਥੇ ਦਿਨ ਉਥੇ ਬੱਕਰੀਆਂ ਚਾਰੇ ਫਿਰ। ਆਏ ਦੋ ਜਣੇ। ਦੋ ਮਾਰੀਆਂ ਗੋਲੀਆਂ, ਇਕ ਮੱਥੇ 'ਚ ਲੱਗੀ ਤੇ ਦੂਜੀ ਬੱਖੀ 'ਚ। ਬਲੈਡਰ ਵਾਂਗ ਪੇਟ ਪਾੜ ਕੇ ਜੱਗਾ ਨਾੜੂ-ਨੱਕਾ ਤੋੜ ਥੋਡੇ ਸਫ਼ਲ 'ਪ੍ਰੇਸ਼ਨ ਵਾਂਗ ਅਹੁ ਜਾ ਪਿਆ ਭੁੜਕ ਕੇ। ਰੱਬ ਦੀ ਰਜ਼ਾ ਦੇਖੋ, ਜੋਗਿੰਦਰੋ ਥਾਏਂ ਪੂਰੀ ਹੋ ਗਈ ਤੇ ਜੱਗਾ ਸੁੱਖ ਨਾਲ ਚੌਵੀ ਸਾਲਾਂ ਦਾ ਹੋ ਗਿਐ। ਕੱਲ੍ਹ ਸਾਰਾ ਪਿੰਡ 'ਕੱਠਾ ਹੋ ਕੇ ਤਾਂ ਲੁੱਡੀਆਂ ਪਾਉਂਦਾ ਸੀ ਕਿ ਜੱਗਾ ਰੱਬ ਦੇ ਕ੍ਰਿਸ਼ਮੇ ਦਾ ਦੂਜਾ ਨਾਂ ਐ। ਜੁਲੈਖਾਂ ਤੋਂ ਵੀ ਸੁਨੱਖੀ ਜੋਗਿੰਦਰੋ ਨੂੰ ਤਾਂ ਪਿੰਡ ਦਾ ਬੱਚਾ-ਬੱਚਾ ਚੇਤੇ ਕਰਦੈ। ਕੀ ਪਤਾ ਸੀ ਚੌਵੀਆਂ ਸਾਲਾਂ ਪਿੱਛੋਂ ਵੀ ਕਰਤਾਰਾ ਜੋਗਿੰਦਰੋ ਦਾ ਵਿਛੋੜਾ ਏਨਾ ਮਨ ਨੂੰ ਲਾ ਲਊ।"

ਵਿਆਹ ਤਾਂ ਹੋ ਗਿਐ। ਕਰਤਾਰਾ ਰੋਕਦਿਆਂ ਰੋਕਦਿਆਂ ਬਰਾਤ ਨਾਲ ਵੀ ਨੱਚਣੋਂ ਨ੍ਹੀਂ ਹਟਿਆ, ਪਰ ਪੁੱਤ ਦੇ ਮੁਕਲਾਵੇ ਦੇ ਦਿਨ ਪੂਰੇ ਹੋਣ ਤੋਂ ਪਹਿਲਾਂ ਹੀ ਕਰਤਾਰਾ ਆਪਣੇ ਦਿਨ ਹੀ ਪੂਰੇ ਕਰ ਗਿਆ।

ਵਿਗਿਆਨ ਇਸ ਸੰਸਾਰ ਨੂੰ ਮੁੱਠੀ 'ਚ ਘੁੱਟਣ ਦਾ ਯਤਨ ਤਾਂ ਸਫ਼ਲਤਾ ਨਾਲ ਕਰ ਰਿਹਾ ਹੈ ਪਰ ਲੋਕਾਂ ਦੇ ਦੁੱਖ ਵਧਾਉਣ ਵਿਚ ਅਸਫ਼ਲ ਵੀ ਨਹੀਂ ਹੈ। ਇਸੇ ਲਈ ਬੇਕਸੂਰ ਵੀ ਫਾਹੇ ਲੱਗ ਜਾਂਦੇ ਹਨ।

**ਅੰਤਿਕਾ:**

ਫਿਰੇ ਬੇਖੌਫ਼ ਬੰਨ੍ਹੀ ਹੁਣ  
ਦੁਆਲੇ ਆਪਣੇ ਬੰਦਾ,  
ਭਲਾ ਕੀ ਰਹਿ ਗਈ ਹੈ  
ਮੌਤ ਦੀ ਔਕਾਤ ਅੱਜ-ਕੱਲ੍ਹ।  
ਤਰੀਕੇ ਜਸ਼ਨ ਦੇ ਸਾਡੇ  
ਨਗਰ ਹੁਣ ਨੇ ਨਿਆਰੇ,  
ਸਿਰਾਂ 'ਤੇ ਬੰਨ੍ਹ ਕੱਫਣ ਚੜ੍ਹੇ  
ਬਰਾਤ ਅੱਜ-ਕੱਲ੍ਹ।  
ਉਹ ਪਹਿਲਾਂ ਜ਼ਿੰਦਗੀ  
ਬਰੂਦ ਦੇ ਢੇਰਾਂ 'ਤੇ ਰੱਖ ਕੇ,  
ਮਸ਼ਾਲਾਂ ਬਲਦੀਆਂ ਫਿਰ  
ਭੇਜਦੇ ਸੌਗਾਤ ਅੱਜ-ਕੱਲ੍ਹ।

***(ਹਰਜਿੰਦਰ ਕੰਗ ਦੇ 'ਚੁੱਪ ਦੇ ਟੁਕੜੇ' 'ਚੋਂ)***

## ਗੱਲ ਬਣੀ ਕਿ ਨਹੀਂ

*ਐਸ. ਅਸ਼ੋਕ ਭੌਰਾ*

### *ਸਾਈਂ*

ਸਾਈਆਂ ਮੇਰਿਆ ਸੁਣੀ ਖਾਂ ਕੰਨ ਕਰਕੇ, ਲੱਗਾ ਕਰਨ ਵੀ ਇਕ ਫਰਿਆਦ ਸਾਈਂ।  
ਸਾਈਂ ਸਾਈਂ ਦਾ ਹੀ ਰੌਲਾ ਪਾਈ ਫਿਰਦੇ, ਪਰ ਕਰੀ ਰੱਖਦੇ ਨੇ ਖੜ੍ਹੇ ਫਸਾਦ ਸਾਈਂ।  
ਇਹ ਸੇਵਾਦਾਰ ਬਣਾ ਕੇ ਰੇਪ ਕਰਦੇ, ਤੇਰੇ ਨਾਂ ਨੂੰ ਕਰਨ ਬਰਬਾਦ ਸਾਈਂ।  
ਭਗਵੇ ਬਾਣਿਆਂ 'ਚ ਰਾਖਸ਼ ਨੇ ਤੁਰੇ ਫਿਰਦੇ, ਲਗਦੀ ਤੇਰੀ ਨਹੀਂ ਸੱਚੀਂ ਔਲਾਦ ਸਾਈਂ।  
ਅਰਬਾਂ-ਖ਼ਰਬਾਂ ਦਾ ਨਿਕਲਿਆ ਮਾਲ ਜਿਸ ਤੋਂ, ਕਹਾਉਂਦਾ ਉਹ ਵੀ ਰਿਹਾ ਏ ਸਾਧ ਸਾਈਂ।  
ਜੰਮੇ ਤੈਨੂੰ ਵੀ ਲਗਦਾ ਕੁਝ ਲੈ ਦੇ ਕੇ, ਚਲਦੇ ਇਨ੍ਹਾਂ ਦੇ ਸਦਾ ਸ਼ਰਾਧ ਸਾਈਂ।  
ਬੀਬੇ ਬੰਦੇ ਤੇ ਤੇਰੇ ਤੋਂ ਡਰਨ ਵਾਲੇ, ਕਹਿ ਕੇ ਬੁੱਲ੍ਹੇ ਨੂੰ ਕਰਦੇ ਸੀ ਯਾਦ ਸਾਈਂ।  
'ਕੱਠੇ ਕਰਕੇ ਸਾਈਂ ਕਿਸੇ ਸੁੱਟ ਟੋਭੇ, ਬਣਦਾ ਜਾਂਦਾ ਏ ਸ਼ਬਦ ਵਿਵਾਦ ਸਾਈਂ।

# ਡੋਪਿੰਗ 'ਘਪਲਾ', ਸਮਾਜਿਕ ਨਾਬਰਾਬਰੀ ਅਤੇ ਮੁਕਤ ਮੰਡੀ

*(ਸਫਾ 15 ਦੀ ਬਾਕੀ)*

ਸਕਦਾ ਸੀ ਪਰ ਮੌਜੂਦਾ ਕਾਰਵਾਈ ਨਾਲ ਖੇਡ ਪ੍ਰਬੰਧਕਾਂ ਅਤੇ ਕੇਂਦਰੀ ਖੇਡ ਮੰਤਰੀ ਨੇ ਆਪਣੀ ਤਾਕਤ ਦੀ ਨੁਮਾਇਸ਼ ਕੀਤੀ ਹੈ ਅਤੇ ਯੂਰੀ ਨੂੰ ਜਲੀਲ ਕਰਨ ਨੂੰ ਤਰਜੀਹ ਦਿੱਤੀ ਹੈ। ਖੇਡ ਲੇਖਕਾਂ ਨੇ ਆਪਣੇ ਉਲਾਰ ਸੁਭਾਅ ਮੁਤਾਬਕ ਸਨਸਨੀ ਫੈਲਾਈ ਹੈ ਜਿਸ ਦਾ ਖੇਡ ਭਾਵਨਾ ਨਾਲ ਕੋਈ ਮੇਲ ਨਹੀਂ ਬਣਦਾ। ਸਹਿਜਤਾ ਤੋਂ ਵਿਯੋਗੇ ਅੰਕੜਾ-ਮੁਖੀ ਲਿਖਤਾਂ ਨਾਲ ਰੁਤਬੇ ਹਾਸਿਲ ਕਰਨ ਵਾਲੇ ਖੇਡ ਲੇਖਕ ਭੁੱਲ ਗਏ ਹਨ ਕਿ ਖੇਡ ਭਾਵਨਾ ਸਿਰਫ਼ ਖਿਡਾਰੀਆਂ ਲਈ ਲਾਜ਼ਮੀ ਨੇਮ ਨਹੀਂ ਸਗੋਂ ਸਮਾਜਿਕ ਗੁਣ ਹੈ। ਇਸ ਦੀ ਤਵੱਕੋ ਖੇਡ ਲੇਖਕਾਂ ਅਤੇ ਪੱਤਰਕਾਰਾਂ ਤੋਂ ਵੀ ਕੀਤੀ ਜਾਂਦੀ ਹੈ।

ਖੇਡ ਵਰਗੀ ਸਮਾਜਿਕ ਸਰਗਰਮੀ ਦਾ ਮੰਡੀ ਦੀ ਭੇਟ ਚੜ੍ਹ ਜਾਣਾ ਸੋਗਵਾਰ ਹੈ। ਖਿਡਾਰੀਆਂ ਦੁਆਲੇ ਮੰਡੀ-ਮੁਖੀ ਮਾਹੌਲ ਦੀ ਉਸਾਰੀ ਖ਼ਤਰਨਾਕ ਹੈ। ਮਨੁੱਖ ਦਾ ਬੁਨਿਆਦੀ ਹੱਕ ਹੈ ਕਿ ਖੇਡ ਮੁਕਾਬਲਿਆਂ ਵਿਚ ਬਰਾਬਰੀ ਕਾਇਮ ਰਹੇ ਅਤੇ ਖੇਡਾਂ ਡੋਪਿੰਗ ਦੇ ਕਾਲੇ ਪ੍ਰਛਾਵੇਂ ਤੋਂ ਮੁਕਤ ਹੋਣ ਪਰ ਨਾਬਰਾਬਰੀ ਪ੍ਰਧਾਨ ਸਮਾਜ ਵਿਚ ਅਜਿਹਾ ਕਿਵੇਂ ਹੋ ਸਕਦਾ ਹੈ? ਡੋਪਿੰਗ ਨਾਬਰਾਬਰੀ ਦੀ ਨਿਸ਼ਾਨੀ ਹੈ। ਮੁਨਾਫ਼ਾਮੁਖੀ ਸਮਾਜ ਵਿਚ ਖੇਡ ਮਨੁੱਖ ਦਾ ਉੱਤਮ ਸਕੂਨ ਨਹੀਂ ਸਗੋਂ ਮੰਡੀ ਦੀ ਗ਼ੁਲਾਮੀ ਹੈ। ਕੁਝ ਖਿਡਾਰੀਆਂ ਖ਼ਿਲਾਫ਼ ਚਾਂਦਮਾਰੀ ਕਰਨ ਨਾਲ ਇਸ ਰੁਝਾਨ ਨੂੰ ਠੱਲ੍ਹ ਨਹੀਂ ਪਾਈ ਜਾ ਸਕਦੀ। ਇਹ ਬਿਲਕੁਲ ਉਸੇ ਤਰ੍ਹਾਂ ਹੈ ਜਿਵੇਂ ਸਿਆਸਤਦਾਨ ਕਬੂਲ ਕਰਦੇ ਹਨ ਕਿ ਸਿਆਸਤ ਭ੍ਰਿਸ਼ਟਾਚਾਰ ਦਾ ਧੁਰਾ ਹੈ ਪਰ ਅਗਲਾ ਫ਼ੈਸਲਾ ਵੀ ਉਹ ਆਪ ਹੀ ਕਰਨਾ ਚਾਹੁੰਦੇ ਹਨ। ਮੌਜੂਦਾ ਹਾਲਾਤ ਨੇ ਖਿਡਾਰੀਆਂ ਅਤੇ ਖੇਡ ਨੂੰ ਚਾਅ ਤੋਂ ਨਿਖੇੜ ਕੇ ਅੰਕੜਿਆਂ ਅਤੇ ਜਿੱਤ-ਹਾਰ ਤੱਕ ਮਹਿਦੂਦ ਕਰ ਦਿੱਤਾ ਹੈ। ਅਜਿਹੀ ਹਾਲਤ ਵਿਚ ਸਮੁੱਚੇ ਮੁਲਕ ਦਾ ਫਿਕਰ ਕਰਨਾ ਬਣਦਾ ਹੈ ਜਿਸ ਦੇ ਮੱਥੇ ਉੱਤੇ ਲੱਗੇ 'ਦਾਗ਼' ਨੂੰ ਖਿਡਾਰੀਆਂ ਨੂੰ ਜਲੀਲ ਕਰਕੇ ਧੋਣ ਦਾ ਉਪਰਾਲਾ ਕੀਤਾ ਜਾ ਰਿਹਾ ਹੈ। ਪੰਜਾਬ ਦੇ ਸਿਹਤ ਮੰਤਰੀ ਸਤਪਾਲ ਗੋਸਾਈਂ ਨੂੰ ਪੁੱਛਿਆ ਜਾ ਸਕਦਾ ਹੈ ਕਿ ਦਵਾਈਆਂ ਦੀਆਂ ਦੁਕਾਨਾਂ ਖ਼ਿਲਾਫ਼ ਕਾਰਵਾਈ ਕਰਨ ਲਈ ਉਹ ਖਿਡਾਰੀਆਂ ਰਾਹੀਂ ਕਿਉਂ ਦਲੀਲ ਉਸਾਰ ਰਹੇ ਹਨ? ਕੀ ਉਹ ਦਵਾਈਆਂ ਮੁਲਕ ਦਾ ਨੁਕਸਾਨ ਨਹੀਂ ਕਰਦੀਆਂ ਜਿਨ੍ਹਾਂ ਦੀ ਵਰਤੋਂ ਪੰਜਾਬ ਦੇ ਮੁੰਡੇ-ਕੁੜੀਆਂ ਕਰਦੇ ਹਨ? ਖੇਡ ਬਾਬਤ ਧਾਰਨਾ ਹੈ ਕਿ ਖੇਡ ਮੈਦਾਨ ਦੀ ਕਦਰ ਵਾਲੇ ਸਮਾਜ ਵਿਚ ਤੰਦਰੁਸਤੀ ਹਸਪਤਾਲਾਂ ਦੀ ਮੁਹਤਾਜ ਨਹੀਂ ਹੁੰਦੀ। ਜਦੋਂ ਅਸੀਂ ਸਿਹਤਮੰਦ ਸਮਾਜ ਦੀ ਉਸਾਰੀ ਲਈ ਸਰਗਰਮ ਨਹੀਂ ਹਾਂ ਤਾਂ ਇਖ਼ਲਾਕ ਦਾ ਸਾਰਾ ਬੋਝ ਖਿਡਾਰੀਆਂ ਸਿਰ ਕਿਵੇਂ ਪਾ ਸਕਦੇ ਹਾਂ? ਖਿਡਾਰੀ ਦੋਸ਼ੀ ਹੋ ਸਕਦੇ ਹਨ ਪਰ ਉਹ ਸਮੁੱਚੇ ਸਮਾਜਿਕ ਹਾਲਾਤ ਅਤੇ ਮੰਡੀ ਦੀਆਂ ਮੰਗਾਂ ਦੇ ਬੋਝ ਹੇਠ ਪਿੱਸ ਵੀ ਰਹੇ ਹਨ।

# ਓਪਰਿਆਂ 'ਚ ਵੀ ਅਜਨਬੀ:ਸਰਦਾਰ ਹਾਕਮ ਸਿੰਘ

***ਉਨ੍ਹੀਂ ਦਿਨੀਂ ਪੰਜਾਬ ਕਤਲੋ-ਗ਼ਾਰਤ ਦੇ ਹੈਵਾਨੀ ਦੌਰ ਵਿਚੋਂ ਲੰਘ ਰਿਹਾ ਸੀ। ਤਕਰੀਬਨ ਸਾਰਿਆਂ ਦੇ ਜ਼ਿਹਨਾਂ ਵਿਚ ਇਕੋ ਹੀ ਸਵਾਲ ਸੀ: ਹੁਣ ਕੀ ਬਣੇਗਾ? ਕੁਝ ਦਿਨ ਪਹਿਲਾਂ ਹੀ ਰਾਜੀਵ ਗਾਂਧੀ ਨੇ ਇੰਟਰਵਿਊ ਵਿਚ ਇਹ ਮੰਨਿਆ ਸੀ ਕਿ ਜਰਨੈਲ ਸਿੰਘ ਭਿੰਡਰਾਂਵਾਲਾ ਤਾਂ ਸੰਤ ਹੈ। ਰਾਜੀਵ ਗਾਂਧੀ ਦਾ ਬਿਆਨ ਬਹਿਸ ਦਾ ਮੁੱਦਾ ਬਣ ਗਿਆ। ਮੇਰੀ ਤੇ ਨਿਰਮਲ ਦੀ ਇਹ ਰਾਇ ਸੀ ਕਿ ਕਾਂਗਰਸ ਦੀ ਮਰਕਜ਼ੀ ਸਰਕਾਰ ਨੇ ਸ਼ਾਇਦ ਸੰਤ ਨਾਲ ਅੰਦਰ-ਖਾਤੇ ਹੀ ਕੋਈ ਗੱਲਬਾਤ ਤੋਰੀ ਹੋਈ ਹੈ ਅਤੇ ਹੁਣ ਪੰਜਾਬ ਸਮਝੌਤਾ ਬਹੁਤੀ ਦੂਰ ਨਹੀਂ। ਹਾਕਮ ਸਿੰਘ ਸਾਡੀਆਂ ਗੱਲਾਂ ਸੁਣ ਕੇ ਬਹੁਤ ਹੱਸਿਆ ਅਤੇ ਉਸ ਨੇ ਕਿਹਾ, "ਓ ਨਹੀਂ ਸਰ ਇਉਂ ਨਹੀਂ ਹੁੰਦਾ। ਇਹ ਬਿਆਨ ਤਾਂ ਸੰਤ ਦੇ ਖਿਲਾਫ ਜੰਗ ਦਾ ਸੂਚਕ ਐ। ਹੁਣ ਬੀਬੀ (ਇੰਦਰਾ ਗਾਂਧੀ) ਨੇ ਮਿਲਟਰੀ ਚੜ੍ਹਾਉਣੀ ਐ ਦਰਬਾਰ ਸਾਹਿਬ 'ਤੇ, ਤੁਸੀਂ ਦੇਖ ਲਿਓ।" ਅਸੀਂ ਉਸ ਨਾਲ ਮੁਤਫ਼ਿਕ ਨਾ ਹੋਏ। ਉਹ ਆਦਤਨ ਤਿਲਮਿਲਾ ਉੱਠਿਆ ਅਤੇ ਉੱਚੀ ਆਵਾਜ਼ ਵਿਚ ਕਹਿਣ ਲੱਗਿਆ, "ਉਏ ਮਹਾਰਾਜ, ਗੱਲ ਨੂੰ ਸਮਝੀਦਾ ਹੁੰਦੈ। ਪਤਾ ਨੀ ਵਾਸਤਾ ਨੀ। ਫ੍ਰਾਇਡ ਨੇ ਕੀ ਕਿਹਾ ਸੀ ਯਾਦ ਐ ਤੈਨੂੰ? ਰਾਜੀਵ ਗਾਂਧੀ ਦੀ ਗੱਲ ਦੇ ਅੰਦਰੂਨੀ ਇਸ਼ਾਰੇ ਨੂੰ ਸਮਝੋ। ਜੋ ਉਸ ਨੇ ਕਿਹਾ ਹੈ, ਉਸ ਤੇ ਨਾ ਜਾਓ। ਜੋ ਉਹ ਲਕੋ ਗਿਆ ਹੈ, ਉਸ ਨੂੰ ਸਮਝੋ। ਇਸੇ ਤਰ੍ਹਾਂ ਹੀ ਹੋਏਗਾ ਸਾਰਾ ਕੁੱਛ।***

ਕਿਤਾਬਾਂ ਵਾਲੀ ਅਲਮਾਰੀ ਸਾਹਮਣੇ ਖੜ੍ਹਾ ਮੈਂ ਕਈ ਦਿਨਾਂ ਤੋਂ ਗਵਾਚੀ ਕਿਤਾਬ ਲੱਭ ਰਿਹਾ ਸਾਂ। ਕਿਤਾਬਾਂ ਦੇ ਮਾਮਲੇ ਵਿਚ ਅਕਸਰ ਇੱਦਾਂ ਹੀ ਹੁੰਦਾ ਹੈ। ਤੁਹਾਡੀਆਂ ਅੱਖਾਂ ਸਾਹਮਣੇ ਪਈ ਕਿਤਾਬ ਕਈ ਵਾਰ ਨਜ਼ਰ ਨਹੀਂ ਆਉਂਦੀ, ਜਿਵੇਂ ਇਸ ਗੱਲ ਦੀ ਤਸਦੀਕ ਕਰਦੀ ਹੋਵੇ ਕਿ ਕਿਤਾਬ



■ ਡਾ. ਸਵਰਾਜ ਰਾਜ*

ਦਾ ਜੀਵਨ ਕਿਤਾਬ ਦੀ ਜਿਲਦ ਤੱਕ ਮਹਿਦੂਦ ਨਹੀਂ ਹੁੰਦਾ। ਕਿਤਾਬ ਦੀ ਰੂਹ ਤਾਂ ਸੁਰਖ਼ਰੂ ਹੈ, ਪਰਵਾਜ਼ 'ਤੇ ਰਹਿੰਦੀ ਹੈ ਅਤੇ ਫਿਰ ਇਕ ਦਿਨ ਆਪਣੇ-ਆਪ ਉਹੀ ਕਿਤਾਬ ਅਚਾਨਕ ਹੀ ਆਪਣੀ ਥਾਂ 'ਤੇ ਮੁੜ ਉਜਾਗਰ ਹੋ ਜਾਂਦੀ ਹੈ, ਜਿਵੇਂ ਕੋਈ ਪਰਵਾਸੀ ਪੰਛੀ ਆਪਣੇ ਨਸ਼ੇਮਨ ਵਿਚ ਪਰਤ ਆਇਆ ਹੋਵੇ। ਲੱਭ ਤਾਂ ਮੈਂ ਕੋਈ ਹੋਰ ਕਿਤਾਬ ਰਿਹਾ ਸੀ ਪਰ ਮੇਰੀ ਨਜ਼ਰ ਇਕ ਦਮ ਜੇਮਜ਼ ਓ ਕੌਨਰ ਦੀ ਕਿਤਾਬ 'ਦ ਮੀਨਿੰਗ ਆਫ ਕ੍ਰਾਈਸਿਜ਼' ਉਤੇ ਜਾ ਟਿਕੀ ਅਤੇ ਮੈਨੂੰ ਫਿਰ ਅੱਜ ਉਸ ਪਾਕ-ਰੂਹ ਓਪਰੇ ਦੀ ਬਹੁਤ ਸ਼ਿੱਦਤ ਨਾਲ ਯਾਦ ਆਈ। ਇਹ ਕਿਤਾਬ ਵੀ ਮੈਨੂੰ ਉਸ ਨੇ ਹੀ ਦਿੱਤੀ ਸੀ। ਮੇਰੀ ਮੁਰਾਦ ਦਰਵੇਸ਼ ਹਾਕਮ ਸਿੰਘ ਤੋਂ ਹੈ।

ਉਦੋਂ ਹਾਕਮ ਸਿੰਘ ਨੂੰ ਮਿਲਣ ਲਈ ਮੈਂ ਉਂਜ ਹੀ ਉਸ ਦੇ ਘਰ ਖਾਲਸਾ ਕਾਲਜ ਕਲੋਨੀ ਚਲਾ ਗਿਆ ਸੀ। ਐਤਵਾਰ ਦਾ ਦਿਨ ਅਤੇ ਸਵੇਰ ਦਾ ਵੇਲ਼ਾ ਸੀ। ਉਹ ਹਮੇਸ਼ਾਂ ਵਾਂਗ ਪਿਛਲੇ ਵਿਹੜੇ ਵਿਚ ਤਖਤਪੋਸ਼ 'ਤੇ ਬੈਠਾ ਸੀ ਥੱਲੇ ਲੱਤਾਂ ਲਮਕਾਈ। ਗੜਵੀ ਚਾਹ ਦੀ ਅਤੇ ਸਟੀਲ ਦਾ ਗਲਾਸ ਨਾਲ ਪਏ ਸਨ। ਸਿਰ 'ਤੇ ਪਰਨਾ ਵਲ੍ਹੇਟਿਆ ਹੋਇਆ, ਅੱਖਾਂ ਅੱਗੇ ਨੱਕ 'ਤੇ ਟਿਕੀ ਮੋਟੀ ਜਿਹੀ ਐਨਕ ਅਤੇ ਹੱਥ 'ਚ ਅਖਬਾਰ। ਆਲ਼ੇ-ਦੁਆਲ਼ੇ ਕਿਤਾਬਾਂ ਦੇ ਢੇਰ।

"ਵਾਹ ਵਾਹ ਕਿਆ ਬਾਤ ਹੈ। ਧੰਨ ਭਾਗ ਸਾਡੇ। ਔਹ ਕੁਰਸੀ ਘੜੀਸ ਲਉ। ਬੈਠੋ, ਬੈਠੋ, ਬੈਠੋ...।"

ਥਮ੍ਹਲੇ ਨਾਲ ਪਈ ਕੁਰਸੀ ਨੇੜੇ ਖਿਸਕਾ ਕੇ ਮੈਂ ਹਾਕਮ ਸਿੰਘ ਦੇ ਸਾਹਮਣੇ ਬੈਠ ਗਿਆ।

ਉਨ੍ਹੀਂ ਦਿਨੀਂ ਨਵੀਂ ਦਿੱਲੀ ਵਿਚ ਕੇਂਦਰ ਸਰਕਾਰ ਉਤੇ ਸਿਆਸੀ ਸੰਕਟ ਜਿਹਾ ਬਣਿਆ ਹੋਇਆ ਸੀ। ਸਾਰੀਆਂ ਅਖ਼ਬਾਰਾਂ ਵਿਚ ਇਹੋ ਹੀ ਚਰਚਾ ਦਾ ਅਹਿਮ ਵਿਸ਼ਾ ਸੀ। ਗੱਲ ਤੋਰਨ ਦੇ ਮਕਸਦ ਨਾਲ ਮੈਂ ਇਸ ਸਿਆਸੀ ਸੰਕਟ ਦਾ ਜ਼ਿਕਰ ਛੇੜਿਆ। ਮੇਰੀ ਇਹ ਗੱਲ ਅਜੇ ਪੂਰੀ ਵੀ ਨਹੀਂ ਸੀ ਹੋਈ, ਹਾਕਮ ਸਿੰਘ ਆਦਤਨ ਬੇਸਾਖ਼ਤਾ ਬੋਲ ਉਠਿਆ, ਜਿਵੇਂ ਆਪੇ ਤੋਂ ਬਾਹਰ ਹੋ ਗਿਆ ਹੋਵੇ।

"ਯਾਰ ਵਾਲੀਆ ਕੀ ਗੱਲ ਕਰਦੈਂ। ਤੈਨੂੰ ਸੰਕਟ ਬਾਰੇ ਖੇਹ ਪਤੈ। ਚਾਰ ਬੰਦੇ ਇਕ ਪਾਰਟੀ ਦੇ ਚਲੇ ਗਏ, ਕਿਸੇ ਹੋਰ ਪਾਰਟੀ 'ਚ ਰਲ ਗਏ, ਇਹ ਵੀ ਕੋਈ ਕ੍ਰਾਈਸਿਜ਼ (ਸੰਕਟ) ਐ। ਜੇ ਤੂੰ ਕ੍ਰਾਈਸਿਜ਼ ਦਾ ਮਤਲਬ ਸਮਝਣੈਂ ਤਾਂ ਫਿਰ ਫਰਾਇਡ ਦੀ ਬਾਇਓਗ੍ਰਾਫੀ (ਜੀਵਨੀ) ਪੜ੍ਹ, ਨੀਤਸ਼ੇ ਦੀ ਬਾਇਓਗ੍ਰਾਫੀ ਪੜ੍ਹ। ਕ੍ਰਾਈਸਿਜ਼ ਨੂੰ ਮਨੋਵਿਸ਼ਲੇਸ਼ਣ ਰਾਹੀਂ ਹੀ ਸਮਝਿਆ ਜਾ ਸਕਦੈ। ਜਦੋਂ ਨੀਤਸ਼ੇ ਦਾ ਰੱਬ ਮਰ ਗਿਆ ਤਾਂ ਸਾਰੀ ਪੱਛਮੀ ਸਭਿਅਤਾ 'ਤੇ ਸੰਕਟ ਖੜ੍ਹਾ ਹੋ ਗਿਆ। ਤੇਰਾ ਸਿਆਸੀ ਸੰਕਟ ਤਾਂ ਪਤੀਲੇ 'ਚ ਦੁੱਧ ਦਾ ਉਬਾਲ ਐ। ਸਵਾਹ ਦਾ ਸੰਕਟ ਐ। ਇਨ੍ਹਾਂ ਸਿਆਸੀ ਕਲਾਬਾਜ਼ੀਆਂ ਨਾਲ ਬਦਲੇਗਾ ਕੀ? ਇਨ੍ਹਾਂ ਅਖਬਾਰਾਂ ਵਾਲਿਆਂ ਨੂੰ ਤਾਂ ਐਵੇਂ ਅੱਖਰਾਂ ਦਾ ਜਾਲ਼ ਜਿਹਾ ਬੁਣਨ ਦੀ ਆਦਤ ਐ। ਬੰਦੇ ਨੂੰ ਜਾਲ਼ 'ਚੋਂ ਨਿਕਲਣ ਨ੍ਹੀਂ ਦਿੰਦੇ। ਹੈਨੇਮੈਨ ਦੀ ਜੀਵਨ ਦੇ ਕ੍ਰਾਈਸਿਜ਼ ਨੂੰ ਪੜ੍ਹੋ। ਇਹ ਸਾਰੇ ਵੱਡੇ ਸੰਕਟ ਉਹ ਝੱਖੜ ਸਨ ਜਿਨ੍ਹਾਂ ਨੇ ਪੱਛਮ ਨੂੰ ਜੜ੍ਹਾਂ ਤੱਕ ਹਿਲਾ ਕੇ ਰੱਖ 'ਤਾ, ਤੇ ਨਾਲੇ ਐਨ ਨਵਾਂ ਮਨੁੱਖ ਸਿਰਜ'ਤਾ। ਹੰਨਾ ਆਰੈਂਟ ਨੇ ਜੋ ਹੋਲੋਕਾਸਟ ਬਾਰੇ ਲਿਖਿਐ, ਉਹ ਪੜ੍ਹ। ਫਿਰ ਪਤਾ ਲੱਗੂ, ਕ੍ਰਾਈਸਿਜ਼ ਕੀਹਨੂੰ ਕਹਿੰਦੇ ਨੇ। ਵਾਲੀਆ ਸਾਹਿਬ, ਛੱਡ ਇਨ੍ਹਾਂ ਬੱਚਿਆਂ ਆਲੀਆਂ ਗੱਲਾਂ ਨੂੰ। ਤੂੰ ਕਹਿਨੈਂ ਤੂੰ ਫਰਾਇਡ ਪੜ੍ਹਿਐ, ਸਵਾਹ ਪੜ੍ਹਿਐ ਤੂੰ ਫਰਾਇਡ, ਜੇ ਤੂੰ ਇਨ੍ਹਾਂ ਸਿਆਸੀ ਬਾਂਦਰਾਂ ਦੀਆਂ ਟਪੂਸੀਆਂ ਨੂੰ ਕ੍ਰਾਈਸਿਜ਼ ਦੱਸਦੈਂ।"

ਉਹ ਬੁੜ-ਬੁੜ ਕਰਦਾ ਉਠਿਆ ਤੇ ਆਪਣੇ ਕਮਰੇ 'ਚੋਂ ਲਿਆ ਕੇ "ਦ ਮੀਨਿੰਗ ਆਫ ਕ੍ਰਾਈਸਿਜ਼" ਮੇਰੇ ਹੱਥ ਦੇ ਦਿੱਤੀ। ਫਿਰ ਕੁਝ ਹੋਰ ਯਾਦ ਆਇਆ, ਉਹ ਪੁੱਠੇ ਪੈਰ ਵਾਪਸ ਮੁੜ ਗਿਆ ਅਤੇ ਐਰਿਕ ਫ਼ਰੌਮ ਦੀ ਕਿਤਾਬ "ਦ ਕ੍ਰਾਈਸਿਜ਼ ਆਫ ਸਾਇਕੋ-ਐਨੇਲੇਸਿਜ਼" ਲਿਆ ਕੇ ਮੈਨੂੰ ਦੇ ਦਿੱਤੀ।

ਐਨੇ ਨੂੰ ਉਸ ਦੀ ਘਰਵਾਲੀ ਪਾਣੀ ਦਾ ਗਲਾਸ ਲੈ ਕੇ ਆ ਗਈ ਅਤੇ ਚਾਹ ਬਾਰੇ ਪੁੱਛਿਆ। ਹਾਕਮ ਸਿੰਘ ਤਖਤਪੋਸ਼ ਤੋਂ ਉਠ ਕੇ ਖੜ੍ਹਾ ਹੋ ਗਿਆ। ਉਸ ਨੇ ਤਾੜੀ ਮਾਰਨ ਦੇ ਲਹਿਜੇ ਨਾਲ ਹੱਥ ਜੋੜੇ ਅਤੇ ਆਪਣੀ ਘਰ ਵਾਲੀ ਨੂੰ ਉਚੀ-ਉਚੀ ਕਹਿਣ ਲੱਗਾ, "ਉਏ ਜਾ ਬਾਬਾ, ਤੂੰ ਜਾਹ ਐਥੋਂ। ਸਾਨੂੰ ਕੋਈ ਕੰਮ ਦੀ ਗੱਲ ਵੀ ਕਰ ਲੈਣ ਦੇਹ। ਤੇਰੀ ਚਾਹ-ਚੂਹ ਅਸੀਂ ਆਪੇ ਬਣਾ ਲਾਂਗੇ। ਤੂੰ ਸਾਡਾ ਖਹਿੜਾ ਛੱਡ ਬਸ ਤੇ ਐਥੋਂ ਜਾਹ।"

"ਨਾ ਸਰਦਾਰ ਜੀ, ਮੈਂ ਭਲਾ ਕੀ ਲੈਣਾ ਤੁਹਾਥੋਂ। ਕਿਹੋ ਜੀਆਂ ਗੱਲਾਂ ਕਰਦੇ ਨੇ। ਮੈਂ ਤਾਂ ਪ੍ਰੋਫੈਸਰ ਸਾਹਬ ਨੂੰ ਚਾਹ ਪੁੱਛਣ ਆਈ ਸੀ।"

"ਤੂੰ ਬੱਸ ਜਾਹ ਐਥੋਂ, ਐਥੇ ਨਾ ਖੜ੍ਹ।" ਉਸ ਨੂੰ ਵਾਪਸ ਮੁੜੀ ਜਾਂਦੀ ਨੂੰ ਦੇਖ ਕੇ ਉਸ ਕਿਹਾ, "ਪੜ੍ਹਾਈ-ਲਿਖਾਈ ਦੇ ਦੁਸ਼ਮਣ ਨੇ ਸਾਰੇ ਐਥੇ। ਪਾਗਲ ਨੇ ਪਾਗਲ।"


ਸ਼ੁਰੂ-ਸ਼ੁਰੂ ਵਿਚ ਜਦੋਂ ਮੇਰੇ ਸਾਹਮਣੇ ਉਹ ਆਪਣੀ ਘਰਵਾਲੀ ਨਾਲ ਇਸ ਤਰ੍ਹਾਂ ਪੇਸ਼ ਆਉਂਦਾ ਤਾਂ ਮੈਨੂੰ ਉਹ ਮਰਦ ਕੱਟੜਪੁਣੇ ਦੀ ਮਿਸਾਲ ਜਾਪਦਾ ਪਰ ਸਮਾਂ ਪੈਣ ਨਾਲ ਉਸ ਪ੍ਰਤੀ ਮੇਰੇ ਇਹ ਵਿਚਾਰ ਬਦਲ ਗਏ। ਉਂਜ ਤਾਂ ਕਿਸੇ ਵੀ ਮਨੁੱਖ ਨੂੰ ਸਮਝਣਾ ਦੁਸ਼ਵਾਰ ਹੁੰਦਾ ਹੈ। ਉਮਰਾਂ ਲੰਘ ਜਾਂਦੀਆਂ ਨੇ ਪਰ ਦਿਲ ਤੱਕ ਦਾ ਸਫ਼ਰ ਪੂਰਾ ਨਹੀਂ ਹੁੰਦਾ।

ਰੂਹ ਕਾ ਲੰਬਾ ਸਫਰ ਹੈ
ਏਕ ਭੀ ਇਨਸਾਂ ਕਾ ਕੁਰਬ,
ਮੈਂ ਚਲਾ ਬਰਸੋਂ ਤੋਂ ਉਨ ਤਕ
ਜਿਸਮ ਕਾ ਸਾਯਾ ਗਯਾ।

ਫਿਰ ਹਾਕਮ ਸਿੰਘ ਵਰਗੇ ਨੂੰ ਸਮਝਣਾ, ਜਿਸ ਦਾ ਵਸੇਬਾ ਹੀ ਸਾਧਾਰਨ ਅਤੇ ਆਸਾਧਾਰਨ ਮਾਨਸਿਕਤਾ ਦੇ ਜੋਖਮ ਭਰੇ ਹਾਸ਼ੀਏ 'ਤੇ ਹੋਵੇ ਤਾਂ ਤਕਰੀਬਨ ਨਾ-ਮੁਮਕਿਨ ਹੀ ਹੈ। ਸਾਧਾਰਨ ਅਤੇ ਆਸਾਧਾਰਨ ਦੀ ਵੰਡ ਕਰਦੀ ਹੋਈ ਆਪਹੁਦਰੀ ਰੇਖਾ ਕਿਸ ਕਦਰ ਮਹੀਨ ਅਤੇ ਬੇਤੁਕੀ ਹੈ? ਹਾਕਮ ਸਿੰਘ ਦਾ ਜੀਵਨ ਇਸ ਸੱਚਾਈ ਦੀ ਮਿਸਾਲ ਸੀ। ਆਪਣੇ ਮਹਿਬੂਬ ਚਿੰਤਕ ਨੀਤਸ਼ੇ ਵਾਂਗ ਉਹ ਜੋਖਮ ਭਰਿਆ ਜੀਵਨ ਜੀਅ ਰਿਹਾ ਸੀ। ਇਸ ਗੱਲ ਦਾ ਮੈਨੂੰ ਮਾਮੂਲੀ ਜਿਹਾ ਅਹਿਸਾਸ ਉਦੋਂ ਵੀ ਹੋਇਆ ਸੀ ਜਦੋਂ ਮੇਰੀ ਉਸ ਨਾਲ ਪਹਿਲੀ ਮੁਲਾਕਾਤ ਹੋਈ ਸੀ।

ਇਹ 1980 ਦੇ ਸਿਆਲਾਂ ਦੀ ਗੱਲ ਹੈ। ਮੈਂ ਉਸੇ ਸਾਲ ਮੋਦੀ ਕਾਲਜ ਵਿਚ ਅੰਗਰੇਜ਼ੀ ਲੈਕਚਰਾਰ ਦੀ ਨੌਕਰੀ ਆਰੰਭ ਕੀਤੀ ਸੀ। ਐਮ.ਏ. ਅੰਗਰੇਜ਼ੀ ਦੌਰਾਨ ਮੇਰੀ ਖ਼ੁਸ਼ਕਿਸਮਤੀ ਸੀ ਕਿ ਮੈਨੂੰ ਡਾ. ਗੁਰਭਗਤ ਸਿੰਘ ਵਰਗਾ ਵਿਦਵਾਨ ਮੁਰਸ਼ਿਦ ਮਿਲਿਆ। ਡਾ. ਗੁਰਭਗਤ ਸਿੰਘ ਨੇ ਬਹੁਤ ਸਾਰੇ ਦਾਰਸ਼ਨਿਕਾਂ ਅਤੇ ਮਨੋਵਿਗਿਆਨੀਆਂ ਦੇ ਵਿਚਾਰਾਂ ਨਾਲ ਮੇਰੀ ਸਾਂਝ ਪਾ ਦਿੱਤੀ ਸੀ ਅਤੇ ਮੇਰੇ ਮਨ ਵਿਚ ਖ਼ਲਬਲੀ ਪੈਦਾ ਕਰ ਦਿੱਤੀ ਸੀ। ਫਿਰ ਮੇਰਾ ਉਠਣ-ਬੈਠਣ ਮੋਦੀ ਕਾਲਜ ਵਿਚ ਅੰਗਰੇਜ਼ੀ ਦੇ ਪ੍ਰੋਫੈਸਰ ਵੀ.ਐਮ. ਕਪੂਰ ਨਾਲ ਹੋ ਗਿਆ ਜਿਹੜਾ ਆਪਣੀ ਹੀ ਕਿਸਮ ਦਾ ਕਲੰਦਰ ਸੀ। ਉਹ ਵੀ ਕਿਤਾਬਾਂ ਦਾ ਸ਼ੁਦਾਈ ਸੀ। ਇਸ ਤੋਂ ਇਲਾਵਾ ਮੇਰੀ ਮਿੱਤਰਤਾ ਮੋਦੀ ਕਾਲਜ ਦੇ ਹੀ ਇਕ ਹੋਰ ਪ੍ਰੋਫੈਸਰ ਨਿਰਮਲ ਸਿੰਘ ਨਾਲ ਹੋ ਗਈ ਜਿਸ ਨੇ ਮੇਰੇ ਨਾਲ ਹੀ ਮੋਦੀ ਕਾਲਜ ਵਿਚ ਨੌਕਰੀ ਸ਼ੁਰੂ ਕੀਤੀ ਸੀ। ਕਪੂਰ ਅਤੇ ਨਿਰਮਲ ਸਿੰਘ ਮਿਕਨਾਤੀਸ ਦੇ ਦੋ ਵਿਰੋਧੀ ਸਿਰਿਆਂ ਵਾਂਗ ਸਨ। ਕਪੂਰ ਰੋਮਾਂਟਿਕ ਮਿਜ਼ਾਜ, ਕਾਮੁਕਤਾ ਵਿਚ ਸੁਹਜ ਅਤੇ ਸੁਹਜ ਵਿਚ ਕਾਮੁਕਤਾ ਦੀ ਤਲਾਸ਼ ਕਰਨ ਵਾਲਾ ਬੇਮੁਹਾਰਾ ਕਲੰਦਰ ਅਤੇ ਹਾਕਮ ਸਿੰਘ ਦੇ ਕਹਿਣ ਮੁਤਾਬਕ ਛੈਲਾ ਬਾਬੂ। ਨਿਰਮਲ ਗੁਰਦਾਸਪੁਰ ਵਿਚ ਹਰਚੋਵਾਲ ਨੇੜੇ ਪਿੰਡ ਮਠੋਲ਼ੇ ਤੋਂ ਆਇਆ ਸਾਧਾਰਨ ਇਨਸਾਨ। ਸੂਰਤ ਅਤੇ ਸੀਰਤ ਦੋਹਾਂ ਤੋਂ ਬਹੁਤ ਸੁਨੱਖਾ, ਫੂਕ-ਫੂਕ ਕੇ ਕਦਮ ਰੱਖਣ ਵਾਲ਼ਾ। ਕਪੂਰ ਨਾਬੋਕੋਵ ਦੇ ਨਾਵਲ 'ਲੌਲਿਟਾ' ਦਾ ਹੰਬਰਟ ਅਤੇ ਨਿਰਮਲ ਤਾਲਸਤਾਇ ਦੇ 'ਅੰਨਾ ਕੈਰੇਨੀਨਾ' ਦਾ ਲੈਵਿਨ। ਹਾਕਮ ਸਿੰਘ ਨਾਲ ਮੇਰੀ ਜਾਣ-ਪਛਾਣ ਪ੍ਰੋਫੈਸਰ ਕਪੂਰ ਨੇ ਹੀ ਕਰਵਾਈ ਸੀ।

ਅਸੀਂ ਤਿੰਨੋਂ ਇਕ ਦਿਨ ਖਾਲੀ ਪੀਰੀਅਡ ਵਿਚ ਕਾਲਜ ਦੇ ਬਾਹਰ ਗਿਆਨੀ ਦੀ ਰੇਹੜੀ 'ਤੇ ਚਾਹ ਦੀਆਂ ਚੁਸਕੀਆਂ ਲੈਂਦੇ ਕੋਸੀ-ਕੋਸੀ ਧੁੱਪ ਦਾ ਆਨੰਦ ਮਾਣ ਰਹੇ ਸਾਂ। ਹਾਕਮ ਸਿੰਘ ਵੀ ਉਥੇ ਆ ਗਿਆ। ਭਾਰੀ ਭਰਕਮ ਦੇਹ, ਸਿਰ 'ਤੇ



*ਹਾਕਮ ਸਿੰਘ*

ਢੱਠੀ ਜਿਹੀ ਸਲੇਟੀ ਰੰਗ ਦੀ ਪੱਗ। ਕਰੜ-ਬਰੜ ਦਾੜ੍ਹੀ। ਗਲ਼ ਵਿਚ ਖੁੱਲ੍ਹੀ ਜਿਹੀ, ਹੱਥ ਦੀ ਬੁਣੀ ਹੋਈ ਕੋਟੀ। ਤੇੜ ਘਸਮੈਲੀ ਜਿਹੀ ਮਿੱਟੀ ਰੰਗੀ ਪੈਂਟ। ਪੈਰੀਂ ਜਲਸਾ ਅਤੇ ਹੱਥ ਵਿਚ ਦੋ ਕਿਤਾਬਾਂ। ਉਹ ਤੁਰਿਆ ਆਉਂਦਾ ਮੈਨੂੰ ਰਿੱਛ ਜਿਹਾ ਜਾਪਿਆ। ਕਪੂਰ ਨੇ ਸਾਡਾ ਉਸ ਨਾਲ ਤੁਆਰਫ਼ ਕਰਵਾਇਆ। ਇਸ ਮੁੱਢਲੀ ਜਾਣ-ਪਛਾਣ ਤੋਂ ਬਾਅਦ ਹਾਕਮ ਸਿੰਘ ਵਾਰ-ਵਾਰ ਕਿਸੇ ਨਾ ਕਿਸੇ ਚਿੰਤਕ ਦੀ ਗੱਲ ਕਰਦਾ ਰਿਹਾ। ਉਹ ਇਕੋ ਸਾਹ ਵਿਚ ਯੁੰਗ ਦੇ ਸਿਨਕ੍ਰੋਨੀਸਿਟੀ ਅਤੇ ਹੇਜ਼ਨਬਰਗ ਦੇ ਅਨਿਸਚਿਤਤਾ ਦੇ ਸਿਧਾਂਤ ਦੀ ਗੱਲ ਕਰ ਜਾਂਦਾ। ਮਨੋਵਿਸ਼ਲੇਸ਼ਣ ਅਤੇ ਕੁਅੰਟਮ ਫ਼ਿਜ਼ਿਕਸ ਨੂੰ ਬੜੀ ਸਰਲਤਾ ਨਾਲ ਇਕ-ਦੂਜੇ ਨਾਲ ਜੋੜਦਾ ਰਿਹਾ। ਵਿਚੇ ਹੀ ਕਿਤੇ ਬੁਧਿਜ਼ਮ ਅਤੇ ਤਾਓਇਜ਼ਮ ਵੀ ਰਲ਼ ਜਾਂਦੇ। ਜੇ ਅਸੀਂ ਕਦੇ ਉਸ ਦੀ ਗੱਲ ਵਿਚੋਂ ਕੱਟ ਕੇ ਟੋਕਣ ਦੀ ਕੋਸ਼ਿਸ਼ ਕਰਦੇ ਤਾਂ ਉਹ ਝੱਟ ਭਬਕ ਜਾਂਦਾ ਅਤੇ ਕਹਿੰਦਾ, "ਓ ਨਹੀਂ ਸਰ, ਨਹੀਂ ਨਹੀਂ...ਇਉਂ ਨ੍ਹੀਂ ਹੁੰਦਾ। ਤੁਸੀਂ ਗੱਲ ਨੂੰ ਸਮਝੋ। ਯੂਨੀਵਰਸਿਟੀ ਲਾਇਬਰੇਰੀ ਵਿਚ ਫ਼ਲਾਣੀ ਥਾਂ 'ਤੇ ਫ਼ਲਾਣੀ ਕਿਤਾਬ ਪਈ ਹੈ। ਉਹ ਪੜ੍ਹੋ ਫਿਰ ਤੁਹਾਨੂੰ ਗੱਲ ਸਮਝ ਆਊਗੀ।" ਉਹ ਗੱਲ ਕਰਦਾ-ਕਰਦਾ ਕੁਝ ਚਿਰ ਬਾਅਦ ਆਪਣੇ ਸਿਰ ਨੂੰ ਇਉਂ ਝਟਕਾ ਦਿੰਦਾ ਜਿਵੇਂ ਬਹੁਤ ਵਾਰ ਉਹ ਬੰਦੇ ਆਪਣੇ ਸਿਰ ਨੂੰ ਝਟਕਦੇ ਨੇ ਜਿਹੜੇ ਬੋਲਣ ਲੱਗੇ ਹਕਲਾਉਂਦੇ ਹੋਣ। ਸਾਡੀ ਦਖਲਅੰਦਾਜ਼ੀ ਪ੍ਰਤੀ ਉਸ ਦਾ ਰਵੱਈਆ ਬਰਤਰਫੀ ਵਾਲਾ ਸੀ। ਜਿਸ ਤਰ੍ਹਾਂ ਦਾ ਬਿਰਤਾਂਤ ਉਹ ਰਚ ਰਿਹਾ ਸੀ, ਮੈਂ ਉਸ ਦਿਨ ਤੋਂ ਪਹਿਲਾਂ ਅਜਿਹਾ ਕਿਸੇ ਕੋਲੋਂ ਨਹੀਂ ਸੀ ਸੁਣਿਆ। ਮੈਨੂੰ ਉਸ ਦੀਆਂ ਗੱਲਾਂ ਨੇ ਆਕਰਸ਼ਤ ਵੀ ਕੀਤਾ ਤੇ ਨਾਲ ਹੀ ਮੈਨੂੰ ਉਸ ਵਿਚ ਅਣਘੜੀ ਸ਼ਖਸੀਅਤ ਦੀ ਕਚਿਆਈ ਵੀ ਮਹਿਸੂਸ ਹੋਈ। ਉਸ ਵਿਚ ਮੈਨੂੰ ਪੜ੍ਹੇ-ਲਿਖੇ ਸ਼ਹਿਰੀਆਂ ਵਾਲੀ ਕੋਈ ਨਫ਼ਾਸਤ ਨਜ਼ਰ ਨਾ ਆਈ ਪਰ ਉਸ ਦੇ ਨਿਰਾਦਰਤਾ ਦਾ ਸੰਗ ਕਰਦੇ ਖਰ੍ਹਵੇਪਣ ਵਿਚ ਦਿਲ-ਖਿੱਚਵੀਂ ਕਸ਼ਿਸ਼ ਜ਼ਰੂਰ ਸੀ।

ਉਹ ਬਹੁਤ ਹੀ ਅਜਬ ਇਨਸਾਨ ਸੀ, ਬਹੁਤ ਦਿਲਚਸਪ। ਉਸ ਨੇ ਸਾਡੀ ਚਾਹ ਦੀ ਪੇਸ਼ਕਸ਼ ਇਸ ਕਰਕੇ ਠੁਕਰਾ ਦਿੱਤੀ ਕਿਉਂਕਿ ਉਹ ਕੁਝ ਚਿਰ ਪਹਿਲਾਂ ਹੀ ਦੋ ਜੱਗ ਕੱਚੀ ਲੱਸੀ ਪੀ ਕੇ ਆਇਆ ਸੀ ਅਤੇ ਲੱਸੀ ਇਸ ਕਰਕੇ ਪੀਤੀ ਸੀ ਕਿਉਂਕਿ ਉਹ ਇਸ ਤੋਂ ਪਹਿਲਾਂ ਦੋ ਦਿਨ ਨਿੰਮ ਪੀਂਦਾ ਰਿਹਾ ਸੀ ਆਪਣੀ ਕੌੜੀ ਜ਼ਬਾਨ ਦੀ ਕੁੜਿੱਤਣ ਤੋਂ ਨਿਜਾਤ ਪਾਉਣ ਲਈ। ਹੋਮਿਉਪੈਥਿਕ ਪੱਧਤੀ ਦਾ ਇਹੋ ਸਿਧਾਂਤ ਸੀ-ਕੁੜਿੱਤਣ ਨੂੰ ਖਤਮ ਕਰਨ ਲਈ ਕੌੜੀ ਨਿੰਮ ਦੀ ਵਰਤੋਂ। ਉਸ ਦੀ ਆਮਦ ਵਾਵਰੋਲੇ ਵਾਂਗ ਸੀ, ਜਿਹੜਾ ਆਉਂਦਾ ਹੈ, ਹਲਚਲ ਸਿਰਜਦਾ ਹੈ ਅਤੇ ਫਿਰ ਉਡ ਜਾਂਦਾ ਹੈ। ਸਹਿਜੇ-ਸਹਿਜੇ ਉਸ ਬਾਰੇ ਹੋਰ ਜਾਣਕਾਰੀ ਪ੍ਰਾਪਤ ਹੁੰਦੀ ਰਹੀ। ਉਹ ਉਨ੍ਹੀਂ ਦਿਨੀਂ ਕੌਰ ਜੀ ਦੀ ਹਵੇਲੀ ਵਿਚ ਰਹਿੰਦਾ ਸੀ ਜਿਹੜੀ ਰਿਆਸਤੀ ਪਟਿਆਲੇ ਦੀਆਂ ਉਨ੍ਹਾਂ ਇਮਾਰਤਾਂ ਵਿਚੋਂ ਸੀ ਜਿਹੜੀਆਂ ਵਿਕਾਸ ਦੇ ਨਾਂ 'ਤੇ ਕੁਰਬਾਨ ਕਰ ਦਿੱਤੀਆਂ ਗਈਆਂ ਅਤੇ ਜਿਨ੍ਹਾਂ ਨਾਲ ਪਟਿਆਲੇ ਦਾ ਸ਼ਾਹੀ ਇਤਿਹਾਸ ਵੀ ਖ਼ਤਮ ਹੋ ਗਿਆ। ਕੌਰ ਜੀ ਦੀ ਹਵੇਲੀ ਮੋਦੀ ਕਾਲਜ ਦੇ ਨਜ਼ਦੀਕ ਹੀ ਸੀ।

ਉਹ ਤਕਰੀਬਨ ਹਰ ਸਨਿਚਰਵਾਰ ਮੋਦੀ ਕਾਲਜ ਆ ਜਾਂਦਾ। ਪੇਸ਼ੇ ਤੋਂ ਉਹ ਸਿਵਲ

## ਸਫਰ ਜ਼ਿੰਦਗੀ ਦਾ

ਇੰਜੀਨੀਅਰ ਸੀ ਅਤੇ ਲੋਕ ਨਿਰਮਾਣ ਵਿਭਾਗ ਵਿਚ ਬਤੌਰ ਐਸ.ਡੀ.ਓ. ਕੰਮ ਕਰਦਾ ਸੀ। ਹੋਮਿਓਪੈਥੀ ਦਾ ਉਸ ਨੂੰ ਜਨੂੰਨ ਸੀ ਅਤੇ ਹੋਮਿਓਪੈਥੀ ਨੂੰ ਉਹ ਅਧਿਆਤਮਕ ਵਿਗਿਆਨ ਦੱਸਦਾ ਸੀ। ਉਹ ਹੋਮਿਓਪੈਥੀ ਦੀ ਪ੍ਰੈਕਟਿਸ ਵੀ ਕਰਦਾ ਸੀ ਜਿਸ ਕਰਕੇ ਲੋਕ ਉਸ ਨੂੰ ਡਾ. ਹਾਕਮ ਸਿੰਘ ਦੇ ਨਾਂ ਨਾਲ ਜਾਣਦੇ ਸਨ। ਉਸ ਦੇ ਹੱਥ ਵਿਚ ਸ਼ਫ਼ਾ ਸੀ। ਦਵਾਈਆਂ ਬਿਲਕੁਲ ਮੁਫ਼ਤ ਦਿੰਦਾ ਸੀ। ਅੰਗਰੇਜ਼ੀ ਦਵਾਈਆਂ ਦੇ ਐਨਾ ਵਿਰੁਧ ਕਿ ਕਿਸੇ ਅੰਗਰੇਜ਼ੀ ਦੁਆਈ ਨੂੰ ਹੱਥ ਵੀ ਨਹੀਂ ਸੀ ਲਾਉਂਦਾ ਅਤੇ ਹਸਪਤਾਲ ਦੇ ਨੇੜੇ ਦੀ ਵੀ ਨਾ ਲੰਘਦਾ। ਪੜ੍ਹਨ-ਲਿਖਣ ਦਾ ਸ਼ੁਦਾਈ ਅਤੇ ਮਨੋਵਿਸ਼ਲੇਸ਼ਣ ਵਿਚ ਖਾਸ ਰੁਚੀ ਰੱਖਣ ਵਾਲਾ। ਦੁਫ਼ਾੜ ਮਾਨਸਿਕਤਾ ਉਸ ਦਾ ਪਸੰਦੀਦਾ ਵਿਸ਼ਾ ਸੀ। ਹਰ ਸਾਹ 'ਚ ਫਰਾਇਡ, ਯੁੰਗ, ਵਿਨੀਕੌਟ ਅਤੇ ਆਰ.ਡੀ. ਲੈਂਗ ਦਾ ਜ਼ਿਕਰ ਕਰਦਾ।

ਉਸ ਦੀਆਂ ਗੱਲਾਂ ਸੁਣ ਕੇ ਸਵੈਮਾਣ ਨੂੰ ਜਿੱਚ ਕਰਦਾ ਇਹ ਅਹਿਸਾਸ ਵੀ ਹੋਇਆ ਕਿ ਕਹਿਣ-ਸੁਣਨ ਨੂੰ ਤਾਂ ਮੇਰੇ ਵਰਗੇ ਸਾਹਿਤ ਦੇ ਅਧਿਆਪਕ ਅਦਬ ਦੀ ਦੁਨੀਆਂ ਨਾਲ ਜੁੜੇ ਹੋਏ ਹਨ ਪਰ ਦਰਅਸਲ ਅਦਬ ਅਤੇ ਅਦੀਬਾਂ ਨਾਲ ਨੇੜਤਾ ਦਾ ਤਾਂ ਹਾਕਮ ਸਿੰਘ ਵਰਗੇ ਮਨੁੱਖਾਂ ਨੂੰ ਹੀ ਖਾਸ ਹੱਕ ਹੈ, ਉਹ ਮਨੁੱਖ ਜਿਹੜੇ ਪੇਸ਼ੇਵਰਾਨਾ ਅਦਬ ਦੀ ਦੁਨੀਆਂ ਦੀਆਂ ਸਦਾਚਾਰਕ ਬੰਦਿਸ਼ਾਂ ਤੋਂ ਬਾਹਰ ਰਹੇ ਅਤੇ ਜਿਨ੍ਹਾਂ ਨੇ ਆਪਣੀ ਮੌਲਿਕ ਸੋਚ ਨੂੰ ਪ੍ਰੋਫੈਸ਼ਨ (ਪੇਸ਼ੇ) ਦੀਆਂ ਲੋੜਾਂ 'ਤੇ ਕੁਰਬਾਨ ਨਹੀਂ ਹੋਣ ਦਿੱਤਾ।

ਅਸੀਂ ਉਸ ਦੀ ਦਾਸਤਾਨ ਤੋਂ ਹੋਰ ਜ਼ਿਆਦਾ ਵਾਕਿਫ਼ ਹੁੰਦੇ ਗਏ। ਪਤਾ ਲੱਗਿਆ ਕੇ ਅਬੋਹਰ ਦੇ ਪਿੰਡ ਕੋਠੇ ਦਾ ਇਹ ਜੰਮਪਲ ਜਦੋਂ ਕੁਰੂਕਸ਼ੇਤਰ ਵਿਚ ਰੀਜਨਲ ਇੰਜੀਨੀਅਰਿੰਗ ਕਾਲਜ ਦਾ ਵਿਦਿਆਰਥੀ ਸੀ ਤਾਂ ਉਸ ਨੂੰ ਪੇਟ ਦੀ ਕਿਸੇ ਸ਼ਿਕਾਇਤ ਲਈ ਦਿੱਤੀ ਅੰਗਰੇਜ਼ੀ ਦਵਾਈ ਚੱਲ ਗਈ ਸੀ। ਉਹ ਮੌਤ ਦੇ ਮੂੰਹ 'ਚੋਂ ਵਾਪਸ ਪਰਤਿਆ ਸੀ। ਉਦੋਂ ਹੀ ਉਸ ਨੇ ਇਹ ਸੋਚ ਲਿਆ ਕਿ ਬਾਕੀ ਦਾ ਜੀਵਨ ਉਹ ਲੋਕਾਂ ਪ੍ਰਤੀ ਸਮਰਪਿਤ ਕਰੇਗਾ। ਇਸੇ ਸਮਰਪਣ ਦੇ ਅਹਿਦ ਦਾ ਨਤੀਜਾ ਸੀ ਕਿ ਉਸ ਨੇ ਵਿਧਵਾ ਨਾਲ ਵਿਆਹ ਕਰਵਾਇਆ ਅਤੇ ਉਸ ਦੇ ਬੱਚੇ ਨੂੰ ਆਪਣਾ ਸਮਝ ਕੇ ਪਾਲ਼ਿਆ।

ਸਾਡੀਆਂ ਮੁਲਾਕਾਤਾਂ ਵਧਦੀਆਂ ਗਈਆਂ। ਉਸ ਕੋਲ ਕਈ ਨਵੇਂ ਜਾਣਕਾਰ, ਕਈ ਨਵੇਂ ਮਰੀਜ਼ ਆਉਂਦੇ ਰਹੇ ਤੇ ਬਾਅਦ ਵਿਚ ਆਪਣੇ-ਆਪਣੇ ਰਾਹ ਤੁਰ ਗਏ। ਉਸ ਨੇ ਕਦੀ ਕਿਸੇ ਛੱਡ ਜਾਣ ਵਾਲੇ 'ਤੇ ਗਿਲਾ ਨਹੀਂ ਕੀਤਾ। ਸਾਨੂੰ ਉਹ ਅਕਸਰ ਕਹਿੰਦਾ, "ਬਹੁਤੇ ਰਿਸ਼ਤੇ ਦੁੱਖ ਦੇ ਰਿਸ਼ਤੇ ਹੁੰਦੇ ਨੇ। ਜਦ ਤੱਕ ਦੁੱਖ ਤਕਲੀਫ਼ ਐ, ਲੋਕ ਤੁਹਾਡੇ ਕੋਲ ਆਉਣਗੇ ਅਤੇ ਜਦੋਂ ਉਨ੍ਹਾਂ ਦਾ ਦੁੱਖ ਕੱਟਿਆ ਗਿਆ, ਉਹ ਆਉਣਾ ਬੰਦ ਕਰ ਦੇਣਗੇ। ਬੱਸ ਐਨੀ ਗੱਲ ਈ ਐ।" ਮਨੁੱਖੀ ਰਿਸ਼ਤਿਆਂ ਪ੍ਰਤੀ ਉਸ ਦਾ ਇਹ ਉਦਾਰ ਨਜ਼ਰੀਆ ਬਹੁਤ ਹੱਦ ਤਕ ਮਨੋਵਿਸ਼ਲੇਸ਼ਣ ਦੇ ਟ੍ਰਾਂਸਫਰੈਂਸ ਅਤੇ ਕਾਊਂਟਰ-ਟ੍ਰਾਂਸਫਰੈਂਸ ਦੇ ਸਿਧਾਂਤਾਂ ਤੋਂ ਪ੍ਰੇਰਿਤ ਸੀ। ਉਹ ਸਾਨੂੰ ਸਾਡੇ ਵਿਦਿਆਰਥੀਆਂ ਪ੍ਰਤੀ ਰਿਸ਼ਤੇ ਬਾਰੇ ਵੀ ਸੁਚੇਤ ਕਰਦਾ ਰਹਿੰਦਾ ਕਿ ਸਾਨੂੰ ਸਾਡੇ ਵਿਦਿਆਰਥੀਆਂ ਤੋਂ ਸਦੀਵੀ ਮੁਹੱਬਤ ਜਾਂ ਸਤਿਕਾਰ ਦੀ ਉਮੀਦ ਨਹੀਂ ਰੱਖਣੀ ਚਾਹੀਦੀ। ਉਹ ਕਹਿੰਦਾ ਕਿ ਜਦੋਂ ਤੱਕ ਵਿਦਿਆਰਥੀਆਂ ਨੂੰ ਤੁਹਾਡੀ ਲੋੜ ਹੈ, ਉਹ ਤੁਹਾਡੇ ਕੋਲ ਆਉਣਗੇ ਅਤੇ ਜਦੋਂ ਉਨ੍ਹਾਂ ਦੇ ਸਾਰੇ ਕਸ਼ਟਾਂ ਦਾ ਨਿਵਾਰਨ ਹੋ ਗਿਆ ਤਾਂ ਉਹ ਆਉਣਾ ਬੰਦ ਕਰ ਦੇਣਗੇ। ਉਹ ਇਕ ਹੋਰ ਗੱਲ ਵੀ ਕਰਦਾ ਸੀ ਜਿਸ ਵਿਚ ਬਹੁਤ ਗਹਿਰੀ ਸੱਚਾਈ ਹੈ। ਜਦ ਤੱਕ ਤੁਹਾਡੇ ਸ਼ਾਗਿਰਦ ਤੁਹਾਡੇ ਪਰਛਾਵੇਂ ਹੇਠ ਰਹਿਣਗੇ, ਉਹ ਵਿਲਖਣ ਸ਼ਖ਼ਸੀਅਤ ਦੇ ਵਿਕਾਸ ਦੀਆਂ ਸੰਭਾਵਨਾਵਾਂ ਤੋਂ ਵਿਹੂਣੇ ਰਹਿ ਜਾਣਗੇ। ਵੱਖਰੀ ਪਛਾਣ ਬਣਾਉਣ ਲਈ ਉਨ੍ਹਾਂ ਨੂੰ

ਤੁਹਾਡੇ ਪ੍ਰਭਾਵ ਤੋਂ ਬਾਹਰ ਆਉਣਾ ਹੀ ਪਵੇਗਾ। ਮਨੁੱਖੀ ਰਿਸ਼ਤਿਆਂ ਪ੍ਰਤੀ ਇਸ ਤਰ੍ਹਾਂ ਦੀ ਨਿਰਲੇਪਤਾ ਅਸੀਂ ਸੂਫ਼ੀਆਂ ਨਾਲ ਹੀ ਜੋੜਦੇ ਹਾਂ, ਉਨ੍ਹਾਂ ਬੰਦਿਆਂ ਨਾਲ ਜਿਹੜੇ ਸੰਸਾਰ ਵਿਚ ਰਹਿ ਕੇ ਵੀ ਸੰਸਾਰਕ ਮੋਹ-ਮਾਇਆ ਤੋਂ ਮੁਕਤ ਹੁੰਦੇ ਨੇ। ਹਾਕਮ ਸਿੰਘ ਮੈਨੂੰ ਹਮੇਸ਼ਾਂ ਹੀ ਗ਼ਾਲਿਬ ਦਾ ਇਹ ਸ਼ਿਅਰ ਯਾਦ ਦਿਵਾਉਂਦਾ:

ਬਨਾ ਕਰ ਫ਼ਕੀਰੋਂ ਕਾ ਹਮ ਭੇਸ ਗ਼ਾਲਿਬ
ਤਮਾਸ਼ਾ-ਏ-ਅਹਿਲੇ ਕਰਮ ਦੇਖਤੇ ਹੈਂ।

ਪਰ ਇਸ ਸ਼ਿਅਰ ਦੇ ਮਨ ਵਿਚ ਆਉਂਦਿਆਂ ਹੀ ਇਹ ਖਿਆਲ ਵੀ ਆਉਂਦਾ ਕਿ ਗ਼ਾਲਿਬ ਦੇ ਫ਼ਕੀਰ ਨੇ ਤਾਂ ਸਿਰਫ ਫ਼ਕੀਰੀ ਦਾ ਭੇਸ ਧਾਰਿਆ ਹੋਇਆ ਸੀ। ਹਾਕਮ ਸਿੰਘ ਤਾਂ ਅਸਲੋਂ ਫ਼ਕੀਰ ਸੀ। ਉਸ ਦੀ ਫ਼ਕੀਰੀ ਕੋਈ ਢੌਂਗ ਨਹੀਂ ਸੀ। ਮਹਿਜ਼ ਪਹਿਰਾਵੇ ਦਾ ਸਵਾਲ ਨਹੀਂ ਸੀ। ਉਹ ਫ਼ਕੀਰ ਸੀ, ਮਨ ਤੋਂ ਅਮੀਰ, ਰੂਹ ਤੋਂ ਅਮੀਰ।

ਉਸ ਦੀ ਰੂਹਾਨੀ ਅਮੀਰੀ ਦਾ ਕਾਇਲ ਮੈਂ ਉਸ ਦਿਨ ਹੋਇਆ ਜਿਸ ਦਿਨ ਉਸ ਨਾਲ ਮੇਰੀ ਮੁਲਾਕਾਤ ਇਕ ਸ਼ਾਮ ਕਿਲਾ ਮੁਬਾਰਕ ਦੀ ਪਿਛਲੀ ਕੰਧ ਦੇ ਨਾਲ-ਨਾਲ ਲਗਦੀ ਸਬਜ਼ੀ ਮੰਡੀ ਵਿਚ ਹੋਈ। ਇਹ ਗੱਲ ਨੀਲਾ ਤਾਰਾ ਸਾਕੇ ਤੋਂ ਕੁੱਝ ਦਿਨ ਪਹਿਲਾਂ ਦੀ ਹੈ। ਹਾਕਮ ਸਿੰਘ ਬਹੁਤ ਹੀ ਗ਼ਰੀਬ ਬਿਰਧ ਸਬਜ਼ੀਆਂ ਵੇਚਣ ਵਾਲੇ ਤੋਂ ਸਬਜ਼ੀ ਖ਼ਰੀਦ ਰਿਹਾ ਸੀ। ਪੀਲ਼ੇ ਹੋ ਗਏ ਬਾਸੀ ਕਰੇਲੇ, ਫਿੱਸੇ ਹੋਏ ਕੀੜਿਆਂ ਦੇ ਖਾਧੇ ਬੈਂਗਣ ਅਤੇ ਨਰਮ ਜਿਹੇ ਗੋਲ ਕੱਦੂ ਲਈ ਉਹ ਬਜ਼ੁਰਗ ਜ਼ਮੀਨ 'ਤੇ ਹੀ ਬੈਠਾ ਸੀ। ਹਾਕਮ ਸਿੰਘ ਨੇ ਮੂੰਹ ਮੰਗੀ ਕੀਮਤ ਦੇ ਕੇ ਉਸ ਬਾਬੇ ਤੋਂ ਕੁੱਝ ਸੜੀਆਂ-ਗ਼ਲ਼ੀਆਂ ਸਬਜ਼ੀਆਂ ਖ਼ਰੀਦ ਲਈਆਂ। ਮੇਰਾ ਮਨ ਕਚਿਆਣ ਨਾਲ ਭਰ ਗਿਆ। ਮੈਨੂੰ ਲੱਗਿਆ ਕਿ ਉਹ ਤਾਂ ਮੋਲੀਅਰ ਦੇ ਸੂਮ ਹਰਪਾਗੌਨ ਨੂੰ ਵੀ ਪਿੱਛੇ ਛੱਡ ਗਿਆ ਸੀ। ਉਸ ਨੇ ਮੇਰੇ ਮਨ ਨੂੰ ਭਾਂਪ ਲਿਆ ਅਤੇ ਮੇਰੇ ਬਿਨਾਂ ਕੁੱਝ ਪੁੱਛਿਆਂ ਹੀ ਉਸ ਨੇ ਕਿਹਾ, "ਏਸ ਬੰਦੇ ਤੋਂ ਇਸ ਦੀ ਸਬਜ਼ੀ ਕਿਸੇ ਨੇ ਨਹੀਂ ਸੀ ਲੈਣੀ, ਤੇ ਉਹ ਭੁੱਖਾ ਹੀ ਸੌਂ ਜਾਂਦਾ। ਖ਼ੈਰਾਤ ਮੈਂ ਇਸ ਨੂੰ ਦੇਣੀ ਨਹੀਂ ਸੀ। ਸਬਜ਼ੀ ਦੇ ਪੈਸੇ ਦੇ'ਤੇ। ਜੇ ਮੈਂ ਇਸ ਨੂੰ ਖ਼ੈਰਾਤ ਦੇ ਦਿੰਦਾ ਤਾਂ ਉਹ ਬਹੁਤ ਛੋਟਾ ਮਹਿਸੂਸ ਕਰਦਾ। ਪੜ੍ਹਿਆ ਨ੍ਹੀਂ ਫਰਾਇਡ ਬੰਦੇ ਦੀ ਈਗੋ ਬਾਰੇ ਕੀ ਕਹਿੰਦੈ।" ਉਸ ਨੇ ਕੁੱਝ ਦੂਰ ਜਾ ਕੇ ਉਹ ਸਾਰੀ ਸਬਜ਼ੀ ਗੰਦੇ ਨਾਲੇ ਵਿਚ ਸੁੱਟ ਦਿੱਤੀ ਅਤੇ ਫਰਾਇਡ 'ਤੇ ਆਪਣਾ ਵਿਖਿਆਨ ਜਾਰੀ ਰੱਖਿਆ।

ਜਦੋਂ ਮੈਂ ਉਸ ਤੋਂ ਰੁਖ਼ਸਤ ਹੋਇਆ ਤਾਂ ਮੇਰੇ ਮਨ ਦੀ ਅਵਸਥਾ ਬਹੁਤ ਅਜੀਬ ਸੀ। ਮੈਂ ਉਸ ਦੀ ਫਰਾਖ਼ਦਿਲੀ ਤੋਂ ਬਹੁਤ ਮੁਤਾਸਰ ਸੀ ਪਰ ਉਸ ਵੱਲੋਂ ਜੀਵਨ ਦੇ ਰੋਜ਼ਮੱਰਾ ਦੇ ਵਰਤਾਰੇ ਨੂੰ ਮਨੋਵਿਸ਼ਲੇਸ਼ਣ ਦੇ ਲੈਨਜ਼ ਵਿਚੋਂ ਦੇਖਣ ਦੇ ਝੁਕਾਅ ਤੋਂ ਮੈਂ ਕੁਝ ਬੇਜ਼ਾਰ ਜ਼ਰੂਰ ਸੀ। ਮੇਰਾ ਮੰਨਣਾ ਸੀ ਕਿ ਇਸ ਤਰ੍ਹਾਂ ਕਰਨਾ ਫਰਾਇਡ ਦੀ ਪੇਚੀਦਗੀ ਨੂੰ ਖੀਣ ਕਰਕੇ ਅਤਿ ਸਰਲਤਾ ਦੇ ਪੱਧਰ 'ਤੇ ਘਟਾਉਣ ਬਰਾਬਰ ਹੈ ਪਰ ਹਾਕਮ ਸਿੰਘ ਬਾਰੇ ਅਜੇ ਹੋਰ ਬਹੁਤ ਕੁਝ ਜਾਨਣਾ ਬਾਕੀ ਸੀ!

ਉਨ੍ਹੀਂ ਦਿਨੀਂ ਪੰਜਾਬ ਕਤਲੋ-ਗ਼ਾਰਤ ਦੇ ਹੈਵਾਨੀ ਦੌਰ ਵਿਚੋਂ ਲੰਘ ਰਿਹਾ ਸੀ। ਤਕਰੀਬਨ ਸਾਰਿਆਂ ਦੇ ਜ਼ਿਹਨ ਵਿਚ ਇਕੋ ਹੀ ਸਵਾਲ ਸੀ: ਹੁਣ ਕੀ ਬਣੇਗਾ? ਸਬਜ਼ੀ ਮੰਡੀ ਵਾਲੀ ਘਟਨਾ ਤੋਂ ਅਗਲੇ ਹੀ ਦਿਨ ਮੈਂ ਅਤੇ ਨਿਰਮਲ, ਹਾਕਮ ਸਿੰਘ ਦੇ ਘਰ ਚਲੇ ਗਏ। ਕੁਝ ਦਿਨ ਪਹਿਲਾਂ ਹੀ ਰਾਜੀਵ ਗਾਂਧੀ ਨੇ ਇੰਟਰਵਿਊ ਵਿਚ ਇਹ ਮੰਨਿਆ ਸੀ ਕਿ ਜਰਨੈਲ ਸਿੰਘ ਭਿੰਡਰਾਂਵਾਲਾ ਤਾਂ ਸੰਤ ਹੈ। ਰਾਜੀਵ ਗਾਂਧੀ ਦਾ ਬਿਆਨ ਬਹਿਸ ਦਾ ਮੁੱਦਾ ਬਣ ਗਿਆ। ਮੇਰੀ ਤੇ ਨਿਰਮਲ ਦੀ ਇਹ ਰਾਇ ਸੀ ਕਿ ਕਾਂਗਰਸ ਦੀ ਮਰਕਜ਼ੀ ਸਰਕਾਰ ਨੇ ਸ਼ਾਇਦ ਸੰਤ (ਭਿੰਡਰਾਂਵਾਲਿਆਂ) ਨਾਲ ਅੰਦਰਖਾਤੇ ਹੀ ਕੋਈ ਗੱਲਬਾਤ ਤੋਰੀ ਹੋਈ ਹੈ ਅਤੇ ਹੁਣ ਪੰਜਾਬ ਸਮਝੌਤਾ ਬਹੁਤੀ ਦੂਰ ਨਹੀਂ। ਹਾਕਮ ਸਿੰਘ ਸਾਡੀਆਂ ਗੱਲਾਂ ਸੁਣ ਕੇ ਬਹੁਤ ਹੱਸਿਆ ਅਤੇ ਉਸ ਨੇ ਕਿਹਾ, "ਓ ਨਹੀਂ ਸਰ ਇਉਂ ਨਹੀਂ ਹੁੰਦਾ। ਇਹ ਬਿਆਨ ਤਾਂ ਸੰਤ ਦੇ ਖਿਲਾਫ ਜੰਗ ਦਾ ਸੂਚਕ ਐ। ਹੁਣ ਬੀਬੀ (ਇੰਦਰਾ ਗਾਂਧੀ) ਨੇ ਮਿਲਟਰੀ ਚੜ੍ਹਾਉਣੀ ਐ ਦਰਬਾਰ ਸਾਹਿਬ 'ਤੇ, ਤੁਸੀਂ ਦੇਖ ਲਿਓ।" ਅਸੀਂ ਉਸ ਨਾਲ ਮੁਤਫ਼ਿਕ ਨਾ ਹੋਏ। ਉਹ ਆਦਤਨ ਤਿਲਮਿਲਾ ਉਠਿਆ ਅਤੇ ਉਚੀ ਆਵਾਜ਼ ਵਿਚ ਕਹਿਣ ਲੱਗਿਆ, "ਉਏ ਮਹਾਰਾਜ, ਗੱਲ ਨੂੰ ਸਮਝੀਦਾ ਹੁੰਦੈ। ਓ ਨਿਰਮਲ ਤੂੰ ਵੀ ਇਸ ਬਾਹਲੇ ਸਿਆਣੇ ਨਾਲ ਰਲ਼ ਕੇ ਮੂਰਖਾਂ ਆਲ਼ੀਆਂ ਗੱਲਾਂ ਕਰੀ ਜਾਨੈਂ। ਪਤਾ ਨੀ ਵਾਸਤਾ ਨੀ। ਫਰਾਇਡ ਨੇ ਕੀ ਕਿਹਾ ਸੀ, ਯਾਦ ਐ ਤੈਨੂੰ? ਰਾਜੀਵ ਗਾਂਧੀ ਦੀ ਗੱਲ ਦੇ ਅੰਦਰੂਨੀ ਇਸ਼ਾਰੇ ਨੂੰ ਸਮਝੋ। ਜੋ ਉਸ ਨੇ ਕਿਹਾ ਹੈ, ਉਸ ਤੇ ਨਾ ਜਾਓ। ਜੋ ਉਹ ਲੁਕੋ ਗਿਆ ਹੈ, ਉਸ ਨੂੰ ਸਮਝੋ। ਇਸੇ ਤਰ੍ਹਾਂ ਹੀ ਹੋਏਗਾ ਸਾਰਾ ਕੁੱਛ। ਤੁਸੀਂ ਸਰਕਾਰ ਦੀ ਧੁਨੀ 'ਚ ਜੇ ਡੱਕੇ ਮਾਰਦੇ ਰਹੋ ਤਾਂ ਸਰਕਾਰ ਕਦ ਤਾਈਂ ਬਰਦਾਸ਼ਤ ਕਰੂ। ਸਟੇਟ ਦੀ ਤਾਕਤ ਨੂੰ ਜੇ ਤੁਸੀਂ ਲਗਾਤਾਰ ਵੰਗਾਰਦੇ ਰਹੋਗੇ ਤਾਂ ਇਹਦੀ ਕੋਈ ਕੀਮਤ ਤਾਂ ਦੇਣੀ ਪਊਗੀ।"

ਉਹ ਸੰਸਥਾਗਤ ਧਰਮ ਦੇ ਬਹੁਤ ਵਿਰੁਧ ਸੀ ਅਤੇ ਪੰਜਾਬ ਸਮੱਸਿਆ ਬਾਰੇ ਸਾਡੇ ਵਾਂਗ ਭਾਵੁਕ ਬਿਲਕੁਲ ਨਹੀਂ ਸੀ। ਉਹ ਇਸ ਸਮੱਸਿਆ ਦੀ ਵਿਆਖਿਆ ਵੀ ਮਨੋਵਿਸ਼ਲੇਸ਼ਣ ਦੇ ਨਜ਼ਰੀਏ ਤੋਂ ਹੀ ਕਰਦਾ ਸੀ। ਉਹ ਯੁੰਗ ਦੇ ਨਸਲੀ ਅਵਚੇਤਨ ਦੇ ਸੰਕਲਪ ਦਾ ਵਾਸਤਾ ਦੇ ਕੇ ਹਿੰਦੂ ਮਨ ਅਤੇ ਸਿੱਖ ਮਨ ਦੀ ਗੱਲ ਕਰਦਾ ਅਤੇ ਹਿੰਦੂ ਮਨ ਦੀਆਂ ਡੂੰਘੀਆਂ ਪਰਤਾਂ ਅਤੇ ਉਸ ਦੇ ਪੇਚੀਦਾ ਅਤੇ ਗਹਿਰੇ ਹੋਣ ਦੀ ਦੁਹਾਈ ਦਿੰਦਾ। ਅਸੀਂ ਬੇਯਕੀਨੀ ਨਾਲ ਉਸ ਦੀਆਂ ਗੱਲਾਂ ਸੁਣਦੇ ਰਹੇ। ਸਾਨੂੰ ਪੂਰਾ ਯਕੀਨ ਸੀ ਕਿ ਪੰਜਾਬ 'ਚ ਕੋਈ ਨਾ ਕੋਈ ਸਮਝੌਤਾ ਹੋ ਹੀ ਜਾਵੇਗਾ ਪਰ ਜਦੋਂ ਕੁਝ ਚਿਰ ਬਾਅਦ ਹੀ ਨੀਲਾ ਤਾਰਾ ਸਾਕਾ ਵਾਪਰ ਗਿਆ ਤਾਂ ਸਾਨੂੰ ਹਾਕਮ ਸਿੰਘ ਦੀ ਗੱਲ ਦੀ ਸੱਚਾਈ ਦਾ ਅਹਿਸਾਸ ਹੋਇਆ। ਜਦੋਂ ਹੀ ਕਰਫਿਊ ਖੁੱਲ੍ਹਿਆ, ਅਸੀਂ ਦੋਵੇਂ ਫਿਰ ਉਸ ਕੋਲ ਗਏ। ਅਸੀਂ ਦੋਵੇਂ ਬਹੁਤ ਅਸ਼ਾਂਤ ਸੀ, ਗੁੱਸੇ ਨਾਲ ਭਰੇ ਹੋਏ। ਹਾਕਮ ਸਿੰਘ ਖਾਮੋਸ਼ ਸੀ, ਉਦਾਸ ਵੀ। ਉਹ ਬਹੁਤਾ ਨਾ ਬੋਲਿਆ। ਬੱਸ, ਸਾਨੂੰ ਵਾਪਸ ਮੁੜਦਿਆਂ ਨੂੰ ਉਸ ਨੇ ਇਕੋ ਹੀ ਗੱਲ ਕਹੀ ਕਿ ਅਜੇ ਦੋਹਾਂ ਧਿਰਾਂ ਨੇ ਇਕ-ਦੂਜੇ ਨੂੰ ਪੂਰੀ ਤਰ੍ਹਾਂ ਜੋਹਿਆ ਨਹੀਂ, ਅਜੇ ਬਹੁਤ ਖ਼ੂਨ ਬਹਿਣਾ ਬਾਕੀ ਹੈ।

ਸਰਕਾਰੀ ਨੌਕਰੀ ਤੋਂ ਸੇਵਾ ਮੁਕਤੀ ਪਿੱਛੋਂ ਉਹ ਕਿਤਾਬਾਂ ਨਾਲ ਹੋਰ ਜੁੜ ਗਿਆ। ਹਾਇਡੈਗਰ, ਕਿਰਦੇਗਾਰਦ, ਵਿਟਗਿੰਸਟਾਈਨ ਨਾਲ ਉਸ ਦੀ ਸਾਂਝ ਹੋਰ ਗਹਿਰੀ ਹੋ ਗਈ। ਉਹ ਹਰ ਹਫ਼ਤੇ ਤਕਰੀਬਨ ਤਿੰਨ-ਚਾਰ ਚੱਕਰ ਯੂਨੀਵਰਸਿਟੀ ਲਾਇਬਰੇਰੀ ਦੇ ਲਾ ਆਉਂਦਾ। ਸਾਨੂੰ ਸਾਰਿਆਂ ਨੂੰ ਕਿਤਾਬਾਂ ਲਿਆ ਕੇ ਪੜ੍ਹਾਉਂਦਾ ਅਤੇ ਹੋਰ ਬਹੁਤ ਸਾਰੀਆਂ ਕਿਤਾਬਾਂ ਪੜ੍ਹਨ ਦੀ ਸਿਫ਼ਾਰਸ਼ ਕਰਦਾ। ਮੈਨੂੰ ਬਾਬਾ ਗੁਰਦਿਆਲ ਸਿੰਘ ਬੱਲ ਨੇ ਇਕ ਵਾਰ ਦੱਸਿਆ ਕਿ ਕੋਈ ਸਮਾਂ ਸੀ ਜਦੋਂ ਹਾਕਮ ਸਿੰਘ ਨੇ ਹਾਇਡੈਗਰ, ਵਿਟਗਿੰਸਟਾਈਨ ਅਤੇ ਤਕਨਾਲੋਜੀ ਦੇ ਮਨੁਖੀ ਜੀਵਨ 'ਤੇ ਪ੍ਰਭਾਵ ਉਤੇ ਬਹੁਤ ਕੁਝ ਪੜ੍ਹਿਆ। ਪਤਾ ਨਹੀਂ ਉਹ ਕਿਸ ਲੋਹੜੇ ਦੇ ਸ਼ੌਕ ਅਤੇ ਆਵੇਗ ਨਾਲ ਆਪਣੇ ਖਬਤ ਬਾਰੇ ਗੱਲ ਕਰਦਾ ਕਿ ਇਕ ਵਾਰ ਬਾਬੇ ਬੱਲ ਨੂੰ ਉਦੋਂ ਤੱਕ ਨੀਂਦ ਨਾ ਆਈ ਜਦੋਂ ਤਕ ਉਹ ਚੰਡੀਗੜ੍ਹ ਜਾ ਕੇ ਰੇਅ ਮੰਕ ਦੀ ਕਿਤਾਬ "ਵਿਟਗਿੰਸਟਾਈਨ: ਦ ਡਿਊਟੀ ਆਫ਼ ਜੀਨੀਅਸ" ਨਾ ਖ਼ਰੀਦ ਲਿਆਇਆ।


ਹਾਂ, ਬਸ ਇਕ ਫ਼ੋਟੋ ਕਾਪੀ ਕਰਾਉਣ 'ਤੇ ਹਾਕਮ ਸਿੰਘ ਨੂੰ ਸਖ਼ਤ ਇਤਰਾਜ਼ ਸੀ। ਉਹ ਫ਼ੋਟੋ ਕਾਪੀ ਕੀਤੀ ਹੋਈ ਕਿਤਾਬ ਦੇ ਨੇੜੇ ਵੀ ਨਹੀਂ ਸੀ ਜਾਂਦਾ। ਉਸ ਦੇ ਮਰੀਜ਼ਾਂ ਦੀ ਸੰਖਿਆ ਵੀ ਪਹਿਲਾਂ ਨਾਲੋਂ ਕਾਫ਼ੀ ਵਧ ਗਈ ਸੀ। ਉਸ ਦੇ ਕਈ ਨਵੇਂ ਮੁਰੀਦ ਵੀ ਉਸ ਦੀ ਸ਼ਾਗਿਰਦੀ ਵਿਚ ਸ਼ਾਮਿਲ ਹੋ ਗਏ। ਉਨ੍ਹਾਂ ਵਿਚੋਂ ਮੁੱਖ ਇਕ ਨੌਜਵਾਨ ਵਕੀਲ ਗੁਨਿੰਦਰ ਸਿੱਧੂ (ਨਿੱਪੀ) ਦਾ ਵਿਸ਼ੇਸ਼ ਸਥਾਨ ਹੈ। ਗੁਨਿੰਦਰ ਨੇ ਹੀ ਹਾਕਮ ਸਿੰਘ ਦੇ ਆਖ਼ਰੀ ਸਾਹਾਂ ਤੱਕ ਉਸ ਦੀ ਬਹੁਤ ਸੇਵਾ ਕੀਤੀ।

ਜਿਉਂ-ਜਿਉਂ ਵਕਤ ਬੀਤਦਾ ਗਿਆ, ਹਾਕਮ ਸਿੰਘ ਦੇ ਮਲੰਗਪੁਣੇ 'ਤੇ ਹੋਰ ਸ਼ਬਾਬ ਆਉਂਦਾ ਗਿਆ। ਐਸ਼ੋ-ਇਸ਼ਰਤ ਦੇ ਹਰ ਅਸਬਾਬ ਤੋਂ ਕਿਨਾਰਾਕਸ਼ੀ ਤਾਂ ਉਸ ਨੇ ਪਹਿਲਾਂ ਹੀ ਕੀਤੀ ਹੋਈ ਸੀ, ਹੁਣ ਤਾਂ ਉਸ ਦੀ ਬੇਨਿਆਜ਼ੀ ਹੋਰ ਵੀ ਵਧ ਗਈ। ਨਾ ਧਨ ਦੀ ਹਿਰਸ, ਨਾ ਕੱਪੜੇ-ਲੱਤੇ ਦਾ ਫਿਕਰ ਅਤੇ ਨਾ ਹੀ ਇਸ ਗੱਲ ਦੀ ਪਰਵਾਹ ਕਿ ਕੋਈ ਕੀ ਕਹੇਗਾ! ਨਾ ਕਿਸੇ ਦੇ ਘਰ ਜੰਮਣ 'ਤੇ ਜਾਣਾ ਅਤੇ ਨਾ ਮਰਨ 'ਤੇ। ਵਿਆਹ-ਸ਼ਾਦੀ 'ਤੇ ਜਾਣਾ ਤਾਂ ਬਹੁਤ ਦੂਰ ਦੀ ਗੱਲ ਸੀ।

ਉਸ ਦੀ ਬੇਬਾਕੀ, ਉਸ ਦਾ ਉਤਾਵਲਾਪਣ, ਬੌਧਿਕ ਮੀਡੀਔਕਰਿਟੀ ਪ੍ਰਤੀ ਉਸ ਦੀ ਅਸਹਿਣਸ਼ੀਲਤਾ ਅਤੇ ਨੱਕ 'ਤੇ ਹੀ ਧਰਿਆ ਉਸ ਦਾ ਬੱਚਿਆਂ ਵਾਲਾ ਨਿਹਚਲ ਗੁੱਸਾ; ਇਨ੍ਹਾਂ ਸਾਰੀਆਂ ਗੱਲਾਂ ਵਿਚ ਪਹਿਲਾਂ ਨਾਲੋਂ ਕਈ ਗੁਣਾ ਵਾਧਾ ਹੋ ਗਿਆ ਸੀ। ਮੈਨੂੰ ਇਹ ਸਾਰਾ ਕੁਝ ਉਸ ਦਿਨ ਝੱਲਣਾ ਪਿਆ ਜਿਸ ਦਿਨ ਮੈਂ ਨਿਉਰੋ ਸਾਇਕਾਲੋਜੀ ਦੀਆਂ ਨਵੀਆਂ ਖੋਜਾਂ ਦੇ ਪ੍ਰਸੰਗ ਵਿਚ ਫਰਾਇਡ ਨੂੰ ਕਿਤੇ ਨਿੰਦ ਬੈਠਿਆ। ਫਿਰ ਕੀ ਸੀ, ਉਸ ਨੇ ਮੈਨੂੰ ਕੋਸਣਾ ਸ਼ੁਰੂ ਕਰ ਦਿੱਤਾ, ਉਚੀ-ਉਚੀ, "ਵਾਲੀਆ, ਹੁਣ ਤੇਰਾ ਥੱਲੇ ਡਿੱਗਣ ਦਾ ਸਮਾਂ ਆ ਗਿਐ। ਤੂੰ ਮੂਧੇ ਮੂੰਹ ਗਿਰੇਂਗਾ। ਤੇਰੇ 'ਚ ਹੰਕਾਰ ਆ ਗਿਐ ਨਾ ਹੁਣ...।" ਤੇ ਹੋਰ ਪਤਾ ਨਹੀਂ ਕੀ ਕੁਝ। ਨਿਰਮਲ ਉਸ ਦਿਨ ਮੇਰੇ ਨਾਲ ਸੀ। ਅਸੀਂ ਦੋਵੇਂ ਚੁੱਪ ਕਰਕੇ ਉਸ ਨੂੰ ਸੁਣਦੇ ਰਹੇ। ਮੈਂ ਜਦੋਂ ਵੀ ਕੋਈ ਸਪੱਸ਼ਟੀਕਰਨ ਦੇਣ ਦੀ ਕੋਸ਼ਿਸ਼ ਕੀਤੀ ਤਾਂ ਉਸ ਨੇ ਮੈਨੂੰ ਇਕੋ ਗੱਲ ਹੀ ਕਹੀ, "ਤੂੰ ਹੁਣ ਬੱਸ ਚੁੱਪ ਕਰ, ਤੂੰ ਬੋਲ ਨਾ।" ਥੋੜ੍ਹੀ ਜਿਹੀ ਨਾਮੋਸ਼ੀ ਤਾਂ ਹੋਈ ਪਰ ਜਦੋਂ ਉਸ ਦਾ ਗੁੱਸਾ ਸ਼ਾਂਤ ਹੋ ਗਿਆ ਤਾਂ ਸਭ ਕੁੱਝ ਠੀਕ-ਠਾਕ ਹੋ ਗਿਆ। ਹਾਕਮ ਸਿੰਘ ਸਾਨੂੰ ਅਕਸਰ ਸੂਫ਼ੀ ਮੁਰਸ਼ਿਦਾਂ ਦੇ ਕਿੱਸੇ ਸੁਣਾਉਂਦਾ ਹੁੰਦਾ ਸੀ ਜਿਹੜੇ ਆਪਣੇ ਮੁਰੀਦਾਂ ਨੂੰ ਗਾਲਾਂ ਕੱਢਦੇ ਸਨ। ਹਾਕਮ ਸਿੰਘ ਦੇ ਗੁੱਸੇ ਵਿਚ ਮੈਨੂੰ ਉਸ ਵਲੋਂ ਮੇਰੇ ਪ੍ਰਤੀ ਨੇੜਤਾ ਨੂੰ ਤਸਲੀਮ ਕਰਨ ਦਾ ਜਜ਼ਬਾ ਨਜ਼ਰ ਆਇਆ।


ਸਿਗਮੰਡ ਫਰਾਇਡ

**_ਹਾਕਮ ਸਿੰਘ ਵਰਗੇ ਨੂੰ ਸਮਝਣਾ ਜਿਸਦਾ ਵਸੇਬਾ ਹੀ ਸਾਧਾਰਨ ਅਤੇ ਆਸਾਧਾਰਨ ਮਾਨਸਿਕਤਾ ਦੇ ਜੋਖਮ ਭਰੇ ਹਾਸ਼ੀਏ 'ਤੇ ਹੋਵੇ ਤਾਂ ਤਕਰੀਬਨ ਨਾ-ਮੁਮਕਿਨ ਹੀ ਹੈ। ਸਾਧਾਰਨ ਅਤੇ ਆਸਾਧਾਰਨ ਦੀ ਵੰਡ ਕਰਦੀ ਹੋਈ ਆਪਹੁਦਰੀ ਰੇਖਾ ਕਿਸ ਕਦਰ ਮਹੀਨ ਅਤੇ ਬੇਤੁਕੀ ਹੈ, ਹਾਕਮ ਸਿੰਘ ਦਾ ਜੀਵਨ ਇਸ ਸੱਚਾਈ ਦੀ ਮਿਸਾਲ ਸੀ। ਆਪਣੇ ਮਹਿਬੂਬ ਚਿੰਤਕ ਨੀਤਸ਼ੇ ਵਾਂਗ ਉਹ ਜੋਖਮ ਭਰਿਆ ਜੀਵਨ ਜੀਅ ਰਿਹਾ ਸੀ।_**


ਨੀਤਸ਼ੇ

ਹਾਕਮ ਸਿੰਘ ਕੋਲ ਜਾ ਕੇ ਮਨ ਨੂੰ ਸਕੂਨ ਮਿਲਦਾ। ਇਸ ਤਸਕੀਨ ਦੀ ਫ਼ਿਤਰਤ ਕੁਝ ਇਸ ਤਰ੍ਹਾਂ ਦੀ ਸੀ ਜਿਸ ਤਰ੍ਹਾਂ ਦੀ ਤਸਕੀਨ ਕਿਸੇ ਪੀਰ ਦੀ ਦਰਗਾਹ 'ਤੇ ਜਾਂ ਕਬਰਗਾਹ ਜਾਂ ਫਿਰ ਸ਼ਮਸ਼ਾਨਘਾਟ 'ਤੇ ਜਾ ਕੇ ਹਾਸਲ ਹੁੰਦੀ ਹੈ। ਇਨ੍ਹਾਂ ਥਾਂਵਾਂ 'ਤੇ ਜਾ ਕੇ ਸਾਨੂੰ ਇਉਂ ਮਹਿਸੂਸ ਹੁੰਦਾ ਹੈ ਕਿ ਸਾਡੇ ਵੱਲੋਂ ਹੱਥ ਪੈਰ ਮਾਰਨਾ, ਭਾਵ ਹਉਮੈ ਦੀ ਚਾਕਰੀ ਕਰਦੇ ਹੋਏ ਜਾਂ ਧਨ-ਦੌਲਤ ਇਕੱਤਰ ਕਰਦੇ ਹੋਏ, ਬਿਲਕੁਲ ਬੇਮਾਅਨੀ ਅਤੇ ਫ਼ਜ਼ੂਲ ਹੈ। ਸੁਆਸਾਂ ਦਾ ਕੀ ਪਤਾ, ਹੁਣ ਆਉਣ ਤੇ ਅਗਲੇ ਪਲ ਨਾ ਆਉਣ। ਹਾਕਮ ਸਿੰਘ ਦੇ ਕਰੀਬ ਜਾ ਕੇ ਵੀ ਇਉਂ ਹੀ ਲਗਦਾ:

ਹਿਰਸੋ-ਹਵਾ ਕੋ ਛੋੜ ਮੀਆਂ,
ਮਤ ਦੇਸ ਬਿਦੇਸ ਫਿਰੇ ਮਾਰਾ।
ਕਜ਼ਾਕ ਅਜ਼ਲ ਕਾ ਲੂਟੇ ਹੈ
ਦਿਨ ਰਾਤ ਬਜਾ ਕਰ ਨਕਾਰਾ। ...
ਸਬ ਠਾਠ ਪੜਾ ਰਹਿ ਜਾਏਗਾ
ਜਬ ਲਾਦ ਚਲੇਗਾ ਬੰਜਾਰਾ।

ਫ਼ਰਕ ਮੇਰੇ ਵਰਗੇ ਸਾਧਾਰਨ ਮਨੁੱਖਾਂ ਅਤੇ ਹਾਕਮ ਸਿੰਘ ਵਿਚ ਐਨਾ ਹੀ ਹੈ ਕਿ ਸਾਡੇ ਮਨ ਦੀ ਇਹ ਕੈਫੀਅਤ ਕੁਝ ਛਿਣਾਂ ਦੀ ਮਹਿਮਾਨ ਹੁੰਦੀ ਹੈ। ਹਾਕਮ ਸਿੰਘ ਵਰਗੇ ਫੱਕਰ ਇਸ ਅਹਿਸਾਸ ਨੂੰ ਹਮੇਸ਼ਾ ਕਲੇਜੇ ਨਾਲ ਲਾ ਕੇ ਜਿਉਂਦੇ ਨੇ।

ਕੋਈ ਤਿੰਨ-ਚਾਰ ਸਾਲ ਪਹਿਲਾਂ ਹਾਕਮ ਸਿੰਘ ਦੀ ਸਿਹਤ ਵਿਗੜ ਗਈ। ਉਸ ਨੂੰ ਬਲੱਡ ਪ੍ਰੈਸ਼ਰ ਹੋ ਗਿਆ ਪਰ ਉਸ ਨੇ ਅੰਗਰੇਜ਼ੀ ਦਵਾਈ ਨਾ ਖਾਧੀ। ਜੇ ਉਸ ਦੀ ਘਰਵਾਲੀ ਨੇ ਸ਼ਿਕਾਇਤ ਕਰਨੀ ਕਿ ਸਰਦਾਰ ਜੀ ਦਵਾਈ ਨਹੀਂ ਖਾਂਦੇ ਤਾਂ ਉਸ ਦਾ ਪੱਕਾ ਜਵਾਬ ਹੁੰਦਾ, "ਮੈਡਮ ਤੇਰੇ ਡਾਕਟਰਾਂ ਨੂੰ ਕੀ ਪਤੈ। ਮੈਨੂੰ ਦਵਾਈਆਂ ਨਾਲੋਂ ਵੱਧ ਕਿਤਾਬਾਂ ਤੇ ਮਨੋਵਿਸ਼ਲੇਸ਼ਣ ਦੀ ਲੋੜ ਐ, ਤੇ ਉਹ ਮੈਂ ਆਪੇ ਪੂਰੀ ਕਰ ਲੂੰਗਾ।"

ਅਸੀਂ ਉਸ ਪ੍ਰਤੀ ਫਿਕਰਮੰਦ ਸੀ ਪਰ ਉਹ ਕਿਸੇ ਦੀ ਨਹੀਂ ਸੀ ਸੁਣਦਾ। ਫੇਰ ਉਹੀ ਹੋਇਆ ਜਿਸ ਦਾ ਖ਼ਦਸ਼ਾ ਸੀ। ਉਸ ਨੂੰ ਲਕਵਾ ਮਾਰ ਗਿਆ। ਜ਼ੁਬਾਨ 'ਤੇ ਅਸਰ ਹੋਇਆ ਤੇ ਸਰੀਰ ਕਮਜ਼ੋਰ ਹੋ ਗਿਆ। ਜ਼ਬਰਨ ਹਸਪਤਾਲ 'ਚ ਦਾਖਲ ਕਰਵਾਇਆ ਤੇ ਉਹ ਕੁਝ ਠੀਕ ਵੀ ਹੋ ਗਿਆ। ਥੋੜ੍ਹਾ-ਬਹੁਤਾ ਤੁਰਨ-ਫਿਰਨ ਤੇ ਆਪਣਾ ਢੰਗ ਸਵਾਰਨ ਜੋਗਾ ਪਰ ਜ਼ੁਬਾਨ ਪੂਰੀ ਤਰ੍ਹਾਂ ਠੀਕ ਨਾ ਹੋਈ।

ਗੱਲ ਸਮਝਾਉਣ ਲੱਗਿਆਂ ਉਸ ਨੂੰ ਜਦੋਜਹਿਦ ਕਰਨੀ ਪੈਂਦੀ। ਗੁੱਸਾ ਜਿਉਂ ਦਾ ਤਿਓਂ ਕਾਇਮ ਸੀ। ਇਕ ਦਿਨ ਦੀ ਦਵਾਈ ਦਸ ਦਿਨਾਂ 'ਚ ਖਾਣੀ ਅਤੇ ਇਹ ਕਹਿਣਾ ਕਿ ਮੇਰੇ ਸਰੀਰ ਦਾ ਮੈਨੂੰ ਪਤੈ, ਡਾਕਟਰਾਂ ਨੂੰ ਨਹੀਂ।

ਇਕ ਦਿਨ ਜਦੋਂ ਮੈਂ ਉਸ ਕੋਲ ਗਿਆ ਤਾਂ ਉਸ ਦੇ ਤਖਤਪੋਸ਼ 'ਤੇ ਬੈਂਤ ਦੀ ਨਵੀਂ ਡੰਗੋਰੀ ਪਈ ਸੀ। ਹੁਣ ਉਹ ਇਸ ਡੰਗੋਰੀ ਦਾ ਸਹਾਰਾ ਲੈ ਕੇ ਤੁਰਦਾ ਸੀ। ਗੱਲਾਂ ਕਰਦੇ-ਕਰਦੇ ਉਸ ਨੇ ਉਹ ਡੰਗੋਰੀ ਚੁੱਕੀ ਅਤੇ ਆਪਣੇ ਮੋਢੇ 'ਤੇ ਰੱਖ ਲਈ। ਹਾਲਾਂਕਿ ਇਨ੍ਹਾਂ ਦੋਹਾਂ ਵਿਚ ਕੋਈ ਸਮਾਨਤਾ ਨਹੀਂ ਸੀ, ਫਿਰ ਵੀ ਮੈਨੂੰ ਪਤਾ ਨਹੀਂ ਕਿਉਂ, ਹੈਮਿੰਗਵੇ ਦੇ ਨਾਵਲ 'ਬੁੱਢਾ ਅਤੇ ਸਮੁੰਦਰ' ਦਾ ਬੁੱਢਾ ਨਾਇਕ ਸੈਂਟੀਐਗੋ ਯਾਦ ਆ ਗਿਆ। ਸੈਂਟੀਐਗੋ ਜਦੋਂ ਸਮੁੰਦਰ ਦੇ ਜੀਵਾਂ ਨਾਲ ਲੰਬੇ ਸੰਘਰਸ਼ ਤੋਂ ਬਾਅਦ ਪਰਤਿਆ ਤਾਂ ਉਸ ਨੇ ਮੋਢੇ 'ਤੇ ਮਸਤੂਲ ਚੁੱਕਿਆ ਹੋਇਆ ਸੀ, ਈਸਾ ਮਸੀਹ ਦੀ ਸਲੀਬ ਵਾਂਗ। ਉਹ ਟੁੱਟਿਆ ਹੋਇਆ ਤਾਂ ਸੀ ਪਰ ਹਾਰਿਆ ਹੋਇਆ ਨਹੀਂ ਸੀ। ਅਗਲੀ ਸਵੇਰ ਉਹ ਫਿਰ ਸਮੁੰਦਰ ਵਿਚ ਜਾਣ ਦੇ ਮਨਸੂਬੇ ਘੜ ਰਿਹਾ ਸੀ ਪਰ ਜ਼ਿੰਦਗੀ ਨਾਲ ਜਾਂ ਫਿਰ ਇਹ ਕਹਿ ਲਵੋ ਕਿ ਮੌਤ ਨਾਲ ਹਾਕਮ ਸਿੰਘ ਦਾ ਸੰਘਰਸ਼ ਫੈਸਲਾਕੁਨ ਦੌਰ ਵਿਚ ਪਹੁੰਚ ਚੁੱਕਿਆ ਸੀ। ਉਹ ਲੜ ਤਾਂ ਰਿਹਾ ਸੀ ਪਰ ਉਸ ਨੂੰ ਇਸ ਗੱਲ ਦਾ ਅਹਿਸਾਸ ਵੀ ਸੀ ਕਿ ਜ਼ਿੰਦਗੀ ਦਾ ਬਾਕੀ ਸਫ਼ਰ ਹੁਣ ਬਹੁਤ ਤਵੀਲ ਨਹੀਂ ਹੈ। ਉਸ ਨੇ ਬਹੁਤ ਹੀ ਠਰੰਮੇ ਨਾਲ ਕਿਹਾ ਕਿ ਰੂਹ ਤਾਂ ਹੁਣ ਬੱਸ ਉਡਾਰੀ ਮਾਰਨ ਲਈ ਤਿਆਰ ਹੈ, ਬੱਸ ਚੰਦ ਦਿਨਾਂ ਦੀ ਹੀ ਮਹਿਮਾਨ ਹੈ। ਉਸ ਦੀ ਦਾਰਸ਼ਨਿਕਤਾ ਵਿਚ ਅਜੀਬ ਜਿਹੀ ਵੀਰਾਨੀ ਸੀ।

ਮੈਂ ਨਿਰਮਲ ਨੂੰ ਅਗਲੇ ਦਿਨ ਮਿਲਿਆ ਤਾਂ ਹਾਕਮ ਸਿੰਘ ਦੀ ਸਿਹਤ ਬਾਰੇ ਬੇਗ਼ਮ ਅਖ਼ਤਰ ਦੀ ਪੁਰਾਣੀ ਗਜ਼ਲ ਦਾ ਸ਼ਿਅਰ ਕਿਹਾ:

ਆਤੀ ਹੈ ਕਿਸ ਤਰਹਾ ਸੇ
ਮੇਰੀ ਕਬਜ਼-ਏ-ਰੂਹ ਕੋ
ਦੇਖੂੰ ਤੋਂ ਮੌਤ ਢੂੰਡ ਰਹੀ ਹੈ ਬਹਾਨਾ ਕਯਾ।

ਉਸ ਦੀ ਸਿਹਤ ਵਿਗੜਦੀ ਗਈ...ਤੇ ਅੰਤ ਉਹ 26 ਜਨਵਰੀ 2011 ਨੂੰ ਸਾਡੇ ਸਾਰਿਆਂ ਤੋਂ ਸਦਾ ਲਈ ਰੁਖ਼ਸਤ ਹੋ ਗਿਆ। ਨਿੱਪੀ ਨੇ ਅਖ਼ੀਰ ਤੱਕ ਉਸ ਦੀ ਬਹੁਤ ਸੇਵਾ ਕੀਤੀ। ਕਪੂਰ ਵੀ ਹਰ ਐਤਵਾਰ ਬਿਨਾ ਨਾਗਾ ਉਸ ਨੂੰ ਮਿਲਣ ਜਾਂਦਾ ਰਿਹਾ।

1956 ਵਿਚ ਪ੍ਰਕਾਸ਼ਤ ਬਹੁ-ਚਰਚਿਤ ਕਿਤਾਬ 'ਦ ਆਊਟਸਾਈਡਰ' ਵਿਚ ਕੋਲਿਨ ਵਿਲਸਨ ਨੇ ਉਨ੍ਹਾਂ ਬੰਦਿਆਂ ਨੂੰ ਆਊਟਸਾਈਡਰ ਜਾਂ ਓਪਰੇ ਮਨੁੱਖ ਦੀ ਸੰਗਿਆ ਦਿੱਤੀ ਜਿਹੜੇ ਜਾਂ ਤਾਂ ਕਲਾਕਾਰ ਹਨ, ਲੇਖਕ ਹਨ ਜਾਂ ਫ਼ੱਕਰ ਸੁਭਾਅ ਦੇ ਹਨ ਅਤੇ ਸਮਾਜ ਵਿਚ ਉਹ ਬੇਗ਼ਾਨੇ ਬਣ ਕੇ ਹੀ ਵਿਚਰੇ। ਸਮਾਜ ਨੇ ਵੀ ਉਨ੍ਹਾਂ ਨੂੰ ਬੇਗ਼ਾਨਾ ਜਾਂ ਅਜਨਬੀ ਹੀ ਸਮਝਿਆ। ਬਾਅਦ ਵਿਚ ਆਊਟਸਾਈਡਰ ਦੀ ਪਰਿਭਾਸ਼ਾ ਹੋਰ ਵਿਸ਼ਾਲ ਹੋ ਗਈ ਅਤੇ ਬਹੁਤ ਸਾਰੇ ਉਹ ਕਲਾਕਾਰ ਅਤੇ ਫਿਲਾਸਫਰ ਵੀ ਜਿਨ੍ਹਾਂ ਨੇ ਬਹੁਤ ਪ੍ਰਸਿੱਧੀ ਹਾਸਿਲ ਕੀਤੀ ਪਰ ਸਮਾਜ ਨੂੰ ਨਾ ਸਵੀਕਾਰਿਆ, ਇਸ ਪਰਿਭਾਸ਼ਾ ਦੇ ਦਾਇਰੇ ਵਿਚ ਆ ਗਏ। ਹਾਕਮ ਸਿੰਘ ਇਕੱਲਾ ਹੀ ਰਿਹਾ ਸਾਰੀ ਉਮਰ, ਓਪਰਿਆਂ ਵਿਚ ਵੀ ਅਜਨਬੀ। ਉਸ ਨੇ ਰਾਹ ਹੀ ਕੁਝ ਅਜਿਹਾ ਚੁਣਿਆ ਸੀ।

ਪੱਥਰ ਸੁਲਗ ਰਹੇ ਥੇ
ਕੋਈ ਨਕਸ਼-ਏ-ਪਾ ਨਾ ਥਾ।
ਹਮ ਉਸ ਤਰਫ਼ ਚਲੇ ਥੇ
ਜਿਧਰ ਰਾਸਤਾ ਨਾ ਥਾ।

ਜੇ ਕਿਤੇ ਕੋਲਿਨ ਵਿਲਸਨ ਦੀ ਜਾਣ-ਪਛਾਣ ਹਾਕਮ ਸਿੰਘ ਨਾਲ ਹੋ ਜਾਂਦੀ ਤਾਂ ਇਹ ਗੁਮਨਾਮ ਦਰਵੇਸ਼ ਕੋਲਿਨ ਵਿਲਸਨ ਦੀ ਕਿਤਾਬ ਦਾ ਮੁੱਖ ਪਾਤਰ ਹੁੰਦਾ!

***ਅੰਗਰੇਜ਼ੀ ਵਿਭਾਗ, ਸਰਕਾਰੀ ਮਹਿੰਦਰਾ ਕਾਲਜ, ਪਟਿਆਲਾ।**

## ਹਾਅਕਿੰਗ ਦੇ ਵਿਚਾਰ ਤੇ ਵਿਗਿਆਨ ਦਾ ਤਰਕ

'ਪੰਜਾਬ ਟਾਈਮਜ਼' ਵਿਚ ਛਪੇ ਲੇਖ 'ਰੂਹਾਨੀ ਤਸੱਲੀ ਤੋਂ ਸੱਖਣੇ ਹਨ ਸਟੀਫ਼ਨ ਹਾਅਕਿੰਗ ਦੇ ਜਵਾਬ' ਵਿਚ ਕਰਮਜੀਤ ਸਿੰਘ ਨੇ ਹਾਅਕਿੰਗ ਵੱਲੋਂ ਬ੍ਰਹਿਮੰਡ ਦੇ ਕਿਸੇ ਰਚਨਹਾਰ ਅਤੇ ਮੌਤ ਤੋਂ ਬਾਅਦ ਜੀਵਨ ਤੋਂ ਇਨਕਾਰ ਕਰਨ 'ਤੇ ਕਿੰਤੂ ਕੀਤਾ ਹੈ ਅਤੇ ਕਿਹਾ ਹੈ ਕਿ ਹਾਅਕਿੰਗ ਦੇ ਵਿਚਾਰ ਕੱਚੇ-ਪਿੱਲੇ, ਅਧੂਰੇ ਅਤੇ ਰੂਹਾਨੀ ਤਸੱਲੀ ਤੋਂ ਮਹਿਰੂਮ ਹਨ। ਵਰਨਣਯੋਗ ਹੈ ਕਿ ਕਾਰਲ ਮਾਰਕਸ ਦੇ ਚਿੰਤਨ ਦੌਰਾਨ ਫਰਾਂਸੀਸੀ ਚਿੰਤਕ ਅਲਥਿਊਜ਼ਰ ਨੇ ਪ੍ਰਾਬਲਮੈਟਿਕ ਦਾ ਇਕ ਸੰਕਲਪ ਦਿੱਤਾ ਹੈ। ਅਲਥਿਊਜ਼ਰ ਮੁਤਾਬਕ ਹਰ ਵਿਚਾਰ-ਤੰਤਰ ਦੀ ਆਪਣੀ ਆਂਤਰਿਕ ਇਕਾਈ ਹੁੰਦੀ ਹੈ ਜਿਸ ਨੂੰ ਅਲਥਿਊਜ਼ਰ ਪ੍ਰਾਬਲਮੈਟਿਕ ਦੀ ਸੰਗਿਆ ਦਿੰਦਾ ਹੈ। ਪ੍ਰਾਬਲਮੈਟਿਕ ਹੀ ਇਹ ਨਿਰਧਾਰਤ ਕਰਦਾ ਹੈ ਕਿ ਕਿਸ ਤਰ੍ਹਾਂ ਦੇ ਸਵਾਲ ਪੁੱਛੇ ਜਾ ਸਕਦੇ ਹਨ ਅਤੇ ਕਿਸ ਤਰ੍ਹਾਂ ਦੇ ਉਪਾਅ ਸੋਚੇ ਜਾ ਸਕਦੇ ਹਨ। ਹਾਅਕਿੰਗ ਅਤੇ ਲੇਖਕ ਦੋਵੇਂ ਆਪਣੇ ਵੱਖਰੇ-ਵੱਖਰੇ ਪ੍ਰਾਬਲਮੈਟਿਕ ਵਿੱਚੋਂ ਆਪਣੇ ਦ੍ਰਿਸ਼ਟੀਕੋਣ ਨੂੰ ਸਪਸ਼ਟ ਕਰਨ ਦਾ ਯਤਨ ਕਰ ਰਹੇ ਹਨ। ਹਾਅਕਿੰਗ ਦੀ ਨਾਸਤਿਕਤਾ ਦਾ ਆਧਾਰ ਵਿਗਿਆਨਕ ਤਰਕ ਹੈ ਜਦੋਂਕਿ ਨੀਤਸ਼ੇ ਦੀ ਨਾਸਤਿਕਤਾ ਉਸ ਵੱਲੋਂ ਇਸਾਈ ਨੈਤਿਕਤਾ ਤੋਂ ਇਨਕਾਰ ਵਿਚੋਂ ਜਨਮੀ ਹੈ ਕਿਉਂਕਿ ਨੀਤਸ਼ੇ ਮੁਤਾਬਕ ਇਸਾਈ ਨੈਤਿਕਤਾ ਮਹਿਜ਼ ਕਠੋਰ ਸੱਚਾਈ 'ਤੇ ਆਧਾਰਤ ਹੈ ਅਤੇ ਸੱਚ ਦਾ ਸੰਕਲਪ ਆਪਣੇ ਆਪ ਵਿਚ ਅਲੰਕਾਰ ਤੋਂ ਇਲਾਵਾ ਹੋਰ ਕੁਝ ਵੀ ਨਹੀਂ ਹੈ। ਜਿੱਥੋਂ ਤੱਕ ਅੰਤਮ ਸੱਚ ਦਾ ਸਵਾਲ ਹੈ, ਅੰਤਮ ਸੱਚ ਜੀਵਨ ਦੇ ਨਿਰੰਤਰ ਵਗ ਰਹੇ ਪ੍ਰਵਾਹ ਨੂੰ ਸੰਕਲਪਾਂ ਵਿੱਚ ਕੈਦ ਕਰਕੇ ਬਿਰਤਾਂਤਕ ਸੰਯੋਗ ਦੇ ਘੇਰੇ ਵਿਚ ਬੰਨ੍ਹਣ ਦੇ ਯਤਨ ਵਧੇਰੇ ਜਾਪਦੇ ਹਨ।

**_-ਡਾ. ਸਵਰਾਜ ਰਾਜ, ਪਟਿਆਲਾ।_**

## ਭੰਡਹੁ ਹੀ ਭੰਡ ਉਪਜੈ

ਸੰਪਾਦਕ ਜੀ,

ਬਲਜੀਤ ਬਾਸੀ ਇੱਕ ਸਥਾਪਤ ਪੱਤਰਕਾਰ/ਲੇਖਕ ਹਨ। ਮੈਨੂੰ ਇਸ ਗੱਲ ਦੀ ਬੇਹੱਦ ਖੁਸ਼ੀ ਹੋਈ ਹੈ ਕਿ ਉਹ ਮੇਰੇ ਲੇਖ ਧਿਆਨ ਨਾਲ ਪੜ੍ਹਦੇ ਹਨ। ਮੈਨੂੰ ਉਨ੍ਹਾਂ ਦੇ ਕੀਤੇ ਅਰਥਾਂ ਨਾਲ ਕੋਈ ਵਿਰੋਧਤਾ ਨਹੀਂ ਹੈ। ਉਨ੍ਹਾਂ ਨੇ 4 ਜੂਨ ਵਾਲੇ ਲੇਖ ਦੀ ਗੱਲ ਕੀਤੀ ਹੈ। ਮੈਨੂੰ ਵੀ ਜੀ.ਐਸ. ਰਿਆਲ ਦੀ ਸੰਗਤ ਮਾਣਨ ਦਾ ਸੁਭਾਗ ਪ੍ਰਾਪਤ ਹੋਇਆ ਹੈ ਕਿਉਂਕਿ ਪੰਜਾਬੀ ਯੂਨੀਵਰਸਿਟੀ ਦੇ ਪੰਜਾਬੀ ਭਵਨ ਵਿਚ ਮੇਰਾ ਵਿਭਾਗ ਪਹਿਲੀ ਮੰਜ਼ਲ 'ਤੇ ਹੈ ਅਤੇ ਭਾਸ਼ਾ ਵਿਗਿਆਨ ਵਿਭਾਗ, ਜਿਥੇ ਰਿਆਲ ਸਾਹਿਬ ਸ਼ਬਦ ਕੋਸ਼ 'ਤੇ ਕੰਮ ਕਰ ਰਹੇ ਸਨ, ਦੂਸਰੀ ਮੰਜ਼ਲ 'ਤੇ ਹੈ। ਉਹ ਲੰਘਦੇ ਕਰਦੇ ਮੇਰੇ ਵਿਭਾਗ ਵਿਚ ਆ ਜਾਂਦੇ ਸਨ ਅਤੇ ਬਹੁਤ ਵਾਰ ਵੱਖ ਵੱਖ ਭਾਸ਼ਾਵਾਂ ਵਿਚ ਇੱਕੋ ਅਰਥ ਵਾਲੇ ਪਾਏ ਜਾਂਦੇ ਸ਼ਬਦਾਂ ਦੀ ਉਹ ਬੜੀ ਦਿਲਚਸਪ ਵਿਆਖਿਆ

## ਸੰਪਾਦਕ ਦੀ ਡਾਕ

ਕਰਦੇ ਰਹਿੰਦੇ, ਜਿਸ ਨੂੰ ਅਸੀਂ ਬੜੇ ਧਿਆਨ ਨਾਲ ਸੁਣਦੇ ਹੁੰਦੇ ਸਾਂ। ਉਹ ਸ਼ਬਦ-ਗਿਆਨ ਦਾ ਭੰਡਾਰ ਸਨ। ਅਸਲ ਵਿਚ ਉਨ੍ਹਾਂ ਦਾ ਜ਼ਿਕਰ ਪੜ੍ਹ ਕੇ ਹੀ ਮੇਰਾ ਗੱਲ ਕਰਨ ਨੂੰ ਜੀ ਕਰ ਆਇਆ ਹੈ।

ਬਾਸੀ ਜੀ ਵੱਲੋਂ ਕੀਤੀ ਵਿਆਖਿਆ ਰਿਆਲ ਸਾਹਿਬ ਨੇ ਮੇਰੇ ਨਾਲ ਵੀ ਸਾਂਝੀ ਕੀਤੀ ਸੀ। ਜਦੋਂ ਮੈਂ ਆਪਣੀਆਂ ਇਸਤਰੀ ਸਬੰਧੀ ਲਿਖਤਾਂ ਵਿਚ ਇਸਤਰੀ ਨੂੰ ਇੱਕ ਅਜਿਹਾ ਸਾਂਚਾ ਕਹਿੰਦੀ ਹਾਂ ਜਿਸ ਵਿਚ ਸਾਰੇ ਸਮਾਜ ਦੀ ਘਾੜਤ ਜਾਂ ਸਿਰਜਣਾ ਹੁੰਦੀ ਹੈ ਤਾਂ ਮੇਰੇ ਜ਼ਹਿਨ ਵਿਚ ਰਿਆਲ ਸਾਹਿਬ ਦੀ ਕੀਤੀ ਵਿਆਖਿਆ ਹੀ ਹੁੰਦੀ ਹੈ। ਸਲੋਕ ਦੀਆਂ ਪਹਿਲੀਆਂ ਪੰਕਤੀਆਂ ਨਾਲ ਜੋੜਦਿਆਂ ਮੈਨੂੰ 'ਭੰਡਹੁ ਹੀ ਭੰਡ ਉਪਜੈ' ਦੇ ਇਹ ਅਰਥ ਠੀਕ ਜਾਪੇ ਹਨ ਕਿਉਂਕਿ ਇਸਤਰੀ ਜੋ ਕਿ ਰਾਜਿਆਂ, ਮਹਾਰਾਜਿਆਂ, ਰਿਸ਼ੀਆਂ-ਮੁਨੀਆਂ ਦੀ ਜਨਨੀ ਹੈ, ਇਸਤਰੀ ਤੋਂ ਹੀ ਪੈਦਾ ਹੁੰਦੀ ਹੈ। ਉਸ ਦੀ ਹੋਂਦ ਤੋਂ ਬਿਨਾਂ ਸਮਾਜ ਦੀ ਹੋਂਦ ਸੰਭਵ ਨਹੀਂ ਹੈ। ਬਾਸੀ ਜੀ ਦਾ ਬਹੁਤ ਬਹੁਤ ਧੰਨਵਾਦ। ਮੈਂ ਵੀ ਉਨ੍ਹਾਂ ਦੇ ਲੇਖ ਬਹੁਤ ਧਿਆਨ ਨਾਲ ਪੜ੍ਹਦੀ ਹਾਂ ਬਾਸੀ ਜੀ ਦਾ ਸ਼ਬਦਾਂ ਦਾ ਨਿਰੁਕਤ ਗਿਆਨ ਕਮਾਲ ਦਾ ਹੈ।

**_-ਗੁਰਨਾਮ ਕੌਰ (ਡਾ.), ਸਾਬਕਾ ਮੁਖੀ, ਗੁਰੂ ਗ੍ਰੰਥ ਸਾਹਿਬ ਵਿਭਾਗ, ਪੰਜਾਬੀ 'ਵਰਸਿਟੀ, ਪਟਿਆਲਾ।_**

# ਸਤਿਗੁਰ ਦੇ ਸਚਿਆਰ ਸਿੱਖ

ਮਝੈਲ ਸਿੰਘ ਸਰਾਂ

ਜਿੱਦਾਂ ਜਿੱਦਾਂ ਸਿੱਖੀ ਦਾ ਪ੍ਰਚਾਰ ਵੱਧੀ ਜਾਂਦੈ, ਸੰਤਵਾਦ ਅਤੇ ਡੇਰਾਵਾਦ ਦਾ ਪਸਾਰਾ ਵੀ ਉਦੋਂ ਵੱਧ ਹੋਈ ਜਾਂਦੈ। ਸੰਤ ਬਣਨਾ ਕੋਈ ਗੁਨਾਹ ਥੋੜ੍ਹਾ, ਸਗੋਂ ਇਹ ਤਾਂ ਕਿਤੇ ਅਕਾਲ ਪੁਰਖ ਦੀ ਰਹਿਮਤ ਹੋ ਜਾਵੇ ਤਾਂ ਉਸ ਜੀਵ ਜਾਂ ਇਨਸਾਨ ਨੂੰ ਆਪਣੇ ਵਰਗਾ ਕਰਕੇ ਸੰਤ ਨਾਮ ਨਾਲ ਨਿਵਾਜਦਾ ਹੈ, ਤੇ ਇਹੋ ਜਿਹੇ ਸੰਤਾਂ ਦੀ ਪਛਾਣ ਉਨ੍ਹਾਂ ਦੇ ਜੀਵਨ ਤੋਂ ਹੁੰਦੀ, ਨਾ ਕਿ ਕਿਸੇ ਖਾਸ ਪਹਿਰਾਵੇ ਤੋਂ ਜਾਂ ਵੱਡੇ ਸੰਗਮਰਮਰੀ ਆਲੀਸ਼ਾਨ ਡੇਰੇ ਜਾਂ ਠਾਠ ਤੋਂ, ਤੇ ਨਾ ਹੀ ਉਥੇ ਅਣਗਿਣਤ ਚੌਕੀਆਂ ਭਰਨ ਵਾਲੀ ਭੀੜ ਤੋਂ। ਰੱਬ ਦੇ ਸੰਤ ਤਾਂ ਹੱਥੀਂ ਜੁੱਤੀਆਂ ਬਣਾਉਂਦੇ ਸਨ, ਹਲ ਵਾਹ ਕੇ ਟੱਬਰ ਪਾਲਦੇ ਸਨ, ਹੱਥੀਂ ਖੱਦਰ ਬੁਣ ਕੇ ਗੁਜ਼ਾਰਾ ਕਰਦੇ ਸਨ ਤੇ ਜਦੋਂ ਕੋਈ ਉਨ੍ਹਾਂ ਦੀ ਸੰਗਤ ਵਿਚ ਆਉਂਦਾ ਤਾਂ ਉਨ੍ਹਾਂ ਨੂੰ ਸਿਰਫ਼ ਇਕ (1) ਨਾਲ ਜੁੜਨ ਨੂੰ ਕਹਿੰਦੇ। ਕਦੀ ਨਹੀਂ ਸੀ ਕਹਿੰਦੇ ਕਿ ਸਾਡੇ ਚੇਲੇ ਬਣੋ, ਤਾਂ ਹੀ ਤਾਂ ਅੱਜ ਵੀ ਉਹ ਸਦੀਆਂ ਬਾਅਦ ਸਾਡੇ ਪ੍ਰੇਰਨਾ ਸਰੋਤ ਹਨ। ਇਸ ਤੋਂ ਉਲਟ ਜਿਨ੍ਹਾਂ ਨੇ ਆਪਣੇ-ਆਪ ਨੂੰ ਰੱਬ ਦੇ ਸ਼ਰੀਕ ਬਣਾ ਕੇ ਲੋਕਾਂ ਨੂੰ ਗੁੰਮਰਾਹ ਕੀਤਾ, ਉਹ ਲੋਕਾਂ ਦੀ ਯਾਦ ਵਿਚੋਂ ਹੌਲੀ-ਹੌਲੀ ਮਨਫੀ ਹੋ ਜਾਂਦੇ ਹਨ।

ਜਿੱਦਾਂ ਕੋਈ ਵੀ ਤੇਤੀ ਕਰੋੜ ਦੇਵੀਆਂ-ਦੇਵਤਿਆਂ ਦੇ ਨਾਂ ਨਹੀਂ ਜਾਣਦਾ, ਇਹੋ ਹਾਲ ਸੱਚ ਜਾਣਿਓ, ਹੁਣ ਸਿੱਖ ਸੰਤਾਂ ਨੇ ਕਰ ਦੇਣੈ। ਜੇ ਕਰੋੜਾਂ 'ਚ ਨਹੀਂ ਤਾਂ ਲੱਖਾਂ ਵਿਚ ਤਾਂ ਛੇਤੀ ਹੋ ਜਾਊ ਇਨ੍ਹਾਂ ਦੀ ਗਿਣਤੀ। ਕਮਾਲ ਇਹ ਕਰੀ ਜਾਂਦੇ ਕਿ ਨਾਂ ਗੁਰੂ ਸਾਹਿਬਾਨ ਦਾ ਵਰਤ ਕੇ, ਤੇ ਗੁਰਬਾਣੀ ਦੇ ਅਰਥ ਗੁਰਮਤਿ ਤੋਂ ਵੱਖਰੇ ਕਰਕੇ; ਤੇ ਗੁਰੂ ਸਾਹਿਬ ਦੇ ਨਾਂ ਦੇ ਓਹਲੇ ਵਿਚ ਗੁਰੂ ਦੀ ਜਗ੍ਹਾ ਡੇਰੇਦਾਰ (ਸੰਤ) ਨੂੰ ਰੱਖ ਕੇ ਉਹਦੇ ਸਿੱਖ ਬਣਾਈ ਜਾਂਦੇ ਹਨ। ਅੰਮ੍ਰਿਤ ਛਕਾਉਂਦੇ ਨੇ ਤੇ ਮਰਿਯਾਦਾ ਡੇਰੇ ਦੀ ਪੱਕੀ ਕਰਾਉਂਦੇ ਨੇ ਜਿਹੜੀ ਗੁਰੂ ਨਾਨਕ ਦੇ ਮਿਸ਼ਨ ਦੇ ਉਲਟ ਹੈ। ਜਿਨ੍ਹਾਂ ਬੁਰਾਈਆਂ ਤੋਂ ਬਾਬੇ ਨਾਨਕ ਨੇ ਆਪਣੇ ਸਿੱਖਾਂ ਨੂੰ ਵਰਜਿਆ ਸੀ, ਉਹੋ ਦੂਣ-ਸਵਾਈਆਂ ਕਰਕੇ ਬਾਬੇ ਨਾਨਕ ਦੇ ਨਾਂ 'ਤੇ ਹੀ ਗੱਜ-ਵੱਜ ਕੇ ਸੰਤ ਆਪਣੇ ਠਾਠਾਂ-ਡੇਰਿਆਂ 'ਤੇ ਕਰੀ-ਕਰਵਾਈ ਜਾਂਦੇ ਆ, ਤੇ 'ਵਿਚਾਰੇ ਸਿੱਖ' ਕੁਝ ਅਣਜਾਣਪੁਣੇ ਵਿਚ ਕੁਝ ਲਾਈਲੱਗ ਬਣ ਕੇ, ਕੁਝ ਸੰਤ ਦੇ ਸਰਾਪ ਤੋਂ ਡਰਦੇ ਤੇ ਕੁਝ ਅੰਨ੍ਹੀ ਸ਼ਰਧਾਵੱਸ ਸਭ ਕੁਝ ਕਰੀ ਜਾਂਦੇ ਨੇ, ਤੇ ਆਪਣੇ ਆਪ ਨੂੰ 'ਸਤਿਗੁਰ ਦੇ ਸਚਿਆਰ ਸਿੱਖ' ਸਮਝ ਕੇ ਵੱਡੇ ਧਰਮੀ ਹੋਣ ਦਾ ਭਰਮ ਵੀ ਪਾਲੀ ਜਾਂਦੇ ਨੇ; ਇਸ ਗੱਲੋਂ ਬੇਖ਼ਬਰ ਕਿ ਆਪਣੇ ਉਸੇ ਗੁਰੂ ਦੀ ਸਿੱਖਿਆ ਤੋਂ ਉਲਟ ਜਾ ਕੇ ਕਿੱਦਾਂ ਸਚਿਆਰ ਹੋਵਾਂਗੇ?

ਗੁਰੂ ਦੇ ਸਿੱਖ ਨੂੰ ਸਚਿਆਰਾ ਬਣਨ ਲਈ ਕੋਈ ਬਹੁਤਾ ਤਰੱਦਦ ਨਹੀਂ ਕਰਨਾ ਪੈਂਦਾ। ਬੱਸ ਇਕ ਭਰੋਸਾ ਆਪਣੇ ਗੁਰੂ 'ਤੇ ਹੀ ਕਾਫ਼ੀ ਹੈ। ਕਿਸੇ ਵਿਚੋਲੇ ਦੀ ਜ਼ਰੂਰਤ ਨਹੀਂ, ਇਹੋ ਜਿਹੇ ਸਚਿਆਰ ਸਿੱਖਾਂ ਬਾਰੇ ਸਿੱਖ ਇਤਿਹਾਸ ਤੇ ਸਾਖੀਆਂ ਵਿਚ ਜ਼ਿਕਰ ਹੋਇਆ ਮਿਲਦਾ ਹੈ ਪਰ ਗੁਰੂ ਦੇ ਕਈ ਸਿੱਖ ਤਾਂ ਇੰਨੇ ਮਹਾਨ ਹੋਏ ਹਨ ਜਿਹੜੇ ਸਿੱਖ ਇਤਿਹਾਸ ਵਿਚ ਬੇਨਾਮੀ ਹੀ ਹਨ ਜਾਂ ਜਿਨ੍ਹਾਂ ਦਾ ਜ਼ਿਕਰ ਸਿੱਖ ਵਜੋਂ ਹੀ ਆਇਆ ਹੈ। ਇੱਥੇ ਅੱਜ ਆਪਾਂ ਉਸ ਸਿੱਖ ਬਾਬਤ ਗੱਲ ਸਾਂਝੀ ਕਰਾਂਗੇ ਜਿਸ ਦਾ ਗੁਰੂ 'ਤੇ ਭਰੋਸਾ ਲਾਮਿਸਾਲ ਸੀ, ਉਸ ਦੀ ਜ਼ਿੰਦਗੀ ਸ਼ਾਇਦ ਅੱਜ ਦੇ ਸਮੇਂ ਵਿਚ ਸਾਡੇ ਸਾਰੇ ਸਿੱਖਾਂ ਲਈ ਪ੍ਰੇਰਨਾ ਸਰੋਤ ਬਣ ਜਾਵੇ ਤੇ ਅਸੀਂ ਸਿਵਾਏ ਗੁਰਬਾਣੀ ਤੇ ਸ਼ਬਦ ਗੁਰੂ ਤੋਂ ਹੋਰ ਕਿਸੇ ਵੱਲ ਮੂੰਹ ਨਾ ਕਰੀਏ।

ਇਹ ਸਿੱਖ ਗੁਰੂ ਅਰਜਨ ਦੇਵ ਦੇ ਵਕਤ ਦਾ ਹੈ, ਤੇ ਇਸ ਦਾ ਨਾਂ ਭਾਈ ਤਿਲਕੂ ਸੀ। ਇਹ ਗੜ੍ਹਸ਼ੰਕਰ ਰਹਿੰਦਾ ਸੀ ਤੇ ਘਰ ਗ੍ਰਿਹਸਥੀ ਕਬੀਲਦਾਰ ਕੰਮ-ਕਾਜੀ ਬੰਦਾ ਸੀ। ਸ਼ਾਇਦ ਭਾਈ ਤਿਲਕੂ ਜ਼ਿੰਦਗੀ ਵਿਚ ਇਕੋ ਵਾਰੀ ਗੁਰੂ ਅਰਜਨ ਦੇਵ ਨੂੰ ਮਿਲਿਆ ਤੇ ਇਸ ਇਕੋ ਮਿਲਣੀ ਨੇ ਉਹ ਦੇ ਸਾਰੇ ਦੁੱਖ ਦਲਿੱਦਰ ਪਰਾਂਹ ਵਗਾਹ ਮਾਰੇ। ਜਿਹੜਾ ਬੰਦਾ ਪਹਿਲਾਂ ਸਵਰਗਾਂ-ਨਰਕਾਂ ਦੇ ਚੱਕਰਾਂ 'ਚ ਫਸਿਆ ਹਰ ਮੂਰਤੀ ਮੋਹਰੇ ਧੂਫ਼ ਧੁਖਾਈ ਜਾਂਦਾ ਸੀ, ਹਰ ਸਾਧ ਦੇ ਧੂਣੇ ਤੋਂ ਸੁਆਹ ਦੇ ਤਿਲਕ ਲਵਾਈ ਫਿਰਦਾ ਸੀ, ਗੁਰੂ ਜੀ ਨੇ ਜਦ ਉਹਦੇ ਅੰਦਰਲੇ ਛੁਪੇ ਰੱਬੀ ਗਿਆਨ ਨੂੰ ਤੁਣਕਾ ਮਾਰਿਆ ਤਾਂ ਉਹ ਢੋਂਗ ਨੂੰ ਸਦਾ ਲਈ ਲੱਤ ਮਾਰ ਕੇ ਇਕ ਅਕਾਲ ਪੁਰਖ ਦੀ ਇਬਾਦਤ ਵਿਚ ਐਸਾ ਜੁੜਿਆ ਕਿ ਉਹਨੂੰ ਸਵਰਗਾਂ ਦੀ ਕੋਈ ਪਰਵਾਹ ਹੀ ਨਾ ਰਹੀ। ਇਕੋ ਗੁਰੂ ਮਤ-ਕਿਰਤ ਕਰਨੀ, ਨਾਮ ਜਪਣਾ ਤੇ ਵੰਡ ਛਕਣਾ ਉਤੇ ਰਹਿੰਦੀ ਜ਼ਿੰਦਗੀ ਠੋਕ ਕੇ ਪਹਿਰਾ ਦਿੱਤਾ। ਕਿਸੇ ਸਾਧ-ਸੰਤ ਕੋਲ ਨਹੀਂ ਗਿਆ ਫਿਰ, ਕਿ ਮੈਨੂੰ ਸਵਰਗ ਦੀਆਂ ਦਾਤਾਂ ਬਖ਼ਸ਼; ਤੇ ਜੇ ਕੋਈ ਉਹਦੇ ਦਰ 'ਤੇ ਸਵਰਗ ਦੇਣ ਆਇਆ ਤਾਂ ਉਹਨੇ ਲੈਣ ਤੋਂ ਇਨਕਾਰ ਕਰ ਦਿੱਤਾ। ਇਸ ਘਟਨਾ ਦਾ ਥੋੜ੍ਹਾ ਜਿਹਾ ਵਿਸਥਾਰ ਕਰਨ ਤੋਂ ਪਹਿਲਾਂ ਇੱਥੇ ਦੱਸ ਦਿਆਂ ਕਿ ਭੂਗੋਲਿਕ ਤੌਰ 'ਤੇ ਗੜ੍ਹਸ਼ੰਕਰ ਸ਼ਿਵਾਲਿਕ ਦੀਆਂ ਪਹਾੜੀਆਂ ਦੇ ਪੈਰਾਂ ਵਿਚ ਵਸਿਆ ਹੋਇਆ ਹੈ। ਇਹਦੇ ਚੜ੍ਹਦੇ ਪਾਸੇ ਨੂੰ ਪਹਾੜੀਆਂ ਸ਼ੁਰੂ ਹੋ ਜਾਂਦੀਆਂ ਤੇ ਲਹਿੰਦਾ ਪਾਸਾ ਪੂਰਾ ਮੈਦਾਨੀ ਹੈ। 15ਵੀਂ-16ਵੀਂ ਸਦੀ ਵਿਚ ਜਾਂ ਉਸ ਤੋਂ ਵੀ ਪਹਿਲਾਂ ਜਿੰਨੇ ਵੀ ਸਾਧੂ-ਮਹਾਤਮਾ ਹੁੰਦੇ ਸੀ, ਜ਼ਿਆਦਾਤਰ ਪਹਾੜਾਂ ਵਿਚ ਰਹਿ ਕੇ ਤਪੱਸਿਆ ਕਰਦੇ ਸੀ, ਤੇ ਲੋੜਾਂ ਪੂਰੀਆਂ ਕਰਨ ਹੀ ਮੈਦਾਨੀ ਇਲਾਕਿਆਂ ਵੱਲ ਆਉਂਦੇ ਸਨ। ਇਸ ਕਰਕੇ ਇਹ ਸਾਰੇ, ਯਾਨਿ ਮੈਦਾਨਾਂ ਵੱਲੋਂ ਪਹਾੜਾਂ ਨੂੰ ਜਾਣ ਲੱਗਿਆਂ ਤੇ ਫਿਰ ਪਹਾੜਾਂ ਤੋਂ ਉਤਰ ਕੇ ਮੈਦਾਨਾਂ ਵੱਲ ਜਾਣ ਲੱਗਿਆਂ, ਇਕ ਪੜਾਅ ਗੜ੍ਹਸ਼ੰਕਰ ਜ਼ਰੂਰ ਕਰਦੇ। ਹਰ ਸਾਧੂ-ਸੰਤ ਆਪੋ-ਆਪਣੇ ਮੁਤਾਬਿਕ ਲੋਕਾਂ ਨੂੰ ਜੀਵਨ ਮੁਕਤੀ ਦੀਆਂ ਜੁਗਤਾਂ ਵੀ ਦੱਸਦਾ ਹੋਣਾ ਤੇ ਇੱਥੋਂ ਦੇ ਵਸਨੀਕ ਹਰ ਸਾਧ ਮਗਰ ਲੱਗ ਵੀ ਜਾਂਦੇ ਹੋਣੇ ਹਨ ਕਿਉਂਕਿ ਉਹ ਜ਼ਮਾਨਾ ਹੀ ਵਹਿਮਾਂ-ਭਰਮਾਂ, ਟੂਣੇ-ਟਾਮਣਾਂ ਦਾ ਸੀ ਤੇ ਭਾਈ ਤਿਲਕੂ ਵੀ ਇਸ ਅਸਰ ਤੋਂ ਕਿੱਦਾਂ ਅਭਿੱਜ ਰਹਿ ਸਕਦਾ ਸੀ। ਉਸ ਨੇ ਵੀ ਆਉਂਦੇ-ਜਾਂਦੇ ਸਾਧਾਂ 'ਤੇ ਬਥੇਰੀ ਕਮਾਈ ਲੁਟਾਈ ਹੋਣੀ। ਜਦੋਂ ਗੁਰੂ ਅਰਜਨ ਸਿੱਖੀ ਦੇ ਪ੍ਰਚਾਰ ਵਿਚ ਇੱਧਰ ਆਏ ਤਾਂ ਸ਼ਾਇਦ ਬਾਬਾ ਲੱਖੋ ਜੀ ਪਿੰਡ ਭਾਰਟਾ ਕੋਲ ਰੁਕੇ। ਇੱਥੇ ਹੀ ਭਾਈ ਤਿਲਕੂ ਨੇ ਗੁਰੂ ਸਾਹਿਬ ਦੇ ਬਚਨ ਸੁਣੇ ਤਾਂ ਸਦਾ ਲਈ ਗੁਰੂ ਦੇ ਹੋ ਕੇ ਰਹਿ ਗਏ। ਸਾਧਾਂ ਦੇ ਪਾਏ ਸਭ ਭਰਮ-ਭੁਲੇਖੇ ਦੂਰ ਹੋ ਗਏ।

ਗੜ੍ਹਸ਼ੰਕਰ ਵਿਚ ਹੀ ਇਕ ਹੋਰ ਧਾਰਮਿਕ ਜਗ੍ਹਾ ਹੈ ਜਿਸ ਨੂੰ ਮਹੇਸ਼ਆਣਾ ਕਿਹਾ ਜਾਂਦਾ ਹੈ। ਇੱਥੇ ਮੰਦਿਰ ਵੀ ਹੈ। ਅਸਲ ਵਿਚ ਇੱਥੇ ਮਹੇਸ਼ ਨਾਂ ਦਾ ਯੋਗੀ ਆਇਆ ਸੀ। ਉਨ੍ਹੀਂ ਦਿਨੀਂ ਪੰਜਾਬ ਵਿਚ ਯੋਗ-ਮਤ ਅਤੇ ਯੋਗੀਆਂ ਦੀ ਬਹੁਤ ਮਾਨਤਾ ਸੀ ਤੇ ਇਹ ਯੋਗੀ ਰਿੱਧੀਆਂ-ਸਿੱਧੀਆਂ ਵਿਚ ਵਿਸ਼ਵਾਸ ਰੱਖਦੇ ਸਨ, ਇਸ ਲਈ ਕੁਦਰਤੀ ਸੀ ਕਿ ਲੋਕੀਂ ਇਨ੍ਹਾਂ ਗੱਲਾਂ ਵੱਲ ਜ਼ਿਆਦੇ ਖਿੱਚੇ ਜਾਂਦੇ। ਇਸ ਯੋਗੀ ਨੇ ਪਹਿਲਾਂ ਇੱਥੇ ਕਈ ਦਿਨ ਤਪੱਸਿਆ ਕੀਤੀ ਤੇ ਲੋਕਾਂ ਵਿਚ ਚੰਗੀ ਭੱਲ ਵੀ ਬਣਾ ਲਈ। ਆਖਿਰ ਵਿਚ ਬਹੁਤ ਵੱਡਾ ਯੱਗ ਕੀਤਾ ਤੇ ਪ੍ਰਚਾਰ ਇਹ ਕੀਤਾ ਕਿ ਇਸ ਯੱਗ ਤੋਂ ਬਾਅਦ ਜਿਹੜਾ ਵੀ ਉਹਦੇ (ਯੋਗੀ ਮਹੇਸ਼ ਦੇ) ਦਰਸ਼ਨ ਕਰਨ ਆਊਗਾ, ਉਹਦੇ ਪਿਛਲੇ ਸਾਰੇ ਪਾਪ ਕੱਟੇ ਜਾਣਗੇ ਤੇ ਅਗਲੇ ਸੰਸਾਰ ਭਾਵ ਮਰਨ ਉਪਰੰਤ ਸਵਰਗ ਨਸੀਬ ਹੋਊਗਾ। ਬੱਸ ਫਿਰ ਕੀ ਸੀ! ਗੜ੍ਹਸ਼ੰਕਰ ਤਾਂ ਕੀ, ਆਲੇ-ਦੁਆਲੇ ਦੇ ਇਲਾਕੇ ਵਾਲੇ ਭਲਾ ਕਾਹਨੂੰ ਮੁਫਤੋ-ਮੁਫਤੀ ਦੇ ਸਵਰਗ ਤੋਂ ਵਾਂਝੇ ਰਹਿੰਦੇ। ਜੋ ਕੁਝ ਘਰ ਸੀ, ਲਿਆ ਅਤੇ ਯੋਗੀ ਦੇ ਚੜ੍ਹਾਵਾ ਚਾੜ੍ਹ ਦਿੱਤਾ। ਇਹ ਸਿਲਸਿਲਾ ਕਈ ਦਿਨ ਚਲਦਾ ਰਿਹਾ ਤੇ ਯੋਗੀ ਸਵਰਗ ਦੇ ਬੂਹੇ ਦੀ ਕੁੰਜੀ ਹਰ ਬੰਦੇ ਨੂੰ ਫੜਾਈ ਗਿਆ।

ਜਦੋਂ ਸਭ ਨੂੰ ਸਵਰਗ ਬਖ਼ਸ਼ਿਆ ਗਿਆ ਤਾਂ ਯੋਗੀ ਨੇ ਆਪਣੇ ਚੇਲਿਆਂ ਜਾਂ ਇਲਾਕੇ ਦੇ ਮੋਹਤਬਰਾਂ ਨੂੰ ਕਿਹਾ ਕਿ ਅਜੇ ਵੀ ਜੇ ਕੋਈ ਰਹਿ ਗਿਆ ਤਾਂ ਦਰਸ਼ਨ ਕਰ ਜਾਵੇ ਤਾਂ ਕਿ ਉਹਦਾ ਵਾਸਾ ਵੀ ਸਵਰਗ ਵਿਚ ਹੋ ਕੇ ਸਕੇ। ਯੋਗੀ ਨੂੰ ਜਦੋਂ ਦੱਸਿਆ ਕਿ ਬਾਕੀ ਇਲਾਕੇ ਦੀ ਤਾਂ ਛੱਡੋ, ਆਹ ਤੁਹਾਡੇ ਇਸ ਤਪ ਸਥਾਨ ਤੋਂ ਮਸਾਂ 5 ਕੁ ਗਜ਼ 'ਤੇ ਤਿਲੋਕਾ ਨਾਂ ਦਾ ਬੰਦਾ ਰਹਿੰਦੈ। ਉਹ ਨਾ ਤਾਂ ਕਦੇ ਤੁਹਾਡੇ ਪ੍ਰਵਚਨ ਸੁਣਨ ਆਇਆ, ਨਾ ਹੀ ਯੱਗ ਵਿਚ ਅਤੇ ਨਾ ਹੀ ਹੁਣ ਤੁਹਾਡੇ ਦਰਸ਼ਨ ਕਰਨ ਆਇਆ। ਜੇ ਕਿਸੇ ਨੇ ਉਹਨੂੰ ਕਿਹਾ ਵੀ ਤਾਂ ਉਹ ਠੋਕ ਕੇ ਕਹਿ ਦਿੰਦਾ ਸੀ ਕਿ ਮੈਂ ਨਈਂ ਜਾਣਾ ਇਸ ਪਖੰਡੀ ਦੇ, ਨਾ ਹੀ ਮੈਨੂੰ ਲੋੜ ਹੈ ਇਹਦੇ ਸਵਰਗ ਦੀ। ਇਹ ਸੁਣ ਕੇ ਯੋਗੀ ਨੂੰ ਲੱਗਾ ਕਿ ਇਹ ਬੰਦਾ ਤਾਂ ਉਹਦੇ ਕੀਤੇ-ਕਰਾਏ 'ਤੇ ਪਾਣੀ ਫੇਰਨ ਲੱਗਾ ਹੈ, ਯੋਗੀ ਨੇ ਭਾਈ ਤਿਲਕੂ ਦੇ ਭਾਈਚਾਰੇ ਵਾਲਿਆਂ ਨੂੰ ਕਿਹਾ ਕਿ ਉਹਨੂੰ ਲਿਆਓ ਜ਼ਰੂਰ ਤਾਂ ਕਿ ਉਸ 'ਤੇ ਵੀ ਮੇਰਾ ਪਰਉਪਕਾਰ ਹੋ ਸਕੇ ਪਰ ਭਾਈ ਤਿਲਕੂ ਨੇ ਨਾ ਆਉਣਾ ਸੀ ਤੇ ਨਾ ਆਇਆ।

ਯੋਗੀ ਨੂੰ ਇਸ ਵਿਚ ਆਪਣੀ ਹੇਠੀ ਲੱਗੀ ਤਾਂ ਉਹ ਆਪਣੇ ਚੇਲਿਆਂ ਤੇ ਹੋਰ ਮੋਹਤਬਰਾਂ ਨੂੰ ਲੈ ਕੇ ਆਪ ਉਹਦੇ ਘਰ ਨੂੰ ਚੱਲ ਪਿਆ। ਜਦ ਭਾਈ ਤਿਲਕੂ ਨੂੰ ਯੋਗੀ ਦੇ ਆਉਣ ਦਾ ਪਤਾ ਲੱਗਾ ਤਾਂ ਉਸ ਆਪਣੇ ਕੋਠੇ ਦੇ ਅੰਦਰ ਵੜ ਕੇ ਅੰਦਰੋਂ ਕੁੰਡ ਬੰਦ ਕਰ ਲਿਆ ਤਾਂ ਕਿ ਇਨ੍ਹਾਂ ਢੋਂਗੀਆਂ ਦੇ ਮੱਥੇ ਨਾ ਹੀ ਲੱਗਿਆ ਜਾਵੇ ਤਾਂ ਚੰਗਾ। ਲੋਕਾਂ ਨੇ ਉਹਦਾ ਦਰਵਾਜ਼ਾ ਖੜਕਾਇਆ ਤੇ ਦੱਸਿਆ ਕਿ ਯੋਗੀ ਮਹਾਰਾਜ ਆਪ ਤੈਨੂੰ ਦਰਸ਼ਨ ਦੇਣ ਆਏ ਆ, ਤੂੰ ਬੂਹਾ ਖੋਲ੍ਹ; ਤਾਂ ਭਾਈ ਤਿਲਕੂ ਨੇ ਕਿਹਾ ਕਿ ਇਹਨੂੰ ਕਹੋ ਕਿ ਇੱਥੋਂ ਚਲਾ ਜਾਵੇ। ਮੈਂ ਨਹੀਂ ਇਹਦੇ ਦਰਸ਼ਨ ਕਰਨੇ। ਲੋਕਾਂ ਨੇ ਕਿਹਾ ਕਿ ਮਹਾਰਾਜ ਤੈਨੂੰ ਸਰਾਪ ਦੇ ਦੇਣਗੇ ਤਾਂ ਉਹ ਕਹਿੰਦਾ ਕਿ ਇਹ ਜੋ ਮਰਜ਼ੀ ਸਰਾਪ ਦੇ ਦੇਵੇ, ਮੈਂ ਇਹਦੇ ਸਰਾਪਾਂ ਤੋਂ ਨਹੀਂ ਡਰਦਾ। ਯੋਗੀ ਨੂੰ ਇਹ ਸਭ ਕੁਝ ਉਮੀਦ ਦੇ ਉਲਟ ਹੁੰਦਾ ਦੇਖ ਕੇ ਬੜੀ ਨਮੋਸ਼ੀ ਹੋਈ ਕਿ ਕਿੱਥੇ ਤਾਂ ਲੋਕੀਂ ਉਹਦੇ ਪੈਰਾਂ 'ਤੇ ਡਿੱਗੀ ਫਿਰਦੇ ਨੇ ਤੇ ਕਿੱਥੇ ਇਹ ਗਰੀਬੜਾ ਜਿਹਾ ਮੈਨੂੰ ਹੀ ਲਲਕਾਰਾ ਮਾਰੀ ਜਾਂਦਾ। ਅੰਤ ਨੂੰ ਯੋਗੀ ਨੇ ਆਪ ਬਾਹਰੋਂ ਆਵਾਜ਼ ਮਾਰ ਕੇ ਕਿਹਾ ਕਿ ਤਿਲਕੂ ਤੂੰ ਕੁੰਡਾ ਤਾਂ ਖੋਲ੍ਹ, ਮੈਂ ਤੇਰੇ ਸਾਰੇ ਪਰਿਵਾਰ ਤੇ ਆਉਣ ਵਾਲੀਆਂ ਪੁਸ਼ਤਾਂ ਨੂੰ ਵੀ ਸਵਰਗ ਬਖ਼ਸ਼ ਦਿਆਂਗਾ। ਤਦ ਉਹਨੇ ਅੰਦਰੋਂ ਜਵਾਬ ਦਿੱਤਾ ਕਿ ਮੇਰੇ ਪਾਪ ਤਾਂ ਉਦਣ ਹੀ ਕੱਟੇ ਗਏ ਸਨ, ਜਿਸ ਦਿਨ ਮੈਂ ਆਪਣੇ ਗੁਰੂ ਦੇ ਦੀਦਾਰੇ ਕਰ ਲਏ ਸੀ। ਹੁਣ ਮੈਂ ਤੈਨੂੰ ਦੇਖ ਕੇ ਹੋਰ ਪਾਪ ਆਪਣੇ ਸਿਰ ਨਹੀਂ ਚੜ੍ਹਾਉਣਾ ਚਾਹੁੰਦਾ। ਬਾਕੀ ਰਹੀ ਗੱਲ ਤੇਰੇ ਸਵਰਗ ਦੀ, ਉਹਦੀ ਮੈਨੂੰ ਜ਼ਰੂਰਤ ਨਹੀਂ, ਆਪਣੇ ਕੋਲ ਹੀ ਰੱਖ। ਮੇਰਾ ਸਵਰਗ ਤਾਂ ਉਥੇ ਹੈ ਜਿੱਥੇ ਮੇਰਾ ਗੁਰੂ ਮੈਨੂੰ ਰੱਖੂ।

ਯੋਗੀ ਦੀ ਵਾਹ ਨਾ ਚੱਲੀ ਤਾਂ ਕਹਿਣ ਲੱਗਾ ਕਿ ਜੇ ਤੂੰ ਮੇਰੇ ਦਰਸ਼ਨ ਨਹੀਂ ਕਰਨੇ ਤਾਂ ਆਪਣੇ ਦਰਸ਼ਨ ਹੀ ਮੈਨੂੰ ਦੇਹ, ਤਾਂ ਤਿਲਕੂ ਜੀ ਨੇ ਕਿਹਾ ਕਿ ਮੇਰੇ ਗੁਰੂ ਦਾ ਹੁਕਮ ਹੈ, ਕਿਸੇ ਅਜਿਹੇ ਪਖੰਡੀ ਦੇ ਮੱਥੇ ਨਹੀਂ ਲੱਗਣਾ ਜਿਹੜਾ ਰੱਬ ਦੇ ਨਾਂ 'ਤੇ ਲੁੱਟਦਾ ਹੋਵੇ। ਯੋਗੀ ਹਾਰ ਕੇ ਕਹਿੰਦਾ ਕਿ ਮੈਂ ਇਹ ਸਭ ਛੱਡ ਦੂੰਗਾ, ਤੈਨੂੰ ਤੇਰੇ ਗੁਰੂ ਦਾ ਵਾਸਤਾ! ਕੁੰਡਾ ਖੋਲ੍ਹ ਤਾਂ ਕਿ ਮੈਂ ਦੇਖ ਸਕਾਂ ਕਿ ਸੱਚਾ ਸਿੱਖ ਕਿਹੋ ਜਿਹਾ ਹੁੰਦੈ ਜਿਹੜਾ ਆਪਣੇ ਸਤਿਗੁਰੂ 'ਤੇ ਐਨਾ ਭਰੋਸਾ ਰੱਖਦੈ ਕਿ ਸਵਰਗ ਨੂੰ ਠੁੱਡ ਮਾਰ ਗਿਆ ਤਾਂ ਤੇਰਾ ਗੁਰੂ ਕਿਹੋ ਜਿਹਾ ਹੋਵੇਗਾ।

ਦਰਅਸਲ, ਭਾਈ ਤਿਲਕੂ ਬਾਰੇ ਗੱਲ ਸਾਂਝੀ ਕਰਨ ਤੋਂ ਮੇਰਾ ਮਤਲਬ ਇਹੋ ਹੈ ਕਿ ਅੱਜ ਵੀ ਸਿੱਖੀ ਭੇਖ ਵਿਚ ਬਹੁਤ ਸਾਰੇ ਪਖੰਡੀ ਸੰਤ-ਸਾਧ ਡੇਰੇ ਜਮਾਈ ਬੈਠੇ ਹਨ ਜਿਹੜੇ ਅਣਦੇਖੀ ਦੁਨੀਆਂ (ਸਵਰਗ) ਦੇ ਭਰਮਾਂ 'ਚ ਪਾ ਕੇ ਹਰ ਤਰ੍ਹਾਂ ਦੀ ਲੁੱਟ-ਮਚਾਈ ਫਿਰਦੇ ਹਨ; ਸਾਡੇ ਵਿਚ ਵੀ ਭਾਈ ਤਿਲਕੂ ਵਾਂਗ ਆਪਣੇ ਸਤਿਗੁਰੂ 'ਤੇ ਭਰੋਸਾ ਬਣ ਜਾਵੇ ਜਿਹਦੇ ਲੜ ਉਨ੍ਹਾਂ ਨੇ ਆਪਣਾ ਸਾਰਾ ਪਰਿਵਾਰ ਬਲੀਦਾਨ ਕਰਵਾ ਕੇ ਸਾਨੂੰ ਲਾ ਦਿੱਤਾ ਹੋਇਆ ਤਾਂ ਹੀ ਆਪਾਂ ਵੀ ਸਚਿਆਰ ਸਿੱਖ ਅਖਵਾਉਣ ਦੇ ਹੱਕਦਾਰ ਬਣਾਂਗੇ। ਹੁਣ ਗੜ੍ਹਸ਼ੰਕਰ ਵਿਚ ਭਾਈ ਤਿਲਕੂ ਦਾ ਗੁਰਦੁਆਰਾ ਬਣਿਆ ਹੋਇਆ ਹੈ ਜਿਹੜਾ ਇਲਾਕੇ ਦੀਆਂ ਸੰਗਤਾਂ ਨੇ 25 ਕੁ ਸਾਲ ਪਹਿਲਾਂ ਬਣਾਇਆ। ਇਹ ਗੁਰਦੁਆਰਾ ਹੁਸ਼ਿਆਰਪੁਰ-ਚੰਡੀਗੜ੍ਹ ਰੋਡ 'ਤੇ ਗੜ੍ਹਸ਼ੰਕਰ ਵਿਚ ਰੇਲਵੇ ਸਟੇਸ਼ਨ ਦੇ ਸਾਹਮਣੇ ਹੈ ਜਿਹੜਾ 'ਸਚਿਆਰ ਸਿੱਖ' ਦੀ ਯਾਦ ਦਿਵਾਉਂਦਾ ਹੈ।

## ਲੀਡਰ

ਮਾਂ ਮੈਂ ਲੀਡਰ ਬਣਨਾ ਚਾਹੁਨਾਂ ਵਾਂ
ਦਿਨ ਰਾਤ ਫਰੌਡੀਆਂ ਕਰ ਕਰਕੇ
ਘਰ ਆਪਣਾ ਭਰਨਾ ਚਾਹੁਨਾਂ ਵਾਂ।
ਨਾ ਲੋੜ ਹੈ ਬਹੁਤ ਪੜ੍ਹਾਈਆਂ ਦੀ
ਨਾ ਕੀਤੀਆਂ ਨੇਕ ਕਮਾਈਆਂ ਦੀ
ਤੇਰੇ ਪੈਰੀਂ ਹੱਥ ਮੈਂ ਲਾਉਨਾਂ ਵਾਂ।

ਚਾਹੇ ਕੋਈ ਕੁੱਤਾ ਬਿਲਾ ਆ ਜਾਵੇ
ਘਰ ਬਹਿ ਕੇ ਫੁਲਕਾ ਖਾ ਜਾਵੇ
ਵੋਟਾਂ ਤੋਂ ਬਾਅਦ ਮਾਏ ਮੇਰੀਏ,
ਮੈਂ ਕਾਹਤੋਂ ਕਿਸੇ ਤੋਂ ਡਰਨਾਂ ਵਾਂ। ਮਾਂ ਮੈਂ...।

ਹਰ ਛੋਟਾ ਵੱਡਾ ਅਫਸਰ ਪੁੱਤ ਤੇਰੇ ਦੇ
ਜਦ ਚਰਨਾਂ ਦੇ ਵਿਚ ਆ ਬੈਠੂਗਾ
ਤੂੰ ਆਪੇ ਆ ਕੇ ਕਹਿ ਦੇਵੀਂ ਮੈਨੂੰ
ਤੂੰ ਕੰਮੂ ਤੋਂ ਬਣ ਗਿਆ ਕਰਮਾਂ ਵਾਂ। ਮਾਂ ਮੈਂ...।

ਕਈ ਕੋਠੀਆਂ ਕਈ ਕਾਰਾਂ ਹੋਣਗੀਆਂ
ਹਰ ਕੋਠੀ ਵਿਚ ਨਵੀਆਂ ਨਾਰਾਂ ਹੋਣਗੀਆਂ
ਹਰ ਇਕ ਨੂੰ ਦਊਂ ਤਸੱਲੀ ਮੈਂ
ਤੇਰਾ ਹੁਣੇ ਕੰਮ ਮੈਂ ਕਰਨਾਂ ਵਾਂ। ਮਾਂ ਮੈਂ...।

ਸਵਿੱਸ ਬੈਂਕ 'ਚ ਹੋਊ ਖਾਤਾ ਤੇਰੇ ਪੁੱਤ ਦਾ
ਕਾਲੀ ਖਾ, ਡੋਡੇ ਪੀ ਦੇਖੀ ਮੈਂ ਫਿਰ ਫੱਟੇ ਚੁੱਕਦਾ
ਜਥੇਦਾਰ ਕਹਾਊਂ, ਮੁੜ ਪਿੰਡ ਨਾ ਫੇਰਾ ਪਾਊਂ
ਸੋਚ ਲਿਆ ਹੁਣ ਅੱਗੇ ਮੈਂ ਨਾ ਪੜਨਾਂ ਵਾਂ।

ਮਾਮੇ ਦਾ ਪੁੱਤ ਚੇਅਰਮੈਨ ਬਣਾਊਂਗਾ
ਮੰਡੀਆਂ ਵਿਚੋਂ ਵੀ ਪੈਸਾ ਤਾਂ ਖਾਊਂਗਾ
ਭੂਆ ਦੇ ਮੁੰਡੇ ਦਾ ਵਿਸਾਹ ਨਹੀਂ ਕਰਦਾ
ਬਾਪੂ ਦੇ ਕਹਿਣ ਤੇ ਓਹਦੀ ਬਾਂਹ ਫੜਨਾਂ ਵਾਂ।

ਪਿੰਡ ਦਾ ਨਾਂ ਆਪਣੇ ਨਾਂ ਨਾਲ ਲਾਊਂਗਾ
ਪਿੰਡੋ ਕੋਈ ਆ ਗਿਆ ਤਾਂ ਬਾਹਰ ਬਠਾਊਂਗਾ
ਛੱਡ ਪੁਠੇ ਸਿਧੇ ਨਾਂਵਾਂ ਨੂੰ,
ਨਾਂ ਨਾਲ ਸਰਦਾਰ ਲਵਾਉਨਾਂ ਵਾਂ।

ਲਖਵਿੰਦਰ ਨੂੰ ਨਾਲ ਰਲਾਊਂਗਾ
ਓਹਨੂੰ ਬੱਗਿਓਂ ਜਾ ਲਿਆਊਂਗਾ
ਮੋਹਰੀ ਪਾਰਟੀ ਦਾ ਓਹਨੂੰ ਬਣਾਉਨਾਂ ਵਾਂ।
ਮਾਂ ਮੈਂ ਲੀਡਰ ਬਣਨਾ ਚਾਹੁਨਾਂ ਵਾਂ

*-ਲਖਵਿੰਦਰ ਸਿੰਘ ਮੱਟੂ*
*ਫੋਨ: 513-300-4020*

# ਸੈਲ ਫੋਨ/ਅੰਨਾ ਮੋੜ

ਸਮੇਂ ਦੀ ਰਫ਼ਤਾਰ ਨਾਲ ਜ਼ਿੰਦਗੀ ਦੇ ਰੰਗ-ਢੰਗ, ਤੌਰ-ਤਰੀਕਿਆਂ ਵਿਚ ਇਨਕਲਾਬੀ ਤਬਦੀਲੀ ਆਈ ਹੈ। ਹਰ ਕੰਮ ਵਿਚ ਤੇਜ਼ੀ, ਫੁਰਤੀ, ਤੀਬਰ ਸੰਵੇਗ, ਦੌੜ-ਭੱਜ ਨੇ ਜਿੱਥੇ ਜੀਵਨ ਮਿਆਰ ਵਿਚ ਆਧੁਨਿਕ ਰੰਗੀਨੀਆਂ ਨੂੰ ਜਨਮ ਦਿੱਤਾ ਹੈ ਉਥੇ ਨਾਲ ਹੀ ਸੰਸੇ, ਹੇਰਵੇ, ਤਣਾਓ, ਕਸ਼ਮਕਸ਼ ਨਾਲ ਕਈ ਮੁਸੀਬਤਾਂ ਵੀ ਪੈਦਾ ਹੋਈਆਂ ਹਨ। ਜੇ ਜ਼ਿੰਦਗੀ ਹੈ ਤਾਂ ਸਭ ਕੁੱਝ ਹੈ, ਜਾਨ ਨਾਲ ਜਹਾਨ ਹੈ। ਜੇ ਜਾਨ ਬਚੀ ਤਾਂ ਸਭ ਕੰਮ ਅਗੇਤੇ ਪਿਛੇਤੇ



**ਚਰਨਜੀਤ ਸਿੰਘ ਪੰਨੂ**
**ਫੋਨ:408-608-4961**

ਹੋ ਜਾਣੇ ਨੇ ਤੇ ਜੇ ਜੀਵਨ ਹੀ ਨਾ ਰਿਹਾ ਤਾਂ ਸਭ ਝਮੇਲੇ, ਰੁਝੇਵੇਂ, ਉਦਰੇਵੇਂ, ਟੈਨਸ਼ਨ ਖ਼ਤਮ। ਰਹਿੰਦੇ ਕੰਮ ਜਿਸ ਵਾਸਤੇ ਏਨੀ ਭੱਜ ਦੌੜ ਲਗਾ ਰੱਖੀ ਹੈ, ਕੌਣ ਕਰੇਗਾ।

ਜ਼ਿੰਦਗੀ ਅਤੇ ਸਮੇਂ ਦਾ ਵਧ ਚੜ੍ਹ ਕੇ ਫ਼ਾਇਦਾ ਉਠਾਉਣ ਦੀ ਹੋੜ ਨੇ ਮਨੁੱਖ ਨੂੰ ਮਸ਼ੀਨ ਬਣਾ ਕੇ ਰੱਖ ਦਿੱਤਾ ਹੈ। ਜੋ ਕੱਲ੍ਹ ਕਰਨਾ ਹੈ ਅੱਜ ਕਰੋ, ਜੋ ਅੱਜ ਕਰਨਾ ਹੈ ਹੁਣੇ ਕਰੋ। ਕਈ ਸੱਜਣ ਇਸ ਬਾਰੇ ਯਾਦ ਕਰਾਉਣ ਜਾਂ ਵਰਜਣ ਤੋਂ ਬੜੇ ਫ਼ਖਰ ਨਾਲ ਸਿਰ ਉਚਾ ਚੁੱਕਦੇ ਦਲੀਲਾਂ ਦੇਣ ਲਗਦੇ ਹਨ, ਅਖੇ 'ਜਿੰਨਾ ਚਿਰ ਲਿਖੀ ਹੈ, ਉਤਨਾ ਚਿਰ ਮੌਤ ਨਹੀਂ ਆਉਣੀ, ਸਮੁੰਦਰ ਵਿਚ ਛਾਲ ਮਾਰੋ ਤਾਂ ਲਹਿਰਾਂ ਧੱਕ ਕੇ ਬਾਹਰ ਸੁੱਟ ਦੇਣਗੀਆਂ, ਸਕਾਈ-ਡਾਈਵ ਕਰੋ, ਜਹਾਜ਼ ਵਿਚੋਂ ਛਾਲ ਮਾਰ ਦਿਓ, ਛਤਰੀ ਖੁੱਲ੍ਹ ਜਾਵੇਗੀ ਜਾਂ ਰਸਤੇ ਦਾ ਕੋਈ ਦਰਖ਼ਤ ਬਚਾ ਲਏਗਾ। ਅੱਗ ਵਿਚ ਬੈਠ ਜਾਓ, ਜੇ ਦਾਣਾ-ਪਾਣੀ ਬਚਦਾ ਹੈ ਤਾਂ ਤੁਹਾਨੂੰ ਅੱਗ ਵੀ ਨਹੀਂ ਸਾੜੇਗੀ, ਉਸ ਨੇ ਸੁਭਾ ਬਦਲ ਲੈਣਾ ਹੈ ਜਿਵੇਂ ਪ੍ਰਹਿਲਾਦ ਨੇ ਥੰਮ੍ਹ ਤੇ ਕੀੜੀ ਤੁਰਦੀ ਵੇਖ ਕੇ ਤੱਤੇ ਥੰਮ੍ਹਾ ਨਾਲ ਜੱਫੀ ਪਾ ਲਈ। ਅੱਗ ਵਿਚ ਬੈਠ ਕੇ ਮੌਤ ਨੂੰ ਵੰਗਾਰਿਆ ਪਰ ਹੋਲਕਾ ਦੀ ਚਾਦਰ ਉਡ ਕੇ ਪ੍ਰਹਿਲਾਦ 'ਤੇ ਜਾ ਪਈ ਅਤੇ ਮੌਤ ਉਸ ਤੋਂ ਛੁੱਟ ਕੇ ਹੋਲਕਾ 'ਤੇ ਜਾ ਪਈ। ਜੋ ਹੋਈ ਵੇਖੀ ਜਾਏਗੀ।'

ਜ਼ਿੰਦਗੀ ਬੜੀ ਵਡਮੁੱਲੀ ਹੈ ਤੇ ਮੰਗਿਆਂ ਕਿਸੇ ਭਾਅ ਨਹੀਂ ਮਿਲਦੀ। ਇਸ ਨੂੰ ਭੰਗ ਦੇ ਭਾੜੇ ਅਜਾਈਂ ਗਵਾ ਦੇਣਾ ਨਾ ਬਹਾਦਰੀ ਹੈ ਤੇ ਨਾ ਸਿਆਣਪ। ਵੈਸੇ ਕੈਨੇਡਾ-ਅਮਰੀਕਾ ਵਰਗੇ ਮੁਲਕਾਂ ਵਿਚ ਮੌਤ ਨੂੰ ਮਖੌਲਾਂ ਕਰਨ ਵਾਲੇ ਕਈ ਕਾਰਨਾਮੇ ਹਨ ਜੋ ਲੋਕ ਸ਼ੌਕ ਵਜੋਂ ਕਰਦੇ ਹਨ। ਹਜ਼ਾਰਾਂ ਡਰਾਈਵਰ ਗੱਡੀ ਚਲਾਉਂਦਿਆਂ ਸੈਲ ਫ਼ੋਨ ਵਰਤ ਕੇ ਆਪਣੇ ਆਪ ਨੂੰ ਤਾਂ ਖ਼ਤਰੇ ਵਿਚ ਪਾਉਂਦੇ ਹੀ ਹਨ, ਨਾਲ ਹੋਰਾਂ ਨੂੰ ਵੀ ਉਲਝਾ ਲੈਂਦੇ ਹਨ। ਇੱਕ ਡਰਾਈਵਰ ਦੀ ਕੁਤਾਹੀ ਸਦਕਾ ਗੱਡੀਆਂ ਵਿਚ ਗੱਡੀਆਂ ਵੱਜਦੀਆਂ ਬੜਾ ਵਿਨਾਸ਼ਕਾਰੀ ਰੂਪ ਧਾਰਨ ਕਰ ਲੈਂਦੀਆਂ ਹਨ। ਇਨ੍ਹਾਂ ਵਿਚ ਜ਼ਿਆਦਾਤਰ ਕਿਸ਼ੋਰ ਉਮਰ ਦੇ ਅੱਲ੍ਹੜ ਅਣਜਾਣ ਹੁੰਦੇ ਹਨ।

ਸੈਲ ਫ਼ੋਨ, ਇੰਟਰਨੈਟ ਤੇ ਹੋਰ ਅਜਿਹੇ ਸਾਧਨਾਂ ਕਰਕੇ ਸਾਰਾ ਸੰਸਾਰ ਬੰਦੇ ਦੀ ਮੁੱਠੀ ਵਿਚ ਕੈਦ ਹੋ ਕੇ ਰਹਿ ਗਿਆ ਹੈ। ਜੇ ਇਨ੍ਹਾਂ ਦੀ ਮੁਨਾਸਬ ਵਰਤੋਂ ਨਾ ਕੀਤੀ ਜਾਏ ਤਾਂ ਇਹ ਸ਼ਗਨ ਦੀ ਥਾਂ ਬਦਸ਼ਗਨ, ਅਸੀਸ ਦੀ ਥਾਂ ਬਦਅਸੀਸ ਤੇ ਵਰ ਦੀ ਥਾਂ ਸਰਾਫ਼ ਹੋ ਨਿੱਬੜਦੇ ਹਨ। ਸੈਲ ਫ਼ੋਨ ਅਜੋਕੇ ਮਨੁੱਖ ਨੂੰ ਇਵੇਂ ਚੰਬੜਿਆ ਪਿਆ ਹੈ ਕਿ ਰੋਟੀ ਖਾਣ ਵੇਲੇ ਜਾਂ ਨਹਾਉਣ ਵੇਲੇ ਵੀ ਪਿੱਛਾ ਨਹੀਂ ਛੱਡਦਾ।

ਅਮਰੀਕਾ ਦੀਆਂ ਬਹੁਤੀਆਂ ਸਟੇਟਾਂ ਵਿਚ ਗੱਡੀ ਚਲਾਉਂਦਿਆਂ ਸਪੀਕਰ ਫੋਨ, ਬਲੂਟੁੱਥ ਜਾਂ




ਅਜਿਹੇ ਹੋਰ ਹੈਂਡਜ਼ ਫਰੀ ਸਾਧਨਾਂ ਬਿਨਾ ਸੈਲ ਫੋਨ ਦੀ ਵਰਤੋਂ ਦੀ ਮਨਾਹੀ ਹੈ। ਅਵੱਗਿਆ ਲਈ ਕੈਦ ਤੇ ਜੁਰਮਾਨੇ ਦੀ ਸਖ਼ਤ ਵਿਵਸਥਾ ਹੈ। 170 ਡਾਲਰ ਤੋਂ ਲੈ ਕੇ 500 ਡਾਲਰ ਜਾਂ ਇਸ ਤੋਂ ਵੀ ਵਧੇਰੇ ਤੱਕ ਦੀ ਟਿਕਟ ਦਿੱਤੀ ਜਾ ਸਕਦੀ ਹੈ। ਸਰਕਾਰਾਂ ਨੇ ਇਹ ਕਾਨੂੰਨ ਸੜਕ ਮੁਸਾਫ਼ਰਾਂ ਦੀ ਸਲਾਮਤੀ ਵਾਸਤੇ ਹੀ ਬਣਾਏ ਹਨ। ਫਿਰ ਵੀ ਕਈ ਚਾਲਕ ਨਿਯਮਾਂ ਨੂੰ ਛਿੱਕੇ ਟੰਗ ਕੇ ਸੈਲ ਫ਼ੋਨ 'ਤੇ ਲੱਗੇ ਰਹਿੰਦੇ ਹਨ, ਟੈਕਸਟ ਕਰਦੇ ਹਨ, ਈਮੇਲ ਚੈਕ ਕਰਦੇ ਤੇ ਮੋੜਦੇ ਹਨ ਤੇ ਅਜੋਕੇ ਆਧੁਨਿਕ ਫੋਨ ਯੰਤਰਾਂ ਦੀ ਵਰਤੋਂ ਕੰਪਿਊਟਰ ਵਾਂਗ ਕਰਦੇ ਹਨ। ਇਸ ਮਰਜ਼ ਦੇ ਜ਼ਿਆਦਾ ਪੀੜਤ ਅੱਲ੍ਹੜ ਕਿਸ਼ੋਰ ਚਾਲਕ ਹਨ ਪਰ ਬਾਲਗ ਵੀ ਇਸ ਤੋਂ ਬਚੇ ਨਹੀਂ।

ਡਰਾਈਵਰ ਸੈਲ ਫ਼ੋਨ 'ਤੇ ਗੱਲ ਕਰਦਿਆਂ ਕਈ ਵਾਰ ਭਾਵੁਕ ਹੋ ਜਾਂਦਾ ਹੈ, ਗੁੱਸੇ ਵਿਚ ਆ ਜਾਂਦਾ ਹੈ ਜਾਂ ਉਤੇਜਿਤ ਹੋ ਜਾਂਦਾ ਹੈ ਅਤੇ ਇਸੇ ਰਉਂ ਵਿਚ ਸਟੇਅਰਿੰਗ ਤੋਂ ਦੋਹੇਂ ਹੱਥ ਛੱਡ ਕੇ ਲੋਟ ਪੋਟ ਹੋ ਜਾਂਦਾ ਹੈ ਜਾਂ ਕ੍ਰੋਧ ਵਿਚ ਆ ਜਾਂਦਾ ਹੈ, ਸਟੇਅਰਿੰਗ ਡੋਲ ਜਾਂਦਾ ਹੈ। ਫਿਰ ਜਦ ਭਾਣਾ ਵਰਤ ਜਾਏ ਤਾਂ ਕਿਸਮਤ ਨੂੰ ਦੋਸ਼ ਦਿੰਦਾ ਹੈ।

ਗੱਡੀ ਚਲਾਉਂਦਿਆਂ ਸੈਲ ਫੋਨ ਤੋਂ ਇਲਾਵਾ ਧਿਆਨ ਵਿਚ ਵਿਘਨ ਪਾਉਣ ਵਾਲੀਆਂ ਹੋਰ ਵੀ ਕਈ ਚੀਜ਼ਾਂ ਹਨ ਜਿਵੇਂ ਅਖ਼ਬਾਰ ਪੜ੍ਹਨਾ, ਮੇਕ-ਅਪ ਕਰਨਾ, ਸ਼ੀਸ਼ੇ ਵਿਚਦੀ ਬੱਸ/ਕਾਰ ਵਿਚਲੀ ਅਦਭੁਤ ਸਵਾਰੀ/ਵਸਤੂ ਵੱਲ ਵੇਖ ਕੇ ਅੱਖਾਂ ਤਾਜ਼ਾ ਕਰਨਾ, ਜਾਂ ਬਾਹਰ ਕਿਸੇ ਨਵੀਂ ਨਿਵੇਕਲੀ ਚੀਜ਼ ਵੱਲ ਬਿਟਰ ਬਿਟਰ ਤੱਕੀ ਜਾਣਾ ਆਦਿ। ਸੈਲ ਫ਼ੋਨ ਦੀ ਵਰਤੋਂ ਨਾਲ ਡਰਾਈਵਰ ਦਾ ਇਕਾਗਰ ਸੰਤੁਲਨ ਵਿਗੜ ਜਾਂਦਾ ਹੈ। ਕਈ ਵੇਰਾਂ ਫ਼ੋਨ ਸਕਰੀਨ 'ਤੇ ਹੀ ਚੈਟਿੰਗ ਸ਼ੁਰੂ ਹੋ ਜਾਂਦੀ ਹੈ ਜੋ ਆਤਮਘਾਤੀ ਹੋ ਨਿੱਬੜਦੀ ਹੈ।

ਪੰਜਾਬੀ ਭਾਈਚਾਰੇ ਦੇ ਕਈ ਨੌਜੁਆਨ ਕੁੜੀਆਂ ਮੁੰਡੇ ਪਿਛਲੇ ਕੁਝ ਸਮੇਂ ਵਿਚ ਭਰ ਜੁਆਨੀ 'ਚ ਅਜਿਹੇ ਹਾਦਸਿਆਂ ਦਾ ਸ਼ਿਕਾਰ ਹੋ ਕੇ ਮੌਤ ਨੂੰ ਜੱਫੀ ਪਾ ਗਏ ਅਤੇ ਪਿਛਲਿਆਂ ਨੂੰ ਹਮੇਸ਼ਾ ਲਈ ਵਿਰਾਗ ਵਿਚ ਭਟਕਦੇ ਸੁੱਟ ਗਏ। ਉਹ ਜਾਂ ਆਪ ਫ਼ੋਨ ਕਰਦੇ ਹੋਰਾਂ ਨੂੰ ਲਿਪਟ ਗਏ ਜਾਂ ਹੋਰਾਂ ਚਾਲਕਾਂ ਦੀਆਂ ਅਜਿਹੀਆਂ ਹਰਕਤਾਂ ਦਾ ਸ਼ਿਕਾਰ ਹੋ ਗਏ।

ਹਮੇਸ਼ਾ ਯਾਦ ਰੱਖੋ, ਪਿਛੇ ਤੁਹਾਨੂੰ ਕੋਈ ਉਡੀਕ ਰਿਹਾ ਹੈ। ਸੈਲ ਫੋਨ ਦੀ ਅੰਨੀ ਵਰਤੋਂ ਤੋਂ ਗੁਰੇਜ਼ ਕਰੋ।

# ਮਿੱਟੀ ਦੀ ਮਹਿਕ

## ਲਾਹੌਰ ਦੀ ਪਰਿਕਰਮਾ

■ ਅਜੀਤ ਕੌਰ

ਜਿਸ ਵੇਲੇ ਮੈਂ ਉਸ ਚਿਰ-ਵਿਛੜੀ ਧਰਤੀ 'ਤੇ ਕਦਮ ਰੱਖਿਆ, ਦੁਪਹਿਰ ਢਲ ਰਹੀ ਸੀ। ਸੰਦਲੀ ਧੁੱਪ ਤੇ ਰੁਕ-ਰੁਕ ਕੇ ਪੋਲੇ ਪੈਰੀਂ ਤੁਰਦੀ ਹਵਾ। ਮੈਂ ਅਸਮਾਨ ਵੱਲ ਤੱਕਿਆ। ਉਹ ਉਸੇ ਤਰ੍ਹਾਂ ਸੀ ਜਿਸ ਤਰ੍ਹਾਂ ਦਾ ਢਲਦੀ ਦੁਪਹਿਰ ਦਾ ਕੋਈ ਵੀ ਅਸਮਾਨ ਹੁੰਦਾ ਏ। ਥੋੜ੍ਹੇ ਜਿਹੇ ਗਰਦ-ਗੁਬਾਰ ਵਿਚ ਲਿਪਟਿਆ, ਹਲਕਾ ਨੀਲਾ ਤੇ ਹਲਕਾ ਸੁਰਮਈ ਜਿਹਾ।



ਮੈਂ ਜ਼ਮੀਨ ਵੱਲ ਤੱਕਿਆ; ਉਸ ਮਹਿਬੂਬ ਮਿੱਟੀ ਵੱਲ ਜਿਸ ਨੇ ਅੱਧੀ ਸਦੀ ਪਹਿਲੋਂ ਮੈਨੂੰ ਘੜਿਆ ਸੀ। ਉਹ ਵੀ ਉਸੇ ਤਰ੍ਹਾਂ ਦੀ ਸੀ ਜਿਸ ਤਰ੍ਹਾਂ ਦੀ ਕੋਈ ਵੀ ਮਿੱਟੀ ਅਗਸਤ ਦੀ ਢਲਦੀ ਦੁਪਹਿਰ ਵੇਲੇ ਹੁੰਦੀ ਏ। ਪਿਆਸੀ ਜਿਹੀ, ਬੇਹਵਾਸ ਜਿਹੀ, ਗਰਦ-ਆਲੂਦ ਜਿਹੀ, ਬੇਸਹਾਰਾ ਜਿਹੀ।

ਇਹ ਉਹੀ ਸ਼ਹਿਰ ਸੀ ਜਿੱਥੇ ਮੈਂ ਦੁਨੀਆਂ ਵਿਚ ਆ ਕੇ ਪਹਿਲਾ ਸਾਹ ਲਿਆ ਸੀ। ਇਹ ਉਹੀ ਸ਼ਹਿਰ ਸੀ ਜਿਹੜਾ ਇਕ ਨੀਮ-ਕਸ਼ ਤੀਰ ਵਾਂਗੂ ਇੰਨੇ ਵਰ੍ਹਿਆਂ ਤੋਂ ਮੇਰੇ ਕਲੇਜੇ ਵਿਚ ਖੁੱਭਿਆ ਹੋਇਆ ਸੀ। ਇਹ ਉਹੀ ਸ਼ਹਿਰ ਸੀ ਜਿਹੜਾ ਇੰਨੇ ਸਾਲਾਂ ਤੋਂ ਮੇਰੇ ਚੇਤੇ ਵਿਚ ਮਿਸ਼ਰੀ ਵਾਂਗੂ ਘੁਲਿਆ ਹੋਇਆ ਸੀ। ਇਹ ਉਹੀ ਸ਼ਹਿਰ ਸੀ ਜਿਸ ਵਿਚ ਕਦੇ ਮੇਰੇ ਬਚਪਨ ਦੀਆਂ ਸਹੇਲੀਆਂ, ਰੋਹਿਨੀ ਤੇ ਪਰਕਾਸ਼ ਤੇ ਕਿਸ਼ਵਰ ਰਹਿੰਦੀਆਂ ਹੁੰਦੀਆਂ ਸਨ, ਤੇ ਸੰਤਾਲੀ ਦੇ ਵਾ-ਵਰੋਲੇ ਵਿਚ ਗੁਆਚ ਗਈਆਂ ਸਨ।

ਲਾਹੌਰ! ਲਾਹੌਰ ਦੀ ਧਰਤੀ 'ਤੇ ਕਦਮ ਰੱਖਦਿਆਂ ਹੀ ਮੇਰੀ ਰੂਹ ਲਰਜ਼ ਗਈ।

ਇਹ ਚਿਰਾਂ ਮਗਰੋਂ ਮਿਲੀ ਮਹਿਬੂਬ ਧਰਤੀ ਨੂੰ ਮੁੜ ਕੇ ਮਿਲਣ ਦੀ ਲਰਜ਼ਿਸ਼ ਸੀ! ਇਹ ਉਨ੍ਹਾਂ ਲਹੂ ਦੀਆਂ ਤਮਾਮ ਤਤੀਰੀਆਂ ਅਤੇ ਅੱਗ ਦੀਆਂ ਲਾਟਾਂ ਦਾ ਮੁੜ ਕੇ ਮੇਰੇ ਆਸ-ਪਾਸ ਸਾਕਾਰ ਹੋ ਜਾਣ ਦੀ ਦਹਿਸ਼ਤ ਦੀ ਕੰਬਣੀ ਸੀ!!

ਮਾਜ਼ੀ ਵਿਚੋਂ ਕਿਹੜੇ ਭੁੱਲੇ-ਵਿਸਰੇ ਚਿਹਰੇ ਤੇ ਘਟਨਾਵਾਂ ਮੇਰੇ ਦੁਆਲੇ ਝੁਰਮਟ ਪਾ ਕੇ ਆ ਬੈਠੀਆਂ ਸਨ!

***

ਜਿਸ ਧਰਤੀ 'ਤੇ ਤੁਸਾਂ ਪਹਿਲੀ ਵਾਰੀ ਸੂਰਜ ਦੀ ਲੋਅ ਤੱਕੀ ਹੋਵੇ, ਜਿਸ ਧਰਤੀ ਨੇ ਪਹਿਲੀ ਵਾਰੀ ਤੁਹਾਡਾ ਪਹਿਲਾ ਤੋਤਲਾ ਬੋਲ ਸੁਣਿਆ ਹੋਵੇ, ਜਿਸ ਧਰਤੀ 'ਤੇ ਤੁਸਾਂ ਪਹਿਲੀ ਵਾਰੀ ਮਾਂ ਦੇ ਦੁੱਧ ਦਾ ਕੋਸਾ ਤੇ ਸ਼ੀਰੀਂ ਸੁਆਦ ਬੁੱਲ੍ਹੀਆਂ ਨਾਲ ਛੁਹਾਇਆ ਹੋਵੇ, ਉਹ ਧਰਤੀ ਹਮੇਸ਼ਾ ਤੁਹਾਡੇ ਨਾਲ ਤੁਰਦੀ ਏ। ਤੁਸੀਂ ਭਾਵੇਂ ਕਿਧਰੇ ਵੀ ਚਲੇ ਜਾਓ; ਭਾਵੇਂ ਸੱਤਾਂ ਸਮੁੰਦਰਾਂ ਤੋਂ ਵੀ ਪਾਰ ਚਲੇ ਜਾਓ, ਉਹ ਧਰਤੀ ਤੁਹਾਡੀ ਛਾਤੀ ਦੇ ਅੰਦਰ ਲੁਕ ਕੇ ਬੈਠੀ ਤੁਹਾਡੇ ਨਾਲ ਹੀ ਸਾਰੇ ਸਫਰ ਤੈਅ ਕਰਦੀ ਏ।

ਏਅਰਪੋਰਟ 'ਤੇ ਕਸਟਮ ਵਾਲੇ ਮੇਰੇ ਬਕਸੇ ਦੀ ਫੋਲਾ-ਫਾਲੀ ਕਰ ਰਹੇ ਸਨ। ਮੈਂ ਉਨ੍ਹਾਂ ਨੂੰ ਕਹਿਣਾ ਚਾਹੁੰਦੀ ਸਾਂ, "ਮੂਰਖੋ, ਇਹ ਤਾਂ ਮੇਰਾ ਸ਼ਹਿਰ ਐ। ਮੈਂ ਆਪਣੇ ਘਰ ਆਈ ਆਂ, ਇੰਨੇ ਵਰ੍ਹਿਆਂ ਮਗਰੋਂ। ਤੇ ਤੁਸੀਂ ...।"

ਏਅਰਪੋਰਟ ਤੋਂ ਬਾਹਰ ਨਿਕਲੀ ਤਾਂ ਕੁਝ ਦੋਸਤ ਮੈਨੂੰ ਲੈਣ ਆਏ ਹੋਏ ਸਨ। ਮੁਸਕਰਾਹਟਾਂ ਦੇ ਤੋਹਫ਼ੇ ਲੈ ਕੇ! ਹਮਸਾਇਰੀ ਤੇ ਦੋਸਤੀ ਦੀ ਨਰਮ ਧੁੱਪ ਲੈ ਕੇ।

ਹੋਟਲ ਵੱਲ ਜਾਂਦਿਆਂ ਮੈਂ ਸੜਕਾਂ ਨੂੰ, ਇਮਾਰਤਾਂ ਨੂੰ ਹਸਰਤ ਨਾਲ ਦੇਖਦੀ ਜਾ ਰਹੀ ਸਾਂ। ਉਹੀ ਮਹਿਬੂਬ ਸੜਕਾਂ, ਜਿਨ੍ਹਾਂ ਦੇ ਇੰਨੇ ਵਰ੍ਹੇ ਮੈਨੂੰ ਸੁਪਨੇ ਆਉਂਦੇ ਰਹੇ ਸਨ। ਕੋਈ ਰੀਸ ਸੀ ਭਲਾ ਲਾਹੌਰ ਦੀਆਂ ਸੜਕਾਂ ਦੀ! ਦੁਨੀਆਂ ਦੇ ਹੋਰ ਕਿਸੇ ਸ਼ਹਿਰ ਵਿਚ ਵੀ ਚਲੀ ਜਾਵਾਂ, ਉਥੋਂ ਦੀਆਂ ਸੜਕਾਂ ਮੈਨੂੰ ਲਾਹੌਰ ਦੀਆਂ ਸੜਕਾਂ ਵਾਂਗੂ ਸਾਫ਼ ਤੇ ਮੁਲਾਇਮ ਨਹੀਂ ਜਾਪਦੀਆਂ। ਲਾਹੌਰ ਦੀਆਂ ਸੜਕਾਂ... ਜਿਵੇਂ ਸੁਰਮਈ ਰੇਸ਼ਮ ਦੇ ਥਾਨ ਖੁੱਲ੍ਹ ਕੇ ਫੈਲੇ ਹੋਣ!

### ਯਾਦਾਂ ਦੀ ਪਿਟਾਰੀ

ਪਰ ਅੱਜ ਇਨ੍ਹਾਂ ਸੜਕਾਂ ਨੂੰ ਕੀ ਹੋ ਗਿਆ ਸੀ? ਧੂੜ ਨਾਲ ਭਰੀਆਂ! ਰੱਦੀ ਕਾਗਜ਼ਾਂ ਦੀਆਂ ਚਿੰਦੀਆਂ ਤੇ ਸੁੱਕੇ ਅਵਾਰਾ ਪੱਤੇ ਬਦਹਵਾਸ ਉਡ ਰਹੇ ਸਨ ਉਨ੍ਹਾਂ ਦੇ ਬਦਨ 'ਤੇ। ਉਡ ਵੀ ਨਹੀਂ ਸਨ ਰਹੇ, ਮਹਿਜ਼ ਲੁੜ੍ਹਕ ਰਹੇ ਸਨ। ਮੇਰੇ ਦਿਲ ਨੂੰ ਕੁਝ-ਕੁਝ ਹੋਣ ਲੱਗਾ। ਕਲੇਜੇ ਵਿਚੋਂ ਬੇਮਲੂਮਾ ਜਿਹਾ ਹੌਲ ਉਠ ਕੇ ਸੰਘ ਵੱਲ ਆਉਣ ਲੱਗਾ।

"ਨਹੀਂ ਨਹੀਂ, ਸਭ ਠੀਕ ਹੋ ਜਾਵੇਗਾ। ਮੈਂ ਜ਼ਰਾ ਜਾ ਕੇ ਨਹਾ ਲਵਾਂ, ਕੱਪੜੇ ਬਦਲ ਲਵਾਂ, ਕੰਘੀ ਵਾਹ ਲਵਾਂ, ਇਹ ਸਭ ਠੀਕ ਹੋ ਜਾਵੇਗਾ।"

"ਸੜਕਾਂ 'ਤੇ ਧੂੜ ਤਾਂ ਹੋਣੀ ਈ ਹੋਈ। ਮੌਸਮ ਈ ਇਹੋ ਜਿਹਾ ਹੈ। ਪੱਤੇ ਦਰਖਤਾਂ ਤੋਂ ਡਿੱਗ ਕੇ ਸੜਕ 'ਤੇ ਚਹਿਲ-ਕਦਮੀ ਨਹੀਂ ਕਰਨਗੇ, ਤਾਂ ਕੀ ਚਿੜੀਆਂ ਵਾਂਗੂ ਆਸਮਾਨ ਵੱਲ ਉਡ ਜਾਣਗੇ? ਬੇਵਕੂਫ਼ ਔਰਤ!" ਮੈਂ ਆਪਣੇ ਮਨ ਨੂੰ ਸਮਝਾ ਰਹੀ ਸਾਂ।

***


ਹੋਟਲ ਪਹੁੰਚੇ ਤਾਂ ਲੱਗਾ ਕਿ ਇਹ ਕਿਸੇ ਵੀ ਸ਼ਹਿਰ ਦਾ ਕੋਈ ਵੀ ਹੋਟਲ ਹੋ ਸਕਦਾ ਸੀ। ਲਾਟੂਆਂ ਦੀ ਮਸਨੂਈ ਰੋਸ਼ਨੀ ਵਿਚ ਚਹਿਕਣ ਦੀ ਕੋਸ਼ਿਸ਼ ਵਿਚ ਮਸਰੂਫ! ਰੀਸੈਪਸ਼ਨ ਡੈਸਕ, ਬੈਲ ਬੁਆਏ, ਲਿਫਟ, ਲਕ-ਦਕ ਕਮਰਾ! ਠੰਡੇ ਪਾਣੀ, ਗਰਮ ਪਾਣੀ ਦੀਆਂ ਟੂਟੀਆਂ। ਮੋਟੇ ਕਾਲੀਨ, ਮੋਟੇ ਪਰਦੇ, ਮੋਟੇ ਬੈਡ ਕਵਰ। ਹਰ ਹੋਟਲ ਵਿਚ ਇਹੀ ਤਾਂ ਹੁੰਦਾ ਏ। ਜੇ ਮੇਰਾ ਕੋਈ ਹੋਟਲ ਹੋਵੇ ਤਾਂ, ਤਾਂ ਮੈਂ ਐਸ ਮੌਸਮ ਵਿਚ ਫ਼ਰਸ਼ ਨੰਗਾ ਰੱਖਾਂ ਤਾਂ ਕਿ ਪੈਰਾਂ ਦੀਆਂ ਤਲੀਆਂ ਨੂੰ ਰਤਾ ਠਾਰ ਆਵੇ। ਬੈਡਕਵਰ ਅਤੇ ਚਾਦਰਾਂ ਸਭ ਸਫੈਦ ਮਲਮਲ ਦੀਆਂ ਵਿਛਾਵਾਂ ਜਿਸ ਤਰ੍ਹਾਂ ਦੀ ਕੂਲੀ ਮਲਮਲ ਦੇ ਦੁਪੱਟਿਆਂ ਦੀਆਂ ਮੇਰੀ ਮਾਂ ਤੇ ਮੇਰੀ ਨਾਨੀ ਬੁੱਕਲਾਂ ਮਾਰਦੀਆਂ ਹੁੰਦੀਆਂ ਸਨ।

ਪਰ ਹੋਟਲ ਹੀ ਕਿਉਂ, ਮੇਰਾ ਤੇ ਘਰ ਹੀ ਕੋਈ ਨਹੀਂ! ਆਪਣੇ ਬਚਪਨ ਦੇ ਘਰ ਦੇ ਗਲ ਲੱਗ ਕੇ ਪਿਆਰ ਕਰਨ ਅਤੇ ਰੋਣ ਹੀ ਤਾਂ ਆਈ ਸਾਂ ਮੈਂ ਇੱਥੇ। ਉਂਜ, ਉਹ ਘਰ ਕਿਧਰੇ ਗਿਆ ਨਹੀਂ ਸੀ। ਜਿਸ ਜਿਸ ਨਵੇਂ ਸ਼ਹਿਰ ਵਿਚ ਜਾ ਕੇ ਅਸੀਂ ਉਜੜਿਆਂ ਹੋਇਆਂ ਨੇ ਮੁੜ ਕੇ ਵਸਣ ਦੀ ਕੋਸ਼ਿਸ਼ ਕੀਤੀ ਸੀ, ਉਹ ਘਰ ਸਾਡੇ ਨਾਲ ਨਾਲ ਤੁਰਦਾ ਰਿਹਾ ਸੀ। ਪਹਿਲੋਂ ਸ਼ਿਮਲੇ, ਫੇਰ ਜਲੰਧਰ ਤੇ ਫੇਰ ਆਖਰਕਾਰ ਦਿੱਲੀ।

ਦਿੱਲੀ ਹੀ ਕਿਉਂ, ਦੁਨੀਆਂ ਦੇ ਜਿਸ ਕਿਸੇ ਸ਼ਹਿਰ ਵਿਚ ਮੈਂ ਗਈ ਸਾਂ, ਉਸੇ ਲਾਹੌਰ ਵਾਲੇ ਘਰ ਨੂੰ ਆਪਣੇ ਕਲੇਜੇ ਵਿਚ ਚੁੱਕੀ ਫਿਰੀ ਸਾਂ। ਲਾਹੌਰ ਵਾਲਾ ਘਰ, ਲਾਹੌਰ ਦੀਆਂ ਸੜਕਾਂ, ਲਾਹੌਰ ਦਾ ਆਸਮਾਨ।



*ਲਾਹੌਰ ਵਿਚ ਸ਼ਾਇਰ ਮੁਹੰਮਦ ਇਕਬਾਲ ਦੀ ਯਾਦਗਾਰ। (ਫੋਟੋ: ਦਲਜੀਤ ਅਮੀ)*



*ਲਾਹੌਰ ਦੀ ਬਾਦਸ਼ਾਹੀ ਮਸਜਿਦ ਤੋਂ ਖਿੱਚੀ ਗੁਰਦੁਆਰਾ ਡੇਰਾ ਸਾਹਿਬ ਦੀ ਤਸਵੀਰ। ਇਹ ਗੁਰਦੁਆਰਾ ਪੰਜਵੀਂ ਪਾਤਸ਼ਾਹੀ ਗੁਰੂ ਅਰਜਨ ਦੇਵ ਜੀ ਦੀ ਯਾਦ 'ਚ ਬਣਾਇਆ ਗਿਆ ਹੈ। (ਫੋਟੋ: ਦਲਜੀਤ ਅਮੀ)*

ਸ਼ਾਮ ਵੇਲੇ ਸੁਰਮਈ ਆਸਮਾਨ ਦੇ ਕੈਨਵਸ 'ਤੇ ਲੀਕਾਂ ਵਾਹੁੰਦੀਆਂ ਕਾਂਵਾਂ ਦੀਆਂ ਡਾਰਾਂ। ਘਰਾਂ ਨੂੰ ਮੁੜਦੇ ਕਾਂ! ਇਕੋ ਹੀ ਪਾਸੇ, ਹਮੇਸ਼ਾਂ ਇਕੋ ਹੀ ਪਾਸੇ ਉਡਦੇ! ਸਾਡੇ ਘਰ ਦੇ ਉਤੋਂ ਦੀ ਇਕ ਗੁੱਠੋਂ ਸ਼ੁਰੂ ਹੋ ਕੇ ਦੂਜੀ ਗੁੱਠ ਵੱਲ ਉਡਾਰੀ ਮਾਰਦੇ ਉਨ੍ਹਾਂ ਦੇ ਖੰਭ! ਕਦੇ-ਕਦੇ ਢਲਦੇ ਸੂਰਜ ਦੀ ਕੋਈ ਸੁਨਹਿਰੀ ਕਿਰਨ ਉਨ੍ਹਾਂ ਸ਼ਾਹ ਕਾਲੇ ਖੰਭਾਂ ਵਿਚ ਅੜ ਜਾਂਦੀ, ਤੇ ਬਲੌਰ ਵਾਂਗੂ ਚਮਕ ਉਠਦੀ। ਤੇ ਸਾਰਾ ਦਿਨ ਹਵਾ ਵਿਚ ਅਵਾਰਾਗਰਦੀ ਕਰਨ ਵਾਲੀਆਂ ਇੱਲਾਂ! ਹੌਲੀ-ਹੌਲੀ ਉਡਦੀਆਂ, ਹਮੇਸ਼ਾਂ ਧੌਣ ਨੂੰ ਹੇਠਾਂ ਨਿਵਾਈ, ਨੀਝ ਧਰਤੀ 'ਤੇ ਗੱਡੀ, ਝੱਪਟਾ ਮਾਰਨ ਲਈ ਬੇਤਾਬ! ਪਰ ਕਦੇ-ਕਦੇ ਉਹ ਵੀ ਆਸਮਾਨ ਦੇ ਬੇਕਿਨਾਰ ਨੀਲੇ ਪਾਣੀਆਂ ਵਿਚ ਬੇਨਿਆਜ਼ ਹੋ ਕੇ ਤਾਰੀਆਂ ਲਾਉਂਦੀਆਂ। ਕਦੇ ਖੰਭਾਂ ਨੂੰ ਤੋਲਦੀਆਂ, ਕਦੇ ਡੁੱਬਦੀਆਂ-ਉਭਰਦੀਆਂ! ਮਗਨ! ਉਦੋਂ ਮੈਨੂੰ ਪਤਾ ਲੱਗ ਜਾਂਦਾ ਕਿ ਹੁਣੇ ਬੱਦਲ ਘਿਰ ਆਉਣਗੇ, ਮੀਂਹ ਵੱਸੇਗਾ। ਇੱਲਾਂ ਦੀ ਮਟਕ-ਉਡਾਰੀ ਤੋਂ ਆਉਣ ਵਾਲੇ ਬੱਦਲਾਂ ਦੀ ਤੇ ਮੀਂਹ ਦੀ ਪੇਸ਼ੀਨਗੋਈ ਹਮੇਸ਼ਾਂ ਸੱਚੀ ਸਾਬਤ ਹੁੰਦੀ।

"ਬੀਜੀ, ਕੋਠੇ ਤੋਂ ਢੀਂਗਰੀਆਂ ਦਾ ਹਾਰ ਲਾਹ ਲਿਆਵਾਂ? ਮੰਜੀਆਂ ਵਰਾਂਡੇ ਦੇ ਉਹਲੇ ਵਿਚ ਖੜ੍ਹੀਆਂ ਕਰ ਦਿਆਂ? ਮੀਂਹ ਆਉਣ ਵਾਲਾ ਏ।"

"ਸ਼ੁਦੈਣ! ਮੀਂਹ ਕਿੱਥੇ?" ਉਹ ਆਸਮਾਨ ਵੱਲ ਵੇਖਦੇ। "ਬੱਦਲਾਂ ਦਾ ਤੇ ਕਿਧਰੇ ਨਾਂ ਨਿਸ਼ਾਨ ਨਹੀਂ, ਤੇ ਇਹਨੂੰ ਮੀਂਹ ਪਿਆ ਦਿੱਸਦਾ ਏ। ਸਾਰਾ ਦਿਨ ਕੋਠੇ 'ਤੇ ਪਤਾ ਨਹੀਂ ਕੀ ਕਰਦੀ ਰਹਿੰਦੀ ਏ! ਕੀ ਊਟ-ਪਟਾਂਗ ਗੱਲਾਂ ਸੋਚਦੀ ਰਹਿੰਦੀ ਏ।"

ਇਕ ਤਾਂ ਦਿਲ ਕਰਦਾ, ਮਸਤ ਲੇਟੀ ਰਵਾਂ। ਇੱਲਾਂ ਦਾ ਡੁੱਬਣਾ-ਉਭਰਨਾ, ਤੇ ਖੰਭਾਂ ਨੂੰ ਅਡੋਲ ਰੋਕ ਕੇ ਹਵਾ ਵਿਚ ਰੁਕ ਜਾਣ ਦੀ ਖੇਡ ਵੇਖਦੀ ਰਵਾਂ। ਹੋ ਜਾਣ ਗਿੱਲੀਆਂ ਢਿੰਗਰੀਆਂ ਤੇ ਮਿਰਚਾਂ, ਤੇ ਮੇਥੀ, ਤੇ ਮੰਜੀਆਂ। ਮੈਨੂੰ ਕੀ!

ਪਰ ਮੈਂ ਚੁਪ-ਚਾਪ ਉਸ ਸਾਰੇ ਖਲਾਰੇ ਨੂੰ ਸਮੇਟਣ ਲੱਗਦੀ। ਪੌੜੀਆਂ ਵਿਚ ਲੁਕਾ ਕੇ ਰੱਖੀ ਜਾਂਦੀ ਸਭ ਕੁਝ। ਆਪਣੀ ਢਿੱਲੀ ਦੌਣ ਵਾਲੀ ਤੇ ਘਸ-ਘਸ ਕੇ ਕੂਲੇ ਹੋ ਗਏ ਵਾਣ ਵਾਲੀ ਮੰਜੀ ਨੂੰ ਛੱਡ ਕੇ ਬਾਕੀ ਸਾਰੀਆਂ ਮੰਜੀਆਂ ਉਹਲੇ ਖੜ੍ਹੀਆਂ ਕਰ ਦਿੰਦੀ। ਹਮੇਸ਼ਾ ਦੌਣ ਵਾਲਾ ਪਾਸਾ ਹੇਠਾਂ ਵੱਲ, ਤੇ ਦੂਜਾ ਪਾਸਾ ਉਤਾਂਹ ਵੱਲ। ਬੀਜੀ ਕਹਿੰਦੇ ਸਨ, ਦੌਣ ਵਾਲਾ ਪਾਸਾ ਉਤਾਂਹ ਕਰ ਕੇ ਖੜ੍ਹਿਆਂ ਕਰਨਾ ਔਗਣ ਹੁੰਦਾ ਏ।

"ਔਗਣ।" ਇਹ ਖਾਸ ਲਫਜ਼ ਸੀ ਜਿਸ ਨੂੰ ਸਾਰੇ ਨਾ ਕਰਨ ਵਾਲੇ ਕੰਮਾਂ ਲਈ ਬੀਜੀ ਵਰਤਦੇ ਰਹਿੰਦੇ ਸਨ। "ਵੀਰ ਨਾਲ ਨਹੀਂ ਲੜੀਦਾ, ਔਗਣ ਹੁੰਦਾ ਏ।...ਚਿੱਕ ਚੁੱਕ ਕੇ ਬਾਹਰ ਛੱਜੇ 'ਤੇ ਨਹੀਂ ਖੜੋਈਦਾ, ਔਗਣ ਹੁੰਦਾ ਏ।...ਦਗੜ-ਦਗੜ ਕਰ ਕੇ ਪੌੜੀਆਂ ਨਹੀਂ ਉਤਰੀਦੀਆਂ-ਚੜ੍ਹੀਦੀਆਂ, ਔਗਣ ਹੁੰਦਾ ਏ।...ਉਚੀ ਨਹੀਂ ਹੱਸੀਦਾ, ਔਗਣ ਹੁੰਦਾ ਏ।...ਉਚੀ ਨਹੀਂ ਬੋਲੀਦਾ, ਔਗਣ ਹੁੰਦਾ ਏ।...ਕਾਕਾ ਬਾਹਰ ਖੇਡਣ ਪਿਆ ਜਾਵੇ, ਸੌ ਵਾਰੀ ਜਾਵੇ ਭਾਵੇਂ, ਪਰ ਕੁੜੀਆਂ ਨਹੀਂ ਬਾਹਰ ਖੇਡਣ ਜਾਂਦੀਆਂ, ਔਗਣ ਹੁੰਦਾ ਏ।...ਕਿਸੇ ਪਰਾਏ ਮਰਦ ਨਾਲ ਗੱਲ ਨਹੀਂ ਕਰੀਦੀ, ਔਗਣ ਹੁੰਦਾ ਏ।" ਤਕਰੀਬਨ ਸਾਰੀਆਂ ਹੀ ਗੱਲਾਂ ਔਗਣ ਸਨ। ਸਿਰਫ ਲੇਲੇ ਵਾਂਗੂ ਉਨ੍ਹਾਂ ਦੇ ਹਰ ਹੁਕਮ ਦੀ ਤਾਮੀਲ ਕਰੀ ਜਾਣੀ।

ਸਿਰਫ ਸਕੂਲ ਦੀਆਂ ਕਿਤਾਬਾਂ ਹੀ ਪੜ੍ਹਨੀਆਂ। ਚਿੱਕ ਦੇ ਅੰਦਰ ਹੀ ਰਹਿਣਾ। ਰਸੋਈ ਵਿਚ ਜਾ ਕੇ ਉਨ੍ਹਾਂ ਦੀ ਮਦਦ ਕਰਨੀ ਤੇ ਸਬਜ਼ੀ ਕੱਟਣੀ ਰਿੰਨ੍ਹਣੀ ਸਿੱਖਣੀ। ਬੱਸ ਇਹੀ ਦੋ-ਚਾਰ ਗੱਲਾਂ ਰਹਿ ਗਈਆਂ ਸਨ ਜਿਹੜੀਆਂ ਔਗਣ ਨਹੀਂ ਸਨ।

## ਕਾਵਿ ਕਿਆਰੀ

### ਗੁਰਭਜਨ ਗਿੱਲ ਦੀਆਂ ਗਜ਼ਲਾਂ

ਜਗਦੀਸ਼ ਧਾਲੀਵਾਲ ਦੇ ਨਾਂ

ਧਰਤ ਬੇਗਾਨੀ, ਕੋਈ ਨਾ ਮੈਨੂੰ,
ਲੈ ਕੇ ਨਾਮ ਬੁਲਾਵੇ।
ਏਸੇ ਕਰਕੇ ਮਨ ਦਾ ਚੰਬਾ,
ਖਿੜਦਾ ਨਹੀਂ, ਕੁਮਲਾਵੇ।

ਖੁੱਲ੍ਹੀਆਂ-ਡੁੱਲ੍ਹੀਆਂ ਸੜਕਾਂ ਏਥੇ,
ਲੰਮ ਸਲੰਮੇ ਪੈਂਡੇ,
ਏਥੋਂ ਇਕ ਵੀ ਸੜਕ ਸਲੇਟੀ,
ਸਾਡੇ ਪਿੰਡ ਨਾ ਜਾਵੇ।

ਰੇਸ ਕੋਰਸਾਂ ਸਰੱਪਟ ਦੌੜਨ,
ਅੱਥਰੇ ਘੋੜੇ ਵੇਖੋ,
ਥੈਲੀ ਸ਼ਾਹ ਕਿਉਂ ਜੇਤੂ ਬਣਦੇ
ਜਦੋਂ ਨਤੀਜਾ ਆਵੇ!

ਚੰਨ ਚੜ੍ਹਿਆ ਪਿੰਡ ਜਾ ਕੇ,
ਕੋਠੇ ਚੜ੍ਹ ਕੇ ਤੱਕਣਾ ਚਾਹਾਂ,
ਪਤਾ ਨਹੀਂ ਕਦੋਂ ਘੜੀ ਸੁਲੱਖਣੀ
ਮੇਰੇ ਭਾਗੀਂ ਆਵੇ।

ਵੰਨ-ਸੁਵੰਨੇ ਬਿਰਖੁ ਬਰੂਟੇ,
ਫੁੱਲ ਪੱਤੀਆਂ ਖੁਸ਼ਬੋਆਂ,
ਸਭ ਕੁਝ ਹੁੰਦਿਆਂ ਸੁੰਦਿਆਂ,
ਚੇਤੇ ਆਉਂਦੇ ਨੇ ਅੰਬ ਸਾਵੇ।

ਕੱਲ-ਮੁਕੱਲੇ ਚੂੜੇ ਡੁਸਕਣ,
ਸੱਖਣੇ ਪਲੰਘ ਪੰਘੂੜੇ,
ਕਿਸ਼ਤਾਂ ਵਿਚ ਤਕਸੀਮ ਦਿਹਾੜੀ,
ਰਾਤੀਂ ਨੀਂਦ ਸਤਾਵੇ।

ਤੁਸੀਂ ਕਹੋਗੇ 'ਮਨ ਦਾ ਰੋਗੀ'
ਪਤਾ ਨਹੀਂ ਕੀਹ ਬੋਲੇ,
ਕਰਕ ਕਲੇਜੇ ਵਾਲੀ ਮੇਰੀ,
ਕੋਈ ਨਾ ਵੈਦ ਸੁਣਾਵੇ।

***

ਸੁਣ ਰਿਹਾ ਹਾਂ ਗੀਤ ਵੀ, ਸੁਰ ਤਾਲ ਤੇਰੇ।
ਮੈਂ ਬਰਾਬਰ ਤੁਰ ਰਿਹਾ ਹਾਂ ਨਾਲ ਤੇਰੇ।

ਕਿਉਂ ਤੇਰੇ ਬੋਲਾਂ 'ਚੋਂ ਜਾਵੇ ਕੰਬਣੀ ਨਾ,
ਮੈਂ ਖਲੋਤਾ ਹਾਂ ਜਦੋਂ ਕਿ ਨਾਲ ਤੇਰੇ।

ਤੂੰ ਚਿਰਾਗਾਂ ਨੂੰ ਬੁਝਾ ਕੇ ਖੁਸ਼ ਨਾ ਹੋਵੀਂ,
ਉਮਰ ਭਰ ਰਹਿਣਾ ਹਨ੍ਹੇਰਾ ਨਾਲ ਤੇਰੇ।

ਜਾਗਣਾ ਪੈਣੈਂ ਨਿਰੰਤਰ ਜੇ ਤੂੰ ਚਾਹੁੰਨੈਂ,
ਸੂਰਜ ਤੇ ਚੰਨ ਚਮਕਣ ਨਾਲ ਤੇਰੇ।

ਆਪਣੇ ਤੂੰ ਸਫ਼ਰ ਦਾ ਲੇਖਾ ਕਰੀ ਜਾਹ,
ਵਕਤ ਨਾ ਗਿਣਦਾ ਕਦੇ ਇਹ ਸਾਲ ਤੇਰੇ।

ਗ਼ੌਰ ਕਰਕੇ ਵੇਖ ਖ਼ੁਦ ਤੋਂ ਦੂਰ ਹੋ ਕੇ,
ਤੁਰ ਰਿਹਾ ਨਾ ਜਿਸਮ ਵੀ ਹੁਣ ਨਾਲ ਤੇਰੇ।

ਖ਼ੁਦ-ਬ-ਖ਼ੁਦ ਦੇ ਨਾਲ ਵੀ ਕਿਉਂ ਝੂਠ ਬੋਲੇਂ,
ਕਿੰਝ ਸੁਧਰਨਗੇ ਭਲਾ ਦੱਸ ਹਾਲ ਤੇਰੇ।

***

ਜੇ ਤੁਰਿਐਂ ਆਪਣੇ ਤੋਂ ਪਾਰ ਜਾਵੀਂ।
ਸਦੀਵੀ ਜਿੱਤ ਖ਼ਾਤਰ ਹਾਰ ਜਾਵੀਂ।

ਜੁਰਾਬਾਂ ਵਾਂਗ ਲਾਹ ਲਈਂ ਰੁਤਬਿਆਂ ਨੂੰ,
ਜਦੋਂ ਵੀ ਰੂਹ ਦੇ ਦਰਬਾਰ ਜਾਵੀਂ।

ਜੇ ਤਰਨਾ ਜਾਣਦਾ ਨਹੀਂ, ਫੇਰ ਸੁਣ ਲੈ,
ਨਦੀ ਦੇ ਨਾ ਕਦੇ ਵਿਚਕਾਰ ਜਾਵੀਂ।

ਵਰ੍ਹੀਂ ਘਨਘੋਰ ਬੱਦਲ ਬਣ ਕੇ ਏਨਾ,
ਤੂੰ ਬਲਦੇ ਹਿਰਦਿਆਂ ਨੂੰ ਠਾਰ ਜਾਵੀਂ।

ਕਦੇ ਵੀ ਜਿਸਮ ਨੂੰ ਮਿਲ ਕੇ ਨਾ ਪਰਤੀਂ,
ਜਦੋਂ ਜਾਵੇਂਗਾ ਰੂਹ ਦੇ ਪਾਰ ਜਾਵੀਂ।

ਸਮਾਂ ਜੇ ਜਾਗਦੇ ਮਿਲਦਾ ਨਹੀਂ ਤਾਂ,
ਕਦੇ ਸੁਪਨੇ 'ਚ ਗੇੜਾ ਮਾਰ ਜਾਵੀਂ।

ਤੂੰ ਰੁੱਸ ਕੇ ਜਾਣ ਦੀ ਸੋਚੀਂ ਕਦੇ ਨਾ,
ਖੁਸ਼ੀ ਦੇ ਨਾਲ ਲੱਖਾਂ ਵਾਰ ਜਾਵੀਂ।

ਜੇ ਅਨਹਦ ਨਾਦ ਚਾਹੇਂ ਰੂਹ 'ਚ ਗੂੰਜੇ,
ਸਦੀਵੀ ਚੁੱਪ ਨੂੰ ਟੁਣਕਾਰ ਜਾਵੀਂ।

### ਰੁਬਾਈ

ਕੁਰਬਾਨੀ ਦੇ ਨਾਲ ਸਿਰੀਂ,
ਦਸਤਾਰ ਹਮੇਸ਼ਾ ਰੱਖ ਹੁੰਦੀ ਹੈ।
ਬੇਅਣਖੇ ਬੰਦੇ ਦੀ ਜ਼ਿੰਦਗੀ,
ਲੱਖ ਹੁੰਦਿਆਂ ਵੀ ਕੱਖ ਹੁੰਦੀ ਹੈ।

ਦਸ ਗੁਰੂਆਂ ਦੀ ਬਾਣੀ ਨਿਸ ਦਿਨ,
ਸਾਨੂੰ ਇਕੋ ਸਬਕ ਪੜ੍ਹਾਵੇ।

ਅਸਲੀ ਨਕਲੀ ਪਰਖਣ ਵਾਲੀ,
ਤੀਜੀ ਵੱਖਰੀ ਅੱਖ ਹੁੰਦੀ ਹੈ।

ਕਹਾਣੀ

# ਕਾਨ੍ਹਾ ਦੇਵੀ ਦਾ ਘਰਾਣਾ

*ਹਸਨ ਮੰਜ਼ਰ ਪਾਕਿਸਤਾਨ ਦੇ ਹੈਦਰਾਬਾਦ ਸ਼ਹਿਰ ਵਿਚ ਰਹਿੰਦੇ ਡਾ. ਸਈਦ ਹਸਨ ਮੰਜ਼ਰ ਦਾ ਕਲਮੀ ਨਾਂ ਹੈ। ਹੈਦਰਾਬਾਦ ਵਿਚ ਉਹ ਸਾਇਕੈਟਰਿਕ ਕਲੀਨਿਕ ਚਲਾਉਂਦੇ ਹਨ। ਉਤਰ ਪ੍ਰਦੇਸ਼ (ਭਾਰਤ) ਦੇ ਮੇਰਠ ਜ਼ਿਲ੍ਹੇ ਵਿਚ ਹਾਪੁੜ ਵਿਖੇ 4 ਮਾਰਚ 1934 ਨੂੰ ਜਨਮੇ ਹਸਨ ਮੰਜ਼ਰ ਦੀਆਂ ਹੁਣ ਤੱਕ ਕਹਾਣੀਆਂ ਦੀਆਂ ਕਈ ਕਿਤਾਬਾਂ ਛਪ ਚੁੱਕੀਆਂ ਹਨ, ਜਿਵੇਂ, ਰਿਹਾਈ (1981), ਨਦੀਦੀ (ਅਣਡਿੱਠ-1982), ਇਨਸਾਨ ਕਾ ਦੇਸ਼ (1990), ਸੋਈ ਭੂਕ (2000) ਅਤੇ ਏਕ ਔਰ ਆਦਮੀ (2000)। ਦੋ ਨਾਵਲ ਅਣਛਪੇ ਪਏ ਹਨ। ਉਨ੍ਹਾਂ ਮੁਨਸ਼ੀ ਪ੍ਰੇਮ ਚੰਦ ਦੇ ਆਖਰੀ ਅਤੇ ਅਧੂਰੇ ਨਾਵਲ 'ਮੰਗਲ ਸੂਤਰ' ਦਾ ਉਰਦੂ ਤਰਜਮਾ ਵੀ ਕੀਤਾ ਹੈ। ਉਨ੍ਹਾਂ ਦੇ ਪੁਰਖਿਆਂ ਵਿਚੋਂ ਕਿਸੇ ਬਜ਼ੁਰਗ ਨੇ 1857 ਵਾਲੇ ਗਦਰ ਵਿਚ ਹਿੱਸਾ ਲਿਆ ਸੀ। ਉਨ੍ਹਾਂ ਦਾ ਟੱਬਰ 1947 ਦੀ ਵੰਡ ਵੇਲੇ ਲਾਹੌਰ ਚਲਾ ਗਿਆ ਸੀ। ਉਨ੍ਹਾਂ ਦੀਆਂ ਰਚਨਾਵਾਂ ਵਿਚ ਪਾਤਰ ਆਵਾਮ ਦੀ ਹਕੀਕਤ ਬਿਆਨਦੇ ਹਨ। ਉਹ ਆਪਣੀਆਂ ਸਾਹਿਤਕ-ਧਾਰਮਿਕ ਰੁਚੀਆਂ ਦਾ ਸਿਹਰਾ ਆਪਣੀ ਅੰਮੀ ਦੇ ਸਿਰ ਸਜਾਉਂਦੇ ਹਨ ਜਿਸ ਨੇ ਉਨ੍ਹਾਂ ਨੂੰ ਉਂਗਲ ਫੜ ਕੇ ਤੁਰਨਾ ਸਿਖਾਇਆ। ਉਨ੍ਹਾਂ ਦੀ ਇਹ ਕਹਾਣੀ 'ਕਾਨ੍ਹਾ ਦੇਵੀ ਦਾ ਘਰਾਣਾ' ਇਨਸਾਨ ਦੇ ਜ਼ਿਹਨ ਦੀ ਪਰਤ-ਦਰ-ਪਰਤ ਫਰੋਲਦੀ ਇਨਸਾਨ ਅਤੇ ਧਰਮ ਵਿਚਕਾਰ ਕੋਈ ਵਿੱਥ ਨਹੀਂ ਪੈਣ ਦਿੰਦੀ। ਹਾਂ! ਧਰਮ ਦੇ ਨਾਂ 'ਤੇ ਹਿੰਸਾ ਕਰਨ ਵਾਲਿਆਂ ਉਤੇ ਉਹ ਬਹੁਤ ਸੂਖਮ ਚੋਟ ਕਰਦਾ ਹੈ। ਜਦੋਂ ਉਹ ਕਹਾਣੀ ਦੇ ਇਕ ਪਾਤਰ ਰਾਹੀਂ ਧਰਤੀ ਦੇ ਟੁਕੜੇ ਉਤੇ ਕਿਸੇ ਦਾ ਵੀ ਕਬਜ਼ਾ ਨਾ ਹੋਣ ਦੀ ਗੱਲ ਅਖਵਾਉਂਦਾ ਹੈ ਤਾਂ ਹੱਦਾਂ-ਸਰਹੱਦਾਂ ਪਾਰ ਕਰਕੇ ਸਾਡੇ ਗੁਰੂਆਂ-ਪੀਰਾਂ-ਸੰਤਾਂ ਦਾ ਹੀ ਸੁਨੇਹਾ ਦੇ ਰਿਹਾ ਹੁੰਦਾ ਹੈ। ਇਸ ਸੁਨੇਹੇ ਦੇ ਕੇਂਦਰ ਵਿਚ ਆਵਾਮ ਹੀ ਬੈਠਾ ਮਿਲਦਾ ਹੈ, ਹਰ ਵਾਰ। -ਸੰਪਾਦਕ*

ਮੇਮਨਪਾੜੇ ਵਿਚ ਇਕ ਘਰ ਕਾਨ੍ਹਾ ਦੇਵੀ ਦਾ ਵੀ ਹੈ। ਉਹਦੇ ਆਸੇ-ਪਾਸੇ ਦੇ ਘਰਾਂ ਵਿਚ ਵੀ ਹਿੰਦੂ ਰਹਿੰਦੇ ਹਨ। ਇਉਂ ਲੱਗਦਾ ਹੈ ਜਿਵੇਂ ਮੁਸਲਮਾਨਾਂ ਦੇ ਘਰਾਂ ਦਾ ਸਮੁੰਦਰ ਹੈ ਅਤੇ ਇਸ ਵਿਚ ਸੜਕਾਂ, ਗਲੀਆਂ ਨੂੰ ਕੱਟਣ-ਵੱਢਣ ਨਾਲ ਬਣੀਆਂ ਲਕੀਰਾਂ ਵਿਚਾਲੇ ਕੋਈ ਟਾਪੂ ਹੈ ਜਿਸ 'ਤੇ ਇਹ ਲੋਕ ਰਹਿ ਰਹੇ ਹਨ। ਇਨ੍ਹਾਂ ਵਿਚੋਂ ਜ਼ਿਆਦਾਤਰ ਲੋਕ ਹਮੇਸ਼ਾ ਤੋਂ ਹੀ ਇੱਥੇ ਰਹਿੰਦੇ ਆਏ ਹਨ। ਕਦੀ-ਕਦੀ ਭਾਰਤ ਤੋਂ ਆਉਣ ਵਾਲਾ ਉਨ੍ਹਾਂ ਦਾ ਮਾਈਟ, ਦੂਰ ਤੋਂ ਆਉਣ ਵਾਲੀ ਸਮੁੰਦਰ ਦੀ ਲਹਿਰ ਵਾਂਗ ਉਸ ਟਾਪੂ ਨੂੰ ਭਿਉਂ ਕੇ



**ਹਸਨ ਮੰਜ਼ਰ**

ਮੁੜ ਜਾਂਦਾ ਅਤੇ ਜ਼ਿੰਦਗੀ ਉਸੇ ਪੁਰਾਣੀ ਤੋਰੇ ਕਾਨ੍ਹਾ ਦੇਵੀ ਦੇ ਘਰ ਵਿਚ ਵੀ ਚਲਦੀ ਰਹਿੰਦੀ ਹੈ ਅਤੇ ਘਰ ਦੇ ਬਾਹਰ ਚੀਜ਼ਾਂ ਬਣਦੀਆਂ ਤੇ ਵਿਕਦੀਆਂ ਹਨ। ਪਿੱਤਲ ਦੀਆਂ ਚੀਜ਼ਾਂ ਢਾਲੀਆਂ ਜਾਂਦੀਆਂ ਹਨ ਤੇ ਸਿੰਧੀ ਪੇਂਡੂ ਖੱਡੀ ਦੇ ਕੱਪੜੇ ਨਾਲ ਬਾਜ਼ਾਰ ਭਰਿਆ ਪਿਆ ਹੈ। ਇਨ੍ਹਾਂ ਗਲੀਆਂ ਵਿਚ ਲੋਕ ਜਦ ਮੋਢੇ ਨਾਲ ਮੋਢਾ ਜੋੜ ਕੇ ਚਲਦੇ ਹਨ ਤਾਂ ਕੋਈ ਨਹੀਂ ਕਹਿ ਸਕਦਾ ਕਿ ਉਨ੍ਹਾਂ ਵਿਚੋਂ ਕੌਣ ਹਿੰਦੂ ਹੈ ਤੇ ਕੌਣ ਮੁਸਲਮਾਨ। ਵੈਸੇ ਵੀ ਸਭ ਇਕ-ਦੂਜੇ ਨੂੰ ਸਲਾਮ ਕਰਨ ਦੇ ਆਦੀ ਹਨ ਅਤੇ ਇੱਥੇ ਆਪਣੇ ਤੋਂ ਵੱਡਿਆਂ ਦੇ ਪੈਰੀਂ ਹੱਥ ਲਾਉਣ ਦੀ ਰਸਮ ਤੋਂ ਇਹ ਪਛਾਨਣਾ ਨਾ-ਮੁਮਕਿਨ ਹੈ ਕਿ ਪੈਰ ਛੋਹਣ ਵਾਲਾ ਹਿੰਦੂ ਹੈ ਜਾਂ ਉਸ ਦੇ ਸਿਰ 'ਤੇ ਹੱਥ ਰੱਖਣ ਵਾਲਾ। ਇਸ ਤਰ੍ਹਾਂ ਵੀ ਹੋ ਸਕਦਾ ਹੈ ਕਿ ਦੋਵੇਂ ਹਿੰਦੂ ਹੋਣ ਜਾਂ ਦੋਵੇਂ ਮੁਸਲਮਾਨ। ਅਲਬੱਤਾ, ਕੁਝ ਚੀਜ਼ਾਂ ਇਸ ਤਰ੍ਹਾਂ ਦੀਆਂ ਵੀ ਹਨ ਜੋ ਇਨ੍ਹਾਂ ਦੁਕਾਨਾਂ 'ਤੇ ਨਜ਼ਰ ਨਹੀਂ ਆਉਂਦੀਆਂ, ਜਿਵੇਂ: ਪੂਜਾ ਦੀਆਂ ਮੂਰਤੀਆਂ, ਭਗਵਦ ਗੀਤਾ ਅਤੇ ਘਰ ਵਿਚ ਲਾਉਣ ਵਾਲੀਆਂ ਆਰਟ ਪੇਪਰ 'ਤੇ ਛਪੀਆਂ ਵੱਡੀਆਂ-ਵੱਡੀਆਂ ਰੰਗੀਨ ਤਸਵੀਰਾਂ ਜੋ ਕਾਨ੍ਹਾ ਦੇਵੀ ਦੀ ਬੈਠਕ ਦੀਆਂ ਦੀਵਾਰਾਂ 'ਤੇ ਲੱਕੜੀ ਦੇ ਭਾਰੇ ਸੁਨਹਿਰੀ ਫਰੇਮਾਂ ਵਿਚ ਲਟਕਦੀਆਂ ਹਨ ਅਤੇ ਉਸ ਦੇ ਪਿੱਛੇ ਲੁਕੇ ਹੋਏ ਛੋਟੇ ਜਿਹੇ ਪੂਜਾ ਦੇ ਕਮਰੇ ਨੂੰ ਵੀ ਵੈਸੇ ਹੀ ਛੋਟੀਆਂ ਤਸਵੀਰਾਂ ਨਾਲ ਸਜਾਇਆ ਗਿਆ ਹੈ। ਇਸ ਛੋਟੇ ਜਿਹੇ ਕਮਰੇ ਵਿਚ ਇਕ ਤਾਕ 'ਤੇ ਪਿੱਤਲ ਦੀ ਸ਼ਿਵ ਦੀ ਮੂਰਤੀ ਰੱਖੀ ਹੋਈ ਹੈ, ਤੇ ਪਿੱਤਲ ਦਾ ਚਿਰਾਗ ਵੀ ਹੈ। ਇਨ੍ਹਾਂ ਦੋਵਾਂ ਕਮਰਿਆਂ ਵਿਚ ਜਾ ਕੇ ਲੱਗਦਾ ਹੈ ਕਿ ਅਸੀਂ ਕਿਸੇ ਦੂਸਰੀ ਦੁਨੀਆਂ ਵਿਚ ਆ ਗਏ ਹਾਂ; ਉਹ ਦੁਨੀਆਂ ਜੋ ਕਦੀ ਪਹਿਲਾਂ ਵੱਸਦੀ ਸੀ...ਲੁਕ ਕੇ ਮੱਖਣ ਖਾਣ ਵਾਲੇ ਕ੍ਰਿਸ਼ਨ ਗੁਪਾਲ, ਸੁੰਡ ਵਾਲੇ ਗਣੇਸ਼, ਸ਼ਿਵ-ਪਾਰਬਤੀ, ਦੁਸ਼ਾਸਨ ਦਾ ਦਰੋਪਤੀ ਦੀ ਸਾੜ੍ਹੀ ਖਿੱਚਣਾ ਅਤੇ ਕਿਸੇ ਅਣਦੇਖੇ ਨੀਲੇ ਹੱਥ ਦਾ ਉਸ ਨੂੰ ਇਸ ਤਰ੍ਹਾਂ ਛੋਟ ਦਿੰਦੇ ਜਾਣਾ ਜਿਸ ਤਰ੍ਹਾਂ ਕੋਈ ਪਤੰਗ ਉਡਾਉਂਦੇ ਸਮੇਂ ਮਾਂਜੇ ਤੇ ਡੋਰ ਨੂੰ ਢਿੱਲ ਦਿੰਦਾ ਜਾਵੇ...ਦਿੰਦਾ ਜਾਵੇ...ਐਨੀ ਕਿ ਖਿੱਚ ਕੇ ਕੱਟ ਦੇਣ ਵਾਲਾ ਖਿਝ ਕੇ ਬੈਠ ਜਾਵੇ, ਤੇ ਇਹੋ ਦਰੋਪਤੀ ਦੇ ਨਾਲ ਹੋਇਆ ਸੀ।

ਔਰਤ ਜਦ ਤਕ ਆਪਣੇ-ਆਪ ਨੂੰ ਕਟੀ-ਪਤੰਗ ਬਣਾਉਣ 'ਤੇ ਉਤਾਰੂ ਨਾ ਹੋ ਜਾਵੇ, ਉਸ ਦੀ ਸਾੜ੍ਹੀ ਦੇ ਪੱਲੇ ਚਾਹੇ ਕਿੰਨੇ ਵੀ ਕਿਉਂ ਨਾ ਖੁੱਲ੍ਹਦੇ ਜਾਣ, ਉਹ ਉਨ੍ਹਾਂ ਦੀਆਂ ਪਰਤਾਂ ਵਿਚ ਲੁਕੀ ਰਹਿੰਦੀ ਹੈ; ਇੱਥੋਂ ਤੱਕ ਕਿ ਦੁਸ਼ਾਸਨ ਜਿਹੇ ਲੋਭੀ ਦੇ ਹੱਥ ਵੀ ਥੱਕ ਕੇ ਚੂਰ ਹੋ ਜਾਂਦੇ ਹਨ।

ਇਹ ਸਭ ਦੱਸਦੇ ਹੋਏ ਕਾਨ੍ਹਾ ਦੇਵੀ ਆਪ ਸਤੀ ਦੀ ਮੂਰਤੀ ਬਣ ਜਾਂਦੀ ਹੈ। ਇਸ ਚਿੱਤਰ ਵਿਚ ਰਾਮਚੰਦਰ ਦੀਆਂ ਖੜਾਵਾਂ, (ਛੋਟਾ ਭਰਾ) ਭਰਤ ਉਤਾਰ ਰਿਹਾ ਹੈ ਤਾਂ ਕਿ ਲਿਜਾ ਕੇ ਉਨ੍ਹਾਂ ਦੀ ਗ਼ੈਰ-ਹਾਜ਼ਰੀ ਵਿਚ ਸਿੰਘਾਸਨ 'ਤੇ ਰੱਖ ਦੇਵੇ ਅਤੇ ਆਪ ਬਜਾਏ ਸਿੰਘਾਸਨ ਉਤੇ ਬੈਠਣ ਦੇ, ਉਸ ਦੇ ਆਸੇ-ਪਾਸੇ ਕਿਤੇ ਖੜ੍ਹੇ ਹੋ ਕੇ ਪ੍ਰੌਕਸੀ ਨਾਲ ਰਾਜ ਕਰੇ। ਅੱਜ-ਕੱਲ੍ਹ ਤਾਂ ਇਸ ਤਰ੍ਹਾਂ ਸੋਚਿਆ ਵੀ ਨਹੀਂ ਜਾ ਸਕਦਾ। ਪ੍ਰੌਕਸੀ ਲਾਉਣ ਵਾਲਾ ਭਲਾ ਖੁਦ ਕਿਵੇਂ ਰਾਜਗੱਦੀ ਤੋਂ ਮਹਿਰੂਮ ਹੋਣ ਲਈ ਤਿਆਰ ਹੋਵੇਗਾ ਅਤੇ ਦੂਜਾ ਗੱਦੀ ਛੱਡ ਕੇ ਕਿਉਂ ਜੰਗਲ ਨੂੰ ਜਾਵੇਗਾ?...ਤੇ ਉਹ ਵੀ ਆਪਣੀਆਂ ਖੜਾਵਾਂ ਆਪਣੇ ਭਰਾ ਦੇ ਹਵਾਲੇ ਕਰਕੇ!

ਕਾਨ੍ਹਾ ਦੇਵੀ ਦੀ ਭੈਣ, ਸੋਮਰ ਯਾਨਿ ਸੋਮਵਾਰ ਨੂੰ ਸ਼ਿਵ ਦਾ ਵਰਤ ਰੱਖਦੀ ਹੈ ਅਤੇ ਇਹਦਾ ਦੇਵਰ ਜੋ ਸਾਲ ਦੇ ਕੁਝ ਮਹੀਨੇ ਹੀ ਠੀਕ ਰਹਿੰਦਾ ਹੈ ਅਤੇ ਕੁਝ ਮਹੀਨਿਆਂ ਵਿਚ ਉਸ ਨੂੰ ਚੀਕ-ਚਿਹਾੜੇ ਦੇ ਦੌਰੇ ਪੈਂਦੇ ਹਨ, ਸੁਬ੍ਹਾ-ਸਵੇਰੇ ਉਠ ਕੇ ਪੰਛੀਆਂ ਨੂੰ ਦਾਣਾ ਪਾਉਂਦਾ ਹੈ। ਇਸ ਕਰਕੇ ਇਨ੍ਹਾਂ ਦੀ ਛੱਤ ਅਤੇ ਬਨੇਰਿਆਂ ਉਤੇ ਚਿੜੀਆਂ ਉਤਰ ਆਉਂਦੀਆਂ ਹਨ, ਤੇ ਪਰਸੂ ਮੱਲ ਸਿੰਧੀ ਵਿਚ ਭਗਵਦ ਗੀਤਾ ਪੜ੍ਹਦਾ ਹੈ ਜੋ ਅੱਠ-ਦਸ ਸਾਲ ਪਹਿਲਾਂ ਉਸ ਨੂੰ ਕਿਸੇ ਨੇ ਭਾਰਤ ਤੋਂ ਲਿਆ ਕੇ ਦਿੱਤੀ ਸੀ।

ਇਸ ਦਾ ਇਹ ਮਤਲਬ ਹੁੰਦਾ ਹੈ ਕਿ ਉਹ ਅੱਜ-ਕੱਲ੍ਹ ਠੀਕ ਹੈ ਅਤੇ ਪੂਰਾ ਘਰਾਣਾ ਸੁੱਖ ਦਾ ਸਾਹ ਲੈ ਰਿਹਾ ਹੈ। ਨਹੀਂ ਤਾਂ ਜਦ ਇਸ ਨੂੰ ਤੇਜ਼ੀ ਦਾ ਦੌਰਾ ਪੈਂਦਾ ਹੈ ਤਾਂ ਉਹ ਖੁਦ ਆਪਣੀ ਬਰਾਦਰੀ ਵਾਲਿਆਂ ਨੂੰ ਗਾਲ੍ਹਾਂ ਦੇਣੀਆਂ ਸ਼ੁਰੂ ਕਰ ਦਿੰਦਾ ਹੈ। ਇਉਂ ਲੱਗਦਾ ਹੈ ਕਿ ਭਗਵਦ ਪੜ੍ਹਨਾ ਉਸ ਦੀ ਸਿਹਤਮੰਦੀ ਦੀ ਨਿਸ਼ਾਨੀ ਹੈ, ਤੇ ਉਸ ਉਤੇ ਉਸ ਦਾ ਰੱਬੀ ਗਿਆਨ ਬਾਅਦ ਦੇ ਤੇਜ਼ ਦੌਰਿਆਂ ਵਿਚ ਹੁੰਦਾ ਹੈ। ਉਹ ਆਪਣੇ ਬਾਪ ਅਤੇ ਵੱਡੇ ਭਾਈਆਂ ਨੂੰ ਬਾਣੀਏ ਕਹਿ ਕੇ ਬੁਲਾਉਂਦਾ ਹੈ ਜੋ ਸੂਦ 'ਤੇ ਰੁਪਏ ਲਾਉਂਦੇ ਹਨ, ਗੋਸ਼ਤ ਖਾਂਦੇ ਹਨ, ਸ਼ਰਾਬ ਪੀਂਦੇ ਹਨ ਜਿਸ ਨੂੰ ਗੀਤਾ ਵਿਚ ਨੀਚ ਕੰਮ ਕਿਹਾ ਗਿਆ ਹੈ। ਉਸ ਸਮੇਂ ਚਤੂੰ ਮੱਲ, ਮਿਰਚੂ ਮੱਲ, ਘੁਮਤੀ, ਸੀਤਾ, ਅਸ਼ੋਕ ਹਾਲਾਂਕਿ ਖੁਦ ਕਾਨ੍ਹਾ ਦੇਵੀ ਤੱਕ ਖਿਝ ਕੇ ਰਹਿ ਜਾਂਦੇ ਹਨ। ਨੱਕ ਦੀ ਨੋਕ ਛੋਹ ਕੇ ਕੰਨਾਂ ਨੂੰ ਹੱਥ ਲਾਉਂਦੇ ਹਨ, "ਬਾਪ ਰੇ ਬਾਪ, ਈਸ਼ਵਰ ਨੇ ਐਨਾ ਗਿਆਨ ਦਿੱਤਾ ਹੈ ਪਰ ਇਹ ਨਹੀਂ ਕੀਤਾ ਕਿ ਇਸ ਦੀ ਬੁੱਧੀ ਨੂੰ ਥੋੜ੍ਹੀ ਲਗਾਮ ਵੀ ਲਾ ਦਿੰਦਾ।"

"ਐਨੀ ਅਕਲ ਪਰਸੂ ਮੱਲ ਨੂੰ ਦੇ ਕੇ ਔਲਾ ਨੇ ਸਾਡੀ ਸਾਰਿਆਂ ਦੀ ਜ਼ਿੰਦਗੀ ਮੁਸ਼ਕਲ ਵਿਚ ਪਾ ਦਿੱਤੀ ਹੈ।" ਭਲਾ ਕੋਈ ਕਹੇਗਾ ਕਿ ਇਹ ਕਾਨ੍ਹਾ ਦੇਵੀ ਦੇ ਸ਼ਬਦ ਹਨ?

ਇਹ ਲੋਕ ਗੱਲਬਾਤ ਕਰਨ ਵੇਲੇ ਜਿਸ ਤਰ੍ਹਾਂ ਸਲਾਮ ਕਰਨ ਦੇ ਆਦੀ ਹਨ, ਉਸੇ ਤਰ੍ਹਾਂ ਔਲਾ ਅਤੇ ਇੰਸ਼ਾਅੱਲਾ ਵੀ ਇਨ੍ਹਾਂ ਦੀ ਜ਼ਬਾਨ ਤੋਂ ਦਿਨ-ਰਾਤ ਨਿਕਲਦਾ ਰਹਿੰਦਾ ਹੈ ਅਤੇ ਇਸ 'ਤੇ ਇਨ੍ਹਾਂ ਨੂੰ ਕੋਈ ਨਹੀਂ ਟੋਕਦਾ। ਕਿਸੇ ਦੀ ਆਸਥਾ ਦੇ ਵੱਖ ਹੋਣ ਨਾਲ ਉਸ ਦਾ ਬਣਾਉਣ ਵਾਲਾ ਤਾਂ ਵੱਖ ਨਹੀਂ ਹੋ ਜਾਂਦਾ!

ਇਹੋ ਜਿਹੇ ਸਮੇਂ ਅਕਸਰ ਇਨ੍ਹਾਂ ਦੇ ਮੁਸਲਮਾਨ ਗੁਆਂਢੀ ਪਰਸੂ ਮੱਲ ਨੂੰ ਸਮਝਾ-ਬੁਝਾ ਕੇ ਆਪਣੇ ਘਰ ਲੈ ਜਾਂਦੇ ਹਨ। ਕੋਈ ਉਸ ਨੂੰ ਤਵੀਤ ਲਿਆ ਕੇ ਪਾਉਂਦਾ, ਕੋਈ ਪੈਰ ਦੇ ਅੰਗੂਠੇ ਅਤੇ ਕੂਹਣੀਆਂ 'ਤੇ ਕਾਲਾ ਧਾਗਾ ਬੰਨ੍ਹਦਾ ਅਤੇ ਕੋਈ ਔਰਤ ਕਿਸੇ ਮਜ਼ਾਰ ਦਾ ਪੜ੍ਹਿਆ ਹੋਇਆ ਪਾਣੀ ਇਸ ਨੂੰ ਹਜ਼ਾਰ ਮਿੰਨਤਾਂ ਨਾਲ ਪਿਆਉਂਦੀ ਅਤੇ ਪਰਸੂ ਮੱਲ ਜੋ ਖਾਣ-ਪੀਣ ਦੇ ਮਾਮਲੇ ਵਿਚ ਪੂਰਾ ਵੈਸ਼ਨੋ ਹੈ, ਇਸ ਦੇ ਗਲਾਸ ਦਾ ਪਾਣੀ ਅਕਸਰ ਪੀ ਹੀ ਲੈਂਦਾ। ਇਹ ਨਹੀਂ ਕਹਿੰਦਾ, "ਨਹੀਂ, ਮੈਂ ਤੇਰੇ ਗਲਾਸ ਵਿਚ ਨਹੀਂ ਪੀਵਾਂਗਾ। ਤੁਸੀਂ ਲੋਕ ਗੋਸ਼ਤ ਖਾਂਦੇ ਹੋ।" ਉਹ ਦੀਵਾਨਗੀ ਦੇ ਇਸ ਆਲਮ ਵਿਚ ਉਹ ਕੁਝ ਕਹਿ ਬੈਠਦਾ ਹੈ ਜੋ ਆਦਮੀ ਵਿਚ ਵਾਕਿਆ ਹੀ ਬੁਰਾ ਹੈ; ਉਹ ਨਹੀਂ ਜਿਸ ਨੂੰ ਉਨ੍ਹਾਂ ਇਕ-ਦੂਜੇ ਨਾਲ ਸ਼ਿਸ਼ਟਤਾ ਦਿਖਾਉਣ ਲਈ ਬਣਾਇਆ ਹੈ। ਇਨ੍ਹਾਂ ਲੋਕਾਂ ਦੇ ਭਾਰਤ ਤੋਂ ਆਉਣ ਵਾਲੇ ਰਿਸ਼ਤੇਦਾਰ ਇਨ੍ਹਾਂ ਤੀਹ-ਬੱਤੀ ਸਾਲਾਂ ਵਿਚ ਉਥੇ ਦੇ ਉਥੇ ਹੀ ਹਨ ਜਿੱਥੇ ਇਨ੍ਹਾਂ ਨੂੰ ਸਦੀਆਂ ਪਹਿਲਾਂ ਮੰਨੂ ਨੇ ਛੱਡਿਆ ਸੀ। ਜਾਤ-ਪਾਤ ਦੇ ਬੰਧਨਾਂ ਵਿਚ ਗ੍ਰਿਫ਼ਤਾਰ।

ਇਨ੍ਹਾਂ ਵਿਚੋਂ ਅਕਸਰ ਬੱਚੇ ਹਿੰਦੀ ਲਿਖਦੇ-ਬੋਲਦੇ ਹਨ, ਤੇ ਜਦ ਉਹ ਕਾਨ੍ਹਾ ਦੇਵੀ ਦੇ ਵਿਹੜੇ ਦੇ ਆਸ-ਪਾਸ ਦੇ ਮੁਸਲਮਾਨਾਂ ਦੇ ਬੱਚਿਆਂ ਨਾਲ ਖੇਡਦੇ ਹਨ ਤਾਂ ਕਾਨ੍ਹਾ ਦੇਵੀ ਤਾਂ ਨਹੀਂ, ਭਾਰਤ ਤੋਂ ਆਉਣ ਵਾਲੀਆਂ ਕੱਟੜ ਬੁੱਢੀਆਂ ਔਰਤਾਂ ਹੈਰਾਨੀ ਨਾਲ ਇਹ ਸੀਨ ਦੇਖਦੀਆਂ ਹਨ, ਜਿਵੇਂ ਇਨ੍ਹਾਂ ਨੂੰ ਆਪਣੀਆਂ ਅੱਖਾਂ 'ਤੇ ਵਿਸ਼ਵਾਸ ਨਾ ਆ ਰਿਹਾ ਹੋਵੇ। ਕਾਨ੍ਹਾ ਦੇਵੀ ਦੇ ਪੜੇ ਦੇ ਬੱਚੇ ਤਾਂ ਬੱਚੇ ਵੱਡੇ-ਬੁੱਢਿਆਂ ਨੂੰ ਇਸ ਤਰ੍ਹਾਂ ਲੱਗਦਾ ਹੈ ਕਿ ਇਸ ਚੁਥਾਈ ਸਦੀ ਵਿਚ ਛੂਤ-ਛਾਤ, ਜਾਤ-ਪਾਤ ਤੇ ਉਚੀਆਂ-ਨੀਵੀਆਂ ਕੰਧਾਂ ਟੱਪ ਚੁੱਕੇ ਹਨ ਅਤੇ ਇਸ ਤਰ੍ਹਾਂ ਦੇ ਖੁੱਲ੍ਹੇ ਮੈਦਾਨ ਵਿਚ ਆ ਗਏ ਹਨ ਜਿੱਥੇ ਬ੍ਰਾਹਮਣ ਸ੍ਰੀਰਾਮ ਦਾ ਲੜਕਾ ਧੁਮੀ ਮੱਲ ਬਾਣੀਏ ਦੀ ਲੜਕੀ ਨਾਲ ਸ਼ਾਦੀ ਕਰਨ ਵਾਲਾ ਹੈ ਅਤੇ ਕੋਈ ਵੀ ਇਸ ਗੱਲ ਦਾ ਨੋਟਿਸ ਤੱਕ ਨਹੀਂ ਲੈ ਰਿਹਾ।

ਇਹੀ ਨਹੀਂ, ਇੱਥੋਂ ਦੇ ਸ਼ੂਦਰ ਜਾਤ ਦੇ ਲੋਕ ਰਾਮ ਲੀਲ੍ਹਾ ਕਰਦੇ ਹਨ। ਓਥਾ ਦਾ ਲੜਕਾ ਪਿਛਲੇ ਛੇ-ਸੱਤ ਸਾਲ ਤੋਂ ਰਾਜਾ ਹਰੀਸ਼ ਚੰਦਰ ਬਣ ਰਿਹਾ ਹੈ ਅਤੇ ਕਾਲਜ ਵਿਚ ਬ੍ਰਾਹਮਣ ਅਤੇ ਮੁਸਲਮਾਨ ਲੜਕੇ ਅਕਸਰ ਇਕ ਹੀ ਗਲਾਸ ਵਿਚ ਪਾਣੀ ਪੀਂਦੇ ਹਨ ਜਿਸ ਤਰ੍ਹਾਂ ਕਾਨ੍ਹਾ ਦੇਵੀ ਦੇ ਵਿਹੜੇ ਵਿਚ ਖੇਡਣ ਵਾਲੇ ਬੱਚੇ; ਤੇ ਬਾਵਜੂਦ ਹਿੰਦੂ ਧਰਮ ਵਿਚ ਆਪਣੀ ਸ਼ਰਧਾ ਦੇ, ਕਾਨ੍ਹਾ ਦੇਵੀ ਨੂੰ ਇਹ ਗੱਲ ਨਹੀਂ ਖੜਕਦੀ ਕਿ ਉਹ ਮੁਸਲਮਾਨ ਬੱਚਿਆਂ ਲਈ ਵੱਖਰੇ ਗਲਾਸ ਰੱਖੇ ਅਤੇ ਭਾਰਤ ਤੋਂ ਆਉਣ ਵਾਲੇ ਕੱਟੜ ਹਿੰਦੂ ਮਹਿਮਾਨਾਂ ਦੇ ਖਾਣ-ਪੀਣ ਦੇ ਭਾਂਡੇ ਵੱਖਰੇ।

ਹਾਲਾਂਕਿ ਜਦ ਕਾਨ੍ਹਾ ਦੇਵੀ ਆਪਣੇ ਲੜਕੇ ਲਈ ਭਾਰਤ ਤੋਂ ਦੁਲਹਨ ਵਿਆਹ ਕੇ ਲਿਆਈ ਤਾਂ ਇਨ੍ਹਾਂ ਦੇ ਘਰ ਵਿਚ ਅਜੀਬ ਤਰ੍ਹਾਂ ਦਾ ਤਣਾਅ ਪੈਦਾ ਹੋ ਗਿਆ ਜਿਸ ਤੋਂ ਉਹ ਆਪ ਕਾਫ਼ੀ ਸਮੇਂ ਤੱਕ ਅਣਜਾਣ ਰਹੀ। ਉਹਦੀ ਜ਼ਿੰਦਗੀ ਪਾਪੜ ਵੇਲਦਿਆਂ ਗੁਜ਼ਰੀ ਸੀ ਜੋ ਘਰ ਲਈ ਰੋਜ਼ਾਨਾ ਚਾਹੀਦੇ ਸਨ। ਉਹ ਪਾਪੜ ਮੁਹੱਲੇ ਵਿਚ ਵੀ ਵੰਡਦੇ ਅਤੇ ਆਉਣ-ਜਾਣ ਵਾਲਿਆਂ ਦੀ ਖਾਤਿਰਦਾਰੀ ਵਿਚ ਵੀ ਕੰਮ ਆਉਂਦੇ। ਇਸੇ ਤਰ੍ਹਾਂ ਉਹ ਸਾਲ ਭਰ ਆਚਾਰ ਪਾਉਂਦੀ ਰਹਿੰਦੀ। ਤਿਉਹਾਰਾਂ 'ਤੇ ਮਿੱਠੀਆਂ ਟਿੱਕੀਆਂ ਅਤੇ ਹਲਵਾ ਬਣਾਉਂਦੀ। ਦੋ ਤਰ੍ਹਾਂ ਦਾ ਖਾਣਾ ਬਣਾਉਣਾ ਉਹਦੀ ਜ਼ਿੰਮੇਵਾਰੀ ਸੀ: ਇਕ ਉਹ ਜਿਸ ਵਿਚ ਆਂਡਾ, ਮੱਛੀ, ਗੋਸ਼ਤ ਸਭ ਸ਼ਾਮਲ ਹੁੰਦੇ ਸਨ, ਤੇ ਦੂਜਾ ਉਹ ਜਿਸ ਨੂੰ ਬਣਾਉਣ ਲਈ ਉਹ ਚਮਚਾ ਵੀ ਇਸਤੇਮਾਲ ਨਹੀਂ ਕੀਤਾ ਜਾਂਦਾ ਸੀ ਜਿਸ ਨਾਲ ਗੋਸ਼ਤ ਦਾ ਸ਼ੋਰਬਾ ਹਿਲਾਇਆ ਗਿਆ ਹੋਵੇ। ਇਸ ਤਰ੍ਹਾਂ ਲਗਦਾ ਸੀ ਕਿ ਹਮੇਸ਼ਾ ਤੋਂ ਸਾਰੇ ਕੰਮ ਉਸ ਦੇ ਜ਼ਿੰਮੇ ਰਹੇ ਹਨ, ਕੀ ਬਾਪ ਦਾ ਘਰ ਤੇ ਕੀ ਪਤੀ ਦਾ!

ਪਰਸੂ ਦੀ ਬੀਵੀ ਉਸ ਦੀ ਛੋਟੀ ਭੈਣ ਸੀ ਅਤੇ ਪਤੀ ਦੇ ਨਾਲ-ਨਾਲ ਅੱਧੀ ਪਾਗਲ ਹੋ ਚੁੱਕੀ ਸੀ। ਉਸ ਨੂੰ ਸਿਰਫ਼ ਇਕ ਹੀ ਕੰਮ ਆਉਂਦਾ ਸੀ। ਸ਼ਿਵ ਦੀ ਅਗਰਬੱਤੀ ਧੁਖਾਉਣੀ, ਸ਼ਿਵ ਦਾ ਵਰਤ ਰੱਖਣਾ; ਲੇਕਿਨ ਔਲਾਦ ਉਸ ਦੀ ਕਿਸਮਤ ਵਿਚ ਨਹੀਂ ਸੀ। ਇਸ ਰੌਲੇ-ਰੱਪੇ ਵਿਚ ਜਿੱਥੇ ਘਰ ਦੇ ਦੂਸਰੇ ਜੀਅ ਸਾਉਣ ਵਿਚ ਜੂਆ ਖੇਡਦੇ ਸਨ ਅਤੇ ਇਸ ਆਸ 'ਤੇ ਜਿਉਂਦੇ ਸਨ ਕਿ ਕਦੋਂ ਹੋਲੀ, ਦੀਵਾਲੀ ਆਵੇ ਤੇ ਨਸ਼ਾ ਕਰਨ ਨੂੰ ਮਿਲੇ। ਕਾਨ੍ਹਾ ਦੇਵੀ ਹੀ ਜਾਣਦੀ ਸੀ ਕਿ ਕਿਸ ਜਿਗਰੇ ਨਾਲ ਉਸ ਨੇ ਘਰ ਨੂੰ ਚਲਾਇਆ ਸੀ!



ਘੁਗ ਵੱਸਦੇ ਪੁਰਾਣੇ ਕਰਾਚੀ ਸ਼ਹਿਰ ਦਾ ਇਕ ਬਾਜ਼ਾਰ

ਬਹੂ ਦੇ ਆਉਣ ਤੱਕ ਉਹ ਆਪਣੀ ਥਕਾਵਟ ਮੰਨ ਚੁੱਕੀ ਸੀ, ਤੇ ਪਹਿਲਾਂ ਤੋਂ ਤੈਅ ਕਰ ਬੈਠੀ ਸੀ ਕਿ ਬਹੂ ਦੇ ਆਉਂਦੇ ਸਾਰ ਹੀ ਉਹ ਘਰ ਦਾ ਸਾਰਾ ਚਾਰਜ ਉਸ ਨੂੰ ਦੇ ਕੇ ਦਿਨ ਭਰ ਝੂਲੇ 'ਤੇ ਬੈਠ ਕੇ ਆਪਣੀਆਂ ਗਵਾਂਢਣਾਂ ਦੀ ਕਚਹਿਰੀ ਲਾਇਆ ਕਰਾਂਗੀ, ਪਾਨ ਖਾਊਂਗੀ, ਸਿਗਰਟ ਪੀਵਾਂਗੀ ਤੇ ਸਮੇਂ ਸਿਰ ਪੱਕਾ ਪਕਾਇਆ ਖਾਣਾ ਬਹੂ ਉਸ ਨੂੰ ਪਰੋਸਿਆ ਕਰੇਗੀ।

ਲੇਕਿਨ ਦਮਯੰਤੀ ਨੇ ਚਾਰਜ ਲੈਂਦੇ ਸਮੇਂ ਇਹ ਨਹੀਂ ਕਿਹਾ ਕਿ ਠੀਕ ਹੈ ਕੰਮ ਮੈਂ ਕਰਾਂਗੀ, ਲੇਕਿਨ ਦੱਸਣਾ ਤੁਹਾਨੂੰ ਪਵੇਗਾ ਕਿ ਕਿੰਨੇ ਪਾਪੜ ਬਣਨਗੇ, ਕਿਸ ਮੌਕੇ 'ਤੇ ਕਿੰਨਾ ਖਰਚ ਕਰਨਾ ਪਵੇਗਾ ਅਤੇ ਕਿਸ ਦਿਨ ਕੀ ਪਕਾਇਆ ਜਾਵੇਗਾ। ਕਾਨ੍ਹਾ ਦੇਵੀ ਨੂੰ ਬਾਅਦ ਵਿਚ ਅੰਦਾਜ਼ਾ ਹੋਇਆ, ਦੋ-ਤਿੰਨ ਮਹੀਨੇ ਬੈਠੀ-ਬੈਠੀ ਦਮਯੰਤੀ ਅੰਦਰ ਹੀ ਅੰਦਰ ਖੌਲਦੀ ਰਹੀ। ਇਸ ਨੂੰ ਆਸੇ-ਪਾਸੇ ਦੇ ਬੱਚਿਆਂ ਦਾ ਘਰ ਦੇ ਵਿਹੜੇ ਵਿਚ ਦੌੜਨਾ-ਭੱਜਣਾ ਚੁਭਣ ਲੱਗਾ ਸੀ, ਹਾਲਾਂਕਿ ਜੇ ਕੋਈ ਉਸ ਨੂੰ ਸਮਝਾਉਂਦਾ ਤਾਂ ਅਸਲ ਗੱਲ ਇਹ ਸੀ ਕਿ ਇਸ ਨੂੰ ਬੱਚਿਆਂ ਨਾਲ ਨਫ਼ਰਤ ਨਹੀਂ ਸੀ; ਉਨ੍ਹਾਂ ਦਾ ਬਾਵਰਚੀਖਾਨੇ ਵਿਚ ਬੇ-ਰੋਕ-ਟੋਕ ਆਉਣਾ-ਜਾਣਾ ਉਸ ਨੂੰ ਹਮੇਸ਼ਾ ਚੁਭਦਾ ਰਹਿੰਦਾ ਸੀ। ਦਮਯੰਤੀ ਨੂੰ ਭਾਰਤ ਤੋਂ ਆਉਣ ਵਾਲੇ ਮਹਿਮਾਨ ਬੁਰੇ ਨਹੀਂ ਲੱਗਦੇ ਸਨ। ਇਨ੍ਹਾਂ ਦਾ ਉਹ ਸਵਾਗਤ ਕਰਦੀ ਸੀ। ਚਾਹੇ ਉਨ੍ਹਾਂ ਨੂੰ ਇਨ੍ਹਾਂ ਲੋਕਾਂ ਦੀ ਮੁਹੱਬਤ ਇੱਥੇ ਖਿੱਚ ਕੇ ਨਾ ਲਿਆਈ ਹੋਵੇ ਕਿਉਂਕਿ ਇਨ੍ਹਾਂ ਵਿਚੋਂ ਜ਼ਿਆਦਾਤਰ ਨੇ ਆਪਣੇ ਮੁਰਸ਼ਦ ਦੇ ਮਜ਼ਾਰ 'ਤੇ ਉਹ ਕਰਜ਼ਾ ਲਾਹੁਣਾ ਹੁੰਦਾ ਸੀ, ਜੋ ਮੰਨਤ ਮੰਗਦੇ ਸਮੇਂ ਉਹ ਖੁਦ 'ਤੇ ਚੜ੍ਹਾ ਬੈਠਦੇ ਸਨ। ਜਿਵੇਂ ਖੁਦ ਕਾਨ੍ਹਾ ਦੇਵੀ ਅਜਮੇਰ ਵਿਚ ਹਾਜ਼ਰੀ ਦੇਣ ਜਾ ਚੁੱਕੀ ਸੀ। ਭਾਰਤ ਤੋਂ ਆਉਣ ਵਾਲੇ ਮਹਿਮਾਨ ਬਾਸਮਤੀ ਦੀ ਸੁਗਾਤ ਲਿਆਉਂਦੇ ਸਨ। ਰੰਗ-ਬਿਰੰਗੀਆਂ ਬਿੰਦੀਆਂ, ਸਾੜੀਆਂ ਜਿਨ੍ਹਾਂ ਦੀ ਆਪ ਆਦੀ ਸੀ ਤੇ ਜਿਨ੍ਹਾਂ ਦਾ ਗਿਆਨ ਉਸ ਦੇ ਸਹੁਰਿਆਂ ਦੀਆਂ ਲੜਕੀਆਂ ਨੂੰ ਨਹੀਂ ਸੀ। ਫਿਲਮੀ ਰਸਾਲੇ ਤੇ ਉਥੋਂ ਦੀਆਂ ਕਹਾਣੀਆਂ।

ਇੱਥੋਂ ਤੱਕ ਤਾਂ ਗੱਲ ਸਮਝ ਵਿਚ ਆਉਂਦੀ ਸੀ, ਲੇਕਿਨ ਘਰਾਣੇ ਦੀਆਂ ਪੁਰਾਣੀਆਂ ਮਿਲਣ ਵਾਲੀਆਂ ਉਸ ਨੂੰ ਰੜਕਣ ਲੱਗੀਆਂ। ਇਹ ਗੱਲ ਕਾਨ੍ਹਾ ਦੇਵੀ ਦੇ ਗਿਆਨ ਵਿਚ ਨਹੀਂ ਸੀ। ਮੁਸਲਮਾਨ ਔਰਤਾਂ ਤੇ ਮਰਦ ਅਤੇ ਜਾਤ-ਪਾਤ ਦੀ ਅਹਿਮੀਅਤ ਤੋਂ ਅਣਭਿੱਜ ਹਿੰਦੂ ਮਹਿਮਾਨ ਜਿਨ੍ਹਾਂ ਪਿਆਲੀਆਂ ਵਿਚ ਚਾਹ ਪੀਂਦੇ ਸਨ, ਉਨ੍ਹਾਂ ਵਿਚ ਹੀ ਚਾਹ ਉਨ੍ਹਾਂ ਦਾ ਆਪਣਾ ਟੱਬਰ ਪੀਂਦਾ। ਜਿਸ ਨੂੰ ਦੇਖੋ ਬਿਨ ਬੁਲਾਇਆ ਮਹਿਮਾਨ ਸੀ।

ਕਾਨ੍ਹਾ ਦੇਵੀ ਮੁਸਲਮਾਨਾਂ ਦੇ ਘਰ ਨਾ ਸਿਰਫ਼ ਇਹ ਕਿ ਖੁਦ ਜਾਂਦੀ ਸੀ, ਸਗੋਂ ਉਸ ਨੂੰ ਵੀ ਨਾਲ ਲੈ ਜਾਣ 'ਤੇ ਉਤਾਰੂ ਹੁੰਦੀ ਸੀ। ਇਉਂ ਲੱਗਦਾ ਸੀ ਕਿ ਇਨ੍ਹਾਂ ਲੋਕਾਂ ਵਿਚ ਧਰਮ ਯਾਨਿ ਉਸ ਨੂੰ ਜਿਸ ਹੱਦ ਤੱਕ ਉਹ ਜਾਣਦੀ ਸੀ, ਦਮ ਤੋੜ ਚੁੱਕਿਆ ਸੀ ਅਤੇ ਦੀਵਾਰਾਂ 'ਤੇ ਲੱਗੀਆਂ ਸਰਸਵਤੀ, ਲਕਸ਼ਮੀ, ਕ੍ਰਿਸ਼ਨ ਅਤੇ ਗੋਪੀਆਂ ਦੀਆਂ ਤਸਵੀਰਾਂ ਸਿਰਫ਼ ਘਰ ਵਿਚ ਬਰਕਤ ਅਤੇ ਹਿਫ਼ਾਜ਼ਤ ਲਈ ਹੀ ਲੱਗੀਆਂ ਸਨ; ਨਹੀਂ ਤਾਂ ਗ਼ੈਰ-ਧਰਮ ਵਾਲਿਆਂ ਨਾਲ ਨਫ਼ਰਤ ਨਾ ਹੋਣਾ, ਇਸ ਗੱਲ ਦਾ ਸੰਕੇਤ ਸੀ ਕਿ ਇੱਥੋਂ ਵਾਲੇ ਵਿਸ਼ਵਾਸ ਦੇ ਮਾਮਲੇ ਵਿਚ ਢਿੱਲੇ ਸਨ। ਵੈਸੇ ਵੀ, ਇਨ੍ਹਾਂ ਲੋਕਾਂ ਨਾਲੋਂ ਉਸ ਦਾ ਗਿਆਨ ਕਿਤੇ ਜ਼ਿਆਦਾ ਸੀ। ਭਗਵਦ ਉਸ ਨੂੰ ਜ਼ਬਾਨੀ ਯਾਦ ਸੀ। ਹਿੰਦੂ ਨਾਂਵਾਂ ਦੇ ਅਰਥ ਉਹ ਜਾਣਦੀ ਸੀ, ਤੇ ਐਨੇ ਸਾਲਾਂ ਵਿਚ ਜਿਸ ਦੇਸ਼ ਨੂੰ ਉਹ ਪਿੱਛੇ ਛੱਡ ਕੇ ਆਈ ਸੀ, ਉਥੇ ਹੋਣ ਵਾਲੇ ਕਈ ਫਿਰਕੂ ਦੰਗਿਆਂ, ਲੜਾਈਆਂ ਅਤੇ ਹਰੀਜਨਾਂ ਤੋਂ ਉਚੀ ਜਾਤ ਵਾਲਿਆਂ ਨਾਲ ਆਏ ਦਿਨ ਦੇ ਟਕਰਾਅ ਨੇ ਉਸ ਵਿਚ ਧਰਮ ਦਾ ਉਹ ਅਹਿਸਾਸ ਜਗਾ ਦਿੱਤਾ ਸੀ ਜੋ ਨਫ਼ਰਤ 'ਤੇ ਪਲਦਾ ਹੈ। ਇੱਥੋਂ ਵਾਲਿਆਂ ਵਿਚੋਂ ਕਿੰਨੇ ਲੋਕ ਇਸ ਤਰ੍ਹਾਂ ਦੇ ਸਨ ਜੋ ਭਾਰਤ ਗਏ ਸਨ, ਤੇ ਯਾਤਰਾ ਕਰਕੇ ਵਾਪਸ ਪਰਤ ਆਏ ਸਨ।

ਇਕ ਰਾਤ ਉਸ ਨੇ ਕਿਸ਼ਨ ਚੰਦ ਨੂੰ ਕਿਹਾ, "ਆਪਾਂ ਸਦਾ ਇੱਥੇ ਹੀ ਰਹਾਂਗੇ?"

"ਸਦਾ ਮਤਲਬ?" ਕਿਸ਼ਨ ਨੇ ਤ੍ਰਭਕ ਕੇ ਪੁੱਛਿਆ। ਉਸ ਨੂੰ ਨੀਂਦ ਆ ਚੱਲੀ ਸੀ, ਤੇ ਦਮਯੰਤੀ ਦਾ ਇਹ ਸਵਾਲ ਉਸ ਦੇ ਦਿਮਾਗ 'ਤੇ ਬੰਬ ਵਾਂਗ ਚੱਲਿਆ।

"ਤੈਨੂੰ ਇੱਥੇ ਰਹਿਣਾ ਪਸੰਦ ਏ?"

"ਤੈਨੂੰ ਨਹੀਂ ਪਸੰਦ?" ਕਿਸ਼ਨ ਨੇ ਪੁੱਛਿਆ, ਦਮਯੰਤੀ ਖ਼ਾਮੋਸ਼ ਰਹੀ।

"ਕਿਉਂ ਮੈਂ ਪਸੰਦ ਨਹੀਂ ਹਾਂ? ਕਿਸ ਨੂੰ ਛੱਡ ਆਈ ਏਂ ਉਥੇ?" ਉਸ ਨੇ ਖ਼ਤਰੇ ਨੂੰ ਹਾਸੇ 'ਚ ਉਡਾਉਂਦਿਆਂ ਕਿਹਾ।

"ਤੇਰੀ ਗੱਲ ਨਹੀਂ ਹੋ ਰਹੀ। ਮੈਂ ਤਾਂ ਇੱਥੋਂ

ਦਾ ਕਹਿ ਰਹੀ ਸਾਂ।"

"ਇੱਥੇ ਤਾਂ ਇੱਥੇ ਹੈ ਹੀ।" ਕਿਸ਼ਨ ਨੇ ਕਿਹਾ, "ਮੈਂ ਖੁਦ ਇੱਥੋਂ ਦਾ ਹਾਂ। ਮੈਨੂੰ ਇਹ ਥਾਂ ਪਸੰਦ ਨਹੀਂ ਹੋਵੇਗੀ ਤਾਂ ਕਿਸ ਨੂੰ ਹੋਵੇਗੀ ਅਤੇ ਮੈਂ ਇਸ ਥਾਂ ਨੂੰ ਪਸੰਦ ਨਹੀਂ ਕਰਾਗਾਂ ਤਾਂ ਫਿਰ ਹੋਰ ਕਿਸ ਨੂੰ ਪਸੰਦ ਕਰਾਂਗਾ।"

ਦਮਯੰਤੀ ਗੋਡਿਆਂ ਵਿਚ ਸਿਰ ਦੇ ਕੇ ਬੈਠੀ ਸੀ। ਬਹੁਤ ਸੋਚ-ਸਮਝ ਕੇ ਉਹ ਗੱਲ ਕਰ ਰਹੀ ਸੀ ਜਿਸ ਤਰ੍ਹਾਂ ਵਿਆਹ ਤੋਂ ਬਾਅਦ ਹਰ ਲੜਕੀ ਪਹਿਲੀ ਵਾਰ ਸ਼ੌਹਰ ਨਾਲ ਦੁਨੀਆਦਾਰੀ ਦੀ ਗੱਲ ਝਿਜਕਦੀ-ਝਿਜਕਦੀ ਕਰਦੀ ਹੈ ਅਤੇ ਜਿਸ ਦੀ ਤਾਨ ਹਮੇਸ਼ਾ ਸਹੁਰੇ ਵਾਲਿਆਂ ਬਾਰੇ ਉਸ ਦੀ ਰਾਏ 'ਤੇ ਟੁੱਟਦੀ ਹੈ। ਬੋਲੀ, "ਮੈਨੂੰ ਇੱਥੋਂ ਦਾ ਰਹਿਣ-ਸਹਿਣ ਅਜੀਬ ਜਿਹਾ ਲੱਗਦਾ ਹੈ।"

"ਤੁਹਾਡਾ ਕੁਝ ਅੱਡ ਸੀ?" ਕਿਸ਼ਨ ਨੇ ਪੁੱਛਿਆ।

"ਹਾਂ।" ਦਮਯੰਤੀ ਨੇ ਕਿਹਾ, "ਉਥੇ ਅਸੀਂ ਲੋਕ ਬਰਾਬਰ ਵਾਲਿਆਂ ਨਾਲ ਮਿਲਦੇ ਸਾਂ। ਹਰ ਐਰਾ-ਗੈਰਾ ਰਸੋਈ ਵਿਚ ਜੁੱਤੀਆਂ ਲਈ ਨਹੀਂ ਸੀ ਤੁਰਿਆ ਆਉਂਦਾ, ਤੇ ਨਾ ਹੀ ਘਰ ਵਿਚ ਗੋਸ਼ਤ ਪੱਕਦਾ ਸੀ।"

ਕਿਸ਼ਨ ਨੇ ਕਿਹਾ, "ਮੈਂ ਤਾਂ ਜਦ-ਜਦ ਵੀ ਗਿਆ, ਮੈਨੂੰ ਖਾਣ ਲਈ ਗੋਸ਼ਤ ਮਿਲਿਆ।"

"ਹੋਰਨਾਂ ਦੇ ਘਰ ਮਿਲਿਆ ਹੋਵੇਗਾ, ਸਾਡੇ ਨਹੀਂ?"

"ਫਿਰ ਤੁਹਾਡੇ ਘਰ ਦੇ ਮਰਦ ਗੋਸ਼ਤ ਕਿੱਥੇ ਖਾਂਦੇ ਆ?"

"ਹੋਟਲ ਵਿਚ।" ਦਮਯੰਤੀ ਨੇ ਹੱਸ ਕੇ ਕਿਹਾ।

"ਅੱਛਾ, ਫੇ ਤੇਰਾ ਮਤਲਬ ਐ ਕਿ ਮੈਂ ਅਤੇ ਘਰ ਦੇ ਬਾਕੀ ਮਰਦ ਇੱਥੇ ਵੀ ਹੋਟਲਾਂ ਵਿਚ ਖਾਣਾ-ਖਾਣ ਲੱਗ ਪਈਏ।"

ਦਮਯੰਤੀ ਨੇ ਵਾਰ-ਵਾਰ ਗੱਲ ਨੂੰ ਅੱਗੇ ਵਧਾਉਣਾ ਚਾਹਿਆ ਲੇਕਿਨ ਲੱਗਦਾ ਇਉਂ ਸੀ ਕਿ ਕਿਸ਼ਨ ਅਤੇ ਉਹ, ਰੇਡੀਓ ਦੀਆਂ ਦੋ ਵੱਖਰੀਆਂ ਵੇਵਲੈਂਥ 'ਤੇ ਗੱਲ ਕਰ ਰਹੇ ਸਨ।

ਆਖਰਕਾਰ ਕਿਸ਼ਨ ਚੰਦ ਨੇ ਕਿਹਾ, "ਮੇਰਾ ਖਿਆਲ ਹੈ, ਜੇ ਤੂੰ ਵੀ ਇਥੇ ਪੈਦਾ ਹੋਈ ਹੁੰਦੀ, ਅੱਜ ਅੰਮੀ ਵਰਗੀ ਹੁੰਦੀ। ਆਪਣੇ ਧਰਮ 'ਤੇ ਕਾਇਮ ਵੀ, ਤੇ ਦੂਸਰੇ ਧਰਮ ਵਾਲਿਆਂ ਨਾਲ ਨਫ਼ਰਤ ਕਰਨ ਵਾਲੀ ਵੀ ਨਹੀਂ। ਮੈਂ ਭਲਾ ਇਹ ਮੁਲਕ ਕਿਉਂ ਛੱਡਣ ਲੱਗਾ, ਦਿਸ ਇਜ਼ ਏ ਲੈਂਡ ਆਫ਼ ਅਪਾਰਚੂਨਿਟੀ।"

"ਉਹ ਕੀ?" ਦਮਯੰਤੀ ਨੇ ਭੋਲੇਪਨ ਨਾਲ ਪੁੱਛਿਆ।

"ਮਤਲਬ, ਇਹ ਕਿ ਮੈਂ ਭਾਰਤ-ਵਾਰਤ ਨਹੀਂ ਜਾਣਾ। ਮੈਂ ਇੱਥੇ ਹੀ ਖ਼ੁਸ਼ ਹਾਂ। ਇਨ੍ਹਾਂ ਲੋਕਾਂ ਵਿਚ ਹੀ ਪਲ ਕੇ ਵੱਡਾ ਹੋਇਆ ਹਾਂ। ਇਨ੍ਹਾਂ ਨੂੰ ਹੀ ਆਪਣਾ ਸਮਝਦਾ ਹਾਂ। ਇਹ ਤੇਰੀ ਬਦਕਿਸਮਤੀ ਸੀ ਕਿ ਜਿਸ ਮਾਹੌਲ ਵਿਚ ਤੂੰ ਸੀ, ਉਥੇ ਉਕਸਾਉਣ ਵਾਲੇ ਭਰੇ ਪਏ ਸਨ। ਜਿਨ੍ਹਾਂ ਦਾ ਧੰਦਾ ਕਦੇ ਇਸ ਧਰਮ ਦੇ ਖਿਲਾਫ਼ ਉਸ ਧਰਮ ਵਾਲਿਆਂ ਨੂੰ ਭੜਕਾ ਕੇ ਚਲਦਾ ਹੈ ਅਤੇ ਕਦੇ ਇਕ ਜਾਤ ਵਾਲਿਆਂ ਨੂੰ ਦੂਸਰੀ ਜਾਤ ਵਾਲਿਆਂ ਦੇ ਖ਼ਿਲਾਫ਼। ਸਿਆਸਤਦਾਨ ਖ਼ੁਸ਼ਕਿਸਮਤ ਹਨ ਕਿ ਇਸ ਦੌਰ ਵਿਚ ਵੀ ਉਨ੍ਹਾਂ ਨੂੰ ਮਜ਼ਹਬ ਦੇ ਨਾਂ 'ਤੇ ਜਨਤਾ ਨੂੰ ਭੜਕਾਉਣ ਵਾਲੇ ਮਿਲ ਜਾਂਦੇ ਆ।"

ਇਸ ਤੋਂ ਬਾਅਦ ਕਈ ਵਾਰ ਦਮਯੰਤੀ ਨੇ ਇਕੱਲ ਵਿਚ ਘਰ ਦੇ ਛੋਟਿਆਂ ਅਤੇ ਆਪਣੇ ਪਤੀ ਨੂੰ ਗੱਲ-ਗੱਲ 'ਤੇ ਇੰਸ਼ਾਅੱਲਾ ਕਹਿਣ ਤੋਂ ਟੋਕਿਆ। ਉਸ ਨੇ ਆਪਣੀ ਪਿਆਲੀ ਅੱਡ ਕਰ ਲਈ, ਤੇ ਜੇ ਕਾਨ੍ਹਾ ਦੇਵੀ ਨਾਲ ਉਸ ਨੂੰ ਜ਼ਬਰਦਸਤੀ ਪਾੜੇ ਦੀ ਕਿਸੇ ਮੁਸਲਮਾਨ ਔਰਤ ਦੇ ਘਰ ਜਾਣਾ ਪੈਂਦਾ ਅਤੇ ਉਥੇ ਹੋਟਲ ਵਿਚੋਂ ਚਾਹ ਮੰਗਵਾਈ ਜਾਂਦੀ ਤਾਂ ਉਹ ਕਿਸੇ ਬਹਾਨੇ ਬਿਨਾ ਚਾਹ ਪੀਤੇ ਉਠ ਜਾਂਦੀ।

ਕੁਝ ਦਿਨਾਂ ਬਾਅਦ ਕਾਨ੍ਹਾ ਦੇਵੀ ਦਾ ਪਤੀ ਜੋ ਕਪਾਹ ਦਾ ਆੜ੍ਹਤੀ ਸੀ ਅਤੇ ਵਿਆਜ 'ਤੇ ਪੈਸਾ ਵੀ ਲਾਉਂਦਾ ਸੀ, ਇਕ ਸਵੇਰੇ ਸਮੇਂ ਤੋਂ ਪਹਿਲਾਂ ਹੀ ਘਰ ਮੁੜ ਆਇਆ। ਪੁੱਛਣ 'ਤੇ ਪਤਾ ਲੱਗਾ ਕਿ ਭਾਰਤ ਦੇ ਕਿਸੇ ਸਨਅਤੀ ਸ਼ਹਿਰ ਵਿਚ ਦੋ ਧਾਰਮਿਕ ਫਿਰਕਿਆਂ ਵਿਚ ਟਕਰਾਅ ਹੋ ਗਿਆ ਹੈ।

ਹਮੇਸ਼ਾ ਵਾਂਗ ਕਾਨ੍ਹਾ ਦੇਵੀ ਨੇ ਬਿਨਾ ਦਿਲਚਸਪੀ ਲਏ ਪੁੱਛਿਆ, "ਆਖਰ ਕੀ ਇਰਾਦਾ ਹੈ? ਸਮਾਨ ਬੰਨ੍ਹਾਂ?"

ਬਾਵਰਚੀਖ਼ਾਨੇ ਵਿਚ ਦਮਯੰਤੀ ਦੇ ਹੱਥ ਰੁਕ ਗਏ। ਉਸ ਨੂੰ ਪਤਾ ਨਹੀਂ ਸੀ ਕਿ ਕਾਨ੍ਹਾ ਦੇਵੀ ਦੇ ਲਹਿਜੇ ਵਿਚ ਵਿਅੰਗ ਸੀ, ਕਿਉਂਕਿ ਪਿਛਲੇ ਤੀਹ-ਬੱਤੀ ਸਾਲ ਤੋਂ ਇਸ ਘਰ ਵਿਚ ਇਉਂ ਹੀ ਹੁੰਦਾ ਆਇਆ ਸੀ। ਚੰਦੂ ਮੱਲ ਕਾਰੋਬਾਰ ਤਾਂ ਕਰਦਾ ਸੀ, ਲੇਕਿਨ ਇਸ ਤਰ੍ਹਾਂ ਲੱਗਦਾ ਸੀ ਜਿਵੇਂ ਕੋਈ ਪੰਛੀ ਟਾਹਣੀ 'ਤੇ ਬੈਠਾ, ਉਡਣ ਲਈ ਪਰ ਤੋਲ ਰਿਹਾ ਹੋਵੇ। ਉਹ ਰੁਪਈਆ ਫਸਾਉਣ ਦਾ ਆਦੀ ਨਹੀਂ ਸੀ। ਦੂਸਰੇ ਬਾਣੀਆਂ ਨੂੰ ਫਿਕਰ ਛੋਹ ਕੇ ਵੀ ਨਹੀਂ ਗਿਆ ਸੀ। ਕਿਸੇ ਦੇ ਬੇਕਰੀ ਸੀ, ਕਿਸੇ ਦਾ ਹੋਟਲ, ਕੋਈ ਫਿਲਮ ਬਣਾ ਰਿਹਾ ਸੀ, ਕੋਈ ਠੇਕੇਦਾਰ ਸੀ। ਸਿਰਫ਼ ਚੰਦੂ ਮੱਲ ਹੀ ਹਵਾਈ ਘੋੜੇ 'ਤੇ ਸਵਾਰ ਸੀ। ਜਦ ਭਾਰਤ ਵਿਚ ਫਸਾਦ ਹੁੰਦੇ ਸਨ, ਤੇ ਉਸ ਦੀ ਖ਼ਬਰ ਉਥੇ ਪਹੁੰਚਦੀ ਸੀ ਤਾਂ ਝੂਲੇ 'ਤੇ ਬੈਠ ਕੇ ਘਬਰਾਹਟ ਵਿਚ ਆਪਣੀ ਠੋਡੀ ਦੇ ਹੇਠਾਂ ਵਾਲ ਚੁਣ-ਚੁਣ ਕੇ ਉਖਾੜਨ ਲੱਗਦਾ। ਲੋਕ ਕਹਿੰਦੇ ਹਨ ਕਿ ਪਰਸੂ ਮੱਲ ਵਾਲੀ ਬਿਮਾਰੀ ਦੇ ਲੱਛਣ ਇਸ ਵਿਚ ਵੀ ਹਨ।

ਉਸ ਦਿਨ ਵੀ ਇਹੋ ਹੋਇਆ। ਜਦ ਉਹ ਬਾਜ਼ਾਰ ਗਿਆ ਤਾਂ ਲੋਕ ਆਪਣੇ ਕੰਮਾਂ ਵਿਚ ਲੱਗੇ ਹੋਏ ਸਨ। ਸਿਰਫ਼ ਫੋਟੋਗਰਾਫਰ ਲੀਲ੍ਹਾ ਰਾਮ ਨੇ ਹੌਲੀ ਜਿਹੀ ਪੁੱਛਿਆ, "ਸਵੇਰੇ ਬੀ.ਬੀ.ਸੀ. ਸੁਣਿਆ ਸੀ?"

"ਨਹੀਂ। ਕਿਉਂ?" ਚੰਦੂ ਮੱਲ ਨੇ ਘਬਰਾ ਕੇ ਪੁੱਛਿਆ, "ਤੂੰ ਸੁਣਿਆ ਸੀ?"

"ਵੱਡੀ ਪੱਧਰ 'ਤੇ ਦੰਗੇ ਹੋਏ ਆ।"

"ਕਿੱਥੇ?" ਚੰਦੂ ਮੱਲ ਨੇ ਪੁੱਛਿਆ, ਹਾਲਾਂਕਿ ਜਵਾਬ ਉਸ ਨੂੰ ਖੁਦ ਪਤਾ ਸੀ।

"ਭਾਰਤ ਵਿਚ ਚਾਚਾ।" ਲੀਲ੍ਹਾ ਰਾਮ ਨੇ ਕਿਹਾ।

ਦੋਵਾਂ ਨੇ ਇਕ-ਦੂਜੇ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਦੇਖਣਾ ਚਾਹਿਆ। ਥੋੜ੍ਹੀ ਹੀ ਦੇਰ ਬਾਅਦ ਉਸ ਦੇ ਕੰਨਾਂ ਵਿਚ ਅਖ਼ਬਾਰ ਵਾਲਿਆਂ ਦੀਆਂ ਆਵਾਜ਼ਾਂ ਆਉਣ ਲੱਗੀਆਂ: ਹਿੰਦੂ-ਮੁਸਲਮ ਦੰਗਿਆਂ ਵਿਚ ਤਿੰਨ ਸੌ ਮੁਸਲਮਾਨ ਸ਼ਹੀਦ ਕਰ ਦਿੱਤੇ ਗਏ।...ਮੁਸਲਮਾਨਾਂ ਦੇ ਹਜੂਮ 'ਤੇ ਪੁਲਿਸ ਦੀ ਫਾਇਰਿੰਗ।

ਇਨ੍ਹਾਂ ਸ਼ਬਦਾਂ ਪਿੱਛੇ ਰੋਹ ਪੈਦਾ ਕਰਨ ਵਾਲਿਆਂ ਅਤੇ ਰੋਹ 'ਤੇ ਜੀਣ ਵਾਲਿਆਂ ਦੀਆਂ ਆਵਾਜ਼ਾਂ ਲੁਕੀਆਂ ਹੋਈਆਂ ਸਨ। ਅਖ਼ਬਾਰ ਵੇਚਣ ਵਾਲੇ ਖੁਸ਼ ਸਨ ਕਿ ਅੱਜ ਕੰਮ ਛੇਤੀ ਮੁੱਕ ਜਾਵੇਗਾ। ਸਿਰਫ਼ ਚੰਦੂ ਮੱਲ ਦੀ ਸਮਝ ਵਿਚ ਨਹੀਂ ਸੀ ਆ ਰਿਹਾ ਕਿ ਉਹ ਕੀ ਕਰੇ। ਉਹਨੇ ਇਕ ਸਿਰੇ ਤੋਂ ਦੂਜੇ ਸਿਰੇ ਤੱਕ ਬਾਜ਼ਾਰ ਦਾ ਚੱਕਰ ਲਾਇਆ, ਇਹ ਜਾਨਣ ਲਈ ਕਿ ਇੱਥੋਂ ਦੇ ਲੋਕਾਂ ਦਾ ਕੀ ਮੂਡ ਸੀ, ਲੇਕਿਨ ਲੋਕ ਆਪਣੇ ਹੋਰ ਫਿਕਰਾਂ ਵਿਚ ਲੱਗੇ ਹੋਏ ਸਨ। ਕਿਸੇ ਨੇ ਪੋਲੀਓ ਮਾਰੇ ਬੱਚੇ ਨੂੰ ਲੈ ਕੇ ਹਸਪਤਾਲ ਜਾਣਾ ਸੀ, ਕਿਸੇ ਦੀ ਅਦਾਲਤ ਵਿਚ ਪੇਸ਼ੀ ਸੀ। ਹਿੰਦੂ ਦੁਕਾਨਦਾਰ ਹੋਰ ਦਿਨਾਂ ਨਾਲੋਂ ਜ਼ਿਆਦਾ ਆਪਣੇ ਕੰਮ ਵਿਚ ਰੁੱਝੇ ਦਿਖਾਈ ਦੇ ਰਹੇ ਸਨ ਜਿਵੇਂ ਲੋਕਾਂ ਤੋਂ ਬਚਣ ਦੀ ਕੋਸ਼ਿਸ਼ ਕਰ ਰਹੇ ਹੋਣ।

ਦੀਪਕ ਟੇਲਰ ਮਾਸਟਰ ਸਿਰ ਝੁਕਾਈ ਆਪਣੇ ਸਾਹਮਣੇ ਫੈਲੇ ਕੱਪੜੇ 'ਤੇ ਨੀਲੇ ਚਾਕ ਨਾਲ ਲਕੀਰਾਂ ਖਿੱਚ ਰਿਹਾ ਸੀ। ਇਸ ਦਾ ਲੜਕਾ, ਬਲੋਚ ਨੌਜਵਾਨ ਦਾ ਨਾਪ ਲੈ ਰਿਹਾ ਸੀ।

ਇਹ ਰਾਤ ਦਮਯੰਤੀ ਨੂੰ ਬੜੀ ਲੰਬੀ ਮਹਿਸੂਸ ਹੋਈ ਕਿਉਂਕਿ ਕਿਸ਼ਨ ਨੇ ਦੰਗੇ-ਫਸਾਦ ਬਾਰੇ ਕੋਈ ਜ਼ਿਕਰ ਨਹੀਂ ਕੀਤਾ। ਉਹ ਆਪਣੇ ਦੋਸਤਾਂ ਨਾਲ ਫਿਲਮ ਦੇਖ ਕੇ ਆਇਆ ਸੀ, ਤੇ ਪੈਂਦਾ ਹੀ ਸੌਂ ਗਿਆ ਸੀ।

ਇਸ ਦੋ ਮੰਜ਼ਲਾ ਮਕਾਨ ਜਿਸ ਵਿਚ ਪੰਦਰਾਂ-ਪੰਦਰਾਂ ਆਦਮੀ ਰਹਿ ਰਹੇ ਸਨ, ਵਿਚ ਉਹ ਖੁਦ ਨੂੰ ਇਕੱਲਾ ਮਹਿਸੂਸ ਕਰ ਰਹੀ ਸੀ। ਉਸ ਨੂੰ ਖੁੜਕਦਾ ਸੀ ਕਿ ਕੁਝ ਹੋਣ ਵਾਲਾ ਹੈ। ਚੌਕੀਦਾਰ ਦੀ ਹਰ ਸੀਟੀ 'ਤੇ ਉਹ ਤ੍ਰਭਕ ਪੈਂਦੀ ਸੀ।

ਸਵੇਰ ਦੇ ਸਮੇਂ ਜਦ ਆਸੇ-ਪਾਸੇ ਤੋਂ ਅਜ਼ਾਨ ਦੀਆਂ ਆਵਾਜ਼ਾਂ ਹਵਾ ਵਿਚ ਗੂੰਜਣ ਲੱਗੀਆਂ ਅਤੇ ਬਾਹਰ ਅਜੇ ਹਨੇਰਾ ਹੀ ਸੀ ਤਾਂ ਉਸ ਨੂੰ ਅਹਿਸਾਸ ਹੋਇਆ ਕਿ ਹਾਲਾਤ ਨੇ ਉਸ ਨੂੰ ਕਿੱਥੇ ਲਿਆ ਪਟਕਾਇਆ ਸੀ ਜਿੱਥੋਂ ਫਰਾਰ ਹੋਣ ਦਾ ਕੋਈ ਰਾਹ ਨਹੀਂ ਸੀ ਨਿਕਲਦਾ ਅਤੇ ਉਸ ਦੀ ਹਾਲਤ ਉਸ ਜਾਨਵਰ ਵਰਗੀ ਸੀ ਜਿਸ ਨੂੰ ਕਿੱਲੇ ਨਾਲ ਬੰਨ੍ਹ ਕੇ ਮਾਰਿਆ ਜਾ ਰਿਹਾ ਹੋਵੇ। ਉਸ ਨੂੰ ਆਪਣੀ ਹਾਲਤ ਵਿਚ ਜ਼ਮੀਨ-ਅਸਮਾਨ ਦਾ ਫਰਕ ਨਜ਼ਰ ਆਇਆ, ਜਦ ਉਹ ਆਪਣੇ ਦੇਸ਼ ਵਿਚ ਸੀ। ਇਹੋ ਖ਼ਬਰ ਉਸ ਨੇ ਅੱਜ ਉਥੇ ਬੈਠ ਕੇ ਸੁਣੀ ਹੁੰਦੀ ਤਾਂ ਸ਼ਾਇਦ ਉਸ ਦੇ ਕੰਨ 'ਤੇ ਜੂੰ ਨਾ ਸਰਕਦੀ ਅਤੇ ਨਾ ਹੀ ਉਸ ਦੀ ਨੀਂਦ ਉਡਦੀ।

ਬਿਨਾਂ ਮਾਂ-ਬਾਪ ਦੇ ਬੱਚੇ ਵਾਂਗ ਹਰ ਘੱਟ-ਗਿਣਤੀ ਨੂੰ ਸੁਪਨੇ ਵਿਚ ਵੀ ਡਰਨ ਦੀ ਆਦਤ ਹੁੰਦੀ ਹੈ। ਤਦ ਕਿਸ਼ਨ ਸੁੱਤਾ ਹੋਇਆ ਬੁੜ-ਬੁੜਾਇਆ ਤੇ ਬੋਲਿਆ, "ਤੂੰ ਉਠ ਗਈ। ਸਵੇਰ ਹੋ ਵੀ ਗਈ?" ਤਾਂ ਦਮਯੰਤੀ ਨੇ ਕਿਹਾ, "ਮੈਂ ਸੁੱਤੀ ਹੀ ਕਦ ਸੀ?"

ਕਿਸ਼ਨ ਨੇ ਲੇਟੇ-ਲੇਟੇ ਆਪਣੇ ਪਹਿਲੂ 'ਚ ਬੈਠੀ ਸੁੱਜੇ ਹੋਏ ਪਪੋਟਿਆਂ (ਪਲਕਾਂ) ਵਾਲੀ ਦਮਯੰਤੀ ਦੇ ਗਲ ਵਿਚ ਬਾਹਾਂ ਪਾ ਕੇ ਪੁੱਛਿਆ, "ਕਿਉਂ ਕੀ ਹੋਇਆ? ਕਿਸੇ ਨੇ ਤੇਰੇ ਗਲਾਸ ਵਿਚੋਂ ਪਾਣੀ ਪੀ ਲਿਆ?"

"ਉਹ ਤਾਂ ਇਥੇ ਹੁੰਦਾ ਈ ਰਹਿੰਦਾ ਏ। ਕੌਣ ਕਿੱਥੋਂ ਤੱਕ ਬਚ ਕੇ ਰਹਿ ਸਕਦਾ।"

"ਫੇ ਬਚਣਾ ਛੱਡ ਕੇ ਸਾਰਿਆਂ ਨਾਲ ਮਿਲ ਜਾ।" ਉਸ ਨੇ ਉਸ ਦੇ ਵਾਲਾਂ ਦੀ ਲਟ ਨਾਲ ਖੇਡਦਿਆਂ ਕਿਹਾ।

ਦਮਯੰਤੀ ਨੇ ਉਸ ਦੀਆਂ ਬਾਹਾਂ ਵਿਚੋਂ ਧੌਣ ਕੱਢ ਲਈ ਤੇ ਬੋਲੀ, "ਤੁਸੀਂ ਭਾਰਤ ਚੱਲੋ ਮੇਰੇ ਨਾਲ। ਇਥੇ ਮੈਨੂੰ ਕਦੀ ਵੀ ਚੈਨ ਦੀ ਨੀਂਦ ਨਸੀਬ ਨਹੀਂ ਹੋਣੀ।"

"ਕਿਉਂ? ਇਥੇ ਕਿਹੜਾ ਮੱਛਰਦਾਨੀ ਵਿਚ ਕੰਡੇ ਉਗਦੇ ਆ?"

"ਇਹ ਤੇਰਾ ਮੁਲਕ ਨਹੀਂ ਏ। ਇਨ੍ਹਾਂ ਲੋਕਾਂ ਦਾ ਏ।"

"ਕਿਹੜੇ ਲੋਕਾਂ ਦਾ?" ਕਿਸ਼ਨ ਨੇ ਪੁੱਛਿਆ।

"ਇਨ੍ਹਾਂ ਲੋਕਾਂ ਦਾ ਜੋ ਸਾਨੂੰ ਚਾਰੇ ਪਾਸਿਓਂ ਘੇਰੀ ਬੈਠੇ ਨੇ। ਜਿਨ੍ਹਾਂ ਇਸ ਨੂੰ ਧਰਮ ਦੇ ਨਾਂ 'ਤੇ ਬਣਾਇਆ ਏ।"

ਕਿਸ਼ਨ ਕੁਝ ਦੇਰ ਤਾਂ ਉਹਦੇ ਚਿਹਰੇ 'ਤੇ ਲਿਖੀ ਹੋਈ ਤਹਿਰੀਰ ਪੜ੍ਹਦਾ ਰਿਹਾ। ਫਿਰ ਬੋਲਿਆ, "ਜੇ ਕੋਈ ਔਰਤ ਕਿਸੇ ਦੀ ਬੀਵੀ ਹੁੰਦੀ ਹੋਈ ਕਿਸੇ ਦੂਜੇ ਦੀ ਮਾਂ ਬਣ ਸਕਦੀ ਹੈ ਤਾਂ ਜ਼ਮੀਨ ਦਾ ਟੁਕੜਾ ਜੋ ਇਕ ਹੀ ਫਿਰਕੇ ਦੇ ਲਈ ਕਾਬਲ-ਏ-ਇੱਜ਼ਤ ਹੋਵੇ ਕਿ ਉਸ ਨੂੰ ਧਰਮ ਦੇ ਨਾਂ 'ਤੇ ਹਾਸਲ ਕੀਤਾ ਗਿਆ ਹੈ, ਦੂਜੇ ਲਈ ਮਾਤਭੂਮੀ ਹੋਣ ਦੇ ਲਿਹਾਜ ਨਾਲ ਕਿਉਂ ਪੂਜਾ ਦੇ ਲਾਇਕ ਨਹੀਂ ਹੋ ਸਕਦਾ? ਜਦ ਤੂੰ ਕਿਸੇ ਦੀ ਮਾਂ ਬਣ ਜਾਵੇਂਗੀ ਤਾਂ ਮੇਰੀ ਬੀਵੀ ਨਹੀਂ ਰਹੇਂਗੀ? ਜਾਂ ਇਹ ਕਿ ਦੋ ਬੀਵੀਆਂ ਹੋਣ, ਤਦ ਹੀ ਇਹ ਸੋਚਿਆ ਜਾ ਸਕਦਾ ਹੈ ਕਿ ਇਕ ਮਾਂ ਦੂਜੀ ਬੀਵੀ।"

ਉਹ ਹੱਸ ਪਈ, ਲੇਕਿਨ ਅੰਦਰੋਂ ਦਿਲ ਧੱਕ-ਧੱਕ ਕਰਦਾ ਰਿਹਾ। ਅਜ਼ਾਨ ਦੀ ਆਵਾਜ਼ ਇੰਨੀ ਕਰੀਬ ਤੋਂ ਉਸ ਨੇ ਪਹਿਲਾਂ ਕਦੇ ਨਹੀਂ ਸੁਣੀ ਸੀ। ਸਵੇਰੇ-ਸਵੇਰੇ ਜਦ ਉਹ ਛੱਤ 'ਤੇ ਕਿਸੇ ਕੰਮ ਗਈ ਸੀ ਤਾਂ ਉਸ ਨੇ ਦੇਖਿਆ ਕਿ ਪਰਸੂ ਮੱਲ ਰੋਜ਼ ਵਾਂਗ ਚਿੜੀਆਂ ਨੂੰ ਦਾਣੇ ਪਾ ਰਿਹਾ ਹੈ। ਇਹ ਕੰਮ ਇਸ ਤਰ੍ਹਾਂ ਦਾ ਸੀ ਜਿਸ ਨੂੰ ਉਹ ਬਿਮਾਰੀ ਵਿਚ ਵੀ ਨਹੀਂ ਸੀ ਭੁੱਲਦਾ। ਇਸ ਘਰ ਦਾ ਤਾਂ ਆਵਾ ਹੀ ਊਤਿਆ ਪਿਆ ਸੀ! ਕੀ ਸੱਸ, ਕੀ ਪਤੀ ਤੇ ਕੀ ਪਤੀ ਦਾ ਚਾਚਾ ਪਰਸੂ ਮੱਲ; ਨਹੀਂ ਤਾਂ ਇੰਦਾਂ ਦੇ ਸਮੇਂ ਕੌਣ ਬੇ-ਫਿਕਰ ਰਹਿ ਸਕਦਾ ਸੀ, ਤੇ ਚਿੜੀਆਂ ਨੂੰ ਦਾਣਾ ਪਾਉਣ ਦੀ ਸੋਚ ਸਕਦਾ ਸੀ! ਉਹ ਕੰਮ ਖ਼ਤਮ ਕਰਕੇ ਮੁੜਨ ਦੀ ਥਾਂ ਉਥੇ ਹੀ ਖੜ੍ਹੋ ਕੇ ਪਰਸੂ ਮੱਲ ਨੂੰ ਦੇਖਦੀ ਰਹੀ ਜੋ ਹੱਥ ਜੋੜ ਕੇ ਸੂਰਜ ਨੂੰ ਪ੍ਰਣਾਮ ਕਰ ਰਿਹਾ ਸੀ ਅਤੇ ਮੂੰਹ ਵਿਚ ਹੀ ਕੁਝ ਪੜ੍ਹ ਰਿਹਾ ਸੀ।

"ਮੇਰੇ ਕੋਲੋਂ ਕੁਝ ਪੁੱਛਣਾ ਏਂ?" ਪਰਸੂ ਮੱਲ ਨੇ ਕੁਝ ਦੇਰ ਬਾਅਦ ਮੁਹੱਬਤ ਨਾਲ ਪੁੱਛਿਆ।

"ਹਾਂ।" ਦਮਯੰਤੀ ਨੇ ਕਿਹਾ, "ਕੱਲ੍ਹ ਹਿੰਦੂ-ਮੁਸਲਮਾਨ ਫਸਾਦ ਹੋਇਐ।"

"ਕਿੱਥੇ?" ਪਰਸੂ ਨੇ ਬੇਦਿਲੀ ਜਿਹੀ ਨਾਲ ਪੁੱਛਿਆ।

"ਇੰਡੀਆ ਵਿਚ।"

"ਉਥੇ ਤਾਂ ਹੁੰਦਾ ਈ ਰਹਿੰਦੈ।" ਪਰਸੂ ਮੱਲ ਨੇ ਇਉਂ ਕਿਹਾ ਜਿਵੇਂ ਜ਼ੁਕਾਮ ਤਾਂ ਹੁੰਦਾ ਈ ਰਹਿੰਦੈ।

"ਤੁਸੀਂ ਇੰਡੀਆ ਜਾਣ ਬਾਰੇ ਨਹੀਂ ਸੋਚਦੇ।" ਦਮਯੰਤੀ ਨੇ ਕਿਹਾ।

"ਨਹੀਂ, ਇਹ ਗੱਲ ਤੇਰਾ ਸਹੁਰਾ ਸੋਚਦੈ- ਮੇਰਾ ਵੱਡਾ ਭਰਾ। ਮੈਂ ਨਹੀਂ।"

"ਤੁਹਾਨੂੰ ਡਰ ਨਹੀਂ ਲੱਗਦਾ ਕਿ ਇੱਥੋਂ ਦੇ ਲੋਕ ਜੇ ਭੜਕ ਗਏ ਤਾਂ ਚਾਰੇ ਪਾਸੇ ਉਹ ਈ ਹਨ। ਮੈਨੂੰ ਤਾਂ ਰਾਤ ਭਰ ਨੀਂਦ ਨਹੀਂ ਆਈ।"

ਪਰਸੂ ਮੱਲ ਨੇ ਹੱਥ ਨਾਲ ਅਸਮਾਨ ਵੱਲ ਇਕ ਤਰਫ਼ ਇਸ਼ਾਰਾ ਕਰਦੇ ਹੋਏ ਕਿਹਾ, "ਦੇਖ, ਉਹ ਕੀ ਏ।"

ਦਮਯੰਤੀ ਨੇ ਉਧਰ ਦੇਖ ਕੇ ਕਿਹਾ, "ਮਸਜਿਦ ਦਾ ਮੀਨਾਰ।"

ਪਰਸੂ ਮੱਲ ਨੇ ਆਪਣੀ ਛੱਤ 'ਤੇ ਦਾਣੇ ਕਬੂਤਰਾਂ ਵੱਲ ਸਰਕਾ ਕੇ ਇਸ਼ਾਰਾ ਕਰਦੇ ਹੋਏ ਕਿਹਾ, "ਇਹ ਕਬੂਤਰ ਰਾਤ ਨੂੰ ਉਥੇ ਹੀ ਸੌਂਦੇ ਨੇ, ਤੇ ਹੁਣ ਮੈਂ ਕੁਝ ਨਹੀਂ ਕਹਾਂਗਾ। ਇਸ ਤੋਂ ਜ਼ਿਆਦਾ ਬੋਲਣ ਦੀ ਮੈਨੂੰ ਆਗਿਆ ਨਹੀਂ ਹੈ।"

ਉਹ ਪੁੱਛਣਾ ਚਾਹੁੰਦੀ ਸੀ ਕਿ ਕਿਸ ਦੀ ਆਗਿਆ ਨਾਲ? ਲੇਕਿਨ ਪਰਸੂ ਮੱਲ ਨੂੰ ਦੁਬਾਰਾ ਪੂਜਾ ਵਿਚ ਮਗਨ ਦੇਖ ਕੇ ਉਸ ਨੂੰ ਖਾਮੋਸ਼ ਰਹਿਣਾ ਪਿਆ। ਹੇਠਾਂ ਆ ਕੇ ਦਮਯੰਤੀ ਨੇ ਜਦ ਕਾਨ੍ਹਾ ਦੇਵੀ ਨੂੰ ਇਹ ਗੱਲ ਦੱਸੀ ਤਾਂ ਬਜਾਏ ਹੱਸਣ ਦੇ, ਉਹਨੇ ਬੜੀ ਸ਼ਰਧਾ ਨਾਲ ਕਿਹਾ, "ਪਰਸੂ ਮੱਲ ਨੂੰ ਲੋਕ ਲੱਖ ਪਾਗਲ ਕਹਿੰਦੇ ਹੋਣ ਪਰ ਉਸ ਵਰਗਾ ਗਿਆਨਵਾਨ ਇਸ ਪਾੜੇ ਵਿਚ ਤਾਂ ਕੀ, ਪੂਰੇ ਸ਼ਹਿਰ ਵਿਚ ਵੀ ਨਹੀਂ ਮਿਲੇਗਾ।"

#

***ਇਨ੍ਹਾਂ ਗਲੀਆਂ ਵਿਚ ਲੋਕ ਜਦ ਮੋਢੇ ਨਾਲ ਮੋਢਾ ਜੋੜ ਕੇ ਚਲਦੇ ਹਨ ਤਾਂ ਕੋਈ ਨਹੀਂ ਕਹਿ ਸਕਦਾ ਕਿ ਉਨ੍ਹਾਂ ਵਿਚੋਂ ਕੌਣ ਹਿੰਦੂ ਹੈ ਤੇ ਕੌਣ ਮੁਸਲਮਾਨ। ਵੈਸੇ ਵੀ ਸਭ ਇਕ-ਦੂਜੇ ਨੂੰ ਸਲਾਮ ਕਰਨ ਦੇ ਆਦੀ ਹਨ ਅਤੇ ਇੱਥੇ ਆਪਣੇ ਤੋਂ ਵੱਡਿਆਂ ਦੇ ਪੈਰੀਂ ਹੱਥ ਲਾਉਣ ਦੀ ਰਸਮ ਤੋਂ ਇਹ ਪਛਾਨਣਾ ਨਾ-ਮੁਮਕਿਨ ਹੈ ਕਿ ਪੈਰ ਛੋਹਣ ਵਾਲਾ ਹਿੰਦੂ ਹੈ ਜਾਂ ਉਸ ਦੇ ਸਿਰ 'ਤੇ ਹੱਥ ਰੱਖਣ ਵਾਲਾ। ਇਸ ਤਰ੍ਹਾਂ ਵੀ ਹੋ ਸਕਦਾ ਹੈ ਕਿ ਦੋਵੇਂ ਹਿੰਦੂ ਹੋਣ ਜਾਂ ਦੋਵੇਂ ਮੁਸਲਮਾਨ। ਅਲਬੱਤਾ, ਕੁਝ ਚੀਜ਼ਾਂ ਇਸ ਤਰ੍ਹਾਂ ਦੀਆਂ ਵੀ ਹਨ ਜੋ ਇਨ੍ਹਾਂ ਦੁਕਾਨਾਂ 'ਤੇ ਨਜ਼ਰ ਨਹੀਂ ਆਉਂਦੀਆਂ, ਜਿਵੇਂ: ਪੂਜਾ ਦੀਆਂ ਮੂਰਤੀਆਂ, ਭਗਵਦ ਗੀਤਾ ਅਤੇ ਘਰ ਵਿਚ ਲਾਉਣ ਵਾਲੀਆਂ ਆਰਟ ਪੇਪਰ 'ਤੇ ਛਪੀਆਂ ਵੱਡੀਆਂ-ਵੱਡੀਆਂ ਰੰਗੀਨ ਤਸਵੀਰਾਂ ਜੋ ਕਾਨ੍ਹਾ ਦੇਵੀ ਦੀ ਬੈਠਕ ਦੀਆਂ ਦੀਵਾਰਾਂ 'ਤੇ ਲੱਕੜੀ ਦੇ ਭਾਰੇ ਸੁਨਹਿਰੀ ਫਰੇਮਾਂ ਵਿਚ ਲਟਕਦੀਆਂ ਹਨ ਅਤੇ ਉਸ ਦੇ ਪਿੱਛੇ ਲੁਕੇ ਹੋਏ ਛੋਟੇ ਜਿਹੇ ਪੂਜਾ ਦੇ ਕਮਰੇ ਨੂੰ ਵੀ ਵੈਸੇ ਹੀ ਛੋਟੀਆਂ ਤਸਵੀਰਾਂ ਨਾਲ ਸਜਾਇਆ ਗਿਆ ਹੈ।***

# ਵਕਤ ਦੀ ਆਵਾਜ਼:ਬੱਚਿਆਂ ਨਾਲ ਦੋਸਤੀ

**ਅੰਮ੍ਰਿਤਪਾਲ ਸਿੰਘ ਥਰਾਜ***

ਪਰਦੇਸੀਂ ਵਸਦੇ ਅਸੀਂ ਜਦੋਂ ਪੰਜਾਬ ਵਸਦੇ ਸਾਂ ਤਾਂ ਸਾਨੂੰ ਇਹ ਦੇਸ਼ ਸਵਰਗ ਲੱਗਦੇ ਸਨ। ਇਸ ਨੂੰ ਅਸੀਂ ਕਿਸੇ ਵੀ ਤਰ੍ਹਾਂ ਪ੍ਰਾਪਤ ਕਰਨਾ ਚਾਹੁੰਦੇ ਸੀ; ਬਿਲਕੁਲ ਉਸੇ ਤਰ੍ਹਾਂ ਜਿਵੇਂ ਉਥੋਂ ਦੀ ਅਜੋਕੀ ਪੀੜ੍ਹੀ ਸਮਝਦੀ ਹੈ ਪਰ ਉਨ੍ਹਾਂ ਦਾ ਇਹ ਭਰਮ ਉਦੋਂ ਹੀ ਟੁੱਟੇਗਾ, ਜਦੋਂ ਉਹ ਵੀ ਸਾਡੇ ਵਾਂਗ ਇੱਥੇ ਆ ਕੇ ਇੱਥੋਂ ਦੀ ਅਸਲੀਅਤ ਸਮਝਣਗੇ।

ਇਥੇ ਪਹੁੰਚ ਕੇ ਹੀ ਪਤਾ ਲੱਗਦਾ ਹੈ ਕਿ ਇਥੋਂ ਦੀ ਜ਼ਿੰਦਗੀ ਇੰਨੀ ਸੁਖਾਲੀ ਨਹੀਂ ਜਿੰਨੀ ਉਪਰੋਂ ਝਾਤ ਮਾਰਿਆਂ ਲੱਗਦੀ ਹੈ। ਇੱਥੇ ਸਭ ਤੋਂ ਵੱਡਾ ਬੋਝ ਮਾਨਸਿਕ ਹੈ। ਭਾਵੇਂ ਹਰ ਵਰਗ ਹੀ ਇਸ ਬੋਝ ਥੱਲੇ ਪਿਸ ਰਿਹਾ ਹੈ, ਪਰ ਸਭ ਤੋਂ ਵੱਧ ਭਾਰ ਇਸ ਦਾ ਉਨ੍ਹਾਂ ਦੇ ਸਿਰ ਹੈ, ਜਿਨ੍ਹਾਂ ਦੇ ਬੱਚੇ ਜਵਾਨੀ ਵਿਚ ਪੈਰ ਧਰ ਰਹੇ ਹਨ। ਉਨ੍ਹਾਂ ਦੀ ਰਾਤਾਂ ਦੀ ਨੀਂਦ ਇਸ ਫਿਕਰ ਵਿਚ ਹੀ ਉਡਦੀ ਜਾ ਰਹੀ ਹੈ ਕਿ ਉਹ ਬੱਚਿਆਂ ਨੂੰ ਇਸ ਇੰਨੇ ਖੁੱਲ੍ਹੇ ਮਾਹੌਲ ਦੀ ਹਵਾ ਤੋਂ ਕਿਸ ਕੰਬਲ ਨਾਲ ਲਪੇਟ ਕੇ ਬਚਾਉਣ? ਉਹ ਹੁਣ ਆਪਣੇ-ਆਪ ਨੂੰ ਲਾਚਾਰ ਅਤੇ ਬੇਵੱਸ ਮਹਿਸੂਸ ਕਰਦੇ ਹਨ। ਉਨ੍ਹਾਂ ਦਾ ਸਭ ਤੋਂ ਵੱਡਾ ਫਿਕਰ ਇਹ ਹੈ ਕਿ ਉਹ ਇਸ ਮਾਹੌਲ ਵਿਚ ਰਹਿ ਕੇ ਸਾਥੋਂ ਸਦਾ ਲਈ ਦੂਰ ਚਲੇ ਜਾਣਗੇ, ਤੇ ਫਿਰ ਇੱਥੋਂ ਦੇ ਬੱਚਿਆਂ ਵਾਂਗ ਕਦੇ-ਕਦਾਈਂ ਹੀ ਫਾਦਰ ਜਾਂ ਮਦਰ ਡੇਅ 'ਤੇ ਉਨ੍ਹਾਂ ਨੂੰ ਯਾਦ ਕਰਨਗੇ। ਮਾਪੇ ਹਮੇਸ਼ਾ ਹੀ ਆਪਣੇ ਬੱਚਿਆਂ ਤੋਂ ਉਸੇ ਤਰ੍ਹਾਂ ਦੀ ਪਰਵਰਿਸ਼ ਭਾਲਦੇ ਹਨ ਜਿਸ ਤਰ੍ਹਾਂ ਉਨ੍ਹਾਂ ਨੇ ਆਪਣੇ ਮਾਤਾ-ਪਿਤਾ ਦੀ ਪੰਜਾਬ ਵਿਚ ਰਹਿ ਕੇ ਕੀਤੀ ਹੈ, ਤੇ ਉਨ੍ਹਾਂ ਦੀ ਹਰ ਖੁਸ਼ੀ-ਗਮੀ ਨੂੰ ਮਹਿਸੂਸ ਕੀਤਾ ਹੈ। ਜਦੋਂ ਪੰਜਾਬ ਵਿਚ ਸਾਂਝੇ ਪਰਿਵਾਰ ਸਨ ਤਾਂ ਬਹੁਤੀ ਵਾਰ ਆਪਣੇ ਚਾਅ ਅਤੇ ਰੀਝਾਂ ਅਸੀਂ ਆਪਣੇ ਭੈਣਾਂ-ਭਰਾਵਾਂ ਜਾਂ ਮਾਤਾ-ਪਿਤਾ ਲਈ ਹੀ ਮਾਰ ਦਿੰਦੇ ਸਾਂ ਕਿ ਕਿਤੇ ਉਨ੍ਹਾਂ ਨੂੰ ਇਸ ਤਰ੍ਹਾਂ ਬੁਰਾ ਨਾ ਲੱਗੇ; ਉਸ ਤਰ੍ਹਾਂ ਬੁਰਾ ਨਾ ਲੱਗੇ ਅਤੇ ਇਹੋ ਜਿਹੇ ਵਿਹਾਰ ਦੀ ਉਮੀਦ ਹੀ ਅਸੀਂ ਆਪਣੇ ਬੱਚਿਆਂ ਤੋਂ ਰੱਖਦੇ ਹਾਂ ਜੋ ਕਠਿਨ ਹੀ ਨਹੀਂ, ਸਗੋਂ ਨਾ-ਮੁਮਕਿਨ ਹੀ ਲੱਗਦਾ ਹੈ।

ਉਂਜ, ਜੇ ਅਸੀਂ ਕੁਝ ਠਰ੍ਹੰਮੇ ਅਤੇ ਸ਼ਾਂਤੀ ਨਾਲ ਬਦਲ ਰਹੇ ਸਮੇਂ ਉਤੇ ਝਾਤ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਅਸੀਂ ਵੀ ਤਾਂ ਬਦਲ ਰਹੇ ਜ਼ਮਾਨੇ ਦੇ ਨਾਲ ਹੀ ਚੱਲੇ ਸਾਂ। ਸਾਨੂੰ ਵੀ ਤਾਂ ਉਦੋਂ ਆਪਣੇ ਮਾਤਾ-ਪਿਤਾ ਦੀਆਂ ਚਾਲੀ ਸਾਲ ਪੁਰਾਣੀਆਂ ਗੱਲਾਂ ਸੁਣਨੀਆਂ ਚੰਗੀਆਂ ਨਹੀਂ ਸੀ ਲੱਗਦੀਆਂ। ਅਸੀਂ ਵੀ ਤਾਂ ਇਹ ਕਹਿ ਕੇ ਗੱਲ ਟਾਲ ਦਿੰਦੇ ਸਾਂ ਕਿ ਇਹ ਗੱਲਾਂ ਹੁਣ ਪੁਰਾਣੀਆਂ ਹੋ ਗਈਆਂ ਬਾਪੂ! ਹੁਣ ਜ਼ਮਾਨਾ ਬਹੁਤ ਬਦਲ ਗਿਆ ਏ। ਜੇ ਅਸੀਂ ਆਪਣੇ ਬੱਚਿਆਂ ਨੂੰ ਆਪਣੀ ਉਮਰ ਦਾ ਹਵਾਲਾ ਦੇਈਏ ਤਾਂ ਉਹ ਤੀਹ ਸਾਲ ਪੁਰਾਣੀ ਗੱਲ ਏ, ਬੱਚਿਆਂ ਦੇ ਹਜ਼ਮ ਨਹੀਂ ਹੋਣੀ। ਅਸੀਂ ਅਮਰੀਕਾ, ਕੈਨੇਡਾ ਵਿਚ ਰਹਿ ਕੇ ਬੱਚਿਆਂ ਨੂੰ ਉਨ੍ਹਾਂ ਸਾਂਝੇ ਪਰਿਵਾਰਾਂ ਵਾਲੇ ਮਾਹੌਲ ਵਾਂਗ ਰਹਿਣ ਲਈ ਮਜਬੂਰ ਕਰੀਏ ਤਾਂ ਇਹ ਵੀ ਕਿਸੇ ਤਰ੍ਹਾਂ ਜਾਇਜ਼ ਨਹੀਂ। ਫਿਰ ਕਿਹੜਾ ਤਰੀਕਾ ਅਪਨਾਇਆ ਜਾਣਾ ਚਾਹੀਦਾ ਹੈ ਕਿ ਅਸੀਂ ਆਪਣੇ ਬੱਚਿਆਂ ਪ੍ਰਤੀ ਇਹੋ ਜਿਹੇ ਡਰ ਤੋਂ ਮੁਕਤ ਹੋ ਸਕੀਏ?

ਗੱਲ ਸਾਫ਼ ਏ-ਕਦੇ ਜ਼ਮਾਨਾ ਹੁੰਦਾ ਸੀ ਕਿ ਪਿੰਡ ਦਾ ਨਾਈ ਜਾਂ ਪੁਰੋਹਿਤ ਹੀ ਰਿਸ਼ਤੇ ਤੈਅ ਕਰਦਾ ਸੀ। ਫਿਰ ਮਾਪਿਆਂ ਦੀ ਦੇਖ-ਦਖਾਈ ਜਾਂ ਸ਼ਮੂਲੀਅਤ ਜ਼ਰੂਰੀ ਹੋ ਗਈ, ਤੇ ਫਿਰ ਕੁਝ ਪੁੱਛ-ਪੜਤਾਲ। ਉਸ ਤੋਂ ਮਗਰੋਂ ਜ਼ਮਾਨਾ ਬਦਲਿਆ ਤੇ ਮੁੰਡਾ-ਕੁੜੀ ਦੀ ਦੇਖ-ਦਖਾਈ ਜ਼ਰੂਰੀ ਹੋ ਗਈ, ਤੇ ਇਸ ਤੋਂ ਬਾਅਦ ਉਨ੍ਹਾਂ ਦੀ ਆਪਸੀ ਗੱਲਬਾਤ ਜ਼ਰੂਰੀ ਹੋ ਗਈ। ਹੁਣ ਅਸੀਂ ਉਸ ਥਾਂ 'ਤੇ ਖੜ੍ਹੇ ਹਾਂ, ਜਿੱਥੇ ਮੁੰਡੇ-ਕੁੜੀ ਦਾ ਵਿਆਹ ਤੋਂ ਪਹਿਲਾਂ ਆਪਸ ਵਿਚ ਪੂਰੀ ਤਰ੍ਹਾਂ ਜਾਨਣਾ ਜ਼ਰੂਰੀ ਜਿਹਾ ਹੋ ਗਿਆ ਲੱਗਦਾ ਏ, ਤੇ ਮਾਪਿਆਂ ਦੀ ਮਰਜ਼ੀ ਉਸ ਤੋਂ ਬਾਅਦ। ਇਹ ਗੱਲ ਭਾਵੇਂ ਸੁਣਨ ਵਿਚ ਕੌੜੀ ਲਗਦੀ ਏ, ਤੇ ਹਰ ਥਾਂ ਲਾਗੂ ਵੀ ਨਹੀਂ ਹੁੰਦੀ ਪਰ ਬਹੁਤੀ ਵਾਰ ਇੱਦਾਂ ਹੋ ਰਿਹਾ ਹੈ। ਪੱਛਮ ਵਿਚ ਤਾਂ ਹੈ ਈ, ਏਸ਼ੀਆ ਵਿਚ ਵੀ ਇੱਦਾਂ ਹੀ ਹੋ ਰਿਹਾ ਹੈ।

ਫਿਰ ਤਾਂ ਭਾਈ ਸਾਨੂੰ ਜ਼ਮਾਨੇ ਨਾਲ ਹੀ ਚੱਲਣਾ ਪੈਣਾ ਏ! ਸਾਨੂੰ ਆਪਣੇ ਬੱਚਿਆਂ ਨੂੰ ਬਚਪਨ ਤੋਂ ਹੀ ਸਮਾਂ ਦੇਣਾ ਬੜਾ ਜ਼ਰੂਰੀ ਹੈ ਤਾਂ ਕਿ ਉਹ ਸਿਰਫ਼ ਟੀ.ਵੀ. ਇੰਟਰਨੈਟ 'ਤੇ ਹੀ ਬੈਠੇ-ਬੈਠੇ ਸਾਡੇ ਹੱਥੋਂ ਨਾ ਨਿਕਲ ਜਾਣ। ਜੇ ਅਸੀਂ ਉਨ੍ਹਾਂ ਨੂੰ ਵਧੀਆ ਕਦਰਾਂ-ਕੀਮਤਾਂ, ਪਰਿਵਾਰਕ ਫ਼ਰਜ਼ਾਂ ਬਾਰੇ ਜਾਣੂ ਕਰਵਾਵਾਂਗੇ ਤਾਂ ਉਹ ਕੋਈ ਵੀ ਵੱਡਾ ਕਦਮ ਪੁੱਟਣ ਤੋਂ ਪਹਿਲਾਂ ਸਾਨੂੰ ਭਰੋਸੇ ਵਿਚ ਲੈਣਗੇ। ਜੇ ਅਸੀਂ ਉਨ੍ਹਾਂ ਨੂੰ ਇਹ ਕੁਝ ਨਹੀਂ ਸਿਖਾਇਆ, ਤੇ ਸਿਰਫ਼ ਆਪਣੇ ਡਰ ਨਾਲ ਕਾਬੂ ਪਾਉਣ ਦਾ ਯਤਨ ਕੀਤਾ ਤਾਂ ਇਹ ਕਿਸੇ ਤਰ੍ਹਾਂ ਵੀ ਸਹੀ ਰਾਹ ਨਹੀਂ ਅਤੇ ਨਾ ਹੀ ਇਸ ਤਰ੍ਹਾਂ ਉਨ੍ਹਾਂ ਨੂੰ ਕੋਈ ਕਦਮ ਪੁੱਟਣ ਤੋਂ ਰੋਕ ਸਕਦੇ ਹਾਂ। ਡਰ ਹਮੇਸ਼ਾ ਚੋਰੀ ਕਰਨ ਲਈ ਮਜਬੂਰ ਕਰਦਾ ਹੈ। ਬੱਚਿਆਂ ਨਾਲ ਸੀਮਾ 'ਚ ਰਹਿ ਕੇ ਦੋਸਤਾਨਾ ਰੱਖਣਾ ਅੱਜ-ਕੱਲ੍ਹ ਜ਼ਰੂਰੀ ਹੋ ਗਿਆ ਏ ਤਾਂ ਕਿ ਉਨ੍ਹਾਂ ਦਾ ਕੋਈ ਵੀ ਕਦਮ ਅਜਿਹਾ ਨਾ ਹੋਵੇ ਜਿਸ ਦਾ ਸਾਨੂੰ ਪਤਾ ਨਾ ਹੋਵੇ। ਸੋ ਆਓ! ਬਦਲੇ ਜ਼ਮਾਨੇ ਨਾਲ ਥੋੜ੍ਹਾ ਆਪ ਵੀ ਬਦਲ ਲਈਏ। ਬੱਚਿਆਂ ਨੂੰ ਇੰਟਰਨੈਟ, ਫੋਨ, ਟੀ.ਵੀ. 'ਤੇ ਹੀ ਨਿਰਭਰ ਨਾ ਹੋਣ ਦੇਈਏ। ਉਨ੍ਹਾਂ ਲਈ ਸਮਾਂ ਕੱਢੀਏ। ਉਨ੍ਹਾਂ ਨੂੰ ਆਪਣੇ ਧਾਰਮਿਕ, ਸੱਭਿਆਚਾਰਕ ਅਤੇ ਪਰਿਵਾਰਕ ਰਹੁ-ਰੀਤਾਂ ਦੀ ਜਾਣਕਾਰੀ ਦੇਈਏ, ਕੁਝ ਆਪ ਬਦਲੀਏ ਅਤੇ ਕੁਝ ਉਨ੍ਹਾਂ ਨੂੰ ਆਪਣੀਆਂ ਕਦਰਾਂ-ਕੀਮਤਾਂ ਨਾਲ ਜੁੜੇ ਰਹਿਣ ਲਈ ਮਨਾਈਏ। ਉਨ੍ਹਾਂ ਨੂੰ ਜ਼ਿੰਮੇਵਾਰ ਬਣਾਈਏ ਤਾਂ ਕਿ ਉਹ ਹਰ ਕਦਮ ਆਪਣੇ ਸੱਭਿਆਚਾਰਕ, ਧਾਰਮਿਕ ਅਤੇ ਪਰਿਵਾਰਕ ਢਾਂਚੇ ਵਿਚ ਰੱਖ ਕੇ ਹੀ ਪੁੱਟਣ।

*ਫੋਨ: 817-262-7938

# ਵਿਚ ਪਰਦੇਸਾਂ ਦੇ:ਲੱਖ ਰੋਕਿਆਂ ਵੀ ਹੰਝੂ ਵਹਿ ਪੈਣ ਥੋੜ੍ਹੇ-ਥੋੜ੍ਹੇ

***ਪਰਦੇਸਾਂ ਵਿਚ ਉਮਰ ਦੇ ਕੀਮਤੀ ਸਾਲ ਗੁਆ ਕੇ ਪੈਸੇ ਕਮਾਉਣ ਦੇ ਨਾਲ-ਨਾਲ ਉਹ ਮੋਹ-ਮੁਹੱਬਤ ਦੀ ਖੱਟੀ ਵੀ ਤਾਂ ਖੱਟਦਾ ਹੈ ਜਿਹੜੀ ਪਿਛਲਿਆਂ ਪ੍ਰਤੀ ਲਹੂ ਨੂੰ ਸਫੈਦ ਨਹੀਂ ਹੋਣ ਦਿੰਦੀ; ਪਰ ਪਿਛਲਿਆਂ ਦਾ ਪਿਆਰ ਜ਼ਰੂਰ ਫਿੱਕਾ ਪੈ ਜਾਂਦਾ ਹੈ। ਕਦੇ ਕੋਈ ਨਹੀਂ ਕਹਿੰਦਾ ਕਿ ਘਰ ਮੁੜ ਆ, ਦਿਲ ਨਹੀਂ ਲੱਗਦਾ ਪਰ ਪਰਦੇਸੀ ਉਸ ਦਿਨ ਦਾ ਬੜੀ ਬੇਸਬਰੀ ਨਾਲ ਇੰਤਜ਼ਾਰ ਕਰਦਾ ਹੈ, ਜਦੋਂ ਕੱਚੇ ਕੋਠੇ ਲਿਪਦੀ ਛੱਡ ਕੇ ਆਈ ਮਾਂ ਨੂੰ ਮਿਹਨਤ ਕਰਕੇ ਬਣਾਈ ਕੋਠੀ ਵਿਚ ਬੈਠੀ ਦੇਖੇ, ਬਲਦ ਹਿੱਕਦੇ ਬਾਪ ਨੂੰ ਨੀਲੇ ਫੋਰਡ 'ਤੇ ਬੈਠੇ ਨੂੰ ਕਦੋਂ ਮਿਲੇਗਾ? ਛੋਟਾ ਭਰਾ ਜਿਸ ਨੂੰ ਉਹ ਬਿਨਾਂ ਮਗਰਾੜਾਂ (ਮੱਡਗਾਰਡ) ਤੋਂ ਸਾਇਕਲ ਚਲਾਉਂਦੇ ਨੂੰ ਛੱਡ ਕੇ ਆਇਆ ਸੀ, ਉਹ ਕਾਲੇ ਰੰਗ ਦੀ ਸਫ਼ਾਰੀ ਵਿਚ ਬੈਠਾ ਕਿਹੋ ਜਿਹਾ ਲੱਗੇਗਾ***

ਆਪਣੀ ਜਨਮ ਭੋਇੰ ਛੱਡ ਕੇ ਕਿਸੇ ਪਰਾਏ ਦੇਸ਼ ਵਿਚ ਜਾ ਵੱਸਣ ਨਾਲ ਇਨਸਾਨ ਪਰਦੇਸੀ ਬਣ ਜਾਂਦਾ ਹੈ। ਕਿਸ ਦਾ ਦਿਲ ਕਰਦਾ ਹੈ ਮਾਂ ਦੇ ਹੱਥਾਂ ਦੀਆਂ ਪੱਕੀਆਂ ਰੋਟੀਆਂ ਛੱਡਣ ਨੂੰ, ਤੇ ਕਿਸ ਦਾ ਦਿਲ ਕਰਦਾ ਹੈ ਲਾਲ ਚੂੜੇ ਵਾਲੀ ਤੋਂ ਵਿਛੜਨ ਨੂੰ? ਜੇ ਨਾ ਹੋਣ ਮਜਬੂਰੀਆਂ ਤਾਂ ਕਾਹਨੂੰ ਪੈਣ ਦੂਰੀਆਂ! ਕੁਝ ਸਧਰਾਂ, ਕੁਝ ਮਨ ਦੀਆਂ ਇੱਛਾਵਾਂ, ਕੁਝ ਲਾਲਸਾਵਾਂ ਹੁੰਦੀਆਂ ਹਨ ਜੋ ਬਿਗਾਨੇ ਮੁਲਕਾਂ ਦੇ ਰਾਹ ਤੋਰ ਦਿੰਦੀਆਂ ਹਨ। ਮੋਢੇ ਟੰਗਿਆ ਕੱਪੜਿਆਂ ਵਾਲਾ ਬੈਗ ਤੇ ਉਹ ਵਿਦਾਇਗੀ ਵਾਲੇ ਆਖਰੀ ਪਲ ਹਰ ਪਰਦੇਸੀ ਲਈ ਕਦੀ ਵੀ ਨਾ ਭੁੱਲਣ ਵਾਲੇ ਪਲ ਹੁੰਦੇ ਹਨ। ਉਸ ਵੇਲੇ ਸਭਨਾਂ ਦੇ ਦਿਲਾਂ ਦਿਆਂ ਅੰਬਰਾਂ 'ਤੇ ਵਿਛੋੜੇ ਦੀਆਂ



**ਨਿੰਮਾ ਡੱਲੇਵਾਲਾ**
ਫੋਨ:513-432-9754

ਘੂਕ ਘਟਾਵਾਂ ਅਤੇ ਨੈਣਾਂ ਵਿਚ ਹੰਝੂਆਂ ਦੇ ਮੀਂਹ ਦੀਆਂ ਕਣੀਆਂ ਹੁੰਦੀਆਂ ਹਨ ਅਤੇ ਉਨ੍ਹਾਂ ਹੰਝੂਆਂ ਦੀਆਂ ਕਣੀਆਂ ਪਿੱਛੇ ਛੁਪੇ ਹੁੰਦੇ ਹਨ ਕੁਝ ਰੰਗ-ਬਰੰਗੇ ਸੁਪਨੇ ਜੋ ਖੁੱਲ੍ਹੀਆਂ ਅੱਖਾਂ ਨੇ ਦੇਖੇ ਹੁੰਦੇ ਹਨ, ਜਿਨ੍ਹਾਂ ਨੂੰ ਸਾਕਾਰ ਕਰਨ ਲਈ ਇਨਸਾਨ ਸੱਤ ਸਮੁੰਦਰ ਪਾਰ ਦੇ ਰਾਹ ਪੈ ਜਾਂਦਾ ਹੈ, ਹਾਲਾਂਕਿ ਸਮੁੰਦਰੋਂ ਪਾਰ ਜਾਣ ਵਾਸਤੇ ਕੋਈ ਵੀ ਰਸਤਾ ਨਹੀਂ ਹੁੰਦਾ। ਇਕ ਅੱਖ ਵਿਚ ਹੰਝੂ ਤੇ ਦੂਜੀ 'ਚ ਸੁਨਹਿਰੀ ਸੁਪਨੇ। ਦਿਲ ਦੇ ਇਕ ਕੋਨੇ ਵਿਚ ਬਾਹਰ ਜਾਣ ਦਾ ਚਾਅ, ਤੇ ਦੂਜੇ ਵਿਚ ਪਰਿਵਾਰ ਤੋਂ ਵੱਖ ਹੋਣ ਦੀ ਚੀਸ। ਪਹਿਲੀ ਵਾਰ ਜਹਾਜ਼ ਵਿਚ ਬੈਠ ਕੇ ਉਡਣ ਦੀ ਖੁਸ਼ੀ ਵਿਚ ਪਰਦੇਸੀ ਹੋ ਰਹੇ ਇਨਸਾਨ ਨੂੰ ਇਹ ਨਹੀਂ ਪਤਾ ਹੁੰਦਾ ਕਿ ਉਸ ਦੇ ਆਪਣੇ ਖੰਭ ਕੱਟੇ ਜਾਣੇ ਨੇ। ਦਿਲ ਕੁਝ ਹੌਕੇ ਤਾਂ ਜ਼ਰੂਰ ਭਰਦਾ ਹੈ। ਜਿਵੇਂ-ਜਿਵੇਂ ਜਹਾਜ਼ ਅਸਮਾਨ ਵੱਲ ਪੁਲਾਂਘਾਂ ਪੁੱਟਦਾ ਹੈ, ਤਿਵੇਂ-ਤਿਵੇਂ ਵੱਡੀਆਂ-ਵੱਡੀਆਂ ਬਿਲਡਿੰਗਾਂ ਛੋਟੀਆਂ ਹੁੰਦੀਆਂ ਦੇਖ ਕੇ ਇਕ ਵਾਰ ਫਿਰ ਅੱਖ ਭਰਦੀ ਹੈ। ਅੰਬਰੀਂ ਉਡਿਆ ਪਰਦੇਸੀ ਸੋਚਾਂ ਦੇ ਗਹਿਰੇ ਸਮੁੰਦਰਾਂ ਵਿਚ ਡੁੱਬਿਆ ਸੋਚਦਾ ਹੈ ਕਿ ਪਤਾ ਨਹੀਂ ਮੁੜ ਕਦੋਂ ਵਤਨੀਂ ਪੈਰ ਪੈਣਗੇ?

ਚੰਗੇ ਭਾਗ ਉਨ੍ਹਾਂ ਦੇ ਜੋ ਆਪਣੇ ਮੁਲਕ ਤੋਂ ਚੜ੍ਹ ਕੇ ਸਿੱਧੇ ਪਰਦੇਸਾਂ ਦੀ ਧਰਤੀ 'ਤੇ ਆਣ ਪੈਰ ਧਰਦੇ ਹਨ। ਕਈ ਵਿਚਾਰੇ ਗਲਤ ਏਜੰਟਾਂ ਦੀਆਂ ਚਾਲਾਂ ਦੇ ਸ਼ਿਕਾਰ ਹੋਏ ਅਸਮਾਨੋਂ ਡਿੱਗ ਖੰਜੂਰ 'ਤੇ ਲਟਕ ਜਾਂਦੇ ਹਨ। ਉਨ੍ਹਾਂ ਨੂੰ ਰੋਟੀ ਤੋਂ ਭੁੱਖੇ ਰਹਿਣ ਅਤੇ ਜੰਗਲਾਂ ਦੀਆਂ ਠੋਕਰਾਂ ਖਾਧੇ ਬਿਨਾਂ ਮੰਜ਼ਿਲਾਂ ਨਸੀਬ ਨਹੀਂ ਹੁੰਦੀਆਂ। ਕਈ ਮਾਂਵਾਂ ਦੇ ਪੁੱਤ, ਭੈਣਾਂ ਦੇ ਵੀਰ ਘਰੋਂ ਤਾਂ ਸੁਨਹਿਰੀ ਸੁਫਨੇ ਲੈ ਕੇ ਚੱਲੇ ਪਰ ਅਫਸੋਸ! ਆਪਣੇ ਪਰਿਵਾਰਾਂ ਲਈ ਸੁਫਨੇ ਹੀ ਬਣ ਕੇ ਰਹਿ ਗਏ। ਬਰੂਹਾਂ ਵਿਚ ਤੇਲ ਚੋਅ ਕੇ ਵਿਦਾ ਕਰਨ ਵਾਲੀਆਂ ਮਾਂਵਾਂ ਦੇ ਪੱਲੇ ਹੰਝੂ ਹੀ ਰਹਿ ਗਏ।

ਕਿਸੇ ਨਾ ਕਿਸੇ ਤਰੀਕੇ ਪਰਦੇਸ ਪਹੁੰਚੇ ਪਰਦੇਸੀ ਨੂੰ ਕੁਝ ਦਿਨਾਂ ਵਿਚ ਹੀ ਸਾਕ-ਸਬੰਧੀਆਂ ਅਤੇ ਆਪਣੇ-ਪਰਾਇਆਂ ਦਾ ਪਤਾ ਲੱਗ ਜਾਂਦਾ ਹੈ। ਪਤਾ ਲੱਗ ਜਾਂਦਾ ਹੈ ਕਿ ਆਪਣੇ ਵਤਨ ਦਾ ਲਾਲ ਲਹੂ ਇੱਥੇ ਆ ਕੇ ਕਿੰਨਾ ਸਫੈਦ ਹੋ ਗਿਆ ਹੈ। ਇਨਸਾਨ ਜੋ ਸੋਚ ਪੰਜਾਬ ਤੋਂ ਲੈ ਕੇ ਚੱਲਦਾ ਹੈ, ਪਰਦੇਸਾਂ ਵਿਚ ਉਸ ਤੋਂ ਬਿਲਕੁਲ ਉਲਟ ਹੁੰਦਾ ਹੈ। ਸਭ ਭੁਲੇਖੇ ਉਦੋਂ ਦੂਰ ਹੋ ਜਾਂਦੇ ਹਨ, ਜਦੋਂ ਸਕੀ ਭੈਣ ਇਹ ਕਹਿ ਦਿੰਦੀ ਹੈ ਕਿ ਵੀਰਾ ਹੋਰ ਕਿੰਨੇ ਦਿਨ ਰਹਿਣਾ ਹੈ? ਅਗਰ ਇਹੀ ਭੈਣ ਆਪਣੇ ਦੇਸ਼ ਆਪਣੇ ਸਹੁਰੇ ਘਰ ਹੁੰਦੀ ਤਾਂ ਇਸ ਨੇ ਘਰ ਗਏ ਵੀਰ ਨੂੰ ਕਹਿਣਾ ਸੀ, ਵੀਰਾ ਇਕ ਦਿਨ ਹੋਰ ਰੁਕ ਜਾ! ਕਿਸੇ ਦਿਨ ਸ਼ਗਨਾਂ ਅਤੇ ਵਾਜਿਆਂ-ਗਾਜਿਆਂ ਨਾਲ ਜੋੜੇ ਰਿਸ਼ਤੇ ਵੀ ਉਦੋਂ ਫਿੱਕੇ ਪੈਣ ਲੱਗ ਪੈਂਦੇ ਹਨ, ਜਦੋਂ ਸਾਲਾ ਭਣੋਈਏ ਨੂੰ ਇਹ ਕਹਿ ਦੇਵੇ ਕਿ ਅਗਰ ਨਾਲ ਰਹਿਣਾ ਹੈ ਤਾਂ ਰੈਂਟ ਗਰੋਸਰੀ ਦੇਣੇ ਪੈਣਗੇ। ਮੰਨਿਆ ਇਹ ਇੱਥੇ ਬਿਲਕੁਲ ਜਾਇਜ਼ ਹੈ ਪਰ ਇਹ ਕੌੜਾ ਸੱਚ ਉਸ ਨਵੇਂ ਨਕੋਰ ਪਰਦੇਸੀ ਦੇ ਸੱਪ ਵਾਂਗੂੰ ਲੜ ਜਾਂਦਾ ਹੈ। ਇਹ ਵੱਖਰੀ ਗੱਲ ਹੈ ਕਿ ਕੁਝ ਸਾਲਾਂ ਬਾਅਦ ਉਸ ਦਾ ਆਪਣਾ ਸੁਭਾਅ ਵੀ ਇਸੇ ਤਰ੍ਹਾਂ ਦਾ ਹੋ ਜਾਂਦਾ ਹੈ, ਸ਼ਾਇਦ ਪਰਦੇਸ ਦੀ ਮਿੱਟੀ ਦਾ ਕੋਈ ਅਸਰ ਹੋਵੇ। ਉਂਜ, ਅੱਖਾਂ ਤੋਂ ਇਕ ਹੋਰ ਪੱਟੀ ਜ਼ਰੂਰ ਖੁੱਲ੍ਹ ਜਾਂਦੀ ਹੈ:

ਮੁਲਕ ਪਰਾਇਆ, ਪੈਰ-ਪੈਰ 'ਤੇ  
ਪੈਂਦੇ ਦਰਦ ਹੰਢਾਉਣੇ।  
ਆਪਣੇ ਵੀ ਜਿੱਥੇ ਗੈਰ ਬਣੇ,  
ਉਥੇ ਕਿਸ ਨੇ ਦਰਦ ਵੰਡਾਉਣੇ।  
ਪਰਦੇਸੀ ਤੇ ਗਮ ਚੰਦਰੇ ਸਾਰੇ,  
ਸੌਂਦੇ ਦੌਣ ਸਰਹਾਣੇ।  
ਆਪਣੀ ਵੀ ਤੇ ਸਭਨਾਂ ਦੀ  
ਸੱਚ 'ਨਿੰਮੇ' ਕਹੀ ਨਿਮਾਣੇ।

ਆਪਣੇ ਮੁਲਕ ਦੀਆਂ ਪੜ੍ਹੀਆਂ ਇਥੇ ਆ ਕੇ ਨਾਂ-ਮਾਤਰ ਜਿਹੀਆਂ ਬਣ ਜਾਂਦੀਆਂ ਹਨ। ਕੰਮ ਲੱਭਣ ਸਾਰ ਹੀ ਘੱਟ ਕੀਤੀ ਪੜ੍ਹਾਈ ਦਾ ਅਹਿਸਾਸ ਹੋਣ ਲੱਗ ਜਾਂਦਾ ਹੈ। ਅਕਸਰ ਪੰਜਾਬ ਨਾਲ ਸਬੰਧਤ ਮੇਰੇ ਵਰਗਿਆਂ ਨੂੰ ਸਕੂਲੋਂ ਘਰ ਨੂੰ ਭੱਜਣ ਵਾਲਾ ਵਕਤ ਯਾਦ ਆ ਜਾਂਦਾ ਹੈ ਕਿ ਕਾਸ਼! ਕੁਝ ਹੋਰ ਪੜ੍ਹ ਲੈਂਦੇ। ਆਪਣੇ ਘਰੇ ਘੜੇ ਵਿਚੋਂ ਪਾਣੀ ਦਾ ਗਲਾਸ ਵੀ ਜਿਸ ਨੇ ਹੱਥੀਂ ਨਹੀਂ ਪੀਤਾ ਹੁੰਦਾ, ਪਰਦੇਸਾਂ ਵਿਚ ਝਾੜੂ-ਪੋਚੇ ਤੇ ਭਾਂਡੇ ਵੀ ਮਾਂਜਣੇ ਪੈਂਦੇ ਹਨ। ਪਰਦੇਸ ਵਿਚ ਆ ਕੇ ਹਰ ਕੋਈ ਪੜ੍ਹਨੇ ਪੈ ਜਾਂਦਾ ਹੈ। ਜਿਸ ਨੇ ਕਦੇ ਬਾਜ਼ਾਰ ਵਿਚੋਂ ਸਬਜ਼ੀ ਵੀ ਨਹੀਂ ਖਰੀਦੀ ਹੁੰਦੀ, ਪਰਦੇਸ ਉਸ ਨੂੰ ਸਬਜ਼ੀਆਂ ਨੂੰ ਤੜਕੇ ਲਾਉਣੇ ਬੜੀ ਜਲਦੀ ਸਿਖਾ ਦਿੰਦਾ ਹੈ। ਅਲਾਰਮ ਦੀ ਘੰਟੀ ਜਦੋਂ ਬਾਹੋਂ ਫੜ ਕੇ ਉਠਾਉਂਦੀ ਹੈ ਤਾਂ ਕਹਾਵਤ ਯਾਦ ਆਉਂਦੀ ਹੈ, 'ਜੋ ਸੁੱਖ ਛੱਜੂ ਦੇ ਚੁਬਾਰੇ, ਬਲਖ ਨਾ ਬੁਖਾਰੇ।' ਉਦੋਂ ਬਾਪੂ ਜ਼ਰੂਰ ਯਾਦ ਆਉਂਦਾ ਹੈ ਜਿਸ ਦੀ ਛਤਰ ਛਾਇਆ ਹੇਠਾਂ ਮੌਜਾਂ ਮਾਣੀਆਂ ਹੁੰਦੀਆਂ ਹਨ। ਤੇਜ਼ ਰਫ਼ਤਾਰ ਜ਼ਿੰਦਗੀ ਪਰਦੇਸੀ ਦੇ ਖਾਨੇ ਪਾ ਦਿੰਦੀ ਹੈ ਕਿ ਸਮਾਂ ਹੀ ਪੈਸਾ ਹੈ। ਪਰਦੇਸ ਦੇ ਪਟੇ 'ਤੇ ਚੜ੍ਹਿਆ ਪਰਦੇਸੀ ਸੂਰਜ ਦੀ ਪਹਿਲੀ ਕਿਰਨ ਨਾਲ ਕੰਮ 'ਤੇ ਨਿਕਲਿਆ ਜਦੋਂ ਆਖਰੀ ਕਿਰਨ ਨਾਲ ਘਰੇ ਵੜਦਾ ਹੈ ਤਾਂ ਅੱਗੇ ਕੋਈ ਨਹੀਂ ਹੁੰਦਾ ਪਾਣੀ ਦਾ ਗਿਲਾਸ ਪੁੱਛਣ ਵਾਲਾ। ਉਲਟਾ ਸਵੇਰੇ ਕਾਹਲੀ ਵਿਚ ਛੱਡੇ, ਧੋਣ ਵਾਲੇ ਭਾਂਡੇ ਹਾਕਾਂ ਮਾਰ ਰਹੇ ਹੁੰਦੇ ਹਨ। ਹਿੰਮਤ ਵੀ ਨਹੀਂ ਹੁੰਦੀ ਪਾਣੀ ਦਾ ਗਿਲਾਸ ਲੈਣ ਦੀ, ਤੇ ਭੁੱਖਾ ਢਿੱਡ ਮਜਬੂਰ ਕਰ ਦਿੰਦਾ ਹੈ ਤਵੇ 'ਤੇ ਹੱਥ ਫੂਕਣ ਲਈ। ਉਦੋਂ ਭੁਲੇਖਾ ਦੂਰ ਹੁੰਦਾ ਹੈ ਕਿ ਬਾਹਰੋਂ ਪੈਸੇ ਘੱਲ ਕੇ ਮਹਿਲਾਂ ਵਰਗੀਆਂ ਕੋਠੀਆਂ ਇੰਨੀਆਂ ਸੌਖੀਆਂ ਨਹੀਂ ਬਣਦੀਆਂ, ਡਾਲਰ ਰੁੱਖਾਂ ਨੂੰ ਨਹੀਂ ਲੱਗਦੇ। ਇੰਜ ਲਗਦੈ ਜਿਵੇਂ 'ਕੱਲੀ-'ਕੱਲੀ ਇੱਟ ਖੂਨ-ਪਸੀਨੇ ਵਿਚ ਚਿਣ ਕੇ ਕੋਠੀਆਂ ਬਣਦੀਆਂ ਹੋਣ। ਸੋਚਾਂ ਵਧ ਜਾਂਦੀਆਂ ਹਨ, ਤੇ ਨੀਂਦਾਂ ਘਟ ਜਾਂਦੀਆਂ ਹਨ। ਇਕ ਪਾਸੇ ਫਿਕਰ ਕਮਾਈਆਂ ਦਾ, ਦੂਜੇ ਪਾਸੇ ਦਰਦ ਜੁਦਾਈਆਂ ਦਾ ਗਹਿਣੇ ਪਈ ਜ਼ਮੀਨ ਦਾ ਫਿਕਰ, ਸਿਰ ਕਰਜ਼ੇ ਦੀ ਪੰਡ ਦਾ ਭਾਰ ਪਰਦੇਸੀ ਨੂੰ ਹਿਲਣ ਜੋਗਾ ਨਹੀਂ ਛੱਡਦਾ:

ਇਕ 'ਕੱਲੀ-'ਕਹਿਰੀ ਜਾਨ,  
ਉਤੋਂ ਸਾਲਾਂ ਦੇ ਵਿਛੋੜੇ।  
ਲੱਖ ਰੋਕਿਆਂ ਵੀ ਹੰਝੂ,  
ਵਗ ਪੈਣ ਥੋੜ੍ਹੇ-ਥੋੜ੍ਹੇ।  
ਇੱਥੇ ਲੋੜੇ ਪਰਦੇਸੀ,  
ਉਥੇ ਚੂੜੇ ਵਾਲੀ ਲੋੜੇ।  
ਜਾਣੇ ਕੋਈ ਵੀ ਨਾ ਕਦੋਂ,  
ਪੈਣ ਵਤਨਾਂ ਨੂੰ ਮੋੜੇ।

ਕੋਈ ਸਮਾਂ ਸੀ ਜਦੋਂ ਪਿੰਡ ਵਿਚ ਕਿਸੇ ਘਰ ਹੀ ਫੋਨ ਸੀ। ਘੰਟਿਆਂਬੱਧੀ ਕੋਸ਼ਿਸ਼ਾਂ ਤੋਂ ਬਾਅਦ ਫੋਨ ਮਿਲਣਾ ਤਾਂ ਸੁਨੇਹਾ ਦੇਣਾ ਕਿ ਮੇਰੇ ਘਰੋਂ ਮੇਰੀ ਮਾਂ ਨੂੰ ਬੁਲਾਇਓ। ਜਿੰਨੇ ਚਿਰ ਨੂੰ ਮਾਂ ਨੇ ਆਉਣਾ, ਇੰਨੇ ਨੂੰ ਫੋਨ ਆਖਰੀ ਦਮਾਂ 'ਤੇ ਹੋ ਜਾਂਦਾ। ਕੱਟ ਕੇ ਲਾਉਣਾ ਤਾਂ ਦੁਬਾਰਾ ਨਾ ਮਿਲਣਾ। ਮਾਂ ਵਿਚਾਰੀ ਨੇ ਪੁੱਤ ਨਾਲ ਕਰਨ ਵਾਲੀਆਂ ਗੱਲਾਂ ਦਿਲ ਵਿਚ ਲੈ ਕੇ ਮੁੜ ਘਰ ਚਲੀ ਜਾਣਾ, ਤੇ ਇੱਧਰ ਕਰਮਾਂ ਮਾਰੇ ਪਰਦੇਸੀ ਨੇ ਭਰਿਆ ਮਨ ਲੈ ਕੇ ਸੌਣ ਦੀ ਕੋਸ਼ਿਸ਼ ਕਰਨੀ। ਹੁਣ ਤਾਂ ਜਿੰਨੇ ਘਰ ਵਿਚ ਜੀਅ, ਉਨੇ ਹੀ ਫੋਨ। 20-22 ਸਾਲ ਪਹਿਲਾਂ ਦੇ ਸਮੇਂ 'ਤੇ ਝਾਤੀ ਮਾਰੀਏ ਤਾਂ ਪਰਦੇਸੀ ਆਪਣਾ ਦਰਦ ਅੱਖਰਾਂ ਵਿਚ ਪ੍ਰੋਅ ਕੇ ਚਿੱਠੀਆਂ 'ਚ ਆਪਣੇ ਪਰਿਵਾਰ ਨੂੰ ਘੱਲਦੇ ਸਨ। ਅੱਗੋਂ ਵਿਚਾਰੀ ਅਨਪੜ੍ਹ ਮਾਂ ਨੇ ਕਿਸੇ ਪੜ੍ਹੇ-ਲਿਖੇ ਕੋਲੋਂ ਚਿੱਠੀ ਸੁਣਨੀ, ਤਾਂ ਆਪ ਮੁਹਾਰੇ ਆਏ ਅੱਥਰੂ ਚੁੰਨੀ ਦੇ ਪੱਲੇ ਨਾਲ ਪੂੰਝਣੇ। ਅਗਰ ਲਾਲ ਚੂੜੇ ਵਾਲੀ ਦਾ ਖਤ ਹੋਣਾ ਤਾਂ ਉਸ ਨੇ ਚਾਈਂ-ਚਾਈਂ ਚਿੱਠੀ ਪੜ੍ਹਨ ਦੀ ਖੁਸ਼ੀ ਵਿਚ ਘਰ ਦਾ ਕੰਮ ਛੇਤੀ-ਛੇਤੀ ਨਿਬੇੜ ਕੇ ਆਪਣੇ ਕਮਰੇ ਵਿਚ ਜਾ ਕੇ ਚਿੱਠੀ ਪੜ੍ਹਨੀ, ਤੇ ਮਾਹੀ ਦੇ ਲਿਖੇ ਸ਼ਬਦਾਂ ਵਿਚੋਂ ਮਾਹੀ ਨੂੰ ਲੱਭਣ ਦੀ ਕੋਸ਼ਿਸ਼ ਕਰਨੀ। ਅਖੀਰ ਵਿਚ 'ਖਤ ਦਾ ਜਵਾਬ ਜਲਦੀ ਦੇਣਾ' ਲਿਖਿਆ ਪੜ੍ਹ ਕੇ ਖਤ ਦਾ ਜਵਾਬ ਲਿਖਣ ਬਹਿ ਜਾਣਾ। ਇੱਧਰ, ਭੌਰ ਪਰਦੇਸੀ ਦਾ ਧਿਆਨ ਕੰਮ ਵਿਚ, ਤੇ ਨਜ਼ਰਾਂ ਸਾਹਮਣੇ ਆਉਣ ਵਾਲੇ ਰਸਤੇ 'ਤੇ, ਕਿਉਂਕਿ ਚਿੱਠੀ ਤੋਂ ਵੀ ਵੱਧ ਉਦੋਂ ਉਡੀਕ ਹੁੰਦੀ ਸੀ ਡਾਕੀਏ ਦੀ ਜਿਸ ਨੇ ਚਿੱਠੀ ਲੈ ਕੇ ਆਉਣੀ ਹੁੰਦੀ ਸੀ। ਅੱਜ-ਕੱਲ੍ਹ ਸੈਲ ਫੋਨਾਂ ਤੇ ਇੰਟਰਨੈਟ ਦੇ ਯੁੱਗ ਵਿਚ ਚਿੱਠੀਆਂ ਤਾਂ ਲੋਪ ਹੀ ਹੋ ਗਈਆਂ, ਤੇ ਡਾਕੀਏ ਦਾ ਨਾਂ ਕਦੇ-ਕਦੇ ਹੀ ਸੁਣਨ ਨੂੰ ਮਿਲਦਾ ਹੈ।

ਪਰਦੇਸਾਂ ਵਿਚ ਆ ਕੇ ਅੱਖਾਂ ਤੋਂ ਕਈ ਪੱਟੀਆਂ ਖੁੱਲ੍ਹਦੀਆਂ ਹਨ, ਤੇ ਇਕ ਪੱਟੀ ਉਹ ਖੁਦ ਅੱਖਾਂ 'ਤੇ ਬੰਨ੍ਹ ਕੇ ਕਮਾਈਆਂ ਕਰ-ਕਰ ਪਿੱਛੇ ਘੱਲੀ ਜਾਂਦਾ ਹੈ, ਤੇ ਉਹ ਪੱਟੀ ਵਾਪਸ ਜਾਣ ਸਾਰ ਹੀ ਉਸ ਦੀਆਂ ਅੱਖਾਂ ਤੋਂ ਖੁੱਲ੍ਹ ਜਾਂਦੀ ਹੈ, ਤੇ ਉਦੋਂ ਵਕਤ ਗੁਜ਼ਰ ਚੁੱਕਿਆ ਹੁੰਦਾ ਹੈ। ਅਗਰ ਲੱਖ ਪੂਰਾ ਨਹੀਂ ਬਣਿਆ ਤਾਂ ਨਾਲ ਕੰਮ ਕਰਦੇ ਮਿੱਤਰ ਕੋਲੋਂ ਫੜ ਕੇ ਪੂਰਾ ਲੱਖ ਕਰਕੇ ਘੱਲਣਾ। ਪਿੱਛੇ ਵਾਲਿਆਂ ਨੇ ਤਾਂ ਸਿਰਫ਼ ਫੋਨ ਕਰਨਾ ਹੁੰਦਾ ਹੈ, ਰਾਤਾਂ ਦੀ ਨੀਂਦ ਤਾਂ ਪਰਦੇਸੀ ਦੀ ਉਡਣੀ ਹੁੰਦੀ ਹੈ, ਕਿਉਂਕਿ ਭੋਲੇ ਪਰਦੇਸੀ ਨੂੰ ਪਰਦੇਸ ਆਉਣ ਵੇਲੇ ਇਹ ਗੁੜ੍ਹਤੀ ਮਿਲੀ ਹੁੰਦੀ ਏ ਕਿ ਤੂੰ ਕਮਾਈ ਕਰਨ ਚੱਲਿਆ ਏਂ, ਤੇ ਕਮਾਈ ਕਰਕੇ ਘਰੇ ਘੱਲਣੀ ਉਸ ਦਾ ਫਰਜ਼ ਬਣ ਜਾਂਦਾ ਹੈ।

ਸੱਚੀ ਨੀਤ ਅਤੇ ਸਾਫ ਦਿਲ ਨਾਲ ਫਰਜ਼ ਨਿਭਾਉਂਦੇ ਪਰਦੇਸੀ ਨੂੰ ਕਿਤੋਂ ਅਕਲ ਦੀ ਬੁਰਕੀ ਮਿਲ ਜਾਂਦੀ ਹੈ ਤਾਂ ਲੱਖਾਂ ਘੱਲਦਾ-ਘੱਲਦਾ ਪਰਦੇਸੀ ਪੈਸੇ ਘੱਲਣੇ ਘੱਟ ਕਰ ਦਿੰਦਾ ਹੈ। ਕੁਝ ਆਪਣਾ ਬਣਾਉਣ ਬਾਰੇ ਸੋਚ ਲੈਂਦਾ ਹੈ ਤਾਂ ਪਰਿਵਾਰ ਦੀ ਸੋਚ ਵਾਲੀ ਸੂਈ ਸਿੱਧੀ ਉਸ ਦੇ ਲੜ ਲੱਗੀ ਉਤੇ ਜਾਂਦੀ ਹੈ ਕਿ ਉਸ ਨੇ ਪੈਸੇ ਘੱਲਣੋ ਰੋਕ ਦਿੱਤਾ। ਦੋਸ਼ ਉਸ ਬਿਗਾਨੀ ਧੀ 'ਤੇ ਲੱਗ ਜਾਂਦਾ ਹੈ। ਉਹ ਭੋਲਾ ਪਰਦੇਸੀ ਇੰਨਾ ਵੀ ਭੋਲਾ ਨਹੀਂ ਰਹਿੰਦਾ। ਜਦੋਂ ਉਸ ਦੇ ਆਪਣੇ ਸਕੇ ਉਸ ਨਾਲ ਚੁਸਤ-ਚਲਾਕੀਆਂ ਕਰਨੀਆਂ ਸ਼ੁਰੂ ਕਰ ਦੇਣ ਤਾਂ ਉਸ ਨੂੰ ਮਹਿਸੂਸ ਹੋ ਜਾਂਦਾ ਹੈ ਕਿ ਉਸ ਦਾ ਪਰਿਵਾਰ ਹੁਣ ਉਸ ਨੂੰ ਨਹੀਂ, ਉਸ ਦੇ ਡਾਲਰ-ਪੌਂਡਾਂ ਨੂੰ ਜ਼ਿਆਦਾ ਚਾਹੁੰਦਾ ਹੈ, ਫਿਰ ਵੀ ਉਹ ਪਰਦੇਸੀ ਕੋਸ਼ਿਸ਼ ਕਰਦਾ ਹੈ ਕਿ ਇਹ ਪੱਟੀ-ਪੱਟੀ ਹੀ ਬਣੀ ਰਹੇ ਤਾਂ ਕਿ ਪਰਿਵਾਰ ਨਾ ਬਿਖਰੇ, ਪਰਿਵਾਰ ਵਿਚ ਏਕਾ ਬਣਿਆ ਰਹੇ; ਕਿਉਂਕਿ ਪਰਦੇਸੀ ਨੂੰ ਪਰਿਵਾਰ ਦੇ ਪਿਆਰ ਦੀ ਭੁੱਖ ਹਮੇਸ਼ਾ ਰਹਿੰਦੀ ਹੈ। ਪਰਦੇਸਾਂ ਵਿਚ ਉਮਰ ਦੇ ਕੀਮਤੀ ਸਾਲ ਗੁਆ ਕੇ ਪੈਸੇ ਕਮਾਉਣ ਦੇ ਨਾਲ-ਨਾਲ ਉਹ ਮੋਹ-ਮੁਹੱਬਤ ਦੀ ਖੱਟੀ ਵੀ ਤਾਂ ਖੱਟਦਾ ਹੈ ਜਿਹੜੀ ਪਿਛਲਿਆਂ ਪ੍ਰਤੀ ਲਹੂ ਨੂੰ ਸਫੈਦ ਨਹੀਂ ਹੋਣ ਦਿੰਦੀ; ਪਰ ਪਿਛਲਿਆਂ ਦਾ ਪਿਆਰ ਜ਼ਰੂਰ ਫਿੱਕਾ ਪੈ ਜਾਂਦਾ ਹੈ। ਕਦੇ ਕੋਈ ਨਹੀਂ ਕਹਿੰਦਾ ਕਿ ਘਰ ਮੁੜ ਆ, ਦਿਲ ਨਹੀਂ ਲੱਗਦਾ ਪਰ ਪਰਦੇਸੀ ਉਸ ਦਿਨ ਦਾ ਬੜੀ ਬੇਸਬਰੀ ਨਾਲ ਇੰਤਜ਼ਾਰ ਕਰਦਾ ਹੈ, ਜਦੋਂ ਕੱਚੇ ਕੋਠੇ ਲਿਪਦੀ ਛੱਡ ਕੇ ਆਈ ਮਾਂ ਨੂੰ ਮਿਹਨਤ ਕਰਕੇ ਬਣਾਈ ਕੋਠੀ ਵਿਚ ਬੈਠੀ ਦੇਖੇ, ਬਲਦ ਹਿੱਕਦੇ ਬਾਪ ਨੂੰ ਨੀਲੇ ਫੋਰਡ 'ਤੇ ਬੈਠੇ ਨੂੰ ਕਦੋਂ ਮਿਲੇਗਾ? ਛੋਟਾ ਭਰਾ ਜਿਸ ਨੂੰ ਉਹ ਬਿਨਾਂ ਮਗਰਾੜਾਂ (ਮੱਡਗਾਰਡ) ਤੋਂ ਸਾਇਕਲ ਚਲਾਉਂਦੇ ਨੂੰ ਛੱਡ ਕੇ ਆਇਆ ਸੀ, ਉਹ ਕਾਲੇ ਰੰਗ ਦੀ ਸਫ਼ਾਰੀ ਵਿਚ ਬੈਠਾ ਕਿਹੋ ਜਿਹਾ ਲੱਗੇਗਾ, ਤੇ ਕਿਹੋ ਜਿਹਾ ਲੱਗਦਾ ਹੈ ਉਹ ਪਿੰਡ ਜਿਹੜੇ ਪਿੰਡ ਦੇ ਇਕ ਘਰ ਵਿਚ ਪਹਿਲੀ ਵਾਰ ਅੱਖਾਂ ਖੋਲ੍ਹੀਆਂ ਸਨ, ਤੇ ਜਿਸ ਦੀਆਂ ਗਲੀਆਂ ਵਿਚ ਬਚਪਨ ਗੁਜ਼ਾਰਿਆ ਸੀ, ਤੇ ਜਵਾਨੀ ਵਿਚ ਪੈਰ ਧਰ ਕੇ ਘਰੋਂ ਪੈਰ ਪੁੱਟਿਆ ਸੀ!

ਸੌ ਸੁੱਖਾਂ ਅਤੇ ਲੱਖ ਅਰਦਾਸਾਂ ਤੋਂ ਬਾਅਦ ਹਰ ਪਰਦੇਸੀ ਦੀ ਜ਼ਿੰਦਗੀ ਵਿਚ ਆਖਿਰ ਉਹ ਦਿਨ ਆ ਹੀ ਜਾਂਦਾ ਹੈ ਜਿਸ ਦੀ ਉਡੀਕ ਉਸ ਨੂੰ ਪਰਦੇਸਾਂ ਦੀ ਧਰਤੀ 'ਤੇ ਪੈਰ ਧਰਨ ਸਾਰ ਹੀ ਲੱਗ ਜਾਂਦੀ ਹੈ। ਕਈ ਦੁੱਖ-ਸੁੱਖ, ਤੱਤੀਆਂ-ਠੰਢੀਆਂ ਹਵਾਵਾਂ, ਮੁਸੀਬਤਾਂ-ਪ੍ਰੇਸ਼ਾਨੀਆਂ ਅਤੇ ਜ਼ਿੰਦਗੀ ਦੇ ਹਰ ਪੜਾਅ ਵਿਚੋਂ ਲੰਘਦਾ ਹੋਇਆ ਵਤਨਾਂ ਵੱਲ ਮੋੜੇ ਪਾਉਂਦਾ ਹੈ। ਜਦੋਂ ਦਿੱਲੀ ਏਅਰਪੋਰਟ 'ਤੇ ਪਹੁੰਚਦਾ ਹੈ ਤਾਂ ਫੁੱਲਾਂ ਦੇ ਹਾਰ ਲੈ ਕੇ ਸਾਰਾ ਪਰਿਵਾਰ ਖੜ੍ਹਾ ਹੁੰਦਾ ਹੈ। ਉਹੀ ਮਾਂ, ਉਹੀ ਬਾਪ, ਉਹੀ ਭੈਣ-ਭਰਾ, ਸਭ ਉਹੀ, ਪਰ ਫਰਕ ਬਹੁਤ ਵੱਡਾ। ਮਾਂ-ਬਾਪ ਜਵਾਨੀ ਵਿਚੋਂ ਬੁਢਾਪੇ ਵਿਚ ਪਹੁੰਚੇ ਹੁੰਦੇ ਹਨ। ਕਾਲੇ ਵਾਲਾਂ ਵਿਚ ਸਫੈਦੀ ਭਰ ਗਈ ਹੁੰਦੀ ਏ। ਛੋਟੇ ਭੈਣ-ਭਰਾ ਆਪਣੇ ਛੋਟੇ-ਛੋਟੇ ਬੱਚਿਆਂ ਨੂੰ ਨਾਲ ਲੈ ਕੇ ਖੜ੍ਹੇ ਹੁੰਦੇ ਹਨ। ਵਰ੍ਹਿਆਂ ਬਾਅਦ ਪਰਤੇ ਪਰਦੇਸੀ ਦੀ ਦਿਲੀ ਤਮੰਨਾ ਹੁੰਦੀ ਹੈ ਕਿ ਸਭ ਤੋਂ ਪਹਿਲਾਂ ਮਾਂ ਦੇ ਪੈਰਾਂ ਨੂੰ ਹੱਥ ਲਾ ਕੇ ਮਾਂ ਦੇ ਸੀਨੇ ਲੱਗਾਂ। ਉਹੀ ਵਿਦਾਇਗੀ ਵਾਲੇ ਹੰਝੂ ਆਪ ਮੁਹਾਰੇ ਅੱਖੀਂ ਭਰ ਆਉਂਦੇ ਹਨ, ਪਰ ਇਨ੍ਹਾਂ ਹੰਝੂਆਂ ਵਿਚੋਂ ਖੁਸ਼ੀ ਝਲਕ ਰਹੀ ਹੁੰਦੀ ਹੈ। ਕਿਸੇ ਸਮੇਂ ਇਨ੍ਹਾਂ ਪਿੱਛੇ ਲੁਕੇ ਸੁਫਨੇ ਇਨ੍ਹਾਂ ਅੱਗੇ ਆਏ ਹੁੰਦੇ ਹਨ। ਸੁਪਨੇ ਪੂਰੇ ਕਰਕੇ ਆਏ ਪਰਦੇਸੀ ਦਾ ਚਾਅ ਚੱਕਿਆ ਨਹੀਂ ਜਾਂਦਾ। ਮਾਂ ਨੂੰ ਇੰਜ ਲਗਦੈ ਕਿ ਪੁੱਤ ਕਾਮਯਾਬੀ ਵਿਆਹ ਕੇ ਲਿਆਇਆ, ਤੇ ਇਕ ਵਾਰ ਫਿਰ ਉਹ ਦਰਾਂ ਵਿਚ ਤੇਲ ਚੋਅ ਕੇ ਪੁੱਤਰ ਨੂੰ ਅੰਦਰ ਵਾੜਦੀ ਹੈ। ਬਾਪ ਆਪਣੀ ਖੁਸ਼ੀ ਦਾ ਇਜ਼ਹਾਰ ਤੇਲ ਡੋਲ੍ਹ ਕੇ ਨਹੀਂ, ਬੋਤਲ ਖੋਲ੍ਹ ਕੇ ਕਰਦਾ ਹੈ। ਵਰ੍ਹਿਆਂ ਦੇ ਵਿਛੋੜੇ ਤੋਂ ਬਾਅਦ ਇਕੱਠੇ ਹੋਏ ਪਰਿਵਾਰ ਦੀ ਹਰ ਇਕ ਨੂੰ ਖੁਸ਼ੀ ਹੁੰਦੀ ਹੈ! ਅਜਿਹੇ ਪਰਦੇਸੀ ਪੁੱਤਰ ਖੁਸ਼ਕਿਸਮਤ ਹੁੰਦੇ ਹਨ ਜਿਨ੍ਹਾਂ ਦੇ ਮਾਪੇ ਘਰ ਮੁੜੇ ਪੁੱਤਰ ਦੇ ਚਾਅ ਕਰਦੇ ਹਨ। ਪਰ ਕਈਆਂ ਦੇ ਮਾਪੇ ਤਾਂ ਉਡੀਕ ਉਡੀਕ ਕੇ ਹੀ ਇਸ ਜਹਾਨੋਂ ਤੁਰ ਜਾਂਦੇ ਹਨ। ਪਰਦੇਸੋਂ ਪਰਤੇ ਪੁੱਤਰ ਦੇ ਦਿਲ 'ਤੇ ਕੀ ਗੁਜ਼ਰਦੀ ਹੈ, ਬਿਆਨੋਂ ਬਾਹਰ ਹੈ।

ਪਰ ਇਸ ਸਾਰੀ ਸਥਿਤੀ ਦੀ ਤ੍ਰਾਸਦੀ ਇਹ ਵੀ ਹੈ ਕਿ ਦਿਨ ਪਰ ਦਿਨ ਇਹ ਖੁਸ਼ੀ ਪ੍ਰਛਾਵਿਆਂ ਵਾਂਗ ਢਲਣਾ ਸ਼ੁਰੂ ਕਰ ਦਿੰਦੀ ਹੈ। ਕੁਝ ਹਫ਼ਤੇ-ਮਹੀਨਿਆਂ ਦੀ ਮਹਿਮਾਨ ਨਿਵਾਜ਼ੀ ਤੋਂ ਬਾਅਦ ਜਜ਼ਬਾਤ ਦਾ ਕਤਲ ਹੋਣਾ ਸ਼ੁਰੂ ਹੋ ਜਾਂਦਾ ਹੈ। ਪੁਰਖਿਆਂ ਦੀ ਚਲਦੀ ਰੀਤ ਵੰਡਾਰੇ ਦੀ ਗੱਲ ਚੱਲਦੀ

> ***ਪਰਦੇਸਾਂ ਵਿਚ ਆ ਕੇ ਅੱਖਾਂ ਤੋਂ ਕਈ ਪੱਟੀਆਂ ਖੁੱਲ੍ਹਦੀਆਂ ਹਨ, ਤੇ ਇਕ ਪੱਟੀ ਉਹ ਖੁਦ ਅੱਖਾਂ 'ਤੇ ਬੰਨ੍ਹ ਕੇ ਕਮਾਈਆਂ ਕਰ-ਕਰ ਪਿੱਛੇ ਘੱਲੀ ਜਾਂਦਾ ਹੈ, ਤੇ ਉਹ ਪੱਟੀ ਵਾਪਸ ਜਾਣ ਸਾਰ ਹੀ ਉਸ ਦੀਆਂ ਅੱਖਾਂ ਤੋਂ ਖੁੱਲ੍ਹ ਜਾਂਦੀ ਹੈ, ਤੇ ਉਦੋਂ ਵਕਤ ਗੁਜ਼ਰ ਚੁੱਕਿਆ ਹੁੰਦਾ ਹੈ। ਅਗਰ ਲੱਖ ਪੂਰਾ ਨਹੀਂ ਬਣਿਆ ਤਾਂ ਨਾਲ ਕੰਮ ਕਰਦੇ ਮਿੱਤਰ ਕੋਲੋਂ ਫੜ ਕੇ ਪੂਰਾ ਲੱਖ ਕਰਕੇ ਘੱਲਣਾ। ਪਿੱਛੇ ਵਾਲਿਆਂ ਨੇ ਤਾਂ ਸਿਰਫ਼ ਫੋਨ ਕਰਨਾ ਹੁੰਦਾ ਹੈ, ਰਾਤਾਂ ਦੀ ਨੀਂਦ ਤਾਂ ਪਰਦੇਸੀ ਦੀ ਉਡਣੀ ਹੁੰਦੀ ਹੈ, ਕਿਉਂਕਿ ਭੋਲੇ ਪਰਦੇਸੀ ਨੂੰ ਪਰਦੇਸ ਆਉਣ ਵੇਲੇ ਇਹ ਗੁੜ੍ਹਤੀ ਮਿਲੀ ਹੁੰਦੀ ਏ ਕਿ ਤੂੰ ਕਮਾਈ ਕਰਨ ਚੱਲਿਆ ਏਂ, ਤੇ ਕਮਾਈ ਕਰਕੇ ਘਰੇ ਘੱਲਣੀ ਉਸ ਦਾ ਫਰਜ਼ ਬਣ ਜਾਂਦਾ ਹੈ।***

ਹੈ ਅਤੇ ਪਰਦੇਸੀ ਆਪਣੇ ਭੇਜੇ ਪੈਸਿਆਂ ਦੀ ਗੱਲ ਕਰਦਾ ਹੈ ਤਾਂ ਸੱਜੀ ਬਾਂਹ ਦਾ ਰੁਤਬਾ ਲੈਣ ਵਾਲਾ ਭਰਾ ਕਹਿੰਦਾ ਹੈ ਕਿ ਕਿਹੜੇ ਪੈਸੇ? ਜੇ ਤੂੰ ਕਮਾਈ ਕੀਤੀ ਏ ਤਾਂ ਕਿਸੇ 'ਤੇ ਅਹਿਸਾਨ ਨਹੀਂ ਕੀਤਾ। ਵੀਰਾਂ ਵਿਚੋਂ ਵੈਰੀਆਂ ਨੂੰ ਦੇਖ ਕੇ ਪੈਰਾਂ ਹੇਠੋਂ ਜ਼ਮੀਨ ਖਿਸਕ ਜਾਂਦੀ ਹੈ, ਅਸਮਾਨ ਸਿਰੋਂ ਹਟ ਗਿਆ ਲੱਗਦਾ ਹੈ। ਅਜਿਹੀਆਂ ਕਹਾਣੀਆਂ ਵੀ ਸੁਣੀਆਂ ਹਨ ਜਦੋਂ ਸਭ ਕੁਝ ਹੜੱਪ ਕਰ ਚੁਕੇ ਭਰਾਵਾਂ ਆਪਣੇ ਪਰਦੇਸੋਂ ਪਰਤੇ ਵੀਰ ਨੂੰ ਇੰਨਾ ਡਰਾ ਦਿੱਤਾ ਕਿ ਉਹ ਮੁੜ ਵਤਨ ਵਰਤੇ ਹੀ ਨਾ ਜਾਂ ਇਸ ਜਹਾਨੋਂ ਹੀ ਤੋਰ ਦਿੱਤਾ। ਬਥੇਰੀਆਂ ਭੈਣਾਂ ਦੇ ਖੂਨ ਸਫੈਦ ਹੁੰਦੇ ਵੀ ਵੇਖੇ ਹਨ।

ਮੱਧ ਵਰਗੀ ਪਰਿਵਾਰ ਦੀਆਂ ਇੱਛਾਵਾਂ ਅਗਰ ਆਪਣੇ ਮੁਲਕ ਵਿਚ ਪੂਰੀਆਂ ਹੁੰਦੀਆਂ ਹੋਣ ਤਾਂ ਕਿਉਂ ਕੋਈ ਪਰਦੇਸੀ ਹੋਵੇ? ਆਪਣੇ ਪਰਿਵਾਰ ਲਈ ਸਭ ਕੁਝ ਕਰਨ ਵਾਲਾ ਪਰਦੇਸੀ ਆਪਣਿਆਂ ਵਿਚ ਪਹੁੰਚ ਕੇ ਵੀ ਇਕੱਲਾਪਣ ਮਹਿਸੂਸ ਕਰਦਾ ਹੈ, ਡੰਗ ਦੀ ਡੰਗ ਕਰਕੇ ਖਾਣ ਵਾਲਾ ਆਪਣੇ ਮੁਲਕ ਵਿਚ ਕਿਥੋਂ ਮਹਿਲ ਖੜ੍ਹੇ ਕਰ ਸਕਦਾ ਹੈ, ਕਿੱਥੋਂ ਜ਼ਮੀਨਾਂ ਖਰੀਦ ਸਕਦਾ ਹੈ? ਇਕ ਪਰਦੇਸੀ ਹੀ ਹੈ ਜਿਸ ਕਰਕੇ ਅੱਜ ਪੰਜਾਬ ਦਾ ਇਕੱਲਾ-ਇਕੱਲਾ ਪਿੰਡ ਖੁਸ਼ਹਾਲ ਹੈ। ਪਿੰਡਾਂ ਨੂੰ ਸ਼ਹਿਰਾਂ ਵਿਚ ਤਬਦੀਲ ਕਰਨ ਵਾਲਾ ਪਰਦੇਸੀ, ਸਾਇਕਲ ਚਲਾਉਂਦਿਆਂ ਨੂੰ ਕਾਰਾਂ ਝੁਟਾਉਣ ਵਾਲਾ ਪਰਦੇਸੀ, ਜ਼ਮੀਨਾਂ ਦੇ ਮਾਲਿਕ ਬਣਾਉਣ ਵਾਲਾ ਪਰਦੇਸੀ, ਆਪਣੀਆਂ ਖੁਸ਼ੀਆਂ ਨੂੰ ਮਾਰ ਕੇ ਪਰਿਵਾਰ ਦੀਆਂ ਖੁਸ਼ੀਆਂ ਦਾ ਧਿਆਨ ਰੱਖਣ ਵਾਲਾ ਪਰਦੇਸੀ ਆਖਿਰ ਇਕ ਦਿਨ ਬੁਰਾ ਬਣ ਜਾਂਦਾ ਹੈ:

ਘਰ-ਘਰ ਵਿਚ ਖਿੜੇ  
ਖੁਸ਼ੀ ਦੇ ਗੁਲਾਬ ਅੱਜ।  
ਪਿੰਡ-ਪਿੰਡ ਟੋਭਿਆਂ ਦੇ  
ਬਣੇ ਨੇ ਤਲਾਬ ਅੱਜ।  
ਕਰ-ਕਰ ਘੱਲੀਆਂ  
ਕਮਾਈਆਂ ਪਰਦੇਸੀਆਂ ਨੇ।  
ਤਾਈਓਂ ਖੁਸ਼ਹਾਲ  
ਮੇਰਾ ਰੰਗਲਾ ਪੰਜਾਬ ਅੱਜ।



**ਪਰਦੇਸੀ ਹੋਏ ਕੁਝ ਪੰਜਾਬੀ ਦਿੱਲੀ ਏਅਰਪੋਰਟ 'ਤੇ**

ਸ਼ਬਦ ਝਰੋਖਾ



ਬਲਜੀਤ ਬਾਸੀ

ਫੋਨ: 734-454-4958

# ਚਾਰ ਛਿੱਲੜ

ਪੰਜਾਬੀ ਵਿਚ ਰੁਪਏ ਦੇ ਅਰਥਾਂ ਵਿਚ ਛਿੱਲੜ ਸ਼ਬਦ ਦੀ ਵਰਤੋਂ ਹੁੰਦੀ ਹੈ, ਖਾਸ ਤੌਰ 'ਤੇ 'ਚਾਰ ਛਿੱਲੜ' ਵਾਕੰਸ਼ ਵਿਚ, ਜਿਸ ਦਾ ਅਰਥ ਥੋੜੇ ਪੈਸੇ ਹੁੰਦਾ ਹੈ। ਬਹੁਤ ਸਾਰੇ ਸ੍ਰੋਤ ਛਿੱਲੜ ਸ਼ਬਦ ਨੂੰ ਖਾਲਸਾ ਜਾਂ ਸਿੰਘ ਬੋਲਿਆਂ ਦੇ ਪਦ ਨਾਲ ਜਾਣੇ ਜਾਂਦੇ ਨਿੰਹਗ ਸਿੰਘਾਂ ਦੇ ਇਕ ਬੋਲੇ ਵਜੋਂ ਸਵੀਕਾਰ ਕਰਦੇ ਹਨ। ਮਹਾਨ ਕੋਸ਼ ਇਸ ਸ਼ਬਦ ਦੇ ਦੋ ਭਾਵ ਦਸਦਾ ਹੈ, "ਰੁਪਯਾ, ਰਜਤਪਣ"। ਅਸੀਂ ਬਹੁਤ ਪਹਿਲਾਂ 'ਰੁਪਿਆ' ਸ਼ਬਦ ਦੀ ਵਿਉਤਪਤੀ ਵਿਚਾਰ ਚੁੱਕੇ ਹਾਂ ਜਿਸ ਅਨੁਸਾਰ ਰੁਪਿਆ ਰੂਪਾ (ਰਜਤ, ਚਾਂਦੀ) ਤੋਂ ਵਿਕਿਸਿਤ ਹੋਇਆ ਦੱਸਿਆ ਗਿਆ ਸੀ। ਪੁਰਾਣੇ ਜ਼ਮਾਨੇ ਵਿਚ ਕਰੰਸੀ ਧਾਤ ਦੇ ਸਿੱਕਿਆਂ ਵਿਚ ਹੀ ਹੁੰਦੀ ਸੀ, ਕਾਗ਼ਜ਼ੀ ਨੋਟ ਤਾਂ ਬਹੁਤ ਬਾਅਦ ਵਿਚ ਅੰਗਰੇਜ਼ਾਂ ਦੇ ਵੇਲੇ ਛਾਪੇ ਜਾਣੇ ਸ਼ੁਰੂ ਹੋਏ। ਸੋ, ਸਪੱਸ਼ਟ ਹੈ ਕਿ ਮੁਢਲੇ ਤੌਰ 'ਤੇ ਇਹ ਛਿੱਲੜ ਸ਼ਬਦ ਇਸ ਦੇ ਚਾਂਦੀ ਦੇ ਸਿੱਕੇ ਹੋਣ ਦੇ ਅਰਥਾਂ ਵਿਚ ਹੀ ਵਰਤੋਂ ਵਿਚ ਆਇਆ ਹੋਵੇਗਾ ਪਰ ਰੁਪਏ ਦੀ ਤਰ੍ਹਾਂ ਅੱਜ ਇਸ ਨੂੰ ਚਾਂਦੀ, ਕਿਸੇ ਹੋਰ ਧਾਤ ਜਾਂ ਕਾਗਜ਼ੀ ਕਰੰਸੀ ਵਜੋਂ ਸਮਝਿਆ ਜਾਂਦਾ ਹੈ।

ਮਹਾਨ ਕੋਸ਼ ਵਿਚ ਇਸ ਦਾ ਅਰਥ 'ਰਜਤਪਣ' (ਚਾਂਦੀ ਦਾ ਗੁਣ) ਕਰਨਾ ਸਮਝ ਨਹੀਂ ਆਇਆ। ਸ਼ਾਇਦ ਕੁਝ ਅਜਿਹੀ ਸਮਝ ਬਣੀ ਹੋਵੇ ਕਿ ਚਾਂਦੀ ਦੇ ਚਿਲਕਵੇਂ ਗੁਣ ਕਾਰਨ ਚਿਲਕ ਸ਼ਬਦ ਤੋਂ ਛਿੱਲੜ ਬਣਿਆ ਹੋਵੇਗਾ, ਆਖਰ ਚਾਂਦੀ ਸ਼ਬਦ ਵੀ ਸੰਸਕ੍ਰਿਤ ਧਾਤੂ 'ਚੰਦ' ਤੋਂ ਬਣਿਆ ਹੈ ਜਿਸ ਦਾ ਮੁਖ ਭਾਵ ਚਮਕ ਹੀ ਹੁੰਦਾ ਹੈ। ਪਰ ਏਥੇ ਇਸ ਦਾ ਕੋਈ ਤੁਕ ਨਹੀਂ ਬਣਦਾ। ਕੁਝ ਹਲਕਿਆਂ ਵਿਚ ਇਹ ਮਨੌਤ ਵੀ ਹੈ ਕਿ ਛਿੱਲੜ ਸ਼ਬਦ ਛਿੱਲ ਦੇ ਅਰਥਾਂ ਵਾਲੇ ਛਿੱਲੜ ਤੋਂ ਬਣਿਆ ਹੋਵੇਗਾ ਜਿਸ ਕਾਰਨ ਇਹ ਮੁਢਲੇ ਤੌਰ 'ਤੇ ਧਾਤ ਦਾ ਨਾ ਹੋ ਕੇ ਕਾਗ਼ਜ਼ ਦਾ ਰੁਪਿਆ ਹੈ। ਮਾਇਆ ਨੂੰ 'ਹੱਥਾਂ ਦੀ ਮੈਲ' ਦੱਸਣ ਵਾਲਾ ਮੁਹਾਵਰਾ ਇਸ ਦੇ ਛਿੱਲ ਸ਼ਬਦ ਤੋਂ ਵਿਉਤਪਤ ਹੋਣ ਬਾਰੇ ਹੋਰ ਪੁਸ਼ਟੀ ਕਰਦਾ ਪ੍ਰਤੀਤ ਹੁੰਦਾ ਹੈ, ਮਾਨੋ ਛਿੱਲੜ ਮੈਲ ਦੀਆਂ ਵੱਟੀਆਂ ਦੀ ਤਰ੍ਹਾਂ ਪਿਆਜ਼ ਦੇ ਛਿੱਲੜ ਨਿਆਈਂ ਹਨ। ਸਿੰਘ ਬੋਲਿਆਂ ਦਾ ਜ਼ਿਕਰ ਕਰਦੀ ਸੁਰਜੀਤ ਪਾਤਰ ਦੀ ਇਕ ਕਵਿਤਾ ਨੋਟਾਂ ਨੂੰ ਛਿੱਲੜ ਅਤੇ ਸਿੱਕਿਆਂ ਨੂੰ ਠੀਕਰੇ ਦੱਸ ਕੇ ਅਜਿਹੇ ਭੁਲੇਖੇ ਨੂੰ ਹੋਰ ਬਲ ਦਿੰਦੀ ਹੈ:

ਨੋਟਾਂ ਨੂੰ ਛਿੱਲੜ, ਸਿੱਕਿਆਂ ਨੂੰ ਠੀਕਰੇ
ਤੇ ਗਜਾ ਕਰਨ ਨੂੰ
ਮੁਆਮਲਾ ਉਗਰਾਹੁਣਾ ਕਹਿ ਕੇ
ਸ਼ਹਿਨਸ਼ਾਹ ਬਣ ਬਹਿੰਦੇ
ਤੇ ਹਮੇਸ਼ਾ ਚੜ੍ਹਦੀ ਕਲਾ ਵਿਚ ਰਹਿੰਦੇ...।




ਆਉ ਜ਼ਰਾ ਇਸ ਛਿੱਲੜ ਦੇ ਛਿੱਲੜ ਉਤਾਰੀਏ। ਦੱਸੇ ਜਾਂਦੇ ਸਾਰੇ ਸਿੰਘ ਬੋਲੇ ਨਿਹੰਗਾਂ ਦੇ ਹੀ ਬਣਾਏ ਸਾਬਿਤ ਨਹੀਂ ਹੁੰਦੇ, ਮਿਸਾਲ ਵਜੋਂ ਮੈਦਾਨ ਮਾਰਨਾ ਦੇ ਮੁਕਾਬਲੇ ਹਿੰਦੀ ਵਿਚ ਮੈਦਾਨ ਜਾਣਾ ਵੀ ਪਿਸ਼ਾਬ ਜਾਂ ਸ਼ੌਚ ਜਾਣਾ ਦੇ ਅਰਥਾਂ ਵਿਚ ਮਿਲਦਾ ਹੈ। ਮੇਰਾ ਵਿਚਾਰ ਹੈ ਕਿ ਰੁਪਏ ਦੇ ਅਰਥਾਂ ਵਾਲਾ ਛਿੱਲੜ ਆਮ ਵਰਤੋਂ ਦਾ ਸ਼ਬਦ ਸੀ, ਭਲੇ ਹੀ ਇਸ ਨੂੰ ਮਾਇਆ ਤੋਂ ਨਿਰਲੇਪ ਰਹਿੰਦੇ ਨਿਹੰਗ ਸਿੰਘਾਂ ਨੇ ਛਿਲਕਾ ਸਮਝ ਕੇ ਠਿੱਠ ਕੀਤਾ ਹੋਵੇਗਾ। ਤਾਂ ਫਿਰ ਰੁਪਏ ਦੇ ਅਰਥ ਦਿੰਦਾ ਇਹ ਸ਼ਬਦ ਕਿਸ ਹੋਰ ਸ਼ਬਦ ਦਾ ਰੂਪ ਹੋ ਸਕਦਾ ਹੈ? ਧਿਆਨਯੋਗ ਹੈ ਕਿ ਬਹੁਤ ਸਾਰੀਆਂ ਭਾਰਤੀ ਭਾਸ਼ਾਵਾਂ ਵਿਚ ਭਾਨ ਅਰਥਾਤ ਟੁੱਟੇ ਹੋਏ ਪੈਸੇ ਦੇ ਅਰਥਾਂ ਵਿਚ ਇੱਕ ਸ਼ਬਦ ਪ੍ਰਚਲਤ ਹੈ, ਚਿੱਲਰ ਜਾਂ ਚਿੱਲੜ। ਹਿੰਦੀ ਉਰਦੂ ਵਿਚ ਇਸ ਨੂੰ ਰੇਜ਼ਗਾਰੀ ਜਾਂ ਖੁਰਦਾ ਵੀ ਆਖਿਆ ਜਾਂਦਾ ਹੈ। ਇਸ ਸ਼ਬਦ ਦੀ ਵਿਆਪਕਤਾ ਦੇਖ ਕੇ ਮੈਨੂੰ ਪੰਜਾਬੀ ਛਿੱਲੜ ਨੂੰ ਇਸ ਚਿੱਲਰ/ਚਿੱਲੜ ਨਾਲ ਜੋੜਨ ਵਿਚ ਕੋਈ ਔਖਿਆਈ ਮਹਿਸੂਸ ਨਹੀਂ ਹੋ ਰਹੀ, ਖਾਸ ਤੌਰ 'ਤੇ ਇਹ ਜਾਣ ਕੇ ਕਿ ਕਿਤੇ ਕਿਤੇ ਹਿੰਦੀ ਵਿਚ ਵੀ ਛਿੱਲੜ ਰੂਪ ਭਾਨ ਦੇ ਅਰਥਾਂ ਵਿਚ ਵਰਤਿਆ ਮਿਲਦਾ ਹੈ। ਚਿੱਲਰ ਸ਼ਬਦ ਨਿੱਕੇ ਮੋਟੇ ਭੇਦ ਨਾਲ ਬਹੁਤ ਸਾਰੀਆਂ ਦਰਾਵੜੀ ਭਾਸ਼ਾਵਾਂ ਜਿਵੇਂ ਕੰਨੜ, ਤਾਮਿਲ, ਤੈਲਗੂ, ਤੁਲੂ ਆਦਿ ਵਿਚ ਭਾਨ ਦੇ ਅਰਥਾਂ ਵਿਚ ਉਪਲਬਧ ਹੈ। ਇਸ ਤੋਂ ਇਲਾਵਾ ਮਰਾਠੀ, ਗੁਜਰਾਤੀ, ਕੋਂਕਣੀ ਆਦਿ ਭਾਸ਼ਵਾਂ ਵਿਚ ਵੀ ਇਸ ਸ਼ਬਦ ਦੇ ਰੂਪ ਇਨ੍ਹਾਂ ਹੀ ਅਰਥਾਂ ਵਿਚ ਮਿਲਦੇ ਹਨ। ਗੁਜਰਾਤੀ ਵਿਚ ਇਸ ਸ਼ਬਦ ਦਾ ਭੇਦ 'ਸ਼ਿਲਕ' ਹੈ ਜਿਸ ਕਰਕੇ ਪ੍ਰਸੰਗਵਸ ਇਕ ਦਿਲਚਸਪ ਸੰਜੋਗ ਦਾ ਜ਼ਿਕਰ ਕਰਨਾ ਜ਼ਰੂਰੀ ਹੈ ਕਿ ਅਰਬੀ ਵਿਚ ਵੀ ਭਾਨ ਦੇ ਅਰਥਾਂ ਵਿਚ 'ਸ਼ਿਲਕ' ਸ਼ਬਦ ਵਰਤਿਆ ਜਾਂਦਾ ਹੈ ਪਰ ਇਸ ਦਾ ਹਥਲੇ ਚਿੱਲਰ/ਚਿੱਲੜ/ਛਿੱਲੜ ਨਾਲ ਕੋਈ ਧਾਤੂਮੂਲਕ ਸਬੰਧ ਨਹੀਂ ਹੈ। ਕੁਝ ਵਿਦਵਾਨਾਂ ਦਾ ਵਿਚਾਰ ਹੈ ਕਿ ਚਿੱਲਰ ਸ਼ਬਦ ਮੁਢਲੇ ਤੌਰ 'ਤੇ ਦਰਾਵੜੀ ਹੈ। ਤਾਮਿਲ ਦੇ ਇਕ ਕੋਸ਼ ਅਨੁਸਾਰ 'ਚਿੱਲਰੇ' ਦੇ ਇਹ ਅਰਥ ਹਨ: ਨਿਕ ਸੁਕ, ਫੁਟਕਲ, ਪਰਚੂਣ, ਬਕਾਇਆ, ਬਾਕੀ, ਭਾਨ; ਤੁੱਛ ਜਾਂ ਨਿਗੂਣੀ ਚੀਜ਼; ਵਾਲੀ।

ਕੰਨੜ ਦਾ ਇਕ ਕੋਸ਼ ਇਸ ਸ਼ਬਦ ਨੂੰ ਇਸ ਪ੍ਰਕਾਰ ਲੈਂਦਾ ਹੈ: ਛੋਟਾਪਣ, ਲਘੂਤਾ; ਹੋਛਾਪਣ, ਕਮੀਨਗੀ; ਦਸ਼ਮਲਵ ਰਾਸ਼ੀਆਂ (ਅਰਥਾਤ ਅੱਧਾ, ਪੌਣਾ ਆਦਿ); ਰੁਪਏ ਤੋਂ ਛੋਟੀ ਮੁਦਰਾ।

ਤਾਮਿਲ ਤੇ ਕੰਨੜ ਭਾਸ਼ਾਵਾਂ ਵਿਚ ਇਸ ਸ਼ਬਦ ਦੇ ਅਰਥਾਂ ਤੋਂ ਪਤਾ ਲਗਦਾ ਹੈ ਕਿ ਇਹ ਕਿਸੇ ਵਸਤੂ ਦੇ ਅਨੇਕ ਖੰਡਾਂ ਵਿਚੋਂ ਕੁਝ ਇਕ ਵੱਲ ਸੰਕੇਤ ਕਰਦਾ ਹੈ। ਮਰਾਠੀ ਵਿਚ ਨਿੱਕੇ ਨਿਆਣਿਆਂ ਜਾਂ ਬੱਚਿਆਂ ਦੀ ਸਤੌਲ ਨੂੰ ਚਿੱਲੇ ਪਿੱਲੇ ਕਿਹਾ ਜਾਂਦਾ ਹੈ। ਤਾਮਿਲ ਕੋਸ਼ ਤਾਮਿਲ ਭਾਸ਼ਾ ਵਿਚ 'ਚਿਲਰੇ' ਸ਼ਬਦ ਦਾ ਇਸ ਪ੍ਰਕਾਰ ਸੰਧੀ-ਛੇਦ ਵੀ ਕਰਦਾ ਹੈ: ਚਿਲਰੇ=ਚਿਲ+ਅਰੂ। ਤਾਮਿਲ ਵਿਚ 'ਚਿਲ' ਦਾ ਅਰਥ ਹੈ ਛੋਟਾ, ਨਿੱਕਾ, ਥੋੜਾ, ਟੋਟਾ ਅਤੇ 'ਅਰੂ' ਦਾ ਅਰਥ ਤੋੜਨਾ, ਭੰਨਣਾ, ਵੱਢਣਾ ਹੈ। ਸੋ ਇਨ੍ਹਾਂ ਦੋਨਾਂ ਟੋਟਿਆਂ ਨੂੰ ਜੋੜ ਕੇ ਜੋ ਸ਼ਬਦ ਹੱਥ ਆਉਂਦਾ ਹੈ ਉਸ ਦੇ ਸਮਾਨੰਤਰ ਅਜਿਹੇ ਪੰਜਾਬੀ ਸ਼ਬਦ ਰੱਖੇ ਜਾ ਸਕਦੇ ਹਨ: ਵੱਢ-ਟੁੱਕ, ਟੁੱਟ-ਭੱਜ, ਨਿਕ-ਸੁਕ।

ਸਪਸ਼ਟ ਹੈ ਕਿ ਇਸ ਸੇਧ ਵਿਚ ਚਿਲਰੇ ਸ਼ਬਦ ਦਾ ਟੁੱਟੇ ਪੈਸੇ ਜਾਂ ਭਾਨ ਦੇ ਅਰਥ ਵਿਕਸਿਤ ਹੋਣਾ ਸੁਭਾਵਿਕ ਹੀ ਹੈ। ਪਰ ਸਵਾਲ ਇਹ ਹੈ ਕਿ ਜੇ ਇਨ੍ਹਾਂ ਭਾਸ਼ਾਵਾਂ ਵਿਚ ਚਿੱਲਰ ਸ਼ਬਦ ਪੂਰੀ ਵਸਤੂ ਦੇ ਖੰਡਾਂ ਦਾ ਅਰਥਾਵਾਂ ਹੈ ਤਾਂ ਪੰਜਾਬੀ ਵਿਚ ਕਿਉਂ ਸਾਬਤ ਸਬੂਤ ਖਰੇ ਰੁਪਏ ਦੇ ਅਰਥ ਦੇਣ ਲੱਗ ਪਿਆ? ਕੁਝ ਸਦੀਆਂ ਪਹਿਲਾਂ ਕਾਗ਼ਜ਼ੀ ਮੁਦਰਾ ਨਹੀਂ ਸੀ ਹੁੰਦੀ, ਇਸ ਲਈ ਚਾਂਦੀ ਦੇ ਸਿੱਕਿਆਂ ਲਈ ਇਹ ਸ਼ਬਦ ਪ੍ਰਚਲਤ ਹੋਇਆ। ਮੇਰਾ ਅਨੁਮਾਨ ਹੈ ਕਿ ਪੰਜਾਬੀ ਵਿਚ ਪਹੁੰਚਦਾ ਪਹੁੰਚਦਾ ਇਹ ਸ਼ਬਦ ਪਹਿਲਾਂ ਚਾਂਦੀ ਦੇ ਰੁਪਏ ਤੇ ਫਿਰ ਕਿਸੇ ਵੀ ਰੁਪਏ ਲਈ ਰੂੜ ਹੋ ਗਿਆ।

ਅੱਜ ਪਿਆਜ਼ ਦੀ ਕੀਮਤ ਅਸਮਾਨੇ ਚੜ੍ਹਨ ਲੱਗ ਪਈ ਹੈ ਤੇ ਉਧਰ ਰੁਪਏ ਦੀ ਵੁੱਕਤ ਏਨੀ ਗਿਰ ਚੁੱਕੀ ਹੈ ਕਿ ਰੁਪਏ ਲਈ (ਪਿਆਜ਼ ਦੇ) ਛਿੱਲੜ ਸ਼ਬਦ ਵਰਤਣਾ ਪਿਆਜ਼ ਦੀ ਸਰਾਸਰ ਹੇਠੀ ਹੈ। ਭਾਰਤੀ ਟਕਸਾਲ ਦੇ ਇਤਿਹਾਸ ਵਿਚ ਇਕ ਮਾਅਰਕੇ ਵਾਲੀ ਗੱਲ ਹੋਈ ਹੈ: ਸਰਕਾਰ ਨੇ 150 ਰੁਪਏ ਦਾ ਸਿੱਕਾ ਚਾਲੂ ਕਰ ਦਿੱਤਾ ਹੈ। ਭਾਰਤ ਵਿਚ ਟੈਕਸ-ਲੁਆਈ ਦੇ 150 ਸਾਲ ਪੂਰੇ ਹੋ ਜਾਣ ਕਾਰਨ ਨਵੇਂ ਤੋਂ ਨਵੇਂ ਸਿੱਕੇ ਢਾਲ ਕੇ ਇਸ ਦੇ ਜਸ਼ਨ ਮਨਾਏ ਜਾ ਰਹੇ ਹਨ। ਜੇ ਇਕ ਰੁਪਏ ਦਾ ਸਿੱਕਾ ਉੜ ਗਿਆ ਤੇ ਵੱਡੇ ਵੱਡੇ ਸਿੱਕੇ ਹੀ ਰਹਿ ਗਏ ਤਾਂ ਛਿੱਲੜ ਸ਼ਬਦ ਦਾ ਕੀ ਅਰਥ ਰਹਿ ਜਾਵੇਗਾ? ਹਿੰਦੀ ਵਾਲੇ ਕਹਿੰਦੇ ਹਨ, "ਅਬ ਤਕ ਨੋਟ ਕਾ ਚਿੱਲਰ ਕਰਾਤੇ ਥੇ, ਅਬ ਚਿੱਲਰ ਕਾ ਚਿੱਲਰ ਕਰਵਾਨਾ ਪੜੇਗਾ।"

# ਮੁਨਾਫ਼ੇ ਲਈ ਛੋਟੇ ਤੇ ਵੱਡੇ ਪਰਦੇ ਨੇ ਕਦਰਾਂ ਵਿਸਾਰੀਆਂ



ਕੀ ਮੈਂ ਝੂਠ ਬੋਲਿਐ...

ਸਵਰਨ ਸਿੰਘ ਟਹਿਣਾ*

*ਫੋਨ:91-98141-78883

ਜਦੋਂ ਤੋਂ ਛੋਟੇ ਅਤੇ ਵੱਡੇ ਪਰਦੇ ਨੇ ਮਨੋਰੰਜਨ ਤੇ ਸਿੱਖਿਆ ਦੇ ਗਠਜੋੜ 'ਚੋਂ ਸਿੱਖਿਆ ਨੂੰ ਮਨਫ਼ੀ ਕੀਤਾ ਹੈ, ਉਦੋਂ ਤੋਂ ਮਨੋਰੰਜਨ ਦੇ ਨਾਂ 'ਤੇ ਜੋ-ਜੋ ਪੇਸ਼ ਕੀਤਾ ਜਾ ਰਿਹੈ, ਉਸ ਨਾਲ ਸ਼ਾਇਦ ਹੀ ਕਿਸੇ ਦੇ ਪੱਲੇ ਅਕਲ ਦੀ ਕੋਈ ਗੱਲ ਪੈਂਦੀ ਹੋਵੇ। ਛੋਟਾ ਪਰਦਾ ਟੀ.ਆਰ.ਪੀ. ਵਧਾਉਣ ਲਈ ਜੋ-ਜੋ ਕੁੱਝ ਕਰਦੈ ਤੇ ਵੱਡਾ ਦਰਸ਼ਕਾਂ ਦੀਆਂ ਜੇਬਾਂ ਹਲਕੀਆਂ ਕਰਨ ਲਈ ਜੋ-ਜੋ ਦਿਖਾਉਂਦੈ, ਉਸ ਨੂੰ ਦੇਖ ਬਹੁਤੀ ਵਾਰ ਮੱਥੇ 'ਤੇ ਹੱਥ ਆਪਣੇ ਆਪ ਧਰਿਆ ਜਾਂਦੈ। ਕਮਾਲ ਦੀ ਗੱਲ ਹੈ ਕਿ ਤਿੰਨ-ਤਿੰਨ ਘੰਟਿਆਂ ਦੀਆਂ ਫ਼ਿਲਮਾਂ ਅੱਸੀ-ਨੱਬੇ ਮਿੰਟ ਦੀਆਂ ਰਹਿ ਗਈਆਂ ਨੇ ਤੇ ਇਨ੍ਹਾਂ ਦੀ ਲੰਬਾਈ ਵਾਂਗ ਹੀ ਹੀਰੋਇਨਾਂ ਦੇ ਕੱਪੜੇ ਘਟ ਰਹੇ ਨੇ, ਇਸ ਦੀ ਥਾਂ ਉਹ ਦ੍ਰਿਸ਼ ਵਧ ਰਹੇ ਨੇ, ਜਿਨ੍ਹਾਂ ਨੂੰ 'ਨੀਲੀਆਂ ਫ਼ਿਲਮਾਂ' ਵਾਲੇ ਆਖਿਆ ਜਾਂਦੈ। ਛੋਟਾ ਪਰਦਾ ਕਿਉਂਕਿ ਸਾਡੇ ਬੈਡਰੂਮਾਂ ਨਾਲ ਵੀ ਜੁੜਿਆ ਹੋਇਐ, ਇਸ ਕਰਕੇ ਇਸ ਦਾ ਸਿੱਖਿਆ ਨਾਲ ਗਠਜੋੜ ਰਹਿਣਾ ਲਾਜ਼ਮੀ ਸੀ। ਪਰ ਜਦੋਂ ਤੋਂ ਇਸ ਨੇ ਪਿਛਲੇ ਜਨਮ ਦੇ ਰਾਜ਼, ਸਵੰਬਰਾਂ ਤੇ ਸੀਰੀਅਲਾਂ ਜ਼ਰੀਏ ਘਰਾਂ 'ਚ ਰਾਜਨੀਤੀ ਵਾੜਨੀ ਸ਼ੁਰੂ ਕੀਤੀ ਹੈ, ਉਦੋਂ ਤੋਂ ਸਿਆਣੇ ਲੋਕਾਂ ਨੇ ਟੀ.ਵੀ. ਨੂੰ 'ਮੂਰਖਾਂ ਦਾ ਡੱਬਾ' ਕਰਾਰ ਦੇ ਦਿੱਤਾ ਹੈ।

ਪਹਿਲਾਂ ਟੀ.ਵੀ. ਜੋ ਬੋਲਦਾ ਸੀ, ਜ਼ਮਾਨਾ ਉਸ 'ਤੇ ਅਮਲ ਕਰਦਾ ਸੀ, ਪਰ ਹੁਣ ਟੀ.ਵੀ ਜੋ-ਜੋ ਪੇਸ਼ ਕਰਦਾ ਹੈ, ਉਸ ਵਿਚ ਹਿੰਸਾ, ਕਾਮ ਉਤੇਜਨਾ ਅਤੇ ਸਾਜ਼ਿਸ਼ਾਂ ਵੱਧ ਹਨ। ਜਦੋਂ ਤੋਂ ਜ਼ਿੰਦਗੀ ਦੇ ਸਭ ਤੋਂ ਨਾਜ਼ੁਕ ਫ਼ੈਸਲਿਆਂ ਨੂੰ 'ਸਵੰਬਰਾਂ' ਦਾ ਰੂਪ ਦੇਣਾ ਸ਼ੁਰੂ ਕੀਤਾ ਗਿਐ, ਉਦੋਂ ਤੋਂ ਇਹ ਕਹਿਣਾ ਸੌਖਾ ਹੋ ਗਿਐ ਕਿ ਚੈਨਲਾਂ ਦਾ ਮਕਸਦ ਸਿਰਫ਼ ਲੋਕਾਈ ਨੂੰ ਬੇਵਕੂਫ਼ ਬਣਾਉਣਾ ਰਹਿ ਗਿਐ। ਜਦੋਂ ਰਾਖੀ ਸਾਵੰਤ ਵਰਗੀ 'ਸ਼ਰੀਫ਼' ਕੁੜੀ ਨਾਲ ਵਿਆਹ ਕਰਾਉਣ ਲਈ ਤਿੰਨ-ਤਿੰਨ ਦਰਜਨ ਮੁੰਡੇ ਹਾਜ਼ਰ ਹੋਣ, ਤਾਂ ਮਰਜ਼ੀ ਦਾ ਇੱਕ 'ਬੱਕਰਾ' ਲੱਭਣਾ ਭਲਾ ਕਿੰਨਾ ਕੁ ਔਖਾ ਹੁੰਦੈ? ਪਹਿਲਾਂ ਵਿਆਹ ਦੇ ਲਾਲਚ 'ਚ ਆਉਣ ਵਾਲਿਆਂ ਨੂੰ ਨਿੱਕੀ-ਨਿੱਕੀ ਗੱਲ 'ਤੇ ਜ਼ਲੀਲ ਕਰਨਾ ਤੇ ਬਾਅਦ 'ਚ ਇੱਕ ਨੂੰ ਚੁਣ ਉਹਦੇ ਵਰਮਾਲਾ ਪਾ ਕੁੱਝ ਮਹੀਨਿਆਂ ਬਾਅਦ ਕਹਿ ਛੱਡਣਾ, 'ਉਹ ਮੁੰਡਾ ਸਹੀ ਨਹੀਂ ਸੀ, ਮੈਂ ਉਸ ਨਾਲ ਜ਼ਿੰਦਗੀ ਭਰ ਰਹਿਣ ਦਾ ਫ਼ੈਸਲਾ ਨਹੀਂ ਲੈ ਸਕਦੀ...ਵਗੈਰਾ ਵਗੈਰਾ...' ਤਾਂ ਸਪੱਸ਼ਟ ਹੋ ਜਾਂਦੈ ਕਿ ਇਨ੍ਹਾਂ 'ਅਡੰਬਰਾਂ' ਦਾ ਮਕਸਦ ਸਿਰਫ਼ ਲੋਕਾਂ ਦਾ ਮਨੋਰੰਜਨ ਕਰਨਾ ਹੈ, ਘਰ ਵਸਾਉਣਾ ਨਹੀਂ। ਨਾਲੇ ਜਦੋਂ ਲਾੜਿਆਂ ਦੀ ਚੋਣ ਐਸ.ਐਮ.ਐਸ. ਜ਼ਰੀਏ ਹੁੰਦੀ ਹੋਵੇ ਤਾਂ ਕਿੰਨੀ ਕੁ ਦੇਰ ਨਿਭ ਸਕੇਗੀ, ਇਹਦਾ ਅੰਦਾਜ਼ਾ ਆਪੇ ਲਾਇਆ ਜਾ ਸਕਦੈ।

ਇਸ ਤੋਂ ਬਾਅਦ ਪ੍ਰਮੋਦ ਮਹਾਜਨ ਦੇ 'ਲਾਡਲੇ' ਰਾਹੁਲ ਮਹਾਜਨ ਲਈ ਕੁੜੀ ਲੱਭਣ ਲਈ ਅਡੰਬਰ ਰਚਿਆ ਗਿਆ। ਪਹਿਲੀ ਥਾਂ ਹੋਏ ਛੱਡ-ਛਡਾਅ ਤੋਂ ਬਾਅਦ ਜਦੋਂ ਡਿੰਪੀ ਮਿਲ ਗਈ ਤਾਂ ਕੁੱਝ ਮਹੀਨਿਆਂ ਬਾਅਦ ਲੜਾਈ ਦਾ ਕਾਰਾ ਸਾਹਮਣਾ ਆ ਗਿਆ। ਬਾਅਦ 'ਚ ਬਦਨਾਮੀ ਡਰੋਂ ਦੋਵੇਂ ਇਕੱਠੇ ਰਹਿਣ ਲੱਗ ਗਏ ਤੇ ਹੁਣ ਇੱਕ-ਦੋ ਸੀਰੀਅਲਾਂ ਕਰਕੇ ਚਰਚਾ 'ਚ ਆਉਣ ਵਾਲੀ ਰਤਨ ਰਾਜਪੂਤ ਨੂੰ ਭਾਵੇਂ ਅਭਿਨਵ ਲੱਭ ਗਿਐ ਪਰ ਉਹਨੇ ਵੀ ਵਿਆਹ ਦੀ ਅਗਲੀ ਤਾਰੀਕ ਇੰਜ ਪਾਈ ਹੈ ਜਿਵੇਂ ਅਦਾਲਤ 'ਚ ਪੇਸ਼ੀ ਭੁਗਤਣ ਆਏ ਮੁਜਰਿਮ ਨੂੰ ਜੱਜ ਅਗਲੀ ਤਰੀਕ ਦੇ ਛੱਡਦੈ। ਹੋ ਸਕਦੈ ਇਹ ਵਿਆਹ ਵੀ ਸਿਰੇ ਲੱਗਣ ਤੋਂ ਪਹਿਲਾਂ ਲੀਰਾਂ ਵਾਲੀ ਖਿੱਦੋ ਵਾਂਗ ਸਾਹਮਣੇ ਆ ਜਾਵੇ।



ਟੀ.ਵੀ. 'ਤੇ ਜਿਸ ਤਰ੍ਹਾਂ ਦਰਸ਼ਕਾਂ ਨੂੰ ਭਰਮਾਉਣ ਲਈ ਨਵੇਂ-ਨਵੇਂ ਢੰਗ ਲੱਭੇ ਜਾ ਰਹੇ ਨੇ, ਉਨ੍ਹਾਂ ਨੂੰ ਦੇਖ ਕੇ ਜਾਪਦੈ ਕਿ ਬਹੁਤ ਜਲਦੀ 'ਸਵੰਬਰਾਂ' ਵਾਲਾ ਅਡੰਬਰ ਪੁਰਾਣਾ ਹੋ ਜਾਵੇਗਾ ਤੇ ਇਹਦੀ ਥਾਂ 'ਤਲਾਕ' ਵਾਲੇ ਲੜੀਵਾਰ ਸ਼ੁਰੂ ਹੋਣ ਲੱਗਣਗੇ। ਨਵੇਂ-ਨਵੇਂ ਤਰੀਕੇ ਦੱਸੇ ਜਾਇਆ ਕਰਨਗੇ ਕਿ ਖਹਿੜਾ ਛੁਡਾਉਣੈ ਤਾਂ ਏਦਾਂ ਕਰੋ, ਓਦਾਂ ਕਰੋ।

ਇਹ ਗੱਲ ਪੱਕੀ ਹੋ ਗਈ ਹੈ ਕਿ ਚੈਨਲ ਦਾ ਜਿੰਨਾ ਵੱਡਾ ਦਾਇਰਾ ਹੋਵੇਗਾ, ਉਸ ਦੀ ਡਰਾਮੇਬਾਜ਼ੀ ਵੀ ਓਨੀ ਜ਼ਿਆਦਾ ਵੱਡੀ ਹੋਵੇਗੀ। ਯਕੀਨ ਨਹੀਂ ਤਾਂ ਪਿਛਾਂਹ ਵੱਲ ਨਜ਼ਰ ਦੌੜਾਓ। 'ਰਾਜ਼ ਪਿਛਲੇ ਜਨਮ ਕਾ' ਸ਼ੁਰੂ ਹੋਇਆ ਸੀ ਤਾਂ ਵੱਡੀਆਂ-ਵੱਡੀਆਂ ਹਸਤੀਆਂ ਪਹਿਲੇ ਜਨਮ ਦਾ ਹਾਲ ਜਾਨਣ ਲਈ ਪਹੁੰਚੀਆਂ ਸਨ। ਸਭ ਕੁੱਝ ਯੋਜਨਾਬੱਧ ਤਰੀਕੇ ਨਾਲ ਇੰਜ ਪੇਸ਼ ਕੀਤਾ ਗਿਆ, ਜਿਵੇਂ ਤਰਕ ਨਾਂ ਦੀ ਕੋਈ ਚੀਜ਼ ਨਾ ਰਹਿ ਗਈ ਹੋਵੇ। ਕਮਾਲ ਇਸ ਗੱਲ ਦੀ ਕਿ ਜਿਹੜੇ ਚੈਨਲ ਪੂਰਾ ਦਿਨ ਵਿਗਿਆਨਕ ਖ਼ਬਰਾਂ ਪੇਸ਼ ਕਰਨ ਦਾ ਦਾਅਵਾ ਕਰਦਿਆਂ 'ਸਭ ਸੇ ਆਗੇ' ਦਾ ਦਮ ਭਰਦੇ ਨੇ, ਰਾਤੀਂ 12 ਵਜੇ ਉਹੀ ਰਾਸ਼ੀਆਂ ਦੱਸਣ ਲੱਗਦੇ ਨੇ। ਪਹੁ ਫੁਟਾਲੇ ਮੌਕੇ ਚੈਨਲਾਂ 'ਤੇ ਬੈਠੇ ਡਰਾਉਣੇ ਚਿਹਰਿਆਂ ਵਾਲੇ ਤਾਂਤਰਿਕ ਪੂਰਾ ਦਿਨ ਵਧੀਆ ਲੰਘਾਉਣ ਦੇ ਗੁਰ ਦੱਸਦੇ ਨੇ, ਭਾਰੀ ਨਗ ਅਤੇ ਵੱਖੋ-ਵੱਖਰੇ ਰੰਗਾਂ ਵਾਲੇ ਕੱਪੜੇ ਪਾਉਣ ਲਈ ਪ੍ਰੇਰਦੇ ਹਨ।

ਪਿੱਛੇ ਜਿਹੇ 'ਸਚ ਕਾ ਸਾਮਨਾ' ਸ਼ੁਰੂ ਹੋਇਆ ਸੀ ਤੇ ਇਸ ਨੇ ਆਲੋਚਨਾ ਦੀਆਂ ਜਿਹੜੀਆਂ ਹੱਦਾਂ ਪਾਰ ਕੀਤੀਆਂ ਸਨ, ਉਸ ਤੋਂ ਵੀ ਸਾਰੇ ਵਾਕਫ਼ ਹਨ। ਹੈਰਾਨੀ ਇਸ ਗੱਲ ਦੀ ਵੀ ਹੈ ਕਿ 'ਬਿੱਗ ਬੌਸ' ਵਰਗੇ ਸ਼ੋਆਂ ਵਿਚ ਉਨ੍ਹਾਂ ਲੋਕਾਂ ਨੂੰ ਪੇਸ਼ ਕੀਤਾ ਜਾਣ ਲੱਗਾ, ਜਿਹੜੇ ਆਪਣੇ ਅਪਰਾਧੀ ਪਿਛੋਕੜ ਕਰਕੇ ਬਦਨਾਮੀ ਦੀਆਂ ਸੁਰਖੀਆਂ ਵਿਚ ਛਾਏ ਰਹਿੰਦੇ ਨੇ। ਕਦੇ ਸੀਮਾ ਪਰਹਾਰ ਨੂੰ ਵੱਖਰੇ ਅੰਦਾਜ਼ 'ਚ ਪੇਸ਼ ਕੀਤਾ ਜਾਂਦੈ, ਕਦੇ ਅੱਬੂ ਸਲੇਮ ਦੀ ਸਹੇਲੀ ਮੋਨਿਕਾ ਬੇਦੀ ਨੂੰ ਵੀ ਫ਼ਿਲਮਾਂ ਦੀ ਪੇਸ਼ਕਸ਼ ਹੋ ਗਈ ਹੈ।

ਜਦੋਂ ਤੋਂ ਮਨੋਰੰਜਨ ਤੇ ਅਪਰਾਧ ਜਗਤ ਦੀ ਭਾਈਵਾਲੀ ਸ਼ੁਰੂ ਹੋਈ ਹੈ, ਉਦੋਂ ਤੋਂ ਸਿਰ ਖੁਰਕਣ ਵਾਲਿਆਂ ਨੂੰ ਸੋਚਣ ਲਈ ਜ਼ਿਆਦਾ ਮਜਬੂਰ ਹੋਣਾ ਪਿਆ ਹੈ। ਆਪਣੇ ਮੰਗੇਤਰ ਨੀਰਜ ਦੇ ਤਿੰਨ ਸੌ ਟੁਕੜੇ ਕਰਨ ਵਾਲੀ ਮਾਰੀਆ ਨੂੰ ਜੇਲ੍ਹ 'ਚੋਂ ਬਾਹਰ ਆਉਂਦਿਆਂ ਹੀ ਰਿਐਲਟੀ ਸ਼ੋਆਂ ਤੇ ਫ਼ਿਲਮ ਨਿਰਦੇਸ਼ਕਾਂ ਦੀਆਂ ਪੇਸ਼ਕਸ਼ਾਂ ਆਉਣ ਲੱਗਦੀਆਂ ਨੇ ਤਾਂ ਅੰਦਾਜ਼ਾ ਆਪਣੇ ਆਪ ਲੱਗ ਜਾਂਦੈ ਕਿ ਪ੍ਰੋਗਰਾਮਾਂ ਤੇ ਫ਼ਿਲਮਾਂ ਤੋਂ ਨਵਾਂ ਪੋਚ ਕੀ ਸੇਧ ਲਵੇਗਾ? ਫ਼ਿਲਮਾਂ ਵਿਚ ਅੰਤ 'ਤੇ ਖਲਨਾਇਕ ਦੀ ਮੌਤ ਹੁੰਦੀ ਹੈ ਤੇ ਸੱਚਾਈ ਜਿੱਤਦੀ ਹੈ ਪਰ ਕੀ ਅਸਲ ਜ਼ਿੰਦਗੀ ਵਿਚ ਖ਼ੂਨ ਖਰਾਬਾ ਕਰਨ ਵਾਲੇ ਲੋਕ ਨੌਜਵਾਨ ਪੀੜ੍ਹੀ ਦੇ ਰੋਲ ਮਾਡਲ ਬਣਨੇ ਚਾਹੀਦੇ ਨੇ? ਇਹ ਇਕ ਵੱਡਾ ਸਵਾਲ ਹੈ।

ਹੈਰਾਨੀ ਹੈ ਕਿ ਟਾਡਾ ਤਹਿਤ ਜੇਲ੍ਹ ਦੀ ਸੈਰ ਕਰਨ ਵਾਲਾ ਸੰਜੇ ਦੱਤ ਬਾਹਰ ਆ ਕੇ ਜਦੋਂ 'ਖਲਨਾਇਕ' ਫ਼ਿਲਮ ਕਰਦਾ ਹੈ ਤਾਂ ਸੁਪਰ ਸਟਾਰ ਬਣ ਜਾਂਦਾ ਹੈ। ਪਹਿਲਾਂ ਹਿਰਨ ਮਾਰਨ ਤੇ ਬਾਅਦ 'ਚ ਸੁੱਤੇ ਪਏ ਗ਼ਰੀਬਾਂ 'ਤੇ ਗੱਡੀ ਚੜ੍ਹਾਉਣ ਦਾ ਦੋਸ਼ੀ ਸਲਮਾਨ ਖ਼ਾਨ ਜਿਉਂ-ਜਿਉਂ ਬਦਨਾਮ ਹੁੰਦਾ ਹੈ, ਤਿਉਂ-ਤਿਉਂ ਮੀਡੀਏ ਵੱਲੋਂ ਉਹਨੂੰ ਲੋਕ ਮਨਾਂ ਦਾ ਮਹਿਬੂਬ ਬਣਾਉਣ ਦੀਆਂ ਕੋਸ਼ਿਸ਼ਾਂ ਵਧਣ ਲੱਗੀਆਂ ਨੇ। ਹੁਣ ਤਾਂ ਇਉਂ ਜਾਪਣ ਲੱਗੈ ਕਿ ਘਰੇਲੂ ਨੌਕਰਾਣੀ ਨਾਲ ਜਬਰ ਜਨਾਹ ਦਾ ਦੋਸ਼ੀ ਸ਼ਾਇਨੀ ਆਹੂਜਾ ਜਦੋਂ ਬਰੀ ਹੋ ਕੇ ਜੇਲ੍ਹੋਂ ਬਾਹਰ ਆਵੇਗਾ, ਫ਼ਿਲਮ ਪ੍ਰੋਡਿਊਸਰ ਤੇ ਚੈਨਲਾਂ ਵਾਲੇ ਉਸ ਦਾ ਨਿੱਘਾ ਸਵਾਗਤ ਕਰਨਗੇ ਕਿਉਂਕਿ ਉਨ੍ਹਾਂ ਦੀ ਨਜ਼ਰ ਉਸ ਦੇ ਅਪਰਾਧ ਵੱਲ ਨਹੀਂ, ਅਪਰਾਧ ਤੋਂ ਬਾਅਦ ਆਈਆਂ ਖ਼ਬਰਾਂ ਕਰਕੇ ਉਸ ਨੂੰ ਮਿਲੀ ਮਸ਼ਹੂਰੀ 'ਤੇ ਟਿਕੀ ਹੋਵੇਗੀ।

ਗਲੈਮਰ ਦੀ ਦੁਨੀਆਂ ਜਿਸ ਕਦਰ ਕਾਤਲਾਂ, ਅੱਯਾਸ਼ਾਂ, ਮੱਕਾਰਾਂ ਤੇ ਗ਼ਲਤ ਕਿਰਦਾਰ ਵਾਲੇ ਲੋਕਾਂ ਨੂੰ 'ਜੀ ਆਇਆਂ' ਆਖ ਰਹੀ ਹੈ, ਉਸ ਤੋਂ ਜਾਪਦੈ ਕਿ ਕਿਸੇ ਦਿਨ ਅੱਬੂ ਸਲੇਮ ਵੀ ਫ਼ਿਲਮਾਂ ਦਾ ਹੀਰੋ ਬਣਿਆ ਹੋਵੇ ਜਾਂ ਦਾਊਦ ਕਿਸੇ ਰਿਐਲਟੀ ਸ਼ੋਅ ਵਿਚ ਇੱਕ ਕਰੋੜ ਦਾ ਇਨਾਮ ਜਿੱਤਣ ਪਹੁੰਚ ਜਾਵੇ। ਕੱਲ੍ਹ ਨੂੰ ਇਹ ਵੀ ਹੋ ਸਕਦੈ ਕਿ ਕਿਸੇ ਪੰਜਾਬੀ ਚੈਨਲ ਜਾਂ ਪੰਜਾਬੀ ਫ਼ਿਲਮ ਵੱਲੋਂ ਪ੍ਰਿੰਸ ਮੱਕੜ ਨੂੰ ਵੀ ਨਾਲ ਤੋਰ ਲਿਆ ਜਾਵੇ ਕਿਉਂਕਿ ਪਿਛਲੇ ਕਾਫੀ ਸਮੇਂ ਤੋਂ ਉਹ ਵੀ ਆਪਣੇ ਕਾਰੇ ਕਰਕੇ ਸੁਰਖੀਆਂ ਦਾ ਸ਼ਿੰਗਾਰ ਬਣਿਆ ਹੋਇਆ ਹੈ।

ਕੱਲ੍ਹ ਤੱਕ ਜਿਹੜੇ ਚੈਨਲ ਤੇ ਫ਼ਿਲਮਾਂ ਵਾਲੇ 'ਨੰਬਰਿੰਗ' ਤੋਂ ਬਾਅਦ ਲਿਖਦੇ ਸਨ, 'ਇਸ ਫ਼ਿਲਮ/ਸੀਰੀਅਲ ਦੇ ਸਾਰੇ ਪਾਤਰ ਕਾਲਪਨਿਕ ਹਨ, ਜੇ ਇਨ੍ਹਾਂ ਦਾ ਹਕੀਕਤ ਨਾਲ ਕੋਈ ਮੇਲ ਹੋ ਜਾਂਦਾ ਹੈ ਤਾਂ ਇਸ ਨੂੰ 'ਕ੍ਰਿਸ਼ਮਾ' ਸਮਝਿਆ ਜਾਵੇ', ਹੋ ਸਕਦੈ ਭਵਿੱਖ ਵਿਚ ਉਹ ਲਿਖਣ, 'ਇਸ ਫ਼ਿਲਮ/ਸੀਰੀਅਲ ਦੇ ਸਾਰੇ ਪਾਤਰ ਅਪਰਾਧੀ ਹਨ, ਜੇ ਕੋਈ ਸ਼ਰੀਫ਼ ਦਿਸ ਪਵੇ ਤਾਂ ਅਸੀਂ ਮਾਫ਼ੀ ਚਾਹਾਂਗੇ।' ਅਜਿਹੇ ਹਾਲਾਤ ਵਿਚ ਸਾਨੂੰ ਆਪਣੇ ਨਿਆਣਿਆਂ ਕੋਲੋਂ ਜ਼ਿੰਮੇਵਾਰ ਨਾਗਰਿਕ ਨਹੀਂ, 'ਜੁਗਾੜੂ' ਨਾਗਰਿਕ ਬਣਨ ਦੀ ਹੀ ਉਮੀਦ ਕਰਨੀ ਚਾਹੀਦੀ ਹੈ।

# ਵਿਲੱਖਣ ਤੇ ਮਿਸਾਲੀ ਫਿਲਮਸਾਜ਼ ਮਣੀ ਕੌਲ

## ਮਣੀ ਦੇ ਸਿਰਜੇ ਦ੍ਰਿਸ਼ ਆਪ-ਮੁਹਾਰੇ ਗੱਲਾਂ ਕਰਦੇ ਸਨ...





ਫਿਲਮ 'ਉਸਕੀ ਰੋਟੀ' ਦਾ ਦ੍ਰਿਸ਼

ਮਣੀ ਕੌਲ ਦੀ ਸਬੂਤੀ ਵਿਦਾਈ ਨਾਲ ਸਾਡੇ ਸਿਨੇਮਾ ਦੇ ਉਸ ਦੌਰ ਦਾ ਮਹਾਂਪੁਰਖ ਖੁੱਸ ਗਿਆ ਹੈ, ਜਦੋਂ ਸਿਨੇਮਾ ਵਿਚ ਲੀਹ-ਪਾੜਵੇਂ ਹੰਭਲੇ ਮਾਰੇ ਜਾ ਰਹੇ ਸਨ। ਉਦੋਂ ਜਿਸ ਤਰ੍ਹਾਂ ਵਕਤ ਅੰਗੜਾਈ ਲੈ ਰਿਹਾ ਸੀ, ਉਸੇ ਤਰ੍ਹਾਂ ਭਾਰਤੀ ਸਿਨੇਮਾ ਵੀ ਕਰਵਟ ਬਦਲ ਰਿਹਾ ਸੀ। ਹੁਣ ਸ਼ਾਇਦ ਇਹ ਬੀਤੇ ਦੀਆਂ ਬਾਤਾਂ ਹਨ। ਹੁਣ ਤਾਂ ਜਦੋਂ ਕੋਈ ਮਣੀ ਦਾ ਨਾਂ ਲੈਂਦਾ ਹੈ ਤਾਂ ਅਗਲਾ ਜਣਾ ਝੱਟ ਉਤਸੁਕਤਾ ਜਿਹੀ ਨਾਲ ਪੁੱਛਦਾ ਹੈ-ਮਣੀ ਰਤਨਮ। ਮਣੀ ਰਤਨਮ ਤਾਂ ਮਣੀ ਰਤਨਮ ਹੈ, ਇਹ ਮਣੀ ਤਾਂ ਮਣੀ ਕੌਲ ਹੈ ਜਿਸ ਨੇ ਆਪਣੀਆਂ ਫਿਲਮਾਂ ਰਾਹੀਂ ਸਾਨੂੰ ਕੁਝ ਅਜਿਹੇ ਦ੍ਰਿਸ਼ ਦਿੱਤੇ ਜੋ ਸਿੱਧੇ ਬੰਦੇ ਦੇ ਜ਼ਿਹਨ ਵਿਚ ਖੌਰੂ ਪਾਉਂਦੇ ਹਨ। ਉਸ ਦੀ ਖ਼ਾਸੀਅਤ ਹੀ ਇਹ ਸੀ ਕਿ ਉਹ ਆਪਣੇ ਦ੍ਰਿਸ਼ਾਂ ਨੂੰ ਬੋਲਣ ਲਾ ਦਿੰਦਾ ਸੀ। ਸ਼ਬਦਾਂ ਦੀ ਲੋੜ ਹੀ ਕੋਈ ਨਹੀਂ ਸੀ ਜਾਪਦੀ। ਉਸ ਵੱਲੋਂ ਸਿਰਜੇ ਦ੍ਰਿਸ਼ ਇੰਨੇ ਹੀ ਮੂੰਹ-ਜ਼ੋਰ ਹੁੰਦੇ ਸਨ। ਉਹ ਅਜਿਹਾ ਫਿਲਮਸਾਜ਼ ਸੀ ਜਿਹੜਾ ਮਨ-ਆਈ ਕਰਨ ਦਾ ਜ਼ੋਰ ਰੱਖਦਾ ਸੀ ਅਤੇ ਉਸ ਦੀ ਗੱਲ ਅਗਾਂਹ ਲੋਕਾਂ ਤੱਕ ਪੁੱਜਦੀ ਵੀ ਸੀ, ਤੇ ਪੁੱਜਦੀ ਵੀ ਬਹੁਤ ਸੁੱਚੇ ਰੂਪ ਵਿਚ ਸੀ। ਉਹ ਤੁਹਾਡੇ ਜ਼ਿਹਨ ਦੇ ਸਭ ਜਾਲੇ ਸਾਫ ਕਰਨ ਦੀ ਤਾਕਤ ਰੱਖਦਾ ਸੀ। ਉਂਝ ਇਹ ਸਾਡੇ ਸਮਿਆਂ ਦਾ ਦੁਖਾਂਤ ਹੈ ਕਿ ਉਸ ਦੀਆਂ ਫਿਲਮਾਂ ਅਗਾਂਹ ਸਫਰ ਨਹੀਂ ਕਰ ਸਕੀਆਂ। ਇਹ ਹੁਣ ਗਿਣੇ-ਚੁਣੇ ਲੋਕਾਂ ਦੀਆਂ ਯਾਦਾਂ ਵਿਚ ਹੀ ਰਹਿ ਗਈਆਂ ਹਨ। 'ਉਸਕੀ ਰੋਟੀ', 'ਦੁਵਿਧਾ', 'ਅਸ਼ਾੜ ਕਾ ਏਕ ਦਿਨ', 'ਨੌਕਰ ਕੀ ਕਮੀਜ਼', 'ਸਤਿਹ ਸੇ ਉਠਤਾ ਆਦਮੀ', 'ਸਿਧੇਸ਼ਵਰੀ' ਅਤੇ 'ਇਡੀਅਟ' ਵਰਗੀਆਂ ਫਿਲਮਾਂ ਸਦਾ ਚਰਚਾ ਵਿਚ ਰਹੀਆਂ। ਇਨ੍ਹਾਂ ਵਿਚ ਗੱਲ ਅਜਿਹੇ ਢੰਗ ਨਾਲ ਕੀਤੀ ਗਈ ਸੀ ਕਿ ਇਹ ਗੱਲ ਬੰਦੇ ਤੋਂ ਬੰਦੇ ਤੱਕ ਸਫ਼ਰ ਤੈਅ ਕਰਦੀ ਸੀ।

ਮਣੀ ਕੌਲ ਬ੍ਰੈਜ਼ਨ, ਤਰਕੋਵਸਕੀ, ਰਿਤਵਿਕ ਘਟਕ ਜਿਹੇ ਧੁਨੰਤਰਾਂ ਤੋਂ ਪ੍ਰਭਾਵਿਤ ਸੀ ਪਰ ਇਹ ਪ੍ਰਭਾਵ ਹਾਸਲ ਕਰਕੇ ਉਹ ਜੋ ਕੁਝ ਫਿਰ ਆਪਣਾ ਸਿਰਜਦਾ ਸੀ, ਉਹ ਨਿਰੋਲ ਉਸ ਦਾ ਆਪਣਾ ਹੁੰਦਾ ਸੀ। ਉਹ ਆਪਣੀ ਹਰ ਸਿਰਜਣਾ ਵਿਚ ਨਵਾਂ ਹੀ ਮੁਹਾਵਰਾ ਬੰਨ੍ਹ ਦਿੰਦਾ ਸੀ। ਦਰਸ਼ਕ ਉਸ ਦੀ ਸਿਰਜਣਾ ਨੂੰ ਸਾਹ ਰੋਕ ਕੇ ਦੇਖਦਾ/ਸੁਣਦਾ ਸੀ। ਆਲੋਚਕ ਉਸ ਦੀ ਸਿਰਜਣਾ 'ਤੇ ਰਸ਼ਕ ਕਰਦੇ ਸਨ। 1969 ਵਿਚ ਜਦ ਉਸ ਦੀ ਪਹਿਲੀ ਫਿਲਮ 'ਉਸ ਕੀ ਰੋਟੀ' ਆਈ ਤਾਂ ਸਭ ਦੰਗ ਰਹਿ ਗਏ। ਉਸ ਦਾ ਇਹ ਰੰਗ ਅੰਤ ਤੱਕ ਬਰਕਰਾਰ ਰਿਹਾ। ਉਹ ਖੁਦ ਆਖਦਾ ਸੀ ਕਿ ਉਸ ਦੀ ਸਿਰਜਣਾ ਦਾ ਮਤਲਬ ਕੁਝ ਨਵਾਂ ਸਿਰਜਣਾ ਹੈ। ਜੇ ਲੋਕਾਂ ਨੂੰ ਜਾਂ ਫਿਲਮਸਾਜ਼ ਨੂੰ ਪਹਿਲਾਂ ਹੀ ਪਤਾ ਹੈ ਤਾਂ ਭਵਿੱਖ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਕੋਈ ਕਿਸ ਤਰ੍ਹਾਂ ਦੇਖ ਸਕਦਾ ਹੈ? ਜੇ ਕਿਸੇ ਦੀ ਸਿਰਜਣਾ ਇਹ ਕੁਝ ਨਹੀਂ ਕਰਦੀ ਤਾਂ ਤੁਹਾਨੂੰ ਕਿਵੇਂ ਪਤਾ ਲੱਗੇਗਾ ਕਿ ਤੁਸੀਂ ਅਗਾਂਹ ਜਾਣਾ ਕਿੱਥੇ ਹੈ?

ਬਹੁਤ ਸਾਲ ਗੁਜ਼ਰ ਗਏ, ਮਣੀ ਕੌਲ ਦੀਆਂ ਫਿਲਮਾਂ ਦੀ ਕਿਤੇ ਚਰਚਾ ਨਹੀਂ ਸੁਣੀ ਪਰ ਸਿਨੇਮਾ ਬਾਰੇ ਜਿਹੜੇ ਲੋਕਾਂ ਨੂੰ ਕੁਝ ਚੰਗੇਰਾ ਯਾਦ ਹੈ, ਉਹ ਇਸ ਸ਼ਖ਼ਸ ਦੀਆਂ ਫਿਲਮਾਂ ਵਿਚ ਸਮੋਇਆ ਹੋਇਆ ਸੱਚ ਹੈ। ਮਸਲਨ: ਮੀਤਾ ਵਸ਼ਿਸ਼ਟ 'ਸਿਧੇਸ਼ਵਰੀ' ਵਿਚ 'ਪਰਫੈਕਟ ਪਰਫਾਰਮੈਂਸ' ਦੇ ਰਹੀ ਹੈ। ਸ਼ਾਹਰੁਖ਼ ਖਾਨ ਦਾ ਸੁਪਰਸਟਾਰੀ ਕਰੀਅਰ 'ਇਡੀਅਟ' ਨਾਲ ਸ਼ੁਰੂ ਹੋਇਆ ਸੀ। 'ਇੰਡੀਅਟ' ਚਾਰ ਭਾਗਾਂ ਵਿਚ ਟੈਲੀਵਿਜ਼ਨ ਲਈ ਤਿਆਰ ਕੀਤਾ ਪ੍ਰਾਜੈਕਟ ਸੀ, ਪਰ ਪਿੱਛੋਂ ਇਸ ਨੂੰ ਕੱਟ-ਵੱਢ ਕੇ ਤਿੰਨ ਘੰਟੇ ਦੀ ਫੀਚਰ ਫਿਲਮ ਬਣਾ ਕੇ ਰਿਲੀਜ਼ ਕੀਤਾ ਗਿਆ ਸੀ। ਉਦੋਂ ਸ਼ਾਹਰੁਖ਼ ਖਾਨ ਮਣੀ ਕੌਲ ਨਾਲ ਕੰਮ ਕਰਕੇ ਇੰਨਾ ਖੁਸ਼ ਹੁੰਦਾ ਸੀ ਕਿ ਉਸ ਨੂੰ ਬੋਲਦੇ ਨੂੰ ਚੁੱਪ ਕਰਾਉਣਾ ਔਖਾ ਹੋ ਜਾਂਦਾ ਸੀ। ਮਣੀ ਕੌਲ ਦਾ ਜਾਦੂ ਹੀ ਅਜਿਹਾ ਸੀ, ਜੋ ਨੇੜੇ ਆਏ ਹਰ ਕਲਾਕਾਰ ਦੇ ਸਿਰ ਚੜ੍ਹ ਬੋਲਦਾ ਸੀ। 'ਇੰਡੀਅਟ' ਤੋਂ ਬਾਅਦ ਹੀ ਸ਼ਾਹਰੁਖ਼ ਖਾਨ ਦਾ ਟੈਲੀਫਿਜ਼ਨ ਤੋਂ ਫਿਲਮਾਂ ਵੱਲ ਰਾਹ ਖੁੱਲਿਆ। 'ਉਸਕੀ ਰੋਟੀ' ਦਾ ਉਹ ਦ੍ਰਿਸ਼ ਕਿਸ ਨੂੰ ਭੁੱਲ ਸਕਦਾ ਹੈ ਜਦੋਂ ਪਤੀ ਤਰੱਦਦ ਨਾਲ ਤਿਆਰ ਕੀਤੀ ਰੋਟੀ ਤੋਂ ਮੂੰਹ ਭੁਆ ਕੇ ਤੁਰ ਜਾਂਦਾ ਹੈ ਅਤੇ ਪਤਨੀ ਦਾ ਚਿਹਰਾ ਸਥਿਰ ਹੋ ਜਾਂਦਾ ਹੈ। 'ਦੁਵਿਧਾ' ਦੀ ਤਾਂ ਗੱਲ ਹੀ ਕੀ ਕਰਨੀ ਹੋਈ। ਇਸ ਫਿਲਮ ਵਿਚ ਮਣੀ ਕੌਲ ਨੇ ਅੰਤਾਂ ਦਾ ਨਾਟਕ ਭਰ ਦਿੱਤਾ ਸੀ। ਇਹ ਫਿਲਮ ਵਿਜੈਦਾਨ ਦੇਠਾ ਦੇ ਨਾਵਲੈੱਟ 'ਤੇ ਆਧਾਰਤ ਸੀ। ਬਾਅਦ ਵਿਚ ਅਮੋਲ ਪਾਲੇਕਰ ਨੇ ਵੀ ਸ਼ਾਹਰੁਖ਼ ਖਾਨ ਅਤੇ ਰਾਣੀ ਮੁਖਰਜੀ ਨੂੰ ਲੈ ਕੇ ਇਸੇ ਨਾਵਲੈੱਟ 'ਤੇ ਫਿਲਮ 'ਪਹੇਲੀ' ਬਣਾਈ ਪਰ ਜੋ ਗੱਲ ਮਣੀ ਕੌਲ ਨੇ ਕਈ ਦਹਾਕੇ ਪਹਿਲਾਂ ਕੀਤੀ ਸੀ, ਉਹ ਅਮੋਲ ਪਾਲੇਕਰ ਆਧੁਨਿਕ ਤਕਨਾਲੌਜੀ ਦੇ ਬਾਵਜੂਦ ਨਹੀਂ ਕਰ ਸਕਿਆ। ਇਸ ਫਿਲਮ ਵਿਚ ਭੂਤ ਦੇ ਆਪਣੀ ਪਤਨੀ ਨਾਲ ਮੁਹੱਬਤ ਦੀ ਕਥਾ ਹੈ, ਤੇ ਇਹ ਕਥਾ ਇੰਨੇ ਸਾਲ ਪਹਿਲਾਂ ਮਣੀ ਕੌਲ ਨੇ ਜਿਸ ਤਰ੍ਹਾਂ ਸੁਣਾਈ, ਉਹ ਆਪਣੀ ਮਿਸਾਲ ਆਪ ਹੈ/ਸੀ।





ਮਣੀ ਕੌਲ ਦੀਆਂ ਦੋ ਤਸਵੀਰਾਂ

ਉਸ ਨੇ ਕਈ ਇਨਾਮ ਜਿੱਤੇ, ਬਹੁਤ ਪ੍ਰਸੰਸਾ ਖੱਟੀ ਪਰ ਉਹ ਜਿਸ ਤੇਜ਼ੀ ਨਾਲ ਫਿਲਮਾਂ ਬਣਾਉਣੀਆਂ ਚਾਹੁੰਦਾ ਸੀ, ਉਹ ਉਸ ਦੇ ਵੱਸ ਵਿਚ ਨਹੀਂ ਸੀ ਅਤੇ ਕਿਸੇ ਪਾਸਿਓਂ ਕੋਈ ਭਰਵੀਂ ਇਮਦਾਦ ਵੀ ਨਾ ਮਿਲੀ। ਉਂਝ, ਆਪਣੀਆਂ ਫਿਲਮਾਂ ਰਾਹੀਂ ਉਸ ਨੇ ਜੋ ਇਨਕਲਾਬ ਲਿਆਂਦਾ, ਉਹ ਬੇਜੋੜ ਸੀ। ਉਸ ਨੇ ਫਿਲਮ ਦੇ ਸਮੁੱਚੇ ਢਾਂਚੇ, ਬਿਰਤਾਂਤ ਅਤੇ ਪਾਤਰ ਉਸਾਰੀ ਨੂੰ ਮਾਲਾ ਦੇ ਮੋਤੀਆਂ ਵਾਂਗ ਸਭ ਦੇ ਸਾਹਮਣੇ ਖਿਲਾਰ ਦਿੱਤਾ। ਫਿਰ ਇਨ੍ਹਾਂ ਬਿਖਰੇ ਮੋਤੀਆਂ ਵਿਚੋਂ ਇਕ-ਇਕ ਮੋਤੀ ਚੁਗ ਕੇ ਫਿਲਮਾਂ ਬਣਾਉਣ ਦਾ ਕੌਤਕ ਕਰ ਕੇ ਦਿਖਾਇਆ। ਉਸ ਨੇ ਹਰ ਦ੍ਰਿਸ਼ ਨੂੰ ਮੁਕੰਮਲ ਦ੍ਰਿਸ਼ ਬਣਾਉਣ ਦਾ ਯਤਨ ਕੀਤਾ। ਉਸ ਦੀ ਹਰ ਫਿਲਮ ਦਾ ਹਰ ਦ੍ਰਿਸ਼ ਆਪਣੇ ਆਪ ਵਿਚ ਮੁਕੰਮਲ ਕਹਾਣੀ ਕਹਿੰਦਾ ਸੀ। ਇਹੀ ਉਸ ਦੀ ਪ੍ਰਾਪਤੀ ਸੀ। ਉਸ ਨੇ ਜਦੋਂ 'ਦਰੁਪਦ' ਬਾਰੇ ਦਸਤਾਵੇਜ਼ੀ ਬਣਾਈ ਤਾਂ ਉਸ ਵਿਚ ਸੰਗੀਤ ਅਤੇ ਇਮਾਰਤਸਾਜ਼ੀ ਦੀ ਬਰਾਬਰੀ ਦਿਖਾ ਕੇ ਸਭ ਨੂੰ ਦੰਗ ਕਰ ਦਿੱਤਾ। ਇਸ ਦਾ ਵੱਡਾ ਕਾਰਨ ਇਹ ਸੀ ਕਿ ਉਹ ਇਕੱਲਾ ਫਿਲਮਸਾਜ਼ ਨਹੀਂ ਸੀ, ਉਹ ਸੰਗੀਤਕਾਰ ਵੀ ਸੀ, ਗਾਇਕ ਵੀ, ਤੇ ਚਿੱਤਰਕਾਰ ਵੀ ਸੀ। ਇਹ ਸਾਰੀਆਂ ਕਲਾਵਾਂ ਜਦੋਂ ਸੰਗਮ ਦਾ ਰੂਪ ਧਾਰਦੀਆਂ ਸਨ ਤਾਂ ਉਹ ਜਲੌਅ ਪੈਦਾ ਕਰਦੀਆਂ ਸਨ ਜੋ ਸਭ ਨੂੰ ਖਿੱਚਦਾ ਸੀ।

ਉਂਝ, ਇੰਨੀਆਂ ਕਲਾਵਾਂ ਦਾ ਸੰਗੀ-ਸਾਥੀ ਹੋਣ ਦੇ ਬਾਵਜੂਦ ਉਹ ਇਕੱਲਾ ਸੀ। ਸਿਨੇਮਾ ਦਰਅਸਲ ਸਮੂਹਕ ਹੰਭਲੇ ਦੀ ਮੰਗ ਕਰਦਾ ਹੈ, ਪਰ ਮਣੀ ਕੌਲ ਦੇ ਮਾਮਲੇ ਵਿਚ ਅਜਿਹਾ ਹੋ ਨਾ ਸਕਿਆ। ਜਿਨ੍ਹਾਂ ਵੀ ਲੋਕਾਂ ਨੇ ਉਹਦੇ ਨਾਲ ਕੰਮ ਕੀਤਾ, ਉਹ ਉਹਦੇ ਮੁਰੀਦ ਹੋ ਗਏ। ਸੰਗੀਤ ਅਤੇ ਚਿੱਤਰਕਲਾ ਤਾਂ ਉਂਝ ਵੀ ਇਕਹਿਰੇ ਅਤੇ ਇਕੱਲੇ ਮਨ ਦੀਆਂ ਉਡਾਣਾਂ ਹੀ ਹੁੰਦੀਆਂ ਹਨ। ਇਹ ਦੋਵੇਂ ਕਲਾਵਾਂ ਉਸ ਦੇ ਧੁਰ ਅੰਦਰ ਫੈਲੀਆਂ ਹੋਈਆਂ ਸਨ। ਇਨ੍ਹਾਂ ਦਾ ਉਸ ਦੀਆਂ ਫਿਲਮਾਂ ਉਤੇ ਵੀ ਸਪਸ਼ਟ ਪ੍ਰਭਾਵ ਦਿਸਦਾ ਹੈ। ਇਸੇ ਕਰਕੇ ਤਾਂ ਉਸ ਦੀਆਂ ਫਿਲਮਾਂ ਦੇ ਦ੍ਰਿਸ਼ ਬਿਨਾ ਆਵਾਜ਼ ਤੋਂ ਬੋਲਦੇ ਹਨ।

ਮਣੀ ਕੌਲ ਪਹਿਲਾ ਭਾਰਤੀ ਫਿਲਮਸਾਜ਼ ਸੀ ਜਿਹੜਾ ਰਵਾਇਤ ਤੋਂ ਲਾਂਭੇ ਹੋ ਕੇ ਤੁਰਿਆ ਅਤੇ ਉਸ ਨੇ ਫਿਲਮ ਦੀ ਸਿੱਧੀ ਸਪੱਸ਼ਟ ਕਹਾਣੀ ਨੂੰ ਠੁੱਕ ਸਿਰ ਕੀਤਾ। ਉਦੋਂ ਕੁਮਾਰ ਸ਼ਹਾਨੀ ਅਤੇ ਸ਼ਿਆਮ ਬੈਨੇਗਲ ਵਰਗੇ ਵੀ ਸਿਨੇਮਾ ਦੇ ਖੇਤਰ ਵਿਚ ਪੈ ਰਹੀਆਂ ਨਵੀਆਂ ਪੈੜਾਂ ਵਿਚ ਭਾਈਵਾਲ ਸਨ, ਪਰ ਮਣੀ ਕੌਲ ਸਭ ਤੋਂ ਵੱਖਰਾ ਸੀ। ਉਸ ਦੀਆਂ ਫਿਲਮਾਂ ਵਿਚ ਸੰਗੀਤ ਦਾ ਰੰਗ ਮਾਣਨ ਵਾਲਾ ਹੁੰਦਾ ਸੀ। ਸਾਰੀ ਉਮਰ ਉਹ 'ਦਰੁਪਦ' ਦਾ ਵਿਦਿਆਰਥੀ ਰਿਹਾ। ਉਹ ਗਾਉਂਦਾ ਸੀ ਤਾਂ ਕਮਾਲ ਹੋ ਜਾਂਦੀ ਸੀ। ਉਹਨੇ ਫਿਲਮ ਡਿਵੀਜ਼ਨ ਲਈ 'ਦਰੁਪਦ' ਬਾਰੇ ਦਸਤਾਵੇਜ਼ੀ ਫਿਲਮ ਵੀ ਬਣਾਈ। ਇਹ ਉਸ ਦੀ 'ਦਰੁਪਦ' ਗਾਇਨ ਲਈ ਸ਼ਰਧਾ ਹੀ ਸੀ।

ਆਪਣੀ ਫਿਲਮ 'ਨੌਕਰ ਕੀ ਕਮੀਜ਼' ਬਣਾਉਣ ਤੋਂ ਪੂਰੇ 15 ਸਾਲਾਂ ਦੇ ਵਕਫੇ ਪਿੱਛੋਂ ਉਹ ਹੁਣ ਭਾਰਤ ਅਤੇ ਇਟਲੀ ਦੇ ਸਾਂਝੇ ਪ੍ਰਾਜੈਕਟ ਤਹਿਤ ਫਿਲਮ 'ਅੰਡਰ ਹਰ ਸਪੈੱਲ' ਬਣਾਉਣ ਦੀ ਤਿਆਰੀ ਕੱਸ ਰਿਹਾ ਸੀ। ਇਹ ਫਿਲਮ ਪੱਤਰਕਾਰ ਦਿਲੀਪ ਪੜਗਾਓਂਕਰ ਦੀ ਕਿਤਾਬ 'ਤੇ ਆਧਾਰਿਤ ਸੀ। ਇਸ ਤੋਂ ਇਲਾਵਾ ਉਹ ਪੰਜਾਬੀ ਫਿਲਮ ਬਣਾਉਣ ਲਈ ਆਪਣੇ ਇਕ ਚੇਲੇ ਦੀ ਇਮਦਾਦ ਕਰ ਰਿਹਾ ਸੀ। ਤੁਸੀਂ ਸੋਚੋ-ਪੰਜਾਬੀ ਸਿਨੇਮਾ ਵਿਚ ਮਣੀ ਕੌਲ ਵਰਗੀ ਸ਼ਖ਼ਸੀਅਤ ਨੇ ਰੰਗ ਭਰਨੇ ਸਨ! ਇਹ ਪ੍ਰਾਜੈਕਟ ਪੰਜਾਬੀਆਂ ਲਈ ਧੰਨਭਾਗ ਸੀ ਅਤੇ ਇਹ ਸਿਰਜਣਾ ਪੰਜਾਬੀਆਂ ਲਈ ਤੋਹਫਾ ਹੋਣੀ ਸੀ। ਉਫ! ਇਹ ਮਣੀ ਕੌਲ ਦੇ ਜਾਣ ਦਾ ਵਕਤ ਨਹੀਂ ਸੀ!!

# ਕਪੂਰ ਪਰਿਵਾਰ ਦੀ ਬਾਲੀਵੁੱਡ 'ਚ ਸਰਦਾਰੀ



ਕ੍ਰਿਸ਼ਮਾ ਕਪੂਰ



ਕਰੀਨਾ ਕਪੂਰ

ਬਾਲੀਵੁੱਡ 'ਚ ਕਪੂਰ ਪਰਿਵਾਰ ਦੀ ਸਰਦਾਰੀ ਹੈ। ਬਾਲੀਵੁੱਡ ਦੇ ਨਾਮੀ ਘਰਾਣਿਆਂ 'ਚੋਂ ਸਭ ਤੋਂ ਪਹਿਲਾ ਨਾਂ ਕਪੂਰ ਪਰਿਵਾਰ ਦਾ ਆਉਂਦਾ ਹੈ। ਇਸ ਘਰਾਣੇ ਦੀ ਸ਼ੁਰੂਆਤ ਪ੍ਰਿਥਵੀਰਾਜ ਕਪੂਰ ਨਾਲ ਹੋਈ। 30 ਤੋਂ 60 ਦੇ ਦਹਾਕੇ ਵਿਚਾਲੇ ਪ੍ਰਿਥਵੀ ਰਾਜ ਕਪੂਰ ਦੀ ਕਲਾਕਾਰੀ ਦੇ ਕਿੱਸੇ ਸਭ ਦੀ ਜ਼ੁਬਾਨ 'ਤੇ ਸਨ। 'ਸਿਕੰਦਰ', 'ਫੂਲ', 'ਲਾਜਵਾਬ', 'ਮੁਗਲ-ਏ-ਆਜ਼ਮ' ਤੇ 'ਕਲ ਆਜ ਔਰ ਕਲ' ਵਰਗੀਆਂ ਫ਼ਿਲਮਾਂ ਨਾਲ ਉਨ੍ਹਾਂ ਨੇ ਆਪਣਾ ਰੁਤਬਾ ਬਣਾਇਆ ਤੇ ਕਾਇਮ ਰੱਖਿਆ ਤੇ ਅਦਾਕਾਰੀ ਦੀ ਰਵਾਇਤ ਨੂੰ ਅਗਾਂਹ ਵਧਾਇਆ।

ਉਨ੍ਹਾਂ ਦੇ ਤਿੰਨ ਪੁੱਤਰਾਂ ਰਾਜ ਕਪੂਰ, ਸ਼ੰਮੀ ਕਪੂਰ ਤੇ ਸ਼ਸ਼ੀ ਕਪੂਰ ਨੇ।ਚੈਪਲਿਨ ਸਟਾਈਲ ਨੂੰ ਅਪਣਾ ਕੇ ਰਾਜ ਨੇ ਨਹਿਰੂ ਦੇ ਦੌਰ ਵਾਲੇ ਭਾਰਤੀ ਲੋਕਾਂ ਦਾ ਦਿਲ ਜਿੱਤ ਲਿਆ। ਉਨ੍ਹਾਂ ਦੀਆਂ ਖਾਸ ਭਾਵ 'ਹਮੇਸ਼ਾ ਬੇਘਰ', 'ਆਵਾਰਾ', 'ਸ਼੍ਰੀ 420', 'ਜਿਸ ਦੇਸ਼ ਮੇਂ ਗੰਗਾ ਬਹਿਤੀ ਹੈ' ਤੇ 'ਜਾਗਤੇ ਰਹੋ' ਵਰਗੀਆਂ ਫ਼ਿਲਮਾਂ ਉਨ੍ਹਾਂ ਦੀ ਅਦਾਕਾਰੀ ਦੇ ਰੰਗ ਦਿਖਾਉਂਦੀਆਂ ਰਹੀਆਂ। ਸਿਰਫ 24 ਸਾਲ ਦੀ ਉਮਰ 'ਚ ਕਲਾਕਾਰ-ਨਿਰਮਾਤਾ-ਨਿਰਦੇਸ਼ਕ ਰਾਜ ਕਪੂਰ ਨੇ 'ਆਰ. ਕੇ. ਸਟੂਡੀਓ' ਦੀ ਨੀਂਹ ਰੱਖੀ ਤੇ ਸਿਖਰ ਦੇ ਸ਼ੋਅ ਮੈਨ ਬਣ ਗਏ।

'ਤੀਸਰੀ ਮੰਜ਼ਿਲ', 'ਦਿਲ ਦੇ ਕੇ ਦੇਖੋ', 'ਜੰਗਲੀ', 'ਐਨ ਈਵਨਿੰਗ' ਵਰਗੀਆਂ ਫ਼ਿਲਮਾਂ 'ਚ ਸ਼ੰਮੀ ਨੇ ਆਪਣੇ ਦਰਸ਼ਕਾਂ ਨੂੰ ਰੋਮਾਂਸ ਦੀ ਸੁਪਨਮਈ ਦੁਨੀਆ 'ਚ ਕੈਦ ਕਰਕੇ ਰੱਖ ਦਿੱਤਾ। ਸ਼ਸ਼ੀ ਨੇ ਖੁਦ ਨੂੰ ਬਾਕਸ ਆਫਿਸ ਦੀ ਮੰਗ ਮੁਤਾਬਿਕ ਢਾਲਿਆ। ਭਾਵੇਂ ਉਹ ਸੰਦੇਸ਼ ਦਿੰਦੀ ਫ਼ਿਲਮ 'ਧਰਮ ਪੁੱਤਰ' ਹੋਵੇ ਜਾਂ ਐਕਸ਼ਨ ਭਰਪੂਰ 'ਦੀਵਾਰ', ਸ਼ਸ਼ੀ ਨੇ ਰੋਲ ਮੁਤਾਬਿਕ ਆਪਣਾ ਹੁਨਰ ਦਿਖਾਇਆ। 1961 'ਚ ਆਪਣੀ ਸ਼ੁਰੂਆਤ ਤੋਂ ਲੈ ਕੇ 1980 ਤਕ ਤਿੰਨ ਦਹਾਕਿਆਂ 'ਚ ਫੈਲੇ ਆਪਣੇ ਕਰੀਅਰ 'ਚ ਉਨ੍ਹਾਂ ਨੇ 'ਜਬ ਜਬ ਫੂਲ ਖਿਲੇ', 'ਰੋਟੀ ਕਪੜਾ ਔਰ ਮਕਾਨ', 'ਕਭੀ ਕਭੀ' ਤੋਂ ਲੈ ਕੇ 1982 'ਚ ਆਈ 'ਨਮਕ ਹਲਾਲ' ਤਕ ਆਪਣੀ ਅਦਾਕਾਰੀ ਦੀ ਸਮਰੱਥਾ ਦੇ ਕਈ ਨਮੂਨੇ ਦਿਖਾਏ। ਅਗਲੀ ਪੀੜ੍ਹੀ ਦੇ ਖ਼ੂਨ 'ਚ ਵੀ ਅਦਾਕਾਰੀ ਕਾਇਮ ਰਹੀ। ਰਾਜ ਦੇ ਬੇਟੇ ਰਣਧੀਰ ਤੇ ਰਿਸ਼ੀ ਕਪੂਰ ਨੇ ਆਪਣੀ ਪ੍ਰਤਿਭਾ ਨਾਲ ਦਰਸ਼ਕਾਂ ਦੇ ਮਨੋਰੰਜਨ ਦੀ ਇਸ ਪਰਿਵਾਰਕ ਕਮਾਨ ਨੂੰ ਖ਼ੂਬ ਸੰਭਾਲਿਆ। ਰਿਸ਼ੀ ਕਪੂਰ ਨੇ ਅਦਾਕਾਰੀ ਦੇ ਖੰਭ ਆਪਣੇ ਪਿਤਾ ਦੀ ਫ਼ਿਲਮ 'ਮੇਰਾ ਨਾਮ ਜੋਕਰ' ਨਾਲ ਖੋਲ੍ਹੇ ਤੇ ਬਤੌਰ ਹੀਰੋ ਉਡਾਨ ਉਨ੍ਹਾਂ ਨੇ ਪਹਿਲੀ ਫ਼ਿਲਮ 'ਬੌਬੀ' ਨਾਲ ਭਰੀ।



ਪ੍ਰਿਥਵੀਰਾਜ ਕਪੂਰ

ਤੀਜੇ ਬੇਟੇ ਰਾਜੀਵ ਨੇ 'ਰਾਮ ਤੇਰੀ ਗੰਗਾ ਮੈਲੀ ਹੋ ਗਈ' ਦੇ ਹੀਰੋ ਦੇ ਰੂਪ 'ਚ ਨਾਂ ਕਮਾਇਆ ਪਰ ਉਸ ਪਿੱਛੋਂ ਉਸ ਦੀ ਕਿਸਮਤ ਨੇ ਉਸ ਦਾ ਸਾਥ ਨਹੀਂ ਦਿੱਤਾ। ਸ਼ੰਮੀ ਕਪੂਰ ਦੇ ਫ਼ਿਲਮ ਮੇਕਰ ਬੇਟੇ ਮਿਕੀ ਕਪੂਰ ਅਤੇ ਸ਼ਸ਼ੀ ਕਪੂਰ ਦੇ ਬੇਟੇ-ਬੇਟੀ ਕੁਣਾਲ, ਕਰਨ ਤੇ ਸੰਜਨਾ ਨੇ ਵੀ ਅਦਾਕਾਰੀ 'ਚ ਹੱਥ ਅਜ਼ਮਾਏ। ਮਿਕੀ ਕਪੂਰ ਨੇ 'ਸਾਂਭਰ ਸਾਲਸਾ 'ਤੇ 'ਡੋਂਟ ਸਟੋਪ ਡ੍ਰੀਮਿੰਗ' ਵਰਗੀਆਂ ਫ਼ਿਲਮਾਂ ਤੇ ਉਥੇ ਹੀ ਸ਼ਸ਼ੀ ਦੇ ਬੇਟੇ ਕਰਨ ਤੇ ਕੁਣਾਲ ਨੇ ਵੀ 'ਸੁਲਤਾਨ' ਤੇ 'ਆਹਿਸਤਾ-ਆਹਿਸਤਾ' 'ਚ ਕੰਮ ਕੀਤਾ। ਫ਼ਿਲਮਾਂ ਤੋਂ ਕਿਨਾਰਾ ਕਰਨ ਤੋਂ ਪਹਿਲਾਂ ਬੇਟੀ ਸੰਜਨਾ ਵੀ ਨਸੀਰੂਦੀਨ ਸ਼ਾਹ ਦੀ ਹੀਰੋਇਨ ਦੇ ਰੂਪ 'ਚ 'ਹੀਰੋ ਹੀਰਾਲਾਲ' 'ਚ ਨਜ਼ਰ ਆਈ। ਕਪੂਰ ਪਰਿਵਾਰ ਦੇ ਬਹੁਤੇ ਮਰਦਾਂ ਨੇ ਅਭਿਨੇਤਰੀਆਂ ਨਾਲ ਹੀ ਵਿਆਹ ਕੀਤੇ। ਗੀਤਾ ਬਾਲੀ, ਜੈਨੀਫਰ, ਬਬੀਤਾ, ਨੀਤੂ ਵਰਗੀਆਂ ਅਭਿਨੇਤਰੀਆਂ ਨੇ ਕਪੂਰ ਪਰਿਵਾਰ 'ਚ ਨੂੰਹਾਂ ਬਣ ਕੇ ਇਸ ਪਰਿਵਾਰ ਨੂੰ ਹੋਰ ਖੁਸ਼ਹਾਲ ਬਣਾਇਆ। ਚੌਥੀ ਪੀੜ੍ਹੀ ਦੇ ਸਾਰੇ ਬੱਚੇ ਆਪਣੇ ਪਰਿਵਾਰ ਦੇ ਨਕਸ਼ੇ ਕਦਮਾਂ 'ਤੇ ਨਹੀਂ ਤੁਰੇ ਪਰ ਕ੍ਰਿਸ਼ਮਾ, ਕਰੀਨਾ ਤੇ ਰਣਬੀਰ ਨੇ ਹੀ ਆਪਣੇ ਪਰਿਵਾਰ ਦੀ ਰਵਾਇਤ ਨੂੰ ਅਗਾਂਹ ਲਿਜਾਣ ਦੀ ਕੋਸ਼ਿਸ਼ ਕੀਤੀ। ਰਣਧੀਰ ਕਪੂਰ ਦੀਆਂ ਧੀਆਂ ਕ੍ਰਿਸ਼ਮਾ ਤੇ ਕਰੀਨਾ ਖੁਦ ਨੂੰ ਸੰਵੇਦਨਸ਼ੀਲ ਅਭਿਨੇਤਰੀਆਂ ਸਿੱਧ ਕਰ ਚੁੱਕੀਆਂ ਹਨ, ਉਥੇ ਹੀ ਰਿਸ਼ੀ ਦੇ ਪੁੱਤਰ ਰਣਬੀਰ ਨੇ ਵੀ ਬਾਲੀਵੁੱਡ 'ਚ ਕਦਮ ਰੱਖ ਪਰਿਵਾਰ ਦਾ ਝੰਡਾ ਬੁਲੰਦ ਰੱਖਣ ਦਾ ਇਰਾਦਾ ਜਤਾ ਦਿੱਤਾ ਹੈ।



ਸ਼ਸ਼ੀ ਕਪੂਰ



ਰਣਬੀਰ ਕਪੂਰ

# ਪੀਪਲਜ਼ ਪਾਰਟੀ ਆਫ ਪੰਜਾਬ, ਮਿਸ਼ੀਗਨ

## ਨਵੀਂ ਉਮੀਦ ਨਵਾਂ ਇਨਕਲਾਬ ਆਓ ਸਿਰਜੀਏ ਨਵਾਂ ਪੰਜਾਬ

**ਆਓ ਪੰਜਾਬ ਦੀ ਦਸ਼ਾ ਤੇ ਦਿਸ਼ਾ ਸੁਧਾਰਣ ਲਈ ਤੇ ਆਪਣੇ ਉਜੱੜੇ ਘਰਾਂ ਨੂੰ ਮੁੜ ਵਸਾਉਣ ਲਈ ਮਿਲ ਕੇ ਹੰਭਲਾ ਮਾਰੀਏ**

# PEOPLE'S PARTY OF PUNJAB

## ਨਵੇਂ ਇਨਕਲਾਬ ਦੇ ਮੋਢੀ

## ਸ. ਮਨਪ੍ਰੀਤ ਸਿੰਘ ਬਾਦਲ

## ਦੇ ਵਿਚਾਰ ਸੁਣਨ ਲਈ ਪਹੁੰਚੋ

ਇਸ ਦੌਰੇ ਦੌਰਾਨ ਸ: ਜਗਬੀਰ ਸਿੰਘ ਬਰਾੜ, ਸ: ਕੁਸ਼ਲਦੀਪ ਸਿੰਘ ਢਿੱਲੋਂ, ਸ: ਗੁਰਪ੍ਰੀਤ ਸਿੰਘ ਭੱਟੀ, ਸ੍ਰੀ ਭਗਵੰਤ ਮਾਨ ਅਤੇ ਸ: ਦਰਸ਼ਨ ਸਿੰਘ ਬਰਾੜ ਵੀ ਆ ਰਹੇ ਹਨ ।



## FRIDAY, 12TH AUGUST 2011

**CHICAGO (IL)**

**Avalon Banquets**

1905 East Higgins Rd. Elk Grove Village IL 60007

**Timing** : 7:00 PM

**Contact** : Darshan Singh Basraon 815-557-4991
Sarwan Singh Tiwana 219-670-4579

## ਪਰਵਾਸੀ ਪੰਜਾਬੀਆਂ ਨੂੰ ਸਾਡਾ ਨਿੱਘਾ ਸੱਦਾ ਹੈ



*Harpal Singh Pamma*

**ਹੋਰ ਜਾਣਕਾਰੀ ਲਈ ਸੰਪਰਕ ਕਰੋ**

**Narinder Singh Munder**
**Ph:269-615-0216**
**e-mail:nmunder1@gmail.com**
**Harpal Singh Pamma**
**Ph:260-420-8135**
**e-mail:harpalSingh328@yahoo.com**



*Narinder S. Munder*

Daljeet Singh Gahra 517-795-8547
Nirmaljeet Singh 517-795-7326
Harpreet Singh 517-749-1839
Darbara Singh Mangat 269-267-9621
Bhagwant Singh Sandhu 269-267-2376
Harpreet Singh (Worldwide Travels) 734-330-3556
Dr. Harpuran Singh 269-986-4067
Jasvir Singh 269-209-4251
Avtar Singh 269-841-6587
Palwinder Singh 269-420-6997

Sikander Singh 269-589-7032
Amritpal Singh 269-207-7169
Mastaan Singh 269-655-5999
Jatinder Singh 269-271-5194
Pawanjeet Singh 269-364-0856
Raja Jalalpur 269-364-0288
Sawaran Singh 517-784-0502
Sukhwinder Singh 517-914-3712
Tinku Munder 810-569-9622
Mukhwinder Singh 989-714-8280

Manjeet Singh Miani 574-850-3218
Surinder Singh Salempur 707-742-2331
Hardeep Singh 989-525-3545
Amninder Singh 517-862-4879
Mahinder Singh Miani 269-274-6963
Jassi Chawala 517-673-9696
Gurbinder Singh 989-992-3423
Mukhtiar Singh Khehra 269-584-1060
Harry Singh 989-992-6787

Party Co-ordinator : Bhangwant Mann Tel.: 001-91-9815923450 Email : bhagwantmann@gmail.com

**Media Co-ordinator (Punjab): Arunjot Singh Sodhi Tel.: 001-91-9814100400, 9780900400 Email : arunjotsodhi@manpreetbadal.com**
**Head Office : # MLA Flat No. 9, Sector 3, Chandigarh (INDIA) Website : www.manpreetbadal.com Email : ppp@manpreetbadal.com**


Vista
CCTV TECHNOLOGY
Now buy Vista Products
Www.ezchase.com
(Division of vista cctv tech.)
Protect Your home and Business
Now 700 T.V. Line HD Camera available
PRO PACKAGE
$599
ADVANCE PACKAGE
$1199
14 years old experience in cctv tech.
We install anywhere in California
*H.264 Network DVR
*D1 Resolution
*Real Time Recording
*Dual Streaming Multiplex
*Remote Control
*CMS Central Station
*DDNS Supported
*HDD/DVD-RW/USB Backup
*PTZ Control
BEST PRICE GUARANTEE
View CCTV
on your iPhone!
3G
Mobile
Monitoring
Call Direct: Sukhpal@661-586-5080
Customer Service: 1-800-235-1391
Email: commvision@sbcglobal.net


ਇੰਡੀਆ ਕਾਲ ਕਰਨ ਲਈ ਸਭ ਤੋਂ
ਵਧੀਆ ਤੇ ਭਰੋਸੇਮੰਦ ਸਰਵਿਸ
www.011india.com
$25
2000
MINUTES*
* SOME RESTRICTIONS APPLY
✓ No Pin Needed
✓ No Connection Fee
✓ No Monthly Fee
USE FROM HOME OR CELL PHONE
GlobeTel Comm.
ਇਹ ਸਰਵਿਸ ਹਰ ਦੇਸ਼ ਲਈ ਵਰਤੋ।
ਪੰਜਾਬੀ, ਹਿੰਦੀ ਜਾਂ ਅੰਗਰੇਜ਼ੀ ਵਿਚ ਹੋਰ ਜਾਣਕਾਰੀ ਲਈ ਕਾਲ ਕਰੋ:
1.800.914.1013


WRONGFUL DEATH | AUTO | PEDESTRIAN | BICYCLE | DOG BITES | TRUCK ACCIDENTS
LAW OFFICES OF
MARK COHEN
ਪਿਛਲੇ 27 ਸਾਲ ਤੋਂ ਫਰੀਮਾਂਟ, ਨਿਊਆਰਕ,
ਯੂਨੀਅਨ ਸਿਟੀ ਅਤੇ ਬੇ-ਏਰੀਆ ਦੀ ਸੇਵਾ ਵਿਚ
"I take your accident personally"
Free initial consultation. No fee if no recovery.
ਮੁਢਲਾ ਸਲਾਹ ਮਸ਼ਵਰਾ ਬਿਲਕੁਲ ਮੁਫਤ, ਕੋਈ ਮੁਆਵਜ਼ਾ ਨਹੀਂ ਕੋਈ ਫੀਸ ਨਹੀਂ
Please visit our web site for more information
www. markcohenlaw.com or call us at 510.792.4008
ਕਾਨੂੰਨ ਪ੍ਰਤੀ ਸਮੁਚਿਤ ਪਹੁੰਚ ਵਾਲੀ ਪਰਸਨਲ ਇੰਜਰੀ ਲਾਅ ਪ੍ਰੈਕਟਿਸ। ਪਰਸਨਲ ਇੰਜਰੀ ਲਾਅ, ਫਾਰ ਪ੍ਰਾਫਿਟ, ਨਾਨ ਪ੍ਰਾਫਿਟ ਅਤੇ ਧਾਰਮਿਕ ਕਾਰਪੋਰੇਸ਼ਨਾਂ, ਅਤੇ ਭੂਮੀ ਦੀ ਵਰਤੋਂ 'ਤੇ ਜ਼ੋਨਿੰਗ ਲਾਅ ਵਿਚ 27 ਸਾਲ ਦਾ ਤਜ਼ਰਬਾ। "ਕਿਉਂਕਿ ਕਾਨੂੰਨ ਦੇ ਇਕ ਖੇਤਰ ਬਾਰੇ ਹੀ ਜਾਣਕਾਰੀ ਕਾਫੀ ਨਹੀਂ ਹੈ।"
STOP